PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Immigration Advice Bureau
Tel: 020 8571 6680
www.iabl.co.uk

11th - 18th June 2026 • Issue No. 3134
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

## ਜੂਨ 1984 ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਲੰਡਨ ਵਿੱਚ ਸਿੱਖਾਂ ਦਾ ਭਾਰੀ ਇਕੱਠ

### ਭਾਰਤੀ ਫੌਜ ਦੇ ਹਮਲੇ ਦੌਰਾਨ ਸ਼ਹੀਦ ਹੋਏ ਸਿੱਖ, ਬੱਚਿਆਂ, ਬਜ਼ੁਰਗਾਂ, ਬੀਬੀਆਂ ਅਤੇ ਸ਼ਹੀਦ ਜੁਝਾਰੂਆਂ ਨੂੰ ਪੰਥ ਵੱਲੋਂ ਦਿੱਤੀ ਸ਼ਰਧਾਂਜ਼ਲੀ

### ਯੂ ਕੇ ਭਰ ਦੇ ਹਜ਼ਾਰਾਂ ਸਿੱਖਾਂ ਦੇ ਇਕੱਠ ਵੱਲੋਂ ਬੋਲੇ ਸੋ ਨਿਹਾਲ, ਖਾਲਿਸਤਾਨ ਜ਼ਿੰਦਾਬਾਦ ਅਤੇ ਖਾੜਕੂ ਜਰਨੈਲਾਂ ਦੇ ਲਾਏ ਨਾਹਰਿਆਂ ਨਾਲ ਲੰਡਨ ਗੂੰਜ ਉੱਠਿਆ





ਜੂਨ 1984 ਘੱਲੂਘਾਰੇ ਸਬੰਧੀ ਲਾਈ ਗਈ ਪ੍ਰਦਰਸ਼ਨੀ ਦੇਖ ਕੇ ਯੂ ਕੇ ਦੇ ਜੰਮਪਲ ਨੌਜਵਾਨਾਂ ਦੀਆਂ ਅੱਖਾਂ ਵੀ ਨਮ ਹੋ ਗਈਆਂ







## ਯੌਰਕਸ਼ਾਇਰ ਸਿੱਖ ਫੋਰਮ ਨੇ ਬ੍ਰੈਡਫੋਰਡ ਵਿਖੇ ਵਿਸਾਖੀ ਤਿਓਹਾਰ ਰੰਗਾ-ਰੰਗ ਪ੍ਰੋਗਰਾਮ ਆਯੋਜਿਤ ਕਰਕੇ ਮਨਾਇਆ ਅਤੇ ਅਹਿਮ ਸ਼ਖਸੀਅਤਾਂ ਦਾ ਕੀਤਾ ਮਾਣ ਸਨਮਾਨ





ਵਿਸਾਖੀ ਪ੍ਰੋਗਰਾਮ ਦੀਆਂ ਹੋਰ ਤਸਵੀਰਾਂ ਅੰਦਰ ਦੇਖੋ

ਬ੍ਰੈਡਫੋਰਡ ਵਿਖੇ ਸੀਡਰ ਕੋਰਟ ਹੋਟਲ ਵਿੱਚ ਵਿਸਾਖੀ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਯੌਰਕਸ਼ਾਇਰ ਦੀਆਂ ਅਹਿਮ ਸ਼ਖਸੀਅਤਾਂ, ਮਹਿਮਾਨ ਅਤੇ ਪਤਵੰਤੇ ਸੱਜਣ ਨਜ਼ਰ ਆ ਰਹੇ ਹਨ



# YORKSHIRE SIKH FORUM CELEBRATES VAISAKHI 2026

## ਯੌਰਕਸ਼ਾਇਰ ਸਿੱਖ ਫੋਰਮ ਦੇ ਸੰਸਥਾਪਕ ਚੇਅਰਮੈਨ ਡਾ. ਨਿਰਮਲ ਸਿੰਘ ਸੇਖੋਂ MBE ਦੀ ਅਗਵਾਈ ਹੇਠ ਵਿਸਾਖੀ 2026 ਸਮਾਗਮ ਧੂਮ ਧਾਮ ਨਾਲ ਮਨਾਏ ਗਏ

## ਫੋਰਮ ਵੱਲੋਂ ਆਪਣੇ ਮੈਂਬਰਾਂ ਅਤੇ ਅਹਿਮ ਸ਼ਖਸੀਅਤਾਂ ਦੀਆਂ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ 'ਤੇ ਮਾਣ ਸਨਮਾਨ ਕੀਤਾ ਗਿਆ

## ਬ੍ਰੈਡਫੋਰਡ ਦੇ ਸੀਡਰ ਕੋਰਟ ਹੋਟਲ ਵਿੱਚ ਪੰਜਾਬੀ ਭੰਗੜਾ ਗਰੁੱਪ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਖੂਬ ਰੌਣਕਾਂ ਲਾਈਆਂ





ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਸੀਡਰ ਕੋਰਟ ਹੋਟਲ ਬ੍ਰੈਡਫੋਰਡ ਵਿਖੇ ਆਯੋਜਿਤ ਕੀਤੇ ਗਏ ਸਾਲਾਨਾ ਵਿਸਾਖੀ ਸਮਾਗਮ ਮੌਕੇ ਤਸਵੀਰਾਂ 'ਚ ਫੋਰਮ ਦੇ ਫਾਊਂਡਰ ਚੇਅਰਮੈਨ ਡਾ. ਨਿਰਮਲ ਸਿੰਘ ਸੇਖੋਂ ਐਮ ਬੀ ਈ (MBE) ਅਤੇ ਫੋਰਮ ਦੇ ਮੈਂਬਰ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦੇ ਹੋਏ। ਇਸ ਸ਼ੁੱਭ ਮੌਕੇ ਵਿਸਾਖੀ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਵੱਖ ਵੱਖ ਖੇਤਰ ਵਿੱਚ ਯੋਗਦਾਨ ਪਾਉਣ ਵਾਲੀਆਂ 8 ਅਹਿਮ ਸ਼ਖਸੀਅਤਾਂ ਦਾ ਸ: ਨਿਰਮਲ ਸਿੰਘ ਵੱਲੋਂ ਯਾਦਗਾਰੀ ਚਿੰਨ੍ਹ ਟਰੌਫੀਆਂ ਦੇ ਕੇ ਮਾਣ ਸਨਮਾਨ ਕੀਤਾ ਗਿਆ। ਇਸ ਮੌਕੇ ਸਥਾਨਕ ਸਿਆਸੀ ਆਗੂਆਂ ਅਤੇ ਸਰਕਾਰੀ ਅਦਾਰਿਆਂ ਦੇ ਉਚ ਅਧਿਕਾਰੀਆਂ ਨੇ ਵੀ ਹਾਜ਼ਰੀ ਭਰੀ, ਜਿਹਨਾਂ ਵਿੱਚ ਲੌਰਡ ਲੈਫਟੀਨੈਂਟ, ਹਾਈ ਸ਼ੈਰਿਫ, 6 ਜੱਜ ਸਾਹਿਬਾਨ, ਕੌਂਸਲਰ, 10 ਕਰੀਬ ਲੌਰਡ ਡਿਪਟੀ ਲੈਫਟੀਨੈਂਟ ਤੇ ਪੁਲਿਸ ਚੀਫ ਕਾਂਸਟੇਬਲ, ਪੁਲਿਸ ਸੁਪਰਿੰਟੈਂਡੈਂਟ ਤੇ ਉੱਘੇ ਬਿਜਨੈਸਮੈਨਾਂ ਨੂੰ ਵਿਸ਼ੇਸ ਤੌਰ ਤੇ ਸੱਦਾ ਦੇ ਕੇ ਬੁਲਾਇਆ ਗਿਆ ਸੀ।



Hardev Singh Sidhu, Balwant Singh Bassi, Dalbir Singh Kundi, Gurmail Singh Sahota, Ajit Singh Lall, Raghbir Singh Sangha, Harvinder Singh Chatha, Karamjit Singh Sodhi, Balbir Singh, Simmy Sekhon (Solicitor), Kawaljeet Singh, Narinder Singh Gill, Gurdial Singh Johal, Gurdial Singh Chattha, Rajinder Singh Digwa, Surjit Singh Bagri, Chuhar Singh Deol, Sucha Singh Sahota, Navdeep Singh Aulakh, Saravpreet Singh Sokhi, Joginder Singh Teja, Dalip Singh Cheema, Balbir Singh Panesar, Narinder Singh Sekhon, Kuldeep Kaur Bharaj, Jaswinder Kaur Rayat

**YORKSHIRE SIKH FORUM** For more Information Contact: CHAIRMAN - Nirmal Singh Sekhon MBE, FRSA - 07890 735123 GENERAL SECRETARY - Hardev Singh Sidhu - 07518 882887, TREASURER - Dalbir Singh Kundi - 07971 192812

# ਜੂਨ '84 ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ: ਜਥੇਦਾਰ ਗੜਗੱਜ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ

## ✪ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਤੋਂ ਬਿਨਾਂ ਸਿੱਖ ਕਿਸੇ ਦੀ ਗੁਲਾਮੀ ਨਹੀਂ ਕਰਦੇ: ਜਥੇਦਾਰ ਗੜਗੱਜ
## ✪ ਅਕਾਲ ਤਖ਼ਤ ਸਾਹਿਬ 'ਤੇ ਫ਼ੌਜੀ ਹਮਲਾ ਆਜ਼ਾਦ ਭਾਰਤ ਵਿਚ ਕਾਂਗਰਸ ਦੇ ਮੱਥੇ 'ਤੇ ਵੱਡਾ ਕਲੰਕ: ਧਾਮੀ





ਅੰਮ੍ਰਿਤਸਰ-ਜੂਨ 1984 ਦੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਇਆ ਗਿਆ ਸਾਲਾਨਾ ਸ਼ਹੀਦੀ ਸਮਾਗਮ ਅਮਨ-ਅਮਾਨ ਅਤੇ ਸ਼ਾਂਤੀਪੂਰਵਕ ਸੰਪੰਨ ਹੋ ਗਿਆ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਆਸ-ਪਾਸ ਅਤੇ ਪੂਰੇ ਸ਼ਹਿਰ ਵਿੱਚ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਕੌਮ ਦੇ ਨਾਂ ਸੰਦੇਸ਼ ਅਤੇ ਪੰਥਕ ਮਾਨਤਾ-ਇਸ ਵਾਰ ਦੇ ਸਮਾਗਮ ਦੀ ਸਭ ਤੋਂ ਵਿਸ਼ੇਸ਼ ਗੱਲ ਇਹ ਰਹੀ ਕਿ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪਹਿਲੀ ਵਾਰ ਜਥੇਦਾਰ ਵਜੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨਿਯੁਕਤੀ ਦੇ ਵਿਵਾਦ ਅਤੇ ਦਮਦਮੀ ਟਕਸਾਲ ਤੇ ਨਿਹੰਗ ਜਥੇਬੰਦੀਆਂ ਦੇ ਵਿਰੋਧ ਦੇ ਡਰੋਂ ਉਨ੍ਹਾਂ ਸੰਦੇਸ਼ ਜਾਰੀ ਨਹੀਂ ਸੀ ਕੀਤਾ, ਪਰ ਇਸ ਵਾਰ ਕਿਸੇ ਵੀ ਜਥੇਬੰਦੀ ਵੱਲੋਂ ਕੋਈ ਉਜ਼ਰ (ਵਿਰੋਧ) ਨਹੀਂ ਕੀਤਾ ਗਿਆ, ਜਿਸ ਨਾਲ ਉਨ੍ਹਾਂ ਨੂੰ ਪੰਥ ਵੱਲੋਂ ਇੱਕ ਤਰ੍ਹਾਂ ਦੀ ਮਾਨਤਾ ਮਿਲ ਗਈ ਹੈ। ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਇਸ ਸੰਦੇਸ਼ ਨੂੰ ਖ਼ਾਲਸਾ ਪੰਥ ਦੀਆਂ ਭਾਵਨਾਵਾਂ ਦੇ ਅਨੁਕੂਲ ਦੱਸਦਿਆਂ ਕਿਹਾ ਕਿ ਜਥੇਦਾਰ ਨੇ ਕੌਮ ਵਿੱਚ ਏਕਤਾ ਅਤੇ ਗੁਲਾਮੀ ਖ਼ਿਲਾਫ਼ ਲੜਨ ਦਾ ਹੋਕਾ ਦਿੱਤਾ ਹੈ। ਸਮਾਗਮ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨਾ ਦਲ ਦੇ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਅਵਤਾਰ ਸਿੰਘ ਸੁਰਸਿੰਘ, ਸਿਮਰਨਜੀਤ ਸਿੰਘ ਮਾਨ, ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਸਮੇਤ ਕਈ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਹਾਲਾਂਕਿ, ਦਮਦਮੀ ਟਕਸਾਲ (ਮਹਿਤਾ) ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਇਸ ਸਮਾਗਮ ਵਿੱਚ ਗ਼ੈਰ-ਹਾਜ਼ਰ ਰਹੇ। ਪਿਛਲੇ ਦਿਨੀਂ ਟਕਸਾਲ ਅਤੇ ਅਕਾਲੀ ਦਲ ਅੰਮ੍ਰਿਤਸਰ ਵਿਚਾਲੇ ਹੋਈ ਬਿਆਨਬਾਜ਼ੀ ਕਾਰਨ ਟਕਰਾਅ ਦਾ ਖ਼ਦਸ਼ਾ ਸੀ, ਪਰ ਟਕਸਾਲ ਵੱਲੋਂ ਮਹਿਤਾ ਵਿਖੇ ਵੱਖਰਾ ਸਮਾਗਮ ਕਰਨ ਕਾਰਨ ਇਹ ਟਕਰਾਅ ਟਲ ਗਿਆ। ਸ਼ਹੀਦ ਪਰਿਵਾਰਾਂ ਦਾ ਸਨਮਾਨ-ਘੱਲੂਘਾਰਾ ਸ਼ਹੀਦੀ ਸਮਾਗਮ ਦੇ ਅਖੀਰ ਵਿਚ ਜਥੇਦਾਰ ਗੜਗੱਜ, ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਅਤੇ ਜਥੇਦਾਰ ਟੇਕ ਸਿੰਘ ਵਲੋਂ ਜੂਨ '84 ਘੱਲੂਘਾਰੇ ਅਤੇ ਹੋਰ ਕੌਮੀ ਸ਼ਹੀਦਾਂ ਦੇ ਪਰਿਵਾਰਾਂ, ਜਿਨ੍ਹਾਂ ਵਿਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ, ਭਰਾਤਾ ਭਾਈ ਮਨਜੀਤ ਸਿੰਘ ਭੂਰਾਕੋਹਨਾ ਤੇ ਭਤੀਜੇ ਕੰਵਰ ਚੜ੍ਹਤ ਸਿੰਘ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ, ਜਨਰਲ ਸ਼ੁਬੇਗ ਸਿੰਘ ਦੇ ਭਰਾਤਾ ਬੇਅੰਤ ਸਿੰਘ ਖਿਆਲਾ, ਸ਼ਹੀਦ ਭਾਈ ਸਤਵੰਤ ਸਿੰਘ ਦੇ ਭਤੀਜੇ ਭਾਈ ਸੁਖਵਿੰਦਰ ਸਿੰਘ ਅਗਵਾਨ, ਭਾਈ ਕੁਲਦੀਪ ਸਿੰਘ ਰੋਡੇ, ਮਾਤਾ ਗੁਰਜੀਤ ਕੌਰ ਅਤੇ ਮਾਤਾ ਜਗੀਰ ਕੌਰ ਆਦਿ ਸ਼ਾਮਿਲ ਸਨ, ਸਮੇਤ ਹੋਰਨਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਨਾਅਰੇਬਾਜ਼ੀ ਅਤੇ ਅੰਮ੍ਰਿਤਸਰ ਬੰਦ-ਸਮਾਗਮ ਦੀ ਸਮਾਪਤੀ ਤੋਂ ਬਾਅਦ ਗੁਰਦੁਆਰਾ ਥੜ੍ਹਾ ਸਾਹਿਬ ਦੇ ਹੇਠਾਂ ਪਰਿਕਰਮਾ ਵਿੱਚ ਹੱਥਾਂ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸ਼ਹੀਦਾਂ ਦੀਆਂ ਤਸਵੀਰਾਂ ਅਤੇ ਖ਼ਾਲਿਸਤਾਨ ਦੇ ਝੰਡੇ ਫੜੀ ਖੜ੍ਹੇ ਨੌਜਵਾਨਾਂ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਦੂਜੇ ਪਾਸੇ, ਦਲ ਖ਼ਾਲਸਾ ਵੱਲੋਂ ਦਿੱਤੇ ਗਏ 'ਅੰਮ੍ਰਿਤਸਰ ਬੰਦ' ਦੇ ਸੱਦੇ ਨੂੰ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਬਾਜ਼ਾਰ ਮੁਕੰਮਲ ਤੌਰ 'ਤੇ ਬੰਦ ਰਹੇ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਨੁਸਾਰ 5 ਹਜ਼ਾਰ ਸੁਰੱਖਿਆ ਕਰਮੀ ਅਤੇ 66 ਹਾਈਟੈਕ ਨਾਕੇ ਲਗਾਏ ਗਏ ਸਨ, ਅਤੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਹੇਠ ਰਹੀ।

**ਬਾਕੀ ਹਿਸਾ ਸਫਾ 45 ਤੇ ਪੜ੍ਹੋ**

# ਘਲੂਘਾਰਾ ਚੌਰਾਸੀ ਦੀ ਬਰਸੀ ਬਾਰੇ ਜਥੇਦਾਰ ਦੇ ਸੰਦੇਸ਼ ਦੇ ਮਾਇਨੇ ਅਤੇ ਵੱਡੇ ਸਵਾਲ

ਜੂਨ 1984 ਦਾ ਘੱਲੂਘਾਰਾ ਸਿੱਖ ਮਾਨਸਿਕਤਾ 'ਤੇ ਇੱਕ ਅਜਿਹਾ ਡੂੰਘਾ ਜ਼ਖ਼ਮ ਹੈ, ਜਿਸ ਦੀ ਪੀੜ ਹਰ ਸਾਲ ਜੂਨ ਮਹੀਨੇ ਆਉਂਦਿਆਂ ਹੀ ਨਾਸੂਰ ਬਣ ਕੇ ਵਹਿਣ ਲੱਗਦੀ ਹੈ। ਇਸ ਇਤਿਹਾਸਕ ਤੇ ਰੂਹਾਨੀ ਸੰਕਟ ਦੇ ਦਿਹਾੜੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੌਮ ਦੇ ਨਾਂ ਦਿੱਤਾ ਸੰਦੇਸ਼ ਮਹਿਜ਼ ਰਸਮੀ ਬਿਆਨਬਾਜ਼ੀ ਨਹੀਂ, ਸਗੋਂ ਭਟਕ ਰਹੀ ਕੌਮੀ ਬੇੜੀ ਨੂੰ ਸਹੀ ਦਿਸ਼ਾ ਦਿਖਾਉਣ ਵਾਲਾ ਇੱਕ ਚਾਨਣ-ਮੁਨਾਰਾ ਪ੍ਰਤੀਤ ਹੁੰਦਾ ਹੈ। ਉਨ੍ਹਾਂ ਦੇ ਸੰਦੇਸ਼ ਦੇ ਦੋ ਨੁਕਤੇ ਰਹਿ ਚੁਕੇ ਸਾਬਕਾ ਜਥੇਦਾਰਾਂ ਦੇ ਰਵਾਇਤੀ ਵਿਚਾਰਾਂ ਨਾਲੋਂ ਵੱਖਰੀ ਤੇ ਬੇਹੱਦ ਪ੍ਰਭਾਵਸ਼ਾਲੀ ਲਕੀਰ ਖਿੱਚਦੇ ਹਨ, ਜਿਨ੍ਹਾਂ 'ਤੇ ਗੰਭੀਰ ਚਿੰਤਨ ਦੀ ਲੋੜ ਹੈ।

ਮੂਲ ਵੱਲ ਪਰਤਣ ਦਾ ਹੋਕਾ: 'ਗੁਰੂ ਗ੍ਰੰਥ ਅਤੇ ਗੁਰੂ ਪੰਥ'-ਜਥੇਦਾਰ ਗੜਗੱਜ ਜੀ ਨੇ ਕੌਮ ਨੂੰ ਆਪਣੇ ਮੂਲ-'ਗੁਰੂ ਗ੍ਰੰਥ ਅਤੇ ਗੁਰੂ ਪੰਥ'-ਨਾਲ ਜੁੜਨ ਦੀ ਅਪੀਲ ਕੀਤੀ ਹੈ। ਅੱਜ ਜਦੋਂ ਸਿੱਖ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਸ਼ਖ਼ਸੀਅਤ ਪੂਜਾ, ਕਰਮਕਾਂਡ , ਡੇਰਾਵਾਦ,ਧੜੇਬੰਦੀਆਂ ਅਤੇ ਅੰਦਰੂਨੀ ਕਾਟੋ-ਕਲੇਸ਼ ਦੀ ਦਲਦਲ ਵਿੱਚ ਧਸ ਚੁੱਕੀਆਂ ਹਨ, ਉੱਥੇ ਇਹ ਸੰਦੇਸ਼ ਇੱਕ 'ਜਗਾਉਣ ਵਾਲੀ ਹੂਕ' ਵਾਂਗ ਹੈ। ਇਹ ਅਪੀਲ ਯਾਦ ਦਿਵਾਉਂਦੀ ਹੈ ਕਿ ਜਦੋਂ ਤੱਕ ਸਿੱਖ ਕੌਮ ਸੰਸਥਾਗਤ ਤੌਰ 'ਤੇ 'ਪੰਥਕ ਸਿਧਾਂਤ' ਅਤੇ ਰੂਹਾਨੀ ਤੌਰ 'ਤੇ 'ਗੁਰਬਾਣੀ ਦੇ ਫ਼ਲਸਫ਼ੇ' ਨੂੰ ਆਪਣਾ ਧੁਰਾ ਨਹੀਂ ਬਣਾਉਂਦੀ, ਉਦੋਂ ਤੱਕ ਅੰਦਰੂਨੀ ਨਿਘਾਰ ਨੂੰ ਠੱਲ੍ਹ ਪਾਉਣਾ ਅਸੰਭਵ ਹੈ। ਇਹ ਰਵਾਇਤੀ ਸਿਆਸੀ ਕੂੜ ਪਸਾਰੇ ਤੋਂ ਉੱਪਰ ਉੱਠ ਕੇ ਕੌਮ ਨੂੰ ਆਪਣੇ ਅਸਲ ਵਿਰਸੇ ਦੀ ਸੰਭਾਲ ਵੱਲ ਮੋੜਨ ਦਾ ਸਾਰਥਕ ਯਤਨ ਹੈ।

ਪੰਜਾਬ ਸਾਡਾ ਹੋਮਲੈਂਡ: ਹਿਜਰਤ ਦੇ ਦੌਰ 'ਚ ਸੁਚੇਤ ਪਹੁੰਚ-ਦੂਜਾ ਅਤੇ ਸਭ ਤੋਂ ਅਹਿਮ ਨੁਕਤਾ ਹੈ-ਨਵੀਂ ਪੀੜ੍ਹੀ ਨੂੰ ਆਪਣੇ ਹੋਮਲੈਂਡ (ਪੰਜਾਬ) ਦੀ ਮਿੱਟੀ ਨਾਲ ਜੋੜ ਕੇ ਰੱਖਣਾ। ਅੱਜ ਪੰਜਾਬ ਦਾ ਗੱਭਰੂ ਅਤੇ ਮੁਟਿਆਰ 'ਰੋਜ਼ੀ-ਰੋਟੀ ਅਤੇ ਸੁਰੱਖਿਅਤ ਭਵਿੱਖ' ਦੀ ਭਾਲ ਵਿੱਚ ਹਜ਼ਾਰਾਂ ਮੀਲ ਦੂਰ ਪਰਦੇਸਾਂ ਵੱਲ ਉਡਾਰੀ ਮਾਰ ਰਹੇ ਹਨ। ਪੰਜਾਬ ਦੇ ਪਿੰਡ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਘਰਾਂ ਦੀਆਂ ਬਰੂਹਾਂ 'ਤੇ ਬੈਠੇ ਝੂਰ ਰਹੇ ਹਨ। ਅਜਿਹੇ ਨਾਜ਼ੁਕ ਮੋੜ 'ਤੇ, ਆਪਣੀਆਂ ਜੜ੍ਹਾਂ (ਪੰਜਾਬ) ਨਾਲ ਜੁੜੇ ਰਹਿਣ ਦਾ ਸੱਦਾ ਦੇਣਾ ਕੋਈ ਆਮ ਗੱਲ ਨਹੀਂ। ਜਥੇਦਾਰ ਨੇ ਬੜੀ ਬਾਰੀਕੀ ਨਾਲ ਸਮਝਿਆ ਹੈ ਕਿ ਜੇਕਰ ਨਵੀਂ ਪੀੜ੍ਹੀ ਆਪਣੀ ਮਿੱਟੀ, ਬੋਲੀ ਅਤੇ ਇਤਿਹਾਸ ਤੋਂ ਟੁੱਟ ਗਈ, ਤਾਂ ਬਾਹਰਲੇ ਮੁਲਕਾਂ ਦੀ ਚਮਕ-ਦਮਕ ਵਿੱਚ ਕੌਮੀ ਪਛਾਣ ਦਾ ਗੁਆਚ ਜਾਣਾ ਲਾਜ਼ਮੀ ਹੈ।

ਸੁਆਲ ਵਡਾ ਇਹ ਹੈ: ਕੀ ਹੁਣ ਅਮਲੀ ਕਦਮ ਚੁੱਕੇ ਜਾਣਗੇ?-ਜਥੇਦਾਰ ਦੇ ਬੋਲ ਨਿਰਸੰਦੇਹ ਕੀਮਤੀ ਹਨ, ਪਰ ਸਭ ਤੋਂ ਵੱਡਾ ਅਤੇ ਯੱਖ ਕਰ ਦੇਣ ਵਾਲਾ ਸਵਾਲ ਇਹ ਹੈ ਕਿ ਕੀ ਇਹ ਵਿਚਾਰ ਸਿਰਫ਼ ਸਟੇਜਾਂ ਦੀ ਸ਼ੋਭਾ ਬਣ ਕੇ ਰਹਿ ਜਾਣਗੇ ਜਾਂ ਫਿਰ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੋਈ ਠੋਸ ਵਿਉਂਤਬੰਦੀ ਕੀਤੀ ਜਾਵੇਗੀ?

ਅੱਜ ਸਮੇਂ ਦੀ ਮੁੱਖ ਮੰਗ ਹੈ ਕਿ ਕੀ ਜਥੇਦਾਰ ਸਾਹਿਬ ਵਿਸ਼ਵ ਪੱਧਰ ਦੀ ਕੋਈ ਅਜਿਹੀ ਸਰਵ-ਉੱਚ ਸੰਸਥਾ ਜਾਂ ਨਿਊਕਲੀਅਸ ਤਿਆਰ ਕਰਨਗੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੇ ਉਪਦੇਸ਼ ਨੂੰ ਆਧੁਨਿਕ ਤਕਨਾਲੋਜੀ ਅਤੇ ਵਿਗਿਆਨਕ ਭਾਸ਼ਾ ਰਾਹੀਂ ਕੌਮਾਂਤਰੀ ਪੱਧਰ 'ਤੇ ਪ੍ਰਚਾਰਨ ਅਤੇ ਪ੍ਰਸਾਰਨ ਦਾ ਜ਼ਿੰਮਾ ਲਵੇ?

ਸਿੱਖ ਕਿਰਦਾਰ ਨੂੰ ਮੁੜ ਉਨ੍ਹਾਂ ਬੁਲੰਦੀਆਂ 'ਤੇ ਲੈ ਕੇ ਜਾਵੇ, ਜਿੱਥੇ ਕਦੇ ਸਿੱਖ ਦੀ ਕਥਨੀ ਅਤੇ ਕਰਨੀ ਵਿੱਚ ਕੋਈ ਫ਼ਰਕ ਨਹੀਂ ਸੀ ਹੁੰਦਾ, ਅਤੇ ਦੁਸ਼ਮਣ ਵੀ ਸਿੱਖ ਦੇ ਉੱਚ-ਆਚਰਣ ਤੋ ਹੈਰਾਨ ਹੁੰਦੇ ਸਨ?

ਸੰਦੇਸ਼ ਵਧੀਆ ਹੈ, ਪਰ ਸਿੱਖ ਜਗਤ ਹੁਣ ਸਿਰਫ਼ ਜਜ਼ਬਾਤੀ ਤਕਰੀਰਾਂ ਨਾਲ ਕੁਛ ਹੋਣ ਵਾਲਾ ਨਹੀਂ ਹੈ। ਜੇਕਰ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇੱਕ ਗਲੋਬਲ ਸੰਸਥਾ ਖੜ੍ਹੀ ਕੀਤੀ ਜਾਵੇ-ਜੋ ਸਿਆਸਤ ਤੋਂ ਮੁਕਤ ਹੋਵੇ, ਜਿਸ ਵਿੱਚ ਵਿਦਵਾਨ, ਚਿੰਤਕ ਅਤੇ ਦੂਰਅੰਦੇਸ਼ ਲੋਕ ਸ਼ਾਮਲ ਹੋਣ-ਤਾਂ ਹੀ 84 ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕਦੀ ਹੈ। ਹੁਣ ਗੇਂਦ ਜਥੇਦਾਰ ਅਤੇ ਪੰਥਕ ਲੀਡਰਸ਼ਿਪ ਦੇ ਪਾਲ਼ੇ ਵਿੱਚ ਹੈ ਕਿ ਉਹ ਇਨ੍ਹਾਂ ਨੁਕਤਿਆਂ ਨੂੰ ਹਵਾ ਵਿੱਚ ਉੱਡਣ ਦਿੰਦੇ ਹਨ ਜਾਂ ਫਿਰ ਕੌਮ ਦੇ ਸੁਨਹਿਰੀ ਭਵਿੱਖ ਦੀ ਕੋਈ ਪੀਡੀ ਨੀਂਹ ਰੱਖਦੇ ਹਨ।

# ਘੱਲੂਘਾਰਾ 84 'ਤੇ ਬਿਆਨਬਾਜ਼ੀ: ਅਮਿਤ ਸ਼ਾਹ ਬੋਲੇ 'ਮੰਤਰੀ ਦਾ ਨਿੱਜੀ ਵਿਚਾਰ', ਪੰਜਾਬ ਭਾਜਪਾ ਵਿਚ ਤੜਥੱਲੀ !

**✪ ਟਕਸਾਲ ਦੇ ਘੱਲੂਘਾਰਾ ਬਰਸੀ ਸਮਾਗਮ 'ਤੇ ਘਿਰੀ ਭਾਜਪਾ: ਹਿੰਦੂ-ਦਲਿਤ ਵੋਟ ਬੈਂਕ ਖਿਸਕਣ ਦਾ ਖ਼ਤਰਾ ! ✪ ਕੀ ਟਕਸਾਲ ਦੇ ਵੋਟਾਂ ਦੇ ਚੱਕਰ ਵਿਚ ਭਾਜਪਾ ਹੱਥੋਂ ਨਿਰਪੱਖ ਤੇ ਹਿੰਦੂ ਵੋਟਰ ਵੀ ਜਾਵੇਗਾ ?**





## ਨਿਊਜ਼ ਵਿਸ਼ਲੇਸ਼ਣ

ਮਹਾਰਾਸ਼ਟਰ ਦੇ ਕੈਬਨਿਟ ਮੰਤਰੀ ਗਿਰੀਸ਼ ਮਹਾਜਨ ਵੱਲੋਂ ਅੰਮ੍ਰਿਤਸਰ ਵਿੱਚ ਦਮਦਮੀ ਟਕਸਾਲ ਦੇ ਇੱਕ ਸਮਾਗਮ ਦੌਰਾਨ 'ਸਾਕਾ ਨੀਲਾ ਤਾਰਾ' ਨੂੰ ਫੌਜੀ 'ਹਮਲਾ' ਦੱਸਣ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਇਸ ਨੂੰ ਮੰਤਰੀ ਦਾ "ਨਿੱਜੀ ਵਿਚਾਰ" ਕਹਿ ਕੇ ਪੱਲਾ ਝਾੜਨ ਦੀ ਘਟਨਾ ਨੇ ਪੰਜਾਬ ਦੀ ਸਿਆਸਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇਸ ਬਿਆਨਬਾਜ਼ੀ ਕਾਰਨ ਪੰਜਾਬ ਭਾਜਪਾ ਅੰਦਰ ਤੜਥੱਲੀ ਮਚੀ ਹੋਈ ਹੈ ਅਤੇ ਪਾਰਟੀ ਦੇ ਰਵਾਇਤੀ ਹਿੰਦੂ ਤੇ ਦਲਿਤ ਵੋਟ ਬੈਂਕ ਦੇ ਖਿਸਕਣ ਦਾ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ। ਸਵਾਲ ਇਹ ਉੱਠਦਾ ਹੈ ਕਿ ਕੀ ਦਮਦਮੀ ਟਕਸਾਲ ਦੀਆਂ ਵੋਟਾਂ ਦੇ ਚੱਕਰ ਵਿੱਚ ਭਾਜਪਾ ਹੱਥੋਂ ਸੂਬੇ ਦਾ ਨਿਰਪੱਖ ਅਤੇ ਹਿੰਦੂ ਵੋਟਰ ਵੀ ਨਿਕਲ ਜਾਵੇਗਾ ?

ਭਾਜਪਾ, ਜੋ ਇਤਿਹਾਸਕ ਤੌਰ 'ਤੇ ਖਾੜਕੂਵਾਦ ਦੇ ਸਖ਼ਤ ਵਿਰੋਧ ਅਤੇ ਰਾਸ਼ਟਰਵਾਦ ਦੀ ਰਾਜਨੀਤੀ ਕਰਦੀ ਆਈ ਹੈ, ਲਈ ਇਹ ਬਿਆਨ ਉਸ ਦੇ ਸਟੈਂਡ ਦੇ ਬਿਲਕੁਲ ਉਲਟ ਸੀ। ਅਮਿਤ ਸ਼ਾਹ ਦਾ ਬਿਆਨ ਸਾਫ਼ ਤੌਰ 'ਤੇ ਇੱਕ ਸਿਆਸੀ 'ਡੈਮੇਜ ਕੰਟਰੋਲ' (ਨੁਕਸਾਨ ਨੂੰ ਰੋਕਣ ਦੀ ਕੋਸ਼ਿਸ਼) ਹੈ, ਤਾਂ ਜੋ ਦੇਸ਼ ਅਤੇ ਪੰਜਾਬ ਦੇ ਹਿੰਦੂ ਵੋਟਰਾਂ ਵਿੱਚ ਕੋਈ ਗਲਤ ਸੰਦੇਸ਼ ਨਾ ਜਾਵੇ। ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਟੁੱਟਣ ਤੋਂ ਬਾਅਦ, ਭਾਜਪਾ ਸੂਬੇ ਵਿੱਚ ਇਕੱਲਿਆਂ ਆਪਣੇ ਪੈਰ ਜਮਾਉਣ ਲਈ ਹਰ ਸੰਭਵ ਹੱਥ-ਪੈਰ ਮਾਰ ਰਹੀ ਹੈ, ਪਰ ਇਸ ਪ੍ਰਕਿਰਿਆ ਵਿੱਚ ਉਹ ਆਪਣੇ ਹੀ ਵਿਚਾਰਧਾਰਕ ਜਾਲ ਵਿੱਚ ਉਲਝਦੀ ਨਜ਼ਰ ਆ ਰਹੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਿਸ ਦਮਦਮੀ ਟਕਸਾਲ ਦਾ ਮੌਜੂਦਾ ਸਮੇਂ ਵਿੱਚ ਪੰਜਾਬ ਦੀ ਆਮ ਵੋਟ ਰਾਜਨੀਤੀ ਵਿੱਚ ਕੋਈ ਵੱਡਾ ਆਧਾਰ ਨਹੀਂ ਰਿਹਾ, ਉਸ ਦੇ ਸਮਾਗਮ ਵਿੱਚ ਜਾਣਾ ਭਾਜਪਾ ਦੀ ਰਣਨੀਤਕ ਭਟਕਣ ਨੂੰ ਦਰਸਾਉਂਦਾ ਹੈ। ਸਿਆਸੀ ਲਾਹੇ ਲਈ ਅਜਿਹੇ ਸੰਵੇਦਨਸ਼ੀਲ ਇਤਿਹਾਸਕ ਮੁੱਦਿਆਂ 'ਤੇ ਦੋਹਰੀ ਨੀਤੀ ਅਪਣਾਉਣਾ ਭਾਜਪਾ ਦੀ ਸਿਆਸਤ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਭਾਜਪਾ ਦੀ ਮੌਜੂਦਾ ਨੀਤੀ "ਸਿੱਖਾਂ ਨੂੰ ਪਾਰਟੀ ਨਾਲ ਜੋੜਨ ਅਤੇ ਰਾਸ਼ਟਰਵਾਦੀ ਸਿੱਖ ਚਿਹਰਿਆਂ" 'ਤੇ ਟਿਕੀ ਹੋਈ ਹੈ। ਇਸੇ ਤਹਿਤ ਕੈਪਟਨ ਅਮਰਿੰਦਰ ਸਿੰਘ, ਮਨਜਿੰਦਰ ਸਿੰਘ ਸਿਰਸਾ, ਤਰਨਜੀਤ ਸਿੰਘ ਸੰਧੂ ਅਤੇ ਰਵਨੀਤ ਬਿੱਟੂ ਵਰਗੇ ਅਨੇਕਾਂ ਸਿੱਖ ਚਿਹਰਿਆਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਪਰ ਸਿਆਸੀ ਹਕੀਕਤ ਇਹ ਹੈ ਕਿ ਇਹ ਚਿਹਰੇ ਭਾਜਪਾ ਦਾ ਕੁਝ ਵੀ ਸੰਵਾਰ ਨਹੀਂ ਸਕੇ, ਕਿਉਂਕਿ ਆਮ ਸਿੱਖਾਂ ਵਿੱਚ ਇਨ੍ਹਾਂ ਦੀ ਉਹ ਹੋਂਦ ਨਹੀਂ ਹੈ ਅਤੇ ਸਿੱਖ ਇਨ੍ਹਾਂ ਨੂੰ ਆਪਣੇ ਅਸਲ ਪ੍ਰਤੀਨਿਧ ਵਜੋਂ ਨਹੀਂ ਦੇਖਦੇ। ਸਿੱਖ ਭਾਈਚਾਰਾ ਅਜਿਹੀਆਂ ਕੋਸ਼ਿਸ਼ਾਂ ਨੂੰ ਸਿਰਫ਼ 'ਸਿਆਸੀ ਮੌਕਾਪ੍ਰਸਤੀ' ਮੰਨ ਕੇ ਨਕਾਰ ਦਿੰਦਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਲਈ ਪੰਜਾਬ ਦੀ ਸਿਆਸਤ "ਦੋਧਾਰੀ ਤਲਵਾਰ" 'ਤੇ ਚੱਲਣ ਵਰਗਾ ਹੈ। ਜੇਕਰ ਉਹ ਸਿੱਖਾਂ ਨੂੰ ਲੁਭਾਉਣ ਲਈ ਬਹੁਤ ਜ਼ਿਆਦਾ ਪੰਥਕ ਝੁਕਾਅ ਦਿਖਾਉਂਦੀ ਹੈ, ਤਾਂ ਉਸ ਦਾ ਆਪਣਾ ਪੱਕਾ ਹਿੰਦੂ ਵੋਟ ਬੈਂਕ ਖਿਸਕ ਜਾਵੇਗਾ। ਜੇਕਰ ਉਹ ਸਿਰਫ਼ ਹਿੰਦੂਤਵ ਜਾਂ ਸਖ਼ਤ ਰਾਸ਼ਟਰਵਾਦ ਦੀ ਗੱਲ ਕਰਦੀ ਹੈ, ਤਾਂ ਪੰਜਾਬ ਦੇ ਪੇਂਡੂ ਖੇਤਰ ਉਸ ਲਈ ਹਮੇਸ਼ਾ ਲਈ ਬੰਦ ਹੋ ਜਾਣਗੇ।

ਜੇਕਰ ਭਾਜਪਾ ਨੂੰ ਪੰਜਾਬ ਵਿੱਚ ਸੱਚਮੁੱਚ ਸਫ਼ਲ ਹੋਣਾ ਹੈ, ਤਾਂ ਉਸ ਨੂੰ ਯੂਪੀ ਜਾਂ ਹਿੰਦੀ ਪੱਟੀ ਵਾਲੀ 'ਹਿੰਦੂਤਵ' ਦੀ ਰਾਜਨੀਤੀ ਨੂੰ ਪਾਸੇ ਰੱਖ ਕੇ 'ਸਰਬੱਤ ਦਾ ਭਲਾ' ਅਤੇ 'ਪੰਜਾਬੀਅਤ' ਦੇ ਫਾਰਮੂਲੇ 'ਤੇ ਚੱਲਣਾ ਪਵੇਗਾ। ਪਾਰਟੀ ਨੂੰ ਇੱਕ ਅਜਿਹਾ ਸਪਸ਼ਟ ਅਤੇ ਪੰਜਾਬ-ਪੱਖੀ ਏਜੰਡਾ ਲਿਆਉਣਾ ਚਾਹੀਦਾ ਹੈ ਜੋ ਹਿੰਦੂ-ਸਿੱਖ ਏਕਤਾ ਅਤੇ ਪੰਜਾਬ ਦੇ ਵਿਕਾਸ ਦਾ ਕੇਂਦਰ ਹੋਵੇ।

### ਭਾਜਪਾ ਲਈ ਲੋੜੀਂਦੇ ਰਣਨੀਤਕ ਕਦਮ

* ਘੱਲੂਘਾਰਾ ਜੂਨ ਚੌਰਾਸੀ ਲਈ ਤਤਕਾਲੀ ਇੰਦਰਾ ਗਾਂਧੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਸ ਬਾਰੇ ਨਿਰਪੱਖ ਜੱਜਾਂ ਦਾ ਇੱਕ ਉੱਚ-ਪੱਧਰੀ ਕਮਿਸ਼ਨ ਬਿਠਾਇਆ ਜਾਵੇ।

* ਪੰਜਾਬ ਦੀ ਕਿਸਾਨੀ, ਸੂਬੇ ਦੇ ਉਦਯੋਗਾਂ ਦੇ ਵਿਕਾਸ ਅਤੇ ਨੌਜਵਾਨਾਂ ਦੇ ਰੁਜ਼ਗਾਰ ਦੀ ਬਿਹਤਰੀ ਲਈ ਕੇਂਦਰ ਸਰਕਾਰ ਵੱਲੋਂ ਇੱਕ ਠੋਸ ਅਤੇ ਸਪਸ਼ਟ ਨੀਤੀ ਲਿਆਂਦੀ ਜਾਵੇ।

* ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ 'ਬੰਦੀ ਸਿੱਖ' ਨੌਜਵਾਨਾਂ ਦੀ ਰਿਹਾਈ ਦੇ ਮੁੱਦੇ ਨੂੰ ਹਮਦਰਦੀ ਨਾਲ ਹੱਲ ਕੀਤਾ ਜਾਵੇ।

* ਸਿੱਖ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਕਰਤਾਰਪੁਰ ਲਾਂਘੇ ਨੂੰ ਪੂਰੀ ਤਰ੍ਹਾਂ ਖੋਲ੍ਹਣ ਜਾਂ ਇਸ ਸਬੰਧੀ ਵੱਡਾ ਐਲਾਨ ਕੀਤਾ ਜਾਵੇ।

* ਪੰਜਾਬ ਦੇ ਮਸਲਿਆਂ ਦੇ ਸਥਾਈ ਹੱਲ ਲਈ ਬੇਚੈਨ ਸਿੱਖ ਧਿਰਾਂ ਨਾਲ ਮੇਜ਼ 'ਤੇ ਬੈਠ ਕੇ ਸੁਹਿਰਦ ਗੱਲਬਾਤ ਕੀਤੀ ਜਾਵੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਵਰਗੇ ਸੰਵੇਦਨਸ਼ੀਲ ਸਰਹੱਦੀ ਸੂਬੇ ਵਿੱਚ ਅਮਨ-ਕਾਨੂੰਨ ਅਤੇ ਭਾਈਚਾਰਕ ਸਾਂਝ ਦੀ ਕੀਮਤ 'ਤੇ ਕੋਈ ਸਿਆਸੀ ਸਮਝੌਤਾ ਨਹੀਂ ਕੀਤਾ ਜਾ ਸਕਦਾ। ਭਾਜਪਾ ਨੂੰ ਅਜਿਹੇ ਪੰਥਕ ਅਤੇ ਖੇਤਰੀ ਗਠਜੋੜਾਂ ਜਾਂ ਨੀਤੀਆਂ ਨਾਲ ਸਾਂਝ ਪਾਉਣੀ ਚਾਹੀਦੀ ਹੈ, ਜਿਸ ਨਾਲ ਪੰਜਾਬ ਦੀ ਸਿਆਸਤ ਸਹੀ ਮਾਅਨਿਆਂ ਵਿੱਚ ਲੋਕ-ਪੱਖੀ ਬਣ ਕੇ ਉਜਾਗਰ ਹੋ ਸਕੇ। ਸਿਰਫ਼ ਵੋਟਾਂ ਦੀ ਖਾਤਰ ਦੋਹਰੀਆਂ ਬੇੜੀਆਂ ਵਿੱਚ ਸਵਾਰ ਹੋਣ ਦੀ ਬਜਾਏ, ਪੰਜਾਬੀਅਤ ਅਤੇ ਸਾਂਝੀਵਾਲਤਾ ਦਾ ਰਾਹ ਹੀ ਪਾਰਟੀ ਨੂੰ ਸੂਬੇ ਵਿੱਚ ਸਥਿਰਤਾ ਦੇ ਸਕਦਾ ਹੈ।

ਅਮਿਤ ਸ਼ਾਹ ਦਾ ਤਾਜ਼ਾ ਬਿਆਨ ਇਹੋ ਦਰਸਾਉਂਦਾ ਹੈ ਕਿ ਭਾਜਪਾ ਫਿਲਹਾਲ ਆਪਣੇ ਰਵਾਇਤੀ ਹਿੰਦੂ ਵੋਟ ਬੈਂਕ ਨੂੰ ਬਚਾਉਣ ਨੂੰ ਪਹਿਲ ਦੇ ਰਹੀ ਹੈ।

## ਅਮਰੀਕੀ ਫੌਜੀ ਹੈਲੀਕਾਪਟਰ ਡਿੱਗਣ ਮਗਰੋਂ ਟਰੰਪ ਵੱਲੋਂ ਇਰਾਨ 'ਤੇ ਹਵਾਈ ਹਮਲੇ



ਅਮਰੀਕੀ Apache ਹੈਲੀਕਾਪਟਰ ਡਿੱਗਣ ਤੋਂ ਬਾਅਦ ਅਮਰੀਕਾ ਵੱਲੋਂ ਇਰਾਨ ਦੇ ਫੌਜੀ ਟੀਚਿਆਂ 'ਤੇ ਹਵਾਈ ਹਮਲੇ ਕੀਤੇ ਗਏ, ਜਿਸ ਨਾਲ ਮੱਧ ਪੂਰਬ ਵਿੱਚ ਤਣਾਅ ਹੋਰ ਵਧ ਗਿਆ।

ਵਾਸ਼ਿੰਗਟਨ/ਤੇਹਰਾਨ- ਅਮਰੀਕੀ ਰਾਸ਼ਟਰਪਤੀ Donald Trump ਨੇ ਹੋਰਮੁਜ਼ ਜਲਡਮਰੂਮੱਧ ਨੇੜੇ ਇੱਕ ਅਮਰੀਕੀ ਫੌਜੀ ਅਪਾਚੇ ਹੈਲੀਕਾਪਟਰ ਡਿੱਗਣ ਦੀ ਘਟਨਾ ਲਈ ਇਰਾਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਸ ਦੇ ਫੌਜੀ ਟਿਕਾਣਿਆਂ 'ਤੇ ਹਵਾਈ ਹਮਲਿਆਂ ਦੇ ਹੁਕਮ ਦਿੱਤੇ ਹਨ। ਅਮਰੀਕੀ ਸੈਂਟਰਲ ਕਮਾਂਡ (CENTCOM) ਨੇ ਕਿਹਾ ਕਿ ਇਹ ਕਾਰਵਾਈ "ਸਵੈ-ਰੱਖਿਆ" ਦੇ ਤਹਿਤ ਕੀਤੀ ਗਈ ਹੈ।

ਰਿਪੋਰਟਾਂ ਅਨੁਸਾਰ Apache ਹੈਲੀਕਾਪਟਰ ਹੋਰਮੁਜ਼ ਜਲਡਮਰੂਮੱਧ ਨੇੜੇ ਗਸ਼ਤ ਦੌਰਾਨ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਹੈਲੀਕਾਪਟਰ ਦੇ ਦੋਵੇਂ ਪਾਇਲਟਾਂ ਨੂੰ ਇੱਕ ਡਰੋਨ ਬੋਟ ਦੀ ਮਦਦ ਨਾਲ ਸੁਰੱਖਿਅਤ ਬਚਾ ਲਿਆ ਗਿਆ ਅਤੇ ਉਹ ਖ਼ਤਰੇ ਤੋਂ ਬਾਹਰ ਦੱਸੇ ਜਾ ਰਹੇ ਹਨ। ਅਮਰੀਕੀ ਹਮਲਿਆਂ ਵਿੱਚ ਇਰਾਨ ਦੇ ਰਡਾਰ ਸਿਸਟਮਾਂ, ਹਵਾਈ ਰੱਖਿਆ ਠਿਕਾਣਿਆਂ ਅਤੇ ਹੋਰ ਫੌਜੀ ਟੀਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਪੂਰੇ ਯੁੱਧ ਦੀ ਬਜਾਏ ਸੀਮਤ ਅਤੇ ਅਨੁਪਾਤਕ ਜਵਾਬ ਦੇਣਾ ਚਾਹੁੰਦੇ ਹਨ।

ਇਸ ਦੇ ਜਵਾਬ ਵਿੱਚ ਇਰਾਨ ਨੇ ਖੇਤਰ ਵਿੱਚ ਮੌਜੂਦ ਅਮਰੀਕੀ ਫੌਜੀ ਅੱਡਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ। ਇਰਾਨੀ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਕਿਸੇ ਵੀ ਹੋਰ ਹਮਲੇ ਦਾ ਸਖ਼ਤ ਜਵਾਬ ਦਿੱਤਾ ਜਾਵੇਗਾ।

ਇਸ ਤਾਜ਼ਾ ਟਕਰਾਅ ਨਾਲ ਮੱਧ ਪੂਰਬ ਵਿੱਚ ਤਣਾਅ ਹੋਰ ਵਧ ਗਿਆ ਹੈ ਅਤੇ ਕੁਝ ਮਹੀਨੇ ਪਹਿਲਾਂ ਹੋਏ ਜੰਗਬੰਦੀ ਸਮਝੌਤੇ 'ਤੇ ਵੀ ਸਵਾਲ ਖੜ੍ਹੇ ਹੋ ਗਏ ਹਨ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਦੋਵੇਂ ਦੇਸ਼ਾਂ ਵਿਚਾਲੇ ਤਣਾਅ ਘੱਟ ਨਾ ਹੋਇਆ ਤਾਂ ਖੇਤਰ ਵਿੱਚ ਵੱਡੇ ਪੱਧਰ 'ਤੇ ਅਸਥਿਰਤਾ ਪੈਦਾ ਹੋ ਸਕਦੀ ਹੈ।

# 100 ਕਰੋੜ ਦੇ ਜੀਐਸਟੀ ਘੁਟਾਲੇ ਵਿਚ ਈਡੀ ਦੀ ਕਾਰਵਾਈ

## ✪ ਜਲੰਧਰ, ਲੁਧਿਆਣਾ ਅਤੇ ਯੂਪੀ ਵਿਚ ਕਈ ਟਿਕਾਣਿਆਂ 'ਤੇ ਛਾਪੇਮਾਰੀ

## ✪ ਸਾਬਕਾ ਮੰਤਰੀ ਸੰਜੀਵ ਅਰੋੜਾ ਨਾਲ ਜੁੜਿਆ 100 ਕਰੋੜ ਰੁਪਏ ਦਾ ਮਾਮਲਾ

ਜਲੰਧਰ/ਲੁਧਿਆਣਾ-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੰਜੀਵ ਅਰੋੜਾ ਨਾਲ ਜੁੜੇ 100 ਕਰੋੜ ਰੁਪਏ ਦੇ ਜੀ.ਐਸ.ਟੀ. ਧੋਖਾਧੜੀ ਅਤੇ ਹਵਾਲਾ ਰਾਸ਼ੀ ਦੇ ਮਾਮਲੇ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਕਾਰਵਾਈ ਕੀਤੀ ਗਈ ਹੈ। ਕੇਂਦਰੀ ਏਜੰਸੀ ਨੇ ਬੀਤੇ ਦਿਨੀਂ ਪੰਜਾਬ ਦੇ ਜਲੰਧਰ ਅਤੇ ਲੁਧਿਆਣਾ ਸਮੇਤ ਉੱਤਰ ਪ੍ਰਦੇਸ਼ ਦੇ ਬਰੇਲੀ ਅਤੇ ਨੋਇਡਾ ਵਿੱਚ ਲਗਭਗ 6 ਵੱਖ-ਵੱਖ ਟਿਕਾਣਿਆਂ 'ਤੇ ਇਕੱਠੇ ਛਾਪੇਮਾਰੀ ਕੀਤੀ।

ਇਹ ਤਲਾਸ਼ੀ ਸੰਜੀਵ ਅਰੋੜਾ ਨਾਲ ਜੁੜੀ ਕੰਪਨੀ 'ਹੈਂਪਟਨ ਸਕਾਈ ਰਿਐਲਟੀ ਲਿਮਟਿਡ' ਅਤੇ ਇਸ ਕੇਸ ਨਾਲ ਸਬੰਧਤ ਸ਼ੱਕੀ ਵਿਅਕਤੀਆਂ ਦੇ ਰਿਹਾਇਸ਼ੀ ਅਤੇ ਵਪਾਰਕ ਦਫ਼ਤਰਾਂ 'ਤੇ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ 62 ਸਾਲਾ ਸਾਬਕਾ ਬਿਜਲੀ, ਉਦਯੋਗ ਅਤੇ ਵਣਜ ਮੰਤਰੀ ਸੰਜੀਵ ਅਰੋੜਾ ਨੂੰ ਪਿਛਲੇ ਮਹੀਨੇ ਚੰਡੀਗੜ੍ਹ ਸਥਿਤ ਉਨ੍ਹਾਂ ਦੇ ਸਰਕਾਰੀ ਨਿਵਾਸ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਇਸ ਸਮੇਂ ਨਿਆਇਕ ਹਿਰਾਸਤ (ਜੇਲ੍ਹ) ਵਿੱਚ ਹਨ।



### ਜਲੰਧਰ 'ਚ ਨਿਗਮ ਠੇਕੇਦਾਰ ਬਜਾਜ ਭਰਾਵਾਂ ਦੇ ਘਰ ਰੇਡ

ਜਲੰਧਰ ਦੇ ਨਿਊ ਜਵਾਹਰ ਨਗਰ ਇਲਾਕੇ ਵਿੱਚ ਈ.ਡੀ. ਦੀਆਂ ਟੀਮਾਂ ਨੇ ਸਵੇਰੇ ਕਰੀਬ 9 ਵਜੇ ਨਗਰ ਨਿਗਮ ਦੇ ਪ੍ਰਮੁੱਖ ਠੇਕੇਦਾਰ ਅਮਿਤ ਬਜਾਜ ਦੇ ਟਿਕਾਣਿਆਂ 'ਤੇ ਦਸਤਕ ਦਿੱਤੀ।

ਬਜਾਜ ਭਰਾ ਜਲੰਧਰ ਅਤੇ ਹੋਰਨਾਂ ਸ਼ਹਿਰਾਂ ਵਿੱਚ ਸਰਕਾਰੀ ਵਿਭਾਗਾਂ 'ਚ ਆਊਟਸੋਰਸਿੰਗ ਅਤੇ ਠੇਕੇਦਾਰੀ ਦਾ ਵੱਡਾ ਕੰਮ ਕਰਦੇ ਰਹੇ ਹਨ।

### ਸਿਆਸੀ ਗਲਿਆਰਿਆਂ 'ਚ ਚਰਚਾ

ਉਕਤ ਠੇਕੇਦਾਰ ਮੌਜੂਦਾ ਸੱਤਾਧਾਰੀ ਪਾਰਟੀ (ਆਪ) ਦੇ ਕਈ ਸੀਨੀਅਰ ਆਗੂਆਂ ਦੇ ਬੇਹੱਦ ਕਰੀਬੀ ਦੱਸੇ ਜਾਂਦੇ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਵੀ ਉਨ੍ਹਾਂ ਦੀ ਕਾਫ਼ੀ ਨੇੜਤਾ ਰਹੀ ਹੈ। ਛਾਪੇਮਾਰੀ ਦੌਰਾਨ ਈ.ਡੀ. ਨੇ ਕਈ ਅਹਿਮ ਦਸਤਾਵੇਜ਼ਾਂ ਦੀ ਜਾਂਚ ਕੀਤੀ ਹੈ।

ਲੁਧਿਆਣਾ ਦੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਥਿਤ ਚਾਰਟਰਡ ਅਕਾਊਂਟੈਂਟ ਅੰਕੁਰ ਗਰਗ ਦੀ ਰਿਹਾਇਸ਼ 'ਤੇ ਵੀ ਈ.ਡੀ. ਨੇ ਸਵੇਰੇ ਹੀ ਛਾਪਾ ਮਾਰਿਆ। ਸੂਤਰਾਂ ਮੁਤਾਬਕ ਇਹ ਕਾਰਵਾਈ ਜੇਲ੍ਹ ਵਿੱਚ ਬੰਦ ਸੰਜੀਵ ਅਰੋੜਾ ਦੇ ਵਿੱਤੀ ਲੈਣ-ਦੇਣ ਦੇ ਸਬੰਧ ਵਿੱਚ ਕੀਤੀ ਗਈ ਹੈ। ਦੱਸਣਯੋਗ ਹੈ ਕਿ ਸੀ.ਏ. ਅੰਕੁਰ ਗਰਗ ਪਹਿਲਾਂ ਵੀ ਜੀ.ਐਸ.ਟੀ. ਘਪਲੇ ਦੇ ਦੋਸ਼ਾਂ ਤਹਿਤ ਇੱਕ ਅਪਰਾਧਿਕ ਮਾਮਲੇ ਦਾ ਸਾਹਮਣਾ ਕਰ ਚੁੱਕੇ ਹਨ ਅਤੇ ਜੇਲ੍ਹ ਯਾਤਰਾ ਵੀ ਕਰ ਚੁੱਕੇ ਹਨ।

ਸੰਜੀਵ ਅਰੋੜਾ ਦੀ ਪਿਛਲੇ ਮਹੀਨੇ ਹੋਈ ਗ੍ਰਿਫ਼ਤਾਰੀ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਖ਼ਤ ਕਦਮ ਚੁੱਕਦਿਆਂ ਉਨ੍ਹਾਂ ਦੇ ਅਧੀਨ ਆਉਂਦੇ ਵਿਭਾਗ (ਬਿਜਲੀ, ਉਦਯੋਗ ਅਤੇ ਵਣਜ) ਦੂਜੇ ਮੰਤਰੀਆਂ ਨੂੰ ਅਲਾਟ ਕਰ ਦਿੱਤੇ ਸਨ। ਈ.ਡੀ. ਵੱਲੋਂ ਹੁਣ ਡਿਜੀਟਲ ਸਬੂਤਾਂ ਅਤੇ ਬੈਂਕ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਹਵਾਲਾ ਰਾਸ਼ੀ ਦੇ ਪੂਰੇ ਨੈੱਟਵਰਕ ਨੂੰ ਤੋੜਿਆ ਜਾ ਸਕੇ।

## ਮਜੀਠਾ ਹਲਕੇ ਦੇ ਪਿੰਡ ਬਾਬੋਵਾਲ ਵਿਚ ਪੁਲਿਸ ਛਾਪੇਮਾਰੀ ਦੌਰਾਨ ਹੰਗਾਮਾ

### ✪ ਨਿਹੰਗ ਸਿੰਘ ਦੀ ਮੌਤ ਤੋਂ ਬਾਅਦ ਲਾਸ਼ ਚੌਕ ਵਿਚ ਰੱਖ ਕੇ ਲਾਇਆ ਧਰਨਾ

ਟਾਹਲੀ ਸਾਹਿਬ/ਜੈਂਤੀਪੁ-ਮਜੀਠਾ ਹਲਕੇ ਦੇ ਪਿੰਡ ਬਾਬੋਵਾਲ ਵਿਖੇ ਬੀਤੇ ਮੰਗਲਵਾਰ ਸਵੇਰੇ ਤੜਕਸਾਰ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਨਾਮਜ਼ਦ ਇੱਕ ਨੌਜਵਾਨ ਨੂੰ ਫੜਨ ਗਈ ਪੁਲਿਸ ਪਾਰਟੀ ਦੀ ਕਾਰਵਾਈ ਦੌਰਾਨ ਇੱਕ ਵੱਡਾ ਹਾਦਸਾ ਵਾਪਰ ਗਿਆ। ਨੌਜਵਾਨ ਦਲੇਰ ਸਿੰਘ ਦੀ ਗ੍ਰਿਫ਼ਤਾਰੀ ਦੌਰਾਨ ਹੋਈ ਖਿੱਚਧੂਹ ਅਤੇ ਹੱਥੋਪਾਈ ਤੋਂ ਬਾਅਦ ਉਸ ਦੇ ਪਿਤਾ ਨਿਹੰਗ ਸਿੰਘ ਨਿਰਮਲ ਸਿੰਘ ਦੀ ਮੌਤ ਹੋ ਗਈ। ਇਸ ਘਟਨਾ ਤੋਂ ਭੜਕੇ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਮ੍ਰਿਤਕ ਦੀ ਲਾਸ਼ ਨੂੰ ਅੱਡਾ ਟਾਹਲੀ ਸਾਹਿਬ ਦੇ ਚੌਕ ਵਿੱਚ ਰੱਖ ਕੇ ਪੰਜਾਬ ਸਰਕਾਰ ਅਤੇ ਪੁਲਿਸ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ।




ਪਰਿਵਾਰ ਦੇ ਗੰਭੀਰ ਦੋਸ਼ ਅਤੇ ਪੁਲਿਸ 'ਤੇ ਤਸ਼ੱਦਦ ਦਾ ਦਾਅਵਾ-ਧਰਨੇ ਦੌਰਾਨ ਮ੍ਰਿਤਕ ਦੀ ਨੂਹ ਰਾਜਬੀਰ ਕੌਰ ਨੇ ਦੱਸਿਆ ਕਿ ਸਵੇਰੇ ਚੌਕੀ ਚਵਿੰਡਾ ਦੇਵੀ ਦੀ ਪੁਲਿਸ ਨੇ ਘਰ ਦੇ ਅੰਦਰ ਵੜਦਿਆਂ ਹੀ ਪਰਿਵਾਰ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ। ਪੁਲਿਸ ਨੇ ਪਹਿਲਾਂ ਉਸ ਦੇ ਪਤੀ ਦਲੇਰ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਗੱਡੀ ਵਿੱਚ ਬਿਠਾਇਆ ਅਤੇ ਫਿਰ ਦੁਬਾਰਾ ਘਰ ਅੰਦਰ ਆ ਕੇ ਉਸ ਦੇ ਸਹੁਰੇ ਨਿਰਮਲ ਸਿੰਘ ਦੀਆਂ ਬਾਹਾਂ ਫੜ ਕੇ ਛਾਤੀ ਵਿੱਚ ਲੱਤਾਂ ਅਤੇ ਡੰਡੇ ਮਾਰੇ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਮ੍ਰਿਤਕ ਦੇ ਦੂਜੇ ਅੰਗਹੀਣ ਪੁੱਤਰ ਸ਼ਮਸ਼ੇਰ ਸਿੰਘ ਨੇ ਕਿਹਾ, "ਮੇਰਾ ਭਰਾ ਸਿਰਫ਼ ਨਸ਼ਾ (ਸਮੈਕ) ਪੀਂਦਾ ਹੈ, ਉਹ ਨਸ਼ਾ ਵੇਚਣ ਦਾ ਕਾਰੋਬਾਰ ਨਹੀਂ ਕਰਦਾ।"

ਇਸ ਰੋਸ ਪ੍ਰਦਰਸ਼ਨ ਵਿੱਚ ਇਲਾਕੇ ਦੀਆਂ ਨਿਹੰਗ ਸਿੱਖ ਜਥੇਬੰਦੀਆਂ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ। ਧਰਨਾਕਾਰੀ ਲਗਾਤਾਰ ਮੰਗ ਕਰ ਰਹੇ ਸਨ ਕਿ ਚੌਕੀ ਇੰਚਾਰਜ ਦੇ ਖ਼ਿਲਾਫ਼ ਤੁਰੰਤ ਪਰਚਾ ਦਰਜ ਕੀਤਾ ਜਾਵੇ। ਹਾਲਾਂਕਿ, ਬਾਅਦ ਵਿੱਚ ਪਿੰਡ ਦੀ ਪੰਚਾਇਤ ਅਤੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪ੍ਰਸ਼ਾਸਨ ਨਾਲ ਰਾਜ਼ੀਨਾਮੇ ਦੀ ਗੱਲ ਚੱਲਣ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਗਿਆ।

ਦੂਜੇ ਪਾਸੇ, ਡੀ.ਐੱਸ.ਪੀ. ਮਜੀਠਾ ਕਮਲਮੀਤ ਸਿੰਘ ਰੰਧਾਵਾ ਨੇ ਪੁਲਿਸ 'ਤੇ ਲੱਗੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਫੜੇ ਗਏ ਨੌਜਵਾਨ ਦਲੇਰ ਸਿੰਘ 'ਤੇ ਪਹਿਲਾਂ ਵੀ ਨਸ਼ਾ ਵੇਚਣ ਦੇ 3 ਮੁਕੱਦਮੇ ਦਰਜ ਹਨ। ਇਸੇ ਸਿਲਸਿਲੇ ਵਿੱਚ ਪੁਲਿਸ ਨੇ ਉੱਥੇ ਰੇਡ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪੁਲਿਸ ਦੇ ਉੱਥੋਂ ਜਾਣ ਤੋਂ ਬਾਅਦ ਬਜ਼ੁਰਗ ਨਿਰਮਲ ਸਿੰਘ ਦੀ ਮੌਤ ਦਿਲ ਦਾ ਦੌਰਾ (ਹਾਰਟ ਅਟੈਕ) ਪੈਣ ਕਾਰਨ ਹੋਈ ਹੈ।

## ਬੈਲਫਾਸਟ ਹਿੰਸਾ ਦੇ ਦੋਸ਼ੀਆਂ ਨੂੰ ਕਾਨੂੰਨ ਦੀ ਪੂਰੀ ਸਖ਼ਤੀ ਦਾ ਸਾਹਮਣਾ ਕਰਨਾ ਪਵੇਗਾ – ਕੀਰ ਸਟਾਰਮਰ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬੈਲਫਾਸਟ ਵਿਚ ਮੰਗਲਵਾਰ ਰਾਤ ਭੜਕੀ ਹਿੰਸਾ ਅਤੇ ਅਸ਼ਾਂਤੀ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਹੈ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨ ਦੀ ਪੂਰੀ ਸਖ਼ਤੀ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਬੈਲਫਾਸਟ ਵਿਚ ਵਾਪਰੀਆਂ ਘਟਨਾਵਾਂ ਹੈਰਾਨ ਕਰਨ ਵਾਲੀਆਂ ਅਤੇ ਪੂਰੀ ਤਰ੍ਹਾਂ ਅਸਵੀਕਾਰਯੋਗ ਹਨ। ਸਟਾਰਮਰ ਨੇ ਕਿਹਾ ਕਿ ਭਾਈਚਾਰਿਆਂ ਨੂੰ ਡਰਾਉਣ-ਧਮਕਾਉਣ ਵਾਲੀ ਹਿੰਸਾ ਅਤੇ ਅਸ਼ਾਂਤੀ ਲਈ ਕੋਈ ਜਾਇਜ਼ ਕਾਰਨ ਨਹੀਂ ਹੋ ਸਕਦਾ ਅਤੇ ਨਾ ਹੀ ਉਨ੍ਹਾਂ ਲੋਕਾਂ ਲਈ ਕੋਈ ਬਹਾਨਾ ਹੈ ਜਿਨ੍ਹਾਂ ਨੇ ਆਨਲਾਈਨ ਜਾਂ ਕਿਸੇ ਹੋਰ ਢੰਗ ਨਾਲ ਇਸ ਨੂੰ ਉਕਸਾਇਆ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਕੁਝ ਲੋਕਾਂ ਨੂੰ ਉਨ੍ਹਾਂ ਦੀ ਨਸਲੀ ਜਾਂ ਸਮਾਜਿਕ ਪਿਛੋਕੜ ਦੇ ਆਧਾਰ 'ਤੇ ਨਿਸ਼ਾਨਾ ਬਣਾਇਆ ਗਿਆ, ਜਿਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਿਸ, ਐਮਰਜੈਂਸੀ ਸੇਵਾਵਾਂ ਅਤੇ ਉੱਤਰੀ ਆਇਰਲੈਂਡ ਦੇ ਆਗੂਆਂ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਮੇਂ ਸਭ ਤੋਂ ਵੱਡੀ ਤਰਜੀਹ ਅਮਨ ਅਤੇ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣਾ ਹੈ ਅਤੇ ਪੁਲਿਸ ਨੂੰ ਆਪਣਾ ਕੰਮ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

## ਸਰੀ ਵਿੱਚ ਗੋਲੀਬਾਰੀ ਦੀ ਘਟਨਾ ਚ ਪੰਜਾਬੀ ਨੌਜਵਾਨ ਦੀ ਮੌਤ

ਵੈਨਕੂਵਰ-(ਮਲਕੀਤ ਸਿੰਘ)-ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਹਾਲ ਹੀ ਵਿੱਚ ਵਾਪਰੀ ਇੱਕ ਹੋਰ ਗੋਲੀਬਾਰੀ ਦੀ ਘਟਨਾ ਵਿੱਚ ਪੰਜਾਬੀ ਨੌਜਵਾਨ ਦੀ ਮੌਤ ਹੋ ਜਾਣ ਦੀ ਦੁੱਖਦਾਈ ਸੂਚਨਾ ਮਿਲੀ ਹੈ। ਮਾਰੇ ਗਏ 18 ਸਾਲਾ ਨੌਜਵਾਨ ਦੀ ਪਛਾਣ ਗੌਰਵ ਦਿਓਲ ਵਜੋਂ ਕੀਤੀ ਗਈ ਹੈ। ਕਤਲ ਮਾਮਲਿਆਂ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਬੁੱਧਵਾਰ ਨੂੰ ਉਸ ਦੀ ਪਛਾਣ ਜਨਤਕ ਕੀਤੀ। ਜਾਣਕਾਰੀ ਅਨੁਸਾਰ ਗੌਰਵ ਦਿਓਲ ਇੱਕ ਵਾਹਨ ਵਿੱਚ ਸਵਾਰ ਸੀ ਜਦੋਂ ਉਸ ਨੂੰ ਗੋਲੀ ਮਾਰੀ ਗਈ। ਗੋਲੀਬਾਰੀ ਤੋਂ ਬਾਅਦ ਉਸ ਦਾ ਵਾਹਨ ਸਰੀ ਦੇ 138 ਸਟਰੀਟ ਅਤੇ 62 ਐਵੇਨਿਊ ਇਲਾਕੇ ਵਿੱਚ ਇੱਕ ਬਿਜਲੀ ਦੇ ਖੰਭੇ ਨਾਲ ਜਾ ਟਕਰਾਇਆ। ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚੀਆਂ ਪਰ ਨੌਜਵਾਨ ਦੀ ਜਾਨ ਨਹੀਂ ਬਚਾਈ ਜਾ ਸਕੀ।

# ਜ਼ਮੀਨ ਵਿਵਾਦ ਮਾਮਲਾ: ਜਥੇਦਾਰ ਹਰੀਆਂ ਵੇਲਾਂ ਅਤੇ ਐਡਵੋਕੇਟ ਧਾਮੀ ਨੇ ਦੋਸ਼ ਕੀਤੇ ਰੱਦ

## ✪ ਸਾਜਿਸ਼ ਰਚਣ ਵਾਲੀਆਂ ਤਾਕਤਾਂ ਨੂੰ ਬੇਨਕਾਬ ਕਰਨ ਦਾ ਐਲਾਨ

ਅੰਮ੍ਰਿਤਸਰ-ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੀ ਜ਼ਮੀਨ ਅਤੇ ਲੋਹ ਲੰਗਰ ਦੀ ਸੰਪਤੀ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਚੱਲ ਰਹੇ ਵਿਵਾਦ ਅਤੇ ਦੋਸ਼ਾਂ 'ਤੇ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਥਿਤੀ ਸਪੱਸ਼ਟ ਕੀਤੀ ਹੈ। ਉਨ੍ਹਾਂ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਤੱਥਾਂ ਤੋਂ ਪਰੇ ਦੱਸਦਿਆਂ ਕਿਹਾ ਕਿ ਕੁਝ ਤਾਕਤਾਂ ਵੱਲੋਂ ਸੰਗਤਾਂ ਵਿੱਚ ਭੁਲੇਖੇ ਪੈਦਾ ਕਰਨ ਲਈ ਝੂਠਾ ਪ੍ਰਚਾਰ ਅਤੇ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਜਲਦ ਹੀ ਬੇਨਕਾਬ ਕੀਤਾ ਜਾਵੇਗਾ।



### ਕੀ ਹੈ ਮਾਮਲਾ ਅਤੇ ਕਿਸਨੇ ਲਗਾਏ ਦੋਸ਼?

ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ 'ਤੇ ਕੁਝ ਵਿਰੋਧੀ ਧਿਰਾਂ ਅਤੇ ਵਿਅਕਤੀਆਂ ਵੱਲੋਂ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੀਆਂ ਜ਼ਮੀਨਾਂ ਦੀ ਖ਼ਰੀਦ-ਫ਼ਰੋਖ਼ਤ, ਲੋਹ ਲੰਗਰ ਦੀ ਸੰਪਤੀ ਦੀ ਕਥਿਤ ਦੁਰਵਰਤੋਂ ਅਤੇ ਇੱਕ ਗਿਫ਼ਟ ਡੀਡ (ਤੋਹਫ਼ਾ ਨਾਮਾ) ਨੂੰ ਲੈ ਕੇ ਗੰਭੀਰ ਦੋਸ਼ ਲਗਾਏ ਜਾ ਰਹੇ ਸਨ। ਇਨ੍ਹਾਂ ਦੋਸ਼ਾਂ ਵਿੱਚ ਜਥੇਦਾਰ ਬਾਬਾ ਨਿਹਾਲ ਸਿੰਘ ਦੇ ਨਾਲ-ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂ ਵੀ ਘਸੀਟਿਆ ਜਾ ਰਿਹਾ ਸੀ।

ਜਥੇਦਾਰ ਬਾਬਾ ਨਿਹਾਲ ਸਿੰਘ ਅਨੁਸਾਰ, ਇਹ ਵਿਵਾਦ ਖੜ੍ਹਾ ਕਰਨ ਦੇ ਪਿੱਛੇ ਅਸਲ ਵਿੱਚ ਉਹ ਲੋਕ ਹਨ ਜੋ "ਜਥੇਦਾਰੀ ਹਾਸਲ ਕਰਨ ਦੀ ਇੱਛਾ" ਰੱਖਦੇ ਹਨ। ਅਹੁਦੇ ਦੀ ਭੁੱਖ ਕਰਕੇ ਕੁਝ ਲੋਕ ਜਾਣ-ਬੁੱਝ ਕੇ ਇਸ ਪਵਿੱਤਰ ਸੰਸਥਾ ਨੂੰ ਬਦਨਾਮ ਕਰ ਰਹੇ ਹਨ।

### ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਦਾ ਸਪੱਸ਼ਟੀਕਰਨ

ਬਾਬਾ ਨਿਹਾਲ ਸਿੰਘ ਨੇ ਦੋਸ਼ਾਂ ਦਾ ਜਵਾਬ ਦਿੰਦਿਆਂ ਦਲ ਦੀ ਸੰਪਤੀ ਦਾ ਪੂਰਾ ਵੇਰਵਾ ਸੰਗਤ ਸਾਹਮਣੇ ਰੱਖਿਆ: ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਜਥੇਬੰਦੀ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਉਦੋਂ ਦਲ ਕੋਲ ਸਿਰਫ਼ 9 ਏਕੜ ਖੇਤੀਯੋਗ ਜ਼ਮੀਨ ਸੀ। ਗੁਰੂ ਸਾਹਿਬ ਦੀ ਕਿਰਪਾ ਅਤੇ ਸੰਗਤ ਦੇ ਸਹਿਯੋਗ ਨਾਲ ਅੱਜ 150 ਏਕੜ ਤੋਂ ਵੱਧ ਜ਼ਮੀਨ ਖਰੀਦ ਕੇ ਲੋਹ ਲੰਗਰ ਦੇ ਨਾਂ ਲਗਾਈ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਲੋਹ ਲੰਗਰ ਦੀ ਇਹ ਜ਼ਮੀਨ ਕਾਨੂੰਨੀ ਤੌਰ 'ਤੇ ਨਾ ਤਾਂ ਵੇਚੀ ਜਾ ਸਕਦੀ ਹੈ, ਨਾ ਕਿਸੇ ਨੂੰ ਦਾਨ ਦਿੱਤੀ ਜਾ ਸਕਦੀ ਹੈ ਅਤੇ ਨਾ ਹੀ ਕੋਈ ਇਸ ਨੂੰ ਨਿੱਜੀ ਮਕਸਦ ਲਈ ਵਰਤ ਸਕਦਾ ਹੈ।

### ਪ੍ਰੇਮਗੜ੍ਹ (ਹੁਸ਼ਿਆਰਪੁਰ) ਜ਼ਮੀਨ ਦੀ ਹਕੀਕਤ

ਸ਼ੇਰ-ਏ-ਪੰਜਾਬ ਨਰਸਰੀ ਵਾਲੇ ਬਾਬਾ ਬਲਕੀਰ ਸਿੰਘ ਨੇ ਆਪਣੀ ਮਰਜ਼ੀ ਨਾਲ ਇੱਕ ਰਜਿਸਟਰਡ ਵਸੀਅਤ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਉਨ੍ਹਾਂ ਦੇ ਨਾਂ ਕੀਤੀ ਸੀ। ਉੱਥੇ ਬਾਬਾ ਬਲਕੀਰ ਸਿੰਘ ਦੀ ਇੱਛਾ ਮੁਤਾਬਕ ਗੁਰਦੁਆਰਾ ਮਾਤਾ ਸਾਹਿਬ ਕੌਰ ਦਾ ਨਿਰਮਾਣ ਕਰਵਾਇਆ ਗਿਆ।

ਬਾਅਦ ਵਿੱਚ ਉੱਥੋਂ ਇੱਕ ਪਲਾਟ ਬੀਬੀ ਜਸਪਾਲ ਕੌਰ ਦੇ ਨਾਂ ਤਬਦੀਲ ਕੀਤਾ ਗਿਆ, ਜੋ ਪਿਛਲੇ 30 ਸਾਲਾਂ ਤੋਂ ਜਥੇਬੰਦੀ ਨਾਲ ਜੁੜੇ ਹੋਏ ਹਨ ਅਤੇ ਗੁਰੂ ਘਰ ਨੂੰ ਸਮਰਪਿਤ ਹਨ। ਉਸ ਪਲਾਟ ਨੂੰ ਵੇਚਣ ਤੋਂ ਜੋ ਵੀ ਰਕਮ ਪ੍ਰਾਪਤ ਹੋਈ ਹੈ, ਉਹ ਬੈਂਕ ਖਾਤੇ ਵਿੱਚ ਸੁਰੱਖਿਅਤ ਮੌਜੂਦ ਹੈ ਅਤੇ ਉਹ ਸਿਰਫ਼ ਗੁਰੂ ਘਰ ਦੀ ਸੇਵਾ 'ਤੇ ਹੀ ਖ਼ਰਚ ਕੀਤੀ ਜਾਵੇਗੀ।

### ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਪੱਖ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੋਸ਼ਲ ਮੀਡੀਆ 'ਤੇ ਚੱਲ ਰਹੇ ਇੱਕ ਪਾਸੜ ਪ੍ਰਚਾਰ 'ਤੇ ਗੰਭੀਰ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਪੱਤਰਕਾਰੀ ਜਾਂ ਪ੍ਰਚਾਰ ਦਾ ਨਿਯਮ ਹੈ ਕਿ ਕਿਸੇ 'ਤੇ ਵੀ ਦੋਸ਼ ਲਗਾਉਣ ਤੋਂ ਪਹਿਲਾਂ ਦੂਜੇ ਪੱਖ ਦਾ ਬਿਆਨ ਜ਼ਰੂਰ ਲਿਆ ਜਾਵੇ।

ਆਪਣੇ ਉੱਪਰ ਲੱਗੇ ਦੋਸ਼ਾਂ ਬਾਰੇ ਬੋਲਦਿਆਂ ਐਡਵੋਕੇਟ ਧਾਮੀ ਨੇ ਸਾਫ਼ ਕੀਤਾ

"ਜਿਸ ਗਿਫ਼ਟ ਡੀਡ ਦਾ ਜ਼ਿਕਰ ਕਰਕੇ ਵਿਵਾਦ ਬਣਾਇਆ ਜਾ ਰਿਹਾ ਹੈ, ਮੈਂ ਉਸ ਵਿੱਚ ਸਿਰਫ਼ ਇੱਕ ਗਵਾਹ ਵਜੋਂ ਸ਼ਾਮਲ ਸੀ। ਇਸ ਜ਼ਮੀਨ ਜਾਂ ਦਸਤਾਵੇਜ਼ ਵਿੱਚ ਮੇਰਾ ਕੋਈ ਵੀ ਨਿੱਜੀ ਹਿੱਤ ਜਾਂ ਲਾਭ ਨਹੀਂ ਹੈ। ਹਰੀਆਂ ਵੇਲਾਂ ਜਥੇਬੰਦੀ ਨਾਲ ਮੇਰਾ ਬਹੁਤ ਪੁਰਾਣਾ ਅਤੇ ਪਰਿਵਾਰਕ ਸਬੰਧ ਹੈ, ਜਿਸ ਕਾਰਨ ਕੁਝ ਗ਼ਲਤ ਤਾਕਤਾਂ ਮੇਰਾ ਨਾਂ ਇਸ ਵਿਵਾਦ ਵਿੱਚ ਘਸੀਟ ਰਹੀਆਂ ਹਨ।'"

### ਅਸਲ ਦੋਸ਼ੀ ਕੌਣ?

ਜਥੇਬੰਦੀ ਦੇ ਮੁਖੀ ਅਤੇ ਐਡਵੋਕੇਟ ਧਾਮੀ ਦੋਵਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸ ਵਿਵਾਦ ਦੇ ਪਿੱਛੇ ਉਹ ਸਿਆਸੀ ਅਤੇ ਪੰਥ-ਵਿਰੋਧੀ ਤਾਕਤਾਂ ਹਨ ਜੋ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ ਅਤੇ ਜਿਨ੍ਹਾਂ ਦੇ ਮਨਾਂ ਵਿੱਚ ਜਥੇਦਾਰੀ ਹਾਸਲ ਕਰਨ ਦਾ ਲਾਲਚ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਝੂਠੇ ਪ੍ਰਚਾਰ ਤੋਂ ਸੁਚੇਤ ਰਹਿਣ ਅਤੇ ਵਿਸ਼ਵਾਸ ਦਿਵਾਇਆ ਕਿ ਗੁਰੂ ਘਰ ਦੀ ਜਾਇਦਾਦ ਪੂਰੀ ਤਰ੍ਹਾਂ ਸੁਰੱਖਿਅਤ ਹੈ।

# ਦਰਬਾਰ ਸਾਹਿਬ ਨੇੜੇ ਗਲਿਆਰਾ ਇਲਾਕੇ ਵਿਚ ਅੰਨ੍ਹੇਵਾਹ ਫਾਇਰਿੰਗ

## ✪ ਮਾਮੂਲੀ ਪੈਸਿਆਂ ਦੇ ਵਿਵਾਦ ਪਿੱਛੇ ਗੁੰਡਾਗਰਦੀ, ਦੋ ਜ਼ਖ਼ਮੀ, 3 ਕਾਬੂ

ਅੰਮ੍ਰਿਤਸਰ-ਪਵਿੱਤਰ ਨਗਰੀ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਬਿਲਕੁਲ ਬਾਹਰ ਗਲਿਆਰਾ ਇਲਾਕੇ ਅਤੇ ਆਸ-ਪਾਸ ਦੇ ਬਾਜ਼ਾਰਾਂ ਵਿੱਚ 6 ਜੂਨ ਦੀ ਰਾਤ ਨੂੰ ਕੁਝ ਨੌਜਵਾਨਾਂ ਵੱਲੋਂ ਸ਼ਰੇਆਮ ਕੀਤੀ ਗਈ ਹੁੱਲੜਬਾਜ਼ੀ ਅਤੇ ਗੋਲੀਬਾਰੀ ਨੇ ਪੂਰੇ ਇਲਾਕੇ ਨੂੰ ਦਹਿਸ਼ਤ ਵਿੱਚ ਪਾ ਦਿੱਤਾ। ਇਸ ਖ਼ੌਫ਼ਨਾਕ ਵਾਰਦਾਤ ਕਾਰਨ ਦੂਰ-ਦੁਰਾਡੇ ਤੋਂ ਨਤਮਸਤਕ ਹੋਣ ਆਈਆਂ ਸੰਗਤਾਂ ਅਤੇ ਸਥਾਨਕ ਨਿਵਾਸੀਆਂ ਵਿੱਚ ਭਾਰੀ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਇਸ ਮਾਮਲੇ ਵਿੱਚ ਸ਼ਾਮਲ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਸਾਰਾ ਵਿਵਾਦ ਮਾਮੂਲੀ ਰਕਮ ਦੇ ਲੈਣ-ਦੇਣ ਤੋਂ ਸ਼ੁਰੂ ਹੋਇਆ। ਰਾਤ ਦੇ ਸਮੇਂ ਦੋ ਕਾਰਾਂ ਵਿੱਚ ਸਵਾਰ



ਹੋ ਕੇ ਆਏ 4 ਤੋਂ 5 ਨੌਜਵਾਨ ਗਲਿਆਰਾ ਇਲਾਕੇ ਵਿੱਚ ਸਥਿਤ 'ਵਿਨੋਦ ਕਰਿਆਨਾ ਸਟੋਰ' 'ਤੇ ਸਾਮਾਨ ਖਰੀਦਣ ਲਈ ਰੁਕੇ।

ਦੁਕਾਨ ਦੇ ਮਾਲਕ ਵਿਨੋਦ ਮਲਹੋਤਰਾ ਨੇ ਦੱਸਿਆ: "ਉਨ੍ਹਾਂ ਨੌਜਵਾਨਾਂ ਨੇ ਦੁਕਾਨ ਤੋਂ ਕਰੀਬ 550 ਰੁਪਏ ਦਾ ਸਾਮਾਨ ਲਿਆ ਸੀ। ਪਰ ਜਦੋਂ ਆਨਲਾਈਨ ਪੇਮੈਂਟ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਗੂਗਲ ਪੇਅ ਰਾਹੀਂ ਸਿਰਫ਼ 230 ਰੁਪਏ ਹੀ ਟ੍ਰਾਂਸਫਰ ਕੀਤੇ। ਜਦੋਂ ਮੈਂ ਬਾਕੀ ਰਹਿੰਦੀ ਰਕਮ ਮੰਗੀ, ਤਾਂ ਉਹ ਬਹਿਸ ਕਰਨ ਲੱਗ ਪਏ। ਦੇਖਦੇ ਹੀ ਦੇਖਦੇ ਉਨ੍ਹਾਂ ਨੇ ਗਾਲੀ-ਗਲੋਚ ਸ਼ੁਰੂ ਕਰ ਦਿੱਤੀ ਅਤੇ ਹਿੰਸਕ ਹੋ ਗਏ।"

ਬਹਿਸਬਾਜ਼ੀ ਦੌਰਾਨ ਹੀ ਤੈਸ਼ ਵਿੱਚ ਆਏ ਨੌਜਵਾਨਾਂ ਨੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਪਿਸਤੌਲ ਕੱਢ ਲਈ ਅਤੇ ਦੁਕਾਨ ਵੱਲ ਨਿਸ਼ਾਨਾ ਸਾਧ ਕੇ ਅੰਨ੍ਹੇਵਾਹ 4 ਤੋਂ 5 ਰਾਊਂਡ ਫਾਇਰਿੰਗ ਕਰ ਦਿੱਤੀ। ਇਸ ਅਚਾਨਕ ਹੋਏ ਹਮਲੇ ਵਿੱਚ ਦੁਕਾਨਦਾਰ ਵਿਨੋਦ ਮਲਹੋਤਰਾ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ। ਇਸ ਤੋਂ ਇਲਾਵਾ, ਦੁਕਾਨ ਦੇ ਨੇੜੇ ਹੀ ਸਥਿਤ ਇੱਕ ਢਾਬੇ 'ਤੇ ਕੰਮ ਕਰ ਰਿਹਾ ਇੱਕ ਹੋਰ ਨੌਜਵਾਨ ਵੀ ਗੋਲੀ ਦੇ ਛੱਰੇ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਿਆ। ਦੋਵਾਂ ਨੂੰ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ।

# ਰਾਜੂ ਨੇ ਭਾਜਪਾ ਦੀ ਜਨਰਲ ਸਕੱਤਰੀ ਛੱਡੀ



ਚੰਡੀਗੜ੍ਹ-ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਪਾਰਟੀ ਦੇ ਅੰਦਰੂਨੀ ਵਿਵਾਦ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਪ੍ਰਧਾਨਗੀ ਦੀ ਦੌੜ ਵਿੱਚ ਸ਼ਾਮਲ ਰਹੇ ਸਾਬਕਾ ਆਈ ਏ ਐੱਸ ਅਧਿਕਾਰੀ ਡਾ. ਜਗਮੋਹਨ ਸਿੰਘ ਰਾਜੂ ਨੇ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਕੈਂਬ੍ਰਿਜ ਯੂਨੀਵਰਸਿਟੀ ਦੇ ਵਿਜ਼ਿਟਿੰਗ ਫੈਲੋ ਅਤੇ ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਰਾਜੂ ਨੂੰ ਹਾਈਕਮਾਂਡ ਵੱਲੋਂ ਕੇਵਲ ਢਿੱਲੋਂ ਦੇ ਨਾਂਅ 'ਤੇ ਮੋਹਰ ਲਾਉਣ ਤੋਂ ਪਹਿਲਾਂ ਪ੍ਰਧਾਨਗੀ ਦਾ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਸੀ।

## -ਮਾਮਲਾ ਲੁਧਿਆਣਾ ਵਿਚੋਂ ਕੁੜੀਆਂ ਗਾਇਬ ਹੋਣ ਦਾ-

# ਕੀ ਪੁਲਸ ਸੱਚ ਲੁਕਾ ਰਹੀ ਹੈ ? ਉੱਠੇ ਕਈ ਵੱਡੇ ਸਵਾਲ !

### ✪ ਇੱਕੋ ਸ਼ਹਿਰ, 10 ਕੁੜੀਆਂ ਲਾਪਤਾ ਤੇ ਇੱਕੋ ਕਹਾਣੀ; ਕੀ ਪੁਲਸ ਦੀ ਰਿਪੋਰਟ 'ਤੇ ਵਿਸ਼ਵਾਸ ਕਰਨਾ ਜਾਇਜ਼ ਹੈ ? ✪ 'ਆਪਣੀ ਮਰਜ਼ੀ' ਦੀ ਥਿਊਰੀ 'ਤੇ ਜਨਤਾ ਨੂੰ ਸ਼ੱਕ; ਹਿਊਮਨ ਟ੍ਰੈਫਿਕਿੰਗ ਦਾ ਖ਼ਦਸ਼ਾ ?

ਲੁਧਿਆਣਾ-ਲੁਧਿਆਣਾ ਸ਼ਹਿਰ ਵਿੱਚ ਪਿਛਲੇ ਇੱਕ ਮਹੀਨੇ ਦੌਰਾਨ ਕਰੀਬ ਇੱਕ ਦਰਜਨ ਕੁੜੀਆਂ ਦੇ ਲਾਪਤਾ ਹੋਣ ਦੀਆਂ ਖ਼ਬਰਾਂ ਨੇ ਪੂਰੇ ਇਲਾਕੇ ਵਿੱਚ ਹੜਕੰਪ ਮਚਾਇਆ ਹੋਇਆ ਸੀ। ਸੋਸ਼ਲ ਮੀਡੀਆ 'ਤੇ ਇਸ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਸਨਸਨੀਖੇਜ਼ ਅਫ਼ਵਾਹਾਂ ਅਤੇ ਗੈਂਗ ਸਰਗਰਮ ਹੋਣ ਦੇ ਦਾਅਵੇ ਕੀਤੇ ਜਾ ਰਹੇ ਸਨ। ਪਰ ਹੁਣ ਸੂਬਾ ਮਹਿਲਾ ਕਮਿਸ਼ਨ ਅਤੇ ਲੁਧਿਆਣਾ ਪੁਲਸ ਦੀ ਡੂੰਘੀ ਤਫ਼ਤੀਸ਼ ਤੋਂ ਬਾਅਦ ਇਸ ਮਾਮਲੇ ਦਾ ਸਾਰਾ ਸੱਚ ਸਾਹਮਣੇ ਆ ਗਿਆ ਹੈ, ਜਿਸ ਨੇ ਇਨ੍ਹਾਂ ਅਫ਼ਵਾਹਾਂ 'ਤੇ ਪੂਰੀ ਤਰ੍ਹਾਂ ਵਿਰਾਮ ਲਗਾ ਦਿੱਤਾ ਹੈ। ਗੰਭੀਰਤਾ ਨੂੰ ਦੇਖਦਿਆਂ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਲੁਧਿਆਣਾ ਦੇ ਪੁਲਸ ਕਮਿਸ਼ਨਰ ਨੂੰ ਤਲਬ ਕਰਕੇ ਨੋਟਿਸ ਜਾਰੀ ਕੀਤਾ ਸੀ। ਪੁਲਸ ਦੀ ਡਿਟੇਲਡ ਰਿਪੋਰਟ ਤੋਂ ਬਾਅਦ ਮਹਿਲਾ ਕਮਿਸ਼ਨ ਨੇ ਪੂਰੀ ਸੰਤੁਸ਼ਟੀ ਪ੍ਰਗਟਾਈ ਹੈ।

ਪੁਲਸ ਦੀ ਰਿਪੋਰਟ ਵਿੱਚ ਸਾਫ਼ ਹੋਇਆ ਹੈ ਕਿ ਸ਼ਹਿਰ ਵਿੱਚ ਕੁੜੀਆਂ ਨੂੰ ਅਗਵਾ ਕਰਨ ਵਾਲਾ ਕੋਈ ਵੀ ਸੰਗਠਿਤ ਗੈਂਗ ਜਾਂ ਰੈਕੇਟ ਸਰਗਰਮ ਨਹੀਂ ਹੈ। ਲੁਧਿਆਣਾ ਦੇ ਵੱਖ-ਵੱਖ ਥਾਣਿਆਂ ਵਿੱਚ ਕੁੜੀਆਂ ਦੇ ਲਾਪਤਾ ਹੋਣ ਸਬੰਧੀ ਕੁੱਲ 10 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ। ਤਫ਼ਤੀਸ਼ ਮੁਤਾਬਕ ਕਿਸੇ ਵੀ ਕੁੜੀ ਨੂੰ ਜ਼ਬਰਦਸਤੀ ਅਗਵਾ ਨਹੀਂ ਕੀਤਾ ਗਿਆ, ਬਲਕਿ ਉਨ੍ਹਾਂ ਨੇ ਨਿੱਜੀ ਅਤੇ ਪਰਿਵਾਰਕ ਕਾਰਨਾਂ ਕਰਕੇ ਆਪਣੀ ਮਰਜ਼ੀ ਨਾਲ ਘਰ ਛੱਡਿਆ ਸੀ।

ਪੁਲਸ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਘਰ ਛੱਡਣ ਦੇ ਕਾਰਨ ਪੂਰੀ ਤਰ੍ਹਾਂ ਨਿੱਜੀ, ਪਰਿਵਾਰਕ ਕਲੇਸ਼ ਜਾਂ ਆਪਸੀ ਮਨਮੁਟਾਵ ਸਨ। ਲਾਪਤਾ ਹੋਣ ਵਾਲੀਆਂ ਕੁੜੀਆਂ ਵਿੱਚ ਪ੍ਰਵਾਸੀ ਮਜ਼ਦੂਰਾਂ/ਗੈਰ-ਪੰਜਾਬੀ ਪਰਿਵਾਰਾਂ ਦੀਆਂ ਕੁੜੀਆਂ ਵੀ ਸ਼ਾਮਲ ਹਨ, ਜੋ ਪਰਿਵਾਰਕ ਨਾਰਾਜ਼ਗੀ ਕਾਰਨ ਆਪਣੇ ਜੱਦੀ ਸੂਬਿਆਂ ਵੱਲ ਚਲੀਆਂ ਗਈਆਂ। ਪੁਲਸ ਦੀਆਂ ਮੁਸਤੈਦ ਕੋਸ਼ਿਸ਼ਾਂ ਸਦਕਾ ਕਈ ਕੁੜੀਆਂ ਨੂੰ ਸਹੀ-ਸਲਾਮਤ ਬਰਾਮਦ ਕਰਕੇ ਉਨ੍ਹਾਂ ਦੇ ਪਰਿਵਾਰਾਂ ਦੇ ਹਵਾਲੇ ਕੀਤਾ ਜਾ ਚੁੱਕਾ ਹੈ।

ਥਾਣਾ ਜਮਾਲਪੁਰ ਦੇ ਇਲਾਕੇ ਵਿੱਚੋਂ ਲਾਪਤਾ ਹੋਈਆਂ 3 ਕੁੜੀਆਂ ਨੂੰ ਲੁਧਿਆਣਾ ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਉੱਤਰ ਪ੍ਰਦੇਸ਼ ਵਿੱਚ ਸਥਿਤ ਉਨ੍ਹਾਂ ਦੇ ਜੱਦੀ ਪਿੰਡ ਤੋਂ ਸਹੀ-ਸਲਾਮਤ ਲੱਭ ਲਿਆ ਹੈ। ਜਾਂਚ ਵਿੱਚ ਪਤਾ ਲੱਗਿਆ ਕਿ ਉਹ ਪਰਿਵਾਰਕ ਮਨਮੁਟਾਵ (ਝਗੜੇ) ਕਾਰਨ ਆਪਣੀ ਮਰਜ਼ੀ ਨਾਲ ਉੱਥੇ ਚਲੀਆਂ ਗਈਆਂ ਸਨ।

ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਲੋਕਾਂ ਨੂੰ ਅਪੀਲ ਕੀਤੀ



ਹੈ ਕਿ ਉਹ ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਬਿਨਾਂ ਸਿਰ-ਪੈਰ ਦੀਆਂ ਅਫ਼ਵਾਹਾਂ 'ਤੇ ਵਿਸ਼ਵਾਸ ਨਾ ਕਰਨ। ਲੁਧਿਆਣਾ ਪੁਲਸ ਬਾਕੀ ਰਹਿੰਦੇ ਮਾਮਲਿਆਂ ਵਿੱਚ ਵੀ ਕੁੜੀਆਂ ਦੀ ਭਾਲ ਲਈ ਲਗਾਤਾਰ ਛਾਪੇਮਾਰੀ ਅਤੇ ਜਾਂਚ ਕਰ ਰਹੀ ਹੈ।

### ਕੀ ਪੁਲਿਸ ਦੀ ਕਹਾਣੀ ਸ਼ੱਕੀ ਹੈ

ਇੱਕੋ ਸਮੇਂ ਇੱਕੋ ਸ਼ਹਿਰ ਵਿੱਚੋਂ ਇੰਨੀ ਵੱਡੀ ਗਿਣਤੀ ਵਿੱਚ ਕੁੜੀਆਂ ਦਾ ਲਾਪਤਾ ਹੋਣਾ ਅਤੇ ਸਾਰੀਆਂ ਦੇ ਮਾਮਲੇ ਵਿੱਚ ਇੱਕੋ ਜਿਹੀ ਕਹਾਣੀ (ਕਿ ਉਹ ਆਪਣੀ ਮਰਜ਼ੀ ਨਾਲ ਗਈਆਂ) ਸਾਹਮਣੇ ਆਉਣਾ ਕਿਸੇ ਦੇ ਵੀ ਗਲੇ ਨਹੀਂ ਉਤਰਦਾ। ਆਮ ਜਨਤਾ ਅਤੇ ਪੀੜਤ ਪਰਿਵਾਰਾਂ ਦੇ ਮਨ ਵਿੱਚ ਅਜਿਹੇ ਸਵਾਲ ਉੱਠਣਾ ਸੁਭਾਵਿਕ ਹੈ।

ਜੇਕਰ ਅਸੀਂ ਇਸ ਮਾਮਲੇ ਨੂੰ ਪੁਲਸ ਦੀ ਕਹਾਣੀ ਤੋਂ ਹਟ ਕੇ, ਇੱਕ ਨਿਰਪੱਖ ਅਤੇ ਡੂੰਘੀ ਨਜ਼ਰ ਨਾਲ ਦੇਖੀਏ, ਤਾਂ ਕਈ ਅਜਿਹੇ ਨੁਕਤੇ ਹਨ ਜੋ ਪੁਲਸ ਦੀ ਥਿਊਰੀ 'ਤੇ ਸਵਾਲ ਖੜ੍ਹੇ ਕਰਦੇ ਹਨ:

### ਕੀ ਪੁਲਸ ਕੇਸਾਂ ਨੂੰ ਰਫ਼ਾ-ਦਫ਼ਾ ਕਰ ਰਹੀ ਹੈ ?

ਕਈ ਵਾਰ ਪੁਲਸ 'ਤੇ ਇਹ ਦੋਸ਼ ਲੱਗਦੇ ਹਨ ਕਿ ਸ਼ਹਿਰ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਬਹਾਲ ਦਿਖਾਉਣ ਅਤੇ ਲੋਕਾਂ ਵਿੱਚ ਡਰ ਦਾ ਮਾਹੌਲ ਖ਼ਤਮ ਕਰਨ ਲਈ ਮਾਮਲੇ ਨੂੰ "ਘਰੇਲੂ ਕਲੇਸ਼" ਜਾਂ "ਆਪਣੀ ਮਰਜ਼ੀ ਨਾਲ ਜਾਣ" ਦਾ ਰੂਪ ਦੇ ਦਿੱਤਾ ਜਾਂਦਾ ਹੈ। ਜੇਕਰ ਪੁਲਸ ਇਹ ਮੰਨ ਲਵੇ ਕਿ ਸ਼ਹਿਰ ਵਿੱਚ ਕੋਈ 'ਅਗਵਾਕਾਰ ਗੈਂਗ' ਸਰਗਰਮ ਹੈ, ਤਾਂ ਇਸ ਨਾਲ ਪੁਲਸ ਪ੍ਰਸ਼ਾਸਨ ਦੀ ਨਾਕਾਮੀ ਸਾਹਮਣੇ ਆਉਂਦੀ ਹੈ ਅਤੇ ਸਰਕਾਰ 'ਤੇ ਸਵਾਲ ਉੱਠਦੇ ਹਨ।

### ਹਿਊਮਨ ਟ੍ਰੈਫਿਕਿੰਗ (ਮਨੁੱਖੀ ਤਸਕਰੀ) ਦਾ ਖ਼ਦਸ਼ਾ

ਲੁਧਿਆਣਾ ਇੱਕ ਬਹੁਤ ਵੱਡਾ ਉਦਯੋਗਿਕ ਸ਼ਹਿਰ ਹੈ, ਜਿੱਥੇ ਵੱਡੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਰਹਿੰਦੇ ਹਨ। ਅਜਿਹੇ ਉਦਯੋਗਿਕ ਖੇਤਰਾਂ ਵਿੱਚ ਅਕਸਰ ਅਜਿਹੇ ਗਿਰੋਹ ਸਰਗਰਮ ਹੁੰਦੇ ਹਨ ਜੋ ਗਰੀਬ ਜਾਂ ਭੋਲੇ-ਭਾਲੇ ਪਰਿਵਾਰਾਂ ਦੀਆਂ ਕੁੜੀਆਂ ਨੂੰ ਨੌਕਰੀ, ਚੰਗੇ ਜੀਵਨ ਜਾਂ ਪਿਆਰ ਦੇ ਜਾਲ ਵਿੱਚ ਫਸਾ ਕੇ ਦੂਜੇ ਸੂਬਿਆਂ ਵਿੱਚ ਵੇਚ ਦਿੰਦੇ ਹਨ। ਪੁਲਸ ਦੀ ਰਿਪੋਰਟ ਵਿੱਚ ਇਸ ਪਹਿਲੂ 'ਤੇ ਡੂੰਘਾਈ ਨਾਲ ਗੱਲ ਨਹੀਂ ਕੀਤੀ ਗਈ।

ਜਿਹੜੀਆਂ 3 ਕੁੜੀਆਂ ਯੂ.ਪੀ. ਤੋਂ ਬਰਾਮਦ ਹੋਈਆਂ, ਉਨ੍ਹਾਂ ਬਾਰੇ ਕਿਹਾ ਗਿਆ ਕਿ ਉਹ ਪਰਿਵਾਰਕ ਮਨਮੁਟਾਵ ਕਾਰਨ ਗਈਆਂ। ਪਰ ਸਵਾਲ ਇਹ ਉੱਠਦਾ ਹੈ: ਕੀ ਉਨ੍ਹਾਂ ਕੁੜੀਆਂ 'ਤੇ ਕਿਸੇ ਬਾਹਰੀ ਬੰਦੇ ਦਾ ਦਬਾਅ ਸੀ ? ਕੀ ਉਨ੍ਹਾਂ ਨੂੰ ਉੱਥੇ ਕਿਸੇ ਸਾਜ਼ਿਸ਼ ਤਹਿਤ ਬੁਲਾਇਆ ਗਿਆ ਸੀ ?

ਕਈ ਵਾਰ ਕੁੜੀਆਂ ਬਰਾਮਦ ਹੋਣ ਤੋਂ ਬਾਅਦ ਸਮਾਜਿਕ ਬਦਨਾਮੀ ਜਾਂ ਪਰਿਵਾਰ ਦੇ ਦਬਾਅ ਕਾਰਨ ਪੁਲਸ ਸਾਹਮਣੇ ਸੱਚ ਨਹੀਂ ਬੋਲਦੀਆਂ ਅਤੇ ਮਾਮਲੇ ਨੂੰ "ਆਪਣੀ ਮਰਜ਼ੀ" ਦੱਸ ਕੇ ਬੰਦ ਕਰ ਦਿੱਤਾ ਜਾਂਦਾ ਹੈ।

ਇਹ ਗੱਲ ਸੱਚਮੁੱਚ ਅਜੀਬ ਹੈ ਕਿ ਇੱਕੋ ਮਹੀਨੇ ਦੇ ਅੰਦਰ 10 ਵੱਖ-ਵੱਖ ਐਫ.ਆਈ.ਆਰ. ਦਰਜ ਹੁੰਦੀਆਂ ਹਨ ਅਤੇ ਸਾਰੀਆਂ ਵਿੱਚ ਕੁੜੀਆਂ ਦੇ ਜਾਣ ਦਾ ਕਾਰਨ ਸਿਰਫ਼ 'ਨਿੱਜੀ' ਦੱਸਿਆ ਜਾਂਦਾ ਹੈ। ਜੇਕਰ ਇਹ ਸਿਰਫ਼ ਸੰਯੋਗ ਹੈ, ਤਾਂ ਵੀ ਇਸ ਦੀ ਡੂੰਘੀ ਇੰਟਰੋਗੇਸ਼ਨ (ਜਾਂਚ) ਹੋਣੀ ਚਾਹੀਦੀ ਹੈ ਕਿ ਕੀ ਇਨ੍ਹਾਂ ਕੁੜੀਆਂ ਦੇ ਆਪਸ ਵਿੱਚ ਜਾਂ ਕਿਸੇ ਸਾਂਝੇ ਨੈੱਟਵਰਕ ਨਾਲ ਕੋਈ ਤਾਰ ਤਾਂ ਨਹੀਂ ਜੁੜੇ ਹੋਏ ਸਨ ? ਲੋਕਾਂ ਦਾ ਮੰਨਣਾ ਸਹੀ ਜਾਪਦਾ ਹੈ ਕਿ "ਇਹ ਵਿਸ਼ਵਾਸ ਯੋਗ ਮਾਮਲਾ ਨਹੀਂ ਲੱਗਦਾ।" ਪੁਲਸ ਵੱਲੋਂ ਜਾਰੀ ਬਿਆਨ ਸ਼ਾਇਦ ਅੰਸ਼ਕ ਸੱਚ ਹੋਵੇ, ਪਰ ਇਹ ਪੂਰਾ ਸੱਚ ਨਹੀਂ ਹੋ ਸਕਦਾ।


ਸ਼ੋਸ਼ਲ ਮੀਡੀਆ ਉਪਰ ਲੋਕਾਂ ਦਾ ਮੰਨਣਾ ਹੈ ਕਿ ਮਹਿਲਾ ਕਮਿਸ਼ਨ ਅਤੇ ਉੱਚ ਅਧਿਕਾਰੀਆਂ ਨੂੰ ਸਿਰਫ਼ ਪੁਲਸ ਦੀ ਲਿਖਤੀ ਰਿਪੋਰਟ 'ਤੇ ਅੱਖਾਂ ਬੰਦ ਕਰਕੇ ਭਰੋਸਾ ਨਹੀਂ ਕਰਨਾ ਚਾਹੀਦਾ, ਬਲਕਿ ਬਰਾਮਦ ਹੋਈਆਂ ਕੁੜੀਆਂ ਦੀ ਕਾਊਂਸਲਿੰਗ ਕਿਸੇ ਸੁਤੰਤਰ ਮਾਹਿਰ ਜਾਂ ਐਨਜੀਓ ਤੋਂ ਕਰਵਾਉਣੀ ਚਾਹੀਦੀ ਹੈ ਤਾਂ ਜੋ ਅਸਲ ਸੱਚ ਸਾਹਮਣੇ ਆ ਸਕੇ। ਬਾਕੀ ਰਹਿੰਦੀਆਂ ਕੁੜੀਆਂ ਦੇ ਪਰਿਵਾਰਾਂ ਦੇ ਬਿਆਨਾਂ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕੀ ਸ਼ੱਕ ਹੈ।

ਕੀ ਤੁਹਾਨੂੰ ਲੱਗਦਾ ਹੈ ਕਿ ਇਸ ਮਾਮਲੇ ਦੀ ਜਾਂਚ ਪੁਲਸ ਦੀ ਬਜਾਏ ਕਿਸੇ ਉੱਚ ਪੱਧਰੀ ਏਜੰਸੀ ਸੀਬੀਆਈ ਤੋਂ ਕਰਵਾਉਣ ਲਈ ਸਥਾਨਕ ਪੱਧਰ 'ਤੇ ਆਵਾਜ਼ ਉਠਾਈ ਜਾਣੀ ਚਾਹੀਦੀ ਹੈ ?

## ਕਾਂਗੋ ਵਿਚ 'ਈਬੋਲਾ' ਦਾ ਕਹਿਰ: 100 ਤੋਂ ਵੱਧ ਮੌਤਾਂ, ਨਵੇਂ ਵਾਇਰਸ ਸਟ੍ਰੇਨ ਕਾਰਨ ਵਧੀ ਚਿੰਤਾ

ਬੁਨੀਆ (ਏਪੀ)-ਪੂਰਬੀ ਕਾਂਗੋ ਵਿੱਚ ਇੱਕ ਵਾਰ ਫਿਰ ਭਿਆਨਕ 'ਈਬੋਲਾ' ਵਾਇਰਸ ਨੇ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਹੈ। ਅਧਿਕਾਰਤ ਰਿਪੋਰਟਾਂ ਮੁਤਾਬਕ, ਇਸ ਵਾਰ ਈਬੋਲਾ ਦੇ ਪ੍ਰਕੋਪ ਦਾ ਐਲਾਨ ਹੋਣ ਦੇ ਮਹਿਜ਼ ਇੱਕ ਮਹੀਨੇ ਦੇ ਅੰਦਰ-ਅੰਦਰ 100 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ, ਜਿਸ ਕਾਰਨ ਕਾਂਗੋ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਚਿੰਤਾਵਾਂ ਬਹੁਤ ਜ਼ਿਆਦਾ ਵਧ ਗਈਆਂ ਹਨ। ਸਿਹਤ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ: ਕੁੱਲ ਪੀੜਤ ਮਾਮਲੇ: 550 (ਪੁਸ਼ਟੀ ਕੀਤੇ ਗਏ), ਕੁੱਲ ਮੌਤਾਂ: 101, ਠੀਕ ਹੋਏ ਮਰੀਜ਼: 19 ਮਾਹਿਰਾਂ ਅਤੇ ਰਿਪੋਰਟਾਂ ਦਾ ਮੰਨਣਾ ਹੈ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਮਰੀਜ਼ਾਂ ਅਤੇ ਮੌਤਾਂ ਦੀ ਅਸਲ ਗਿਣਤੀ ਦੱਸੀ ਜਾ ਰਹੀ ਗਿਣਤੀ ਨਾਲੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਵਾਰ ਬਿਮਾਰੀ ਦੀ ਪਛਾਣ ਕਾਫੀ ਦੇਰ ਨਾਲ ਹੋਈ ਹੈ। ਇਸ ਤੋਂ ਇਲਾਵਾ, ਪ੍ਰਭਾਵਿਤ ਖੇਤਰਾਂ ਵਿੱਚ ਨਿਗਰਾਨੀ ਅਤੇ ਸਿਹਤ ਸੇਵਾਵਾਂ ਦੀ ਹਾਲਤ ਬਹੁਤ ਨਾਜ਼ੁਕ ਹੈ। ਹਾਲਾਤ ਉਦੋਂ ਹੋਰ ਵੀ ਗੰਭੀਰ ਹੋ ਗਏ ਜਦੋਂ ਸਥਾਨਕ ਲੋਕਾਂ ਵੱਲੋਂ ਸਿਹਤ ਕਰਮਚਾਰੀਆਂ 'ਤੇ ਹਮਲੇ ਕੀਤੇ ਗਏ। ਲੋਕਾਂ ਵਿੱਚ ਫੈਲਿਆ ਸ਼ੱਕ ਅਤੇ ਇਲਾਕੇ ਵਿੱਚ ਚੱਲ ਰਿਹਾ ਹਥਿਆਰਬੰਦ ਟਕਰਾਅ (ਜੰਗ) ਇਸ ਲਾਗ ਨੂੰ ਰੋਕਣ ਦੇ ਯਤਨਾਂ ਵਿੱਚ ਵੱਡੀ ਰੁਕਾਵਟ ਬਣ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਹੈ ਕਿ ਇਹ ਨਵਾਂ ਪ੍ਰਕੋਪ ਈਬੋਲਾ ਦੇ ਇੱਕ ਦੁਰਲੱਭ ਸਟ੍ਰੇਨ 'ਬੁੰਡੀਬੁਗਿਓ ਵਾਇਰਸ' ਕਾਰਨ ਫੈਲ ਰਿਹਾ ਹੈ। ਕੋਈ ਇਲਾਜ ਨਹੀਂ: ਇਸ ਖ਼ਾਸ ਸਟ੍ਰੇਨ ਲਈ ਫਿਲਹਾਲ ਕੋਈ ਵੀ ਪ੍ਰਵਾਨਿਤ ਟੀਕਾ ਜਾਂ ਪੱਕਾ ਇਲਾਜ ਮੌਜੂਦ ਨਹੀਂ ਹੈ। ਇਹ ਵਾਇਰਸ ਪਹਿਲਾਂ ਫੈਲਣ ਵਾਲੇ 'ਜ਼ੇਅਰ ਵਾਇਰਸ' ਤੋਂ ਬਿਲਕੁਲ ਵੱਖਰਾ ਹੈ, ਜੋ ਕਾਂਗੋ ਵਿੱਚ ਪਿਛਲੀਆਂ ਮਹਾਮਾਰੀਆਂ ਲਈ ਜ਼ਿੰਮੇਵਾਰ ਸੀ ਅਤੇ ਜਿਸ ਦਾ ਟੀਕਾ ਉਪਲਬਧ ਸੀ। ਸਥਿਤੀ ਨੂੰ ਦੇਖਦੇ ਹੋਏ ਅੰਤਰਰਾਸ਼ਟਰੀ ਸਿਹਤ ਸੰਸਥਾਵਾਂ ਅਤੇ ਕਾਂਗੋ ਸਰਕਾਰ ਵੱਲੋਂ ਬਚਾਅ ਕਾਰਜਾਂ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਸੰਪਾਦਕੀ** **ਵਿਚਾਰ :–** ਕੋਈ ਵੀ ਤਾਕਤ ਗੁਨਾਹ ਉਸ ਸਮੇਂ ਬਣਦੀ ਹੈ, ਜਦ ਤੁਸੀਂ ਉਸ ਉੱਤੇ ਪਛਤਾਵਾ ਕਰਦੇ ਹੋ।



ਰਜਿੰਦਰ ਸਿੰਘ ਪੁਰੇਵਾਲ

# ਜਥੇਦਾਰ ਵਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਦੀ ਅਪੀਲ ਸਵਾਗਤਯੋਗ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਲਈ ਕੀਤੀ ਗਈ ਅਪੀਲ ਸਿੱਖ ਜਗਤ ਦੀਆਂ ਡੂੰਘੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਪਿਛਲੇ ਲਗਪਗ ਇੱਕ ਸਾਲ ਤੋਂ ਇਹ ਲਾਂਘਾ ਬੰਦ ਹੋਣ ਕਾਰਨ ਨਾਨਕ-ਨਾਮ ਲੇਵਾ ਸੰਗਤਾਂ ਆਪਣੇ ਰਹਿਬਰ ਦੇ ਪਵਿੱਤਰ ਅਸਥਾਨ ਦੇ ਦਰਸ਼ਨ-ਦੀਦਾਰਿਆਂ ਤੋਂ ਵਾਂਝੀਆਂ ਹਨ। ਪਹਿਲਗਾਮ ਵਿੱਚ ਯਾਤਰੀਆਂ 'ਤੇ ਹੋਏ ਮੰਦਭਾਗੇ ਹਮਲੇ ਤੋਂ ਬਾਅਦ ਦੋਵਾਂ ਮੁਲਕਾਂ ਦੇ ਸਬੰਧਾਂ ਵਿੱਚ ਆਈ ਕੁੜੱਤਣ ਕਾਰਨ ਆਵਾਜਾਈ, ਵਪਾਰਕ ਅਤੇ ਕੂਟਨੀਤਿਕ ਸਬੰਧਾਂ ਦੇ ਨਾਲ- ਇਸ ਪਵਿੱਤਰ ਲਾਂਘੇ ਨੂੰ ਵੀ ਬੰਦ ਕਰ ਦਿੱਤਾ ਗਿਆ ਸੀ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਿਆਸੀ ਅਤੇ ਸੁਰੱਖਿਆ ਦੇ ਤਣਾਅ ਦਾ ਖ਼ਮਿਆਜ਼ਾ ਸ਼ਰਧਾਲੂਆਂ ਦੀ ਆਸਥਾ ਨੂੰ ਕਿਉਂ ਭੁਗਤਣਾ ਪਵੇ ?

ਇਸ ਨਿਰਾਸ਼ਾ ਦੇ ਦੌਰ ਵਿੱਚ ਇੱਕ ਸੁਖਦ ਪਹਿਲੂ ਇਹ ਸਾਹਮਣੇ ਆਇਆ ਹੈ ਕਿ 14 ਸਾਲ ਦੇ ਲੰਮੇ ਸਮੇਂ ਬਾਅਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਰਵਾਨਾ ਹੋ ਰਿਹਾ ਹੈ। ਸਾਲ 2013 ਤੋਂ ਬਾਅਦ ਇਸ ਵਿਸ਼ੇਸ਼ ਦਿਹਾੜੇ 'ਤੇ ਜਥਾ ਨਾ ਜਾ ਸਕਣਾ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਦੀ ਤਲਖ਼ੀ ਨੂੰ ਬਿਆਨ ਕਰਦਾ ਰਿਹਾ ਹੈ। ਹੁਣ 1974 ਦੇ ਦੁਵੱਲੇ ਸਮਝੌਤੇ ਤਹਿਤ ਇਸ ਜਥੇ ਨੂੰ ਪ੍ਰਵਾਨਗੀ ਮਿਲਣਾ ਇੱਕ ਹਾਂ-ਪੱਖੀ ਕਦਮ ਹੈ, ਜਿਸ ਲਈ ਦੋਵੇਂ ਸਰਕਾਰਾਂ ਸ਼ਲਾਘਾ ਦੀਆਂ ਪਾਤਰ ਹਨ। ©ਜੇਕਰ ਸ਼ਹੀਦੀ ਪੁਰਬ ਲਈ ਜਥੇ ਦੀ ਆਵਾਜਾਈ ਸੰਭਵ ਹੋ ਸਕਦੀ ਹੈ, ਤਾਂ ਕਰਤਾਰਪੁਰ ਸਾਹਿਬ ਲਾਂਘੇ ਨੂੰ ਵੀ ਵਿਸ਼ੇਸ਼ ਪ੍ਰੋਟੋਕੋਲ ਤਹਿਤ ਮੁੜ ਸ਼ੁਰੂ ਕੀਤਾ ਜਾ ਸਕਦਾ ਹੈ।

ਭਾਰਤ ਅਤੇ ਪਾਕਿਸਤਾਨ ਨੂੰ ਇਹ ਸਮਝਣਾ ਹੋਵੇਗਾ ਕਿ ਕਰਤਾਰਪੁਰ ਸਾਹਿਬ ਲਾਂਘਾ ਸਿਰਫ਼ ਇੱਕ ਲਾਂਘਾ ਨਹੀਂ, ਬਲਕਿ ਦੋਵਾਂ ਮੁਲਕਾਂ ਦੇ ਅਵਾਮ ਵਿਚਕਾਰ ਅਮਨ ਅਤੇ ਸਦਭਾਵਨਾ ਦਾ ਇੱਕ ਪੁਲ ਹੈ। ਸਿਆਸੀ ਮਤਭੇਦਾਂ ਅਤੇ ਸਰਹੱਦੀ ਤਣਾਅ ਨੂੰ ਧਾਰਮਿਕ ਆਸਥਾ ਤੋਂ ਵੱਖ ਰੱਖਿਆ ਜਾਣਾ ਚਾਹੀਦਾ ਹੈ। ਅਜੋਕੇ ਸਮੇਂ ਦੀ ਮੁੱਖ ਲੋੜ ਇਹ ਹੈ ਕਿ ਦੋਵੇਂ ਦੇਸ਼ ਆਪਸੀ ਜ਼ਿੱਦ ਛੱਡ ਕੇ ਨਿਮਰਤਾ ਅਤੇ ਸੰਵੇਦਨਸ਼ੀਲਤਾ ਦਿਖਾਉਣ ਤਾਂ ਜੋ ਸੰਗਤਾਂ ਦੀਆਂ ਅਰਦਾਸਾਂ ਨੂੰ ਬੂਰ ਪੈ ਸਕੇ ਅਤੇ ਇਹ ਲਾਂਘਾ ਛੇਤੀ ਤੋਂ ਛੇਤੀ ਮੁੜ ਆਬਾਦ ਹੋਵੇ।

# ਬੈਲਫਾਸਟ ਵਿੱਚ ਹਿੰਸਾ ਭੜਕੀ, ਪ੍ਰਵਾਸੀਆਂ ਦੇ ਘਰਾਂ, ਕਾਰਾਂ ਅਤੇ ਬੱਸਾਂ ਨੂੰ ਲਗਾਈ ਅੱਗ



ਬੈਲਫਾਸਟ (ਉੱਤਰੀ ਆਇਰਲੈਂਡ)– ਬੈਲਫਾਸਟ ਵਿੱਚ ਇੱਕ ਕਥਿਤ ਸ਼ਰਨਾਰਥੀ ਵੱਲੋਂ ਕੀਤੇ ਗਏ ਚਾਕੂ ਹਮਲੇ ਤੋਂ ਬਾਅਦ ਵੱਡੇ ਪੱਧਰ 'ਤੇ ਹਿੰਸਾ ਭੜਕ ਗਈ। ਗੁੱਸੇ ਵਿੱਚ ਆਏ ਪ੍ਰਦਰਸ਼ਨਕਾਰੀਆਂ ਨੇ ਪ੍ਰਵਾਸੀਆਂ ਦੇ ਘਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਕਈ ਮਕਾਨਾਂ, ਕਾਰਾਂ ਅਤੇ ਇੱਕ ਬੱਸ ਨੂੰ ਅੱਗ ਲਗਾ ਦਿੱਤੀ। ਪੁਲਿਸ ਨੂੰ ਕਈ ਇਲਾਕਿਆਂ ਵਿੱਚ ਹਾਲਾਤ ਕਾਬੂ ਕਰਨ ਲਈ ਵੱਡੀ ਗਿਣਤੀ ਵਿੱਚ ਤਾਇਨਾਤ ਕਰਨਾ ਪਿਆ। ਰਿਪੋਰਟਾਂ ਅਨੁਸਾਰ ਇੱਕ 30 ਸਾਲਾ ਸੂਡਾਨੀ ਨਾਗਰਿਕ 'ਤੇ ਇੱਕ ਵਿਅਕਤੀ 'ਤੇ ਚਾਕੂ ਨਾਲ ਹਮਲਾ ਕਰਨ ਦੇ ਦੋਸ਼ ਲੱਗੇ ਹਨ। ਹਮਲੇ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਗੰਭੀਰ ਸੱਟਾਂ ਆਈਆਂ ਹਨ ਅਤੇ ਉਸਦਾ ਇਲਾਜ ਹਸਪਤਾਲ ਵਿੱਚ ਚੱਲ ਰਿਹਾ ਹੈ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਕਤਲ ਦੀ ਕੋਸ਼ਿਸ਼ ਸਮੇਤ ਕਈ ਦੋਸ਼ ਲਗਾਏ ਹਨ। ਹਮਲੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਸੈਂਕੜੇ ਲੋਕ ਸੜਕਾਂ 'ਤੇ ਉਤਰ ਆਏ। ਕੁਝ ਥਾਵਾਂ 'ਤੇ ਨਕਾਬਪੋਸ਼ ਟੋਲਿਆਂ ਨੇ ਪ੍ਰਵਾਸੀ ਪਰਿਵਾਰਾਂ ਦੇ ਘਰਾਂ 'ਤੇ ਹਮਲੇ ਕੀਤੇ, ਖਿੜਕੀਆਂ ਤੋੜੀਆਂ ਅਤੇ ਅੱਗਜ਼ਨੀ ਕੀਤੀ। ਕਈ ਪਰਿਵਾਰਾਂ ਨੂੰ ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਦੀ ਮਦਦ ਨਾਲ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਉੱਤਰੀ ਆਇਰਲੈਂਡ ਦੀ ਪਹਿਲੀ ਮੰਤਰੀ ਓਿਹਏਲਲਏ`'ਇਲਲ ਨੇ ਹਿੰਸਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਬੇਕਸੂਰ ਪਰਿਵਾਰਾਂ ਦੇ ਘਰ ਸਾੜਨਾ "ਘਿਨੌਣੀ ਕਾਇਰਤਾ" ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਖਇਰ ਸ਼ਟਓਰਮਏਰ ਨੇ ਵੀ ਚਾਕੂ ਹਮਲੇ ਅਤੇ ਉਸ ਤੋਂ ਬਾਅਦ ਹੋਈ ਹਿੰਸਾ ਦੋਵਾਂ ਦੀ ਨਿੰਦਾ ਕੀਤੀ ਹੈ।

ਪੁਲਿਸ ਨੇ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਅਤੇ ਕਾਨੂੰਨ ਆਪਣੇ ਹੱਥ ਵਿੱਚ ਨਾ ਲੈਣ ਦੀ ਅਪੀਲ ਕੀਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਦੰਗਿਆਂ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## NEWS & VIEWS



Gurmukh Singh OBE

# DO NOT PLACE THE KIRPAN ON TRIAL FOR THE CRIME OF ONE MAN

(Quote from Sikh scholar Gurjit Singh Sandhu*)

**Spontaneous Panthic Condolences to Nowak family continue to be expressed. A Statement from the highest Sikh Institution, Sri Akal Takht Sahib, has been issued. Sikh condemnation of the Grave Offence by a misguided Young Sikh is unreserved. Perhaps, it is time for British Sikhs to push back a bit against exploitation of the issue by some politicians and in the social media.**

**They need reminding that Sikhs have been staunch allies of Britain over the last two hundred years. During the Indian Mutiny (1857), which lacked any national aim, many Sikh soldiers and princely states actively helped to protect and rescue British families, officers, and civilians. Thousands of Amritdhari Kirpan-wearing Sikhs gave their lives in the two World Wars for Britain and the free world.**

**Those who have chosen to make UK their home, have been law abiding, net contributing loyal British Citizens. For crimes against them, British Sikhs blame only misguided elements and not whole communities. In September and October 2025 there was widespread outrage and call for justice following horrific, racially and religiously aggravated sexual assaults against two Sikh women.**

**British Sikhs and Jathedar Akal Takhat Sahib have expressed deepest condolences to the family of Henry Nowak. They have fully accepted the verdict and sentence delivered by the court. The misguided young Sikh responsible has been convicted and sentenced under United Kingdom law. Sikh community respects the rule of law and believes that justice must apply equally to all.**

**Two informative, slightly edited, quotes are relevant:**

**Prominent UK Sikh, Sukhwinder Singh Padda clarified the legal position: Within UK legislation linked to the most recent Offensive Weapons Act 2019 (previous acts amended) it is a defence for a Sikh to carry a Kirpan for religious reasons (only Amritdhar Sikhs). There is no stipulation on Size. Thus, if an Amritdhari Sikh is stopped he can quote the law that says it is a defence. However, if the Kirpan is used it becomes a weapon and it is up to the person to defend themselves. However, institutions and organisations can reduce size of kirpan allowed, like courts, schools etc. Normally around 6 cm. This right in law was a landmark fought for by campaigning and lobbying by British Sikhs. There will always be people opposed to this legislation and cases like the current one in U.K. does not help. However, we should be cautious but not alarmed as legislation cannot be changed overnight and we have enough social and political capital to keep the legislation intact.**

**Sikh scholar Gurjit Singh*: It is important that this case is discussed with accuracy, responsibility, and fairness. The criminal actions of one individual must not be used to blame, target, or stigmatise the wider Sikh community. Sikhs have lived peacefully in the United Kingdom for generations and have made positive contributions across public life, business, charity, education, and community service….*<u>Britain has a real knife-crime wound. But that wound is not the kirpan</u>*…..the pressure comes most sharply from Reform-linked voices, but it is simply not the case that every party is promising a ban. The Home Secretary herself warned the Commons against letting this murder turn communities against one another. <u>We should answer seriously, not from fear, and not by surrendering what was given to us.</u>**

**We thank Sardars Sukhvinder Singh Padda and Gurjit Singh Sandhu for their timely guidance.**

*Gurjit Singh Sandhu, founder of PanthSeva (panthseva.com).

**Gurmukh Singh OBE**, Ret'd Principal Civil Servant (UK) sewauk2005@yahoo.co.uk

## ਸੰਪਾਦਕੀ–8 ਸਫ਼ੇ ਦੀ ਬਾਕੀ

### 'ਇੰਡੀਆ' ਗੱਠਜੋੜ ਦੀ ਇਕਜੁੱਟਤਾ ਅਤੇ ਅੰਦਰੂਨੀ ਵਿਰੋਧਾਭਾਸ

ਨਵੀਂ ਦਿੱਲੀ ਵਿੱਚ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਦੀ ਤਾਜ਼ਾ ਮੀਟਿੰਗ ਨੇ ਇੱਕ ਵਾਰ ਫਿਰ ਦੇਸ਼ ਦੀ ਸਿਆਸਤ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਵਿਰੋਧੀ ਧਿਰ ਵੱਲੋਂ ਦਿਖਾਈ ਗਈ ਇਹ ਇਕਜੁੱਟਤਾ ਇਸ ਗੱਲ ਦਾ ਸੰਕੇਤ ਹੈ ਕਿ ਉਹ ਕੇਂਦਰ ਸਰਕਾਰ ਨੂੰ ਸਦਨ ਤੋਂ ਲੈ ਕੇ ਸੜਕਾਂ ਤੱਕ ਘੇਰਨ ਦੀ ਰਣਨੀਤੀ 'ਤੇ ਕੰਮ ਕਰ ਰਹੇ ਹਨ। ਪਰ ਇਸ ਬੈਠਕ ਦੇ ਫ਼ੈਸਲੇ ਜਿੱਥੇ ਸਰਕਾਰ ਲਈ ਚੁਣੌਤੀ ਖੜ੍ਹੀ ਕਰਦੇ ਹਨ, ਉੱਥੇ ਹੀ ਗੱਠਜੋੜ ਦੇ ਅੰਦਰੂਨੀ ਤਾਣੇ-ਬਾਣੇ ਦੀਆਂ ਕਮਜ਼ੋਰੀਆਂ ਨੂੰ ਵੀ ਉਜਾਗਰ ਕਰਦੇ ਹਨ। ਮੀਟਿੰਗ ਤੋਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਰਾਹੁਲ ਗਾਂਧੀ, ਅਖਿਲੇਸ਼ ਯਾਦਵ ਅਤੇ ਮਮਤਾ ਬੇਨਰਜੀ ਦੀ ਮੌਜੂਦਗੀ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਮੁੱਖ ਖੇਤਰੀ ਲੀਡਰਸ਼ਿਪ ਫਿਲਹਾਲ ਇੱਕ ਮੰਚ 'ਤੇ ਹੈ। ਗੱਠਜੋੜ ਨੇ ਮੁੱਖ ਤੌਰ 'ਤੇ ਪੰਜ ਵੱਡੇ ਮੁੱਦਿਆਂ 'ਤੇ ਸਹਿਮਤੀ ਜਤਾਈ ਹੈ:

ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਪੜਤਾਲ (ਸ੍ਰੀ) ਅਤੇ 'ਚੋਣਾਂ ਦੀ ਚੋਰੀ' ਦੇ ਮੁੱਦੇ 'ਤੇ ਦੇਸ਼ ਦੇ ਚੀਫ਼ ਜਸਟਿਸ ਨੂੰ ਪੱਤਰ ਲਿਖਣ ਦਾ ਫ਼ੈਸਲਾ ਇੱਕ ਵੱਡਾ ਕਦਮ ਹੈ।

ਸਿੱਖਿਆ ਖੇਤਰ ਦਾ ਵਿਵਾਦ: ਨੀਟ-ਸੀਬੀਐੱਸਈ ਪੇਪਰ ਲੀਕ ਵਿਵਾਦ ਨੂੰ ਲੈ ਕੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਫ਼ੌਰੀ ਅਸਤੀਫ਼ੇ ਦੀ ਮੰਗ ਕਰਕੇ ਵਿਰੋਧੀ ਧਿਰ ਨੇ ਨੌਜਵਾਨਾਂ ਦੇ ਮੁੱਦੇ ਨੂੰ ਹਵਾ ਦਿੱਤੀ ਹੈ। ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਅਤੇ ਕਿਸਾਨੀ ਸੰਕਟ 'ਤੇ ਚਰਚਾ ਲਈ ਸਰਕਾਰ ਤੋਂ ਸਰਬ ਪਾਰਟੀ ਮੀਟਿੰਗ ਸੱਦਣ ਦੀ ਮੰਗ ਕੀਤੀ ਗਈ ਹੈ।

ਗੱਠਜੋੜ ਨੂੰ ਸੰਗਠਨਾਤਮਕ ਤੌਰ 'ਤੇ ਮਜ਼ਬੂਤ ਰੱਖਣ ਲਈ ਹਰ ਦੋ ਮਹੀਨਿਆਂ ਵਿੱਚ ਇੱਕ ਵਾਰ ਮੀਟਿੰਗ ਕਰਨ ਦਾ ਫ਼ੈਸਲਾ ਅਤੇ ਅਗਲੀ ਬੈਠਕ ਹੈਦਰਾਬਾਦ ਵਿੱਚ ਰੱਖਣਾ ਇਹ ਦਰਸਾਉਂਦਾ ਹੈ ਕਿ ਵਿਰੋਧੀ ਧਿਰ ਲੰਮੀ ਲੜਾਈ ਦੇ ਰੌਂਅ ਵਿੱਚ ਹੈ।

ਇਸ ਇਕਜੁੱਟਤਾ ਦੇ ਦਾਅਵਿਆਂ ਦੇ ਵਿਚਕਾਰ ਸਭ ਤੋਂ ਚਿੰਤਾਜਨਕ ਪਹਿਲੂ ਇਹ ਰਿਹਾ ਕਿ ਡੀ.ਐੱਮ.ਕੇ. , 'ਆਪ'ਅਤੇ ਤਾਮਿਲਨਾਡੂ ਦੀ ਟੀ.ਵੀ.ਕੇ. ਵਰਗੀਆਂ ਪ੍ਰਮੁੱਖ ਪਾਰਟੀਆਂ ਨੇ ਇਸ ਮੀਟਿੰਗ ਵਿੱਚ ਹਿੱਸਾ ਨਹੀਂ ਲਿਆ। ਖ਼ਾਸ ਕਰਕੇ ਵਿਧਾਨ ਸਭਾ ਚੋਣਾਂ ਵਿੱਚ ਹੋਈਆਂ ਹਾਰਾਂ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਅਤੇ ਡੀ.ਐੱਮ.ਕੇ. ਵਰਗੀਆਂ ਖੇਤਰੀ ਧਿਰਾਂ ਵਿਚਾਲੇ ਪੈਦਾ ਹੋਏ ਮਤਭੇਦਾਂ ਨੂੰ ਦੂਰ ਕਰਨਾ ਗੱਠਜੋੜ ਲਈ ਵੱਡੀ ਚੁਣੌਤੀ ਹੈ। ਉਧਵ ਠਾਕਰੇ ਅਤੇ ਹੇਮੰਤ ਸੋਰੇਨ ਦਾ ਸਿਰਫ਼ ਵਰਚੁਅਲੀ ਜੁੜਨਾ ਵੀ ਇਹ ਦੱਸਦਾ ਹੈ ਕਿ ਸਾਰੀਆਂ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਨਹੀਂ ਹਨ। ਜਿੰਨਾ ਚਿਰ ਇਹ ਅੰਦਰੂਨੀ ਖਿੱਚੋਤਾਣ ਖ਼ਤਮ ਨਹੀਂ ਹੁੰਦੀ, ਉੱਨਾ ਚਿਰ ਭਾਜਪਾ ਨੂੰ 'ਗੱਠਜੋੜ ਦਾ ਡਰਾਮਾ' ਕਹਿ ਕੇ ਤਨਜ਼ ਕੱਸਣ ਦਾ ਮੌਕਾ ਮਿਲਦਾ ਰਹੇਗਾ, ਜਿਵੇਂ ਕਿ ਭਾਜਪਾ ਤਰਜਮਾਨ ਸੰਬਿਤ ਪਾਤਰਾ ਨੇ ਇਸ ਨੂੰ ਜਨਤਾ ਵੱਲੋਂ ਨਕਾਰੇ ਹੋਏ ਲੋਕਾਂ ਦਾ ਪਾਖੰਡ ਦੱਸਿਆ ਹੈ।

ਲੋਕਤੰਤਰ ਵਿੱਚ ਇੱਕ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਬੇਹੱਦ ਜ਼ਰੂਰੀ ਹੈ, ਪਰ ਵਿਰੋਧੀ ਧਿਰ ਦੀ ਤਾਕਤ ਉਦੋਂ ਹੀ ਪ੍ਰਭਾਵਸ਼ਾਲੀ ਹੁੰਦੀ ਹੈ ਜਦੋਂ ਉਸ ਦੀ ਇਕਜੁੱਟਤਾ ਸਿਰਫ਼ ਫੋਟੋ-ਖਿਚਵਾਉਣ ਤੱਕ ਸੀਮਤ ਨਾ ਹੋ ਕੇ ਜ਼ਮੀਨੀ ਪੱਧਰ 'ਤੇ ਵੀ ਨਜ਼ਰ ਆਵੇ।

ਸਿੱਟਾ-''ਇੰਡੀਆ' ਬਲਾਕ ਨੇ ਦੇਸ਼ ਦੇ ਭਖਦੇ ਮੁੱਦਿਆਂ 'ਤੇ ਸਟੈਂਡ ਲੈ ਕੇ ਬੇਸ਼ੱਕ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ ਹੈ, ਪਰ ਇਸ ਗੱਠਜੋੜ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਉਹ ਗੈਰ-ਹਾਜ਼ਰ ਰਹੀਆਂ ਪਾਰਟੀਆਂ ਨੂੰ ਕਿਵੇਂ ਨਾਲ ਲੈ ਕੇ ਚੱਲਦੇ ਹਨ। ਜੇਕਰ ਵਿਰੋਧੀ ਧਿਰ ਆਪਸੀ ਮਤਭੇਦ ਭੁਲਾ ਕੇ ਦੇਸ਼ ਦੇ ਗੰਭੀਰ ਆਰਥਿਕ ਅਤੇ ਸਮਾਜਿਕ ਮੁੱਦਿਆਂ 'ਤੇ ਇੱਕਜੁੱਟ ਹੋ ਕੇ ਸੰਘਰਸ਼ ਕਰਦੀ ਹੈ, ਤਾਂ ਹੀ ਉਹ ਸੱਤਾਧਾਰੀ ਧਿਰ ਨੂੰ ਸਹੀ ਮਾਅਨਿਆਂ ਵਿੱਚ ਜਵਾਬਦੇਹ ਬਣਾ ਸਕੇਗੀ।

## ਚਿੱਟੇ ਦੀ ਭੇਟ ਚੜ੍ਹਦੀ ਜਵਾਨੀ ਅਤੇ ਸਿਸਟਮ ਦੀ ਨਾਕਾਮੀ

ਪੰਜਾਬ ਦੀ ਧਰਤੀ 'ਤੇ ਨਸ਼ਿਆਂ ਦਾ ਕੋਹੜ ਨਾ ਸਿਰਫ਼ ਪਸਰ ਚੁੱਕਾ ਹੈ, ਬਲਕਿ ਇਹ ਹੁਣ ਸੂਬੇ ਦੇ ਉੱਜਵਲ ਭਵਿੱਖ ਨੂੰ ਨਿਗਲ ਰਿਹਾ ਹੈ। ਜਗਰਾਉਂ ਵਿਖੇ ਪੀੜਤ ਪਰਿਵਾਰਾਂ ਵੱਲੋਂ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਆਪਣੇ ਨੌਜਵਾਨ ਪੁੱਤਾਂ, ਪਤੀਆਂ ਅਤੇ ਪਿਤਾਵਾਂ ਦੀਆਂ ਤਸਵੀਰਾਂ ਹੱਥਾਂ ਵਿੱਚ ਲੈ ਕੇ ਕੀਤਾ ਗਿਆ ਨਿਵੇਕਲਾ ਪ੍ਰਦਰਸ਼ਨ, ਪੰਜਾਬ ਦੇ ਮੌਜੂਦਾ ਹਾਲਾਤ ਦੀ ਇੱਕ ਬੇਹੱਦ ਦਰਦਨਾਕ ਅਤੇ ਸ਼ਰਮਨਾਕ ਤਸਵੀਰ ਪੇਸ਼ ਕਰਦਾ ਹੈ। ਇਹ ਰੋਸ ਮੁਜ਼ਾਹਰਾ ਸਿਰਫ਼ ਇੱਕ ਸਿਆਸੀ ਜਾਂ ਸਮਾਜਿਕ ਵਿਰੋਧ ਨਹੀਂ ਹੈ, ਬਲਕਿ ਇਹ ਪੰਜਾਬ ਸਰਕਾਰ ਦੀਆਂ ਨਸ਼ਾ-ਵਿਰੋਧੀ ਮੁਹਿੰਮਾਂ ਅਤੇ ਦਾਅਵਿਆਂ ਦੇ ਮੂੰਹ 'ਤੇ ਇੱਕ ਵੱਡੀ ਚਪੇੜ ਹੈ।

ਸਰਕਾਰਾਂ ਵੱਲੋਂ ਅਕਸਰ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ ਕਿ ਨਸ਼ਾ ਤਸਕਰਾਂ ਦੀ ਲੱਕ ਤੋੜ ਦਿੱਤੀ ਗਈ ਹੈ, ਪਰ ਜ਼ਮੀਨੀ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ। ਜਦੋਂ ਇੱਕ ਮਾਂ, ਇੱਕ ਵਿਧਵਾ ਜਾਂ ਇੱਕ ਮਾਸੂਮ ਬੱਚਾ ਆਪਣੇ ਘਰ ਦੇ ਕਮਾਊ ਜੀਅ ਦੀ ਫੋਟੋ ਲੈ ਕੇ ਸੜਕਾਂ 'ਤੇ ਉਤਰਨ ਲਈ ਮਜਬੂਰ ਹੁੰਦਾ ਹੈ, ਤਾਂ ਇਹ ਸਾਬਤ ਹੁੰਦਾ ਹੈ ਕਿ 'ਚਿੱਟਾ' ਅਜੇ ਵੀ ਪਿੰਡਾਂ ਦੀਆਂ ਗਲੀਆਂ ਵਿੱਚ ਸ਼ਰੇਆਮ ਵਿਕ ਰਿਹਾ ਹੈ। ਆਗੂਆਂ ਮੁਤਾਬਕ ਇਲਾਕੇ ਦੇ ਪਿੰਡਾਂ ਵਿੱਚ ਦਰਜਨਾਂ ਨੌਜਵਾਨ ਇਸ ਨਾਮੁਰਾਦ ਨਸ਼ੇ ਦੀ ਭੇਟ ਚੜ੍ਹ ਚੁੱਕੇ ਹਨ ਅਤੇ ਪਿੱਛੇ ਰਹਿ ਗਏ ਪਰਿਵਾਰਾਂ ਦੇ ਘਰਾਂ ਵਿੱਚ ਹੁਣ 'ਭੰਗ ਭੁੱਜ ਰਹੀ ਹੈ'।

ਪ੍ਰਦਰਸ਼ਨਕਾਰੀਆਂ ਵੱਲੋਂ ਚੁੱਕਿਆ ਗਿਆ ਸਭ ਤੋਂ ਅਹਿਮ ਮੁੱਦਾ ਨਸ਼ਾ ਤਸਕਰਾਂ, ਸਿਆਸਤਦਾਨਾਂ ਅਤੇ ਪੁਲੀਸ ਦੇ ਕਥਿਤ ਗੱਠਜੋੜ ਦਾ ਹੈ। ਜਿੰਨਾ ਚਿਰ ਇਸ ਨਾਪਾਕ ਗੱਠਜੋੜ ਨੂੰ ਜੜ੍ਹੋਂ ਨਹੀਂ ਪੁੱਟਿਆ ਜਾਂਦਾ, ਉਦੋਂ ਤੱਕ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਕਦੇ ਵੀ ਪੂਰਾ ਨਹੀਂ ਹੋ ਸਕਦਾ। ਪੁਲੀਸ ਵੱਲੋਂ ਛੋਟੇ-ਮੋਟੇ ਨਸ਼ੇੜੀਆਂ ਜਾਂ ਪੈਡਲਰਾਂ ਨੂੰ ਫੜ ਕੇ ਪਿੱਠ ਥਾਪੜ ਲੈਣਾ ਕੋਈ ਹੱਲ ਨਹੀਂ ਹੈ; ਅਸਲ ਲੋੜ ਉਨ੍ਹਾਂ ਵੱਡੇ ਮਗਰਮੱਛਾਂ ਨੂੰ ਨੱਥ ਪਾਉਣ ਦੀ ਹੈ ਜੋ ਸਰਹੱਦ ਪਾਰ ਜਾਂ ਬਾਹਰਲੇ ਰਾਜਾਂ ਤੋਂ ਇਸ ਜ਼ਹਿਰ ਦੀ ਸਪਲਾਈ ਚੇਨ ਨੂੰ ਚਲਾ ਰਹੇ ਹਨ।

ਯੂਨੀਅਨ ਵੱਲੋਂ ਉਪ ਮੰਡਲ ਮੈਜਿਸਟਰੇਟ ਰਾਹੀਂ ਪੰਜਾਬ ਸਰਕਾਰ ਨੂੰ ਸੌਂਪੇ ਗਏ ਮੰਗ ਪੱਤਰ ਵਿੱਚ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਦੀ ਮੰਗ ਬਿਲਕੁਲ ਜਾਇਜ਼ ਹੈ। ਨਸ਼ੇ ਦੇ ਕਾਰਨ ਕਈ ਪਰਿਵਾਰਾਂ ਦੇ ਇੱਕੋ-ਇੱਕ ਕਮਾਊ ਜੀਅ ਚਲੇ ਗਏ ਹਨ, ਜਿਸ ਕਾਰਨ ਬਜ਼ੁਰਗ ਮਾਪੇ ਅਤੇ ਛੋਟੇ ਬੱਚੇ ਬੇਸਹਾਰਾ ਹੋ ਗਏ ਹਨ। ਸਰਕਾਰ ਨੂੰ ਇਨ੍ਹਾਂ ਪਰਿਵਾਰਾਂ ਦੀ ਆਰਥਿਕ ਸਾਰ ਲੈਣੀ ਚਾਹੀਦੀ ਹੈ ਅਤੇ ਨਾਲ ਹੀ ਨਸ਼ੇ ਦੀ ਦਲਦਲ ਵਿੱਚ ਫਸੇ ਮੌਜੂਦਾ ਨੌਜਵਾਨਾਂ ਦੇ ਮੁਫ਼ਤ ਇਲਾਜ ਤੇ ਮੁੜ-ਵਸੇਬੇ (ਲਈ ਪਿੰਡ ਪੱਧਰ 'ਤੇ ਪ੍ਰਭਾਵੀ ਕਦਮ ਚੁੱਕਣੇ ਚਾਹੀਦੇ ਹਨ।

ਨਸ਼ੇ ਦੇ ਖ਼ਾਤਮੇ ਲਈ ਸਿਰਫ਼ ਕਾਨੂੰਨੀ ਕਾਰਵਾਈ ਹੀ ਕਾਫ਼ੀ ਨਹੀਂ ਹੈ, ਬਲਕਿ ਸਮਾਜਿਕ ਇਕਜੁੱਟਤਾ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਵੀ ਬੇਹੱਦ ਜ਼ਰੂਰੀ ਹੈ, ਤਾਂ ਜੋ ਨੌਜਵਾਨ ਨਿਰਾਸ਼ਾ ਦੇ ਆਲਮ ਵਿੱਚ ਨਸ਼ਿਆਂ ਵੱਲ ਨਾ ਵਧਣ।

ਜਗਰਾਉਂ ਦਾ ਇਹ ਪ੍ਰਦਰਸ਼ਨ ਪੰਜਾਬ ਦੇ ਹਰ ਉਸ ਨਾਗਰਿਕ ਲਈ ਇੱਕ ਹੋਕਾ ਹੈ ਜੋ ਸੂਬੇ ਦੀ ਭਲਾਈ ਚਾਹੁੰਦਾ ਹੈ। ਲੋਕਾਂ ਨੂੰ ਖੁਦ ਵੀ ਇਕਜੁੱਟ ਹੋ ਕੇ ਆਪਣੇ ਪਿੰਡਾਂ ਅਤੇ ਮੁਹੱਲਿਆਂ ਵਿੱਚ ਨਸ਼ਾ ਵਿਰੋਧੀ ਕਮੇਟੀਆਂ ਬਣਾ ਕੇ ਅੱਗੇ ਆਉਣਾ ਪਵੇਗਾ। ਦੂਜੇ ਪਾਸੇ, ਪੰਜਾਬ ਸਰਕਾਰ ਨੂੰ ਵੀ ਆਪਣੀ 'ਯੁੱਧ ਪੱਧਰੀ ਮੁਹਿੰਮ' ਨੂੰ ਸਿਰਫ਼ ਅਖ਼ਬਾਰੀ ਸੁਰਖੀਆਂ ਤੱਕ ਸੀਮਤ ਰੱਖਣ ਦੀ ਬਜਾਏ ਜ਼ਮੀਨ 'ਤੇ ਸਖ਼ਤੀ ਨਾਲ ਲਾਗੂ ਕਰਨਾ ਹੋਵੇਗਾ।

-ਰਜਿੰਦਰ ਸਿੰਘ ਪੁਰੇਵਾਲ

### ਖਾੜਕੂ-ਗੈਂਗਸਟਰ ਨੈੱਟਵਰਕ 'ਤੇ ਐਨਆਈਏ ਦਾ ਵੱਡਾ ਐਕਸ਼ਨ

## ਪੰਜਾਬ ਅਤੇ ਹਰਿਆਣਾ ਵਿੱਚ 18 ਥਾਵਾਂ 'ਤੇ ਛਾਪੇਮਾਰੀ

ਚੰਡੀਗੜ੍ਹ-ਰਾਸ਼ਟਰੀ ਜਾਂਚ ਏਜੰਸੀ ਵੱਲੋਂ ਪਾਕਿਸਤਾਨੀ ਅੱਤਵਾਦੀ ਸ਼ਹਿਜ਼ਾਦ ਭੱਟੀ ਨਾਲ ਜੁੜੇ ਅੱਤਵਾਦ-ਗੈਂਗਸਟਰ ਨੈੱਟਵਰਕ ਦੇ ਖ਼ਿਲਾਫ਼ ਇੱਕ ਵੱਡੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਐੱਨਆਈਏ ਨੇ ਪੰਜਾਬ ਅਤੇ ਹਰਿਆਣਾ ਵਿੱਚ ਇੱਕੋ ਵੇਲੇ 18 ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ। ਇਹ ਕਾਰਵਾਈ ਸ਼ਹਿਜ਼ਾਦ ਭੱਟੀ ਨਾਲ ਸਬੰਧਤ ਤਿੰਨ ਵੱਖ-ਵੱਖ ਮਾਮਲਿਆਂ ਦੀ ਜਾਂਚ ਦੇ ਤਹਿਤ ਕੀਤੀ ਗਈ ਹੈ।

### ਡਿਜੀਟਲ ਡਿਵਾਈਸ ਅਤੇ ਸ਼ੱਕੀ ਸਮੱਗਰੀ ਜ਼ਬਤ

ਐੱਨਆਈਏ ਨੇ ਪੰਜਾਬ ਦੇ ਤਿੰਨ ਪ੍ਰਮੁੱਖ ਸਰਹੱਦੀ ਜ਼ਿਲ੍ਹਿਆਂ - ਬਠਿੰਡਾ, ਫਾਜ਼ਿਲਕਾ ਅਤੇ ਫਿਰੋਜ਼ਪੁਰ ਵਿੱਚ ਤਲਾਸ਼ੀ ਮੁਹਿੰਮ ਚਲਾਈ। ਇਸ ਦੌਰਾਨ ਏਜੰਸੀ ਨੇ ਕਈ ਮੋਬਾਈਲ, ਡਿਜੀਟਲ ਡਿਵਾਈਸ, ਵਿੱਤੀ ਲੈਣ-ਦੇਣ ਦੇ ਦਸਤਾਵੇਜ਼ ਅਤੇ ਧਮਾਕਿਆਂ/ਸ਼ੱਕੀ ਸਰਗਰਮੀਆਂ ਨਾਲ ਸਬੰਧਤ ਸਮੱਗਰੀ ਜ਼ਬਤ ਕੀਤੀ ਹੈ। ਸਰਹੱਦ ਪਾਰ ਦੀ ਕਿਸੇ ਵੱਡੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਇਸ ਸਾਰੇ ਸਾਮਾਨ ਨੂੰ ਫੋਰੈਂਸਿਕ ਅਤੇ ਤਕਨੀਕੀ ਜਾਂਚ ਲਈ ਭੇਜਿਆ ਗਿਆ ਹੈ। ਕਈ ਸ਼ੱਕੀ ਵਿਅਕਤੀਆਂ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਨੋਟਿਸ ਵੀ ਜਾਰੀ ਕੀਤੇ ਗਏ ਹਨ।

### ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਹੋਈ ਕਾਰਵਾਈ

ਮਾਨਸਾ (ਪਿੰਡ ਕੁਲਾਨਾ): ਇੱਥੇ ਯਾਦਵਿੰਦਰ ਸਿੰਘ ਦੇ ਘਰ ਐਨਆਈਏ ਨੇ ਤੀਜੀ ਵਾਰ ਛਾਪਾ ਮਾਰਿਆ। ਕਰੀਬ 7 ਤੋਂ 8 ਅਧਿਕਾਰੀਆਂ ਨੇ 4 ਘੰਟੇ ਤੱਕ ਤਲਾਸ਼ੀ ਲਈ। ਹਾਲਾਂਕਿ ਕੋਈ ਸ਼ੱਕੀ ਚੀਜ਼ ਨਹੀਂ ਮਿਲੀ, ਪਰ ਯਾਦਵਿੰਦਰ ਨੂੰ 15 ਜੂਨ ਨੂੰ ਚੰਡੀਗੜ੍ਹ ਦਫ਼ਤਰ ਤਲਬ ਕੀਤਾ ਗਿਆ ਹੈ। ਯਾਦਵਿੰਦਰ ਮੁਤਾਬਕ ਉਹ 2 ਸਾਲ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਸ਼ਹਿਜ਼ਾਦ ਭੱਟੀ ਦੇ ਸੰਪਰਕ ਵਿੱਚ ਆਇਆ ਸੀ, ਪਰ ਹੁਣ ਉਸ ਦਾ ਕੋਈ ਸਬੰਧ ਨਹੀਂ ਹੈ।

ਫਾਜ਼ਿਲਕਾ: ਫਾਜ਼ਿਲਕਾ ਸ਼ਹਿਰ ਦੀ ਇੱਕ ਕਾਲੋਨੀ, ਜਲਾਲਾਬਾਦ ਦੇ ਪਿੰਡ ਰੱਤਾ ਥੇੜ੍ਹਾ ਅਤੇ ਪਿੰਡ ਡੰਗਰ ਖੇੜਾ ਵਿੱਚ ਸਰਹੱਦ ਪਾਰੋਂ ਨਸ਼ਾ ਤਸਕਰੀ ਤੇ ਗੈਂਗਸਟਰ ਨੈੱਟਵਰਕ ਦੇ ਮਾਮਲੇ ਵਿੱਚ ਰੇਡ ਕੀਤੀ ਗਈ।

ਫਿਰੋਜ਼ਪੁਰ (ਮਮਦੋਟ): ਕਸਬਾ ਮਮਦੋਟ ਦੇ ਪਿੰਡ ਕਾਲੂ ਰਾਈਆਂ ਹਿਠਾੜ ਵਿੱਚ ਕੇਵਲ ਸਿੰਘ ਦੇ ਘਰ ਦੀ ਡੂੰਘੀ ਤਲਾਸ਼ੀ ਲਈ ਗਈ ਅਤੇ ਦਸਤਾਵੇਜ਼ ਫ਼ਰੋਲੇ ਗਏ।

ਜਲੰਧਰ ਗ੍ਰਨੇਡ ਹਮਲੇ ਅਤੇ ਸਿਰਸਾ ਧਮਾਕੇ ਪਿੱਛੇ ਭੱਟੀ ਦਾ ਹੱਥ-ਜਾਂਚ ਏਜੰਸੀ ਦੇ ਸੂਤਰਾਂ ਮੁਤਾਬਕ, ਪਾਕਿਸਤਾਨ ਵਿੱਚ ਬੈਠਾ ਅੱਤਵਾਦੀ ਸ਼ਹਿਜ਼ਾਦ ਭੱਟੀ ਭਾਰਤ ਵਿੱਚ ਆਪਣੇ ਸਥਾਨਕ ਨੈੱਟਵਰਕ ਰਾਹੀਂ ਵੱਡੀਆਂ ਅੱਤਵਾਦੀ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਫ਼ਿਰਾਕ ਵਿੱਚ ਹੈ। ਜਾਂਚ ਵਿੱਚ ਖ਼ੁਲਾਸਾ ਹੋਇਆ ਹੈ ਕਿ ਮਾਰਚ 2025 ਵਿੱਚ ਜਲੰਧਰ ਵਿਖੇ ਹੋਏ ਗ੍ਰਨੇਡ ਹਮਲੇ ਅਤੇ ਹਰਿਆਣਾ ਦੇ ਸਿਰਸਾ ਸਥਿਤ ਮਹਿਲਾ ਥਾਣਾ ਕੰਪਲੈਕਸ ਵਿੱਚ ਹੋਏ ਧਮਾਕੇ ਦੇ ਤਾਰ ਵੀ ਸ਼ਹਿਜ਼ਾਦ ਭੱਟੀ ਦੇ ਨੈੱਟਵਰਕ ਨਾਲ ਜੁੜੇ ਹੋਏ ਹਨ।

# ਪੰਜਾਬ ਸਿਰ ਮੰਡਰਾਇਆ ਹੜ੍ਹਾਂ ਦਾ ਖ਼ਤਰਾ:

# ਦਰਿਆਵਾਂ ਦੀ ਸਫ਼ਾਈ ਦੀ ਨੀਤੀ ਕਾਨੂੰਨੀ ਅੜਚਨਾਂ ਵਿਚ ਫਸੀ

## ✪ ਐਨਜੀਟੀ ਅਤੇ ਹਾਈ ਕੋਰਟ ਦੇ ਸਖ਼ਤ ਰੁਖ਼ ਨੇ ਸਰਕਾਰ ਨੂੰ ਪਾਇਆ ਕਸੂਤੀ ਸਥਿਤੀ ਵਿੱਚ

### ਨਿਊਜ਼ ਵਿਸ਼ਲੇਸ਼ਣ



ਪੰਜਾਬ ਵਿੱਚ ਦਰਿਆਵਾਂ ਦੀ ਸਫ਼ਾਈ (ਡੀ-ਸਿਲਟਿੰਗ) ਅਤੇ ਰੇਤ ਮਾਈਨਿੰਗ ਦਾ ਮੁੱਦਾ ਇੱਕ ਵਾਰ ਫਿਰ ਸਿਆਸੀ ਅਤੇ ਕਾਨੂੰਨੀ ਗੇੜ ਵਿੱਚ ਫਸ ਗਿਆ ਹੈ। ਕੌਮੀ ਗ੍ਰੀਨ ਟ੍ਰਿਬਿਊਨਲ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਤਾਜ਼ਾ ਸਖ਼ਤ ਰੁਖ਼ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਇੱਕ ਕਸੂਤੀ ਸਥਿਤੀ ਵਿੱਚ ਖੜ੍ਹਾ ਕਰ ਦਿੱਤਾ ਹੈ। ਇੱਕ ਪਾਸੇ ਜਿੱਥੇ ਮੌਨਸੂਨ ਸਿਰ 'ਤੇ ਹੈ ਅਤੇ ਹੜ੍ਹਾਂ ਤੋਂ ਬਚਾਅ ਲਈ ਦਰਿਆਵਾਂ ਵਿੱਚੋਂ ਗਾਰ (ਸਿਲਟ) ਕੱਢਣੀ ਬੇਹੱਦ ਜ਼ਰੂਰੀ ਹੈ, ਉੱਥੇ ਹੀ ਦੂਜੇ ਪਾਸੇ ਕਾਨੂੰਨੀ ਪ੍ਰਕਿਰਿਆਵਾਂ ਦੀ ਅਣਦੇਖੀ ਨੇ ਸਰਕਾਰ ਦੇ ਇਰਾਦਿਆਂ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ।

### ਕਾਨੂੰਨੀ ਅੜਚਨ ਅਤੇ ਸਰਕਾਰ ਦਾ ਤਰਕ

ਪੰਜਾਬ ਸਰਕਾਰ ਨੇ ਅਪਰੈਲ-ਮਈ 2026 ਦੌਰਾਨ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਦਰਿਆਵਾਂ ਦੀਆਂ 79 ਸਾਈਟਾਂ ਤੋਂ ਡੀ-ਸਿਲਟਿੰਗ ਲਈ ਟੈਂਡਰ ਜਾਰੀ ਕੀਤੇ ਸਨ। ਸਰਕਾਰ ਦਾ ਦਾਅਵਾ ਹੈ ਕਿ ਇਹ ਕਦਮ ਸਿਰਫ਼ ਹੜ੍ਹਾਂ ਦੇ ਬਚਾਅ ਲਈ ਦਰਿਆਵਾਂ ਦੀ ਸਫ਼ਾਈ ਵਾਸਤੇ ਚੁੱਕਿਆ ਗਿਆ ਹੈ ਅਤੇ ਇਸ ਨੂੰ ਰੇਤ ਮਾਈਨਿੰਗ ਨਹੀਂ ਮੰਨਿਆ ਜਾਣਾ ਚਾਹੀਦਾ, ਜਿਸ ਲਈ ਵਾਤਾਵਰਨ ਕਲੀਅਰੈਂਸ ਦੀ ਲੋੜ ਹੋਵੇ।

ਪਰ ਕੌਮੀ ਗ੍ਰੀਨ ਟ੍ਰਿਬਿਊਨਲ ਨੇ ਇਸ ਤਰਕ ਨੂੰ ਖਾਰਜ ਕਰਦਿਆਂ ਦਰਿਆਈ ਗਾਰ ਕੱਢਣ ਦੀ ਇਸ ਨੀਤੀ ਨੂੰ ਸਿੱਧੇ ਤੌਰ 'ਤੇ ਮਾਈਨਿੰਗ ਗਤੀਵਿਧੀ ਕਰਾਰ ਦਿੱਤਾ ਹੈ। ਐੱਨ.ਜੀ.ਟੀ. ਦਾ ਮੰਨਣਾ ਹੈ ਕਿ ਡੀ-ਸਿਲਟਿੰਗ ਦੀ ਆੜ ਹੇਠ ਠੇਕੇਦਾਰ ਵਪਾਰਕ ਪੱਧਰ 'ਤੇ ਰੇਤ ਵੇਚ ਕੇ ਮੁਨਾਫ਼ਾ ਕਮਾਉਣਗੇ। ਇਸ ਲਈ, ਬਿਨਾਂ ਵਾਤਾਵਰਨ ਕਲੀਅਰੈਂਸ ਅਤੇ ਜ਼ਿਲ੍ਹਾ ਸਰਵੇਖਣ ਰਿਪੋਰਟ ਤਿਆਰ ਕੀਤੇ, ਸਰਕਾਰ ਠੇਕੇਦਾਰਾਂ ਨੂੰ ਰੇਤ ਚੁੱਕਣ ਦੀ ਇਜਾਜ਼ਤ ਨਹੀਂ ਦੇ ਸਕਦੀ।

### ਹਾਈ ਕੋਰਟ ਦੀ ਸਖ਼ਤੀ

ਇਸੇ ਦੌਰਾਨ, ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਰੋਪੜ ਜ਼ਿਲ੍ਹੇ ਦੇ ਸਤਲੁਜ ਅਤੇ ਸਵਾਂ ਦਰਿਆਵਾਂ 'ਤੇ ਹੋ ਰਹੀਆਂ ਗਤੀਵਿਧੀਆਂ 'ਤੇ ਤੁਰੰਤ ਰੋਕ ਲਗਾ ਦਿੱਤੀ ਹੈ। ਹਾਲਾਂਕਿ ਸਰਕਾਰ ਨੇ ਅਦਾਲਤ ਵਿੱਚ ਪੱਖ ਰੱਖਿਆ ਕਿ ਉੱਥੇ ਕੋਈ ਖਣਨ ਨਹੀਂ ਹੋ ਰਿਹਾ, ਬਲਕਿ ਮੌਜੂਦਾ ਪੁਲਾਂ ਦੀ ਮਜ਼ਬੂਤੀ ਲਈ ਕੰਮ ਚੱਲ ਰਿਹਾ ਹੈ, ਪਰ ਜਸਟਿਸ ਸੰਦੀਪ ਮੋਦਗਿਲ ਦੇ ਬੈਂਚ ਨੇ ਸਰਕਾਰ ਨੂੰ ਟੈਂਡਰਾਂ ਨਾਲ ਸਬੰਧਤ ਸਾਰੇ ਦਸਤਾਵੇਜ਼ ਰਿਕਾਰਡ 'ਤੇ ਲਿਆਉਣ ਦੇ ਹੁਕਮ ਦਿੱਤੇ ਹਨ।

### ਸੰਤੁਲਨ ਦੀ ਲੋੜ: ਵਾਤਾਵਰਨ ਬਨਾਮ ਹੜ੍ਹ ਪ੍ਰਬੰਧਨ

ਐੱਨ.ਜੀ.ਟੀ. ਨੇ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਸੰਤੁਲਿਤ ਸ਼ਰਤ ਰੱਖੀ ਹੈ - ਟ੍ਰਿਬਿਊਨਲ ਨੇ ਹੜ੍ਹਾਂ ਦੇ ਮੱਦੇਨਜ਼ਰ ਦਰਿਆਵਾਂ ਦੀ ਸਫ਼ਾਈ 'ਤੇ ਕੋਈ ਰੋਕ ਨਹੀਂ ਲਗਾਈ ਹੈ। ਪਰ ਅਦਾਲਤ ਦਾ ਕਹਿਣਾ ਹੈ ਕਿ ਜੇਕਰ ਇਹ ਕੰਮ ਸਿਰਫ਼ ਜਨਹਿਤ ਅਤੇ ਸੁਰੱਖਿਆ ਲਈ ਹੈ, ਤਾਂ ਸਰਕਾਰ ਇਹ ਸਫ਼ਾਈ ਆਪਣੇ ਖ਼ਰਚੇ 'ਤੇ ਜਾਂ ਸਰਕਾਰੀ ਏਜੰਸੀਆਂ ਰਾਹੀਂ ਕਰਵਾਏ, ਨਾ ਕਿ ਨਿੱਜੀ ਠੇਕੇਦਾਰਾਂ ਨੂੰ ਵਪਾਰਕ ਫਾਇਦਾ ਪਹੁੰਚਾਉਣ ਲਈ।

ਜੇਕਰ ਡੀ-ਸਿਲਟਿੰਗ ਦੇ ਨਾਂ 'ਤੇ ਵਪਾਰਕ ਮੁਨਾਫ਼ਾਖੋਰੀ ਹੁੰਦੀ ਹੈ, ਤਾਂ ਉਹ ਵਾਤਾਵਰਨ ਦੇ ਨਿਯਮਾਂ ਦੇ ਦਾਇਰੇ ਵਿੱਚ ਆਉਂਦੀ ਹੈ ਅਤੇ ਉਸ ਲਈ ਕਾਨੂੰਨੀ ਪ੍ਰਵਾਨਗੀਆਂ ਲਾਜ਼ਮੀ ਹਨ।

ਮੌਨਸੂਨ ਦੀ ਆਮਦ ਦੇ ਮੱਦੇਨਜ਼ਰ ਪੰਜਾਬ ਸਰਕਾਰ ਲਈ ਇਹ ਬਹੁਤ ਹੀ ਔਖੀ ਘੜੀ ਹੈ। ਜੇਕਰ ਦਰਿਆਵਾਂ ਦੀ ਸਫ਼ਾਈ ਸਮੇਂ ਸਿਰ ਨਾ ਹੋਈ ਤਾਂ ਸੂਬੇ ਸਿਰ ਹੜ੍ਹਾਂ ਦਾ ਖ਼ਤਰਾ ਮੰਡਰਾਏਗਾ, ਅਤੇ ਜੇਕਰ ਨਿਯਮਾਂ ਦੀ ਉਲੰਘਣਾ ਕੀਤੀ ਗਈ ਤਾਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜ਼ਿੱਦ ਛੱਡ ਕੇ ਤੁਰੰਤ ਕਾਨੂੰਨੀ ਮਾਹਿਰਾਂ ਅਤੇ ਵਾਤਾਵਰਨ ਵਿਭਾਗ ਨਾਲ ਤਾਲਮੇਲ ਕਰਕੇ ਲੋੜੀਂਦੀਆਂ ਪ੍ਰਵਾਨਗੀਆਂ ਹਾਸਲ ਕਰੇ ਜਾਂ ਫਿਰ ਸਰਕਾਰੀ ਪੱਧਰ 'ਤੇ ਦਰਿਆਵਾਂ ਦੀ ਸਫ਼ਾਈ ਦਾ ਕੰਮ ਯੁੱਧ ਪੱਧਰ 'ਤੇ ਸ਼ੁਰੂ ਕਰੇ। ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਬਣਾਈਆਂ ਜਾਣ ਵਾਲੀਆਂ ਨੀਤੀਆਂ ਪਾਰਦਰਸ਼ੀ ਅਤੇ ਕਾਨੂੰਨ ਦੇ ਦਾਇਰੇ ਦੇ ਅੰਦਰ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਜਨਤਾ ਦੀ ਸੁਰੱਖਿਆ ਵੀ ਹੋ ਸਕੇ ਅਤੇ ਵਾਤਾਵਰਨ ਦਾ ਘਾਣ ਵੀ ਨਾ ਹੋਵੇ।

# ਬੰਦੀ ਸਿੰਘਾਂ ਦੀ ਰਿਹਾਈ ਲਈ ਲਾਡੋਵਾਲ ਟੋਲ ਪਲਾਜ਼ਾ 2 ਘੰਟੇ ਰਿਹਾ ਟੋਲ ਮੁਕਤ

## ✪ ਕੌਮੀ ਇਨਸਾਫ਼ ਮੋਰਚੇ ਵੱਲੋਂ ਰੇਲਾਂ ਰੋਕਣ ਦਾ ਐਲਾਨ



ਲਾਡੋਵਾਲ-ਲੁਧਿਆਣਾ-ਜਲੰਧਰ ਨੈਸ਼ਨਲ ਹਾਈਵੇਅ 'ਤੇ ਸਥਿਤ ਲਾਡੋਵਾਲ ਟੋਲ ਪਲਾਜ਼ਾ ਵਿਖੇ ਕੌਮੀ ਇਨਸਾਫ਼ ਮੋਰਚੇ ਦੇ ਸੱਦੇ 'ਤੇ ਕਿਸਾਨ ਅਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਵੱਡਾ ਪ੍ਰਦਰਸ਼ਨ ਕੀਤਾ ਗਿਆ। ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਮੰਗਲਵਾਰ ਦੁਪਹਿਰ ਦੋ ਘੰਟੇ ਤੱਕ ਟੋਲ ਪਲਾਜ਼ਾ ਨੂੰ ਪੂਰੀ ਤਰ੍ਹਾਂ ਫ੍ਰੀ (ਮੁਕਤ) ਕਰ ਦਿੱਤਾ ਗਿਆ, ਜਿਸ ਦੌਰਾਨ ਹਜ਼ਾਰਾਂ ਗੱਡੀਆਂ ਬਿਨਾਂ ਟੋਲ ਦਿੱਤੇ ਲੰਘੀਆਂ।

ਅੱਤ ਦੀ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਪਹੁੰਚੇ ਨੌਜਵਾਨਾਂ ਅਤੇ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਬੰਦੀ ਸਿੰਘਾਂ ਦੀਆਂ ਤਸਵੀਰਾਂ ਅਤੇ ਜਥੇਬੰਦੀਆਂ ਦੇ ਝੰਡੇ ਲੈ ਕੇ ਸ਼ਾਂਤਮਈ ਢੰਗ ਨਾਲ ਰੋਸ ਜਤਾਇਆ। ਇਕੱਠ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਪ੍ਰਮੁੱਖ ਆਗੂਆਂ ਨੇ ਐਲਾਨ ਕੀਤਾ ਕਿ ਜਦੋਂ ਤੱਕ ਬੰਦੀ ਸਿੰਘ ਰਿਹਾਅ ਨਹੀਂ ਹੁੰਦੇ, ਸੰਘਰਸ਼ ਜਾਰੀ ਰਹੇਗਾ। ਇਸ ਦੇ ਤਹਿਤ ਅਗਲੇ ਪ੍ਰੋਗਰਾਮਾਂ ਦਾ ਖਾਕਾ ਵੀ ਸਾਂਝਾ ਕੀਤਾ ਗਿਆ:

4 ਜੁਲਾਈ: ਰਾਜਪੁਰਾ ਰੇਲਵੇ ਟਰੈਕ 'ਤੇ 2 ਘੰਟੇ ਲਈ ਰੇਲਾਂ ਰੋਕੀਆਂ ਜਾਣਗੀਆਂ।

15 ਅਗਸਤ: ਆਜ਼ਾਦੀ ਦਿਹਾੜੇ ਮੌਕੇ ਰਾਜ ਭਵਨ (ਗਵਰਨਰ ਹਾਊਸ) ਤੱਕ ਵਿਸ਼ਾਲ ਮਾਰਚ ਕੱਢਿਆ ਜਾਵੇਗਾ।

ਪ੍ਰਮੁੱਖ ਆਗੂਆਂ ਅਤੇ ਜਥੇਬੰਦੀਆਂ ਦੀ ਸ਼ਮੂਲੀਅਤ-ਇਸ ਪ੍ਰਦਰਸ਼ਨ ਵਿੱਚ ਕੌਮੀ ਇਨਸਾਫ਼ ਮੋਰਚੇ ਦੇ ਸਰਪ੍ਰਸਤ ਬਾਪੂ ਗੁਰਚਰਨ ਸਿੰਘ, ਕਨਵੀਨਰ ਪਾਲ ਸਿੰਘ ਫਰਾਂਸ, ਕੋ-ਕਨਵੀਨਰ ਗੁਰਿੰਦਰ ਸਿੰਘ ਭੰਗੂ (ਜਿਨ੍ਹਾਂ ਨੇ ਸਟੇਜ ਦੀ ਭੂਮਿਕਾ ਨਿਭਾਈ), ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ, ਗੁਰਦੀਪ ਸਿੰਘ ਬਠਿੰਡਾ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਤੋਂ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਧਰਨੇ ਵਿੱਚ ਪਹੁੰਚੇ ਹੋਰ ਪ੍ਰਮੁੱਖ ਚਿਹਰੇ ਅਤੇ ਕਿਸਾਨ ਆਗੂ: ਡਾ. ਨਵਜੋਤ ਕੌਰ ਸਿੱਧੂ (ਸਾਬਕਾ ਵਿਧਾਇਕਾ) ਕੁਲਵੰਤ ਸਿੰਘ ਖੋਸਾ ਮੋਗਾ (ਸੂਬਾ ਮੀਤ ਪ੍ਰਧਾਨ, ਸ਼ੇਰ-ਏ-ਪੰਜਾਬ ਕਿਸਾਨ ਯੂਨੀਅਨ) ਡਾ. ਦਰਸ਼ਨ ਪਾਲ (ਕ੍ਰਾਂਤੀਕਾਰੀ ਕਿਸਾਨ ਯੂਨੀਅਨ) ਨਿਰਭੈ ਸਿੰਘ (ਕਿਰਤੀ ਕਿਸਾਨ ਯੂਨੀਅਨ)

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਡਕੌਂਦਾ, ਚੜੂਨੀ, ਖੋਸਾ ਪੰਜਾਬ ਅਤੇ ਮਨਰੇਗਾ ਮਜ਼ਦੂਰ ਆਗੂ ਰੇਸ਼ਮ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਦੂਸਰੇ ਦਿਨ ਵੀ ਬਰਤਾਨਵੀ ਸੰਸਦ ਵਿੱਚ ਭਖਿਆ ਰਿਹਾ ਹੈਨਰੀ ਨੋਵਾਕ ਹੱਤਿਆ ਮਾਮਲਾ ਸਾਊਥਹੈਂਪਟਨ ਪੁਲਿਸ ਥਾਣੇ ਬਾਹਰ ਪ੍ਰਦਰਸ਼ਨ 11 ਪੁਲਿਸ ਅਧਿਕਾਰੀ ਜਖ਼ਮੀ ਵਿਰੋਧੀ ਧਿਰ ਨੇ ਵੀ ਕ੍ਰਿਪਾਨ ਤੇ ਪਾਬੰਦੀ ਦੀ ਮੰਗ ਦਾ ਕੀਤਾ ਵਿਰੋਧ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਸੰਸਦ ਵਿੱਚ ਅੱਜ ਦੂਜੇ ਦਿਨ ਵੀ ਹੈਨਰੀ ਨੋਵਾਕ ਦੀ ਹੱਤਿਆ ਦਾ ਮਾਮਲਾ ਗੂੰਜਦਾ ਰਿਹਾ। ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਸੰਸਦ ਮੈਂਬਰਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਬਹਿਸ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੇ ਕਤਲ ਅਤੇ ਉਸ ਸਮੇਂ ਪੁਲਿਸ ਵੱਲੋਂ ਨਿਭਾਈ ਗਈ ਭੂਮਿਕਾ ਨੂੰ ਲੈ ਕੇ ਲਗਾਤਾਰ ਗਰਮਾਈ ਰਹੀ ਹੈ।

ਰਿਫੋਰਮ ਯੂ ਕੇ ਪਾਰਟੀ ਦੇ ਨੇਤਾ ਨਾਇਜਲ ਫ਼ਰਾਜ ਨੇ ਪ੍ਰਧਾਨ ਮੰਤਰੀ ਨੂੰ ਦੇਸ਼ ਵਿੱਚ ਕਥਿਤ "ਟੂ-ਟੀਅਰ ਪੁਲਿਸਿੰਗ" (ਦੋਹਰੇ ਮਾਪਦੰਡਾਂ ਵਾਲੀ ਪੁਲਿਸ ਪ੍ਰਣਾਲੀ) ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਮੰਗਲਵਾਰ ਰਾਤ ਨੂੰ ਸਾਊਥੈਂਪਟਨ ਵਿੱਚ ਹੋਏ ਪ੍ਰਦਰਸ਼ਨਾਂ ਦੌਰਾਨ ਜੋ ਗੁੱਸਾ ਦੇਖਣ ਨੂੰ ਮਿਲਿਆ ਹੈ, ਜੇਕਰ ਜਨਤਾ ਦਾ ਪੁਲਿਸ ਤੋਂ ਭਰੋਸਾ ਉੱਠ ਗਿਆ ਤਾਂ ਹਾਲਾਤ ਹੋਰ ਵੀ ਖ਼ਰਾਬ ਹੋ ਸਕਦੇ ਹਨ।





ਪ੍ਰਧਾਨ ਮੰਤਰੀ ਨੇ ਦੇਸ਼ ਵਿੱਚ ਕਿਸੇ ਵੀ ਤਰ੍ਹਾਂ ਦੀ 'ਟੂ-ਟੀਅਰ ਪੁਲਿਸਿੰਗ' ਦੇ ਹੋਣ ਤੋਂ ਸਾਫ਼ ਇਨਕਾਰ ਕੀਤਾ। ਉਨ੍ਹਾਂ ਨੇ ਫ਼ਰਾਜ 'ਤੇ ਇਸ ਦੁਖਾਂਤ ਦਾ ਸਿਆਸੀ ਫ਼ਾਇਦਾ ਚੁੱਕਣ ਦਾ ਦੋਸ਼ ਲਗਾਇਆ। ਸਟਾਰਮਰ ਨੇ ਕਿਹਾ ਕਿ ਹੈਨਰੀ ਦੇ ਪਰਿਵਾਰ ਨੇ ਖ਼ੁਦ ਅਪੀਲ ਕੀਤੀ ਹੈ ਕਿ ਲੋਕ ਇਸ ਮਾਮਲੇ 'ਤੇ ਉਸ ਤਰ੍ਹਾਂ ਦੀ ਪ੍ਰਤੀਕਿਰਿਆ ਨਾ ਦੇਣ ਜਿਸ ਤਰ੍ਹਾਂ ਰਿਫ਼ਾਰਮ ਯੂ ਕੇ ਦੇ ਆਗੂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਮਾਂ ਗੁੱਸਾ ਦਿਖਾਉਣ ਦਾ ਨਹੀਂ, ਬਲਕਿ ਸੰਜੀਦਗੀ ਨਾਲ ਕੰਮ ਕਰਨ ਦਾ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਮੰਨਿਆ ਕਿ ਇਸ ਘਟਨਾ ਨੇ ਕਈ ਗੰਭੀਰ ਸਵਾਲ ਖੜ੍ਹੇ ਕੀਤੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਪੁਲਿਸ ਦੀ ਸੋਚ 'ਤੇ ਨਸਲਵਾਦ ਦੇ ਦੋਸ਼ਾਂ ਦਾ ਕੀ ਅਸਰ ਪਿਆ।

ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੀ ਨੇਤਾ ਕੇਮੀ ਬੈਡੇਨੋਚ ਨੇ ਕਿਹਾ ਕਿ ਨੋਵਾਕ ਦੀ ਮੌਤ ਪੂਰੇ ਦੇਸ਼ ਅਤੇ ਸਾਡੀਆਂ ਸੰਸਥਾਵਾਂ ਲਈ ਇੱਕ ਵੇਕ-ਅੱਪ ਕਾਲ (ਜਾਗਣ ਦਾ ਹੋਕਾ) ਹੋਣੀ ਚਾਹੀਦੀ ਹੈ ਕਿ ਹਰ ਇੱਕ ਜਾਨ ਕੀਮਤੀ ਹੈ। ਦੂਜੇ ਪਾਸੇ ਦਸਤਾਵੇਜ਼ ਵਿੱਚ ਵਰਤੀ ਗਈ ਭਾਸ਼ਾ ਦੀ ਦੁਬਾਰਾ ਸਮੀਖਿਆ ਕੀਤੀ ਜਾ ਰਹੀ ਹੈ। ਇਸ ਦਸਤਾਵੇਜ਼ ਦਾ ਮਕਸਦ ਪੁਲਿਸਿੰਗ ਦੇ ਨਤੀਜਿਆਂ ਵਿੱਚ ਬਰਾਬਰੀ ਲਿਆਉਣਾ ਹੈ, ਜਿਸ ਵਿੱਚ ਇਹ ਲਿਖਿਆ ਹੋਇਆ ਹੈ ਕਿ ਹਰ ਕਿਸੇ ਨਾਲ "ਇੱਕੋ ਜਿਹਾ" ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ। ਹੁਣ ਇਸ ਭਾਸ਼ਾ ਨੂੰ ਲੈ ਕੇ ਕਾਨੂੰਨੀ ਅਤੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਵੱਡੀ ਚਰਚਾ ਛਿੜ ਗਈ ਹੈ।

23 ਸਾਲਾ ਵਿਕਰਮ ਦਿਗਵਾ ਨੇ ਹੈਨਰੀ ਨੋਵਾਕ ਦਾ ਕਤਲ ਕੀਤਾ ਸੀ। ਘਟਨਾ ਤੋਂ ਬਾਅਦ ਜਦੋਂ ਪੁਲਿਸ ਮੌਕੇ 'ਤੇ ਪਹੁੰਚੀ, ਤਾਂ ਦਿਗਵਾ ਨੇ ਝੂਠਾ ਦਾਅਵਾ ਕੀਤਾ ਕਿ ਉਸ 'ਤੇ ਨਸਲੀ ਹਮਲਾ ਹੋਇਆ ਸੀ। ਪੁਲਿਸ ਨੇ ਇਸ ਝੂਠੇ ਬਿਆਨ ਦੇ ਅਧਾਰ 'ਤੇ ਜ਼ਖ਼ਮੀ ਹਾਲਤ ਵਿੱਚ ਜ਼ਮੀਨ 'ਤੇ ਪਏ ਹੈਨਰੀ ਨੋਵਾਕ ਨੂੰ ਹੀ ਹੱਥਕੜੀ ਲਗਾ ਦਿੱਤੀ ਸੀ, ਜਿਸ ਕਾਰਨ ਹੋਈ ਦੇਰੀ ਨੂੰ ਵੀ ਉਸ ਦੀ ਮੌਤ ਦਾ ਕਾਰਨ ਮੰਨਿਆ ਜਾ ਰਿਹਾ ਹੈ। ਅਦਾਲਤ ਨੇ ਵਿਕਰਮ ਦਿਗਵਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਪੁਲਿਸ ਵੱਲੋਂ ਹੈਨਰੀ ਨੂੰ ਹੱਥਕੜੀ ਲਗਾਉਣ ਦੇ ਮਾਮਲੇ ਦੀ ਸੁਤੰਤਰ ਜਾਂਚ ਚੱਲ ਰਹੀ ਹੈ।

ਬੀਤੇ ਕੱਲ ਸਾਊਥਹੈਂਪਟਨ ਪੁਲਿਸ ਥਾਣੇ ਦੇ ਬਾਹਰ ਹੋਏ ਰੋਸ ਪ੍ਰਦਰਸ਼ਨ ਵਿੱਚ 11 ਪੁਲਿਸ ਅਧਿਕਾਰੀ ਜਖ਼ਮੀ ਹੋਏ ਹਨ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਹਿੰਸਕ ਪ੍ਰਦਰਸ਼ਨ ਦੀ ਨਿੰਦਾ ਕੀਤੀ ਹੈ। ਇਸ ਪ੍ਰਦਰਸ਼ਨ ਸਬੰਧੀ ਪੁਲਿਸ ਨੇ ਦੋ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਹੈ। ਸਾਊਥਹੈਂਪਟਨ ਕੌਂਸਲ ਨੇ ਲੋਕਾਂ ਨੂੰ ਭੜਕਾਊ ਬਿਆਨਬਾਜ਼ੀ ਤੋਂ ਪ੍ਰਹੇਜ਼ ਰੱਖਣ ਲਈ ਕਿਹਾ ਹੈ।

## ਐਮ ਪੀ ਸਤਵੀਰ ਕੌਰ ਨੇ ਸਾਊਥੈਂਪਟਨ ਦੇ ਮੁੱਦਿਆਂ ਅਤੇ ਹੈਨਰੀ ਨੋਵਾਕ ਦੇ ਕਤਲ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ


ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਹੈਂਪਟਨ ਵਿਖੇ ਵਾਪਰੀ ਘਟਨਾਂ ਨੂੰ ਲੈ ਕੇ ਸਥਾਨਿਕ ਸਿੱਖ ਐਮ ਪੀ ਸਤਵੀਰ ਕੌਰ ਨੇ ਬੀਤੇ ਕੱਲ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮੁਲਾਕਾਤ ਕੀਤੀ। ਉਹਨਾਂ ਇਸ ਮੌਕੇ ਸਾਊਥੈਂਪਟਨ ਸ਼ਹਿਰ ਬਾਰੇ ਚਰਚਾ ਕੀਤੀ ਅਤੇ ਕਿਹਾ ਕਿ ਇਸ ਸਮੇਂ ਸਥਾਨਿਕ ਭਾਈਚਾਰਾ ਅਤੇ ਸਮੁੱਚ ਸ਼ਹਿਰ ਮੁਸ਼ਕਲ ਸਮਿਆਂ ਦਾ ਸਾਹਮਣਾ ਕਰ ਰਿਹਾ ਹੈ।



ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਮੁਲਾਕਾਤ ਕਰਨ ਮੌਕੇ ਐਮ ਪੀ ਸਤਵੀਰ ਕੌਰ

ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਨੇ ਭਰੋਸਾ ਦਿਵਾਇਆ ਕਿ ਸਰਕਾਰ 'ਹੈਨਰੀ ਨੋਵਾਕ' ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਕਾਰਨ ਖੜ੍ਹੇ ਹੋਏ ਗੰਭੀਰ ਸਵਾਲਾਂ ਦੇ ਜਵਾਬ ਲੱਭਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪੁਲਿਸ ਦੇ ਆਚਰਣ ਦੀ ਜਾਂਚ ਕਰ ਰਹੀ ਸੁਤੰਤਰ ਸੰਸਥਾ ਨੂੰ ਸਰਕਾਰ ਵੱਲੋਂ ਪੂਰੀ ਸਹਾਇਤਾ ਅਤੇ ਸਾਧਨ ਮੁਹੱਈਆ ਕਰਵਾਏ ਜਾ ਰਹੇ ਹਨ, ਤਾਂ ਜੋ ਇਸ ਮਾਮਲੇ ਦੀ ਜਾਂਚ ਬਿਨਾਂ ਕਿਸੇ ਦੇਰੀ ਦੇ ਅਤੇ ਬਾਰੀਕੀ ਨਾਲ ਕੀਤੀ ਜਾ ਸਕੇ।ਇਸ ਮੁਸ਼ਕਲ ਘੜੀ ਵਿੱਚ, ਜਦੋਂ ਸ਼ਹਿਰ 'ਚ ਤਣਾਅ ਅਤੇ ਭਾਵਨਾਵਾਂ ਬਹੁਤ ਵਧੀਆਂ ਹੋਈਆਂ ਹਨ, ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਉਨ੍ਹਾਂ ਲੋਕਾਂ ਵਿਰੁੱਧ ਆਵਾਜ਼ ਚੁੱਕਦੇ ਰਹਿਣਗੇ ਜੋ ਸਾਊਥੈਂਪਟਨ ਅਤੇ ਇਸ ਤੋਂ ਬਾਹਰ ਆਪਸੀ ਪਾੜਾ ਪਾਉਣ, ਨਫ਼ਰਤ ਫੈਲਾਉਣ ਅਤੇ ਤਣਾਅ ਵਧਾਉਣ ਲਈ ਇਸ ਦੁਖਾਂਤ ਦਾ ਗਲਤ ਫਾਇਦਾ ਉਠਾ ਰਹੇ ਹਨ। ਪ੍ਰਧਾਨ ਮੰਤਰੀ ਅਤੇ ਐਮ ਪੀ ਸਤਵੀਰ ਕੌਰ ਦੋਵਾਂ ਨੇ ਹੈਨਰੀ ਦੇ ਮਾਤਾ-ਪਿਤਾ ਦੀ ਇੱਛਾ ਦਾ ਸਨਮਾਨ ਕਰਨ ਦੀ ਗੱਲ ਦੁਹਰਾਈ। ਉਨ੍ਹਾਂ ਕਿਹਾ ਕਿ ਇਸ ਦੁਖਦਾਈ ਸਮੇਂ ਵਿੱਚ ਸਾਰਿਆਂ ਨੂੰ ਇਕੱਠੇ ਮਿਲ ਕੇ ਕੰਮ ਕਰਨ ਦੀ ਲੋੜ ਹੈ, ਤਾਂ ਜੋ ਹਰ ਕਿਸੇ ਲਈ ਸੁਰੱਖਿਅਤ ਮਾਹੌਲ ਬਣਾਇਆ ਜਾ ਸਕੇ ਅਤੇ ਇਹ ਯਕੀਨੀ ਹੋ ਸਕੇ ਕਿ ਭਵਿੱਖ ਵਿੱਚ ਅਜਿਹੀ ਘਟਨਾ ਦੁਬਾਰਾ ਕਦੇ ਨਾ ਵਾਪਰੇ।

## ਹੈਨਰੀ ਨੋਵਾਕ ਦੀ ਹੱਤਿਆ ਦੀ ਕੌਂਸਲਰ ਵਿਕਰਮ ਸਿੰਘ ਗਰੇਵਾਲ ਵੱਲੋਂ ਨਿੰਦਾ-ਕ੍ਰਿਪਾਨ ਸਿੱਖਾਂ ਲਈ ਬਹੁਤ ਅਹਿਮ ਹੈ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੈਨਰੀ ਨੋਵਾਕ ਦੀ ਹੱਤਿਆ ਦੀ ਨਿੰਦਾ ਕਰਦਿਆਂ ਕੰਜ਼ਰਵੇਟਿਵ ਪਾਰਟੀ ਦੇ ਹੰਸਲੋ ਦੇ ਕੌਂਸਲਰ ਵਿਕਰਮ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਅਦਾਲਤ ਨੇ ਦੋਸ਼ੀ ਵਿਕਰਮ ਦਿਗਵਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਲੇਕਨ ਇਸ ਦੇ ਬਾਵਜੂਦ ਕੁਝ ਲੋਕ ਸਿਆਸੀ ਲਾਹਾ ਲੈਣ ਲਈ ਸਿੱਖ ਭਾਈਚਾਰੇ ਨੂੰ ਅਤੇ ਖਾਸ ਤੌਰ ਤੇ ਕ੍ਰਿਪਾਨ ਨੂੰ ਮੁੱਦਾ ਬਣਾ ਕੇ ਗਲਤ ਪ੍ਰਚਾਰ ਕਰ ਰਹੇ ਹਨ। ਕੌਂਸਲਰ ਗਰੇਵਾਲ ਨੇ ਕਿਹਾ ਕਿ ਜਦੋਂ ਅਦਾਲਤ ਸ੍ਰਪਸ਼ਟ ਕਰ ਚੁੱਕੀ ਹੈ ਕਿ ਦੋਸ਼ੀ ਵੱਲੋਂ ਵਰਤਿਆ ਗਿਆ ਹਥਿਆਰ ਕ੍ਰਿਪਾਨ ਨਹੀਂ ਸੀ, ਅਤੇ ਪਹਿਲਾਂ ਕਦੇ ਵੀ ਅਜੇਹਾ ਮਾਮਲਾ ਸਾਹਮਣੇ ਨਹੀਂ ਆਇਆ। ਫਿਰ ਵੀ ਕ੍ਰਿਪਾਨ ਤੇ ਸਵਾਲ ਕਿਉਂ ਉਠਾਏ ਜਾ ਰਹੇ ਹਨ? ਉਹਨਾਂ ਕਿਹਾ ਕਿ ਵਿਸ਼ਵ ਯੁੱਧਾਂ ਤੋਂ ਲੈ ਕੇ ਹੁਣ ਤੱਕ ਇਤਿਹਾਸ ਗਵਾਹ ਹੈ ਕਿ ਬਰਤਾਨੀਆਂ ਨੂੰ ਖੜ੍ਹਾ ਕਰਨ ਲਈ ਸਿੱਖਾਂ ਦਾ ਵੱਡਾ ਯੋਗਦਾਨ ਰਿਹਾ ਹੈ। ਹਰ ਖੇਤਰ ਵਿੱਚ ਸਿੱਖਾਂ ਨੇ ਬਰਤਾਨੀਆਂ ਵਿੱਚ ਅੱਗੇ ਹੋ ਕੇ ਸੇਵਾਵਾਂ ਦਿੱਤੀਆਂ ਹਨ। ਕਰੋਨਾ ਵਿੱਚ ਗੁਰਦੁਆਰਿਆਂ ਵੱਲੋਂ, ਸਿੱਖਾਂ ਵੱਲੋਂ ਹਰ ਲਗਾਏ ਗਏ ਲੰਗਰਾਂ ਦੀਆਂ ਸੁਰਖੀਆਂ ਨਾਲ ਉਸ ਸਮੇਂ ਦਾ ਮੀਡੀਆ ਭਰਿਆ ਪਿਆ ਹੈ। ਲੇਕਨ ਫਿਰ ਵੀ ਕੁਝ ਲੋਕ ਭਾਈਚਾਰਕ ਵੰਡੀਆਂ ਪਾ ਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ। ਕੌਂਸਲ ਗਰੇਵਾਲ ਨੇ ਕਿਹਾ ਕਿ 5 ਕਕਾਰ ਜਿਹਨਾਂ ਵਿੱਚ ਕ੍ਰਿਪਾਨ ਵੀ ਸ਼ਾਮਿਲ ਹੈ, ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 327 ਵਰ੍ਹੇ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਿੱਤੀ ਸੀ। ਜਿਸ ਨੂੰ ਹਰ ਅੰਮ੍ਰਿਤਧਾਰੀ ਸਿੱਖ ਪਹਿ-ਨਦਾ ਹੈ। ਗਲਤ ਬਿਆਨਬਾਜ਼ੀ ਕਰਨ ਵਾਲੇ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਸਿਆਸੀ ਲੋਕਾਂ ਨੂੰ ਸਿੱਖ ਇਤਿਹਾਸ ਨੂੰ ਸਮਝਣ ਦੀ ਲੋੜ ਹੈ, ਇਸ ਦੇ ਨਾਲ ਹੀ ਕਿਸੇ ਇੱਕ ਵਿਅਕਤੀ ਦੀ ਗਲਤੀ ਦਾ ਦੋਸ਼ ਸਮੁੱਚੇ ਭਾਈਚਾਰੇ ਸਿਰ ਮੜਨਾ ਕਦਾਚਿਤ ਵੀ ਠੀਕ ਨਹੀਂ ਹੈ। ਕੌਂਸਲਰ ਗਰੇਵਾਲ ਨੇ ਹੈਨਰੀ ਨੋਵਾਕ ਦੇ ਪ੍ਰੀਵਾਰ ਨਾਲ ਵੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ, ਇਹ ਨੋਵਾਕ ਪ੍ਰੀਵਾਰ ਲਈ ਬਹੁਤ ਦੁੱਖਦਾਈ ਪਲ ਹਨ, ਅਜੇਹਾ ਨਹੀਂ ਵਾਪਰਨਾ ਚਾਹੀਦਾ ਸੀ।

## ਚੜ੍ਹਦੀ ਕਲਾ ਫਿਲਮ ਨੂੰ ਯੂ ਕੇ ਵਿੱਚ ਭਰਵਾਂ ਹੁੰਗਾਰਾ-ਵਿਰੋਧ ਕਰਨ ਵਾਲੇ ਇੱਕ ਵਾਰ ਫਿਲਮ ਜਰੂਰ ਵੇਖਣ – ਐਮੀ ਵਿਰਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਚੜ੍ਹਦੀ ਕਲਾ ਫਿਲਮ ਬੀਤੇ ਇੱਕ ਹਫਤੇ ਤੋਂ ਯੂ ਕੇ ਵਿੱਚ ਚੱਲ ਰਹੀ ਹੈ ਅਤੇ ਦਰਸ਼ਕਾਂ ਵੱਲੋਂ ਫਿਲਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਫਿਲਮ ਰਿਲੀਜ਼ ਹੋਣ ਤੋਂ ਬਾਅਦ ਇਸ ਦਾ ਇੱਕ ਵਿਸ਼ੇਸ਼ ਸ਼ੋਅ ਲੰਡਨ ਵਿੱਚ ਰੱਖਿਆ ਗਿਆ, ਜਿਸ ਵਿੱਚ ਫਿਲਮ ਦੇ ਅਦਾਕਾਰ ਐਮੀ ਵਿਰਕ ਅਤੇ ਜਰਨੈਲ ਸਿੰਘ ਖੁਦ ਸ਼ਾਮਿਲ ਹੋਏ। ਇਸ ਮੌਕੇ ਅਜੀਤ ਨਾਲ ਗੱਲ ਕਰਦਿਆਂ ਐਮੀ ਵਿਰਕ ਨੇ ਕਿਹਾ ਕਿ ਇਹ ਫਿਲਮ ਜਲਦੀ ਹੀ ਭਾਰਤ ਵਿੱਚ ਰਿਲੀਜ਼ ਹੋ ਜਾਵੇਗੀ। ਉਹਨਾਂ ਫਿਲਮ ਦਾ ਵਿਰੋਧ ਕਰਨ ਵਾਲਿਆਂ ਨੂੰ ਕਿਹਾ ਕਿ ਇਸ ਫਿਲਮ ਨੂੰ ਇੱਕ ਵਾਰ ਜਰੂਰ ਵੇਖਣ ਕਿ ਫਿਲਮ ਵਿੱਚ ਹੈ ਕੀ, ਉਹਨਾਂ ਦੱਸਿਆ ਕਿ ਭਾਰਤ ਵਿੱਚ ਨਿੱਜੀ ਸਕਰੀਨਾਂ ਰਾਹੀਂ ਫਿਲਮ ਨੂੰ ਵਿਖਾ ਕੇ ਸ਼ੰਕੇ ਨਵਿਰਤ ਕੀਤੇ ਗਏ ਹਨ। ਵਿਦੇਸ਼ਾਂ ਵਿੱਚ ਦਰਸ਼ਕਾਂ ਨੂੰ ਫਿਲਮ ਪਸੰਦ ਆ ਰਹੀ ਹੈ। ਸਾਬਕਾ ਐਮ ਪੀ ਬੀਬੀ ਬਿਮਲ ਕੌਰ ਖਾਲਸਾ ਅਤੇ ਭਾਈ ਬੇਅੰਤ ਸਿੰਘ ਦੇ ਜੀਵਨ ਅਧਾਰਿਤ ਬਣੀ ਇਸ ਫਿਲਮ ਬਾਰੇ ਦਰਸ਼ਕਾਂ ਨੇ ਕਿਹਾ ਕਿ ਫਿਲਮ ਰਾਹੀਂ ਉਹਨਾਂ ਨੂੰ ਪੰਜਾਬ ਦਾ ਪੁਰਾਣਾ ਦੌਰ ਯਾਦ ਆ ਗਿਆ, ਕਿ ਕਿਸ ਤਰ੍ਹਾਂ ਪੰਜਾਬ ਦੀ ਜਵਾਨੀ ਨੂੰ ਖ਼ਤਮ ਕੀਤਾ ਜਾ ਰਿਹਾ ਸੀ। ਪਰ ਸਭ ਤੋਂ ਖੂਬਸੂਰਤ ਇਹ ਗੱਲ ਸੀ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ ਕਾਇਮ ਰਹੀ। ਦਰਸ਼ਕਾਂ ਨੂੰ ਰੂਪੀ ਗਿੱਲ ਦਾ ਕਿਰਦਾਰ ਬਹੁਤ ਹੀ ਪਸੰਦ ਆਇਆ।



ਗੱਲ ਕਰਦੇ ਹੋਏ ਐਮੀ ਵਿਰਕ ਅਤੇ ਜਰਨੈਲ ਸਿੰਘ

# ਯੂ ਕੇ ਵਿੱਚ 23 ਸਾਲ ਪੁਰਾਣੀ ਤਲਾਕ ਦਾ ਮੁਕੱਦਮਾਂ ਭਾਰਤੀ ਮੂਲ ਦੀ ਮਹਿਲਾ ਨੇ ਜਿੱਤਿਆ -70 ਕਰੋੜ ਹਰਜਾਨਾ ਦੇਣ ਦਾ ਸੁਣਾਇਆ ਫੈਸਲਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਕਾਨੂੰਨੀ ਇਤਿਹਾਸ ਦੇ ਸਭ ਤੋਂ ਲੰਬੇ ਅਤੇ ਸਭ ਤੋਂ ਕੌੜੇ ਤਲਾਕ ਦੇ ਵਿਵਾਦਾਂ ਵਿੱਚੋਂ ਇੱਕ ਭਾਰਤੀ ਮੂਲ ਦੇ ਇੱਕ ਜੋੜੇ ਵਿਚਕਾਰ 23 ਸਾਲਾਂ ਤੋਂ ਚੱਲ ਰਹੀ ਕਾਨੂੰਨੀ ਲੜਾਈ ਦਾ ਫੈਸਲਾ ਆਖਰਕਾਰ ਹਾਈ ਕੋਰਟ ਨੇ ਸੁਣਾ ਦਿੱਤਾ ਹੈ। ਅਦਾਲਤ ਨੇ ਸਾਬਕਾ ਪਤਨੀ ਦੇ ਹੱਕ ਵਿੱਚ 66 ਲੱਖ ਪੌਂਡ (ਲਗਭਗ 70 ਕਰੋੜ ਰੁਪਏ) ਦੇ ਹਰਜਾਨੇ ਦਾ ਫੈਸਲਾ ਸੁਣਾਇਆ ਹੈ।

ਇਸ ਮਾਮਲੇ ਨੂੰ ਸੁਲਝਾਉਣ ਲਈ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਲੱਗਿਆ ਹੈ। ਇਹ ਵਿਵਾਦ ਸਾਲ 2002 ਵਿੱਚ ਸ਼ੁਰੂ ਹੋਇਆ ਸੀ ਜਦੋਂ ਵਰਸ਼ਾ ਗੋਹਿਲ ਨੇ ਆਪਣੇ ਪਤੀ ਭਦਰੇਸ਼ ਗੋਹਿਲ (ਜੋ ਇੱਕ ਸਾਬਕਾ ਵਕੀਲ ਹੈ) 'ਤੇ ਵਿਭਚਾਰ ਅਤੇ ਗਲਤ ਵਿਵਹਾਰ ਦੇ ਦੋਸ਼ ਲਗਾਉਂਦੇ ਹੋਏ ਤਲਾਕ ਦਾ ਕੇਸ ਦਾਇਰ ਕੀਤਾ ਸੀ।ਉਸ ਸਮੇਂ, ਵਰਸ਼ਾ ਨੇ ਆਪਣੇ ਪਤੀ ਦੇ ਇਸ ਦਾਅਵੇ 'ਤੇ ਭਰੋਸਾ ਕਰਦੇ ਹੋਏ ਕਿ ਉਸ ਕੋਲ ਬਹੁਤ ਸੀਮਤ ਪੈਸਾ ਹੈ, ਸਿਰਫ 270,000 ਪੌਂਡ (ਲਗਭਗ 2.8 ਕਰੋੜ ਰੁਪਏ) ਅਤੇ ਪਰਿਵਾਰ ਦੀ ਪਿਊਜੋ ਕਾਰ ਲੈ ਕੇ ਇੱਕ ਮਾਮੂਲੀ ਵਿੱਤੀ ਸਮਝੌਤਾ ਸਵੀਕਾਰ ਕਰ ਲਿਆ ਸੀ।


ਵਰਸ਼ਾ ਗੋਹਿਲ ਅਤੇ ਭਦਰੇਸ਼ ਗੋਹਿਲ

ਬਾਅਦ ਵਿੱਚ ਵਰਸ਼ਾ ਨੂੰ ਪਤਾ ਲੱਗਾ ਕਿ ਤਲਾਕ ਦੀ ਅਸਲ ਕਾਰਵਾਈ ਦੌਰਾਨ ਉਸ ਦੇ ਸਾਬਕਾ ਪਤੀ ਨੇ ਆਪਣੀ ਅਸਲ ਦੌਲਤ ਨੂੰ ਛੁਪਾਇਆ ਸੀ। ਜੋ ਕਿ ਯੂ ਕੇ ਦੇ ਪਰਿਵਾਰਕ ਕਾਨੂੰਨ ਦੀ ਇੱਕ ਗੰਭੀਰ ਉਲੰਘਣਾ ਹੈ।

ਸਾਲ 2007 ਵਿੱਚ ਵਰਸ਼ਾ ਅਸਲ ਸਮਝੌਤੇ ਨੂੰ ਰੱਦ ਕਰਵਾਉਣ ਲਈ ਦੁਬਾਰਾ ਅਦਾਲਤ ਪਹੁੰਚੀ। ਇਸ ਮਾਮਲੇ ਨੇ ਸਾਲ 2011 ਵਿੱਚ ਇੱਕ ਵੱਡਾ ਮੋੜ ਲਿਆ ਜਦੋਂ ਭਦਰੇਸ਼ ਗੋਹਿਲ ਨੂੰ ਇੱਕ ਹੋਰ ਵੱਖਰੇ ਅਪਰਾਧਿਕ ਮਾਮਲੇ ਵਿੱਚ ਮਨੀ ਲਾਂਡਰਿੰਗ ਅਤੇ ਜਾਲ੍ਹਸਾਜ਼ੀ ਦਾ ਦੋਸ਼ੀ ਪਾਇਆ ਗਿਆ।


ਉਸ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਉਸ ਦੀ ਸਜ਼ਾ ਤੋਂ ਬਾਅਦ, ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਨੇ ਦੁਨੀਆ ਭਰ ਵਿੱਚ ਲੁਕਾਈ ਹੋਈ ਲਗਭਗ 2 ਕਰੋੜ 80 ਲੱਖ ਪੌਂਡ (ਲਗਭਗ 300 ਕਰੋੜ ਰੁਪਏ) ਦੀ ਜਾਇਦਾਦ ਨੂੰ ਜ਼ਬਤ ਕਰ ਲਿਆ, ਜਿਸ ਨੂੰ ਜਾਂਚਕਰਤਾਵਾਂ ਨੇ ਉਸ ਦੀ ਗੁਪਤ ਦੌਲਤ ਵਜੋਂ ਪਛਾਣਿਆ ਸੀ। ਗੱਲ ਨੂੰ ਲੈ ਕੇ ਇੱਕ ਵੱਡੀ ਕਾਨੂੰਨੀ ਲੜਾਈ ਸ਼ੁਰੂ ਹੋ ਗਈ ਕਿ ਉਸ ਪੈਸੇ ਦਾ ਨਿਪਟਾਰਾ ਕਿਵੇਂ ਕੀਤਾ ਜਾਵੇ ਅਤੇ ਵਰਸ਼ਾ ਦੀ ਲੜਾਈ ਆਖਰਕਾਰ ਯੂ ਕੇ ਦੀ ਸੁਪਰੀਮ ਕੋਰਟ ਤੱਕ ਪਹੁੰਚੀ। ਇੱਕ ਇਤਿਹਾਸਕ ਫੈਸਲੇ ਵਿੱਚ, ਜੱਜਾਂ ਨੇ ਸਹਿਮਤੀ ਜਤਾਈ ਕਿ ਉਹ ਆਪਣੇ 2002 ਦੇ ਅਸਲ ਤਲਾਕ ਦੇ ਸਮਝੌਤੇ ਨੂੰ ਦੁਬਾਰਾ ਖੋਲ੍ਹ ਸਕਦੀ ਹੈ ਕਿਉਂਕਿ ਇਹ ਧੋਖਾਧੜੀ ਅਤੇ ਜਾਣਕਾਰੀ ਛੁਪਾ ਕੇ ਹਾਸਲ ਕੀਤਾ ਗਿਆ ਸੀ। ਭਦਰੇਸ਼ ਨੇ ਇਹ ਦਲੀਲ ਦੇਣ ਦੀ ਕੋਸ਼ਿਸ਼ ਕੀਤੀ ਕਿ ਜ਼ਬਤ ਕੀਤੇ ਗਏ ਕਰੋੜਾਂ ਰੁਪਏ ਉਸ ਦੇ ਨਹੀਂ ਸਨ ਅਤੇ ਉਹਨਾਂ ਨੂੰ ਤਲਾਕ ਦੇ ਕੇਸ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ। ਹਾਲਾਂਕਿ, ਮਿਸਟਰ ਜਸਟਿਸ ਵਿਲੀਅਮਜ਼ ਨੇ ਫੈਸਲਾ ਸੁਣ-ਾਇਆ ਕਿ ਜਾਇਦਾਦ ਦਾ ਇੱਕ ਵੱਡਾ ਹਿੱਸਾ ਉਹਨਾਂ ਜਾਇਜ਼ ਕਾਰੋਬਾਰਾਂ ਤੋਂ ਆਇਆ ਸੀ ਜੋ ਵਿਆਹ ਦੇ ਦੌਰਾਨ ਖੜ੍ਹੇ ਕੀਤੇ ਗਏ ਸਨ। ਮਿਸਟਰ ਜਸਟਿਸ ਵਿਲੀਅਮਜ਼ ਨੇ ਵਰਸ਼ਾ ਨੂੰ 66 ਲੱਖ ਪੌਂਡ ਦੇਣ ਦਾ ਆਦੇਸ਼ ਦਿੱਤਾ ਅਤੇ ਭਦਰੇਸ਼ ਗੋਹਿਲ ਦੀ ਸਖ਼ਤ ਨਿੰਦਾ ਕਰਦਿਆਂ ਉਸ ਨੂੰ "ਪੂਰੀ ਤਰ੍ਹਾਂ ਬੇਈਮਾਨ ਦੱਸਿਆ।

## ਸ਼ਹੀਦ ਭਗਤ ਸਿੰਘ ਕਲੱਬ ਹੇਜ਼ ਵੱਲੋਂ 14 ਜੂਨ ਨੂੰ ਹੇਜ਼ ਵਿਖੇ ਸਾਲਾਨਾ "ਫੇਮਸ ਪੰਜਾਬੀ ਮੇਲਾ 2026" ਕਰਵਾਇਆ ਜਾ ਰਿਹਾ ਹੈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼ਹੀਦ ਭਗਤ ਸਿੰਘ ਕਲੱਬ ਹੇਜ਼ (ਯੂ.ਕੇ.) ਵੱਲੋਂ ਸਾਲਾਨਾ 'ਫੇਮਸ ਪੰਜਾਬੀ ਮੇਲਾ 2026' ਦਾ ਆਯੋਜਨ ਐਤਵਾਰ 14 ਜੂਨ 2026 ਨੂੰ ਕੀਤਾ ਜਾ ਰਿਹਾ ਹੈ। ਇਹ ਵਿਸ਼ਾਲ ਸੱਭਿਆਚਾਰਕ ਮੇਲਾ 'ਦ ਸਕਾਈਐਕਸ ਕਮਿਊਨਿਟੀ ਸਟੇਡੀਅਮ' (ਬੀਕਨਜ਼ਫੀਲਡ ਰੋਡ, ਹੇਜ਼ ਯੂ ਬੀ4 0ਐਸ ਐਲ) ਵਿਖੇ ਦੁਪਹਿਰ 12:00 ਵਜੇ ਤੋਂ ਸ਼ਾਮ 7:00 ਵਜੇ ਤੱਕ ਚੱਲੇਗਾ। ਮੇਲੇ ਦੀ ਟਿਕਟ ਸਿਰਫ £20 ਹੋਵੇਗੀ, ਜਦਕਿ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਐਂਟਰੀ ਬਿਲਕੁਲ ਮੁਫ਼ਤ ਹੈ। ਇਸ ਮੇਲੇ ਵਿੱਚ ਪੰਜਾਬੀ ਸੰਗੀਤ ਜਗਤ ਦੇ ਕਈ ਪ੍ਰਸਿੱਧ ਅਤੇ ਮਕਬੂਲ ਕਲਾਕਾਰ ਆਪਣੀ ਗਾਇਕੀ ਦੇ ਜੌਹਰ ਦਿਖਾਉਣਗੇ। ਮੁੱਖ ਆਕਰਸ਼ਣ ਵਿੱਚ ਨਾਮਵਰ ਗਾਇਕ ਜੋੜੀ ਮੁਹੰਮਦ ਸਦੀਕ ਅਤੇ ਸੁਖਜੀਤ ਕੌਰ ਪਹਿਲੀ ਵਾਰ ਅਖਾੜਾ ਲਗਾਉਣਗੇ ਅਤੇ ਸੁਨੰਦਾ ਸ਼ਰਮਾ ਵੀ ਇਸ ਮੇਲੇ ਤੇ ਪਹਿਲੀ ਵਾਰ ਆਪਣੇ ਗੀਤਾਂ ਨਾਲ ਰੰਗ ਬੰਨੇਗੀ, ਉੱਚੀ ਹੇਕ ਵਾਲੇ ਅੰਗਰੇਜ਼ ਅਲੀ, ਦੀਪਾ ਬਾਜਵਾ, ਇੰਦਰਬੀਰ ਸਿੱਧੂ, ਬਲਦੇਵ ਔਜਲਾ ਬੁਲਟ ਤੋਂ ਇਲਾਵਾ ਇੰਦਰਜੀਤ ਲੰਡਨ, ਬੀ 2, ਲੱਕੀ ਦੁਰਗਾਪੁਰੀਆ, ਸੁੱਖ ਕਲਸੀ, ਜੱਗੀ ਢੋਲੀ ਅਤੇ ਸੈਂਡੀ ਮਾਨਸਾ ਆਦਿ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਮੇਲੇ ਦੇ ਮੰਚ ਸੰਚਾਲਨ ਦੀ ਜਿੰਮੇਵਾਰੀ ਸੰਤੋਖ ਸਿੰਘ ਸੋਖਾ ਢੇਸੀ ਅਤੇ ਬਿੱਟੂ ਖੰਗੂੜਾ ਵੱਲੋਂ ਨਿਭਾਈ ਜਾਵੇਗੀ, ਜਦਕਿ ਸਟੇਜ ਮੈਨੇਜਮੈਂਟ ਸੁਖਵਿੰਦਰ ਸਿੰਘ ਸੱਖੀ ਦੀ ਦੇਖ-ਰੇਖ ਹੇਠ ਹੋਵੇਗੀ। ਵਧੇਰੇ ਜਾਣਕਾਰੀ ਲਈ ਮੁੱਖ ਪ੍ਰਬੰਧਕ ਪ੍ਰਤਾਪ ਸਿੰਘ ਮੋਮੀ ਨਾਲ 07956658791 ਅਤੇ ਸੁਖਵਿੰਦਰ ਸਿੰਘ ਸੁੱਖੀ ਨਾਲ 07404293408 ਨਾਲ ਕੀਤਾ ਜਾ ਸਕਦਾ ਹੈ।




## ਪੰਜਾਬੀ ਮੂਲ ਦੇ ਹਾਊਸ ਆਫ ਲਾਰਡ ਦੇ ਮੈਂਬਰ ਰੰਮੀ ਰੇਂਜ਼ਰ ਦੇ ਸੀ ਬੀ ਈ ਖ਼ਿਤਾਬ ਵਾਪਸ ਲਏ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਖਿਲਾਫ ਅਦਾਲਤ ਪਹੁੰਚੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੋਸ਼ਲ ਮੀਡੀਆ 'ਤੇ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਸ਼ਾਹੀ ਖ਼ਿਤਾਬ ਸੀ ਬੀ ਈ (ਕਮਾਂਡਰ ਆਫ਼ ਦਿ ਬ੍ਰਿਟਿਸ਼ ਐਂਪਾਇਰ) ਦਾ ਖ਼ਿਤਾਬ ਖੋਹੇ ਜਾਣ ਤੋਂ ਬਾਅਦ ਪੰਜਾਬੀ ਮੂਲ ਦੇ ਕੰਜ਼ਰਵੇਟਿਵ ਪਾਰਟੀ ਦੇ ਲਾਰਡ ਰਮਿੰਦਰ ਸਿੰਘ ਰੰਮੀ ਰੇਂਜ਼ਰ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵਿਰੁੱਧ ਕੇਸ ਦਰਜ ਕਰਵਾਇਆ ਹੈ। 78 ਸਾਲਾ ਲਾਰਡ ਰੰਮੀ ਰੇਂਜਰ ਨੂੰ 2019 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਥੇਰੇਸਾ ਮੇਅ ਦੁਆਰਾ ਹਾਊਸ ਆਫ਼ ਲਾਰਡਜ਼ ਵਿੱਚ ਨਿਯੁਕਤ ਕੀਤਾ ਗਿਆ ਸੀ। ਲਾਰਡ ਰੇਂਜਰ ਦਾ ਦਾਅਵਾ ਹੈ ਕਿ ਉਹ ਬੰਦ ਕਮਰਿਆਂ ਵਿੱਚ ਚੱਲਣ ਵਾਲੀ ਨੀਤੀ ਦਾ ਸ਼ਿਕਾਰ ਹੋਏ ਹਨ। ਦਸੰਬਰ 2024 ਵਿੱਚ 'ਲੰਡਨ ਗਜ਼ਟ' ਵਿੱਚ ਜਨਤਕ ਤੌਰ 'ਤੇ ਇਹ ਪ੍ਰਕਾਸ਼ਿਤ ਹੋਣ ਤੋਂ ਬਾਅਦ ਉਨ੍ਹਾਂ ਦਾ ਨਾਮ ਖ਼ਿਤਾਬੀ ਰਜਿਸਟਰ ਵਿੱਚੋਂ ਹਟਾਇਆ ਹੈ। ਜਿਸ ਨੂੰ ਲੈ ਕੇ ਉਹ ਕਾਫੀ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਲੰਘੇ ਹਨ। ਲਾਰਡ ਰੇਂਜਰ ਦਾ ਕਹਿਣਾ ਹੈ ਕਿ ਜਿਨ੍ਹਾਂ ਟਿੱਪਣੀਆਂ ਕਾਰਨ ਖ਼ਿਤਾਬ ਖੋਹਿਆ ਗਿਆ ਹੈ, ਉਹ ਸਿਆਸੀ ਬਹਿਸ' ਜਾਂ 'ਨਿੱਜੀ ਝਗੜਿਆਂ' ਦਾ ਹਿੱਸਾ ਸਨ। ਜਦਕਿ ਉਨ੍ਹਾਂ 'ਤੇ ਕਦੇ ਕੋਈ ਅਪਰਾਧਿਕ ਮਾਮਲਾ ਵੀ ਦਰਜ ਨਹੀਂ ਹੋਇਆ। ਉਹ ਅਗਲੇ ਹਫ਼ਤੇ ਇਸ ਮਾਮਲੇ ਨੂੰ ਹਾਈ ਕੋਰਟ ਲੈ ਕੇ ਜਾ ਰਹੇ ਹਨ। ਉਨ੍ਹਾਂ ਦੀ ਇਸ ਮੁਹਿੰਮ ਦਾ 'ਫ੍ਰੀ ਸਪੀਚ ਯੂਨੀਅਨ' ਨੇ ਵੀ ਸਮਰਥਨ ਕੀਤਾ ਹੈ। ਪ੍ਰਾਪਤ ਜਾਣਕਾਰੀ ਮੁਤਾਬਿਕ ਕਮੇਟੀ ਨੇ ਇਹ ਕਾਰਵਾਈ ਹਾਊਸ ਆਫ਼ ਲਾਰਡਜ਼ ਦੇ ਸਟੈਂਡਰਡ ਵਾਚਡੌਗ ਦੇ ਉਸ ਫੈਸਲੇ ਤੋਂ ਬਾਅਦ ਕੀਤੀ, ਜਿਸ ਵਿੱਚ ਪਾਇਆ ਗਿਆ ਸੀ ਕਿ ਲਾਰਡ ਰੇਂਜਰ ਨੇ ਇੱਕ ਭਾਰਤੀ ਪੱਤਰਕਾਰ ਪੂਨਮ ਜੋਸ਼ੀ ਨਾਲ ਸੋਸ਼ਲ ਮੀਡੀਆ 'ਤੇ ਹੋਈ ਬਹਿਸ ਦੌਰਾਨ ਕੋਡ ਆਫ਼ ਕੰਡਕਟ ਦੀ ਉਲੰਘਣਾ ਕੀਤੀ ਸੀ। ਬਾਅਦ ਵਿੱਚ ਪੂਨਮ ਜੋਸ਼ੀ ਤੋਂ ਜਨਤਕ ਤੌਰ 'ਤੇ ਮੁਆਫੀ ਮੰਗੀ ਸੀ। ਇਸ ਤੋਂ ਪਹਿਲਾਂ ਉਹ ਖਾਲਿਸਤਾਨੀਆਂ ਅਤੇ ਪਾਕਿਸਤਾਨੀਆਂ ਬਾਰੇ ਕੀਤੀਆਂ ਵਿਵਾਦਤ ਟਿੱਪਣੀਆਂ ਕਾਰਨ ਵੀ ਚਰਚਾ ਵਿੱਚ ਰਹੇ ਸਨ।

## ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਆਪਣਾ ਫਰਜ਼ ਬਾਖੂਬੀ ਅਦਾ ਕੀਤਾ - ਭਾਈਚਾਰਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੈਨਰੀ ਨੋਵਾਕ ਦੀ ਹੱਤਿਆ ਦੇ ਦੋਸ਼ੀ ਵਿਕਰਮ ਦਿਗਵੇ ਨੂੰ ਦਿੱਤੀ ਗਈ ਉਮਰ ਕੈਦ ਦੀ ਸਜ਼ਾ ਤੋਂ ਬਾਅਦ ਦੇ ਘਟਨਾਕ੍ਰਮ ਵਿੱਚ ਜਦੋਂ ਕੁਝ ਲੋਕਾਂ ਨੇ ਸਿੱਖਾਂ ਅਤੇ ਖਾਸ ਤੌਰ ਤੇ ਕ੍ਰਿਪਾਨ 'ਤੇ ਪਾਬੰਦੀ ਲਗਾਉਣ ਦੀਆਂ ਮੰਗਾਂ ਕੀਤੀਆਂ ਜਾਣ ਲੱਗੀਆਂ ਤਾਂ ਸੰਸਦ ਵਿੱਚ ਬਰਤਾਨੀਆਂ ਦੇ ਪਹਿਲੇ ਦਸਤਾਰਧਾਰੀ ਸਿੱਖ ਐਮ ਪੀ ਤਨਮਨਜੀਤ ਸਿੰਘ ਢੇਸੀ ਵੱਲੋਂ ਪੂਰੇ ਜੋਸ਼ ਨਾਲ ਜੋ ਆਪਣਾ ਪੱਖ ਰੱਖਿਆ, ਉਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਭਾਵੇਂ ਕਿ ਇਸ ਮਾਮਲੇ ਵਿੱਚ ਸਾਰੇ ਸਿੱਖ ਸੰਸਦਾਂ ਨੇ ਆਪੋ ਆਪਣੇ ਢੰਗ ਨਾਲ ਬਾਖੂਬੀ ਰੋਲ ਨਿਭਾਇਆ ਹੈ। ਪਰ ਇਸ ਦੀ ਪਹਿਲ ਕਰਨ ਵਾਲੇ ਐਮ ਪੀ ਢੇਸੀ ਸੰਸਦ ਵਿੱਚ ਉਹਨਾਂ ਲੋਕਾਂ ਨੂੰ ਕਰੜੇ ਹੱਥੀ ਲਿਆ ਜਿਹੜੇ ਇਸ ਦੁਖਦਾਈ ਘਟਨਾਂ ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਸਨ। ਸ: ਢੇਸੀ ਨੇ ਕਿਹਾ ਕਿ ਨੋਵਾਕ ਨਾਲ ਜੋ ਹੋਇਆ ਉਹ ਨਹੀਂ ਸੀ ਹੋਣਾ ਚਾਹੀਦਾ, ਇਸ ਕਤਲ ਦੀ ਉਹਨਾਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਹਨਾਂ ਕਿਹਾ ਕਿ ਅਦਾਲਤ ਵਿੱਚ ਜੱਜ ਨੇ ਸਜ਼ਾ ਸੁਣਾਉਂਦਿਆਂ ਸ੍ਪਸ਼ਟ ਕਿਹਾ ਹੈ ਕਤਲ ਲਈ ਵਰਤਿਆ ਗਿਆ ਹਥਿਆਰ ਕ੍ਰਿਪਾਨ ਨਹੀਂ ਸੀ। ਪਰ ਫਿਰ ਵੀ ਇਸ ਨੂੰ ਸਿਆਸੀ ਲਾਹਾ ਲੈਣ ਲਈ ਮੁੱਦਾ ਬਣਾਇਆ ਜਾ ਰਿਹਾ ਹੈ। ਸੰਸਦ ਵਿੱਚ ਐਮ ਪੀ ਢੇਸੀ ਨੇ ਵਿਸ਼ਵ ਯੁੱਧਾਂ ਦੌਰਾਨ ਸਿੱਖਾਂ ਦੀਆਂ ਕੁਰਬਾਨੀਆਂ ਵਾਲੇ ਇਤਿਹਾਸ ਵੱਲ ਧਿਆਨ ਦਿਵਾਇਆ। ਉਹਨਾਂ ਦੱਸਿਆ ਕਿ ਕ੍ਰਿਪਾਨ ਵਾਲੇ ਹੀ ਵਿਸ਼ਵ ਯੁੱਧਾਂ ਵਿੱਚ ਸਨ, ਜੋ ਬਰਤਾਨੀਆਂ ਲਈ ਲੜ੍ਹੇ। ਸ: ਢੇਸੀ ਨੂੰ ਸਾਹਮਣਿਓ ਭਾਵੇਂ ਸਵਾਲਾਂ ਵਿੱਚ ਉਲਝਾਉਣ ਦੀ ਕੋਸ਼ਿਸ਼ ਕੀਤੀ, ਦੋ ਵਾਰ ਸਪੀਕਰ ਨੂੰ ਵੀ ਦਖ਼ਲ ਦੇਣਾ ਪਿਆ, ਪਰ ਚਿਹਰੇ ਤੇ ਗੁੱਸਾ ਅਤੇ ਸ਼ਬਦਾਂ ਦੇ ਜਾਦੂਗਰ ਨੇ ਆਪਣੀ ਕੌਮ ਦਾ ਪੱਖ ਬਾਖੂਬੀ ਪੇਸ਼ ਕਰਕੇ, ਸਾਬਤ ਕੀਤਾ ਕਿ ਉਹ ਆਪਣੇ ਭਾਈਚਾਰੇ ਲਈ ਅਵਾਜ਼ ਬੁਲੰਦ ਕਰਨ ਤੋਂ ਕਦੇ ਵੀ ਗੁਰੇਜ਼ ਨਹੀਂ ਕਰੇਗਾ। ਐਮ ਪੀ ਢੇਸੀ ਦੇ ਰੋਲ ਦੀ ਸਲੋਹ ਹਲਕੇ ਦੇ ਲੋਕਾਂ ਵੱਲੋਂ ਹੀ ਨਹੀਂ ਬਲਕਿ ਗ੍ਰੇਵਜ਼ੈਂਡ, ਸਾਊਥਾਲ, ਹੰਸਲੋ ਸਮੇਤ ਇੰਗਲੈਂਡ ਭਰ ਵਿੱਚ ਵੱਸਦੇ ਸਮੁੱਚੇ ਸਿੱਖ ਭਾਈਚਾਰੇ ਨੇ ਸ਼ਲਾਘਾ ਕੀਤੀ ਹੈ। ਦੱਸਣਯੋਗ ਇਹ ਵੀ ਹੈ ਕਿ ਸ: ਤਨਮਨਜੀਤ ਸਿੰਘ ਢੇਸੀ ਨੇ ਆਪਣੇ ਇਸ ਰੋਲ ਨਾਲ ਆਪਣੇ ਆਲੋਚਕਾਂ ਦੇ ਮੂੰਹਾਂ ਤੇ ਵੀ ਇੱਕ ਵਾਰ ਤਾਲੇ ਲਾ ਦਿੱਤੇ ਹਨ।

# ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਨੂੰ ਲੈ ਕੇ ਲੰਡਨ ਵਿੱਚ ਰੋਸ ਪ੍ਰਦਰਸ਼ਨ ਖ਼ਾਲਸਾਈ ਰੰਗ ਵਿੱਚ ਰੰਗੇ ਲੰਡਨ ਵਿੱਚ ਲਹਿਰਾਏ ਖ਼ਾਲਸੇ ਦੇ ਝੰਡੇ


ਜੂਨ 1984 ਘੱਲੂਘਾਰਾ ਰੋਸ ਪ੍ਰਦਰਸ਼ਨ ਮੌਕੇ ਲੰਡਨ ਵਿੱਚ ਸਿੱਖ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਉਸ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ ਤੇ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਦੀ 42ਵੀਂ ਵਰ੍ਹੇਗੰਢ ਮੌਕੇ ਸਿੱਖਾਂ ਵੱਲੋਂ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਯੂ ਕੇ ਭਰ ਤੋਂ ਸਿੱਖ ਭਾਈਚਾਰੇ ਦੇ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਵਿਸ਼ਵ ਭਰ ਦੇ ਲੋਕਾਂ ਅਤੇ ਸਰਕਾਰਾਂ ਨੂੰ ਸੁਨੇਹਾ ਦਿੱਤਾ ਕਿ 42 ਸਾਲ ਬਾਅਦ ਵੀ ਸਿੱਖਾਂ ਦੇ ਜ਼ਖ਼ਮਾਂ ਨੂੰ ਭਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਅਤੇ ਸਿੱਖ ਕੌਮ ਅਜੇ 84 ਭੁੱਲੀ ਨਹੀਂ ਹੈ। ਇਸ ਦੇ ਨਾਲ ਹੀ ਬਰਤਾਨੀਆਂ ਦੀ ਲੇਬਰ ਸਰਕਾਰ ਨੂੰ ਯਾਦ ਕਰਵਾਇਆ ਕਿ 1984 ਘੱਲੂਘਾਰੇ ਵਿੱਚ ਬਰਤਾਨੀਆ ਦੀ ਭੂਮਿਕਾ ਦੀ ਜਨਤਕ ਜਾਂਚ ਸ਼ੁਰੂ ਕੀਤੀ ਜਾਵੇ ਜਿਸ ਤਰ੍ਹਾਂ ਪਹਿਲਾਂ ਵਾਅਦੇ ਕੀਤੇ ਗਏ ਸਨ। ਸਿੱਖ ਆਗੂਆਂ ਨੇ ਬਰਤਾਨੀਆ ਦੀ ਲੇਬਰ ਸਰਕਾਰ ਦੀ ਚੁੱਪ ਤੇ ਸਵਾਲ ਚੁੱਕੇ।

ਹਜ਼ਾਰਾਂ ਸਿੱਖ ਸਵੇਰੇ ਵਿਲਿੰਗਟਨ ਆਰਚ ਵਿਖੇ ਇਕੱਠੇ ਹੋਣੇ ਸ਼ੁਰੂ ਹੋਏ ਅਤੇ ਦੁਪਹਿਰ ਤੋਂ ਬਾਅਦ ਲੰਡਨ ਦੀਆਂ ਸੜਕਾਂ ਤੋਂ ਮਾਰਚ ਕਰਦਿਆਂ ਟ੍ਰਾਫਾਲਗਰ ਸਕੁਏਅਰ ਪਹੁੰਚੇ। ਜਿੱਥੇ ਇਨਸਾਫ ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਸਿੱਖਾਂ ਨਾਲ ਭਾਰਤ ਵਿੱਚ ਅਜ਼ਾਦੀ ਤੋਂ ਬਾਅਦ ਹੋਈਆਂ ਵਧੀਕੀਆਂ ਅਤੇ ਸਭ ਤੋਂ ਵੱਡੀ ਬੇਇਨਸਾਫ਼ੀ 84 ਦੇ ਘੱਲੂਘਾਰੇ ਅਤੇ ਸਿੱਖ ਨਸਲਕੁਸ਼ੀ ਦਾ ਹੁਣ ਤੱਕ ਇਨਸਾਫ ਨਾ ਦਿੱਤੇ ਜਾਣ ਬਾਰੇ ਵਿਚਾਰ ਪ੍ਰਗਟ ਕੀਤੇ। ਰੋਸ ਪ੍ਰਦਰਸ਼ਨ ਵਿੱਚ ਸਾਊਥਾਲ, ਬ੍ਰਮਿੰਘਮ, ਕਵੈਂਟਰੀ, ਡਰਬੀ, ਇਲਫੋਰਡ ਅਤੇ ਵੁਲਵਰਹੈਂਪਟਨ, ਸਲੋਹ ਆਦਿ ਸ਼ਹਿਰਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ। ਰੋਸ ਰੈਲੀ ਨੂੰ ਐਫ ਐਸ ਓ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ, ਜੱਸ ਸਿੰਘ, ਅਮਰੀਕ ਸਿੰਘ ਸਹੋਤਾ, ਭਾਈ ਮੋਹਕਮ ਸਿੰਘ, ਮਨਪ੍ਰੀਤ ਸਿੰਘ ਡਰਬੀ, ਕੁਲਵੰਤ ਸਿੰਘ ਮੁਠੱਡਾ, ਭਾਈ ਹਰਦੀਸ਼ ਸਿੰਘ, ਤਰਸੇਮ ਸਿੰਘ ਦਿਓਲ, ਜਸਪਾਲ ਸਿੰਘ ਬੈਂਸ ਆਦਿ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਭਾਈ ਹਰਜੀਤ ਸਿੰਘ ਸਰਪੰਚ, ਜਤਿੰਦਰ ਸਿੰਘ ਬਾਸੀ, ਗੁਰਨਾਮ ਸਿੰਘ ਆਦਿ ਵੀ ਹਾਜ਼ਰ ਸਨ।

## ਹੈਨਰੀ ਨੋਵਾਕ ਅਤੇ ਗੁਰਦੀਪ ਸਿੰਘ ਚੱਘਰ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਮਾਗਮ

### ਕ੍ਰਿਪਾਨ ਤੇ ਪਾਬੰਦੀ ਚਾਕੂ ਅਪਰਾਧ ਰੋਕਣ ਦਾ ਹੱਲ ਨਹੀਂ ਹੈ - ਸੰਸਦ ਮੈਂਬਰ


ਸ਼ਰਧਾਂਜ਼ਲੀ ਭੇਟ ਕਰਦੇ ਹੋਏ ਬੁਲਾਰੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਸਾਊਥਹੈਂਪਟਨ ਵਿਖੇ ਕਤਲ ਹੋਏ ਨੌਜਵਾਨ ਹੈਨਰੀ ਨੋਵਾਕ ਅਤੇ 50 ਸਾਲ ਪਹਿਲਾਂ ਕਤਲ ਕੀਤੇ ਗਏ ਗੁਰਦੀਪ ਸਿੰਘ ਚੱਘਰ ਦੀ ਆਤਮਿਕ ਸ਼ਾਂਤੀ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਗੁਰਬਾਣੀ ਕੀਰਤਨ ਤੋਂ ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਸਿੱਖ ਭਾਈਚਾਰੇ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਨੋਵਾਕ ਦੀ ਹੱਤਿਆ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਸਿੱਖ ਭਾਈਚਾਰਾ ਇਸ ਦੁੱਖ ਦੀ ਘੜ੍ਹੀ ਵਿੱਚ ਪੀੜਤ ਪ੍ਰੀਵਾਰ ਨਾਲ ਖੜ੍ਹਾ ਹੈ। ਇਸ ਦੇ ਨਾਲ ਹੀ ਭਾਈਚਾਰਿਆਂ ਵਿੱਚ ਕਿਸੇ ਤਰ੍ਹਾਂ ਦੀ ਫੁੱਟ ਪਾਉਣ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ। ਸਿੱਖਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਿੱਖਾਂ ਦਾ ਸਰਬੱਤ ਦੇ ਭਲੇ ਦਾ ਸਿਧਾਂਤ ਹੈ। ਸਾਊਥਾਲ ਈਲਿੰਗ ਐਮ ਪੀ ਡੀਅਰਡਰੇ ਕੌਸਟੀਗਨ ਅਤੇ ਹੰਸਲੋ ਦੀ ਐਮ ਪੀ ਰੂਥ ਕੈਡਬਰੀ ਨੇ ਕਿਹਾ ਕਿ ਹੈਨਰੀ ਅਤੇ ਚੱਘਰ ਪ੍ਰੀਵਾਰ ਦੀ ਪੀੜ ਨੂੰ ਮਹਿਸੂਸ ਕਰਦੇ ਹਾਂ, ਕਿਸੇ ਇੱਕ ਦੀ ਗਲਤੀ ਲਈ ਸਾਰੇ ਭਾਈਚਾਰੇ ਨੂੰ ਦੋਸ਼ੀ ਨਹੀਂ ਕਿਹਾ ਜਾ ਸਕਦਾ, ਉਹਨਾਂ ਸਮੁੱਚੇ ਸਿੱਖ ਭਾਈਚਾਰੇ ਦਾ ਧੰਨਵਾਦ ਵੀ ਕੀਤਾ ਜੋ ਨੋਵਾਕ ਦੇ ਪ੍ਰੀਵਾਰ ਨਾਲ ਖੜ੍ਹੇ ਅਤੇ ਦੋਸ਼ੀ ਦੀ ਨਿੰਦਾ ਕੀਤੀ ਅਤੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸਿੱਖ ਕ੍ਰਿਪਾਨ ਕਿਉਂ ਪਹਿਨਦੇ ਹਨ। ਕ੍ਰਿਪਾਨ ਤੇ ਪਾਬੰਦੀ ਚਾਕੂ ਅਪਰਾਧ ਰੋਕਣ ਦਾ ਹੱਲ ਨਹੀਂ ਹੈ। ਕ੍ਰਿਪਾਨ ਤੇ ਪਾਬੰਦੀ ਨਹੀਂ ਲਗਾਈ ਜਾ ਸਕਦੀ। ਉਹਨਾਂ ਕਿਹਾ ਕਿ ਅਸੀਂ ਭਾਈਚਾਰਿਆਂ ਮਿਲ ਕੇ ਇਸ ਮਾਮਲੇ ਦੇ ਹੱਲ ਲਈ ਕੰਮ ਕਰ ਰਹੇ ਹਾਂ। ਇਸ ਮੌਕੇ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਵੀ ਸ਼ੋਕ ਸੰਦੇਸ਼ ਭੇਜੇ। ਹੰਸਲੋ ਦੇ ਮੇਅਰ ਰਣਜੀਤ ਸਿੰਘ ਗਿੱਲ, ਡਾ: ਜੋਗਿੰਦਰ ਸਿੰਘ ਤੇਜ਼ ਖੁਰਾਣਾ, ਪ੍ਰਮਿੰਦਰ ਸਿੰਘ ਬੱਲ ਅਤੇ ਗੁਰਮੀਤ ਸਿੰਘ ਸਿੱਧੂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

## ਤੀਜੇ ਘੱਲੂਘਾਰੇ ਦੀ ਯਾਦ ਵਿੱਚ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ਼ਹੀਦੀ ਸਮਾਗਮ


ਭਾਈ ਬਲਵਿੰਦਰ ਸਿੰਘ ਲਾਡੀ ਅਤੇ ਸਾਥੀ ਕੀਰਤਨ ਕਰਦੇ ਹੋਏ ਅਤੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਗੁਰਬਚਨ ਸਿੰਘ ਅਠਵਾਲ ਅਤੇ ਗਿਆਨੀ ਹਰਪਾਲ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਹਕੂਮਤ ਵੱਲੋਂ ਜੂਨ 1984 ਵਿੱਚ ਕੀਤੇ ਹਮਲੇ ਦੀ 42ਵੀਂ ਯਾਦ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਤੇ ਦਮਦਮੀ ਟਕਸਾਲ ਦੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ ਤੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਬਲਵਿੰਦਰ ਸਿੰਘ ਲਾਡੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੌਂਸਲਰ ਗੁਰਬਚਨ ਸਿੰਘ ਅਠਵਾਲ ਅਤੇ ਗਿਆਨੀ ਹਰਪਾਲ ਸਿੰਘ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਇਸ ਸਰਕਾਰੀ ਤਸ਼ੱਦਦ ਨੂੰ ਸਿੱਖ ਕੌਮ ਕਦੇ ਵੀ ਭੁੱਲ ਨਹੀਂ ਸਕਦੀ, 42 ਸਾਲ ਬੀਤ ਜਾਣ ਤੇ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ। ਉਹਨਾਂ 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਗੁਰੂ ਘਰ ਦੇ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਮੀਤ ਪ੍ਰਧਾਨ ਕੇਵਲ ਸਿੰਘ ਰਣਦੇਵਾ, ਭਾਈ ਜਗਜੀਤ ਸਿੰਘ, ਕੁਲਵੰਤ ਸਿੰਘ ਭਿੰਡਰ, ਸੁਖਦੇਵ ਸਿੰਘ ਔਜਲਾ ਆਦਿ ਹਾਜ਼ਰ ਸਨ।

## ਅਦਾਲਤ ਵੱਲੋਂ ਇਕ ਲੱਖ ਡਾਲਰ ਫੀਸ ਲਾਉਣ ਦੀ ਨੀਤੀ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇੱਕ ਅਮਰੀਕੀ ਜ਼ਿਲਾ ਅਦਾਲਤ ਦੇ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੇਂ ਐਚ 1 ਬੀ ਵੀਜ਼ਿਆਂ 'ਤੇ 100,000 ਡਲਾਰ ਫੀਸ ਲਗਾਉਣ ਦੀ ਨੀਤੀ ਨੂੰ ਰੱਦ ਕਰ ਦਿੱਤਾ ਹੈ। ਬੋਸਟਨ ਵਿੱਚ ਜੱਜ ਲੀਓ ਸੋਰੋਕਿਨ ਨੇ ਲਗਭਗ ਦੋ ਦਰਜਨ ਡੈਮੋਕ੍ਰੇਟਿਕ ਸਟੇਟ ਅਟਾਰਨੀ ਜਨਰਲਾਂ ਦੁਆਰਾ ਦਾਇਰ ਕੀਤੇ ਮੁਕੱਦਮੇ ਵਿੱਚ ਇਹ ਫੈਸਲਾ ਸੁਣਾਇਆ, ਜਿਸ ਵਿੱਚ ਜੱਜ ਨੇ ਕਿਹਾ ਕਿ ਫੀਸ ਇੱਕ ਗੈਰ-ਕਾਨੂੰਨੀ ਟੈਕਸ ਹੈ ਜੋ ਕਾਂਗਰਸ ਨੇ ਕਦੇ ਵੀ ਅਧਿਕਾਰਤ ਨਹੀਂ ਕੀਤਾ। ਰਾਜਾਂ ਦੇ ਚੋਟੀ ਦੇ 20 ਵਕੀਲਾਂ, ਨੇ ਸਤੰਬਰ ਵਿੱਚ ਟਰੰਪ ਦੁਆਰਾ ਐਲਾਨੀ ਗਈ ਫੀਸ ਨੂੰ ਚੁਣੌਤੀ ਦਿੱਤੀ ਸੀ। ਜੱਜ ਨੇ ਕਿਹਾ ਕਿ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਏਨੀ ਵੱਡੀ ਪੱਧਰ 'ਤੇ ਫੀਸ ਲਗਾਉਣੀ ਕਿਸੇ ਵੀ ਤਰਾਂ ਜਾਇਜ ਨਹੀਂ ਹੈ। ਜਿਕਰਯੋਗ ਹੈ ਕਿ ਟਰੰਪ ਪ੍ਰਸ਼ਾਸਨ ਨੇ ਸਥਾਨਕ ਨੌਜਵਾਨਾਂ ਨੂੰ ਰੁਜਗਾਰ ਦੇਣ ਦੇ ਮਕਸਦ ਨਾਲ ਇਹ ਫੀਸ ਵਧਾਈ ਸੀ ਜਿਸ ਦਾ ਡੈਮੋਕਰੇਟਿਕ ਪਾਰਟੀ , ਯੂਨੀਵਰਸਿਟੀਆਂ ਤੇ ਤਕਨੀਕੀ ਅਦਾਰੇ ਨਿਰੰਤਰ ਵਿਰੋਧ ਕਰਦੇ ਆ ਰਹੇ ਹਨ।**

# ਤਿੰਨ ਦੇਸ਼ਾਂ ਵਿੱਚ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਰਿਲੀਜ਼ ਹਜ਼ਾਰਾਂ ਸਿੱਖ ਸੰਗਤਾਂ ਦੀ ਹਾਜ਼ਰੀ ਵਿੱਚ ਕਿਤਾਬ ਕੀਤੀ ਗਈ ਲੋਕ ਅਰਪਿਤ

ਲੰਡਨ - ਬੀਤੇ ਐਤਵਾਰ ਨੂੰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਤ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਨੂੰ ਤਿੰਨ ਦੇਸ਼ਾਂ ਇੰਗਲੈਂਡ, ਫਰਾਂਸ ਅਤੇ ਬੈਲਜੀਅਮ ਵਿੱਚ ਰਿਲੀਜ਼ ਕੀਤਾ ਗਿਆ।

ਜੂਨ 1984 ਦੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ ਲੰਡਨ ਵਿਖੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ ਵੱਲੋਂ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਟਰਫਾਲਗਰ ਸੁਕੇਅਰ ਵਿਖੇ ਹਜ਼ਾਰਾਂ ਸਿੱਖ ਸੰਗਤਾਂ ਦੀ ਮੌਜੂਦਗੀ ਵਿੱਚ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਜੋਗਾ ਸਿੰਘ ਜਥੇਦਾਰ, ਬ੍ਰਿਟਿਸ਼ ਸਿੱਖ ਕੌਂਸਲ ਦੇ ਮੁਖੀ ਭਾਈ ਤਰਸੇਮ ਸਿੰਘ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ.ਕੇ. ਟਿਵੀਡੇਲ ਦੇ ਜਥੇਦਾਰ ਭਾਈ ਚਰਨ ਸਿੰਘ , ਵਰਲਡ ਸਿੱਖ ਪਾਰਲੀਮੈਂਟ ਦੇ ਭਾਈ ਮਨਪ੍ਰੀਤ ਸਿੰਘ, ਧਰਮਯੁੱਧ ਜਥਾ ਦਮਦਮੀ ਯੂ.ਕੇ. ਦੇ ਮੁਖੀ ਭਾਈ ਬਲਵਿੰਦਰ ਸਿੰਘ ਵੁਲਵਰਹੈਪਟਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਦੇ ਪ੍ਰਧਾਨ ਭਾਈ ਜਸਪਾਲ ਸਿੰਘ ਬੈਂਸ ,ਕੌਂਸਲ ਆਫ ਖਾਲਿਸਤਾਨ ਦੇ ਭਾਈ ਅਮਰੀਕ ਸਿੰਘ ਸਹੋਤਾ ਅਤੇ ਬੀਬੀ ਪਾਲਜੀਤ ਕੌਰ ਪੰਜਵੜ ਦੇ ਭਰਾ ਭਾਈ ਕਸ਼ਮੀਰ ਸਿੰਘ ਨੇ ਸਾਂਝੇ ਤੌਰ 'ਤੇ "ਸਿੱਦਕੀ ਤੇ ਸੰਘਰਸ਼ੀ" ਕਿਤਾਬ ਦਾ ਲੋਕ ਅਰਪਣ ਕੀਤਾ।

ਬੈਲਜੀਅਮ ਵਿੱਚ ਘੱਲੂਘਾਰਾ ਜੂਨ 1984 ਦੀ ਯਾਦ ਵਿੱਚ ਹੋਏ ਸ਼ਹੀਦੀ ਸਮਾਗਮ ਦੌਰਾਨ ਭਾਈ ਮਨਜੋਤ ਸਿੰਘ ਭੂਰਾ, ਭਾਈ ਗੁਰਦਿਆਲ ਸਿੰਘ ਢਕਾਨੂਸ ਅਤੇ ਸਾਥੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਹ ਕਿਤਾਬ ਰਿਲੀਜ਼ ਕੀਤੀ ਗਈ। ਇਸੇ ਤਰ੍ਹਾਂ ਪੈਰਿਸ (ਫਰਾਂਸ) ਵਿਖੇ ਪੰਜਾਬ ਤੋਂ ਕੁਝ ਦਿਨ ਪਹਿਲਾਂ ਪੁੱਜੇ ਕਵੀਸ਼ਰ ਭਾਈ ਨਿਸ਼ਾਨ ਸਿੰਘ ਦੇ ਕਵੀਸ਼ਰੀ ਜਥੇ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਭਾਈ ਰਘਬੀਰ ਸਿੰਘ ਕੋਹਾੜ, ਭਾਈ ਪ੍ਰਿਥੀਪਾਲ ਸਿੰਘ ਸਮੇਤ ਵੱਖ ਵੱਖ ਸਿੱਖ ਆਗੂਆਂ ਨੂੰ ਭੇਂਟ ਕਰਦਿਆਂ ਕਿਤਾਬ ਦਾ ਲੋਕ-ਅਰਪਣ ਕੀਤਾ।





ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਉਹ ਸ਼ਖਸਿਅਤ ਹਨ ਜੋ ਆਪਣਾ ਸਾਰਾ ਜੀਵਨ ਸਿੱਖ ਸੰਘਰਸ਼ ਨੂੰ ਸਮਰਪਿਤ ਕਰ ਚੁੱਕੇ ਹਨ। ਉਹ ਅੱਜ-ਕੱਲ੍ਹ ਯੂ.ਕੇ. ਵਿੱਚ ਰਹਿ ਕੇ ਸੋਸ਼ਲ ਮੀਡੀਆ ਰਾਹੀਂ ਵੀਡੀਓਜ਼ ਬਣਾ ਕੇ ਅਤੇ ਕਿਤਾਬਾਂ ਲਿਖ ਕੇ ਸ਼ਹੀਦ ਸਿੰਘਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹਨ ਅਤੇ ਅਗਲੀ ਪੀੜ੍ਹੀ ਨੂੰ ਵਾਪਰੀ ਹਰ ਇਤਿਹਾਸਕ ਘਟਨਾ ਦੀ ਸਟੀਕ ਜਾਣਕਾਰੀ ਦਿੰਦੇ ਹਨ। ਪੰਥ ਅਤੇ ਕੌਮ ਪ੍ਰਤੀ ਹਰ ਪੱਖੋਂ ਸੁਚੇਤ ਭਾਈ ਡੱਲੇਵਾਲ ਰਾਹੀਂ ਪੰਜਾਬ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਨਿਰੰਤਰ ਯੋਗਦਾਨ ਪਾ ਰਹੇ ਹਨ।

ਇਸ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਇਤਿਹਾਸ ਦੀ ਝੋਲੀ ਵਿੱਚ ਆਪਣੀ ਕਿਤਾਬ "ਸੰਘਰਸ਼ ਦਾ ਦੌਰ" ਪਾਈ ਸੀ, ਜਿਸ ਦੇ ਹੁਣ ਤੱਕ ਦੋ ਐਡੀਸ਼ਨ (ਸਾਲ 2024 ਅਤੇ 2025 ਵਿੱਚ) ਆ ਚੁੱਕੇ ਹਨ। ਉਸ ਕਿਤਾਬ ਵਿੱਚ ਉਨ੍ਹਾਂ ਨੇ ਉਨ੍ਹਾਂ ਜੁਝਾਰੂ ਸਿੰਘਾਂ ਦੀ ਹਕੀਕਤ ਬਿਆਨ ਕੀਤੀ ਸੀ, ਜੋ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਦੀ ਚਾਹਤ ਰੱਖਦਿਆਂ ਆਪਣਾ ਆਪ ਵਾਰ ਕੇ ਸ਼ਹਾਦਤਾਂ ਦਾ ਜਾਮ ਪੀ ਗਏ।

ਆਪਣੀ ਨਵੀਂ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਵਿੱਚ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਉਨ੍ਹਾਂ ਕੁੱਝ ਬੀਬੀਆਂ ਨੂੰ 'ਸਿਦਕੀ' ਕਹਿ ਕੇ ਵਡਿਆਇਆ ਹੈ, ਜਿਨ੍ਹਾਂ ਨੇ ਆਪਣੇ ਸ਼ਹੀਦ ਹੋਏ ਸਿੰਘਾਂ ਦੇ ਨਾਮ ਨਾਲ ਆਪਣੀ ਸਾਰੀ ਜ਼ਿੰਦਗੀ ਪੰਥ ਨੂੰ ਸਮਰਪਿਤ ਕਰ ਦਿੱਤੀ। ਸਰਕਾਰਾਂ ਦੇ ਭਾਰੀ ਤਸ਼ਦੱਦ ਸਹਿਣ ਦੇ ਬਾਵਜੂਦ ਉਨ੍ਹਾਂ ਨੇ ਮਾਣ ਨਾਲ ਆਪਣਾ ਜੀਵਨ ਬਤੀਤ ਕੀਤਾ ਅਤੇ ਸ਼ਹੀਦ ਸਿੰਘਾਂ ਦੇ ਮਾਤਾ-ਪਿਤਾ ਜਾਂ ਬੱਚਿਆਂ ਦੀ ਦੇਖਭਾਲ ਕਰਨਾ ਆਪਣਾ ਪਰਮ-ਫ਼ਰਜ਼ ਸਮਝਿਆ।

ਦੂਜੇ ਪਾਸੇ, ਇਸ ਕਿਤਾਬ ਵਿੱਚ ਉਨ੍ਹਾਂ ਜੁਝਾਰੂ ਸਿੰਘਾਂ ਨੂੰ 'ਸੰਘਰਸ਼ੀ' ਦਰਸਾਇਆ ਗਿਆ ਹੈ, ਜੋ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ ਦੀ ਗੋਲੀ ਦੀ ਮਾਰ ਤੋਂ ਤਾਂ ਬਚ ਗਏ, ਪਰ ਉਨ੍ਹਾਂ ਨੇ ਆਪਣਾ ਬਾਕੀ ਸਾਰਾ ਜੀਵਨ (ਚਾਹੇ ਪੰਜਾਬ ਵਿੱਚ ਰਹਿ ਕੇ ਜਾਂ ਵਿਦੇਸ਼ਾਂ ਵਿੱਚ ਜਲਾਵਤਨੀ ਕੱਟ ਕੇ) ਕੌਮ ਲੇਖੇ ਲਾ ਦਿੱਤਾ। ਉਹ ਕਦੇ ਵੀ ਜ਼ਾਲਮ ਸਰਕਾਰਾਂ ਅੱਗੇ ਨਹੀਂ ਝੁਕੇ, ਨਾ ਹੀ ਉਨ੍ਹਾਂ ਦੀ ਈਨ ਮੰਨੀ ਅਤੇ ਆਪਣਾ ਸਿੱਖੀ ਸਿਦਕ ਆਖ਼ਰੀ ਸਾਹਾਂ ਤੱਕ ਨਿਭਾਉਣ ਲਈ ਵਚਨਬੱਧ ਰਹੇ।

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦਾ ਧੰਨਵਾਦ "ਹਰ ਸਿੱਖ ਨੂੰ ਕੌਮੀ ਨਿਸ਼ਾਨੇ ਖਾਲਿਸਤਾਨ ਲਈ ਕਾਰਜਸ਼ੀਲ ਕਾਫਲੇ ਦਾ ਸਾਥ ਦੇਣ ਦਾ ਸੱਦਾ"

ਲੰਡਨ- ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਜੂਨ 1984 ਦੌਰਾਨ ਸਿੱਖ ਤਵਾਰੀਖ ਵਿੱਚ ਵਾਪਰੇ ਤੀਜੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ 7 ਜੂਨ ਦਿਨ ਐਤਵਾਰ ਨੂੰ ਲੰਡਨ ਵਿਖੇ ਕੀਤੇ ਗਏ ਭਾਰੀ ਰੋਸ ਮੁਜਾਹਰੇ ਨੂੰ ਕਾਮਯਾਬ ਕਰਨ ਵਾਲੀਆਂ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ ਅਤੇ ਮੀਡੀਏ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ । ਇੰਗਲੈਂਡ ਦਾ ਨਾਜੁਕ ਮਹੌਲ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਨੇ ਸ਼ਾਂਤਮਈ ਅਤੇ ਜਾਬਤੇ ਵਿੱਚ ਰਹਿੰਦਿਆਂ ਵੱਡੀ ਹੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਦਰਸਾ ਦਿੱਤਾ ਕਿ ਸਿੱਖ ਕੌਮ ਇਸ ਤੀਸਰੇ ਖੂਨੀ ਘੱਲੂਘਾਰੇ ਨੂੰ ਕਦੇ ਵੀ ਨਹੀਂ ਭੁੱਲੇਗੀ। ਗੁਰਦਵਾਰਾ ਪ੍ਰਬੰਧਕ ਕਮੇਟੀਆਂ ਵਿਸ਼ੇਸ਼ ਧੰਨਵਾਦ ਦੀਆਂ ਪਾਤਰ ਹਨ ਜਿਹਨਾਂ ਦੇ ਭਰਵੇਂ ਸਹਿਯੋਗ ਨਾਲ ਭਾਰੀ ਰੋਸ ਮੁਜਾਹਰਾ ਕੀਤਾ ਗਿਆ । ਹਜਾਰਾਂ ਸਿੱਖ







ਸੰਗਤਾਂ ਨੇ ਇਸ ਰੋਸ ਅਤੇ ਰੋਹ ਭਰਪੂਰ ਮੁਜਾਹਰੇ ਵਿੱਚ ਸ਼ਮੂਲੀਅਤ ਕਰਕੇ ਭਾਰਤ ਸਰਕਾਰ ਅਤੇ ਸਿੱਖ ਦੁਸ਼ਮਣਾਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਸਿੱਖ ਇਸ ਖੂਨੀ ਘੱਲੂਘਾਰੇ ਨੇ ਕਦੇ ਵੀ ਭੁੱਲ ਨਹੀਂ ਸਕਦੇ ਬਲਕਿ ਖਾਲਿਸਤਾਨ ਬਨਣ ਤੋਂ ਬਾਅਦ ਵੀ ਦੇਸ਼ ਵਿਦੇਸ਼ਾਂ ਵਿੱਚ ਇਸ ਘੱਲੂਘਾਰੇ ਦੀ ਯਾਦ ਨਿਰੰਤਰ ਮਨਾਈ ਜਾਇਆ ਕਰੇਗੀ । ਸਿੱਖ ਸੰਗਤਾਂ ਵਲੋਂ ਭਾਰਤ ਸਰਕਾਰ ਖਿਲਾਫ ਰੋਸ ,ਰੋਹ ਅਤੇ ਵਿਦਰੋਹ ਦੀ ਪ੍ਰਚੰਡ ਭਾਵਨਾ ਕੀਤੀ ਗਈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਬੱਬਰ ਵਲੋਂ ਜਾਰੀ ਪ੍ਰੈਸ ਰਿਲੀਜ਼ ਵਿੱਚ ਸਿੱਖ ਸੰਗਤਾਂ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਕੌਮ ਪ੍ਰਸਤ ਮੀਡੀਏ ਤੋਂ ਆਸ ਪ੍ਰਗਟਾਈ ਗਈ ਕਿ ਭਵਿੱਖ ਵਿੱਚ ਵੀ ਇਸੇ ਤਰਾਂ ਨੂੰ ਭਰਵਾਂ ਸਹਿਯੋਗ ਦਿੰਦੇ ਰਹਿਣਗੇ ਕਿਉਂ ਕਿ ਇਹ ਰੋਸ ਮੁਜਾਹਰਾ ਯੂ,ਕੇ ਵਿੱਚ ਵਸਦੇ ਸਿੱਖਾਂ ਦਾ ਸਾਂਝਾ ਪ੍ਰੋਗਰਾਮ ਹੈ । ਵੱਖ ਵੱਖ ਬੁਲਾਰਿਆਂ ਨੇ ਜੂਨ 1984 ਦੇ ਖੂਨੀ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਨ ਕਰਦਿਆਂ ਉਹਨਾਂ ਦੀਆਂ ਸ਼ਹਾਦਤਾਂ ਨਾਲ ਸਿਰਜੇ ਗਏ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਗਈ । ਭਾਰਤ ਸਰਕਾਰ ਅਤੇ ਉਸਦੇ ਦੁੱਮਛੱਲਿਆਂ ਵਲੋਂ ਸਿੱਖ ਸੰਗਤਾਂ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾਉਣ , ਭਰਮਾਉਣ ਅਤੇ ਥਿੜਕਾਉਣ ਦੀ ਕੋਈ ਵੀ ਕੋਝੀ ਅਤੇ ਕਮੀਨੀ ਚਾਲ ਸਫਲ ਨਹੀਂ ਹੋਣ ਦਿੱਤੀ ਜਾਵੇਗੀ । ਸਿੱਖਾਂ ਦਾ ਕੌਮੀ ਨਿਸ਼ਾਨਾ ਕੇਵਲ ਅਤੇ ਕੇਵਲ ਖਾਲਿਸਤਾਨ ਹੈ। ਬਾਕੀ ਮੁੱਦੇ ਸਿੱਖ ਸੰਘਰਸ਼ ਦਾ ਅੰਗ ਜਰੂਰ ਹਨ, ਜਿਹਨਾਂ ਦੀ ਪ੍ਰਾਪਤੀ ਵੀ ਜਰੂਰੀ ਹੈ । ਜੂਨ 1984 ਦਾ ਘੱਲੂਘਾਰਾ ਨਾ ਭੁੱਲਣਯੋਗ, ਨਾ ਬਖਸ਼ਣਯੋਗ ਹੈ, ਬਲਕਿ ਅਜਿਹਾ ਜਖਮ ਹੈ ਜਿਸ ਵਿੱਚੋਂ ਸਿੱਖ ਕੌਮ ਨੇ ਖਾਲਿਸਤਾਨ ਰੂਪੀ ਰਾਹਤ ਪ੍ਰਾਪਤ ਕਰਨੀ ਹੈ ।

# ਸਕਾਟਲੈਂਡ ਵਿੱਚ ਟੀਕੇ ਰਾਹੀਂ ਭਾਰ ਘਟਾਉਣ ਨੂੰ ਮਨਜ਼ੂਰੀ




ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਦੇ ਮਰੀਜ਼ਾਂ ਲਈ ਇੱਕ ਮਹੱਤਵਪੂਰਨ ਸਿਹਤ ਫ਼ੈਸਲੇ ਤਹਿਤ ਵਜ਼ਨ ਘਟਾਉਣ ਵਾਲੇ ਟੀਕੇ ਵੇਗੋਵੀ ਨੂੰ ਸਕਾਟਲੈਂਡ ਦੀਆਂ ਨੈਸ਼ਨਲ ਸਿਹਤ ਸੇਵਾਵਾਂ ਵਿੱਚ ਵਰਤੋਂ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ। ਇਹ ਦਵਾਈ ਉਨ੍ਹਾਂ ਬਾਲਗਾਂ ਲਈ ਵਰਤੀ ਜਾਵੇਗੀ ਜੋ ਵੱਧ ਵਜ਼ਨ ਜਾਂ ਮੋਟਾਪੇ ਨਾਲ ਪੀੜਤ ਹਨ ਅਤੇ ਦਿਲ ਦੀ ਬਿਮਾਰੀ ਕਾਰਨ ਦਿਲ ਦੇ ਦੌਰੇ ਜਾਂ ਸਟ੍ਰੋਕ ਦੇ ਉੱਚ ਖਤਰੇ ਵਿੱਚ ਹਨ। ਇਹ ਮਨਜ਼ੂਰੀ ਸਕਾਟਲੈਂਡ ਦੀ ਦਵਾਈਆਂ ਬਾਰੇ ਸਲਾਹਕਾਰ ਸੰਸਥਾਸਕਾਟਿਸ਼ ਮੈਡੀਸਨਜ਼ ਕੰਸੋਰਟੀਅਮ ਵੱਲੋਂ ਦਿੱਤੀ ਗਈ ਹੈ। ਸੰਸਥਾ ਨੇ ਕਿਹਾ ਹੈ ਕਿ ਵੇਗੋਵੀ ਟੀਕੇ ਨੂੰ ਖੁਰਾਕ ਵਿੱਚ ਸੁਧਾਰ ਅਤੇ ਨਿਯਮਿਤ ਕਸਰਤ ਦੇ ਨਾਲ ਮਿਲਾ ਕੇ ਵਰਤਿਆ ਜਾਵੇਗਾ ਤਾਂ ਜੋ ਮਰੀਜ਼ਾਂ ਵਿੱਚ ਗੰਭੀਰ ਦਿਲ-ਸਬੰਧੀ ਘਟਨਾਵਾਂ ਦਾ ਖਤਰਾ ਘਟਾਇਆ ਜਾ ਸਕੇ। ਵੇਗੋਵੀ ਵਿੱਚ ਮੌਜੂਦ ਦਵਾਈ ਸੇਮਾਗਲੂਟਾਈਡ ਭੁੱਖ ਘਟਾਉਣ ਅਤੇ ਵਜ਼ਨ ਕਾਬੂ ਕਰਨ ਵਿੱਚ ਮਦਦ ਕਰਦੀ ਹੈ। ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ ਇਹ ਦਵਾਈ ਸਿਰਫ਼ ਵਜ਼ਨ ਘਟਾਉਣ ਤੱਕ ਹੀ ਸੀਮਿਤ ਨਹੀਂ, ਸਗੋਂ ਦਿਲ ਦੇ ਦੌਰੇ ਅਤੇ ਸਟ੍ਰੋਕ ਦੇ ਖਤਰੇ ਨੂੰ ਵੀ ਘਟਾ ਸਕਦੀ ਹੈ। ਇੱਕ ਵੱਡੇ ਕਲੀਨਿਕਲ ਟ੍ਰਾਇਲ ਵਿੱਚ ਇਸ ਨਾਲ ਗੰਭੀਰ ਦਿਲ-ਸਬੰਧੀ ਘਟਨਾਵਾਂ ਦੇ ਖਤਰੇ ਵਿੱਚ ਲਗਭਗ 20 ਫ਼ੀਸਦੀ ਕਮੀ ਵੇਖੀ ਗਈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਵੇਗੋਵੀ ਵਰਗੀਆਂ ਦਵਾਈਆਂ ਮੋਟਾਪੇ ਅਤੇ ਦਿਲ ਦੀਆਂ ਬਿਮਾਰੀਆਂ ਨਾਲ ਜੁੜੇ ਖਤਰਿਆਂ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ ਅਤੇ ਭਵਿੱਖ ਵਿੱਚ ਹਜ਼ਾਰਾਂ ਲੋਕਾਂ ਨੂੰ ਦਿਲ ਦੇ ਦੌਰੇ ਜਾਂ ਸਟ੍ਰੋਕ ਤੋਂ ਬਚਾਉਣ ਵਿੱਚ ਮਦਦ ਕਰ ਸਕਦੀਆਂ ਹਨ।

# ਨੋਵਾਕ ਹੱਤਿਆਕਾਂਡ ਸਬੰਧੀ ਅਮਰੀਕੀ ਉਪ-ਰਾਸ਼ਟਰਪਤੀ ਦੇ ਬਿਆਨ ਦੀ ਬਰਤਾਨਵੀ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਆਲੋਚਨਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਉਪ-ਪ੍ਰਧਾਨ ਮੰਤਰੀ ਡੇਵਿਡ ਲੈਮੀ ਵੱਲੋਂ ਟੈਕਨਾਲੋਜੀ ਜਗਤ ਦੇ ਦਿੱਗਜ ਐਲੋਨ ਮਸਕ ਨੂੰ ਹੈਨਰੀ ਨੋਵਾਕ ਮਾਮਲੇ ਤੋਂ "ਦੂਰ ਰਹਿਣ" ਲਈ ਕਹਿਣ ਤੋਂ ਬਾਅਦ ਹੁਣ ਨੋਵਾਕ ਹੱਤਿਆਕਾਂਡ ਨੂੰ ਲੈ ਕੇ ਅਮਰੀਕੀ ਉਪ-ਰਾਸ਼ਟਰਪਤੀ ਦੀ ਦਖਲਅੰਦਾਜ਼ੀ ਸਾਹਮਣੇ ਆਈ ਹੈ।ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਦੇ ਹੈਨਰੀ ਨੋਵਾਕ ਦੇ ਕਤਲ ਲਈ ਪ੍ਰਵਾਸ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਬਾਅਦ ਡਾਊਨਿੰਗ ਸਟ੍ਰੀਟ (ਬ੍ਰਿਟਿਸ਼ ਪ੍ਰਧਾਨ ਮੰਤਰੀ ਦਫ਼ਤਰ) ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।**

ਮਿਸਟਰ ਵੈਂਸ ਤੋਂ ਪਹਿਲਾਂ ਅਮਰੀਕੀ ਵਿਦੇਸ਼ ਮੰਤਰਾਲੇ ਨੇ ਵੀ ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਪੱਛਮੀ ਦੇਸ਼ਾਂ ਵਿੱਚ "ਦੋ-ਪੱਖੀ ਨੀਤੀਆਂ" ਨੂੰ ਨਕਾਰਿਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਦਫ਼ਤਰ 10 ਡਾਊਨਿੰਗ ਸਟ੍ਰੀਟ ਨੇ ਕੁਝ ਲੋਕਾਂ 'ਤੇ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਹੈ। ਅਮਰੀਕੀ ਉਪ-ਰਾਸ਼ਟਰਪਤੀ ਨੇ ਲੋਕਾਂ ਦੇ ਗੁੱਸੇ ਨੂੰ ਜਾਇਜ਼ ਠਹਿਰਾਉਂਦੇ ਕਿਹਾ ਕਿ ਨੋਵਾਕ ਦੀ ਮੌਤ ਬਿਲਕੁਲ ਉਸੇ ਤਰ੍ਹਾਂ ਹੋਈ ਜਿਵੇਂ ਕੋਈ ਸੱਭਿਅਤਾ ਮਰਦੀ ਹੈ, ਅਧਿਕਾਰੀਆਂ ਵੱਲੋਂ ਇਕੱਲਾ ਛੱਡ ਦਿੱਤਾ ਜਾਣਾ ਅਤੇ ਹੱਥਕੜੀਆਂ ਲਗਾ ਦਿੱਤਾ ਜਾਣਾ, ਜਿਨ੍ਹਾਂ ਨੇ ਨਾ ਤਾਂ ਉਸ 'ਤੇ ਭਰੋਸਾ ਕੀਤਾ ਅਤੇ ਨਾ ਹੀ ਉਸ ਦੀ ਪਰਵਾਹ ਕੀਤੀ।


ਕੀਰ ਸਟਾਰਮਰ ਤੇਰੇ ਅਤੇ ਅਮਰੀਕੀ ਵਾਈਸ ਰਾਸ਼ਟਰਪਤੀ ਜੇਡੀ ਵੈਂਸ

ਉਨ੍ਹਾਂ ਕਿਹਾ ਕਿ ਇਹ ਹੱਤਿਆ ਜਿੰਨੀ ਦੁਖਦਾਈ ਹੈ, ਓਨੀ ਹੀ ਗੁੱਸਾ ਦਿਵਾਉਣ ਵਾਲੀ ਵੀ ਹੈ। ਵੈਂਸ ਨੇ ਕਿਹਾ ਕਿ ਨੋਵਾਕ ਅੱਜ ਵੀ ਜ਼ਿੰਦਾ ਹੁੰਦਾ ਜੇ ਯੂਰਪੀਅਨ ਕੁਲੀਨ ਵਰਗ ਦੀਆਂ ਪਿਛਲੀਆਂ ਕੁਝ ਪੀੜ੍ਹੀਆਂ ਸਵੈ-ਨਫ਼ਰਤ ਦੀ ਰਾਜਨੀਤੀ ਅਤੇ ਪਰਵਾਸੀਆਂ ਦੇ ਸਮੂਹਿਕ ਹਮਲੇ ਦੇ ਵਿਰੁੱਧ ਖੜ੍ਹੀਆਂ ਹੁੰਦੀਆਂ।ਉਨ੍ਹਾਂ ਅੱਗੇ ਕਿਹਾ, "ਹੈਨਰੀ ਅਜਿਹਾ ਪਹਿਲਾ ਵਿਅਕਤੀ ਨਹੀਂ ਸੀ ਜਿਸ ਨੇ ਇਸ ਤਰ੍ਹਾਂ ਬੇਵਜ੍ਹਾ ਆਪਣੀ ਜਾਨ ਗਵਾਈ, ਅਤੇ ਮੈਨੂੰ ਡਰ ਹੈ ਕਿ ਉਹ ਆਖਰੀ ਵੀ ਨਹੀਂ ਹੋਵੇਗਾ।

ਡਾਊਨਿੰਗ ਸਟ੍ਰੀਟ ਦੇ ਇੱਕ ਬੁਲਾਰੇ ਨੇ ਜਵਾਬ ਦਿੰਦਿਆਂ ਕਿਹਾ ਕਿ ਹਾਲ ਹੀ ਦੇ ਦਿਨਾਂ ਵਿੱਚ ਅਸੀਂ ਕੁਝ ਲੋਕਾਂ ਨੂੰ ਸਾਡੇ ਲੋਕਤੰਤਰ ਵਿੱਚ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ਕਰਦੇ ਅਤੇ ਸਾਡੇ ਵਿੱਚ ਵੰਡ ਪਾਉਣ ਦੀ ਕੋਸ਼ਿਸ਼ ਕਰਦੇ ਦੇਖਿਆ ਹੈ।ਨੋਵਾਕ ਪਰਿਵਾਰ ਹੈਨਰੀ ਦੇ ਭਿਆਨਕ ਕਤਲ ਤੋਂ ਬਾਅਦ ਡੂੰਘੇ ਸਦਮੇ ਵਿੱਚ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਹ ਨਹੀਂ ਚਾਹੁੰਦੇ ਕਿ ਉਸਦੀ ਮੌਤ ਦਾ ਇਸਤੇਮਾਲ ਹੋਰ ਵੰਡ, ਨਫ਼ਰਤ ਜਾਂ ਤਣਾਅ ਪੈਦਾ ਕਰਨ ਲਈ ਕੀਤਾ ਜਾਵੇ। ਸਾਨੂੰ ਉਨ੍ਹਾਂ ਦੀਆਂ ਇੱਛਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਭ ਤੋਂ ਭਿਆਨਕ ਹਾਲਾਤਾਂ ਵਿੱਚ ਵੀ ਸਾਡੀ ਰਾਜਨੀਤੀ ਲੋਕਾਂ ਨੂੰ ਇੱਕਜੁੱਟ ਕਰਨ ਵਾਲੀ ਹੋਣੀ ਚਾਹੀਦੀ ਹੈ। ਇੱਕ ਦੇਸ਼ ਦੇ ਤੌਰ 'ਤੇ ਸਾਡੀ ਇਹੀ ਪਛਾਣ ਹੈ।

## ਸਾਊਥਹੈਂਪਟਨ ਵਿੱਚ ਸਿੱਖ ਭਾਈਚਾਰੇ ਦੇ ਆਗੂਆਂ ਸਮੇਤ ਵੱਖ ਵੱਖ ਧਰਮਾ ਦੇ ਆਗੂਆਂ ਦੀ ਇਕੱਤਰਤਾ ਅਤੇ ਹੈਨਰੀ ਨੋਵਾਕ ਦੀ ਹੱਤਿਆ ਦੀ ਨਿੰਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਹੈਂਪਟਨ ਵਿੱਚ ਸਿੱਖ ਭਾਈਚਾਰੇ ਦੇ ਆਗੂਆਂ ਨੇ ਹੈਨਰੀ ਨੋਵਾਕ ਦੇ ਕਤਲ ਤੋਂ ਬਾਅਦ ਹੋਏ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ "ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਰੱਖਣ" ਦੀ ਅਪੀਲ ਕੀਤੀ ਹੈ।

ਸਾਊਥਹੈਂਪਟਨ ਦੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦੀ ਸਾਊਥਹੈਂਪਟਨ ਗੁਰਦੁਆਰਾ ਕੌਂਸਲ ਨੇ ਦਿਗਵਾ ਦੇ ਕੀਤੇ ਦੀ ਨਿੰਦਾ ਕੀਤੀ, ਪਰ ਇਹ ਵੀ ਕਿਹਾ ਕਿ ਸੜਕਾਂ 'ਤੇ ਹਿੰਸਾ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਦਿਗਵਾ ਨੇ 18 ਸਾਲਾ ਨੋਵਾਕ 'ਤੇ ਇੱਕ ਧਾਰਦਾਰ ਹਥਿਆਰ ਨਾਲ ਹਮਲਾ ਕੀਤਾ ਸੀ, ਜਿਸ ਬਾਰੇ ਉਸ ਨੇ ਕਿਹਾ ਕਿ ਉਹ ਇਸ ਨੂੰ ਧਾਰਮਿਕ ਕਾਰਨਾਂ ਕਰਕੇ ਰੱਖਦਾ ਸੀ ਅਤੇ ਫਿਰ ਉਸਨੇ ਘਟਨਾ ਸਥਾਨ 'ਤੇ ਪੁਲਿਸ ਨੂੰ ਝੂਠ ਬੋਲਿਆ। ਉਸ ਨੇ ਦਾਅਵਾ ਕੀਤਾ ਸੀ ਕਿ ਉਹ ਨਸਲਵਾਦੀ ਹਮਲੇ ਦਾ ਸ਼ਿਕਾਰ ਹੋਇਆ ਹੈ, ਜਿਸ ਕਾਰਨ ਅਧਿਕਾਰੀਆਂ ਨੇ ਵਿਕਰਮ ਦਿਗਵਾ ਦੀ ਬਜਾਏ ਨੋਵਾਕ ਨੂੰ ਹੀ ਗ੍ਰਿਫ਼ਤਾਰ ਕਰ ਲਿਆ।

ਸਾਊਥਹੈਂਪਟਨ ਗੁਰਦੁਆਰਾ ਕੌਂਸਲ ਦੇ ਪ੍ਰੀਥੀਪਾਲ ਸਿੰਘ ਨੇ ਕਿਹਾ ਕਿ ਭਾਈਚਾਰਾ ਨੋਵਾਕ ਦੇ ਪਰਿਵਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਪ੍ਰਦਰਸ਼ਨ ਵੇਲੇ ਮੈਂ ਜੋ ਦ੍ਰਿਸ਼ ਵੇਖੇ ਹਨ, ਉਹ ਭਿਆਨਕ ਹਨ ਅਤੇ ਇਸ ਨਾਲ ਭਾਈਚਾਰੇ ਵਿੱਚ ਕਾਫ਼ੀ ਤਣਾਅ ਪੈਦਾ ਹੋਇਆ ਹੈ। ਅਸੀਂ ਸਾਊਥਹੈਂਪਟਨ ਅਤੇ ਇਸ ਤੋਂ ਬਾਹਰ ਸ਼ਾਂਤੀ ਅਤੇ ਭਾਈਚਾਰਾ ਦੇਖਣਾ ਚਾਹੁੰਦੇ ਹਾਂ।

ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਭਾਈਚਾਰਕ ਆਗੂ ਹਰਜਾਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਅਜਿਹੀ ਘਟਨਾ ਨਹੀਂ ਦੇਖੀ, ਜਿਸ ਵਿੱਚ ਸਿੱਖ ਭਾਈਚਾਰੇ 'ਤੇ ਇੰਨਾ ਧਿਆਨ ਕੇਂਦਰਿਤ ਕੀਤਾ ਗਿਆ ਹੋਵੇ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀਆਂ ਮਾਨਤਾਵਾਂ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀਆਂ ਕਿ ਆਸਥਾ ਦੇ ਤੌਰ 'ਤੇ ਰੱਖੀ ਜਾਣ ਵਾਲੀ ਕਿਰਪਾਨ ਨੂੰ "ਲੋਕਾਂ 'ਤੇ ਹਮਲਾ ਕਰਨ ਦੇ ਹਥਿਆਰ" ਵਜੋਂ ਵਰਤਿਆ ਜਾਵੇ। ਉਨ੍ਹਾਂ ਨੇ ਬ੍ਰਿਟਿਸ਼ ਇਤਿਹਾਸ ਵਿੱਚ ਭਾਈਚਾਰੇ ਦੀ ਭੂਮਿਕਾ ਅਤੇ ਦੋਵੇਂ ਵਿਸ਼ਵ ਯੁੱਧਾਂ ਵਿੱਚ ਉਨ੍ਹਾਂ ਦੇ ਯੋਗਦਾਨ 'ਤੇ ਵੀ ਧਿਆਨ ਦਿਵਾਇਆ।

ਦਿ ਬਿਸ਼ਪ ਆਫ਼ ਸਾਊਥਹੈਂਪਟਨ, ਰਿਆਨਨ ਕਿੰਗ ਨੇ ਬੁੱਧਵਾਰ ਨੂੰ ਚਰਚ ਆਫ਼ ਇੰਗਲੈਂਡ ਅਤੇ ਸਾਊਥਹੈਂਪਟਨ ਕੌਂਸਲ ਆਫ਼ ਫੇਥਜ਼ ਦੇ ਸਾਥੀਆਂ ਨਾਲ ਮਿਲ ਕੇ ਸਿੱਖ ਭਾਈਚਾਰੇ ਨਾਲ ਮੁਲਾਕਾਤ ਕੀਤੀ ਅਤੇ ਇੱਕਜੁੱਟਤਾ ਦਿਖਾਈ। ਸਾਊਥਹੈਂਪਟਨ ਦੀ ਸਿੱਖ ਸੰਸਦ ਮੈਂਬਰ ਸਤਵੀਰ ਕੌਰ ਨੇ ਪ੍ਰਦਰਸ਼ਨਾਂ ਤੋਂ ਪ੍ਰਭਾਵਿਤ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ।ਉਨ੍ਹਾਂ ਕਿਹਾ ਕਿ ਮੈਂ ਹੁਣੇ-ਹੁਣੇ ਇੱਕ ਮਾਂ ਨਾਲ ਗੱਲ ਕਰ ਰਹੀ ਸੀ ਜੋ ਹੁਣ ਆਪਣੇ ਬੱਚਿਆਂ ਦੇ ਘਰ ਤੋਂ ਬਾਹਰ ਨਿਕਲਣ ਨੂੰ ਲੈ ਕੇ ਚਿੰਤਤ ਹੈ।

ਹਿੰਸਾ ਅਤੇ ਅਵਿਵਸਥਾ ਕਦੇ ਵੀ ਠੀਕ ਨਹੀਂ ਹੁੰਦੀ ਅਤੇ ਨਾ ਹੀ ਇਹ ਕਿਸੇ ਸਮੱਸਿਆ ਦਾ ਹੱਲ ਹੈ।

ਬਰਮਿੰਘਮ ਦੇ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਮੈਂ ਚਾਹੁੰਦੀ ਹਾਂ ਅਤੇ ਆਪਣੇ ਸਾਰੇ ਭਾਈਚਾਰਿਆਂ ਨੂੰ ਅਪੀਲ ਕਰਦੀ ਹਾਂ ਕਿ ਅਸੀਂ ਕਿਸੇ ਇੱਕ ਕਾਤਲ ਦੀਆਂ ਹਰਕਤਾਂ ਕਾਰਨ ਆਪਣੇ ਭਾਈਚਾਰਿਆਂ 'ਚ ਵੰਡ ਨਾ ਪੈਣ ਦੇਈਏ, ਅਤੇ ਨਾ ਹੀ ਦੁਸ਼ਮਣੀ ਜਾਂ ਗਲਤ ਜਾਣਕਾਰੀ ਨੂੰ ਉਤਸ਼ਾਹਿਤ ਕਰੀਏ।


# VACANCIES
# JSR CONTRACTS LTD.

## ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਕੀ ਲੇਬਰ ਪਾਰਟੀ ਵੱਲੋਂ ਜੂਨ 84 ਦੇ ਸ੍ਰੀ ਹਰਿਮੰਦਰ ਸਾਹਿਬ ਤੇ ਭਾਰਤੀ ਹਕੂਮਤ ਦੀ ਸ਼ਹਿ ਤੇ ਫੌਜੀ ਹਮਲੇ 'ਚ ਬਰਤਾਨੀਆਂ ਦੀ ਭੂਮਿਕਾ ਦੀ ਜਾਂਚ ਕਰਵਾਉਣ ਤੋਂ ਕੰਨੀ ਕਤਰਾਈ ਜਾ ਰਹੀ ਹੈ?

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਬਰ ਪਾਰਟੀ ਵੱਲੋਂ ਜੂਨ 1984 ਘੱਲੂਘਾਰੇ ਵਿੱਚ ਬਰਤਾਨੀਆਂ ਸਰਕਾਰ ਦੀ ਭੂਮਿਕਾ ਦੀ ਅਜ਼ਾਦਾਨਾ ਜਾਂਚ ਦਾ ਸਿੱਖਾਂ ਨਾਲ ਕੀਤਾ ਗਿਆ ਵਾਅਦਾ ਹੁਣ ਠੰਡੇ ਬਸਤੇ ਵਿੱਚ ਪੈਂਦਾ ਲੱਗ ਰਿਹਾ ਹੈ। ਭਾਵੇਂ ਕਿ ਲੇਬਰ ਪਾਰਟੀ ਨੇ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਇਸ ਮੰਗ ਨੂੰ ਸ਼ਾਮਿਲ ਕੀਤਾ ਅਤੇ ਬਾਅਦ ਵਿੱਚ ਮੌਜੂਦਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇੱਕ ਪੱਤਰ ਲਿਖ ਕੇ ਸਿੱਖਾਂ ਦੀ ਮੰਗ ਦੀ ਹਮਾਇਤ ਕਰਦਿਆਂ ਉਹਨਾਂ ਦੀ ਸਰਕਾਰ ਬਣਨ ਤੇ ਨਿਰਪੱਖ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ। ਲੇਕਨ ਹੁਣ ਲੇਬਰ ਸਰਕਾਰ ਦੇ ਕਈ ਵਰ੍ਹੇ ਬੀਤਣ ਤੋਂ ਬਾਅਦ ਅਤੇ ਜੂਨ 84 ਦੇ ਘੱਲੂਘਾਰੇ ਦੀ 42ਵੀਂ ਵਰ੍ਹੇ ਗੰਢ ਮੌਕੇ ਇੱਕਵਾਰ ਫਿਰ ਸਿੱਖਾਂ ਦੀ ਇਸ ਮੰਗ ਦੀ ਅਵਾਜ਼ ਉੱਠ ਰਹੀ ਹੈ। ਕਈ ਵਰ੍ਹੇ ਪਹਿਲਾਂ ਬਰਤਾਨਵੀ ਥੈਚਰ ਸਰਕਾਰ ਦੇ ਜਨਤਕ ਹੋਏ ਪੱਤਰਾਂ ਤੋਂ ਪਤਾ ਲੱਗਾ ਸੀ ਕਿ ਬਰਤਾਨੀਆਂ ਸਰਕਾਰ ਨੇ ਭਾਰਤ ਦੀ ਇੰਦਰਾ ਗਾਂਧੀ ਸਰਕਾਰ ਦੀ ਮੰਗ 'ਤੇ ਦੋ ਸੀਨੀਅਰ ਫੌਜੀ ਅਧਿਕਾਰੀਆਂ ਨੂੰ ਸ੍ਰੀ ਹਰਮੰਦਿਰ ਸਾਹਿਬ ਭੇਜ ਕੇ ਸਲਾਹ ਮੰਗੀ ਸੀ, ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਉਹਨਾਂ ਦੇ ਸਾਥੀਆਂ ਨੂੰ ਕਿਸ ਤਰ੍ਹਾਂ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਪੱਤਰਾਂ ਤੋਂ ਇਹ ਵੀ ਸ੍ਪਸ਼ਟ ਹੋਇਆ ਸੀ ਉਸ ਸਮੇਂ ਉਕਤ ਅਧਿਕਾਰੀਆਂ ਵੱਲੋਂ ਹੈਲੀਕਾਪਟਰ ਦੀ ਮਦਦ ਨਾਲ ਸੰਤਾਂ ਨੂੰ ਗੁਰੂ ਨਾਨਕ ਨਿਵਾਸ ਅਸਥਾਨ ਤੋਂ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ, ਪਰ ਭਾਰਤ ਸਰਕਾਰ ਨੇ ਇਸ ਸਲਾਹ ਨੂੰ ਮੰਨਿਆ ਨਹੀਂ ਸੀ। ਅਜੇਹਾ ਹੀ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਦੀ ਸਰਕਾਰ ਮੌਕੇ ਹੋਈ ਇੱਕ ਜਾਂਚ ਵਿੱਚ ਵੀ ਸਾਹਮਣੇ ਆਇਆ ਸੀ, ਪਰ ਉਕਤਜ 'ਚ ਨੂੰ ਸਿੱਖ ਭਾਈਚਾਰੇ ਨੇ ਮੁੱਢੋਂ ਹੀ ਰੱਦ ਕਰ ਦਿੱਤਾ ਸੀ।

ਜਿਸ ਤੋਂ ਬਾਅਦ ਸਿੱਖਾਂ ਨੂੰ ਲੇਬਰ ਸਕਰਾਰ ਤੋਂ ਇਨਸਾਫ ਦੀ ਉਮੀਦ ਸੀ ਲੇਕਨ ਉਸ ਉਮੀਦ ਨੂੰ ਵੀ ਹੁਣ ਗ੍ਰਹਿਣ ਲੱਗਦਾ ਨਜ਼ਰ ਆ ਰਿਹਾ ਹੈ। ਸਿੱਖ ਭਾਈਚਾਰੇ ਵੱਲੋਂ ਸ਼ੰਕਾ ਪ੍ਰਗਟਾਇਆ ਜਾ ਰਿਹਾ ਹੈ ਕਿ ਯੂ ਕੇ ਅਤੇ ਭਾਰਤ ਦੇ ਆਪਸੀ ਸਬੰਧਾਂ ਅਤੇ ਮੁਕਤ ਵਪਾਰ ਸਮਝੌਤੇ ਤੋਂ ਬਾਅਦ ਜੂਨ 1984 ਘੱਲੂਘਾਰੇ ਬਾਰੇ ਲੇਬਰ ਸਰਕਾਰ ਨੇ ਚੁੱਪ ਹੀ ਧਾਰ ਲਈ ਹੈ। ਜਦ ਕਿ ਇਸ ਅਤਿ ਮਹੱਤਵਪੂਰਣ ਮੁੱਦੇ ਤੇ ਬਰਤਾਨੀਆਂ ਦੇ ਸਿੱਖ ਸੰਸਦ ਮੈਂਬਰ ਵੀ ਭਾਵੇਂ ਕਦੇ ਕਦੇ ਗੱਲ ਕਰਦੇ ਹਨ ਪਰ ਉਹ ਵੀ ਆਪਣੀ ਸਰਕਾਰ ਤੇ ਕਿਸੇ ਤਰ੍ਹਾਂ ਦਾ ਪ੍ਰਭਾਵੀ ਦਬਾਅ ਬਣਾਉਣ ਤੋਂ ਅਸਫਲ ਰਹੇ ਹਨ। ਜੂਨ 84 ਦੇ ਘੱਲੂਘਾਰੇ ਦੀ 42ਵੀਂ ਵਰ੍ਹੇ ਗੰਢ ਮੌਕੇ 7 ਜੂਨ ਨੂੰ ਲੰਡਨ ਵਿੱਚ ਵੱਡੀ ਰੋਸ ਰੈਲੀ ਕੱਢੀ ਜਾ ਰਹੀ ਹੈ? ਕੀ ਇਸ ਤੋਂ ਪਹਿਲਾਂ ਲੇਬਰ ਸਰਕਾਰ ਸਿੱਖਾਂ ਨਾਲ ਕੀਤੇ ਵਾਅਦੇ ਬਾਰੇ ਚੁੱਪ ਤੋੜੇਗੀ ਜਾਂ ਨਹੀਂ ਇੱਕ ਵੱਡਾ ਸਵਾਲ ਬਣਿਆ ਹੋਇਆ ਹੈ?

# ਬਰਤਾਨਵੀ ਸੰਸਦੀ ਸਮੂਹ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਵਧਦੇ ਤਣਾਅ 'ਤੇ ਚਿੰਤਾ ਪ੍ਰਗਟ ਕੀਤੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਇੱਕ ਸੰਸਦੀ ਸਮੂਹ ਨੇ ਪਾਕਿ-ਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਵਿੱਚ ਸੰਚਾਰ ਵਿਘਨ, ਗ੍ਰਿਫ਼ਤਾਰੀਆਂ ਅਤੇ "ਤਣਾਅ ਵਧਾਉਣ" ਦੀਆਂ ਰਿਪੋਰਟਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਬਰਤਾਨਵੀ ਸਰਕਾਰ ਨੂੰ ਸਥਿਤੀ ਦੇ ਆਪਣੇ ਮੁਲਾਂਕਣ ਨੂੰ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ।**

ਯੂ ਕੇ ਦੇ ਵਿਦੇਸ਼ ਮੰਤਰਾਲੇ ਨੂੰ ਭੇਜੇ ਗਏ ਇੱਕ ਪੱਤਰ ਵਿੱਚ, ਬ੍ਰੈਡਫੋਰਡ ਈਸਟ ਦੇ ਸੰਸਦ ਮੈਂਬਰ ਇਮਰਾਨ ਹੁਸੈਨ ਨੇ ਪੀ ਓ ਕੇ ਤੋਂ ਹਾਲੀਆ ਰਿਪੋਰਟਾਂ ਦਾ ਹਵਾਲਾ ਦਿੱਤਾ ਹੈ ਜੋ ਖੇਤਰ ਵਿੱਚ "ਵਿਆਪਕ ਤਾਲਾਬੰਦੀ, ਸੰਚਾਰ ਬਲੈਕਆਉਟ, ਵਧੇ ਹੋਏ ਤਣਾਅ ਅਤੇ ਨਿਵਾਸੀਆਂ ਨੂੰ ਬਾਹਰੀ ਦੁਨੀਆ ਤੋਂ ਕੱਟੇ ਜਾਣ" ਦਾ ਖੁਲਾਸਾ ਕਰਦੇ ਹਨ।

ਹੁਸੈਨ ਕਸ਼ਮੀਰ 'ਤੇ ਯੂ ਕੇ ਦੇ ਆਲ-ਪਾਰਟੀ ਸੰਸਦੀ ਸਮੂਹ ਦੇ ਚੇਅਰਮੈਨ ਵੀ ਹਨ। ਉਨ੍ਹਾਂ ਵੱਲੋਂ ਵਿਦੇਸ਼ ਮੰਤਰਾਲੇ ਨੂੰ ਭੇਜੇ ਗਏ ਪੱਤਰ 'ਤੇ ਲਗਭਗ 30 ਸੰਸਦ ਮੈਂਬਰਾਂ ਦੇ ਦਸਤਖ਼ਤ ਹਨ। ਇਹ ਪੱਤਰ ਬਰਤਾਨਵੀ ਸਰਕਾਰ ਨੂੰ ਪੀ ਓ ਕੇ ਵਿੱਚ "ਤਣਾਅ ਘਟਾਉਣ ਅਤੇ ਸ਼ਾਂਤੀਪੂਰਨ ਹੱਲ ਨੂੰ ਉਤਸ਼ਾਹਿਤ ਕਰਨ ਲਈ ਗੱਲਬਾਤ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਅਤੇ ਸਾਰੇ ਢੁਕਵੇਂ ਕੂਟਨੀਤਕ ਚੈਨਲਾਂ ਦੀ ਵਰਤੋਂ ਕਰਨ" ਦੀ ਅਪੀਲ ਕਰਦਾ ਹੈ।

ਪੀ ਓ ਕੇ ਦੇ ਅਧਿਕਾਰੀਆਂ ਨੇ ਸੰਯੁਕਤ ਐਕਸ਼ਨ ਅਵਾਮੀ ਕਮੇਟੀ (ਜੇ ਏ ਏ ਸੀ) 'ਤੇ ਪਾਬੰਦੀ ਲਗਾਉਣ ਤੋਂ ਬਾਅਦ ਦਰਜਨਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਜੇ ਏ ਏ ਸੀ ਇੱਕ ਸਥਾਨਕ ਸਮੂਹ ਹੈ ਜੋ ਹਿੰਸਕ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੈ ਜਿਸ ਕਾਰਨ ਪਿਛਲੇ ਸਾਲ ਕਈ ਲੋਕ ਮਾਰੇ ਗਏ ਅਤੇ ਜ਼ਖਮੀ ਹੋਏ। ਜੇ ਏ ਏ ਸੀ 38-ਨੁਕਾਤੀ ਏਜੰਡੇ ਨੂੰ ਲਾਗੂ ਕਰਨ ਦੀ ਮੰਗ ਕਰ ਰਿਹਾ ਹੈ, ਜਿਸ ਵਿੱਚ ਸਬਸਿਡੀ ਵਾਲਾ ਆਟਾ ਅਤੇ ਬਿਜਲੀ ਪ੍ਰਦਾਨ ਕਰਨਾ ਅਤੇ ਖੇਤਰੀ ਅਸੈਂਬਲੀ ਵਿੱਚ ਕਸ਼ਮੀਰੀਆਂ ਲਈ ਰਾਖਵੀਆਂ 12 ਸੀਟਾਂ ਨੂੰ ਖਤਮ ਕਰਨਾ ਸ਼ਾਮਲ ਹੈ।

ਸੰਸਦੀ ਸਮੂਹ ਨੇ ਕਿਹਾ ਕਿ ਅਸੀਂ ਬਰਤਾਨਵੀ ਨਾਗਰਿਕਾਂ ਸਮੇਤ ਹੋਰਾਂ ਦੀਆਂ ਗ੍ਰਿਫ਼ਤਾਰੀਆਂ, ਸੰਚਾਰ 'ਤੇ ਪਾਬੰਦੀਆਂ ਅਤੇ ਅਧਿਕਾਰੀਆਂ ਅਤੇ ਜੇ ਏ ਏ ਸੀ ਦੇ ਪ੍ਰਤੀਨਿਧੀਆਂ ਵਿਚਕਾਰ ਗੱਲਬਾਤ ਵਿੱਚ ਰੁਕਾਵਟ ਦੀਆਂ ਰਿਪੋਰਟਾਂ ਤੋਂ ਵੀ ਚਿੰਤਤ ਹਾਂ।

# ਹੈਨਰੀ ਨੋਵਾਕ ਮਾਮਲੇ 'ਚ ਦੋਸ਼ੀ ਵਿਕਰਮ ਦੇ ਭਰਾ ਅਤੇ ਪਿਤਾ ਤੇ ਵੀ ਮਾਮਲਾ ਦਰਜ਼




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਹੈਂਪਟਨ ਵਿਖੇ ਹੋਏ ਕਤਲ ਮਾਮਲੇ ਸ਼ਾਮਿਲ ਦੋਸ਼ੀ ਵਿਕਰਮ ਸਿੰਘ ਦਿਗਵਾ ਦੀ ਮਾਂ ਨੂੰ ਅਗਲੇ ਮਹੀਨੇ ਸਬੂਤ ਨਸ਼ਟ ਕਰਨ ਦੇ ਦੋਸ਼ਾਂ ਤਹਿਤ ਸਜ਼ਾ ਸੁਣਾਈ ਜਾਣੀ ਹੈ ਜਦ ਕਿ ਉਸ ਦੇ ਭਰਾ ਅਤੇ ਪਿਤਾ ਤੇ ਵੀ ਹਥਿਆਰ ਰੱਖਣ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਦਿਗਵਾ ਦੇ ਪਿਤਾ ਮੋਗਾ ਸਿੰਘ ਉਮਰ 52 ਸਾਲ ਅਤੇ ਭਰਾ 27 ਸਾਲਾ ਗੁਰਪ੍ਰੀਤ ਸਿੰਘ ਦਿਗਵਾ ਤੇ ਘਰ ਵਿੱਚ ਖ਼ਤਰਨਾਕ ਹਥਿਆਰ ਰੱਖਣ ਦੇ 6 ਵੱਖ ਵੱਖ ਮਾਮਲੇ ਦਰਜ ਕੀਤੇ ਗਏ ਹਨ। ਰਿਪੋਰਟਾਂ ਅਨੁਸਾਰ ਦਿਗਵਾ ਦੇ ਘਰ ਵਿੱਚੋਂ 40 ਹਥਿਆਰ ਬਰਾਮਦ ਹੋਏ ਹਨ। ਲੇਕਨ ਹੁਣ ਵੇਖਣਾ ਇਹ ਹੋਵੇਗਾ ਕਿ ਜਿਹਨਾਂ ਨੂੰ ਹਥਿਆਰ ਕਿਹਾ ਜਾ ਰਿਹਾ ਹੈ, ਉਹ ਕਿਹੜੇ ਹਨ।

# ਸਟਾਰਮਰ ਵੱਲੋਂ ਹੇਨਰੀ ਨੋਵਾਕ ਦੇ ਕਤਲ ਤੋਂ ਬਾਅਦ ਮਸਕ 'ਤੇ ਯੂ ਕੇ ਵਿੱਚ 'ਫੁੱਟ ਪਾਉਣ ਦੀ ਕੋਸ਼ਿਸ਼' ਕਰਨ ਦਾ ਦੋਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੇ ਅਰਬਪਤੀ ਐਲੋਨ ਮਸਕ 'ਤੇ ਹੇਨਰੀ ਨੋਵਾਕ ਦੇ ਕਤਲ ਤੋਂ ਬਾਅਦ ਦੇਸ਼ ਵਿੱਚ "ਫੁੱਟ ਪਾਉਣ ਦੀ ਕੋਸ਼ਿਸ਼" ਕਰਨ ਦਾ ਦੋਸ਼ ਲਗਾਇਆ ਹੈ।

ਯਾਰਕਸ਼ਾਇਰ ਦੇ ਦੌਰੇ ਦੌਰਾਨ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਇਹ ਸਪੱਸ਼ਟ ਕਰਨ ਦੀ ਲੋੜ ਹੈ ਕਿ ਇੱਕ ਦੇਸ਼ ਵਜੋਂ ਅਸੀਂ ਕੌਣ ਹਾਂ, ਕਿਉਂਕਿ ਮਸਕ ਪਿਛਲੇ ਕੁਝ ਦਿਨਾਂ ਤੋਂ ਸਾਡੀ ਰਾਜਨੀਤੀ ਵਿੱਚ ਦਖਲਅੰਦਾਜ਼ੀ ਕਰ ਰਿਹਾ ਹੈ ਅਤੇ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਉਹਨਾਂ ਕਿਹਾ ਕਿ ਬ੍ਰਿਟੇਨ ਵਿੱਚ ਅਸੀਂ ਅਜਿਹੇ ਨਹੀਂ ਹਾਂ। ਅਸੀਂ ਸਮਝਦਾਰ ਅਤੇ ਸਹਿਣਸ਼ੀਲ ਲੋਕ ਹਾਂ। ਜਦੋਂ ਹੇਨਰੀ ਨੋਵਾਕ ਵਰਗਾ ਕੋਈ ਭਿਆਨਕ ਮਾਮਲਾ ਸਾਹਮਣੇ ਆਉਂਦਾ ਹੈ, ਤਾਂ ਅਸੀਂ ਬੜੀ ਸ਼ਾਂਤੀ ਨਾਲ ਪ੍ਰਤੀਕਿਰਿਆ ਦਿੰਦੇ ਹਾਂ, ਜਿਵੇਂ ਕਿ ਉਸਦੇ ਪਰਿਵਾਰ ਨੇ ਦਿੱਤੀ ਹੈ।

ਉਨ੍ਹਾਂ ਦੀ ਇਹ ਟਿੱਪਣੀ ਲੇਬਰ ਪਾਰਟੀ ਦੀ ਸੰਸਦ ਮੈਂਬਰ ਜੈਸ ਅਸਾਤੋ ਦੇ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਉਹ ਮਸਕ ਦੀ ਕੰਪਨੀ ਐਕਸ ਏ ਆਈ 'ਤੇ ਮੁਕੱਦਮਾ ਕਰ ਰਹੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ 'ਗ੍ਰੋਕ' ਚੈਟਬੋਟ ਦੀ ਵਰਤੋਂ ਕਰਕੇ ਬਿਕਨੀ ਵਿੱਚ ਉਨ੍ਹਾਂ ਦੀਆਂ ਨਕਲੀ ਤਸਵੀਰਾਂ ਤਿਆਰ ਕੀਤੀਆਂ ਗਈਆਂ ਸਨ। ਲੋਵੇਸਟੋਫਟ ਦੀ ਐਮ ਪੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਗ੍ਰੋਕ ਨੇ ਡੀਪਫੇਕ ਪੋਰਨੋਗ੍ਰਾਫੀ ਅਤੇ ਅਸ਼ਲੀਲ ਸਮੱਗਰੀ ਤਿਆਰ ਕੀਤੀ ਹੈ ਜਿਸ ਨੇ ਹਜ਼ਾਰਾਂ ਔਰਤਾਂ ਅਤੇ ਬੱਚਿਆਂ ਨੂੰ ਨੁਕਸਾਨ ਪਹੁੰਚਾਇਆ ਹੈ।ਪ੍ਰਧਾਨ ਮੰਤਰੀ ਸਟਾਰਮਰ ਨੇ ਮਸਕ ਦੇ ਖਿਲਾਫ ਅਸਾਤੋ ਦੇ ਇਸ ਕਦਮ ਦਾ ਪੂਰਾ ਸਮਰਥਨ ਕੀਤਾ ਹੈ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਸਵ: ਸ੍ਰ. ਉਮਰਾਓ ਅਟਵਾਲ
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਆਪਣੇ ਹੀ ਲੋਕਾਂ 'ਤੇ ਤੋਪਾਂ ਬੀੜਨ ਵਾਲੀ ਇੰਦਰਾ ਸਰਕਾਰ ਅਤੇ ਜਨਰਲ ਸੁੰਦਰਜੀ ਇਤਿਹਾਸ ਦੇ ਕਟਹਿਰੇ ਵਿੱਚ

## ✪ ਜਨਰਲ ਸੁੰਦਰਜੀ ਦੀ ਰਣਨੀਤਕ ਅਸਫਲਤਾ: ਨਿਰਦੋਸ਼ ਸ਼ਰਧਾਲੂਆਂ 'ਤੇ ਟੈਂਕ ਚੜ੍ਹਾਉਣ ਦੀ ਕੀ ਸੀ ਮਜਬੂਰੀ?

ਨਿਊਜ਼ ਸਟੋਰੀ

ਦਰਬਾਰ ਸਾਹਿਬ (ਅੰਮ੍ਰਿਤਸਰ) 'ਤੇ ਜੂਨ 1984 ਵਿੱਚ ਹੋਇਆ ਫੌਜੀ ਹਮਲਾ ਸਿੱਖ ਮਾਨਸਿਕਤਾ ਅਤੇ ਇਤਿਹਾਸ ਦਾ ਉਹ ਬੇਹੱਦ ਦੁਖਦਾਈ ਅਤੇ ਕਦੇ ਨਾ ਭਰਨ ਵਾਲਾ ਜ਼ਖ਼ਮ ਹੈ, ਜਿਸ ਨੇ ਸਦੀਆਂ ਤੋਂ ਦੇਸ਼ ਦੀ ਰੱਖਿਆ ਲਈ ਮੋਹਰੀ ਰਹਿਣ ਵਾਲੀ ਇੱਕ ਦੇਸ਼-ਭਗਤ ਕੌਮ ਨੂੰ ਆਪਣੇ ਹੀ ਮੁਲਕ ਅੰਦਰ ਬੇਗਾਨਗੀ ਅਤੇ ਗਹਿਰੇ ਹਿਰਖ ਦਾ ਅਹਿਸਾਸ ਕਰਵਾਇਆ। ਇਹ ਸਿਆਸੀ ਨਾਕਾਮੀ, ਤਾਨਾਸ਼ਾਹੀ ਸੋਚ ਅਤੇ ਫੌਜੀ ਤਾਕਤ ਦੀ ਅੰਨ੍ਹੀ ਵਰਤੋਂ ਦਾ ਉਹ ਕਾਲਾ ਅਧਿਆਏ ਹੈ, ਜਿਸ ਦੀ ਜਵਾਬਦੇਹੀ ਤੋਂ ਤਤਕਾਲੀ ਇੰਦਰਾ ਗਾਂਧੀ ਸਰਕਾਰ ਅਤੇ ਇਸ ਕਾਰਵਾਈ ਦੀ ਅਗਵਾਈ ਕਰਨ ਵਾਲੀ ਫੌਜੀ ਕਮਾਂਡ (ਜਨਰਲ ਕੇ. ਸੁੰਦਰਜੀ) ਕਦੇ ਮੁਕਤ ਨਹੀਂ ਹੋ ਸਕਦੇ।

ਇੱਕ ਲੋਕਤੰਤਰ ਵਿੱਚ ਕਿਸੇ ਵੀ ਮਸਲੇ ਦਾ ਹੱਲ ਗੱਲਬਾਤ, ਰਾਜਨੀਤਕ ਪਹੁੰਚ ਅਤੇ ਸੰਵੇਦਨਸ਼ੀਲਤਾ ਨਾਲ ਕੱਢਿਆ ਜਾਣਾ ਲਾਜ਼ਮੀ ਹੁੰਦਾ ਹੈ। ਪਰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੇ ਸਿੱਖਾਂ ਦੀਆਂ ਜਾਇਜ਼ ਹੱਕੀ ਮੰਗਾਂ ਨੂੰ ਹੱਲ ਕਰਨ ਦੀ ਬਜਾਏ, ਸਮੁੱਚੇ ਘਟਨਾਕ੍ਰਮ ਨੂੰ ਇੱਕ ਅਜਿਹੇ ਮੋੜ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਜਿੱਥੇ ਫੌਜੀ ਕਾਰਵਾਈ ਨੂੰ ਹੀ ਇੱਕੋ-ਇੱਕ ਰਸਤਾ ਦਿਖਾਇਆ ਗਿਆ। ਸਿੱਖਾਂ ਦੇ ਸਰਵਉੱਚ ਅਸਥਾਨ 'ਤੇ ਤੋਪਾਂ ਅਤੇ ਟੈਂਕਾਂ ਨਾਲ ਹਮਲਾ ਕਰਨਾ ਕਿਸੇ ਵੀ ਤਰ੍ਹਾਂ ਇੱਕ ਸੁਚੱਜੀ ਸਰਕਾਰ ਦਾ ਫ਼ੈਸਲਾ ਨਹੀਂ ਸੀ, ਸਗੋਂ ਇਹ ਸਿੱਖ ਕੌਮ ਦੀ ਵੱਖਰੀ ਪਛਾਣ, ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸਵੈ-ਮਾਣ ਨੂੰ ਕੁਚਲਣ ਦੀ ਇੱਕ ਵੱਡੀ ਸਿਆਸੀ ਸਾਜ਼ਿਸ਼ ਦਾ ਹਿੱਸਾ ਪ੍ਰਤੀਤ ਹੁੰਦਾ ਸੀ।

ਇਸ ਕਾਰਵਾਈ ਦੀ ਰਣਨੀਤੀ ਘੜਨ ਅਤੇ ਇਸ ਨੂੰ ਅੰਜਾਮ ਦੇਣ ਵਾਲੇ ਪੱਛਮੀ ਕਮਾਂਡ ਦੇ ਮੁਖੀ ਜਨਰਲ ਕੇ. ਸੁੰਦਰਜੀ ਦੀ ਭੂਮਿਕਾ ਵੀ ਸਖ਼ਤ ਸਵਾਲਾਂ ਦੇ ਘੇਰੇ ਵਿੱਚ ਹੈ। ਭਾਵੇਂ ਫੌਜੀ ਅਧਿਕਾਰੀ ਇਸ ਨੂੰ 'ਡਿਊਟੀ' ਦਾ ਨਾਂ ਦਿੰਦੇ ਰਹੇ, ਪਰ ਇੱਕ ਅਜਿਹੇ ਪਵਿੱਤਰ ਅਸਥਾਨ 'ਤੇ ਜਿੱਥੇ ਹਜ਼ਾਰਾਂ ਨਿਰਦੋਸ਼ ਸ਼ਰਧਾਲੂ, ਬੱਚੇ ਅਤੇ ਔਰਤਾਂ ਮੌਜੂਦ ਸਨ, ਬਿਨਾਂ ਕਿਸੇ ਢੁਕਵੀਂ ਵਿਉਂਤਬੰਦੀ ਦੇ ਅੰਨ੍ਹੇਵਾਹ ਗੋਲੀਬਾਰੀ ਅਤੇ ਭਾਰੀ ਅਸਲੇ ਦੀ ਵਰਤੋਂ ਦੀ ਇਜਾਜ਼ਤ ਦੇਣਾ ਜਨਰਲ ਸੁੰਦਰਜੀ ਦੀ ਰਣਨੀਤਕ ਬੇਰਹਿਮੀ ਅਤੇ ਅਸਫਲਤਾ ਨੂੰ ਦਰਸਾਉਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨਾ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਅਨਮੋਲ ਇਤਿਹਾਸਕ ਸਰਮਾਏ ਨੂੰ ਸੁਆਹ ਕਰ ਦੇਣਾ ਸਿਰਫ਼ ਇੱਕ ਫੌਜੀ ਆਪ੍ਰੇਸ਼ਨ ਨਹੀਂ ਸੀ, ਸਗੋਂ ਇਹ ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਮਿਟਾਉਣ ਦੀ ਇੱਕ ਅਸਹਿ ਚੋਟ ਸੀ।

ਸਭ ਤੋਂ ਵੱਡਾ ਦੁਖਾਂਤ ਇਹ ਰਿਹਾ ਕਿ ਇਸ ਹਮਲੇ ਲਈ ਗੁਰਪੁਰਬ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ) ਦਾ ਦਿਨ ਚੁਣਿਆ ਗਿਆ, ਜਦੋਂ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ। ਇਸ ਕਾਰਵਾਈ ਨੇ ਸਿੱਧ ਕਰ ਦਿੱਤਾ ਕਿ ਦਿੱਲੀ ਦੇ ਹਾਕਮਾਂ ਅਤੇ ਫੌਜੀ



ਜਨਰਲਾਂ ਦੇ ਦਿਲਾਂ ਵਿੱਚ ਸਿੱਖਾਂ ਦੇ ਹੱਕਾਂ, ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਲਈ ਕੋਈ ਸਨਮਾਨ ਨਹੀਂ ਸੀ।

ਭਾਵੇਂ ਬਾਅਦ ਵਿੱਚ ਜਨਰਲ ਸੁੰਦਰਜੀ ਵਰਗੇ ਅਧਿਕਾਰੀ ਇਹ ਕਹਿ ਕੇ ਆਪਣਾ ਪੱਲਾ ਛੁਡਾਉਣ ਦੀ ਕੋਸ਼ਿਸ਼ ਕਰਦੇ ਰਹੇ। ਲੈਫਟੀਨੈਂਟ ਜਨਰਲ ਕੇ.ਐੱਸ. ਬਰਾੜ ਮੁਤਾਬਕ, ਸੁੰਦਰਜੀ ਦਾ ਮੰਨਣਾ ਸੀ ਕਿ ਫੌਜ ਦਰਬਾਰ ਸਾਹਿਬ ਵਿੱਚ ਗੁੱਸੇ ਨਾਲ ਨਹੀਂ, ਸਗੋਂ ਦੁਖੀ ਹਿਰਦੇ, ਬੁੱਲ੍ਹਾਂ 'ਤੇ ਪ੍ਰਾਰਥਨਾ ਅਤੇ ਦਿਲਾਂ ਵਿੱਚ ਨਿਮਰਤਾ ਲੈ ਕੇ ਇੱਕ ਫਰਜ਼ ਵਜੋਂ ਦਾਖਲ ਹੋਈ ਸੀ। ਹਾਲਾਂਕਿ, ਇਸ ਘਟਨਾ ਦੇ ਸਦਮੇ ਵਿੱਚੋਂ ਸੁੰਦਰ ਜੀ ਕਦੇ ਬਾਹਰ ਨਹੀਂ ਆ ਸਕੇ। ਉਨ੍ਹਾਂ ਦਾ ਕਹਿਣਾ ਸੀ ਕਿ ਸਾਨੂੰ ਆਪਣੇ ਹੀ ਲੋਕਾਂ ਵਿਰੁੱਧ ਲੜਨਾ ਪਿਆ" ਅਤੇ ਉਨ੍ਹਾਂ ਦਾ "ਹਾਸਾ ਗਾਇਬ ਹੋ ਗਿਆ", ਪਰ ਅਜਿਹੇ ਪਛਤਾਵੇ ਉਨ੍ਹਾਂ ਮਾਂਵਾਂ ਦੇ ਵੈਣਾਂ ਅਤੇ ਸਿੱਖ ਕੌਮ ਦੇ ਹਿਰਦੇ 'ਤੇ ਲੱਗੇ ਜ਼ਖ਼ਮਾਂ ਦੀ ਮਲ੍ਹਮ ਨਹੀਂ ਬਣ ਸਕਦੇ।

ਸਾਲ 1998 ਵਿੱਚ ਜਨਰਲ ਸੁੰਦਰਜੀ 'ਮੋਟਰ ਨਿਊਰੋਨ ਬਿਮਾਰੀ' (ਇੱਕ ਘਾਤਕ ਨਿਊਰੋਲੋਜੀਕਲ ਬਿਮਾਰੀ) ਦਾ ਸ਼ਿਕਾਰ ਹੋ ਗਏ। ਉਹ ਲਾਈਫ ਸਪੋਰਟ ਸਿਸਟਮ 'ਤੇ ਜ਼ਿੰਦਾ ਨਹੀਂ ਰਹਿਣਾ ਚਾਹੁੰਦੇ ਸਨ। ਆਪਣੀ ਮੌਤ ਤੋਂ ਪਹਿਲਾਂ, ਜਦੋਂ ਉਹ ਬੋਲਣ ਤੋਂ ਅਸਮਰੱਥ ਸਨ, ਉਨ੍ਹਾਂ ਨੇ ਕਾਗਜ਼ 'ਤੇ ਲਿਖ ਕੇ ਆਪਣੀ ਪਤਨੀ ਨੂੰ ਆਖ਼ਰੀ ਸੰਦੇਸ਼ ਦਿੱਤਾ ਸੀ- "Please let me go" (ਕਿਰਪਾ ਕਰਕੇ ਮੈਨੂੰ ਜਾਣ ਦਿਓ)।

ਆਖ਼ਰੀ ਸਮੇਂ ਤੱਕ ਪੂਰੀ ਤਰ੍ਹਾਂ ਹੋਸ਼ ਵਿੱਚ ਰਹਿੰਦਿਆਂ, ਅਖ਼ਬਾਰ ਪੜ੍ਹਦਿਆਂ ਅਤੇ ਟੀਵੀ 'ਤੇ ਕ੍ਰਿਕਟ ਦੇਖਦਿਆਂ, ਇਸ ਜਨਰਲ ਨੇ 8 ਫਰਵਰੀ 1999 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਦਿੱਤਾ।

ਇੰਦਰਾ ਸਰਕਾਰ ਦੀ ਸਿਆਸੀ ਅਭਿਲਾਸ਼ਾ ਅਤੇ ਜਨਰਲ ਸੁੰਦਰਜੀ ਦੀ ਫੌਜੀ ਹਉਮੈ ਨੇ ਦੇਸ਼ ਦੇ ਇਤਿਹਾਸ 'ਤੇ ਇੱਕ ਅਜਿਹਾ ਕਲੰਕ ਲਗਾਇਆ, ਜਿਸ ਦੀ ਨਿੰਦਾ ਹਰ ਇਨਸਾਫ਼-ਪਸੰਦ ਇਨਸਾਨ ਹਮੇਸ਼ਾ ਕਰਦਾ ਰਹੇਗਾ। ਸਿੱਖਾਂ ਦੇ ਹੱਕਾਂ ਅਤੇ ਧਾਰਮਿਕ ਅਸਥਾਨਾਂ ਦੀ ਹੁਰਮਤੀ ਕਰਨ ਵਾਲੀ ਇਸ ਤਾਨਾਸ਼ਾਹੀ ਕਾਰਵਾਈ ਨੂੰ ਇਤਿਹਾਸ ਕਦੇ ਮੁਆਫ਼ ਨਹੀਂ ਕਰੇਗਾ।

# ਲੁਧਿਆਣਾ 'ਚ ਡਿਜੀਟਲ ਠੱਗੀ ਦਾ ਨਵਾਂ ਪੈਟਰਨ

## ✪ ਮਨੀ ਟ੍ਰਾਂਸਫ਼ਰ ਦੁਕਾਨਦਾਰਾਂ ਨੂੰ ਨਿਸ਼ਾਨਾ ਬਣਾ ਰਿਹਾ ਐਕਟਿਵਾ ਸਵਾਰ ਸ਼ਾਤਰ ਠੱਗ

ਲੁਧਿਆਣਾ-ਮਹਾਨਗਰ ਲੁਧਿਆਣਾ ਵਿੱਚ ਇਨ੍ਹੀਂ ਦਿਨੀਂ ਇੱਕ ਬੇਹੱਦ ਸ਼ਾਤਰ ਦਿਮਾਗ ਠੱਗ ਸਰਗਰਮ ਹੈ, ਜਿਸ ਨੇ ਡਿਜੀਟਲ ਟ੍ਰਾਂਸਫਰ ਦੇ ਨਾਮ 'ਤੇ ਲੁੱਟ-ਖੋਹ ਦਾ ਨਵਾਂ ਤਰੀਕਾ ਲੱਭ ਲਿਆ ਹੈ। ਇਹ ਠੱਗ ਪਲਕ ਝਪਕਦੇ ਹੀ ਮਨੀ ਟ੍ਰਾਂਸਫਰ ਦੀਆਂ ਦੁਕਾਨਾਂ 'ਤੇ ਹੱਥ ਸਾਫ ਕਰ ਰਿਹਾ ਹੈ। ਖ਼ਾਸ ਕਰਕੇ ਸ਼ਿੰਗਾਰ ਸਿਨੇਮਾ ਰੋਡ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਇਸ ਐਕਟਿਵਾ ਸਵਾਰ ਅਪਰਾਧੀ ਨੇ ਦੁਕਾਨਦਾਰਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਤਾਜ਼ਾ ਮਾਮਲੇ ਵਿੱਚ, ਇਸ ਸ਼ਾਤਰ ਨੇ ਇੱਕ ਹੋਰ ਮਨੀ ਟ੍ਰਾਂਸਫਰ ਦੁਕਾਨਦਾਰ ਨੂੰ ਆਪਣੀਆਂ ਗੱਲਾਂ ਵਿੱਚ ਫਸਾ ਕੇ 10,000 ਰੁਪਏ ਦੀ ਚੂਨਾ ਲਗਾਇਆ ਅਤੇ ਬੜੀ ਆਸਾਨੀ ਨਾਲ ਫਰਾਰ ਹੋ ਗਿਆ। ਇਹ ਸਾਰੀ ਵਾਰਦਾਤ ਦੁਕਾਨ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ।

### 'ਮੈਂ ਕਿਤੇ ਭੱਜ ਨਹੀਂ ਚੱਲਿਆ' ਕਹਿ ਕੇ ਜਿੱਤਿਆ ਭਰੋਸਾ

ਪੀੜਤ ਦੁਕਾਨਦਾਰ ਅਮਨ ਸਭਰਵਾਲ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਘਟਨਾ ਦੀ ਪੂਰੀ ਕਹਾਣੀ ਬਿਆਨ ਕੀਤੀ ਹੈ। ਅਮਨ ਮੁਤਾਬਕ:ਵਾਰਦਾਤ ਦਾ ਸਮਾਂ: ਦੇਰ ਸ਼ਾਮ ਇੱਕ ਅਣਪਛਾਤਾ ਵਿਅਕਤੀ ਐਕਟਿਵਾ 'ਤੇ ਸਵਾਰ ਹੋ ਕੇ ਉਸ ਦੀ ਦੁਕਾਨ 'ਤੇ ਆਇਆ। ਉਸ ਨੇ ਬੜੇ ਭਰੋਸੇ ਨਾਲ ਆਪਣੇ ਖਾਤੇ ਵਿੱਚ 10,000 ਰੁਪਏ ਆਨਲਾਈਨ ਟ੍ਰਾਂਸਫਰ ਕਰਨ ਲਈ ਕਿਹਾ। ਜਦੋਂ ਅਮਨ ਨੇ ਸੁਰੱਖਿਆ ਵਜੋਂ ਪਹਿਲਾਂ ਨਕਦ ਪੈਸਿਆਂ ਦੀ ਮੰਗ ਕੀਤੀ, ਤਾਂ ਠੱਗ ਨੇ ਬੜੀ ਮਾਸੂਮੀਅਤ ਦਾ ਨਾਟਕ ਕਰਦਿਆਂ ਕਿਹਾ, "ਭਾਈ ਸਾਬ੍ਹ, ਮੈਂ ਕਿਤੇ ਭੱਜਿਆ ਨਹੀਂ ਜਾ ਰਿਹਾ, ਤੁਸੀਂ ਪੈਸੇ ਪਾ ਦਿਓ, ਮੈਂ ਇੱਥੇ ਹੀ ਖੜ੍ਹਾ ਹਾਂ।"




ਦੁਕਾਨਦਾਰ ਉਸ ਦੇ ਇਸ ਜਾਲ ਵਿੱਚ ਫਸ ਗਿਆ। ਜਿਵੇਂ ਹੀ ਅਮਨ ਨੇ ਪੈਸੇ ਟ੍ਰਾਂਸਫਰ ਕਰਕੇ ਮੋਬਾਈਲ 'ਤੇ ਸਕ੍ਰੀਨਸ਼ਾਟ ਦਿਖਾਇਆ, ਠੱਗ ਨੇ ਆਪਣਾ ਅਸਲੀ ਰੰਗ ਦਿਖਾਉਂਦਿਆਂ ਜੇਬਾਂ ਫਰੋਲਣ ਦਾ ਡਰਾਮਾ ਸ਼ੁਰੂ ਕਰ ਦਿੱਤਾ।

ਠੱਗ ਨੇ ਜੇਬ ਵਿੱਚ ਪੈਸੇ ਨਾ ਹੋਣ ਦਾ ਬਹਾਨਾ ਬਣਾਇਆ ਅਤੇ ਕਿਹਾ ਕਿ ਉਹ ਆਪਣੀ ਐਕਟਿਵਾ ਦੀ ਡਿੱਗੀ ਵਿੱਚੋਂ ਪੈਸੇ ਕੱਢ ਕੇ ਹੁਣੇ ਦਿੰਦਾ ਹੈ। ਸ਼ਾਤਰ ਅਪਰਾਧੀ ਨੇ ਆਪਣੀ ਐਕਟਿਵਾ ਪਹਿਲਾਂ ਹੀ ਸਟਾਰਟ ਛੱਡੀ ਹੋਈ ਸੀ। ਜਿਵੇਂ ਹੀ ਉਹ ਡਿੱਗੀ ਕੋਲ ਪਹੁੰਚਿਆ, ਪੈਸੇ ਕੱਢਣ ਦੀ ਬਜਾਏ ਉਹ ਤੁਰੰਤ ਐਕਟਿਵਾ 'ਤੇ ਸਵਾਰ ਹੋਇਆ ਅਤੇ ਤੇਜ਼ੀ ਨਾਲ ਰਫੂਚੱਕਰ ਹੋ ਗਿਆ। ਦੁਕਾਨਦਾਰ ਨੇ ਪਿੱਛਾ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।

### ਪਹਿਲਾਂ ਵੀ ਕਈ ਦੁਕਾਨਦਾਰਾਂ ਨੂੰ ਬਣਾ ਚੁੱਕਾ ਹੈ ਸ਼ਿਕਾਰ

ਇਸ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਇਲਾਕੇ ਦੇ ਇੱਕ ਹੋਰ ਮਨੀ ਟ੍ਰਾਂਸਫਰ ਦੁਕਾਨਦਾਰ ਸਚਿਨ ਨੇ ਵੱਡਾ ਖੁਲਾਸਾ ਕੀਤਾ ਹੈ। ਸਚਿਨ ਮੁਤਾਬਕ ਮਹਿਜ਼ 3-4 ਦਿਨ ਪਹਿਲਾਂ ਇਹੀ ਠੱਗ ਉਸ ਦੀ ਦੁਕਾਨ 'ਤੇ ਵੀ ਆਇਆ ਸੀ ਅਤੇ ਬਿਲਕੁਲ ਇਸੇ ਤਰ੍ਹਾਂ ਝਾਂਸਾ ਦੇ ਕੇ 10,000 ਰੁਪਏ ਆਨਲਾਈਨ ਪਵਾ ਕੇ ਫਰਾਰ ਹੋ ਗਿਆ ਸੀ।

ਪੁਲਸ ਕਾਰਵਾਈ: ਇਸ ਲਗਾਤਾਰ ਹੋ ਰਹੀ ਠੱਗੀ ਤੋਂ ਬਾਅਦ ਸਥਾਨਕ ਪੁਲਸ ਹਰਕਤ ਵਿੱਚ ਆ ਗਈ ਹੈ। ਪੁਲਸ ਨੇ ਘਟਨਾ ਵਾਲੀ ਥਾਂ ਦੇ ਆਸ-ਪਾਸ ਦੀ ਸੀ.ਸੀ.ਟੀ.ਵੀ. ਫੁਟੇਜ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਠੱਗ ਦੇ ਸਕੂਟਰ ਦੇ ਨੰਬਰ ਤੇ ਹੁਲੀਏ ਦੇ ਆਧਾਰ 'ਤੇ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਭਾਈ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਪਟੀਸ਼ਨ 'ਤੇ ਹਾਈ ਕੋਰਟ ਵੱਲੋਂ ਦਿੱਲੀ ਜੇਲ੍ਹ ਪ੍ਰਸ਼ਾਸਨ ਨੂੰ ਮੁੜ ਨੋਟਿਸ

## ✪ ਮਾਮਲਾ ਬੇਅੰਤ ਸਿੰਘ ਹੱਤਿਆਕਾਂਡ ਦਾ ✪ 6 ਜੁਲਾਈ ਨੂੰ ਹੋਵੇਗੀ ਅਗਲੀ ਸੁਣਵਾਈ; ਸੀਬੀਆਈ ਨੇ ਪੈਰੋਲ ਦਾ ਕੀਤਾ ਤਿੱਖਾ ਵਿਰੋਧ




ਚੰਡੀਗੜ੍ਹ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆਕਾਂਡ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਭਾਈ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਅਦਾਲਤ ਨੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ ਡਾਇਰੈਕਟਰ ਜਨਰਲ ਨੂੰ ਨਵੇਂ ਸਿਰੇ ਤੋਂ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ। ਇਹ ਕਦਮ ਇਸ ਲਈ ਚੁੱਕਿਆ ਗਿਆ ਕਿਉਂਕਿ ਪਹਿਲਾਂ ਜਾਰੀ ਕੀਤੇ ਨੋਟਿਸ ਦੇ ਬਾਵਜੂਦ ਦਿੱਲੀ ਜੇਲ੍ਹ ਪ੍ਰਸ਼ਾਸਨ ਵੱਲੋਂ ਹਾਲੇ ਤੱਕ ਕੋਈ ਜਵਾਬ ਦਾਖ਼ਲ ਨਹੀਂ ਕੀਤਾ ਗਿਆ ਸੀ। ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਗਿਆ ਕਿ ਚੰਡੀਗੜ੍ਹ ਪ੍ਰਸ਼ਾਸਨ ਅਤੇ ਸੀਬੀਆਈ ਪਹਿਲਾਂ ਹੀ ਆਪਣੇ-ਆਪਣੇ ਜਵਾਬ ਦਾਖ਼ਲ ਕਰ ਚੁੱਕੇ ਹਨ। ਦਿੱਲੀ ਪ੍ਰਸ਼ਾਸਨ ਵੱਲੋਂ ਜਵਾਬ ਨਾ ਆਉਣ ਕਾਰਨ ਹਾਈ ਕੋਰਟ ਨੇ ਹੁਣ ਅਗਲੀ ਸੁਣਵਾਈ 6 ਜੁਲਾਈ ਲਈ ਨਿਰਧਾਰਤ ਕਰ ਦਿੱਤੀ ਹੈ।

### ਭਾਈ ਹਵਾਰਾ ਦੀ ਦਲੀਲ: ਬਿਮਾਰ ਮਾਂ ਦੀ ਦੇਖਭਾਲ ਲਈ ਚਾਹੀਦੀ ਹੈ ਪੈਰੋਲ

ਭਾਈ ਜਗਤਾਰ ਸਿੰਘ ਹਵਾਰਾ ਨੇ ਆਪਣੀ ਬਜ਼ੁਰਗ ਅਤੇ ਬਿਮਾਰ ਮਾਂ ਦੀ ਦੇਖਭਾਲ ਦਾ ਹਵਾਲਾ ਦਿੰਦੇ ਹੋਏ ਚਾਰ ਹਫ਼ਤਿਆਂ ਦੀ ਪੈਰੋਲ ਮੰਗੀ ਹੈ। ਆਪਣੀ ਪਟੀਸ਼ਨ ਵਿੱਚ ਉਸਨੇ ਦਲੀਲ ਦਿੱਤੀ ਹੈ ਕਿ ਉਹ ਪਿਛਲੇ ਲਗਭਗ 28 ਸਾਲ 9 ਮਹੀਨਿਆਂ ਤੋਂ ਜੇਲ੍ਹ ਵਿੱਚ ਬੰਦ ਹੈ।

ਇਸ ਲੰਬੇ ਸਮੇਂ ਦੌਰਾਨ ਉਸਨੇ ਕਦੇ ਵੀ ਪੈਰੋਲ ਦੀ ਮੰਗ ਨਹੀਂ ਕੀਤੀ। ਉਸਦੇ ਜੱਦੀ ਪਿੰਡ ਹਵਾਰਾ ਕਲਾਂ (ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਦੀ ਪੰਚਾਇਤ ਨੇ ਵੀ ਉਸਨੂੰ ਪੈਰੋਲ ਦਿੱਤੇ ਜਾਣ ਦੇ ਪੱਖ ਵਿੱਚ ਸਹਿਮਤੀ ਜਤਾਈ ਹੈ। ਇਸ ਲਈ ਮਾਨਵੀ ਆਧਾਰ 'ਤੇ ਉਸ ਨੂੰ ਅਸਥਾਈ ਰਿਹਾਈ ਮਿਲਣੀ ਚਾਹੀਦੀ ਹੈ।

### ਸੀਬੀਆਈ ਦਾ ਜ਼ੋਰਦਾਰ ਵਿਰੋਧ: ਫਰਾਰ ਹੋਣ ਦਾ ਖ਼ਤਰਾ

ਦੂਜੇ ਪਾਸੇ, ਕੇਂਦਰੀ ਜਾਂਚ ਏਜੰਸੀ ਨੇ ਹਾਈ ਕੋਰਟ ਵਿੱਚ ਜਵਾਬ ਦਾਖ਼ਲ ਕਰਕੇ ਹਵਾਰਾ ਦੀ ਪੈਰੋਲ ਦਾ ਤਿੱਖਾ ਵਿਰੋਧ ਕੀਤਾ ਹੈ। ਸੀਬੀਆਈ ਨੇ ਅਦਾਲਤ ਅੱਗੇ ਹੇਠ ਲਿਖੇ ਨੁਕਤੇ ਰੱਖੇ:

ਜੇਲ੍ਹ ਤੋੜਨ ਦਾ ਪਿਛਲਾ ਰਿਕਾਰਡ: ਹਵਾਰਾ ਸਾਲ 2004 ਵਿੱਚ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿੱਚੋਂ ਆਪਣੇ ਸਾਥੀਆਂ ਸਮੇਤ ਸੁਰੰਗ ਪੁੱਟ ਕੇ ਫਰਾਰ ਹੋ ਚੁੱਕਾ ਹੈ, ਜਿਸਨੂੰ ਲਗਭਗ ਇੱਕ ਸਾਲ ਬਾਅਦ ਮੁੜ ਗ੍ਰਿਫ਼ਤਾਰ ਕੀਤਾ ਗਿਆ ਸੀ। ਅਜਿਹੇ ਵਿੱਚ ਉਸਦੇ ਫਰਾਰ ਹੋਣ ਦਾ ਗੰਭੀਰ ਖਦਸ਼ਾ ਹੈ।

ਖਾੜਕੂ ਸੰਗਠਨਾਂ ਨਾਲ ਸਬੰਧ: ਭਾਈ ਹਵਾਰਾ ਦਾ ਸਬੰਧ ਪਾਬੰਦੀਸ਼ੁਦਾ ਸੰਗਠਨ 'ਬੱਬਰ ਖਾਲਸਾ ਇੰਟਰਨੈਸ਼ਨਲ' ਨਾਲ ਰਿਹਾ ਹੈ। ਪੈਰੋਲ ਮਿਲਣ 'ਤੇ ਉਸਦੇ ਦੁਬਾਰਾ ਵੱਖਵਾਦੀ ਅੰਸ਼ਾਂ ਦੇ ਸੰਪਰਕ ਵਿੱਚ ਆਉਣ ਦੇ ਖ਼ਤਰੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

### ਚੰਡੀਗੜ੍ਹ ਪ੍ਰਸ਼ਾਸਨ ਦਾ ਪੱਖ

ਚੰਡੀਗੜ੍ਹ ਪ੍ਰਸ਼ਾਸਨ ਨੇ ਆਪਣੇ ਜਵਾਬ ਵਿੱਚ ਸਪੱਸ਼ਟ ਕੀਤਾ ਹੈ ਕਿ ਜਗਤਾਰ ਸਿੰਘ ਹਵਾਰਾ ਫਿਲਹਾਲ ਦਿੱਲੀ ਦੀ ਮੰਡੋਲੀ ਜੇਲ੍ਹ ਵਿੱਚ ਬੰਦ ਹੈ। ਇਸ ਲਈ ਉਸਦੀ ਪੈਰੋਲ ਸਬੰਧੀ ਕਿਸੇ ਵੀ ਮੰਗ 'ਤੇ ਵਿਚਾਰ ਕਰਨ ਦਾ ਅਧਿਕਾਰ ਖੇਤਰ ਦਿੱਲੀ ਪ੍ਰਸ਼ਾਸਨ ਅਤੇ ਉੱਥੋਂ ਦੀ ਜੇਲ੍ਹ ਅਥਾਰਟੀ ਕੋਲ ਹੈ, ਨਾ ਕਿ ਚੰਡੀਗੜ੍ਹ ਪ੍ਰਸ਼ਾਸਨ ਕੋਲ।

ਅਗਲਾ ਕਦਮ: ਹੁਣ ਹਾਈ ਕੋਰਟ 6 ਜੁਲਾਈ ਨੂੰ ਹੋਣ ਵਾਲੀ ਅਗਲੀ ਸੁਣਵਾਈ ਦੌਰਾਨ, ਦਿੱਲੀ ਜੇਲ੍ਹ ਪ੍ਰਸ਼ਾਸਨ ਸਮੇਤ ਸਾਰੀਆਂ ਧਿਰਾਂ ਦੇ ਜਵਾਬਾਂ ਨੂੰ ਦੇਖਦੇ ਹੋਏ ਇਸ ਪੈਰੋਲ ਪਟੀਸ਼ਨ 'ਤੇ ਅੰਤਿਮ ਫੈਸਲਾ ਲਵੇਗੀ।

## ਬੀਐਸਐਫ ਤੇ ਪੁਲਿਸ ਦੀ ਵੱਡੀ ਕਾਰਵਾਈ

# 20 ਕਿਲੋ ਹੈਰੋਇਨ ਤੇ ਵਿਦੇਸ਼ੀ ਹਥਿਆਰਾਂ ਸਮੇਤ 2 ਤਸਕਰ ਗ੍ਰਿਫ਼ਤਾਰ

ਅੰਮ੍ਰਿਤਸਰ-ਪੰਜਾਬ ਵਿੱਚ ਨਸ਼ਾ ਤਸਕਰਾਂ ਅਤੇ ਦੇਸ਼ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਸੀਮਾ ਸੁਰੱਖਿਆ ਬਲ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਸੁਰੱਖਿਆ ਬਲਾਂ ਨੇ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀ ਗਈ ਕਰੀਬ 20 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਦੇ ਨਾਲ ਹੀ ਪੁਲਿਸ ਨੇ ਨਸ਼ਾ ਅਤੇ ਹਥਿਆਰ ਸਪਲਾਈ ਕਰਨ ਵਾਲੇ ਗਿਰੋਹ ਦੇ ਦੋ ਸਰਗਰਮ ਮੈਂਬਰਾਂ ਨੂੰ 6 ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ ਪਾਕਿਸਤਾਨੀ ਤਸਕਰਾਂ ਵੱਲੋਂ ਭਾਰਤੀ ਸਰਹੱਦ ਅੰਦਰ ਡਰੋਨ ਰਾਹੀਂ ਨਸ਼ੇ ਦੀ ਖੇਪ ਸੁੱਟੀ ਗਈ ਸੀ। ਖੁਫੀਆ ਇਨਪੁਟਸ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ: ਬੀਓਪੀ ਰਾਮਕੋਟ ਬੀਐੱਸਐੱਫ ਨੇ ਪਾਕਿਸਤਾਨੀ ਡਰੋਨ ਰਾਹੀਂ ਸੁੱਟੀ ਗਈ 11 ਕਿਲੋ ਹੈਰੋਇਨ ਦੀ ਖੇਪ ਬਰਾਮਦ ਕੀਤੀ।

ਬੀਐੱਸਐੱਫ ਦੀ 100 ਬਟਾਲੀਅਨ ਨੇ ਮੁਸਤੈਦੀ ਦਿਖਾਉਂਦੇ ਹੋਏ ਸਰਹੱਦ ਨੇੜਿਓਂ 6.700 ਕਿਲੋ ਹੈਰੋਇਨ ਹੋਰ ਜ਼ਬਤ ਕੀਤੀ।

ਇਹ ਦੋਵੇਂ ਖੇਪਾਂ ਭਾਰਤੀ ਤਸਕਰਾਂ ਵੱਲੋਂ ਅੱਗੇ ਸਪਲਾਈ ਕਰਨ ਲਈ ਚੁੱਕੀਆਂ ਜਾਣੀਆਂ ਸਨ, ਪਰ ਸੁਰੱਖਿਆ ਬਲਾਂ ਨੇ ਉਨ੍ਹਾਂ ਦੇ ਮਨਸੂਬਿਆਂ 'ਤੇ ਪਾਣੀ ਫੇਰ ਦਿੱਤਾ।

ਇਸੇ ਦੌਰਾਨ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਦੇ ਨਾਰਕੋਟਿਕਸ ਸੈੱਲ ਨੇ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰਕੇ ਦੋ ਮੁਲਜ਼ਮਾਂ ਨੂੰ



ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਸੁਖਦੇਵ ਸਿੰਘ ਉਰਫ਼ ਸੁੱਖ (ਵਾਸੀ ਪਿੰਡ ਚੀਚਾ, ਥਾਣਾ ਘਰਿੰਡਾ) ਅਤੇ ਹਰਜਿੰਦਰ ਸਿੰਘ (ਵਾਸੀ ਪਿੰਡ ਲੋਧੀ ਗੁੱਜਰ, ਥਾਣਾ ਲੋਪੋਕੇ) ਵਜੋਂ ਹੋਈ ਹੈ।

ਪੁਲਿਸ ਨੇ ਇਹਨਾਂ ਮੁਲਜ਼ਮਾਂ ਕੋਲੋਂ ਸਵਾ ਦੋ ਕਿਲੋ (2.25 ਕਿਲੋ) ਹੈਰੋਇਨ, 6 ਵਿਦੇਸ਼ੀ ਪਿਸਤੌਲ ਅਤੇ 6 ਮੈਗਜ਼ੀਨ ਬਰਾਮਦ ਕੀਤੇ ਹਨ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਖ਼ਿਲਾਫ਼ ਅਸਲਾ ਐਕਟ ਅਤੇ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

## ਅੰਮ੍ਰਿਤਸਰ ਵਿਚ ਮਿਲਾਵਟਖੋਰੀ ਖ਼ਿਲਾਫ਼ ਵੱਡੀ ਕਾਰਵਾਈ

# ਫੂਡ ਸੇਫਟੀ ਵਿਭਾਗ ਵੱਲੋਂ 7 ਕੁਇੰਟਲ ਸ਼ੱਕੀ ਦੇਸੀ ਘਿਓ ਜ਼ਬਤ

ਅੰਮ੍ਰਿਤਸਰ-ਪੰਜਾਬ ਵਿੱਚ ਮਿਲਾਵਟਖੋਰਾਂ ਖ਼ਿਲਾਫ਼ ਵਿੱਢੀ ਗਈ ਸਖ਼ਤ ਮੁਹਿੰਮ ਦੇ ਤਹਿਤ ਫੂਡ ਸੇਫਟੀ ਵਿਭਾਗ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਵਿਭਾਗ ਦੀ ਟੀਮ ਨੇ ਅੰਮ੍ਰਿਤਸਰ ਦੇ ਸਥਾਨਕ ਰਾਮ ਬਾਗ ਇਲਾਕੇ ਵਿੱਚ ਛਾਪੇਮਾਰੀ ਕਰਕੇ ਇੱਕ ਡੇਅਰੀ ਤੋਂ ਭਾਰੀ ਮਾਤਰਾ ਵਿੱਚ ਸ਼ੱਕੀ ਦੇਸੀ ਘਿਓ ਅਤੇ ਪਨੀਰ ਬਰਾਮਦ ਕੀਤਾ ਹੈ। ਇਹ ਕਾਰਵਾਈ ਪਿਛਲੇ ਇੱਕ ਮਹੀਨੇ ਤੋਂ ਮਿਲਾਵਟਖੋਰਾਂ 'ਤੇ ਕੱਸੇ ਜਾ ਰਹੇ ਸ਼ਿਕੰਜੇ ਦੀ ਲੜੀ ਦਾ ਹਿੱਸਾ ਹੈ। ਵਿਭਾਗ ਨੂੰ ਰਾਮ ਬਾਗ ਸਥਿਤ 'ਸੋਨੂ ਡੇਅਰੀ' ਬਾਰੇ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ। ਇਨ੍ਹਾਂ ਸ਼ਿਕਾਇਤਾਂ ਦੇ ਆਧਾਰ 'ਤੇ ਐੱਫ.ਐੱਸ.ਓ. ਮੈਡਮ ਰਜਨੀ ਅਤੇ ਉਨ੍ਹਾਂ ਦੀ ਟੀਮ ਨੇ ਅਚਨਚੇਤ ਦਬਿਸ਼ ਦਿੱਤੀ। ਚੈਕਿੰਗ ਦੌਰਾਨ ਟੀਮ ਨੇ ਹਰਿਆਣਾ ਤੋਂ ਸਪਲਾਈ ਹੋ ਕੇ ਆਇਆ ਕਰੀਬ 7 ਕੁਇੰਟਲ 'ਪ੍ਰਭੂ ਮਾਰਕਾ' ਦੇਸੀ ਘਿਓ ਆਪਣੇ ਕਬਜ਼ੇ ਵਿੱਚ ਲੈ ਲਿਆ।

ਸਹਾਇਕ ਕਮਿਸ਼ਨਰ ਫੂਡ ਰਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਜਦੋਂ ਡੇਅਰੀ ਸੰਚਾਲਕ ਕੋਲੋਂ ਘਿਓ ਦੇ ਬਿੱਲ ਮੰਗੇ ਗਏ ਤਾਂ ਉਸ ਵਿੱਚ ਘਿਓ ਦੀ ਕੀਮਤ ਆਮ ਮਾਰਕੀਟ ਰੇਟ ਨਾਲੋਂ ਬਹੁਤ ਜ਼ਿਆਦਾ ਘੱਟ ਦਰਸਾਈ ਗਈ ਸੀ। ਇੰਨੀ ਘੱਟ ਕੀਮਤ ਹੋਣ ਕਾਰਨ ਵਿਭਾਗ ਨੂੰ ਇਸ ਵਿੱਚ ਵੱਡੀ ਸਤਰ 'ਤੇ ਮਿਲਾਵਟ ਹੋਣ ਦਾ ਖ਼ਦਸ਼ਾ ਪੈਦਾ ਹੋਇਆ।

ਵਿਭਾਗ ਦੀ ਅਗਲੀ ਕਾਰਵਾਈ-ਟੀਮ ਵੱਲੋਂ ਮੌਕੇ 'ਤੇ ਹੀ ਦੇਸੀ ਘਿਓ ਅਤੇ ਉੱਥੇ ਮੌਜੂਦ ਪਨੀਰ ਦੇ ਸੈਂਪਲ ਭਰ ਕੇ ਜਾਂਚ ਲਈ ਲੈਬਾਰਟਰੀ ਭੇਜ ਦਿੱਤੇ ਗਏ ਹਨ। ਜੇਕਰ ਲੈਬ ਦੀ ਰਿਪੋਰਟ ਵਿੱਚ ਮਿਲਾਵਟ ਦੀ ਪੁਸ਼ਟੀ ਹੁੰਦੀ ਹੈ, ਤਾਂ ਜ਼ਬਤ ਕੀਤਾ ਗਿਆ ਸਾਰਾ ਸਟਾਕ ਤੁਰੰਤ ਨਸ਼ਟ ਕਰ ਦਿੱਤਾ ਜਾਵੇਗਾ।

ਸਹਾਇਕ ਕਮਿਸ਼ਨਰ ਨੇ ਦੱਸਿਆ ਕਿ ਇਹ ਕਾਰਵਾਈ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਦੀ ਕਮਿਸ਼ਨਰ ਮੈਡਮ ਕਵਲਜੀਤ ਕੌਰ ਬਰਾੜ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਤੇ ਸਿਵਲ ਸਰਜਨ ਦੇ ਆਦੇਸ਼ਾਂ 'ਤੇ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਗਰਮੀਆਂ ਦੇ ਮੌਸਮ ਵਿੱਚ ਦੁੱਧ, ਦਹੀਂ, ਪਨੀਰ ਅਤੇ ਮਠਿਆਈਆਂ ਦੀ ਮੰਗ ਕਾਫੀ ਵਧ ਜਾਂਦੀ ਹੈ। ਮੰਗ ਦੀ ਆੜ ਵਿੱਚ ਕੁਝ ਮਿਲਾਵਟਖੋਰ ਕਈ ਤਰ੍ਹਾਂ ਦੇ ਖ਼ਤਰਨਾਕ ਰਸਾਇਣ ਮਿਲਾ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ, ਜਿਸ ਕਾਰਨ ਤੜਕਸਾਰ ਅਚਨਚੇਤ ਚੈਕਿੰਗਾਂ ਕੀਤੀਆਂ ਜਾ ਰਹੀਆਂ ਹਨ।

ਵਿਭਾਗ ਨੇ ਜ਼ਿਲ੍ਹੇ ਦੇ ਸਾਰੇ ਹਲਵਾਈਆਂ, ਡੇਅਰੀ ਮਾਲਕਾਂ ਅਤੇ ਖਾਧ ਪਦਾਰਥ ਵੇਚਣ ਵਾਲਿਆਂ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕੀਤੀ ਹੈ ਕਿ ਜੇਕਰ ਕੋਈ ਵੀ ਕਾਲਾਬਾਜ਼ਾਰੀ ਜਾਂ ਮਿਲਾਵਟਖੋਰੀ ਕਰਦਾ ਫੜਿਆ ਗਿਆ, ਤਾਂ ਉਸ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪੰਜਾਬ ਵਿੱਚ ਵਧਦਾ ਅਪਰਾਧ ਅਤੇ ਦਹਿਸ਼ਤ ਦਾ ਮਾਹੌਲ

## ਖਾਸ ਖਬਰ ✪ ਪੁਲਿਸ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਦਿਨ-ਦਿਹਾੜੇ ਵਾਰਦਾਤਾਂ ਜਾਰੀ

ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਚਿੰਤਾਜਨਕ ਹੁੰਦੀ ਜਾ ਰਹੀ ਹੈ। ਪਿਛਲੇ ਦਿਨੀਂ ਜ਼ਿਲ੍ਹਾ ਗੁਰਦਾਸਪੁਰ ਦੇ ਕਸਬੇ ਕਲਾਨੌਰ ਵਿੱਚ ਇੱਕ ਹਸਪਤਾਲ 'ਤੇ ਦੁਪਹਿਰ ਸਮੇਂ ਗ੍ਰਨੇਡ ਸੁੱਟਣ ਦੀ ਸਨਸਨੀਖੇਜ਼ ਵਾਰਦਾਤ ਸਾਹਮਣੇ ਆਈ ਹੈ। ਹਾਲਾਂਕਿ ਇਸ ਹਮਲੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਕੁਝ ਹੀ ਘੰਟਿਆਂ ਵਿੱਚ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਡਾਇਰੈਕਟਰ ਜਨਰਲ ਪੁਲਿਸ ਗੌਰਵ ਯਾਦਵ ਨੇ ਦੱਸਿਆ ਕਿ ਗੁਰਦਾਸਪੁਰ ਪੁਲਿਸ ਅਤੇ ਕਾਊਂਟਰ ਇੰਟੈਲੀਜੈਂਸ ਵਿੰਗ ਦੀ ਸਾਂਝੀ ਟੀਮ ਨੇ ਇਸ ਮਾਮਲੇ ਨੂੰ ਹੱਲ ਕਰ ਲਿਆ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਵਾਰਦਾਤ ਪਿੱਛੇ ਇੱਕ ਵਿਦੇਸ਼ੀ ਹੈਂਡਲਰ (ਸਾਜਿਸ਼ਘਾੜੇ) ਦਾ ਹੱਥ ਸੀ।

ਸਬੰਧਿਤ ਹਸਪਤਾਲ ਦੇ ਡਾਕਟਰ ਮੁਤਾਬਕ, ਉਨ੍ਹਾਂ ਨੂੰ ਪਿਛਲੇ ਇੱਕ ਸਾਲ ਤੋਂ ਫਿਰੌਤੀ ਲਈ ਧਮਕੀ ਭਰੇ ਫੋਨ ਆ ਰਹੇ ਸਨ ਅਤੇ ਫਿਰੌਤੀ ਨਾ ਮਿਲਣ ਕਾਰਨ ਹੀ ਦਹਿਸ਼ਤ ਫੈਲਾਉਣ ਦੇ ਮਕਸਦ ਨਾਲ ਇਹ ਬੰਬ ਹਮਲਾ ਕੀਤਾ ਗਿਆ।



### ਸੂਬੇ ਭਰ ਵਿੱਚ ਅਪਰਾਧੀਆਂ ਦੇ ਹੌਸਲੇ ਬੁਲੰਦ, ਦਿਨ-ਦਿਹਾੜੇ ਕਤਲ ਅਤੇ ਲੁੱਟ-ਖੋਹ

ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਰੋਜ਼ਾਨਾ ਅਜਿਹੀਆਂ ਦਹਿਸ਼ਤਗਰਦੀ ਅਤੇ ਅਪਰਾਧ ਦੀਆਂ ਖ਼ਬਰਾਂ ਆ ਰਹੀਆਂ ਹਨ, ਜੋ ਪ੍ਰਸ਼ਾਸਨ ਲਈ ਵੱਡੀ ਚੁਣੌਤੀ ਬਣ ਚੁੱਕੀਆਂ ਹਨ:

ਫ਼ਿਰੋਜ਼ਪੁਰ (ਮੱਖੂ) ਵਿਖੇ ਇੱਕ ਕਰਿਆਨਾ ਸਟੋਰ ਦੇ ਮਾਲਕ ਦੀ ਭਰੇ ਬਾਜ਼ਾਰ ਵਿੱਚ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਅੰਮ੍ਰਿਤਸਰ (ਜੰਡਿਆਲਾ) ਵਿਖੇ ਇੱਕ ਪਿੰਡ ਨੇੜੇ ਡਿਊਟੀ 'ਤੇ ਤਾਇਨਾਤ ਸਰਕਾਰੀ ਅਧਿਆਪਕ ਦਾ ਕਤਲ ਕਰ ਦਿੱਤਾ ਗਿਆ।

ਮਜੀਠਾ: ਡਿਊਟੀ 'ਤੇ ਜਾ ਰਹੇ ਪੰਜਾਬ ਪੁਲਿਸ ਦੇ ਇੱਕ ਏ.ਐਸ.ਆਈ. ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਲੁਧਿਆਣਾ ਵਿੱਚ ਇੱਕ ਬਜ਼ੁਰਗ ਜੋੜੇ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ, ਜਦਕਿ ਜਲੰਧਰ ਵਿੱਚ ਇੱਕ ਆਰ.ਟੀ.ਆਈ. ਕਾਰਕੁੰਨ ਨੂੰ ਦਿਨ-ਦਿਹਾੜੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਮਸ਼ਹੂਰ ਗਾਇਕਾ ਯਸ਼ਇੰਦਰ ਕੌਰ ਉਰਫ਼ ਇੰਦਰ ਕੌਰ ਦਾ ਕਤਲ ਕਰਕੇ ਲਾਸ਼ ਨਹਿਰ ਵਿੱਚ ਸੁੱਟਣ ਦੀ ਖ਼ਬਰ ਨੇ ਵੀ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਇਸ ਤੋਂ ਇਲਾਵਾ ਵੱਡੀਆਂ ਸ਼ਹਿਰਾਂ ਵਿੱਚ ਔਰਤਾਂ ਤੋਂ ਮੋਬਾਈਲ, ਨਕਦੀ ਅਤੇ ਸੋਨੇ ਦੇ ਗਹਿਣੇ ਖੋਹਣ ਦੀਆਂ ਵਾਰਦਾਤਾਂ ਵਧਣ ਕਾਰਨ ਬਾਜ਼ਾਰਾਂ ਵਿੱਚ ਸਹਿਮ ਦਾ ਮਾਹੌਲ ਹੈ। ਘਰਾਂ ਦੇ ਤਾਲੇ ਤੋੜਨੇ ਅਤੇ ਖੜ੍ਹੀਆਂ ਕਾਰਾਂ ਦੇ ਸ਼ੀਸ਼ੇ ਤੋੜ ਕੇ ਸਾਮਾਨ ਚੋਰੀ ਕਰਨਾ ਹੁਣ ਆਮ ਗੱਲ ਹੋ ਗਈ ਹੈ।

ਦੂਜੇ ਪਾਸੇ, ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਉਹ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਵੱਡੀ ਮੁਹਿੰਮ ਚਲਾ ਰਹੀ ਹੈ। ਪੁਲਿਸ ਵੱਲੋਂ ਜਾਰੀ ਅੰਕੜਿਆਂ ਅਨੁਸਾਰ:ਪਿਛਲੇ 4 ਮਹੀਨਿਆਂ ਵਿੱਚ 27 ਕਿੱਲੋ ਨਸ਼ੀਲੇ ਪਦਾਰਥ, ਦਰਜਨਾਂ ਪਿਸਤੌਲਾਂ ਅਤੇ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਗਈ ਹੈ।

ਗੈਂਗਸਟਰਾਂ ਵਿਰੁੱਧ ਚੱਲ ਰਹੀ 134 ਦਿਨਾਂ ਦੀ ਮੁਹਿੰਮ ਤਹਿਤ ਬੀਤੇ ਦਿਨ 526 ਟਿਕਾਣਿਆਂ 'ਤੇ ਛਾਪੇਮਾਰੀ ਕਰਕੇ 272 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 33,612 ਤੱਕ ਪਹੁੰਚ ਗਈ ਹੈ।

ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦੇ 459ਵੇਂ ਦਿਨ 71 ਹੋਰ ਨਸ਼ਾ ਤਸਕਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਮਾਹਰਾਂ ਦੀ ਰਾਇ ਅਨੁਸਾਰ ਬਿਨਾਂ ਸ਼ੱਕ ਪੁਲਿਸ ਯਤਨ ਕਰ ਰਹੀ ਹੈ, ਪਰ ਸਥਿਤੀ ਅਜੇ ਵੀ ਬੇਹੱਦ ਗੰਭੀਰ ਹੈ। ਹਥਿਆਰਾਂ-ਗ੍ਰਨੇਡਾਂ ਦਾ ਚੱਲਣਾ ਅਤੇ ਸ਼ਰੇਆਮ ਫਿਰੌਤੀਆਂ ਮੰਗਣਾ ਪੁਲਿਸ ਲਈ ਵੱਡੀ ਚਿੰਤਾ ਹੈ। ਆਉਣ ਵਾਲੇ ਸਮੇਂ ਵਿੱਚ ਇਹਨਾਂ ਜੁਰਮਾਂ 'ਤੇ ਪੂਰੀ ਤਰ੍ਹਾਂ ਕਾਬੂ ਪਾਉਣਾ ਹੀ ਸਰਕਾਰ ਦੀ ਅਸਲ ਸਫ਼ਲਤਾ ਹੋਵੇਗੀ। ਲੋਕਾਂ ਨੂੰ ਹੁਣ ਪ੍ਰਸ਼ਾਸਨ ਤੋਂ ਹੋਰ ਵੀ ਸਖ਼ਤ ਅਤੇ ਦ੍ਰਿੜ੍ਹ ਕਦਮਾਂ ਦੀ ਆਸ ਹੈ।

## ਮਨੁੱਖੀ ਤਸਕਰੀ ਅਤੇ ਸਾਈਬਰ ਧੋਖਾਧੜੀ ਮਾਮਲੇ 'ਚ ਵੱਡੀ ਕਾਰਵਾਈ: ਪੰਜਾਬ ਅਤੇ ਯੂ.ਪੀ. 'ਚ ਈ.ਡੀ. ਦੇ ਛਾਪੇ

ਨਵੀਂ ਦਿੱਲੀ-ਭਾਰਤ ਵਿੱਚ ਮਨੁੱਖੀ ਤਸਕਰੀ ਅਤੇ ਸਾਈਬਰ ਅਪਰਾਧਾਂ ਦੇ ਵਧਦੇ ਜਾਲ ਖ਼ਿਲਾਫ਼ ਕੇਂਦਰੀ ਜਾਂਚ ਏਜੰਸੀਆਂ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬੀਤੇ ਦਿਨੀਂ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਕਈ ਥਾਵਾਂ 'ਤੇ ਵੱਡੀ ਛਾਪੇਮਾਰੀ ਕੀਤੀ। ਇਹ ਕਾਰਵਾਈ ਭਾਰਤ ਅਤੇ ਕੰਬੋਡੀਆ ਵਿੱਚ ਸਰਗਰਮ ਇੱਕ ਅੰਤਰਰਾਸ਼ਟਰੀ ਮਨੁੱਖੀ ਤਸਕਰੀ ਸਿੰਡੀਕੇਟ ਦੀ ਹਵਾਲਾ ਜਾਂਚ ਦੇ ਹਿੱਸੇ ਵਜੋਂ ਕੀਤੀ ਗਈ ਹੈ। ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਮੁਤਾਬਕ, ਇਹ ਅਪਰਾਧਿਕ ਗਰੋਹ ਭੋਲੇ-ਭਾਲੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਮੋਟੀਆਂ ਨੌਕਰੀਆਂ ਅਤੇ ਰੁਜ਼ਗਾਰ ਦੇ ਝੂਠੇ ਝਾਂਸੇ ਦਿੰਦਾ ਸੀ। ਪੀੜਤਾਂ ਨੂੰ ਕੰਬੋਡੀਆ ਲੈ ਜਾ ਕੇ ਉਨ੍ਹਾਂ ਦੀ ਤਸਕਰੀ ਕੀਤੀ ਜਾਂਦੀ ਸੀ ਅਤੇ ਉੱਥੇ ਉਨ੍ਹਾਂ ਕੋਲੋਂ ਜ਼ਬਰਦਸਤੀ ਸਾਈਬਰ ਧੋਖਾਧੜੀ ਵਰਗੇ ਗੈਰ-ਕਾਨੂੰਨੀ ਕੰਮ ਕਰਵਾਏ ਜਾਂਦੇ ਸਨ।




ਈ.ਡੀ. ਨੂੰ ਸ਼ੱਕ ਹੈ ਕਿ ਇਸ ਗਰੋਹ ਨੇ ਸੰਗਠਿਤ ਮਨੁੱਖੀ ਤਸਕਰੀ ਅਤੇ ਸਾਈਬਰ ਠੱਗੀ ਰਾਹੀਂ ਕਰੋੜਾਂ ਰੁਪਏ ਦੀ ਕਮਾਈ ਕੀਤੀ ਹੈ, ਜਿਸ ਨੂੰ ਬਾਅਦ ਵਿੱਚ ਮਨੀ ਲਾਂਡਰਿੰਗ (ਕਾਲੇ ਧਨ ਨੂੰ ਸਫ਼ੈਦ ਕਰਨਾ) ਅਤੇ ਹਵਾਲਾ ਨੈੱਟਵਰਕ ਰਾਹੀਂ ਇੱਧਰ-ਉੱਧਰ ਕੀਤਾ ਗਿਆ। ਈ.ਡੀ. ਨੇ ਇਹ ਮਾਮਲਾ 'ਹਵਾਲਾ ਰੋਕਥਾਮ ਐਕਟ' ਤਹਿਤ ਦਰਜ ਕੀਤਾ ਹੈ। ਇਹ ਪੂਰੀ ਕਾਰਵਾਈ ਦਿੱਲੀ ਪੁਲਿਸ ਵੱਲੋਂ ਪਹਿਲਾਂ ਦਰਜ ਕੀਤੀ ਗਈ ਐਫ.ਆਈ.ਆਰ. ਅਤੇ ਚਾਰਜਸ਼ੀਟ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ।

## ਲੁਧਿਆਣਾ ਵਿਚ ਸ਼ਰਮਨਾਕ ਕਾਰਾ: ਵਿਆਹ ਦਾ ਝਾਂਸਾ ਦੇ ਕੇ ਕੁੜੀ ਨਾਲ ਵਾਰ-ਵਾਰ ਜਬਰ-ਜਨਾਹ

### ✪ ਪੀੜਤ ਹੋਈ ਗਰਭਵਤੀ, ਮਾਮਲਾ ਦਰਜ

ਲੁਧਿਆਣਾ-ਮਹਾਨਗਰ ਲੁਧਿਆਣਾ ਵਿੱਚ ਇੱਕ ਬੇਹੱਦ ਸ਼ਰਮਨਾਕ ਅਤੇ ਦਿਲ ਕੰਬਾਊ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਨੌਜਵਾਨ ਵੱਲੋਂ ਵਿਆਹ ਦਾ ਝਾਂਸਾ ਦੇ ਕੇ ਇੱਕ ਲੜਕੀ ਨਾਲ ਲੰਬੇ ਸਮੇਂ ਤੱਕ ਵਾਰ-ਵਾਰ ਜਬਰ-ਜਨਾਹ (ਬਲਾਤਕਾਰ) ਅਤੇ ਗੈਰ-ਕੁਦਰਤੀ ਸਬੰਧ ਬਣਾਉਣ ਦੇ ਗੰਭੀਰ ਦੋਸ਼ਾਂ ਹੇਠ ਪੁਲਿਸ ਨੇ ਮੁਕੱਦਮਾ ਦਰਜ ਕੀਤਾ ਹੈ। ਲਗਾਤਾਰ ਹੋਏ ਜਿਨਸੀ ਸ਼ੋਸ਼ਣ ਕਾਰਨ ਪੀੜਤ ਲੜਕੀ ਗਰਭਵਤੀ ਹੋ ਗਈ, ਜਿਸ ਤੋਂ ਬਾਅਦ ਇਸ ਪੂਰੀ ਘਟਨਾ ਦਾ ਭੇਤ ਖੁੱਲ੍ਹਿਆ।

ਨਵੰਬਰ 2025 ਵਿੱਚ ਹੋਈ ਸੀ ਜਾਣ-ਪਛਾਣ-ਥਾਣਾ ਡਾਬਾ ਦੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਪੀੜਤ ਲੜਕੀ ਨੇ ਦੱਸਿਆ ਕਿ ਉਸ ਦੀ ਮੁਲਜ਼ਮ ਨਾਲ ਜਾਣ-ਪਛਾਣ ਨਵੰਬਰ 2025 ਵਿੱਚ ਹੋਈ ਸੀ। ਮੁਲਜ਼ਮ ਨੇ ਉਸ ਨੂੰ ਚੰਗੇ ਭਵਿੱਖ ਦੇ ਸਬਜ਼ਬਾਗ ਦਿਖਾਉਣੇ ਸ਼ੁਰੂ ਕਰ ਦਿੱਤੇ ਅਤੇ ਭਰੋਸਾ ਦਿੱਤਾ ਕਿ ਉਹ ਉਸ ਨਾਲ ਵਿਆਹ ਕਰੇਗਾ। ਵਿਆਹ ਦੇ ਇਸੇ ਵਾਅਦੇ ਦੀ ਆੜ ਵਿੱਚ ਮੁਲਜ਼ਮ ਨੇ ਲੜਕੀ ਨਾਲ ਨਜ਼ਦੀਕੀਆਂ ਵਧਾ ਲਈਆਂ।



ਗੈਰ-ਕੁਦਰਤੀ ਸਬੰਧ ਬਣਾਉਣ ਦੇ ਵੀ ਦੋਸ਼-ਪੀੜਤਾ ਮੁਤਾਬਕ, ਮੁਲਜ਼ਮ ਨੇ ਵਿਆਹ ਦਾ ਝਾਂਸਾ ਦੇ ਕੇ ਉਸ ਦੀ ਮਰਜ਼ੀ ਖ਼ਿਲਾਫ਼ ਕਈ ਵਾਰ ਜਬਰ-ਜਨਾਹ ਕੀਤਾ। ਇੰਨਾ ਹੀ ਨਹੀਂ, ਮੁਲਜ਼ਮ ਉਸ ਨਾਲ ਲਗਾਤਾਰ ਗੈਰ-ਕੁਦਰਤੀ ਤਰੀਕੇ ਨਾਲ ਵੀ ਸਬੰਧ ਬਣਾਉਂਦਾ ਰਿਹਾ।

ਗਰਭਵਤੀ ਹੋਣ 'ਤੇ ਖੁੱਲ੍ਹੀ ਪੋਲ-ਇਸ ਲਗਾਤਾਰ ਹੁੰਦੇ ਰਹੇ ਜਿਨਸੀ ਸ਼ੋਸ਼ਣ ਕਾਰਨ ਜਦੋਂ ਪੀੜਤ ਲੜਕੀ ਗਰਭਵਤੀ ਹੋ ਗਈ, ਤਾਂ ਉਸ ਨੂੰ ਅਹਿਸਾਸ ਹੋਇਆ ਕਿ ਮੁਲਜ਼ਮ ਵੱਲੋਂ ਕੀਤਾ ਗਿਆ ਵਿਆਹ ਦਾ ਵਾਅਦਾ ਮਹਿਜ਼ ਇੱਕ ਧੋਖਾ ਅਤੇ ਝਾਂਸਾ ਸੀ। ਆਖ਼ਰਕਾਰ ਪੀੜਤਾ ਨੇ ਹਿੰਮਤ ਕਰਕੇ ਨਿਆਂ ਲਈ ਪੁਲਿਸ ਦਾ ਦਰਵਾਜ਼ਾ ਖੜਕਾਇਆ।

ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ, ਜਾਂਚ ਜਾਰੀ-ਪੀੜਤ ਲੜਕੀ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਥਾਣਾ ਡਾਬਾ ਦੀ ਪੁਲਿਸ ਨੇ ਮਾਮਲੇ ਦੀ ਮੁੱਢਲੀ ਪੜਤਾਲ ਕੀਤੀ। ਜਾਂਚ ਤੋਂ ਬਾਅਦ ਪੁਲਿਸ ਨੇ ਮੁਲਜ਼ਮ ਗੌਰਵ ਕੁਮਾਰ (ਵਾਸੀ ਜਸਪਾਲ ਬਾਂਗੜ) ਦੇ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੀਆਂ ਸਬੰਧਿਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।

ਮਾਮਲੇ ਦੇ ਜਾਂਚ ਅਧਿਕਾਰੀ ਨੇ ਦੱਸਿਆ ਕਿ ਲੜਕੀ ਵੱਲੋਂ ਲਗਾਏ ਗਏ ਦੋਸ਼ਾਂ ਅਤੇ ਮਾਮਲੇ ਦੇ ਸਾਰੇ ਤੱਥਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਕ ਜਾਂਚ ਦੇ ਆਧਾਰ 'ਤੇ ਬਣਦੀ ਅਗਲੀ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕੀ ਕਾਂਗਰਸ ਵਿਚ ਪਰਤਣਗੇ ਕੈਪਟਨ ਅਮਰਿੰਦਰ ਸਿੰਘ ?

## ✪ ਰਾਹੁਲ ਗਾਂਧੀ ਨਾਲ ਰਾਬਤੇ ਦੀਆਂ ਖ਼ਬਰਾਂ ਨੇ ਵਧਾਈ ਭਾਜਪਾ ਦੀ ਚਿੰਤਾ ✪ ਅਮਿਤ ਸ਼ਾਹ ਤੇ ਨੱਢਾ ਨੇ ਕੀਤੀ ਕੈਪਟਨ ਨਾਲ ਮੁਲਾਕਾਤ

>> ਖਾਸ ਖਬਰ <<

ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਵੱਡਾ ਭੂਚਾਲ ਆਉਣ ਦੇ ਸੰਕੇਤ ਮਿਲ ਰਹੇ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਿੱਚ 'ਘਰ ਵਾਪਸੀ' ਦੀਆਂ ਚੱਲ ਰਹੀਆਂ ਗੁਪਤ ਚਰਚਾਵਾਂ ਨੇ ਸੂਬੇ ਦੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਤੇਜ਼ ਕਰ ਦਿੱਤੀ ਹੈ। ਇਸ ਚਰਚਾ ਦੇ ਸਾਹਮਣੇ ਆਉਣ ਨਾਲ ਜਿੱਥੇ ਕਾਂਗਰਸ ਅੰਦਰ ਅੰਦਰੂਨੀ ਮੰਥਨ ਸ਼ੁਰੂ ਹੋ ਗਿਆ ਹੈ, ਉੱਥੇ ਹੀ ਭਾਰਤੀ ਜਨਤਾ ਪਾਰਟੀ (ਭਾਜਪਾ) ਵੀ ਪੂਰੀ ਤਰ੍ਹਾਂ ਅਲਰਟ ਮੋਡ ਵਿੱਚ ਆ ਗਈ ਹੈ। ਹਾਲਾਂਕਿ ਕੈਪਟਨ ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਸਿਆਸੀ ਧਰਾਤਲ 'ਤੇ ਬਹੁਤੇ ਸਰਗਰਮ ਨਹੀਂ ਦਿਖ ਰਹੇ ਸਨ, ਪਰ ਇਸ ਨਵੇਂ ਘਟਨਾਕ੍ਰਮ ਨੇ ਸਾਬਤ ਕਰ ਦਿੱਤਾ ਹੈ ਕਿ ਸੂਬੇ ਦੀ ਰਾਜਨੀਤੀ ਵਿੱਚ ਉਨ੍ਹਾਂ ਦੀ ਵੁੱਕਤ (ਸਿਆਸੀ ਵਜ਼ਨ) ਅਜੇ ਵੀ ਬਰਕਰਾਰ ਹੈ।

ਸੂਤਰਾਂ ਮੁਤਾਬਕ, ਕੈਪਟਨ ਅਮਰਿੰਦਰ ਸਿੰਘ ਦੀ ਸੋਨੀਆ ਗਾਂਧੀ ਨਾਲ ਪੁਰਾਣੀ ਨੇੜਤਾ ਕਿਸੇ ਤੋਂ ਗੁੱਝੀ ਨਹੀਂ ਹੈ। ਖ਼ਬਰਾਂ ਹਨ ਕਿ ਕਾਂਗਰਸ ਹਾਈਕਮਾਨ ਦਾ ਰੁਖ਼ ਹੁਣ ਕੈਪਟਨ ਪ੍ਰਤੀ ਨਰਮ ਹੋ ਰਿਹਾ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਕੈਪਟਨ ਨਾਲ ਕਿਸੇ ਨਾ ਕਿਸੇ ਬਹਾਨੇ ਲਗਾਤਾਰ ਰਾਬਤਾ ਕਾਇਮ ਰੱਖਿਆ ਜਾ ਰਿਹਾ ਹੈ, ਜੋ ਪਰਦੇ ਪਿੱਛੇ ਰਿੱਝ ਰਹੀ ਕਿਸੇ ਵੱਡੀ ਸਿਆਸੀ ਖਿਚੜੀ ਵੱਲ ਸਾਫ਼ ਇਸ਼ਾਰਾ ਕਰਦਾ ਹੈ।

ਹਾਲ ਹੀ ਵਿੱਚ ਕਾਂਗਰਸ ਹਾਈਕਮਾਨ ਨੇ ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਨਾਲ ਇੱਕ ਅਹਿਮ ਬੈਠਕ ਕੀਤੀ, ਜਿਸ ਵਿੱਚ ਕੈਪਟਨ ਦੀ ਵਾਪਸੀ ਨੂੰ ਲੈ ਕੇ ਨੇਤਾਵਾਂ ਦੀ ਨਬਜ਼ ਟੋਹੀ ਗਈ।

### ਪੰਜਾਬ ਕਾਂਗਰਸ ਦੇ ਆਗੂਆਂ ਵਿੱਚ ਬੇਚੈਨੀ



ਹਾਈਕਮਾਨ ਦੀ ਇਸ ਹਲਚਲ ਨੇ ਪੰਜਾਬ ਕਾਂਗਰਸ ਦੇ ਮੌਜੂਦਾ ਲੀਡਰਾਂ ਦੀ ਨੀਂਦ ਉਡਾ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਬੈਠਕ ਦੌਰਾਨ ਜਦੋਂ ਕੈਪਟਨ ਦੀ ਵਾਪਸੀ ਦਾ ਮੁੱਦਾ ਛਿੜਿਆ, ਤਾਂ ਕਈ ਸੀਨੀਅਰ ਆਗੂ ਇਸ ਨੂੰ ਹਜ਼ਮ ਨਹੀਂ ਕਰ ਸਕੇ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਮੀਟਿੰਗ ਸ਼ੁਰੂ ਹੋਣ ਦੇ ਕੁਝ ਮਿੰਟਾਂ ਬਾਅਦ ਹੀ ਬਾਹਰ ਆ ਜਾਣਾ ਸਿਆਸੀ ਅਟਕਲਾਂ ਨੂੰ ਹੋਰ ਹਵਾ ਦੇ ਗਿਆ ਹੈ, ਭਾਵੇਂ ਬਾਜਵਾ ਨੇ ਕਿਸੇ ਵੀ ਨਾਰਾਜ਼ਗੀ ਤੋਂ ਇਨਕਾਰ ਕੀਤਾ ਹੈ। ਇਸੇ ਖਿੱਚੋਤਾਣ ਕਰਕੇ ਹਾਈਕਮਾਨ ਨੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਫੇਰਬਦਲ ਦਾ ਮਾਮਲਾ ਵੀ ਫਿਲਹਾਲ ਪੈਂਡਿੰਗ ਰੱਖ ਦਿੱਤਾ ਹੈ।

### ਭਾਜਪਾ ਨੇ ਮੌਕਾ ਤਾੜਿਆ: ਅਮਿਤ ਸ਼ਾਹ ਤੇ ਨੱਢਾ ਨੇ ਕੀਤੀ ਮੁਲਾਕਾਤ

ਜਿਉਂ ਹੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਹਾਈਕਮਾਨ ਦੇ ਸੋਹਲੇ ਗਾਏ ਗਏ, ਭਾਜਪਾ ਲੀਡਰਸ਼ਿਪ ਨੇ ਤੁਰੰਤ ਮੌਕਾ ਤਾੜ ਲਿਆ। ਪੰਜਾਬ ਚੋਣਾਂ ਦੇ ਨਜ਼ਦੀਕ ਹੋਣ ਕਾਰਨ ਭਾਜਪਾ ਕੈਪਟਨ ਵਰਗੇ ਦਿੱਗਜ ਚਿਹਰੇ ਨੂੰ ਕਿਸੇ ਵੀ ਕੀਮਤ 'ਤੇ ਹੱਥੋਂ ਨਹੀਂ ਕੱਢਣਾ ਚਾਹੁੰਦੀ। ਇਸੇ ਦੇ ਚੱਲਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਾਬਕਾ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਬੀਤੇ ਸ਼ਨੀਵਾਰ ਨੂੰ ਕੈਪਟਨ ਅਮਰਿੰਦਰ ਸਿੰਘ ਨਾਲ ਇੱਕ ਹੰਗਾਮੀ ਮੁਲਾਕਾਤ ਕੀਤੀ, ਤਾਂ ਜੋ ਉਨ੍ਹਾਂ ਨੂੰ ਪਾਰਟੀ ਵਿੱਚ ਬਣਾਈ ਰੱਖਿਆ ਜਾ ਸਕੇ।

ਯਾਦ ਰਹੇ ਕਿ ਸਤੰਬਰ 2021 ਵਿੱਚ ਅੰਦਰੂਨੀ ਕਲਹ ਕਾਰਨ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਛੱਡਣੀ ਪਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ 'ਪੰਜਾਬ ਲੋਕ ਕਾਂਗਰਸ' ਪਾਰਟੀ ਬਣਾਈ ਅਤੇ 2022 ਦੀਆਂ ਚੋਣਾਂ ਤੋਂ ਪਹਿਲਾਂ ਇਸ ਦਾ ਭਾਜਪਾ ਵਿੱਚ ਰਲੇਵਾਂ ਕਰ ਦਿੱਤਾ ਸੀ।

ਹੁਣ ਦੇਖਣਾ ਇਹ ਹੋਵੇਗਾ ਕਿ ਦਿੱਲੀ ਵਿੱਚ ਕੇਂਦਰੀ ਵਜ਼ੀਰਾਂ ਨਾਲ ਹੋਈ ਇਸ ਮੁਲਾਕਾਤ ਤੋਂ ਬਾਅਦ ਕੈਪਟਨ ਭਾਜਪਾ ਨਾਲ ਹੀ ਵਫ਼ਾਦਾਰੀ ਨਿਭਾਉਂਦੇ ਹਨ ਜਾਂ ਫਿਰ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ 'ਕੈਪਟਨ ਦੀ ਘਰ ਵਾਪਸੀ' ਦਾ ਨਵਾਂ ਅਧਿਆਏ ਸ਼ੁਰੂ ਹੁੰਦਾ ਹੈ।

### ਕੈਪਟਨ ਦੀ ਕਾਂਗਰਸ ਵਿਚ ਜਾਣ ਦੀ ਸੰਭਾਵਨਾ ਘੱਟ

ਮੌਜੂਦਾ ਰਾਜਨੀਤਿਕ ਹਾਲਾਤ ਅਤੇ ਤਾਜ਼ਾ ਘਟਨਾਕ੍ਰਮ ਨੂੰ ਦੇਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਵਿੱਚ ਜਾਣ ਦੀ ਸੰਭਾਵਨਾ ਬਹੁਤ ਘੱਟ ਨਜ਼ਰ ਆ ਰਹੀ ਹੈ। ਹਾਲਾਂਕਿ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਦੀ 'ਘਰ ਵਾਪਸੀ' ਦੀਆਂ ਅਫ਼ਵਾਹਾਂ ਬਹੁਤ ਤੇਜ਼ ਸਨ, ਪਰ ਕੈਪਟਨ ਨੇ ਖ਼ੁਦ ਅਤੇ ਉਨ੍ਹਾਂ ਦੀ ਪਾਰਟੀ (ਭਾਜਪਾ) ਨੇ ਇਨ੍ਹਾਂ ਚਰਚਾਵਾਂ 'ਤੇ ਪੂਰੀ ਤਰ੍ਹਾਂ ਵਿਰਾਮ ਲਗਾ ਦਿੱਤਾ ਹੈ। ਇਸ ਪੂਰੇ ਮਾਮਲੇ ਦੀ ਅਸਲੀਅਤ ਹੇਠ ਲਿਖੇ ਨੁਕਤਿਆਂ ਤੋਂ ਸਾਫ਼ ਹੁੰਦੀ ਹੈ:

ਕਾਂਗਰਸ ਦੇ ਸੀਨੀਅਰ ਆਗੂ ਭੁਪਿੰਦਰ ਸਿੰਘ ਹੁੱਡਾ ਦੇ ਬਿਆਨ (ਕਿ ਕੈਪਟਨ ਕਾਂਗਰਸ ਦੇ ਸੰਪਰਕ ਵਿੱਚ ਹਨ) ਤੋਂ ਬਾਅਦ ਜਦੋਂ ਇਹ ਚਰਚਾ ਵਧੀ, ਤਾਂ ਕੈਪਟਨ ਅਮਰਿੰਦਰ ਸਿੰਘ ਨੇ ਖ਼ੁਦ ਇਨ੍ਹਾਂ ਰਿਪੋਰਟਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਉਹ ਭਾਜਪਾ ਵਿੱਚ ਹੀ ਰਹਿਣਗੇ ਅਤੇ ਉਨ੍ਹਾਂ ਦੀ ਕਾਂਗਰਸ ਵਿੱਚ ਜਾਣ ਦੀ ਕੋਈ ਯੋਜਨਾ ਨਹੀਂ ਹੈ।

ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਵਜੋਂ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਕੁਝ ਨਾਰਾਜ਼ ਜ਼ਰੂਰ ਸਨ, ਕਿਉਂਕਿ ਇਸ ਫੈਸਲੇ ਵੇਲੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਨਹੀਂ ਸੀ ਕੀਤਾ ਗਿਆ। ਪਰ ਇਸ ਨਾਰਾਜ਼ਗੀ ਨੂੰ ਦੂਰ ਕਰਨ ਲਈ ਭਾਜਪਾ ਹਾਈਕਮਾਨ ਤੁਰੰਤ ਹਰਕਤ ਵਿੱਚ ਆਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਜੇ.ਪੀ. ਨੱਢਾ ਨੇ ਦਿੱਲੀ ਵਿੱਚ ਕੈਪਟਨ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਪਾਰਟੀ ਦੇ ਭਵਿੱਖ ਦੇ ਰੋਡਮੈਪ ਬਾਰੇ ਚਰਚਾ ਕੀਤੀ।

ਭਾਜਪਾ ਦੇ ਸੀਨੀਅਰ ਬੁਲਾਰਿਆਂ ਨੇ ਵੀ ਮੀਡੀਆ ਵਿੱਚ ਬਿਆਨ ਜਾਰੀ ਕਰਕੇ ਕਿਹਾ ਹੈ ਕਿ "ਇਹ ਸਿਰਫ਼ ਸਿਆਸੀ ਅਫ਼ਵਾਹਾਂ ਹਨ। ਕੈਪਟਨ ਕਿਤੇ ਨਹੀਂ ਜਾ ਰਹੇ, ਉਹ ਮਜ਼ਬੂਤੀ ਨਾਲ ਭਾਜਪਾ ਦੇ ਨਾਲ ਖੜ੍ਹੇ ਹਨ।" ਇਸ ਤੋਂ ਇਲਾਵਾ, ਹਾਲ ਹੀ ਦੇ ਪਾਰਟੀ ਪ੍ਰੋਗਰਾਮਾਂ ਵਿੱਚ ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਅਤੇ ਬੇਟੀ ਜੈ ਇੰਦਰ ਕੌਰ ਨੇ ਨਵੇਂ ਭਾਜਪਾ ਪ੍ਰਧਾਨ ਨੂੰ ਆਪਣਾ ਸਮਰਥਨ ਵੀ ਦਿੱਤਾ ਹੈ।

ਕਾਂਗਰਸ ਹਾਈਕਮਾਨ ਵੱਲੋਂ ਕੈਪਟਨ ਦੀ ਵਾਪਸੀ ਨੂੰ ਲੈ ਕੇ ਪੰਜਾਬ ਦੇ ਲੀਡਰਾਂ ਦੀ ਨਬਜ਼ ਜ਼ਰੂਰ ਟੋਹੀ ਗਈ ਸੀ, ਪਰ ਖ਼ੁਦ ਕੈਪਟਨ ਵੱਲੋਂ ਲਏ ਗਏ ਸਟੈਂਡ ਅਤੇ ਅਮਿਤ ਸ਼ਾਹ ਨਾਲ ਹੋਈ ਹੰਗਾਮੀ ਬੈਠਕ ਤੋਂ ਬਾਅਦ ਹੁਣ ਇਹ ਸਾਫ਼ ਹੈ ਕਿ ਉਹ ਕਾਂਗਰਸ ਵਿੱਚ ਨਹੀਂ ਜਾ ਰਹੇ ਅਤੇ ਭਾਜਪਾ ਵਿੱਚ ਹੀ ਬਣੇ ਰਹਿਣਗੇ।

# ਪੁੱਤਾਂ ਦੀਆਂ ਧਮਕੀਆਂ ਤੋਂ ਤੰਗ ਆ ਕੇ 70 ਸਾਲਾ ਬਜ਼ੁਰਗ ਨੇ ਲਾਇਆ ਫਾਹਾ

## ✪ ਘਰ ਨੂੰ ਅੱਗ ਲਾਉਣ ਦੀ ਦੇ ਰਹੇ ਸਨ ਧਮਕੀ

ਲੁਧਿਆਣਾ-ਲੁਧਿਆਣਾ ਦੇ ਭਾਮੀਆਂ ਖੁਰਦ ਸਥਿਤ ਮਹਾਂਵੀਰ ਕਾਲੋਨੀ ਇਲਾਕੇ ਤੋਂ ਇੱਕ ਬੇਹੱਦ ਦੁਖਦਾਈ ਅਤੇ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ 70 ਸਾਲਾ ਬਜ਼ੁਰਗ ਪਿਤਾ ਨੇ ਆਪਣੇ ਹੀ ਦੋ ਸਕੇ ਪੁੱਤਰਾਂ ਦੀਆਂ ਰੋਜ਼-ਰੋਜ਼ ਦੀਆਂ ਧਮਕੀਆਂ ਅਤੇ ਪ੍ਰੇਸ਼ਾਨੀ ਤੋਂ ਤੰਗ ਆ ਕੇ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ।

ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਜਮਾਲਪੁਰ ਦੀ ਪੁਲਿਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ ਦੇ ਅਧਾਰ 'ਤੇ ਦੋਵਾਂ ਪੁੱਤਰਾਂ ਖ਼ਿਲਾਫ਼ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।

ਗਲਤ ਹਰਕਤਾਂ ਕਾਰਨ ਘਰੋਂ ਕੱਢਿਆ ਸੀ ਬਾਹਰ-ਮ੍ਰਿਤਕ ਗੁਰਦੇਵ ਸਿੰਘ ਦੀ ਪਤਨੀ ਕਿਰਨ ਦੇਵੀ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਉਂਦੇ ਹੋਏ ਦੱਸਿਆ ਕਿ ਗੁਰਦੇਵ ਸਿੰਘ ਦੇ ਪਹਿਲੇ ਵਿਆਹ ਤੋਂ ਦੋ ਪੁੱਤਰ- ਲਵਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਹਨ। ਇਹ ਦੋਵੇਂ ਪਹਿਲਾਂ ਮਕਾਨ ਦੀ ਉੱਪਰ ਵਾਲੀ ਮੰਜ਼ਿਲ 'ਚ ਰਹਿੰਦੇ ਸਨ, ਪਰ ਉਨ੍ਹਾਂ ਦੀਆਂ ਗਲਤ ਹਰਕਤਾਂ ਅਤੇ ਆਦਤਾਂ ਕਾਰਨ ਗੁਰਦੇਵ ਸਿੰਘ ਨੇ ਉਨ੍ਹਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ। ਘਰੋਂ ਕੱਢੇ ਜਾਣ ਤੋਂ ਬਾਅਦ ਦੋਵੇਂ ਪੁੱਤਰ ਜੀਵਨ ਸਿੰਘ ਨਗਰ ਪੱਟੀ (ਤਰਨਤਾਰਨ) ਵਿਖੇ ਰਹਿਣ ਲੱਗ ਪਏ ਸਨ।



ਮਕਾਨ ਖਾਲੀ ਕਰਵਾਉਣ ਲਈ ਦੇ ਰਹੇ ਸਨ ਅੱਗ ਲਾਉਣ ਦੀ ਧਮਕੀ-ਕਿਰਨ ਦੇਵੀ ਮੁਤਾਬਕ, ਕੁਝ ਸਮਾਂ ਪਹਿਲਾਂ ਲਵਪ੍ਰੀਤ ਅਤੇ ਹਰਪ੍ਰੀਤ ਵਾਪਸ ਆਏ ਅਤੇ ਮਕਾਨ ਖਾਲੀ ਕਰਵਾਉਣ ਦੀ ਜ਼ਿੱਦ ਨੂੰ ਲੈ ਕੇ ਘਰ ਵਿੱਚ ਰੋਜ਼ਾਨਾ ਲੜਾਈ-ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਹੱਦ ਤਾਂ ਉਦੋਂ ਹੋ ਗਈ ਜਦੋਂ ਉਨ੍ਹਾਂ ਨੇ ਆਪਣੇ ਬਜ਼ੁਰਗ ਪਿਤਾ ਨੂੰ ਪੂਰੇ ਘਰ ਨੂੰ ਅੱਗ ਲਾ ਕੇ ਸਾੜ ਦੇਣ ਦੀਆਂ ਸਿੱਧੀਆਂ ਧਮਕੀਆਂ ਦਿੱਤੀਆਂ।

ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸਨ ਬਜ਼ੁਰਗ: ਪੁੱਤਾਂ ਵੱਲੋਂ ਮਿਲ ਰਹੀਆਂ ਇਨ੍ਹਾਂ ਭਿਆਨਕ ਧਮਕੀਆਂ ਅਤੇ ਰੋਜ਼-ਰੋਜ਼ ਦੇ ਕਲੇਸ਼ ਕਾਰਨ 70 ਸਾਲਾ ਗੁਰਦੇਵ ਸਿੰਘ ਡੂੰਘੀ ਮਾਨਸਿਕ ਪ੍ਰੇਸ਼ਾਨੀ ਵਿੱਚ ਚਲੇ ਗਏ ਸਨ। ਇਸੇ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ 6 ਜੂਨ ਨੂੰ ਗੁਰਦੇਵ ਸਿੰਘ ਨੇ ਆਪਣੇ ਹੀ ਮਕਾਨ ਦੀ ਛੱਤ ਦੇ ਗਾਡਰ ਨਾਲ ਫਾਹਾ ਲਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਇਸ ਖ਼ੁਦਕੁਸ਼ੀ ਮਾਮਲੇ ਵਿੱਚ ਕਾਰਵਾਈ ਕਰਦੇ ਹੋਏ ਥਾਣਾ ਜਮਾਲਪੁਰ ਪੁਲਿਸ ਨੇ ਮ੍ਰਿਤਕ ਦੀ ਪਤਨੀ ਕਿਰਨ ਦੇਵੀ ਦੇ ਬਿਆਨਾਂ ਦੇ ਅਧਾਰ 'ਤੇ ਦੋਵਾਂ ਮੁਲਜ਼ਮ ਪੁੱਤਰਾਂ ਲਵਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਖ਼ਿਲਾਫ਼ ਆਤਮ-ਹੱਤਿਆ ਲਈ ਮਜਬੂਰ ਕਰਨ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰ ਲਿਆ ਹੈ। ਪੁਲਿਸ ਨੇ ਮਾਮਲੇ ਦੀ ਅਗਲੇਰੀ ਕਾਨੂੰਨੀ ਪੜਤਾਲ ਅਤੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## -ਮਾਮਲਾ ਅੰਮ੍ਰਿਤਸਰ ਪ੍ਰਵਾਸੀ ਪੰਜਾਬੀ ਹੱਤਿਆਕਾਂਡ ਦਾ-

# ਭਰਾ ਉਪਰ ਲਗੇ ਦੋਸ਼,ਦੋ ਸੰਪਤੀਆਂ ਆਪਣੇ ਨਾਂ ਕਰਾਉਣ ਦੀ ਜਾਂਚ ਸ਼ੁਰੂ

## ✪ ਪ੍ਰਾਪਰਟੀ ਡੀਲਰਾਂ ਦੀ ਗ੍ਰਿਫਤਾਰੀ ਨਾਲ ਖੁੱਲ੍ਹਣਗੇ ਵੱਡੇ ਰਾਜ਼

ਅੰਮ੍ਰਿਤਸਰ-ਆਸਟ੍ਰੇਲੀਆ ਤੋਂ ਪੰਜਾਬ ਆਏ ਐੱਨਆਰਆਈ ਸੁਨੀਲ ਸ਼ਰਮਾ ਦੀ ਹੱਤਿਆ ਦੇ ਮਾਮਲੇ ਵਿੱਚ ਹੁਣ ਇੱਕ ਨਵਾਂ ਮੋੜ ਆ ਗਿਆ ਹੈ। ਹੱਤਿਆਕਾਂਡ ਦੀ ਗੁੰਝਲ ਸੁਲਝਾਉਣ ਦੇ ਨਾਲ-ਨਾਲ ਹੁਣ ਪੁਲਿਸ ਇਸ ਮਾਮਲੇ ਦੇ ਆਰਥਿਕ ਅਪਰਾਧ ਵਾਲੇ ਪੱਖ 'ਤੇ ਵੀ ਡੂੰਘਾਈ ਨਾਲ ਜਾਂਚ ਸ਼ੁਰੂ ਕਰਨ ਜਾ ਰਹੀ ਹੈ। ਜਾਂਚ ਦੌਰਾਨ ਇਹ ਵੱਡਾ ਖੁਲਾਸਾ ਹੋਇਆ ਹੈ ਕਿ ਹੱਤਿਆ ਦੇ ਮੁੱਖ ਦੋਸ਼ੀ ਅਤੇ ਮ੍ਰਿਤਕ ਦੇ ਭਰਾ ਸਤੀਸ਼ ਸ਼ਰਮਾ ਨੇ ਆਪਣੇ ਪਰਿਵਾਰ ਅਤੇ 3 ਪ੍ਰਾਪਰਟੀ ਡੀਲਰਾਂ ਨਾਲ ਮਿਲ ਕੇ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਫਰਜ਼ੀ ਤਰੀਕੇ ਨਾਲ ਆਪਣੇ ਨਾਂ ਕਰਵਾ ਲਈਆਂ ਸਨ।

### ਫਰਜ਼ੀ ਪਾਵਰ ਆਫ ਅਟਾਰਨੀ ਰਾਹੀਂ ਹੜੱਪੀਆਂ ਕੋਠੀਆਂ

ਮਿਲੀ ਜਾਣਕਾਰੀ ਮੁਤਾਬਕ ਪੇਸ਼ੇ ਤੋਂ ਟੈਕਸੀ ਚਲਾਉਣ ਵਾਲੇ ਸਤੀਸ਼ ਸ਼ਰਮਾ ਨੇ ਲੁਧਿਆਣਾ ਤੋਂ ਇੱਕ ਪਾਵਰ ਆਫ ਅਟਾਰਨੀ ਆਪਣੇ ਨਾਂ 'ਤੇ ਤਿਆਰ ਕਰਵਾਈ ਸੀ। ਇਨ੍ਹਾਂ ਹੀ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਉਸਨੇ ਅੰਮ੍ਰਿਤਸਰ ਦੇ ਤਹਿਸੀਲ ਕੰਪਲੈਕਸ ਤੋਂ ਦੋ ਆਲੀਸ਼ਾਨ ਕੋਠੀਆਂ ਆਪਣੇ ਨਾਂ ਕਰਵਾ ਲਈਆਂ: ਮਲੇਸ਼ੀਆ ਰਹਿੰਦੀ ਭੈਣ ਰਿਤੂ ਸ਼ਰਮਾ ਦੀ 'ਬਲੂ ਸਿਟੀ' ਵਾਲੀ ਕੋਠੀ। ਮ੍ਰਿਤਕ ਭਰਾ ਸੁਨੀਲ ਸ਼ਰਮਾ ਦੀ 'ਆਸ਼ਿਆਨਾ ਅਸਟੇਟ' ਵਾਲੀ ਕੋਠੀ।

ਇਸ ਤੋਂ ਇਲਾਵਾ ਮੋਹਾਲੀ ਸਥਿਤ ਇੱਕ ਹੋਰ ਕੋਠੀ ਦੀ ਪਾਵਰ ਆਫ ਅਟਾਰਨੀ ਵੀ ਸਤੀਸ਼ ਦੇ ਨਾਂ 'ਤੇ ਹੋਣ ਦੀ ਗੱਲ ਸਾਹਮਣੇ ਆਈ ਹੈ। ਹੁਣ ਥਾਣਾ ਕੰਬੋ ਦੀ ਪੁਲਿਸ ਇਹ ਪਤਾ ਲਗਾਉਣ ਲਈ ਅੰਮ੍ਰਿਤਸਰ ਦੇ ਰੈਵੇਨਿਊ ਦਫਤਰ (ਮਾਲ ਵਿਭਾਗ) ਨਾਲ ਜਲਦੀ ਹੀ ਸੰਪਰਕ ਕਰਨ ਜਾ ਰਹੀ ਹੈ ਕਿ ਇੱਕ ਟੈਕਸੀ ਡਰਾਈਵਰ ਕੋਲ ਇਨ੍ਹਾਂ ਮਹਿੰਗੀਆਂ ਸੰਪਤੀਆਂ ਦੀ ਰਜਿਸਟਰੀ ਕਰਵਾਉਣ ਲਈ ਪੈਸੇ ਕਿੱਥੋਂ ਆਏ। ਇਸ ਮਾਮਲੇ ਵਿੱਚ ਪੁਲਿਸ ਨੇ ਇੱਕ ਪ੍ਰਾਪਰਟੀ ਡੀਲਰ ਲਕਸ਼ਮਣ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਨੇ ਪੁੱਛਗਿੱਛ ਦੌਰਾਨ ਕਈ ਅਹਿਮ ਰਾਜ਼ ਉਗਲੇ ਹਨ। ਹਾਲਾਂਕਿ, ਇਸ ਸਾਜ਼ਿਸ਼ ਵਿੱਚ ਸ਼ਾਮਲ ਦੋ ਹੋਰ ਫਰਾਰ ਪ੍ਰਾਪਰਟੀ ਡੀਲਰਾਂ-ਮਨਜਿੰਦਰ ਅਤੇ ਜਜਬੀਰ-ਦੀ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਦਾ ਮੰਨਣਾ ਹੈ ਕਿ ਇਨ੍ਹਾਂ ਦੋਵਾਂ ਦੀ ਗ੍ਰਿਫਤਾਰੀ ਤੋਂ ਬਾਅਦ ਕਈ ਹੋਰ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ।

### ਭੈਣ ਨੇ ਕੀਤਾ ਬਚਾਅ, ਕਿਹਾ- "ਸਤੀਸ਼ ਹੱਤਿਆ ਨਹੀਂ ਕਰ ਸਕਦਾ"

ਦੂਜੇ ਪਾਸੇ ਮਲੇਸ਼ੀਆ ਵਿੱਚ ਰਹਿ ਰਹੀ ਭੈਣ ਰਿਤੂ ਸ਼ਰਮਾ ਨੇ ਆਪਣੇ ਭਰਾ ਸਤੀਸ਼ ਦਾ ਬਚਾਅ ਕੀਤਾ ਹੈ। ਰਿਤੂ ਮੁਤਾਬਕ ਸਤੀਸ਼ ਅਤੇ ਉਸਦਾ ਪਰਿਵਾਰ ਸੁਨੀਲ ਦੀ ਹੱਤਿਆ ਨਹੀਂ



ਕਰ ਸਕਦਾ, ਬਲਕਿ ਉਸਨੂੰ ਕਿਸੇ ਸਾਜ਼ਿਸ਼ ਤਹਿਤ ਫਸਾਇਆ ਗਿਆ ਹੈ। ਉਸਨੇ ਸੀਸੀਟੀਵੀ ਫੁਟੇਜ ਨੂੰ ਵੀ ਅਧੂਰਾ ਦੱਸਿਆ। ਰਿਤੂ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਡੀਜੀਪੀ ਗੌਰਵ ਯਾਦਵ ਅਤੇ ਐੱਸਐੱਸਪੀ ਕੰਵਲਪ੍ਰੀਤ ਸਿੰਘ ਚਾਹਲ ਤੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਕੇ ਅਸਲੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ।

ਪੁਲਿਸ ਹੁਣ ਇਹ ਪਤਾ ਲਗਾਉਣ ਵਿੱਚ ਜੁਟੀ ਹੈ ਕਿ ਪਾਵਰ ਆਫ ਅਟਾਰਨੀ ਕਿਸ ਆਧਾਰ 'ਤੇ ਤਿਆਰ ਹੋਈ ਅਤੇ ਉਸ ਉੱਪਰ ਕਿਸਦੇ ਹਸਤਾਖਰ ਸਨ। ਭਾਵੇਂ ਭੈਣ ਰਿਤੂ ਇਸ ਧੋਖਾਧੜੀ ਨੂੰ ਮੰਨਣ ਤੋਂ ਇਨਕਾਰ ਕਰ ਰਹੀ ਹੈ, ਪਰ ਉਸਨੇ ਅਜੇ ਤੱਕ ਕੋਈ ਵੀ ਸਬੂਤ ਜਾਂ ਦਸਤਾਵੇਜ਼ ਭਾਰਤ ਨਹੀਂ ਭੇਜਿਆ।

### ਕੀ ਹੈ ਪੂਰਾ ਮਾਮਲਾ

ਆਸਟ੍ਰੇਲੀਆ ਰਹਿੰਦਾ ਸੁਨੀਲ ਸ਼ਰਮਾ ਕੁਝ ਦਿਨ ਪਹਿਲਾਂ ਪੰਜਾਬ ਵਿੱਚ ਆਪਣੀ ਜਾਇਦਾਦ ਦੀ ਦੇਖਭਾਲ ਕਰਨ ਲਈ ਆਇਆ ਸੀ। ਦੋਸ਼ ਹੈ ਕਿ ਉਸਦੇ ਸਕੇ ਭਰਾ ਸਤੀਸ਼ ਨੇ ਫਰਜ਼ੀ ਪਾਵਰ ਆਫ ਅਟਾਰਨੀ ਤਿਆਰ ਕਰਵਾ ਕੇ 22 ਮਈ ਨੂੰ ਸੁਨੀਲ ਦਾ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਹਰੀਕੇ ਪੱਤਣ ਨਹਿਰ ਵਿੱਚ ਸੁੱਟ ਦਿੱਤਾ।

ਜਦੋਂ ਸੁਨੀਲ ਦੀ ਕੋਈ ਖ਼ਬਰ ਨਾ ਮਿਲੀ ਤਾਂ ਉਸਦੀ ਧੀ ਸੁਰਭੀ ਨੇ ਆਸਟ੍ਰੇਲੀਆ ਤੋਂ ਪ੍ਰਸ਼ਾਸਨ ਨੂੰ ਗੁਹਾਰ ਲਗਾਈ। ਪੁਲਿਸ ਵੱਲੋਂ ਐੱਫਆਈਆਰ ਦਰਜ ਕਰਕੇ ਜਦੋਂ ਜਾਂਚ ਸ਼ੁਰੂ ਕੀਤੀ ਗਈ ਤਾਂ ਸਾਰੀ ਸੱਚਾਈ ਸਾਹਮਣੇ ਆਈ, ਜਿਸ ਤੋਂ ਬਾਅਦ ਮੁੱਖ ਦੋਸ਼ੀ ਸਤੀਸ਼, ਉਸਦੀ ਪਤਨੀ ਅਤੇ ਪੁੱਤਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਹਾਲਾਂਕਿ ਪੁਲਿਸ ਅਜੇ ਤੱਕ ਨਹਿਰ ਵਿੱਚੋਂ ਸੁਨੀਲ ਦੀ ਲਾਸ਼ ਬਰਾਮਦ ਨਹੀਂ ਕਰ ਸਕੀ ਹੈ ਅਤੇ ਸਰਚ ਆਪ੍ਰੇਸ਼ਨ ਜਾਰੀ ਹੈ।

# 661 ਕਰੋੜ ਰੁਪਏ ਦਾ ਸਰਕਾਰੀ ਫੰਡ ਘੁਟਾਲਾ

## ✪ ਸੀਬੀਆਈ ਵੱਲੋਂ ਚੰਡੀਗੜ੍ਹ, ਪੰਚਕੂਲਾ ਅਤੇ ਦਿੱਲੀ-ਐਨਸੀਆਰ ਸਮੇਤ 6 ਥਾਵਾਂ 'ਤੇ ਤਾਬੜਤੋੜ ਛਾਪੇਮਾਰੀ

ਨਵੀਂ ਦਿੱਲੀ/ਚੰਡੀਗੜ੍ਹ-ਕੇਂਦਰੀ ਜਾਂਚ ਬਿਊਰੋ ਨੇ ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਦੇ ਫੰਡਾਂ ਵਿੱਚ ਹੋਈ 661 ਕਰੋੜ ਰੁਪਏ ਦੀ ਵੱਡੀ ਹੇਰਾਫੇਰੀ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕੀਤੀ ਹੈ। ਏਜੰਸੀ ਵੱਲੋਂ ਚੰਡੀਗੜ੍ਹ, ਪੰਚਕੂਲਾ ਅਤੇ ਦਿੱਲੀ-ਐਨ.ਸੀ.ਆਰ. ਵਿੱਚ 6 ਪ੍ਰਮੁੱਖ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ। ਇਸ ਕਾਰਵਾਈ ਦੌਰਾਨ ਕਈ ਸੀਨੀਅਰ ਸਰਕਾਰੀ ਅਧਿਕਾਰੀਆਂ ਅਤੇ ਨਿੱਜੀ ਕੰਪਨੀਆਂ ਦੇ ਡਾਇਰੈਕਟਰਾਂ ਦੇ ਘਰਾਂ ਅਤੇ ਦਫ਼ਤਰਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੋਂ ਭਾਰੀ ਮਾਤਰਾ ਵਿੱਚ ਇਤਰਾਜ਼ਯੋਗ ਦਸਤਾਵੇਜ਼ ਅਤੇ ਡਿਜੀਟਲ ਸਬੂਤ ਬਰਾਮਦ ਹੋਏ ਹਨ।

ਸੀ.ਬੀ.ਆਈ. ਵੱਲੋਂ ਜਾਰੀ ਅਧਿਕਾਰਤ ਬਿਆਨ ਅਨੁਸਾਰ, ਇਹ ਜਾਂਚ ਆਈਡੀਐਫਸੀ ਫਸਟ ਬੈਂਕ ਅਤੇ ਏਯੂ ਫਾਈਨਾਂਸ ਬੈਂਕ ਵਿੱਚ ਰੱਖੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਨਾਲ ਸਬੰਧਿਤ ਹੈ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਹਰਿਆਣਾ ਕੇਡਰ ਦੇ ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਬੈਂਕ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ। ਅਧਿਕਾਰੀਆਂ ਨੇ ਮਿਲ ਕੇ ਗ਼ੈਰ-ਕਾਨੂੰਨੀ ਤਰੀਕੇ ਨਾਲ ਨਵੇਂ ਬੈਂਕ ਖਾਤੇ ਖੋਲ੍ਹੇ, ਸਰਕਾਰੀ ਫੰਡਾਂ ਨੂੰ ਉਨ੍ਹਾਂ ਵਿੱਚ ਟ੍ਰਾਂਸਫਰ ਕੀਤਾ ਅਤੇ ਬਾਅਦ ਵਿੱਚ ਇਸ ਰਕਮ ਨੂੰ ਹੋਰ ਥਾਵਾਂ 'ਤੇ ਖੁਰਦ-ਬੁਰਦ (ਡਾਇਵਰਟ) ਕਰ ਦਿੱਤਾ।

### 10 ਸਰਕਾਰੀ ਵਿਭਾਗ ਅਤੇ ਸੁਸਾਇਟੀਆਂ ਪ੍ਰਭਾਵਿਤ

ਇਸ 661 ਕਰੋੜ ਰੁਪਏ ਦੇ ਮੈਗਾ ਘੁਟਾਲੇ ਦੀ ਮਾਰ ਕਈ ਸਰਕਾਰੀ ਅਦਾਰਿਆਂ 'ਤੇ ਪਈ ਹੈ। ਏਜੰਸੀ ਮੁਤਾਬਕ ਇਸ ਧੋਖਾਧੜੀ ਨਾਲ:

ਹਰਿਆਣਾ ਸਰਕਾਰ ਦੇ 8 ਮਹੱਤਵਪੂਰਨ ਵਿਭਾਗ ਪ੍ਰਭਾਵਿਤ ਹੋਏ ਹਨ।

ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ 2 ਪ੍ਰਮੁੱਖ ਵਿਭਾਗ।

### ਚੰਡੀਗੜ੍ਹ ਨਗਰ ਨਿਗਮ

ਚੰਡੀਗੜ੍ਹ ਨਵਿਆਉਣਯੋਗ ਊਰਜਾ ਅਤੇ ਵਿਗਿਆਨ ਤੇ ਤਕਨਾਲੋਜੀ ਪ੍ਰਮੋਸ਼ਨ




ਸੁਸਾਇਟੀ। ਜਾਂਚ ਏਜੰਸੀ ਨੇ ਦੋਸ਼ ਲਗਾਇਆ ਹੈ ਕਿ ਇਸ ਪੂਰੇ ਗੋਰਖਧੰਦੇ ਨੂੰ ਅੰਜਾਮ ਦੇਣ, ਸ਼ੱਕੀ ਲੈਣ-ਦੇਣ ਵਿੱਚ ਮਦਦ ਕਰਨ ਅਤੇ ਗੜਬੜੀਆਂ ਸਾਹਮਣੇ ਆਉਣ ਤੋਂ ਬਾਅਦ ਵੀ ਕੋਈ ਕਾਰਵਾਈ ਨਾ ਕਰਨ ਦੇ ਬਦਲੇ ਸਬੰਧਿਤ ਸਰਕਾਰੀ ਅਧਿਕਾਰੀਆਂ ਨੇ ਮੋਟੀਆਂ ਰਿਸ਼ਵਤਾਂ ਅਤੇ ਅਣਉਚਿਤ ਲਾਭ ਪ੍ਰਾਪਤ ਕੀਤੇ।

ਇਸ ਤੋਂ ਇਲਾਵਾ ਨੋਇਡਾ ਸਥਿਤ ਇੱਕ ਨਿੱਜੀ ਫਰਮ 'ਵਿਪਮ ਕੰਸਲਟੈਂਸੀ ਪ੍ਰਾਈਵੇਟ ਲਿਮਟਿਡ' ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿੱਚ ਹੈ। ਸੀ.ਬੀ.ਆਈ. ਅਨੁਸਾਰ, ਇਸ ਘੁਟਾਲੇ (ਅਪਰਾਧ) ਦੀ ਮੋਟੀ ਰਕਮ ਪਹਿਲਾਂ ਇਸ ਕੰਪਨੀ ਦੇ ਬੈਂਕ ਖਾਤੇ ਵਿੱਚ ਭੇਜੀ ਗਈ ਸੀ, ਜਿਸ ਨੂੰ ਬਾਅਦ ਵਿੱਚ ਕੰਪਨੀ ਦੇ ਡਾਇਰੈਕਟਰ ਨੇ ਆਪਣੇ ਨਿੱਜੀ ਬੈਂਕ ਖਾਤੇ ਵਿੱਚ ਟ੍ਰਾਂਸਫਰ ਕਰ ਲਿਆ। ਬੀਤੇ ਸ਼ੁੱਕਰਵਾਰ ਨੂੰ ਇਸ ਕੰਪਨੀ ਅਤੇ ਇਸ ਦੇ ਡਾਇਰੈਕਟਰ ਦੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ ਗਏ।

### ਡਿਜੀਟਲ ਯੰਤਰ ਅਤੇ ਜਾਇਦਾਦ ਦੇ ਦਸਤਾਵੇਜ਼ ਜ਼ਬਤ

ਸੀ.ਬੀ.ਆਈ. ਨੇ ਦੱਸਿਆ ਕਿ ਬੀਤੇ ਸ਼ੁੱਕਰਵਾਰ ਨੂੰ ਹੋਈ ਇਸ ਵਿਸ਼ੇਸ਼ ਕਾਰਵਾਈ ਦੌਰਾਨ ਤਲਾਸ਼ੀ ਵਾਲੀਆਂ ਥਾਵਾਂ ਤੋਂ ਵੱਡੀ ਮਾਤਰਾ ਵਿੱਚ ਡਿਜੀਟਲ ਡਿਵਾਈਸ (ਲੈਪਟਾਪ, ਮੋਬਾਈਲ, ਹਾਰਡ ਡਿਸਕਾਂ), ਬੈਂਕ ਖਾਤਿਆਂ ਦੀ ਡਿਟੇਲ, ਬੇਨਾਮੀ ਸੰਪਤੀ ਦੇ ਦਸਤਾਵੇਜ਼ ਅਤੇ ਹੋਰ ਕਈ ਅਹਿਮ ਸਬੂਤ ਜ਼ਬਤ ਕੀਤੇ ਗਏ ਹਨ। ਏਜੰਸੀ ਮੁਤਾਬਕ ਮਾਮਲੇ ਦੀ ਜਾਂਚ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਘੁਟਾਲੇ ਵਿੱਚ ਸ਼ਾਮਲ ਕੁਝ ਹਾਈ-ਪ੍ਰੋਫਾਈਲ ਸਰਕਾਰੀ ਅਧਿਕਾਰੀਆਂ ਅਤੇ ਬੈਂਕ ਕਰਮਚਾਰੀਆਂ ਦੀਆਂ ਗ੍ਰਿਫ਼ਤਾਰੀਆਂ ਤੈਅ ਮੰਨੀਆਂ ਜਾ ਰਹੀਆਂ ਹਨ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਸਤਰ ਜ਼ਬਤ ਕਰਨ ਦੀ ਕਾਰਵਾਈ

## ✪ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਨ.ਫਰਤੀ ਵਰਤਾਰਾ ✪ ਹਜ਼ੂਰ ਸਾਹਿਬ ਵਿਖੇ 4,796 ਸ਼ਸਤਰ ਜ਼ਬਤ, ਸਿਕਲੀਗਰ ਸਿੱਖਾਂ 'ਤੇ ਪਰਚੇ: ਪ੍ਰਬੰਧਕਾਂ ਅਤੇ ਜਥੇਦਾਰ ਦੀ 'ਚੁੱਪ' 'ਤੇ ਉੱਠੇ ਸਵਾਲ!

### ਖਾਸ ਰਿਪੋਰਟ

**ਬਘੇਲ ਸਿੰਘ ਧਾਲੀਵਾਲ**



ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਨੇੜੇ ਸਿੱਖ ਕਕਾਰਾਂ ਅਤੇ ਪਰੰਪਰਾਗਤ ਸਿੱਖ ਸ਼ਸਤਰਾਂ ਦੀਆਂ ਦੁਕਾਨਾਂ ਤੇ ਸਟਾਲਾਂ ਤੋਂ ਵੱਡੀ ਗਿਣਤੀ ਵਿੱਚ ਸ਼ਸਤਰ ਜ਼ਬਤ ਕਰਨ ਦੀ ਮਹਾਰਾਸ਼ਟਰ ਪੁਲਿਸ ਦੀ ਕਾਰਵਾਈ ਨੇ ਸਿੱਖ ਜਗਤ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਨਾਂਦੇੜ ਪੁਲਿਸ ਨੇ ਇੱਕੋ ਦਿਨ ਦੀ ਵੱਡੀ ਛਾਪੇਮਾਰੀ ਦੌਰਾਨ 4,796 ਧਾਰਦਾਰ ਸ਼ਸਤਰ ਜ਼ਬਤ ਕੀਤੇ ਹਨ, ਜਿਨ੍ਹਾਂ ਵਿੱਚ ਕਿਰਪਾਨਾਂ, ਖੰਡੇ, ਗੁਪਤੀਆਂ ਅਤੇ ਕਟਾਰਾਂ ਸ਼ਾਮਲ ਹਨ। ਪੁਲਿਸ ਨੇ ਇਸ ਨੂੰ 'ਹਥਿਆਰ ਐਕਟ' ਤਹਿਤ ਆਪਣੀ ਵੱਡੀ ਕਾਮਯਾਬੀ ਦੱਸਿਆ ਹੈ ਅਤੇ ਸਥਾਨਕ ਸਿਕਲੀਗਰ ਸਿੱਖ ਦੁਕਾਨਦਾਰਾਂ ਖ਼ਿਲਾਫ਼ ਪਰਚੇ ਦਰਜ ਕੀਤੇ ਹਨ।



**ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਕਾਰਵਾਈ ਦੀ ਨਿੰਦਾ ਕਰਦਿਆਂ ਕੇਸ ਵਾਪਸ ਲੈਣ ਦੀ ਮੰਗ ਕੀਤੀ ਹੈ, ਪਰ ਸਿੱਖ ਸੰਸਥਾਵਾਂ ਦੀ ਮਹਿਜ਼ ਬਿਆਨਬਾਜ਼ੀ ਤੱਕ ਸੀਮਤ ਕਾਰਵਾਈ ਵੀ ਸ਼ੱਕ ਦੇ ਘੇਰੇ ਵਿੱਚ ਹੈ। ਸਭ ਤੋਂ ਸ਼ਰਮਨਾਕ ਅਤੇ ਅਫ਼ਸੋਸਨਾਕ ਪਹਿਲੂ ਇਹ ਰਿਹਾ ਕਿ ਗੁਰਦੁਆਰਾ ਬੋਰਡ ਹਜ਼ੂਰ ਸਾਹਿਬ ਦੇ ਪ੍ਰਬੰਧਕ, ਜਥੇਦਾਰ ਸਾਹਿਬ ਅਤੇ ਪੰਜ ਪਿਆਰਿਆਂ ਵੱਲੋਂ ਇਸ ਨਫ਼ਰਤੀ ਵਰਤਾਰੇ ਖ਼ਿਲਾਫ਼ ਕੋਈ ਆਵਾਜ਼ ਨਹੀਂ ਚੁੱਕੀ ਗਈ। ਜਦੋਂ ਪੁਲਿਸ ਗਰੀਬ ਸਿਕਲੀਗਰ ਸਿੱਖਾਂ ਨੂੰ ਚੁੱਕ ਕੇ ਲੈ ਜਾ ਰਹੀ ਸੀ, ਉਦੋਂ ਵੀ ਧਾਰਮਿਕ ਅਗਵਾਈ ਮੂਕ ਦਰਸ਼ਕ ਬਣੀ ਰਹੀ।**

### ਸਿੱਖ ਵਿਰਾਸਤ ਅਤੇ ਧਾਰਮਿਕ ਆਜ਼ਾਦੀ 'ਤੇ ਹਮਲਾ

ਸਿੱਖ ਪੰਥ ਵਿੱਚ ਸ਼ਸਤਰਾਂ ਦੀ ਮਹੱਤਤਾ ਓਨੀ ਹੀ ਹੈ ਜਿੰਨੀ ਸ਼ਾਸਤਰਾਂ ਦੀ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਨਾ ਸਮੇਂ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ ਗਿਆ ਸੀ, ਅਤੇ ਕਿਰਪਾਨ ਪੰਜ ਕਕਾਰਾਂ ਵਿੱਚੋਂ ਇੱਕ ਅਹਿਮ ਹਿੱਸਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ 'ਸ਼ਸਤਰ ਪ੍ਰਕਾਸ਼' ਦੀ ਇੱਕ ਵਿਲੱਖਣ ਅਤੇ ਸਦੀਆਂ ਪੁਰਾਣੀ ਪਰੰਪਰਾ ਹੈ।

ਪੁਲਿਸ ਵੱਲੋਂ ਇਹ ਬਿਆਨ ਦੇਣਾ ਕਿ ਇਹ ਸ਼ਸਤਰ ਅਪਰਾਧ ਦੀ ਵਰਤੋਂ ਲਈ ਹੋ ਸਕਦੇ ਸਨ, ਸਿੱਖ ਭਾਈਚਾਰੇ ਨੂੰ ਬੇਗਾਨਗੀ ਅਤੇ ਮਾਨਸਿਕ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲਾ ਹੈ। ਸਿੱਖਾਂ ਦਾ ਮੰਨਣਾ ਹੈ ਕਿ ਇਹ ਕਾਰਵਾਈ ਕਿਸੇ ਧਾਰਮਿਕ ਮਾਹਿਰ ਜਾਂ ਸਿੱਖ ਸੰਸਥਾ ਦੀ ਰਾਇ ਲਏ ਬਿਨਾਂ, ਸਿਰਫ਼ ਫਿਰਕੂ ਨਫ਼ਰਤ ਨਾਲ ਕੀਤੀ ਗਈ ਹੈ, ਜੋ ਕਿ ਸੰਵਿਧਾਨਕ ਹੱਕਾਂ ਦਾ ਸਿੱਧਾ ਅਪਮਾਨ ਹੈ।

### ਭਾਜਪਾ ਸਰਕਾਰ ਦੀ ਦੋਹਰੀ ਨੀਤੀ 'ਤੇ ਸਵਾਲ

ਇਸ ਘਟਨਾ ਨੇ ਕੇਂਦਰ ਅਤੇ ਮਹਾਰਾਸ਼ਟਰ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਦੋਗਲੇ ਚਰਿੱਤਰ ਨੂੰ ਜੱਗ-ਜ਼ਾਹਰ ਕੀਤਾ ਹੈ। ਇੱਕ ਪਾਸੇ ਭਾਜਪਾ ਪੰਜਾਬ ਵਿੱਚ ਸੱਤਾ ਹਾਸਲ ਕਰਨ ਦੇ ਸੁਪਨੇ ਵੇਖ ਰਹੀ ਹੈ ਅਤੇ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾ ਕੇ ਸਿੱਖਾਂ ਦੀ ਹਮਦਰਦ ਬਣਨ ਦਾ ਦਾਅਵਾ ਕਰਦੀ ਹੈ, ਪਰ ਦੂਜੇ ਪਾਸੇ ਸਿੱਖਾਂ ਦੇ ਧਾਰਮਿਕ ਪ੍ਰਤੀਕਾਂ ਨੂੰ ਸ਼ੱਕ ਦੇ ਘੇਰੇ ਵਿੱਚ ਲਿਆ ਕੇ ਜ਼ਬਤ ਕੀਤਾ ਜਾ ਰਿਹਾ ਹੈ। 2027 ਵਿੱਚ ਪੰਜਾਬ ਅੰਦਰ ਆਪਣੇ ਬਲਬੂਤੇ ਅਧਾਰ ਕਾਇਮ ਕਰਨ ਦੀ ਇੱਛਾ ਰੱਖਣ ਵਾਲੀ ਭਾਜਪਾ ਨੂੰ ਇਹ ਸਮਝਣਾ ਹੋਵੇਗਾ ਕਿ ਸਿੱਖਾਂ ਨੂੰ ਦਬਾਉਣ ਵਾਲੀ ਇਹ ਨੀਤੀ ਉਨ੍ਹਾਂ ਨੂੰ ਕਦੇ ਵੀ ਪੰਜਾਬ ਦੀ ਸੱਤਾ ਦੇ ਕਰੀਬ ਨਹੀਂ ਆਉਣ ਦੇਵੇਗੀ।

### ਸਿੱਖ ਸੰਸਥਾਵਾਂ ਦੀ ਕਾਰਗੁਜ਼ਾਰੀ ਅਤੇ ਪ੍ਰਬੰਧਕਾਂ ਦੀ 'ਡਰਾਕਲ ਚੁੱਪ'

ਹਾਲਾਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਕਾਰਵਾਈ ਦੀ ਨਿੰਦਾ ਕਰਦਿਆਂ ਕੇਸ ਵਾਪਸ ਲੈਣ ਦੀ ਮੰਗ ਕੀਤੀ ਹੈ, ਪਰ ਸਿੱਖ ਸੰਸਥਾਵਾਂ ਦੀ ਮਹਿਜ਼ ਬਿਆਨਬਾਜ਼ੀ ਤੱਕ ਸੀਮਤ ਕਾਰਵਾਈ ਵੀ ਸ਼ੱਕ ਦੇ ਘੇਰੇ ਵਿੱਚ ਹੈ। ਸਭ ਤੋਂ ਸ਼ਰਮਨਾਕ ਅਤੇ ਅਫ਼ਸੋਸਨਾਕ ਪਹਿਲੂ ਇਹ ਰਿਹਾ ਕਿ ਗੁਰਦੁਆਰਾ ਬੋਰਡ ਹਜ਼ੂਰ ਸਾਹਿਬ ਦੇ ਪ੍ਰਬੰਧਕ, ਜਥੇਦਾਰ ਸਾਹਿਬ ਅਤੇ ਪੰਜ ਪਿਆਰਿਆਂ ਵੱਲੋਂ ਇਸ ਨਫ਼ਰਤੀ ਵਰਤਾਰੇ ਖ਼ਿਲਾਫ਼ ਕੋਈ ਆਵਾਜ਼ ਨਹੀਂ ਚੁੱਕੀ ਗਈ। ਜਦੋਂ ਪੁਲਿਸ ਗਰੀਬ ਸਿਕਲੀਗਰ ਸਿੱਖਾਂ ਨੂੰ ਚੁੱਕ ਕੇ ਲੈ ਜਾ ਰਹੀ ਸੀ, ਉਦੋਂ ਵੀ ਧਾਰਮਿਕ ਅਗਵਾਈ ਮੂਕ ਦਰਸ਼ਕ ਬਣੀ ਰਹੀ।

### ਸਰਕਾਰੀ ਦਖ਼ਲਅੰਦਾਜ਼ੀ ਅਤੇ ਆਪਸੀ ਪਾਟੋਧਾੜ ਦਾ ਨਤੀਜਾ

ਗੁਰਦੁਆਰਾ ਬੋਰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸਾਬਕਾ ਪ੍ਰਧਾਨ ਸ਼ੇਰ ਸਿੰਘ ਫੌਜੀ ਨੇ ਇਸ ਸਥਿਤੀ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਖ਼ੁਲਾਸਾ ਕੀਤਾ ਕਿ:

"ਗੁਰਦੁਆਰਾ ਪ੍ਰਬੰਧ ਪੂਰੀ ਤਰ੍ਹਾਂ ਸਰਕਾਰ ਦੇ ਹੱਥ ਵਿੱਚ ਹੈ। ਬੋਰਡ ਦਾ ਪ੍ਰਧਾਨ ਕੋਈ ਚੁਣਿਆ ਹੋਇਆ ਨੁਮਾਇੰਦਾ ਨਹੀਂ, ਬਲਕਿ ਸਰਕਾਰ ਵੱਲੋਂ ਲਾਇਆ ਇੱਕ ਆਈਏਐਸ ਅਧਿਕਾਰੀ ਹੈ। ਭਾਜਪਾ ਗੱਠਜੋੜ ਦੀ ਸਰਕਾਰ ਹੋਣ ਕਾਰਨ ਜਥੇਦਾਰ ਅਤੇ ਪੰਜ ਪਿਆਰੇ ਬੋਲਣ ਤੋਂ ਡਰਦੇ ਹਨ। ਮੈਂ ਖ਼ੁਦ ਜਥੇਦਾਰ ਸਾਹਿਬ ਨੂੰ ਬੇਨਤੀ ਕੀਤੀ ਸੀ, ਪਰ ਉਨ੍ਹਾਂ ਨੇ ਇਸ ਮਾਮਲੇ 'ਤੇ ਬਿਆਨ ਦੇਣ ਤੋਂ ਸਾਫ਼ ਮਨਾ ਕਰ ਦਿੱਤਾ।"

ਸ਼ੇਰ ਸਿੰਘ ਫੌਜੀ ਅਨੁਸਾਰ, ਸਿੱਖਾਂ ਦੀ ਆਪਸੀ ਪਾਟੋਧਾੜ ਕਾਰਨ ਸੰਸਥਾਵਾਂ ਕਮਜ਼ੋਰ ਹੋ ਚੁੱਕੀਆਂ ਹਨ ਅਤੇ ਪ੍ਰਬੰਧਕ ਹਕੂਮਤਾਂ ਨਾਲ ਅੱਖ ਵਿੱਚ ਅੱਖ ਪਾ ਕੇ ਗੱਲ ਕਰਨ ਦਾ ਹੌਸਲਾ ਗੁਆ ਚੁੱਕੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਪੁਲਸੀਆ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਬਿਆਨ ਦਿੱਤਾ ਹੈ ਕਿ ਸਿੱਖ ਧਰਮ ਵਿੱਚ ਪਰੰਪਰਾਗਤ ਸ਼ਸਤਰਾਂ ਦੀ ਮਹੱਤਤਾ ਬਹੁਤ ਉੱਚੀ ਅਤੇ ਇਤਿਹਾਸਿਕ ਹੈ। ਗੁਰੂ ਸਾਹਿਬਾਨਾਂ ਵੱਲੋਂ ਖਾਲਸੇ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ ਗਿਆ ਸੀ, ਇਸ ਲਈ ਸ਼ਸਤਰ ਸਿੱਖ ਅਣਖ ਅਤੇ ਪਛਾਣ ਦਾ ਹਿੱਸਾ ਹਨ, ਕੋਈ ਅਪਰਾਧਿਕ ਵਸਤੂ ਨਹੀਂ।

ਧਾਮੀ ਨੇ ਮਹਾਰਾਸ਼ਟਰ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਕਾਨੂੰਨ ਦਾ ਪਾਲਣ ਕਰਵਾਉਣ ਦੇ ਨਾਂ 'ਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਇਤਿਹਾਸਿਕ ਮਰਯਾਦਾ ਨੂੰ ਠੇਸ ਨਹੀਂ ਪਹੁੰਚਾਈ ਜਾ ਸਕਦੀ। ਉਨ੍ਹਾਂ ਨੇ ਸਿਕਲੀਗਰ ਸਿੱਖਾਂ ਅਤੇ ਸ਼ਸਤਰ ਵਿਕਰੇਤਾਵਾਂ 'ਤੇ ਦਰਜ ਕੀਤੇ ਗਏ ਪੁਲਿਸ ਕੇਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸ਼ਸਤਰ ਕੋਈ ਅਪਰਾਧ ਦੀ ਨਿਸ਼ਾਨੀ ਨਹੀਂ, ਬਲਕਿ "ਸਰਬੱਤ ਦੇ ਭਲੇ" ਦਾ ਸੰਦੇਸ਼ ਦੇਣ ਵਾਲੀ ਸਿੱਖ ਕੌਮ ਦੀ ਅਣਖ ਅਤੇ ਵਿਰਾਸਤ ਦਾ ਹਿੱਸਾ ਹਨ। ਜੇਕਰ ਸਰਕਾਰਾਂ ਸੱਚਮੁੱਚ ਸਿੱਖਾਂ ਦਾ ਭਰੋਸਾ ਜਿੱਤਣਾ ਚਾਹੁੰਦੀਆਂ ਹਨ, ਤਾਂ ਉਨ੍ਹਾਂ ਨੂੰ ਸਿੱਖਾਂ ਦੇ ਸਵੈਮਾਨ ਨੂੰ ਸੱਟ ਮਾਰਨ ਵਾਲੀ ਕਰੂਰ ਰਵਾਇਤ ਨੂੰ ਤਿਆਗਣਾ ਪਵੇਗਾ, ਕਿਉਂਕਿ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨਾ ਦੇਸ਼ ਦੇ ਹਿੱਤ ਵਿੱਚ ਕਦੇ ਨਹੀਂ ਹੋ ਸਕਦਾ।

## ਕੀ ਇਸ ਬਾਰੇ ਸਿੱਖ ਅਦਾਲਤੀ ਕਾਰਵਾਈ ਕਰ ਰਹੇ ਹਨ?

ਇਸ ਮਾਮਲੇ ਨੂੰ ਕਾਨੂੰਨੀ ਅਤੇ ਸੰਵਿਧਾਨਕ ਪੱਧਰ 'ਤੇ ਲੜਨ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ:ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਲੀਗਲ ਟੀਮ (ਕਾਨੂੰਨੀ ਮਾਹਿਰਾਂ) ਰਾਹੀਂ ਨਾਂਦੇੜ ਵਿਖੇ ਗ੍ਰਿਫ਼ਤਾਰ ਕੀਤੇ ਗਏ ਅਤੇ ਆਰਮਜ਼ ਐਕਟ ਦੇ ਤਹਿਤ ਨਾਮਜ਼ਦ ਕੀਤੇ ਗਏ ਸਿਕਲੀਗਰ ਸਿੱਖ ਦੁਕਾਨਦਾਰਾਂ ਦੀ ਮਦਦ ਕਰਨ ਦਾ ਫ਼ੈਸਲਾ ਕੀਤਾ ਹੈ। ਸੰਵਿਧਾਨਕ ਅਧਿਕਾਰਾਂ ਦੀ ਦੁਹਾਈ: ਸਿੱਖ ਜਥੇਬੰਦੀਆਂ ਅਤੇ ਵਕੀਲ ਭਾਰਤੀ ਸੰਵਿਧਾਨ ਦੀ ਧਾਰਾ 25 (ਅਰਟਿਕਲ 25) ਦੇ ਤਹਿਤ ਅਦਾਲਤ ਤੱਕ ਪਹੁੰਚ ਕਰ ਰਹੇ ਹਨ, ਜੋ ਹਰ ਨਾਗਰਿਕ ਨੂੰ ਆਪਣੀਆਂ ਧਾਰਮਿਕ ਪਰੰਪਰਾਵਾਂ ਨਿਭਾਉਣ ਦੀ ਆਜ਼ਾਦੀ ਦਿੰਦੀ ਹੈ (ਜਿਸ ਦੇ ਤਹਿਤ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਦਾ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ))।

ਸਿੱਖ ਪ੍ਰਤੀਨਿਧੀਆਂ ਵੱਲੋਂ ਅਦਾਲਤੀ ਅਤੇ ਪ੍ਰਸ਼ਾਸਨਿਕ ਪੱਧਰ 'ਤੇ ਇਹ ਮੰਗ ਰੱਖੀ ਜਾ ਰਹੀ ਹੈ ਕਿ ਜ਼ਬਤ ਕੀਤੇ ਗਏ 4,796 ਸ਼ਸਤਰਾਂ ਦੀ ਜਾਂਚ ਲਈ ਇੱਕ ਸਾਂਝੀ ਕਮੇਟੀ ਬਣਾਈ ਜਾਵੇ, ਜਿਸ ਵਿੱਚ ਸਿੱਖ ਧਰਮ ਦੇ ਮਾਹਿਰ ਸ਼ਾਮਲ ਹੋਣ, ਤਾਂ ਜੋ ਪੁਲਿਸ ਦੇ ਇਸ ਦਾਅਵੇ ਨੂੰ ਰੱਦ ਕੀਤਾ ਜਾ ਸਕੇ ਕਿ ਇਹ 'ਅਪਰਾਧਿਕ ਵਰਤੋਂ' ਲਈ ਸਨ।

# ਸਾਊਥੈਂਪਟਨ ਦੀ ਮੰਦਭਾਗੀ ਘਟਨਾ ਅਤੇ ਸਿੱਖ ਜਗਤ ਲਈ ਆਤਮ-ਮੰਥਨ ਦੀ ਲੋੜ

## ✪ ਸੱਜੇ-ਪੱਖੀ ਕੱਟੜਪੰਥੀਆਂ ਦੇ ਨਿਸ਼ਾਨੇ 'ਤੇ ਆਇਆ ਸਿੱਖਾਂ ਦਾ ਪਵਿੱਤਰ ਚਿੰਨ੍ਹ 'ਕਿਰਪਾਨ', ਬ੍ਰਿਟੇਨ ਵਿਚ ਨਸਲਵਾਦ ਦਾ ਉਭਾਰ







**ਬਲਵਿੰਦਰਪਾਲ ਸਿੰਘ ਪ੍ਰੋਫੈਸਰ**



ਯੂਕੇ ਦੇ ਸਾਊਥੈਂਪਟਨ ਸ਼ਹਿਰ ਵਿੱਚ ਵਾਪਰੀ ਖ਼ੂਨੀ ਅਤੇ ਮੰਦਭਾਗੀ ਘਟਨਾ ਨੇ ਨਾ ਸਿਰਫ਼ ਬ੍ਰਿਟਿਸ਼ ਸਮਾਜ ਨੂੰ ਝੰਜੋੜਿਆ ਹੈ, ਬਲਕਿ ਪੂਰੇ ਸਿੱਖ ਜਗਤ ਨੂੰ ਵੀ ਇੱਕ ਡੂੰਘੇ ਆਤਮ-ਮੰਥਨ ਦੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਇੱਕ 23 ਸਾਲਾ ਸਿੱਖ ਨੌਜਵਾਨ ਵਿਕਰਮ ਦਿਗਵਾ ਵੱਲੋਂ ਮਾਮੂਲੀ ਬਹਿਸਬਾਜ਼ੀ ਜਾਂ ਮਜ਼ਾਕ ਕਾਰਨ ਆਪਾ ਖੋਹ ਕੇ 18 ਸਾਲਾ ਬ੍ਰਿਟਿਸ਼ ਵਿਦਿਆਰਥੀ ਹੈਨਰੀ ਨੋਵਾਕ ਦਾ ਛੁਰੇਮਾਰ ਕੇ ਕਤਲ ਕਰ ਦੇਣਾ ਇੱਕ ਬੇਹੱਦ ਸੰਗੀਨ ਅਪਰਾਧ ਹੈ। ਅਦਾਲਤ ਵੱਲੋਂ ਦੋਸ਼ੀ ਨੂੰ ਸੁਣਾਈ ਗਈ 21 ਸਾਲ ਦੀ ਉਮਰ ਕੈਦ ਦੀ ਸਜ਼ਾ ਕਾਨੂੰਨ ਦੇ ਇਨਸਾਫ਼ ਨੂੰ ਦਰਸਾਉਂਦੀ ਹੈ। ਜੱਜ ਮੌਸਲੇ ਦੀ ਇਹ ਟਿੱਪਣੀ ਬੇਹੱਦ ਗੰਭੀਰ ਹੈ ਕਿ "ਵਿਕਰਮ, ਤੂੰ ਨਾ ਸਿਰਫ਼ ਇੱਕ ਪਰਿਵਾਰ ਉਜਾੜਿਆ, ਬਲਕਿ ਆਪਣੇ ਧਰਮ ਅਤੇ ਭਾਈਚਾਰੇ ਦੇ ਨਾਂ ਨੂੰ ਵੀ ਦਾਗ ਲਗਾਇਆ ਹੈ।"

ਵਰਣਨਯੋਗ ਹੈ ਕਿ ਸਿੱਖ ਧਰਮ ਦਾ ਫ਼ਲਸਫ਼ਾ 'ਸਰਬੱਤ ਦੇ ਭਲੇ' ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਮਹਾਨ ਸਿਧਾਂਤਾਂ 'ਤੇ ਟਿਕਿਆ ਹੋਇਆ ਹੈ। ਕੋਰੋਨਾ ਕਾਲ ਤੋਂ ਲੈ ਕੇ ਦੁਨੀਆ ਭਰ ਵਿੱਚ ਆਈਆਂ ਕੁਦਰਤੀ ਆਫ਼ਤਾਂ ਤੱਕ, ਸਿੱਖ ਭਾਈਚਾਰੇ ਨੇ ਆਪਣੀ ਨਿਰਸਵਾਰਥ ਸੇਵਾ ਅਤੇ ਲੰਗਰ ਪ੍ਰਥਾ ਸਦਕਾ ਵਿਸ਼ਵ ਭਰ ਵਿੱਚ ਇੱਕ ਮਨੁੱਖਤਾਪੱਖੀ ਅਕਸ ਕਮਾਇਆ ਹੈ। ਪਰ ਅਜਿਹੀਆਂ ਇਕੱਲੀਆਂ-ਦੁਕੱਲੀਆਂ ਹਿੰਸਕ ਘਟਨਾਵਾਂ ਸਦੀਆਂ ਦੀ ਇਸ ਕਮਾਈ ਅਤੇ ਸਥਾਨਕ ਲੋਕਾਂ ਦੀ ਹਮਦਰਦੀ ਨੂੰ ਇੱਕ ਪਲ ਵਿੱਚ ਮਿੱਟੀ ਵਿੱਚ ਮਿਲਾਉਣ ਦਾ ਸਬੱਬ ਬਣ ਜਾਂਦੀਆਂ ਹਨ।

### ਪੁਲਿਸ ਦੀ ਲਾਪਰਵਾਹੀ ਅਤੇ ਸੱਜੇ-ਪੱਖੀ ਕੱਟੜਤਾ ਦਾ ਉਭਾਰ

ਇਸ ਘਟਨਾ ਦਾ ਸਭ ਤੋਂ ਦੁਖਦਾਈ ਅਤੇ ਭੜਕਾਊ ਪਹਿਲੂ ਉਦੋਂ ਸਾਹਮਣੇ ਆਇਆ ਸੀ ਜਦੋਂ ਪੁਲਿਸ ਦੀ ਬੌਡੀਕੈਮ ਵੀਡੀਓ ਜਨਤਕ ਹੋਈ। ਦੋਸ਼ੀ ਵਿਕਰਮ ਦੇ ਝੂਠੇ ਬਿਆਨ (ਕਿ ਉਹ ਨਸਲੀ ਹਮਲੇ ਦਾ ਸ਼ਿਕਾਰ ਹੋਇਆ ਹੈ) 'ਤੇ ਯਕੀਨ ਕਰਕੇ, ਪੁਲਿਸ ਨੇ ਜ਼ਖ਼ਮੀ ਅਤੇ ਦਮ ਤੋੜ ਰਹੇ ਹੈਨਰੀ ਨੂੰ ਹੀ ਹੱਥਕੜੀਆਂ ਲਗਾ ਦਿੱਤੀਆਂ ਸਨ। ਇਸ ਅਣਮਨੁੱਖੀ ਵੀਡੀਓ ਦੇ ਸਾਹਮਣੇ ਆਉਣ ਨਾਲ ਗੋਰੇ ਬਹੁਗਿਣਤੀ ਸਮਾਜ ਦਾ ਗੁੱਸਾ ਜਵਾਲਾਮੁਖੀ ਵਾਂਗ ਫੁੱਟ ਪਿਆ ਸੀ।

ਇਸ ਨਿੱਜੀ ਅਪਰਾਧ ਨੂੰ ਆਧਾਰ ਬਣਾ ਕੇ ਟੌਮੀ ਰੌਬਿਨਸਨ ਅਤੇ ਰਿਫ਼ਾਰਮ ਪਾਰਟੀ ਦੇ ਆਗੂ ਨਾਈਜਲ ਫਰਾਜ ਵਰਗੇ ਕੱਟੜ ਸੱਜੇ-ਪੱਖੀ ਕਾਰਕੁਨਾਂ ਨੇ ਪੂਰੇ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਦੀ ਮੁਹਿੰਮ ਛੇੜ ਦਿੱਤੀ ਹੈ। ਸੋਸ਼ਲ ਮੀਡੀਆ (ਖ਼ਾਸ ਕਰਕੇ 'X') 'ਤੇ "DEPORT ALL SIKHS" ਵਰਗੇ ਘਿਨਾਉਣੇ ਟ੍ਰੈਂਡ ਚਲਾਏ ਗਏ ਅਤੇ ਸਾਊਥੈਂਪਟਨ ਵਿੱਚ ਹਿੰਸਕ ਮੁਜ਼ਾਹਰੇ ਕਰਕੇ ਕਾਨੂੰਨ ਵਿਵਸਥਾ ਨੂੰ ਚੁਣੌਤੀ ਦਿੱਤੀ ਗਈ।

ਇਸ ਅਪਰਾਧ ਦਾ ਵਧੇਰੇ ਖ਼ਤਰਨਾਕ ਪਹਿਲੂ ਇਹ ਸੀ ਕਿ ਕੱਟੜ ਸੱਜੇ-ਪੱਖੀ ਜਥੇਬੰਦੀਆਂ ਅਤੇ ਟੌਮੀ ਰੌਬਿਨਸਨ ਵਰਗੇ ਆਗੂਆਂ ਨੇ ਇਸ ਦੁਖਾਂਤ ਨੂੰ ਇੱਕ ਨਿੱਜੀ ਅਪਰਾਧ ਵਜੋਂ ਦੇਖਣ ਦੀ ਬਜਾਏ, ਪੂਰੇ ਸਿੱਖ ਭਾਈਚਾਰੇ ਦੇ ਖ਼ਿਲਾਫ਼ ਮਾਹੌਲ ਗਰਮ ਕਰਨ ਲਈ ਵਰਤਿਆ। ਦੋਸ਼ੀ ਦੇ ਘਰ ਵੱਲ ਮਾਰਚ ਕਰਨਾ, ਪੁਲਿਸ 'ਤੇ ਇੱਟਾਂ, ਬੋਤਲਾਂ ਅਤੇ ਕੂੜੇਦਾਨ ਸੁੱਟਣਾ, ਅਤੇ 11 ਪੁਲਿਸ ਮੁਲਾਜ਼ਮਾਂ ਸਮੇਤ ਇੱਕ ਪੁਲਿਸ ਕੁੱਤੇ ਨੂੰ ਜ਼ਖ਼ਮੀ ਕਰਨਾ ਕਿਸੇ ਵੀ ਤਰ੍ਹਾਂ 'ਇਨਸਾਫ਼ ਦੀ ਮੰਗ' ਨਹੀਂ ਹੈ। ਇਹ ਸਿੱਧੇ ਤੌਰ 'ਤੇ ਕਾਨੂੰਨ ਵਿਵਸਥਾ ਨੂੰ ਚੁਣੌਤੀ ਦੇਣ ਅਤੇ ਸ਼ਹਿਰ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਸਾਜ਼ਿਸ਼ ਸੀ। ਕਿਸੇ ਇੱਕ ਵਿਅਕਤੀ ਦੇ ਗੁਨਾਹ ਲਈ ਪੂਰੇ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਸਰਾਸਰ ਨਿਆਂ ਦੇ ਉਲਟ ਹੈ। ਇਸ ਘਟਨਾ ਦੀ ਆੜ ਵਿੱਚ ਸਭ ਤੋਂ ਵੱਡਾ ਹਮਲਾ ਸਿੱਖਾਂ ਦੇ ਪਵਿੱਤਰ ਧਾਰਮਿਕ ਚਿੰਨ੍ਹ 'ਕਿਰਪਾਨ' 'ਤੇ ਪਾਬੰਦੀ ਲਗਾਉਣ ਦੀ ਮੰਗ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ। ਰਿਫਾਰਮ ਯੂ.ਕੇ. ਸਮੇਤ ਕੁਝ ਸਿਆਸੀ ਪਾਰਟੀਆਂ ਵੱਲੋਂ ਇਸ ਮੁੱਦੇ 'ਤੇ ਸਿਆਸੀ ਮੌਕਾਪ੍ਰਸਤੀ ਦੀ ਖੇਡ ਖੇਡੀ ਜਾ ਰਹੀ ਹੈ। ਇੱਥੇ ਇਹ ਸਪੱਸ਼ਟ ਕਰਨਾ ਬੇਹੱਦ ਜ਼ਰੂਰੀ ਹੈ ਕਿ:ਪੁਲਿਸ ਅਤੇ ਅਦਾਲਤ ਨੇ ਖ਼ੁਦ ਸਪੱਸ਼ਟ ਕੀਤਾ ਹੈ ਕਿ ਵਾਰਦਾਤ ਵਿੱਚ ਵਰਤਿਆ ਗਿਆ ਹਥਿਆਰ ਕੋਈ ਧਾਰਮਿਕ ਕਿਰਪਾਨ ਨਹੀਂ ਸੀ,

**ਬਾਕੀ ਹਿਸਾ ਸਫਾ 24 ਤੇ ਪੜ੍ਹੋ**

## ਕੀ ਕਹਿੰਦੇ ਹਨ ਪੰਥਕ ਆਗੂ

ਸਿੰਘ ਸਭਾ ਡਰਬੀ ਗੁਰਦੁਆਰੇ ਦੇ ਪ੍ਰਧਾਨ ਰਘਬੀਰ ਸਿੰਘ ਦਾ ਕਹਿਣਾ ਹੈ ਕਿ ਇਸ ਦੁਖਾਂਤ ਦਾ ਸਭ ਤੋਂ ਮੰਦਭਾਗਾ ਪਹਿਲੂ ਇਹ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਅਤੇ ਕੱਟੜਪੰਥੀਆਂ ਵੱਲੋਂ ਇਸ ਨਿੱਜੀ ਅਪਰਾਧ ਨੂੰ ਸਿੱਖਾਂ ਦੇ ਪਵਿੱਤਰ ਧਾਰਮਿਕ ਚਿੰਨ੍ਹ 'ਕਿਰਪਾਨ' ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਸਿੱਖ ਧਰਮ ਵਿੱਚ ਕਿਰਪਾਨ ਕਿਸੇ 'ਤੇ ਹਮਲਾ ਕਰਨ ਦਾ ਹਥਿਆਰ ਨਹੀਂ, ਸਗੋਂ ਮਜ਼ਲੂਮ ਦੀ ਰੱਖਿਆ ਦਾ ਪ੍ਰਤੀਕ ਹੈ।

ਬਿਨਾਂ ਕਿਸੇ ਤੱਥ ਜਾਂ ਵਿਚਾਰ-ਵਟਾਂਦਰੇ ਦੇ ਕਿਰਪਾਨ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨਾ ਯੂ.ਕੇ. ਵਿੱਚ ਰਹਿ ਰਹੇ ਸਿੱਖਾਂ ਦੇ ਧਾਰਮਿਕ ਪ੍ਰਗਟਾਵੇ ਦੇ ਅਧਿਕਾਰ 'ਤੇ ਸਿੱਧਾ ਹਮਲਾ ਹੈ। ਕਿਸੇ ਇੱਕ ਅਪਰਾਧੀ ਦੇ ਗੁਨਾਹ ਕਾਰਨ ਸਦੀਆਂ ਤੋਂ ਬ੍ਰਿਟਿਸ਼ ਇਤਿਹਾਸ ਅਤੇ ਵਿਸ਼ਵ ਯੁੱਧਾਂ ਵਿੱਚ ਕੁਰਬਾਨੀਆਂ ਦੇਣ ਵਾਲੇ ਮਾਣਮੱਤੇ ਭਾਈਚਾਰੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣਾ ਸਰਾਸਰ ਨਿਆਂ ਦੇ ਉਲਟ ਹੈ।

ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਅਤੇ ਸਤਵੀਰ ਕੌਰ ਦੀ ਇਹ ਅਪੀਲ ਬੇਹੱਦ ਅਹਿਮ ਹੈ ਕਿ ਸਾਨੂੰ ਕਿਸੇ ਇੱਕ ਕਾਤਲ ਦੀਆਂ ਹਰਕਤਾਂ ਕਾਰਨ ਸਮਾਜ ਵਿੱਚ ਵੰਡ ਨਹੀਂ ਪੈਣ ਦੇਣੀ ਚਾਹੀਦੀ। ਸਿੱਖ ਜਗਤ ਅਤੇ ਸਥਾਨਕ ਗੁਰਦੁਆਰਾ ਕੌਂਸਲਾਂ ਨੇ ਪੀੜਤ ਪਰਿਵਾਰ ਨਾਲ ਖੜ੍ਹੇ ਹੋ ਕੇ ਆਪਣੀ ਉਦਾਰਤਾ ਅਤੇ ਮਨੁੱਖਤਾਵਾਦੀ ਪਹੁੰਚ ਦਾ ਸਬੂਤ ਦਿੱਤਾ ਹੈ।

ਗ੍ਰੇਵਜ਼ੈਂਡ ਦੇ 36 ਸਾਲਾ ਸਿੱਖ ਆਗੂ ਮਨਪ੍ਰੀਤ ਸਿੰਘ ਧਾਲੀਵਾਲ ਨੇ ਭਰੇ ਮਨ ਨਾਲ ਦੱਸਿਆ: "ਮੇਰਾ ਜਨਮ ਇਸੇ ਦੇਸ਼ (ਯੂ.ਕੇ.) ਵਿੱਚ ਹੋਇਆ ਹੈ। ਜਦੋਂ ਮੈਂ ਟੀਵੀ ਅਤੇ ਸੋਸ਼ਲ ਮੀਡੀਆ 'ਤੇ ਸਿੱਖਾਂ ਦੇ ਖ਼ਿਲਾਫ਼ ਅਜਿਹੀ ਨਫ਼ਰਤ ਦੇਖਦਾ ਹਾਂ, ਤਾਂ ਮੈਨੂੰ ਇੰਜ ਮਹਿਸੂਸ ਕਰਵਾਇਆ ਜਾਂਦਾ ਹੈ ਜਿਵੇਂ ਮੇਰਾ ਇਸ ਦੇਸ਼ ਵਿੱਚ ਕੋਈ ਵਜੂਦ ਜਾਂ ਸਵਾਗਤ ਹੀ ਨਹੀਂ ਹੈ। ਜਦਕਿ ਸਿੱਖ ਕਈ ਦਹਾਕਿਆਂ ਤੋਂ ਬ੍ਰਿਟਿਸ਼ ਸਮਾਜ ਦਾ ਸਭ ਤੋਂ ਵੱਧ ਵਿਕਸਿਤ ਅਤੇ ਮਿਲਿਆ-ਜੁਲਿਆ ਹਿੱਸਾ ਰਹੇ ਹਨ।"

ਇਸੇ ਡਰ ਕਾਰਨ ਜਗਜੀਤ ਸਿੰਘ ਧਾਲੀਵਾਲ ਵਰਗੇ ਆਮ ਸਿੱਖ ਨਾਗਰਿਕ ਹੁਣ ਲੰਡਨ ਵਿੱਚ ਹੋਣ ਵਾਲੇ ਧਾਰਮਿਕ ਅਤੇ ਇਤਿਹਾਸਕ ਸਮਾਗਮਾਂ ਵਿੱਚ ਆਪਣੇ ਪਰਿਵਾਰ, ਪਤਨੀ ਅਤੇ ਬੱਚਿਆਂ ਨੂੰ ਇਕੱਲੇ ਬਾਹਰ ਭੇਜਣ ਤੋਂ ਡਰ ਰਹੇ ਹਨ।

ਲੰਡਨ ਦੇ ਸਭ ਤੋਂ ਪੁਰਾਣੇ ਗੁਰਦੁਆਰੇ (ਸ਼ੈਫਰਡਜ਼ ਬੁਸ਼) ਦੇ ਟ੍ਰਸਟੀ ਮੰਦੀਪ ਸਿੰਘ ਸੋਹਲ ਨੇ ਵੀ ਕਿਹਾ ਕਿ ਸਿੱਖਾਂ ਦੀ ਆਪਣੀ ਇੱਕ ਜੰਗਜੂ (ਮਾਰਸ਼ਲ) ਪਰੰਪਰਾ ਹੈ ਜੋ ਹਮੇਸ਼ਾ ਜ਼ੁਲਮ ਦੇ ਖ਼ਿਲਾਫ਼ ਲੜਨ ਦੀ ਸਿੱਖਿਆ ਦਿੰਦੀ ਹੈ, ਇਸ ਲਈ ਸਿੱਖ ਖ਼ੁਦ ਵਿਕਰਮ ਦਿਗਵਾ ਦੇ ਇਸ ਅਪਰਾਧ ਨੂੰ ਬੇਹੱਦ ਘਿਨਾਉਣਾ ਅਤੇ ਸਿੱਖੀ ਸਿਧਾਂਤਾਂ ਦੇ ਉਲਟ ਮੰਨਦੇ ਹਨ।

ਗ੍ਰੇਵਜ਼ੈਂਡ ਦੇ ਪ੍ਰਸਿੱਧ ਗੁਰੂ ਨਾਨਕ ਦਰਬਾਰ ਗੁਰਦੁਆਰੇ ਦੀ ਕਮੇਟੀ ਮੈਂਬਰ ਤੇਜਿੰਦਰਜੀਤ ਕੌਰ ਨੇ ਕਿਹਾ: "ਪੰਜਾਬੀ ਭਾਸ਼ਾ ਵਿੱਚ ਉਸ ਹਥਿਆਰ ਲਈ ਬਿਲਕੁਲ ਵੱਖਰਾ ਸ਼ਬਦ (ਪੇਸ਼-ਕਬਜ਼/ਖੰਜਰ) ਵਰਤਿਆ ਜਾਂਦਾ ਹੈ ਜੋ ਦਿਗਵਾ ਕੋਲ ਸੀ। ਅਸੀਂ ਇਨ੍ਹਾਂ ਦੋਵਾਂ ਸ਼ਬਦਾਂ ਨੂੰ ਕਦੇ ਆਪਸ ਵਿੱਚ ਨਹੀਂ ਮਿਲਾਉਂਦੇ। ਕਿਰਪਾਨ ਇੱਕ ਬਿਲਕੁਲ ਵੱਖਰੀ ਚੀਜ਼ ਹੈ, ਇਸ ਦਾ ਇਸਤੇਮਾਲ ਕਦੇ ਕਿਸੇ 'ਤੇ ਹਮਲਾ ਕਰਨ ਲਈ ਨਹੀਂ ਕੀਤਾ ਜਾਂਦਾ।"

ਇਸ ਦੇ ਬਾਵਜੂਦ, 'ਰਿਫਾਰਮ ਯੂ.ਕੇ.' ਦੇ ਜ਼ੀਆ ਯੂਸਫ਼ ਅਤੇ 'ਰੀਸਟੋਰ ਬ੍ਰਿਟੇਨ' ਦੇ ਰੂਪਰਟ ਲੋਅ ਵਰਗੇ ਸੱਜੇ-ਪੱਖੀ ਸਿਆਸਤਦਾਨਾਂ ਨੇ ਸਿੱਖਾਂ ਨੂੰ ਮਿਲੀ ਕਿਰਪਾਨ ਰੱਖਣ ਦੀ ਕਾਨੂੰਨੀ ਛੋਟ ਖ਼ਤਮ ਕਰਨ ਦੀ ਮੰਗ ਕੀਤੀ ਹੈ, ਅਤੇ ਲੇਬਰ ਪਾਰਟੀ ਦੇ ਐਂਡੀ ਬਰਨਹਮ ਨੇ ਵੀ ਕਿਹਾ ਹੈ ਕਿ ਉਹ ਇਸ ਬਦਲਾਅ 'ਤੇ ਵਿਚਾਰ ਕਰਨਗੇ।

ਦੂਜੇ ਪਾਸੇ, ਬ੍ਰਿਟੇਨ ਦੇ 11 ਸਿੱਖ ਸੰਸਦ ਮੈਂਬਰਾਂ ਨੇ ਸਾਂਝਾ ਬਿਆਨ ਜਾਰੀ ਕਰਕੇ ਦਿਗਵਾ ਦੇ ਗੁਨਾਹ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਅਪੀਲ ਕੀਤੀ ਹੈ ਕਿ ਇੱਕ ਵਿਅਕਤੀ ਦੀ ਗਲਤੀ ਲਈ ਪੂਰੇ ਸਿੱਖ ਸਮਾਜ ਨੂੰ ਜ਼ਿੰਮੇਵਾਰ ਨਾ ਠਹਿਰਾਇਆ ਜਾਵੇ।

23 ਸਫ਼ੇ ਦੀ ਬਾਕੀ

ਬਲਕਿ 21 ਸੈਂਟੀਮੀਟਰ ਦਾ ਇੱਕ ਪਰਸ਼ੀਅਨ ਖੰਜਰ (ਫਇਸਹ-ਕਉਬਜ਼) ਸੀ, ਜਿਸ ਦਾ ਸਿੱਖ ਮਰਯਾਦਾ ਨਾਲ ਕੋਈ ਸਬੰਧ ਨਹੀਂ।

ਬ੍ਰਿਟੇਨ ਦੇ ਅੰਕੜੇ ਦੱਸਦੇ ਹਨ ਕਿ 42% ਚਾਕੂ ਦੇ ਅਪਰਾਧ ਰਸੋਈ ਦੇ ਸਾਧਾਰਨ ਚਾਕੂਆਂ ਨਾਲ ਹੁੰਦੇ ਹਨ, ਅਤੇ ਸਕਾਟਿਸ਼ ਪਰੰਪਰਾਗਤ ਚਾਕੂਆਂ ਦੇ ਵੀ ਮਾਮਲੇ ਆਉਂਦੇ ਹਨ। ਅਜਿਹੇ ਵਿੱਚ ਸਿਰਫ਼ 'ਕਿਰਪਾਨ' ਨੂੰ ਨਿਸ਼ਾਨਾ ਬਣਾਉਣਾ ਪੱਖਪਾਤ ਅਤੇ ਨਸਲਵਾਦ ਦੀ ਨਿਸ਼ਾਨੀ ਹੈ।

ਬ੍ਰਿਟਿਸ਼ ਸਿੱਖ ਰਿਪੋਰਟ 2025 ਦੇ ਅੰਕੜੇ ਦੱਸਦੇ ਹਨ ਕਿ 49% ਸਿੱਖ ਪਹਿਲਾਂ ਹੀ ਸਿੱਖ-ਵਿਰੋਧੀ ਭਾਵਨਾਵਾਂ ਨੂੰ ਲੈ ਕੇ ਚਿੰਤਤ ਸਨ। ਸਾਊਥੈਂਪਟਨ ਦੀ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਫੈਲਾਈ ਜਾ ਰਹੀ ਗਲਤ ਜਾਣਕਾਰੀ ਨੇ ਇਸ ਡਰ ਨੂੰ ਹਕੀਕਤ ਵਿੱਚ ਬਦਲ ਦਿੱਤਾ ਹੈ।

ਬ੍ਰਿਟਿਸ਼ ਸਿੱਖ ਰਿਪੋਰਟ 2025' ਦੇ ਅੰਕੜੇ ਸਾਫ਼ ਕਰਦੇ ਹਨ ਕਿ 49% ਬ੍ਰਿਟਿਸ਼ ਸਿੱਖ ਇਸ ਮੰਦਭਾਗੀ ਘਟਨਾ ਤੋਂ ਪਹਿਲਾਂ ਹੀ ਉੱਥੇ ਵਧ ਰਹੀਆਂ ਸਿੱਖ-ਵਿਰੋਧੀ ਭਾਵਨਾਵਾਂ ਨੂੰ ਲੈ ਕੇ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ, ਅਤੇ ਸਾਊਥੈਂਪਟਨ ਦੇ ਦੁਖਾਂਤ ਨੇ ਇਸ ਸਮਾਜਿਕ ਡਰ ਨੂੰ ਹਕੀਕਤ ਵਿੱਚ ਬਦਲ ਦਿੱਤਾ ਹੈ। ਪਰ ਇਸ ਬਾਹਰੀ ਚੁਣੌਤੀ ਦੇ ਨਾਲ-ਨਾਲ ਭਾਈਚਾਰੇ ਨੂੰ ਆਪਣੇ ਅੰਦਰੂਨੀ ਹਾਲਾਤ ਵੱਲ ਵੀ ਝਾਤ ਮਾਰਨ ਦੀ ਲੋੜ ਹੈ।

ਪੱਛਮੀ ਦੇਸ਼ਾਂ ਦੇ ਗੁਰਦੁਆਰਿਆਂ ਵਿੱਚ ਪ੍ਰਧਾਨਗੀਆਂ ਅਤੇ ਗੋਲਕ ਦੇ ਕਬਜ਼ਿਆਂ ਨੂੰ ਲੈ ਕੇ ਹੋਣ ਵਾਲੀਆਂ ਸ਼ਰਮਨਾਕ ਖੂਨੀ ਲੜਾਈਆਂ, ਅਤੇ ਕੁਝ ਗੁੰਮਰਾਹ ਹੋਏ ਬੇਚੈਨ ਨੌਜਵਾਨਾਂ ਵੱਲੋਂ (ਖ਼ਾਲਿਸਤਾਨੀ ਲਹਿਰ ਦੇ ਨਾਂ ਹੇਠ) ਕੀਤੇ ਜਾਣ ਵਾਲੇ ਭੜਕਾਊ ਪ੍ਰਦਰਸ਼ਨ- ਜਿਵੇਂ ਕਿ ਭਾਰਤੀ ਝੰਡੇ ਸਾੜਨਾ ਜਾਂ ਹਿੰਸਕ ਰੁਖ਼ ਅਖਤਿਆਰ ਕਰਨਾ-ਸਿੱਖ ਪੰਥ ਦੇ 'ਸਰਬੱਤ ਦੇ ਭਲੇ' ਅਤੇ ਸ਼ਾਂਤਮਈ ਅਕਸ ਨੂੰ ਵੱਡੀ ਢਾਹ ਲਾ ਰਹੇ ਹਨ। ਜਦੋਂ ਅਸੀਂ ਖ਼ੁਦ ਆਪਣੇ ਪਵਿੱਤਰ ਅਸਥਾਨਾਂ ਅਤੇ ਜਨਤਕ ਥਾਵਾਂ 'ਤੇ ਸੰਜਮ ਗੁਆ ਬੈਠਦੇ ਹਾਂ, ਤਾਂ ਬਾਹਰਲੇ ਕੱਟੜਪੰਥੀ ਅਨਸਰਾਂ ਨੂੰ ਸਾਡੇ ਪੂਰੇ ਭਾਈਚਾਰੇ ਨੂੰ 'ਹਿੰਸਕ' ਸਾਬਤ ਕਰਨ ਦਾ ਸੌਖਾ ਬਹਾਨਾ ਮਿਲ ਜਾਂਦਾ ਹੈ।

ਗੁਰੂ ਸਾਹਿਬਾਨ ਨੇ ਸਿੱਖ ਨੂੰ 'ਸੰਤ-ਸਿਪਾਹੀ' ਬਣਾਇਆ ਹੈ, ਜਿੱਥੇ ਸ਼ਸਤਰ ਦੀ ਵਰਤੋਂ ਸਿਰਫ਼ ਜ਼ੁਲਮ ਦੇ ਖ਼ਿਲਾਫ਼ ਅਤੇ ਮਜ਼ਲੂਮ ਦੀ ਰੱਖਿਆ ਲਈ ਤੈਅ ਕੀਤੀ ਗਈ ਹੈ, ਨਾ ਕਿ ਨਿੱਜੀ ਕ੍ਰੋਧ ਜਾਂ ਅੰਨ੍ਹੇ ਵੇਗ ਵਿੱਚ ਕਿਸੇ ਦੀ ਜਾਨ ਲੈਣ ਲਈ।

ਪੰਥਕ ਜਥੇਬੰਦੀਆਂ, ਬੁੱਧੀਜੀਵੀਆਂ ਅਤੇ ਸਿਆਣੇ ਆਗੂਆਂ ਨੂੰ ਹੁਣ ਸਿਰਫ਼ ਬਿਆਨਬਾਜ਼ੀ ਛੱਡ ਕੇ ਅੱਗੇ ਆਉਣਾ ਪਵੇਗਾ। ਨੌਜਵਾਨ ਪੀੜ੍ਹੀ ਦੀ ਬੇਚੈਨੀ ਅਤੇ ਗੁੱਸੇ ਨੂੰ ਸਹੀ ਦਿਸ਼ਾ ਦੇ ਕੇ ਉਨ੍ਹਾਂ ਨੂੰ ਗੁਰਬਾਣੀ ਦੇ 'ਸਹਿਜ', ਧੀਰਜ ਅਤੇ ਉੱਚੇ-ਸੁੱਚੇ ਆਚਰਣ ਦੇ ਲੜ ਲਾਉਣਾ ਅੱਜ ਦੀ ਸਭ ਤੋਂ ਵੱਡੀ ਲੋੜ ਹੈ।

ਪਹਿਲੀ ਅਤੇ ਦੂਜੀ ਸੰਸਾਰ ਜੰਗ ਵਿੱਚ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਤੇ ਆਧੁਨਿਕ ਬ੍ਰਿਟੇਨ ਦੇ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਸਥਾਨਕ ਸਮਾਜ ਤੱਕ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਦੀ ਲੋੜ ਹੈ।

ਬ੍ਰਿਟਿਸ਼ ਸਰਕਾਰ ਨੂੰ ਇੱਕ ਪਾਸੇ ਪੁਲਿਸ ਪ੍ਰਣਾਲੀ ਦੇ ਅੰਦਰੂਨੀ ਨੁਕਸਾਂ ਨੂੰ ਸੁਧਾਰਨਾ ਹੋਵੇਗਾ ਤਾਂ ਜੋ ਭਵਿੱਖ ਵਿੱਚ ਕਿਸੇ ਨਿਰਦੋਸ਼ ਦੀ ਜਾਨ ਨਾ ਜਾਵੇ ਅਤੇ ਦੂਜੇ ਪਾਸੇ, ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾ ਕੇ ਨਫ਼ਰਤ ਫੈਲਾਉਣ ਵਾਲੇ ਸੱਜੇ-ਪੱਖੀ ਅਨਸਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਹੋਵੇਗੀ।

ਸਾਊਥੈਂਪਟਨ ਦੀ ਘਟਨਾ ਸਿੱਖ ਜਗਤ ਲਈ ਇੱਕ 'ਖ਼ਤਰੇ ਦੀ ਘੰਟੀ' ਹੈ। ਜੇਕਰ ਹੁਣੇ ਹੀ ਸਿਆਣਪ, ਸੰਜਮ ਅਤੇ ਦੂਰਅੰਦੇਸ਼ੀ ਨੀਤੀਆਂ ਤੋਂ ਕੰਮ ਨਾ ਲਿਆ ਗਿਆ, ਤਾਂ ਸੁਲਗ ਰਹੀ ਨਸਲਵਾਦ ਦੀ ਇਹ ਅੱਗ ਪੂਰੇ ਭਾਈਚਾਰੇ ਦੇ ਭਵਿੱਖ ਨੂੰ ਲੂਹ ਸਕਦੀ ਹੈ। ਇੱਥੇ ਇਹ ਗੱਲ ਬੜੀ ਦ੍ਰਿੜ੍ਹਤਾ ਨਾਲ ਸਮਝਣ ਅਤੇ ਪ੍ਰਚਾਰਨ ਦੀ ਲੋੜ ਹੈ ਕਿ ਸਿੱਖ ਪੰਥ ਦਾ ਇਤਿਹਾਸ ਕਦੇ ਵੀ ਹਿੰਸਕ, ਕ੍ਰੋਧੀ ਜਾਂ ਮਨੁੱਖਤਾ ਵਿਰੋਧੀ ਨਹੀਂ ਰਿਹਾ। ਸਿੱਖ ਇਤਿਹਾਸ ਦਾ ਹਰ ਪੰਨਾ ਗਵਾਹ ਹੈ ਕਿ ਇਸ ਭਾਈਚਾਰੇ ਦੇ ਯੋਧੇ ਹਮੇਸ਼ਾ ਸਹਿਜ ਵਿਚ ਸੱਚ, ਇਨਸਾਫ਼, ਹੱਕ ਅਤੇ ਸਾਂਝੀਵਾਲਤਾ ਲਈ ਜੂਝਦੇ ਰਹੇ ਹਨ। ਦੀਨ-ਦੁਖੀ ਦੀ ਰੱਖਿਆ ਕਰਨਾ ਅਤੇ ਜ਼ੁਲਮ ਦੇ ਖ਼ਿਲਾਫ਼ ਢਾਲ ਬਣਨਾ ਹੀ ਸਿੱਖ ਪੰਥ ਦਾ ਉਹ ਅਸਲ ਸੁਭਾਅ ਹੈ, ਜੋ ਦਸਾਂ ਪਾਤਸ਼ਾਹੀਆਂ ਨੇ ਆਪਣੀ ਫਿਲਾਸਫੀ ਤੇ ਜਦੋਜਹਿਦ, ਉਦਮ ਅਤੇ ਲਾਸਾਨੀ ਸ਼ਹਾਦਤਾਂ ਨਾਲ ਸਿਰਜਿਆ ਹੈ। ਗੁਰੂ ਨੇ ਸਿੱਖ ਨੂੰ 'ਸੰਤ-ਸਿਪਾਹੀ' ਬਣਾਇਆ ਹੈ, ਜਿੱਥੇ ਸ਼ਸਤਰ ਦੀ ਵਰਤੋਂ ਸਿਰਫ਼ ਅਤੇ ਸਿਰਫ਼ ਮਜ਼ਲੂਮ ਦੀ ਰੱਖਿਆ ਅਤੇ ਨਿਆਂ ਲਈ ਤੈਅ ਕੀਤੀ ਗਈ ਹੈ, ਨਾ ਕਿ ਨਿੱਜੀ ਕ੍ਰੋਧ ਜਾਂ ਭੜਕਾਹਟ ਦੇ ਪ੍ਰਗਟਾਵੇ ਲਈ।

ਬ੍ਰਿਟਿਸ਼ ਸਮਾਜ ਵਿੱਚ ਸਿੱਖਾਂ ਦਾ ਇਤਿਹਾਸ ਪਹਿਲੀ ਅਤੇ ਦੂਜੀ ਸੰਸਾਰ ਜੰਗ ਵਿੱਚ ਦਿੱਤੀਆਂ ਕੁਰਬਾਨੀਆਂ ਤੋਂ ਲੈ ਕੇ ਅੱਜ ਦੇ ਆਧੁਨਿਕ ਬ੍ਰਿਟੇਨ ਦੇ ਨਿਰਮਾਣ ਤੱਕ ਬਹੁਤ ਮਾਣਮੱਤਾ ਰਿਹਾ ਹੈ। ਵਿੰਸਟਨ ਚਰਚਿਲ ਵਰਗੇ ਆਗੂਆਂ ਨੇ ਵੀ ਸਿੱਖਾਂ ਦੀ ਬਹਾਦਰੀ ਅਤੇ ਯੋਗਦਾਨ ਦੀ ਸ਼ਲਾਘਾ ਕੀਤੀ ਸੀ। ਇਸ ਗੁੱਸੇ ਦੀ ਆੜ ਵਿੱਚ ਸਾਊਥਹੈਂਪਟਨ ਦੀਆਂ ਸੜਕਾਂ 'ਤੇ ਹਿੰਸਕ ਪ੍ਰਦਰਸ਼ਨ ਕਰਨਾ, ਪੁਲਿਸ 'ਤੇ ਹਮਲੇ ਕਰਨਾ ਅਤੇ ਪੂਰੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਬਿਸ਼ਪ ਆਫ਼ ਸਾਊਥਹੈਂਪਟਨ ਰਿਆਨਨ ਕਿੰਗ ਨੇ ਬਿਲਕੁਲ ਠੀਕ ਕਿਹਾ ਹੈ ਕਿ "ਹਿੰਸਾ ਨੂੰ ਕਦੇ ਵੀ ਹਿੰਸਾ ਨਾਲ ਠੀਕ ਨਹੀਂ ਕੀਤਾ ਜਾ ਸਕਦਾ। ਸਟਾਰਮਰ ਸਰਕਾਰ ਨੂੰ ਇੱਕ ਪਾਸੇ ਪੁਲਿਸ ਪ੍ਰਣਾਲੀ ਦੇ ਅੰਦਰੂਨੀ ਨੁਕਸਾਂ ਨੂੰ ਸੁਧਾਰਨਾ ਹੋਵੇਗਾ ਤਾਂ ਜੋ ਭਵਿੱਖ ਵਿੱਚ ਕਿਸੇ ਹੋਰ 'ਹੈਨਰੀ' ਨਾਲ ਅਜਿਹਾ ਨਾ ਹੋਵੇ, ਅਤੇ ਦੂਜੇ ਪਾਸੇ, ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾ ਕੇ ਨਫ਼ਰਤ ਫੈਲਾਉਣ ਵਾਲੇ ਸੱਜੇ-ਪੱਖੀ ਅਨਸਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਹੋਵੇਗੀ।"

# ਕਿਰਪਾਨ 'ਤੇ ਪਾਬੰਦੀ ਦੀ ਮੰਗ ਅਤੇ ਨਫ਼ਰਤ ਦੀ ਸਿਆਸਤ- ਇੱਕ ਡੂੰਘੀ ਅਤੇ ਗੰਭੀਰ ਸਾਜ਼ਿਸ਼ - ਜਥੇਦਾਰ ਗੜਗਜ

ਯੂ.ਕੇ. ਦੇ ਸਾਊਥਹੈਂਪਟਨ ਵਿੱਚ 18 ਸਾਲਾ ਨੌਜਵਾਨ ਹੈਨਰੀ ਨੋਵਾਕ ਦੇ ਕਤਲ ਦੀ ਮੰਦਭਾਗੀ ਘਟਨਾ ਤੋਂ ਬਾਅਦ ਜਿਸ ਤਰ੍ਹਾਂ ਸਮੁੱਚੀ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਹ ਬੇਹੱਦ ਚਿੰਤਾਜਨਕ ਅਤੇ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਪ੍ਰਤੀਤ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨਾਜ਼ੁਕ ਮੁੱਦੇ 'ਤੇ ਸਿੱਖ ਜਗਤ ਅਤੇ ਬ੍ਰਿਟਿਸ਼ ਸਰਕਾਰ ਦੋਵਾਂ ਨੂੰ ਇੱਕ ਬੇਹੱਦ ਸਪੱਸ਼ਟ ਅਤੇ ਦੂਰਅੰਦੇਸ਼ੀ ਸੁਨੇਹਾ ਦਿੱਤਾ ਹੈ। ਉਨ੍ਹਾਂ ਨੇ ਜਿੱਥੇ ਪੀੜਤ ਪਰਿਵਾਰ ਨਾਲ ਗਹਿਰੀ ਹਮਦਰਦੀ ਪ੍ਰਗਟਾਈ ਹੈ, ਉੱਥੇ ਹੀ ਅਦਾਲਤ ਵੱਲੋਂ ਦੋਸ਼ੀ ਵਿਕਰਮ ਸਿੰਘ ਦਿਗਵਾ ਨੂੰ ਸੁਣਾਈ ਗਈ 21 ਸਾਲ ਦੀ ਉਮਰ ਕੈਦ ਦੀ ਸਜ਼ਾ ਦਾ ਪੂਰਨ ਸਮਰਥਨ ਕਰਕੇ ਇਹ ਸਾਫ਼ ਕਰ ਦਿੱਤਾ ਹੈ ਕਿ ਸਿੱਖ ਧਰਮ ਕਿਸੇ ਵੀ ਅਪਰਾਧੀ ਜਾਂ ਹਿੰਸਕ ਮਾਨਸਿਕਤਾ ਦੇ ਨਾਲ ਖੜ੍ਹਾ ਨਹੀਂ ਹੁੰਦਾ।



## ਕਕਾਰ 'ਕਿਰਪਾਨ' ਅਤੇ ਅਪਰਾਧਿਕ ਹਥਿਆਰ ਦਾ ਫਰਕ

ਇਸ ਪੂਰੇ ਵਿਵਾਦ ਦਾ ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਕੁਝ ਸੱਜੇ-ਪੱਖੀ ਅਤੇ ਕੱਟੜਪੰਥੀ ਤਾਕਤਾਂ ਵੱਲੋਂ ਇਸ ਨਿੱਜੀ ਅਪਰਾਧ ਦੀ ਆੜ ਵਿੱਚ ਸਿੱਖਾਂ ਦੇ ਪਵਿੱਤਰ ਕਕਾਰ 'ਕਿਰਪਾਨ' 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ। ਜਥੇਦਾਰ ਸਾਹਿਬ ਨੇ ਬਿਲਕੁਲ ਸਹੀ ਅਤੇ ਤੱਥਾਂ ਦੇ ਆਧਾਰ 'ਤੇ ਸਪੱਸ਼ਟ ਕੀਤਾ ਹੈ ਕਿ ਵਾਰਦਾਤ ਵਿੱਚ ਵਰਤਿਆ ਗਿਆ ਹਥਿਆਰ ਕੋਈ ਧਾਰਮਿਕ ਕਿਰਪਾਨ ਨਹੀਂ ਸੀ, ਬਲਕਿ ਇੱਕ 'ਪੇਸ਼ ਕਬਜ਼' (ਪਰਸ਼ੀਅਨ ਖੰਜਰ) ਸੀ। ਸਿੱਖ ਇਤਿਹਾਸ ਅਤੇ ਸਿਧਾਂਤ ਇਸ ਗੱਲ ਦੇ ਗਵਾਹ ਹਨ ਕਿ ਕਿਰਪਾਨ 'ਕਿਰਪਾ' + 'ਆਨ' (ਇੱਜ਼ਤ) ਤੋਂ ਬਣੀ ਹੈ, ਜਿਸ ਦਾ ਮਕਸਦ ਹਮੇਸ਼ਾ ਮਜ਼ਲੂਮ ਦੀ ਰਾਖੀ ਕਰਨਾ ਅਤੇ ਜ਼ੁਲਮ ਦੇ ਖ਼ਿਲਾਫ਼ ਖੜ੍ਹੇ ਹੋਣਾ ਹੈ, ਨਾ ਕਿ ਕਿਸੇ ਨਿੱਜੀ ਗੁੱਸੇ ਜਾਂ ਅਨਿਆਂ ਲਈ ਵਰਤਿਆ ਜਾਣਾ। ਇਸ ਅੰਤਰ ਨੂੰ ਨਜ਼ਰਅੰਦਾਜ਼ ਕਰਕੇ ਪੂਰੇ ਭਾਈਚਾਰੇ ਦੇ ਧਾਰਮਿਕ ਚਿੰਨ੍ਹ ਨੂੰ ਨਿਸ਼ਾਨਾ ਬਣਾਉਣਾ ਸਿੱਧੇ ਤੌਰ 'ਤੇ ਨਸਲਵਾਦ ਅਤੇ ਪੱਖਪਾਤ ਨੂੰ ਦਰਸਾਉਂਦਾ ਹੈ।

## 200 ਵਰ੍ਹਿਆਂ ਦਾ ਇਤਿਹਾਸ ਅਤੇ ਮੌਜੂਦਾ ਚੁਣੌਤੀਆਂ

ਸਿੱਖਾਂ ਦਾ ਬਰਤਾਨੀਆ ਦੇ ਨਾਲ ਸਬੰਧ ਕੋਈ ਨਵਾਂ ਨਹੀਂ ਹੈ, ਇਹ ਲਗਭਗ ਦੋ ਸਦੀਆਂ ਪੁਰਾਣਾ ਮਾਣਮੱਤਾ ਇਤਿਹਾਸ ਹੈ। ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿੱਚ ਸਿੱਖ ਫ਼ੌਜੀਆਂ ਵੱਲੋਂ ਦਿੱਤੀਆਂ ਲਾਸਾਨੀ ਕੁਰਬਾਨੀਆਂ ਅਤੇ ਆਧੁਨਿਕ ਬ੍ਰਿਟੇਨ ਦੀ ਆਰਥਿਕ ਤੇ ਸਮਾਜਿਕ ਤਰੱਕੀ ਵਿੱਚ ਪਾਇਆ ਵਡਮੁੱਲਾ ਯੋਗਦਾਨ ਕਿਸੇ ਤੋਂ ਛੁਪਿਆ ਨਹੀਂ ਹੈ। ਅਜਿਹੇ ਸਤਿਕਾਰਤ ਭਾਈਚਾਰੇ ਵਿਰੁੱਧ ਸੋਸ਼ਲ ਮੀਡੀਆ ਅਤੇ ਸੜਕਾਂ 'ਤੇ ਨਫ਼ਰਤ ਦੀ ਮੁਹਿੰਮ ਚਲਾਉਣਾ ਬ੍ਰਿਟਿਸ਼ ਸਮਾਜ ਦੇ ਜਮਹੂਰੀ ਅਤੇ ਸਾਂਝੀਵਾਲਤਾ ਦੇ ਮੁੱਖ ਮੁੱਲਾਂ ਦੇ ਖ਼ਿਲਾਫ਼ ਹੈ।

## ਮੀਡੀਆ ਅਤੇ ਸਰਕਾਰ ਦੀ ਜ਼ਿੰਮੇਵਾਰੀ

ਅਜਿਹੇ ਨਾਜ਼ੁਕ ਅਤੇ ਤਣਾਅਪੂਰਨ ਮਾਹੌਲ ਵਿੱਚ ਮੀਡੀਆ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੋ ਜਾਂਦੀ ਹੈ। ਜਿਵੇਂ ਕਿ ਅਕਾਲ ਤਖ਼ਤ ਸਾਹਿਬ ਤੋਂ ਅਪੀਲ ਕੀਤੀ ਗਈ ਹੈ, ਮੀਡੀਆ ਨੂੰ ਸਨਸਨੀਖੇਜ਼ ਅਫਵਾਹਾਂ ਜਾਂ ਨਫ਼ਰਤ ਫੈਲਾਉਣ ਵਾਲੇ ਬਿਆਨਾਂ ਨੂੰ ਹਵਾ ਦੇਣ ਦੀ ਬਜਾਏ, ਤੱਥਾਂ ਦੇ ਆਧਾਰ 'ਤੇ ਸੱਚਾਈ ਸਾਹਮਣੇ ਲਿਆਉਣੀ ਚਾਹੀਦੀ ਹੈ। ਦੂਜੇ ਪਾਸੇ, ਬ੍ਰਿਟੇਨ ਦੀ ਸਟਾਰਮਰ ਸਰਕਾਰ ਨੂੰ ਭਾਈਚਾਰਕ ਸਾਂਝ ਨੂੰ ਲੀਹੋਂ ਲਾਹੁਣ ਵਾਲੇ ਅਨਸਰਾਂ 'ਤੇ ਸਖ਼ਤ ਨਿਗ੍ਹਾ ਰੱਖਣੀ ਪਵੇਗੀ ਤਾਂ ਜੋ ਉੱਥੇ ਰਹਿ ਰਹੇ ਸਿੱਖਾਂ ਦੀ ਸੁਰੱਖਿਆ ਅਤੇ ਧਾਰਮਿਕ ਆਜ਼ਾਦੀ ਨੂੰ ਯਕੀਨੀ ਬਣਾਇਆ ਜਾ ਸਕੇ।

## ਸਿੱਟਾ

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਨੂੰ ਪੀੜਤ ਪਰਿਵਾਰ ਦਾ ਸਾਥ ਦੇਣ ਦੀ ਦਿੱਤੀ ਗਈ ਤਾਕੀਦ ਸਿੱਖੀ ਦੇ 'ਸਰਬੱਤ ਦੇ ਭਲੇ' ਦੇ ਸਿਧਾਂਤ 'ਤੇ ਮੋਹਰ ਲਗਾਉਂਦੀ ਹੈ। ਇਸ ਸਾਜ਼ਿਸ਼ੀ ਦੌਰ ਵਿੱਚ ਸਿੱਖ ਜਗਤ ਨੂੰ ਬਹੁਤ ਹੀ ਸਿਆਣਪ, ਸੰਜਮ ਅਤੇ ਇੱਕਜੁੱਟਤਾ ਦਿਖਾਉਣ ਦੀ ਲੋੜ ਹੈ। ਗਲਤ ਜਾਣਕਾਰੀ ਦੇ ਹੜ੍ਹ ਦਾ ਮੁਕਾਬਲਾ ਕੇਵਲ ਸੱਚ ਅਤੇ ਉੱਚੇ-ਸੁੱਚੇ ਆਚਰਣ ਰਾਹੀਂ ਹੀ ਕੀਤਾ ਜਾ ਸਕਦਾ ਹੈ, ਤਾਂ ਜੋ ਸਿੱਖ ਕੌਮ ਦੇ ਸ਼ਾਂਤਮਈ ਅਤੇ ਮਨੁੱਖਤਾਵਾਦੀ ਅਕਸ ਨੂੰ ਕੋਈ ਵੀ ਸ਼ਰਾਰਤੀ ਅਨਸਰ ਢਾਹ ਨਾ ਲਾ ਸਕੇ।

# ਬਰਤਾਨੀਆਂ ਵਿੱਚ ਸਿੱਖਾਂ ਲਈ ਵੱਡੀ ਚਣੌਤੀ ਬਣ ਸਕਦਾ ਹੈਨਰੀ ਨੋਵਾਕ ਦਾ ਕਤਲ ਅਤੇ ਕ੍ਰਿਪਾਨ 'ਤੇ ਪਾਬੰਦੀ ਦੀ ਮੰਗ ਦਾ ਮਾਮਲਾ

ਲੇਖਕ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: +447899798363
ਈ ਮੇਲ: msbadhni@yahoo.co.uk



ਇੰਗਲੈਂਡ ਦੇ ਸ਼ਹਿਰ ਸਾਊਥਹੈਂਪਟਨ ਵਿਖੇ ਵਾਪਰੀ ਇੱਕ ਘਟਨਾ ਨੇ ਸਮੁੱਚੀ ਸਿੱਖ ਕੌਮ ਨੂੰ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ ਹੈ। ਆਮ ਘਰਾਂ ਵਿੱਚ ਬੈਠੇ ਹਰ ਵਰਗ ਦੇ ਲੋਕਾਂ ਤੋਂ ਲੈ ਕੇ ਬਰਤਾਨੀਆਂ ਦੀ ਸੰਸਦ ਤੱਕ ਇਸ ਦੀ ਬਹਿਸ ਛਿੜੀ ਹੋਈ ਹੈ। ਬੀਤੇ 70 ਸਾਲਾਂ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਦਾ ਇਹ ਸਿਰਫ ਇੱਕੋ ਇੱਕ ਮਾਮਲਾ ਹੈ, ਜਦੋਂ ਕਿਸੇ ਅੰਮ੍ਰਿਤਧਾਰੀ ਸਿੰਘ ਸਜੇ ਨੌਜਵਾਨ ਨੇ ਤੇਜ਼ਧਾਰ ਹਥਿਆਰ ਨਾਲ ਕਿਸੇ ਨਿਹੱਥੇ 18 ਸਾਲਾ ਨੌਜਵਾਨ ਦੀ ਹੱਤਿਆ ਕੀਤੀ ਹੋਵੇ। ਲੇਕਨ ਇਸ ਇੱਕੋ ਇੱਕ ਮਾਮਲੇ ਨੇ ਪੂਰੇ ਭਾਈਚਾਰੇ ਤੇ ਉਂਗਲ ਉਠਾ ਦਿੱਤੀ ਹੈ, ਸਭ ਨੂੰ ਸਿੱਖਾਂ ਨੂੰ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ ਹੈ।

3 ਦਸੰਬਰ 2025 ਨੂੰ ਹੈਨਰੀ ਨੋਵਾਕ ਨਾਮ ਦੇ 18 ਸਾਲਾ ਨੌਜਵਾਨ ਦੀ ਇੱਕ ਵਿਕਰਮ ਸਿੰਘ ਦਿਗਵਾ ਨਾਮ ਦੇ 23 ਸਾਲਾ ਸਿੱਖ ਨੌਜਵਾਨ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਭਾਵੇਂ ਕਿ ਇਸ ਮੌਕੇ ਉਕਤ ਨੌਜਵਾਨ ਵੱਲੋਂ ਜਿਸ ਹਥਿਆਰ ਦੀ ਵਰਤੋਂ ਕੀਤੀ ਗਈ ਹੈ, ਉਹ ਆਮ ਅੰਮ੍ਰਿਤਧਾਰੀ ਸਿੱਖਾਂ ਵੱਲੋਂ ਕ੍ਰਿਪਾਨ ਦੇ ਤੌਰ ਤੇ ਨਹੀਂ ਪਹਿਨਿਆ ਜਾਂਦਾ। ਲੇਕਨ ਉਸ ਦੀ ਬਣਤਰ ਪੁਰਾਤਨ ਸ਼ਾਸਤਾਰਾਂ ਵਰਗੀ ਹੈ। ਲੇਕਨ ਮੀਡੀਆ ਵਿੱਚ ਇਸ ਨੂੰ ਕ੍ਰਿਪਾਨ ਕਹਿ ਕੇ ਪ੍ਰਚਾਰਿਆ ਗਿਆ। ਭਾਵੇਂ ਕਿ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦੇ ਹੋਏ ਜੱਜ ਨੇ ਵੀ ਸ਼ਪਸ਼ਟ ਕਰ ਦਿੱਤਾ ਸੀ, ਇਹ ਉਹ ਕ੍ਰਿਪਾਨ ਨਹੀਂ ਹੈ ਜੋ ਆਮ ਸਿੱਖਾਂ ਵੱਲੋਂ ਪਹਿਨੀ ਜਾਂਦੀ ਹੈ। ਪਰ ਇਸ ਸਭ ਦੇ ਬਾਵਜੂਦ ਕੁਝ ਅਜੇਹੇ ਲੋਕਾਂ ਨੂੰ ਮੁੱਦਾ ਮਿਲ ਗਿਆ ਹੈ, ਜੋ ਇਸ ਮਾਮਲੇ ਦਾ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ।

ਲੇਕਨ ਸਮੱਸਿਆ ਇਥੇ ਹੀ ਖ਼ਤਮ ਨਹੀਂ ਹੋਈ ਦਿਗਵਾ ਦੇ ਘਰੋਂ 40 ਹੋਰ ਅਜੇਹੇ ਸ਼ਸ਼ਤਾਰ ਬਰਾਮਦ ਹੋਏ ਹਨ। ਜਿਹਨਾਂ ਬਾਰੇ ਅਜੇ ਕੁਝ ਸ਼ਪਸ਼ਟ ਤਾਂ ਨਹੀਂ ਕਿਹਾ ਜਾ ਸਕਦਾ, ਲੇਕਨ ਇੱਕ ਅਨੁਮਾਨ ਹੈ ਕਿ ਉਹ ਪੁਰਾਤਣ ਰਵਾਇਤੀ ਸ਼ਸ਼ਤਰ ਹੋ ਸਕਦੇ ਹਨ। ਜੇ ਅਜੇਹਾ ਹੈ ਤਾਂ ਅਜੇਹੇ ਸ਼ਸ਼ਤਰ ਹੋਰ ਕਿੰਨੇ ਸਿੱਖਾਂ ਦੇ ਘਰਾਂ ਵਿੱਚ ਹੋਣਗੇ। ਗੁਰਦੁਆਰਾ ਸਾਹਿਬਾਨਾਂ ਵਿੱਚ ਵੀ ਹੋ ਸਕਦੇ ਹਨ।

ਜਾਂ ਗੱਤਕਾ ਅਖਾੜੇ ਚਲਾਉਣ ਵਾਲੇ ਜਾਂ ਗੱਤਕਾ ਸਿੱਖਣ ਵਾਲੇ ਸਿੱਖਾਂ ਦੇ ਘਰਾਂ ਵਿੱਚ ਵੀ ਹੋਣਗੇ। ਤਾਂ ਅਜੇਹੇ ਮੌਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਗਏ ਹਨ। ਜਦੋਂ ਕਿ ਕੁਝ ਸਿਆਸੀ ਲੋਕਾਂ ਵੱਲੋਂ ਇਸ ਕਤਲ ਨੂੰ ਅਧਾਰ ਬਣਾ ਕੇ ਕ੍ਰਿਪਾਨ ਤੇ ਪਾਬੰਦੀ ਲਗਾਉਣ ਦੀ ਖੁੱਲ੍ਹੇਆਮ ਮੰਗ ਕਰ ਰਹੇ ਹਨ। ਜਿਸ ਨੂੰ ਭਾਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ, ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ, ਵਿਰੋਧੀ ਧਿਰ ਦੀ ਨੇਤਾ ਕੇਮੀ ਬੇਡਨੋਕ ਮੁੱਢੋਂ ਹੀ ਰੱਦ ਕਰ ਚੁੱਕੇ ਹਨ।

ਸਿੱਖ ਸੰਸਦ ਮੈਂਬਰਾਂ ਤਨਮਨਜੀਤ ਸਿੰਘ ਢੇਸੀ, ਗੁਰਿੰਦਰ ਸਿੰਘ ਜੋਸਨ, ਜਸ ਅਠਵਾਲ, ਪ੍ਰੀਤ ਕੌਰ ਗਿੱਲ ਸਮੇਤ ਸਾਰੇ ਸਿੱਖ ਸੰਸਦਾਂ ਨੇ ਸ਼ਪਸ਼ਟ ਰੂਪ ਵਿੱਚ ਕ੍ਰਿਪਾਨ ਤੇ ਕਿਸੇ ਤਰ੍ਹਾਂ ਦੀ ਪਾਬੰਦੀ ਦਾ ਵਿਰੋਧ ਕੀਤਾ ਹੈ। ਕੁਝ ਸਿਆਸਤਦਾਨਾਂ ਵੱਲੋਂ ਸਿੱਖਾਂ ਨੂੰ ਸਿਆਸੀ ਮੁਫਾਦਾਂ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਰਿਫੌਰਮ ਪਾਰਟੀ ਯੂ ਕੇ ਅਤੇ ਰੀਸਟੋਰ ਪਾਰਟੀ ਦੇ ਆਗੂਆਂ ਵੱਲੋਂ ਕੀਤੀ ਬਿਆਨਬਾਜ਼ੀ ਸਿੱਖ ਭਾਈਚਾਰੇ ਲਈ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਸਕਦੀ ਹੈ। ਜਦ ਕਿ ਬਹੁਤ ਸਾਰੇ ਗੈਰਸਿੱਖ ਭਾਈਚਾਰੇ ਦੇ ਲੋਕ ਸਿੱਖਾਂ ਦੇ ਹੱਕ ਵਿੱਚ ਵੀ ਖੜ੍ਹੇ ਹਨ। ਇਥੋਂ ਤੱਕ ਕਿ ਹੈਨਰੀ ਨੋਵਾਕ ਦੇ ਪ੍ਰੀਵਾਰ ਨੇ ਖੁਦ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਨੂੰ ਨਸਲੀ ਮੁੱਦਾ ਨਾ ਬਣਾਇਆ ਜਾਵੇ, ਇਹ ਇੱਕ ਵਿਅਕਤੀ ਵੱਲੋਂ ਕੀਤਾ ਗਿਆ ਕਤਲ ਹੈ ਜਿਸ ਦਾ ਸਿੱਖ ਕੌਮ ਦਾ ਕੋਈ ਸਬੰਧ ਨਹੀਂ। ਜਦ ਕਿ ਹਰ ਸਿੱਖ ਨੇ ਇਸ ਘਟਨਾਂ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਤਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਨੋਵਾਕ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਹੈ। ਪਰ ਜੋ ਵੀ ਹੈ ਇੱਕ ਸਿੱਖ ਨੌਜਵਾਨ ਦੀ ਗਲਤੀ ਨੇ ਅੱਜ ਬਰਤਾਨੀਆਂ ਰਹਿੰਦੇ ਹਰ ਸਿੱਖ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਇਸ ਦੇ ਭਵਿੱਖ ਵਿੱਚ ਕੀ ਨਤੀਜੇ ਨਿਕਲਣਗੇ ਸਮਾਂ ਹੀ ਦੱਸੇਗਾ?



ਦੋਸ਼ੀ ਵਿਕਰਮ ਸਿੰਘ ਦਿਗਵਾ, ਮ੍ਰਿਤਕ ਹੈਨਰੀ ਨੋਵਾਕ



ਵਰਤਿਆ ਗਿਆ ਹਥਿਆਰ

ਇਥੇ ਦੱਸਣਯੋਗ ਹੈ ਕਿ ਇੰਗਲੈਂਡ ਵਿੱਚ ਸਿੱਖਾਂ ਨੂੰ ਕ੍ਰਿਪਾਨ ਪਹਿਨਣ ਦੀ ਕਾਨੂੰਨੀ ਇਜਾਜ਼ਤ ਹੈ। ਸਿੱਖਾਂ ਨੂੰ ਜਨਤਕ ਥਾਵਾਂ, ਕੰਮਕਾਰ ਵਾਲੀਆਂ ਥਾਵਾਂ ਅਤੇ ਸਕੂਲਾਂ ਵਿੱਚ ਦਸਤਾਰ ਪਹਿਨਣ, ਕ੍ਰਿਪਾਨ ਪਹਿਨਣ ਅਤੇ ਕੜਾ ਪਹਿਨਣ ਨੂੰ ਲੈ ਕੇ ਕਈ ਸੰਘਰਸ਼ ਲੜਨੇ ਪਏ। ਇਹਨਾਂ ਲੜਾਈਆਂ ਦਾ ਇੱਕ ਵੱਡਾ ਇਤਿਹਾਸ ਹੈ।

ਯੂ ਕੇ ਵਿੱਚ ਸਿੱਖ ਪਹਿਚਾਣ ਨੂੰ ਕਾਇਮ ਰੱਖਣ ਲਈ ਸਭ ਤੋਂ ਪਹਿਲਾ ਮਾਮਲਾ ਦਸਤਾਰ ਨੂੰ ਲੈ ਕੇ ਸਾਹਮਣੇ ਆਇਆ ਸੀ। 1970 ਦੇ ਦਹਾਕੇ ਵਿੱਚ ਮੋਟਰਸਾਈਕਲ ਚਲਾਉਣ ਲਈ ਹੈਲਮਟ ਤੋਂ ਛੋਟ ਵਾਲਾ ਸੰਘਰਸ਼ ਗਿਆਨੀ ਸੁੰਦਰ ਸਿੰਘ ਮਾਨਚੈਸਟਰ ਅਤੇ ਬਲਦੇਵ ਸਿੰਘ ਚਾਹਲ ਵਰਗੇ ਸਿੱਖ ਆਗੂਆਂ ਦੀ ਅਗਵਾਈ ਵਿੱਚ ਲੜ੍ਹਿਆ ਅਤੇ ਆਖਿਰ 1976 ਵਿੱਚ ਮੋਟਰਸਾਈਕਲ ਕ੍ਰੈਸ਼ ਹੈਲਮੇਟ (ਧਾਰਮਿਕ ਛੋਟ) ਐਕਟ ਤਹਿਤ ਰੋਡ ਟ੍ਰੈਫਿਕ ਐਕਟ ਵਿੱਚ ਸੋਧ ਕੀਤੀ ਅਤੇ ਦਸਤਾਰਧਾਰੀ ਸਿੱਖਾਂ ਨੂੰ ਛੋਟ ਦਿੱਤੀ ਗਈ।

ਰੁਜ਼ਗਾਰ ਐਕਟ 1989 ਵਿੱਚ ਸੋਧ ਕਰਕੇ ਸਿੱਖਾਂ ਨੂੰ ਲੋਹ ਟੋਪ ਪਹਿਣ ਤੋਂ ਛੋਟ ਦਿੱਤੀ ਗਈ। 2015 ਵਿੱਚ ਇਸ ਛੋਟ ਦਾ ਦਾਇਰਾ ਹੋਰ ਵਧਾਉਂਦਿਆਂ ਫੈਕਟਰੀਆਂ, ਗੋਦਾਮਾਂ, ਟ੍ਰਾਂਸਪੋਰਟ ਅਤੇ ਐਮਰਜੈਂਸੀ ਸੇਵਾਵਾਂ ਆਦਿ ਵਿੱਚ ਵੀ ਦਸਤਾਰਧਾਰੀ ਸਿੱਖ ਨੂੰ ਲੋਹ ਟੋਪ ਪਾਉਣ ਤੋਂ ਛੋਟ ਦਿੱਤੀ ਗਈ।

1983 ਦਾ ਮੰਡਲਾ ਬਨਾਮ ਡੋਵਲ ਲੀ ਕੇਸ ਬੜਾ ਮਹੱਤਵਪੂਰਨ ਸੀ। ਜਦੋਂ ਇੱਕ ਨਿੱਜੀ ਸਕੂਲ ਨੇ ਸਿੱਖ ਬੱਚੇ ਗੁਰਿੰਦਰ ਸਿੰਘ ਮੰਡਲਾ ਅੱਗੇ ਕੇਸ ਕਟਵਾਉਣ ਅਤੇ ਦਸਤਾਰ ਉਤਾਰਨ ਲਈ ਮਜ਼ਬੂਰ ਕਰਨ ਦੀ ਕੋਸ਼ਿਸ਼ ਕੀਤੀ। ਇਹ ਕੇਸ ਹਾਊਸ ਆਫ ਲਾਰਡਜ਼ ਤੱਕ ਗਿਆ। ਆਖਿਰ ਸਿੱਖਾਂ ਨੂੰ ਇੱਕ ਨਸਲੀ ਸਮੂਹ ਵਜੋਂ ਮਾਨਤਾ ਮਿਲੀ।

ਯੂ ਕੇ ਦੇ ਕਾਨੂੰਨ ਜਨਤਕ ਥਾਵਾਂ 'ਤੇ ਧਾਰਦਾਰ ਚੀਜ਼ਾਂ ਜਾਂ ਹਥਿਆਰ ਲੈ ਕੇ ਜਾਣ ਦੀ ਸਖ਼ਤ ਮਨਾਹੀ ਕਰਦੇ ਹਨ, ਪਰ ਯੂ ਕੇ ਦੀ ਨਿਆਂ ਪਾਲਿਕਾ ਅੰਮ੍ਰਿਤਧਾਰੀ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੀ ਸਪਸ਼ਟ ਤੌਰ 'ਤੇ ਰੱਖਿਆ ਕਰਦੀ ਹੈ। ਇਤਿਹਾਸ ਮੁਤਾਬਿਕ ਕ੍ਰਿਪਾਨ ਬਾਰੇ ਕਾਨੂੰਨੀ ਬਹਿਸ ਭਾਰਤ ਵਿੱਚ ਬ੍ਰਿਟਿਸ਼ ਰਾਜ ਦੌਰਾਨ ਸ਼ੁਰੂ ਹੋਈ ਸੀ। 1849 ਵਿੱਚ ਪੰਜਾਬ ਤੇ ਕਬਜ਼ਾ ਕਰਕੇ ਅੰਗਰੇਜ਼ ਹਕੂਮਤ ਨੇ ਬਗਾਵਤਾਂ ਨੂੰ ਰੋਕਣ ਲਈ 'ਇੰਡੀਅਨ ਆਰਮਜ਼ ਐਕਟ' ਰਾਹੀਂ ਕ੍ਰਿਪਾਨ ਸਮੇਤ ਹਥਿਆਰਾਂ 'ਤੇ ਸਖ਼ਤ ਪਾਬੰਦੀਆਂ ਲਗਾਈਆਂ।

ਪਰ ਬਾਅਦ ਵਿੱਚ ਕ੍ਰਿਪਾਨ ਦੀ ਅਧਿਆਤਮਿਕ ਅਤੇ ਧਾਰਮਿਕ ਮਹੱਤਤਾ ਨੂੰ ਸਮਝਦਿਆਂ, ਬ੍ਰਿਟਿਸ਼ ਇੰਡੀਆ ਵਿੱਚ ਸਿੱਖਾਂ ਨੂੰ ਕ੍ਰਿਪਾਨ ਰੱਖਣ ਦੀ ਵਿਸ਼ੇਸ਼ ਕਾਨੂੰਨੀ ਛੋਟ ਦਿੱਤੀ ਗਈ।

ਯੂ ਕੇ ਦੀ ਗੱਲ ਕਰੀਏ ਤਾਂ ਇਥੇ ਕ੍ਰਿਮੀਨਲ ਜਸਟਿਸ ਐਕਟ 1988 (ਧਾਰਾ 139) ਦੇ ਤਹਿਤ ਕਿਸੇ ਜਨਤਕ ਸਥਾਨ 'ਤੇ ਬਿਨਾਂ ਕਿਸੇ ਠੋਸ ਕਾਰਨ ਜਾਂ ਕਾਨੂੰਨੀ ਅਧਿਕਾਰ ਦੇ 3 ਇੰਚ ਤੋਂ ਵੱਡੀ ਬਲੇਡ ਵਾਲਾ ਚਾਕੂ ਜਾਂ ਕਿਰਪਾਨ ਲੈ ਕੇ ਜਾਣਾ ਇੱਕ ਅਪਰਾਧ ਹੈ। ਜਦ ਕਿ ਇਸਦੀ ਧਾਰਾ 139(5)(ਬੀ) ਤਹਿਤ ਸਿੱਖਾਂ ਨੂੰ (ਛੋਟ) ਹੈ।

ਦੂਜਾ ਔਫੈਂਸਿਵ ਵੈਪਨਜ਼ ਐਕਟ 2019 ਦੇ ਕਾਨੂੰਨ ਨੇ ਚਾਕੂਆਂ ਅਤੇ ਖ਼ਤਰਨਾਕ ਪਦਾਰਥਾਂ ਬਾਰੇ ਯੂ ਕੇ ਦੇ ਕਾਨੂੰਨਾਂ ਨੂੰ ਹੋਰ ਸਖ਼ਤ ਕੀਤਾ ਸੀ, ਪਰ ਇਸ ਵਿੱਚ ਸਿੱਖ ਭਾਈਚਾਰੇ ਲਈ ਦਿੱਤੀਆਂ ਗਈਆਂ ਛੋਟਾਂ ਨੂੰ ਸਪਸ਼ਟ ਤੌਰ 'ਤੇ ਬਰਕਰਾਰ ਰੱਖਿਆ ਗਿਆ ਅਤੇ ਮਜ਼ਬੂਤ ਕੀਤਾ ਗਿਆ। ਇਹ ਐਕਟ ਯਕੀਨੀ ਬਣਾਉਂਦਾ ਹੈ ਕਿ ਧਾਰਮਿਕ ਉਦੇਸ਼ਾਂ ਲਈ ਕ੍ਰਿਪਾਨ ਰੱਖਣਾ ਪੂਰੀ ਤਰ੍ਹਾਂ ਕਾਨੂੰਨੀ ਹੈ, ਅਤੇ ਇਹ ਧਾਰਮਿਕ ਰਸਮਾਂ ਜਾਂ ਡਿਊਟੀਆਂ ਲਈ 50 ਸੈਂਟੀਮੀਟਰ ਤੱਕ ਦੀਆਂ ਵੱਡੀਆਂ ਕ੍ਰਿਪਾਨਾਂ ਦੀ ਵਿਕਰੀ, ਨਿਰਮਾਣ ਅਤੇ ਰੱਖਣ ਦੀ ਵੀ ਇਜਾਜ਼ਤ ਦਿੰਦਾ ਹੈ (ਜੋ ਕਿ ਆਮ ਹਾਲਾਤਾਂ ਵਿੱਚ 'ਪਾਬੰਦੀਸ਼ੁਦਾ ਹਥਿਆਰਾਂ' ਦੀ ਸ਼੍ਰੇਣੀ ਵਿੱਚ ਆ ਸਕਦੀਆਂ ਹਨ)।

ਕ੍ਰਿਮੀਨਲ ਜਸਟਿਸ ਐਕਟ 1988 ਦੀ ਧਾਰਾ 139ਏ ਇਸ ਧਾਰਮਿਕ ਛੋਟ ਨੂੰ ਸਕੂਲਾਂ ਵਿੱਚ ਵੀ ਲਾਗੂ ਕਰਦੀ ਹੈ। ਅੰਮ੍ਰਿਤਧਾਰੀ ਸਿੱਖ ਵਿਦਿਆਰਥੀ, ਅਧਿਆਪਕ ਅਤੇ ਲੋਕਾਂ ਨੂੰ ਸਕੂਲ ਦੇ ਅੰਦਰ ਕ੍ਰਿਪਾਨ ਪਹਿਨਣ ਦੀ ਕਾਨੂੰਨੀ ਇਜਾਜ਼ਤ ਹੈ। ਹਾਲਾਂਕਿ, ਸਕੂਲ ਪ੍ਰਸ਼ਾਸਨ ਅਕਸਰ ਸਥਾਨਕ ਸਿੱਖਾਂ ਨਾਲ ਮਿਲ ਕੇ ਸੁਰੱਖਿਆ ਦਿਸ਼ਾ-ਨਿਰਦੇਸ਼ ਤੈਅ ਕਰਦਾ ਹੈ (ਜਿਵੇਂ ਕਿ ਕ੍ਰਿਪਾਨ ਦਾ ਆਕਾਰ ਛੋਟਾ ਹੋਣਾ, ਗਾਤਰੇ ਦੇ ਅੰਦਰ ਸਿਲਾਈ ਹੋਣਾ ਅਤੇ ਕੱਪੜਿਆਂ ਦੇ ਹੇਠਾਂ ਢੱਕੀ ਹੋਣੀ ਆਦਿ)।

ਯੂ ਕੇ ਦੀਆਂ ਅਦਾਲਤਾਂ ਅਤੇ ਬ੍ਰਿਟਿਸ਼ ਸੰਸਦ ਦੀਆਂ ਅਧਿਕਾਰਤ ਨੀਤੀਆਂ ਸਿੱਖ ਕਰਮਚਾਰੀਆਂ ਅਤੇ ਯਾਤਰੀਆਂ ਨੂੰ ਕ੍ਰਿਪਾਨ ਪਹਿਨ ਕੇ ਅੰਦਰ ਜਾਣ ਦੀ ਇਜਾਜ਼ਤ ਦਿੰਦੀਆਂ ਹਨ, ਬਸ਼ਰਤੇ ਕ੍ਰਿਪਾਨ ਕੱਪੜਿਆਂ ਦੇ ਹੇਠਾਂ ਪਹਿਨੀ ਹੋਵੇ।

ਹਵਾਈ ਅੱਡਿਆਂ ਤੇ ਕੰਮ ਕਰਨ ਵਾਲੇ ਕਾਮਿਆਂ ਨੂੰ 6 ਇੰਚ ਤੋਂ ਘੱਟ ਲੰਮੀ ਕ੍ਰਿਪਾਨ ਪਹਿਨਣ ਦੀ ਇਜ਼ਾਜ਼ਤ ਹੈ। ਲੇਕਨ ਯਾਤਰਾ ਸਮੇਂ ਛੋਟੀ ਕ੍ਰਿਪਾਨ ਵੀ ਪਹਿਨਣ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਂਦੀ ਸਿਰਫ ਤਿੰਨ ਇੰਚ ਤੋਂ ਘੱਟ ਲੰਮੀ ਸ੍ਰੀ ਸਾਹਿਬ ਨੂੰ ਪਹਿਣ ਸਕਦੇ ਹੋ।

ਇਥੇ ਇਹ ਵੀ ਦੱਸਣਯੋਗ ਹੈ ਕਿ ਬਰਤਾਨੀਆਂ ਦੀਆਂ ਕੁਝ ਜਨਤਕ ਥਾਵਾਂ ਤੇ 6 ਇੰਚ ਵਾਲੀ ਕ੍ਰਿਪਾਨ ਪਹਿਨਣ ਦੀ ਵੀ ਮਨਾਹੀ ਹੈ, ਜਿਵੇਂ ਕਿ ਲੰਡਨ ਆਈ ਤੇ ਜਾਣ ਵਾਲੇ ਚੋਣਵੇਂ ਲੋਕਾਂ ਦੀ ਤਲਾਸ਼ੀ ਲਈ ਜਾਂਦੀ ਹੈ, ਜੇ ਤਲਾਸ਼ੀ ਦੌਰਾਨ ਕਿਸੇ ਨੂੰ ਰੋਕ ਲਿਆ ਜਾਵੇ ਤਾਂ ਉਸ ਨੂੰ ਇਜ਼ਾਜ਼ਤ ਨਹੀਂ ਦਿੱਤੀ ਜਾਂਦੀ। ਲੇਕਨ ਇਸ ਸਭ ਦੇ ਵਿਚਕਾਰ ਹੁਣ ਭਵਿੱਖ ਵਿੱਚ ਕੀ ਮੁਸ਼ਕਿਲਾਂ ਆ ਸਕਦੀਆਂ ਹਨ ਸਮਾਂ ਹੀ ਦੱਸੇਗਾ?

# ਘੱਲੂਘਾਰਾ ਜੂਨ ੧੯੮੪ (1984)

## "ਬਹਾਦਰ ਕੌਮਾਂ ਘੱਲੂਘਾਰਿਆਂ ਵਿੱਚ ਨਹੀਂ ਮਰਦੀਆਂ, ਸਗੋਂ ਸੁਲ੍ਹਾ ਵਿੱਚ ਖ਼ਤਮ ਹੁੰਦੀਆਂ ਨੇ"

ਜਗਜੀਤ ਸਿੰਘ ਯੂ.ਕੇ.



ਪੱਛਮ ਦੇ ਫ਼ਿਲਾਸਫ਼ਰ ਜੋਰਜ ਆਰ ਵੈਲ ਨੇ ਕਿਹਾ ਹੈ ਕਿ 'ਜੇ ਤੁਸੀਂ ਆਪਣੇ ਭਵਿੱਖ ਨੂੰ ਕਾਬੂ ਵਿੱਚ ਰੱਖਣਾ ਚਾਹੁੰਦੇ ਹੋ ਤਾਂ ਪਿਛਲੇ ਇਤਿਹਾਸ ਦੀ ਪਕੜ ਤਗੜੀ ਰੱਖੋ'। ਅੱਜ ਸਮਾਂ ਮੰਗ ਕਰਦਾ ਹੈ ਕਿ ਸਿੱਖ ਵੀ ਆਪਣੇ ਪਿਛਲੇ ਇਤਿਹਾਸ ਤੇ ਪਕੜ ਤਗੜੀ ਰੱਖਣ । ਜੂਨ 1984 ਨੂੰ ਦਰਬਾਰ ਸਾਹਿਬ ਤੇ ਹਮਲੇ ਨੂੰ ਸਿੱਖ ਕੌਮ 'ਘੱਲੂਘਾਰੇ' ਵਜੋਂ ਯਾਦ ਕਰਦੀ ਹੈ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਂਦੀ ਹੈ ਜਿਨ੍ਹਾਂ ਨੇ ਦਸ਼ਮੇਸ਼ ਪਿਤਾ ਵੱਲੋਂ ਚਮਕੌਰ ਸਾਹਿਬ ਦੀ ਅਣਸੁਖਾਵੀਂ ਜੰਗ ਨੂੰ ਮੁੜ ਦੋਹਰਾ ਦਿੱਤਾ।

"ਬਹਾਦਰ ਕੌਮਾਂ ਘੱਲੂਘਾਰਿਆਂ ਵਿੱਚ ਨਹੀਂ ਮਰਦੀਆਂ, ਸਗੋਂ ਸੁਲ੍ਹਾ ਵਿੱਚ ਖ਼ਤਮ ਹੁੰਦੀਆਂ ਨੇ" ਇਹ ਸ਼ਬਦ ਅਬਦਾਲੀ ਦੇ ਦੂਤ ਨੂੰ ਖ਼ਾਲਸੇ ਨੇ ਉਦੋਂ ਕਹੇ ਸਨ, ਜਦੋਂ ਵੱਡੇ ਘੱਲੂਘਾਰੇ ਤੋਂ ਬਾਅਦ ਅਬਦਾਲੀ ਨੇ ਸਿੱਖਾਂ ਨਾਲ ਸੁਲ੍ਹਾ ਦਾ ਪੈਗਾਮ ਭੇਜਿਆ ਸੀ । 1761 ਈ: 'ਚ ਅਬਦਾਲੀ ਮਰਹੱਟਿਆਂ (ਮਰਾਠਿਆਂ) ਨੂੰ ਪਾਣੀਪਤ ਦੀ ਲੜਾਈ ਵਿੱਚ ਲੱਕ ਤੋੜਵੀਂ ਹਾਰ ਦੇ ਕੇ, ਉਨ੍ਹਾਂ ਦੀਆਂ ਬਹੂ-ਬੇਟੀਆਂ ਤੇ ਖ਼ਜ਼ਾਨੇ ਲੁੱਟ ਕੇ ਵਾਪਿਸ ਜਾਂਦਾ ਹੋਇਆ ਜਦੋਂ ਪੰਜਾਬ ਵਿੱਚ ਦੀ ਲੱਗਦਾ ਹੈ ਤੇ ਖ਼ਾਲਸੇ ਨੇ ਗੁੱਰੀਲਾ ਜੰਗ ਰਾਹੀਂ ਉਸ ਕੋਲੋਂ ਮਰਾਠਿਆਂ ਦੀਆਂ ਧੀਆਂ-ਭੈਣਾਂ ਨੂੰ ਛੁਡਵਾ ਕੇ ਘਰੋਂ ਘਰੀ ਭੇਜਿਆ ਤੇ ਲੁੱਟ ਦਾ ਸਮਾਨ ਵੀ ਖੋਹਿਆ। ਗੁੱਸੇ ਨਾਲ ਭਰਿਆ ਪੀਤਾ ਪੂਰੇ ਏਸ਼ੀਆ ਦਾ ਜੇਤੂ ਜਰਨੈਲ 1762 ਦੇ ਵਿੱਚ ਇੱਕੋ ਇੱਕ ਮੁਹਿੰਮ ਤੇ ਆਉਂਦਾ ਹੈ ਕਿ ਸਿੱਖਾਂ ਦਾ ਖੁਰਾ ਖੋਜ ਖ਼ਤਮ ਕਰਨਾ ਹੈ । 1762 'ਚ ਪੂਰੀ ਤਾਕਤ ਨਾਲ ਸਿੱਖਾਂ ਉੱਤੇ ਹੱਲਾ ਕਰਦਾ ਹੈ, ਕੌਮ ਇਸ ਨੂੰ ਵੱਡੇ ਘੱਲੂਘਾਰੇ ਦੇ ਨਾਮ ਨਾਲ ਚੇਤੇ ਕਰਦੀ ਹੈ। ਸਿੱਖ ਵੀ ਅੱਗੋਂ ਬੜੀ ਦਲੇਰੀ ਨਾਲ ਟਾਕਰਾ ਕਰਦੇ ਹਨ, ਤਕਰੀਬਨ 50 ਤੋਂ 60 ਹਜ਼ਾਰ ਦੇ ਕਰੀਬ ਸਿੱਖਾਂ ਦੀਆਂ ਸ਼ਹੀਦੀਆਂ ਹੁੰਦੀਆਂ ਹਨ, ਤੇ ਅਖੀਰ ਜਾਂਦਾ ਹੋਇਆ ਅਬਦਾਲੀ ਸਿੱਖਾਂ ਨੂੰ ਚੈਲੇਂਜ ਦੇ ਕੇ ਜਾਂਦਾ ਹੈ ਕਿ ਮੈਂ ਲਾਹੌਰ ਵਿੱਚ ਹਾਂ ਜਿਸ ਨੇ ਟਾਕਰਾ ਕਰਨਾ ਹੋਵੇ ਕਰ ਲਵੇ। ਅੱਠ ਮਹੀਨੇ ਬਾਅਦ ਖ਼ਾਲਸਾ ਦੁਬਾਰਾ ਪ੍ਰਗਟ ਹੁੰਦਾ ਹੈ ਤੇ ਅਬਦਾਲੀ ਨੂੰ ਜੰਗ ਦੇ ਮੈਦਾਨ ਦੇ ਵਿੱਚ ਵੰਗਾਰਦਾ ਹੈ, ਉਦੋਂ ਅਬਦਾਲੀ ਘਬਰਾਉਂਦਾ ਵੀ ਹੈ ਕਿ ਜਿਹੜੀ ਕੌਮ ਤੇ ਏਨਾ ਵੱਡਾ ਹੱਲਾ ਕੀਤਾ ਉਹ ਮੈਨੂੰ 8 ਮਹੀਨੇ ਬਾਅਦ ਹੀ ਵੰਗਾਰ ਰਹੀ ਹੈ। ਅਖੀਰ ਨੀਤੀ ਤਹਿਤ ਸਿੱਖਾਂ ਨੂੰ ਸੁਲ੍ਹਾ ਕਰਨ ਦੇ ਲਈ ਸੁਨੇਹਾ ਭੇਜਦਾ ਹੈ, ਸਿੱਖਾਂ ਨੇ ਉਦੋਂ ਇਸ ਜੋਸ਼ ਦੇ ਵਿੱਚ ਜਵਾਬ ਦਿੱਤਾ ਤੈਨੂੰ ਤੇ ਹੁਣ ਰਣ ਵਿੱਚ ਟਕਰਾਂਗੇ ਤੇ ਇੱਕ ਵੱਡੀ ਜੰਗ ਵਿੱਚ ਅਬਦਾਲੀ ਨੂੰ ਭੱਜਣ ਲਈ ਮਜ਼ਬੂਰ ਕੀਤਾ।

ਖ਼ਾਲਸਾ ਰਾਜ ਜਾਣ ਤੋਂ ਬਾਅਦ ਵੀ ਸਿੱਖਾਂ ਦੇ ਨਾਲ ਇਹੋ ਕੁਝ ਵਾਪਰਿਆ, ਪਰ ਸਿੱਖਾਂ ਵੱਲੋਂ ਸੁਲ੍ਹਾ ਦੀ ਨੀਤੀ ਹੀ ਵਰਤੀ ਗਈ। ਆਖਿਰ 1947 ਤੋਂ ਪਹਿਲਾਂ ਵੀ ਸਿੱਖਾਂ ਨਾਲ ਕੀਤੇ ਗਏ ਵਾਅਦੇ ਭਾਰਤੀ ਹਿੰਦੂਤਵ ਹਕੂਮਤ ਵੱਲੋਂ ਪੂਰੇ ਨਹੀਂ ਕੀਤੇ ਗਏ, ਤੇ ਹੌਲੀ ਹੌਲੀ ਬਹੁਤਾਤ ਰਾਜਨੀਤਿਕ ਸਿੱਖ ਲੀਡਰਸ਼ਿਪ ਨੇ ਬਹੁਗਿਣਤੀ ਦੀ ਅਧੀਨਗੀ ਕਬੂਲ ਕਰ ਲਈ । ਭਾਰਤੀ ਰਾਸ਼ਟਰਵਾਦ ਦਾ ਅਜਗਰ ਸਰੀਰਕ ਅਤੇ ਸਿਧਾਂਤਕ ਰੂਪ ਵਿੱਚ ਸਿੱਖ ਕੌਮ ਨੂੰ ਨਿਗਲਣ ਵੱਲ ਕਦਮ ਵਧਾਉਣ ਲੱਗਾ । ਮੋਰਚੇ ਤੇ ਲੱਗੇ, ਪਰ ਜੂਸ ਪੀ ਕੇ ਮੋਰਚੇ ਖ਼ਤਮ ਕਰ ਦਿੱਤੇ ਗਏ, ਅਰਦਾਸਾਂ ਨੂੰ ਵਿੱਚੇ ਛੱਡਿਆ ਗਿਆ, ਜਿਸ ਨਾਲ ਸਿੱਖ ਨੌਜਵਾਨੀ ਦਾ ਪੰਥਕ ਲੀਡਰਸ਼ਿਪ ਤੇ ਭਰੋਸਾ ਟੁੱਟਦਾ ਰਿਹਾ ਤੇ ਨਿਰੋਲ ਪੰਥਕ ਲੀਡਰਸ਼ਿਪ ਦਾ ਖ਼ਲਾਅ ਪੈਦਾ ਹੋ ਗਿਆ। ਇਸ ਖ਼ਲਾਅ ਦੇ ਵਿੱਚੋਂ ਇੱਕ ਸੂਰਮਾ ਨਿਤਰਦਾ ਹੈ, ਜਿਸ ਨੂੰ ਇਸ ਦੁਨੀਆ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਦੇ ਨਾਮ ਨਾਲ ਜਾਣਿਆ। 1978 ਤੋਂ ਹੀ ਸ਼ੁਰੂ ਹੋਏ ਸੰਘਰਸ਼ ਦਾ ਸਿਖਰ 'ਧਰਮ ਯੁੱਧ ਮੋਰਚੇ' ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਜਿਸ ਦੀ ਮੁੱਖ ਮੰਗ 'ਅਨੰਦਪੁਰ ਦੇ ਮਤੇ' ਦੀ ਸੀ ਤੇ ਸੰਤਾਂ ਨੇ ਇਸ ਵਾਰ ਹਕੂਮਤ ਅਤੇ ਕੌਲੀ ਚੱਟ ਲੀਡਰਸ਼ਿਪ ਨੂੰ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਇਸ ਵਾਰ ਅਨੰਦਪੁਰ ਦੇ ਮਤੇ ਤੋਂ ਘੱਟ ਗੱਲ ਨਹੀਂ ਹੋਣੀ, ਜਾਂ ਤੇ ਟਾਂਡਿਆਂ ਵਾਲੀ ਰਹੂਗੀ ਜਾਂ ਭਾਂਡਿਆਂ ਵਾਲੀ ।



ਸੰਤਾਂ ਨੇ '1984 ਦੇ ਘੱਲੂਘਾਰੇ' ਦੇ ਵਿੱਚ ਚਮਕੌਰ ਦੀ ਗੜ੍ਹੀ ਦਾ ਇਤਿਹਾਸ ਚੇਤੇ ਕਰਵਾ ਦਿੱਤਾ । ਪ੍ਰੋਫ਼ੈਸਰ ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ ਕੌਮਾਂ ਜਦੋਂ ਵੀ ਲੜਦੀਆਂ ਨੇ ਦੋ ਪੱਧਰ ਤੇ ਲੜਦੀਆਂ ਨੇ ਇੱਕ ਤੇ ਕੌਮਾਂ ਦੇ ਸਵਿਧਾਨ (ਆਇਨ) ਤਿਆਰ ਕੀਤੇ ਜਾਂਦੇ ਜਿਸ ਵਿੱਚ ਇੰਟੇਲੈਕਚੁਅਲ ਪੱਧਰ ਤੇ ਜੰਗ ਹੁੰਦੀ ਹੈ, ਦੂਸਰਾ ਕੌਮਾਂ ਨੇ ਬਿੰਬ ਸਿਰਜਣੇ ਹੁੰਦੇ ਹਨ, ਸੰਤ ਜਰਨੈਲ ਸਿੰਘ ਨੇ ਇੱਕ ਬਿੰਬ ਸਿਰਜਿਆ ਤੇ ਲੰਬੇ ਸਮੇਂ ਤੋਂ ਬਾਅਦ 'ਚਮਕੌਰ ਗੜ੍ਹੀ' ਦਾ ਇਤਿਹਾਸ ਦੁਬਾਰਾ ਦੁਹਰਾ ਕੇ ਰੱਖ ਦਿੱਤਾ ।

ਸੰਤ ਜਰਨੈਲ ਸਿੰਘ ਦਾ ਇਹ ਕਥਨ ਕਿ 'ਸਿੱਖ ਭਾਰਤ ਵਿੱਚ ਗੁਲਾਮ ਹੈ' ਇਸ ਦੀ ਪੜਚੋਲ ਕਰਦਿਆਂ ਸੰਤ ਜਰਨੈਲ ਸਿੰਘ ਨੇ ਵੀਹਵੀਂ ਸਦੀ ਦੇ ਵਿੱਚ ਨਕਲੀ ਜ਼ਮਹੂਰੀਅਤ ਤੋਂ ਪਰਦਾ ਚੁੱਕਿਆ, ਨਕਲੀ ਜ਼ਮਹੂਰੀਅਤ ਜਿਸ ਦੇ ਵਿੱਚ 'ਭਾਰਤੀ ਰਾਸ਼ਟਰਵਾਦ' ਹੀ 'ਹਿੰਦੂਵਾਦ' ਸੀ। ਇਹ ਸਿਧਾਂਤ 'ਖ਼ਾਲਸਾ ਜੀ ਕੇ ਬੋਲ ਬਾਲੇ' ਦੇ ਸਿਧਾਂਤ ਤੇ ਬਿਲਕੁਲ ਉਲਟ ਸੀ । ਇਸ ਸਿਸਟਮ ਦੇ ਵਿੱਚ ਸਿਖਾਂ ਦੀ ਅੱਡਰੀ ਹੋਂਦ ਹਸਤੀ ਖ਼ਤਰੇ ਦੇ ਵਿੱਚ ਸੀ ।

ਸੰਤਾਂ ਨੇ '1984 ਦੇ ਘੱਲੂਘਾਰੇ' ਦੇ ਵਿੱਚ ਚਮਕੌਰ ਦੀ ਗੜ੍ਹੀ ਦਾ ਇਤਿਹਾਸ ਚੇਤੇ ਕਰਵਾ ਦਿੱਤਾ । ਪ੍ਰੋਫ਼ੈਸਰ ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ ਕੌਮਾਂ ਜਦੋਂ ਵੀ ਲੜਦੀਆਂ ਨੇ ਦੋ ਪੱਧਰ ਤੇ ਲੜਦੀਆਂ ਨੇ ਇੱਕ ਤੇ ਕੌਮਾਂ ਦੇ ਸਵਿਧਾਨ (ਆਇਨ) ਤਿਆਰ ਕੀਤੇ ਜਾਂਦੇ ਜਿਸ ਵਿੱਚ ਇੰਟੈਲੈਕਚੁਅਲ ਪੱਧਰ ਤੇ ਜੰਗ ਹੁੰਦੀ ਹੈ, ਦੂਸਰਾ ਕੌਮਾਂ ਨੇ ਬਿੰਬ ਸਿਰਜਣੇ ਹੁੰਦੇ ਹਨ, ਸੰਤ ਜਰਨੈਲ ਸਿੰਘ ਨੇ ਇੱਕ ਬਿੰਬ ਸਿਰਜਿਆ ਤੇ ਲੰਬੇ ਸਮੇਂ ਤੋਂ ਬਾਅਦ 'ਚਮਕੌਰ ਗੜ੍ਹੀ' ਦਾ ਇਤਿਹਾਸ ਦੁਬਾਰਾ ਦੁਹਰਾ ਕੇ ਰੱਖ ਦਿੱਤਾ ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਸ਼ਾਇਦ ਸਿੱਖ ਇਹ ਜੰਗ ਹਾਰ ਗਏ, ਸਿੱਖਾਂ ਨੇ ਇਸ ਜੰਗ ਵਿੱਚੋਂ ਕੀ ਖੱਟਿਆ ? ਬਹੁਤ ਨੁਕਸਾਨ ਕਰਵਾ ਲਿਆ ! ਅਸਲ ਵਿੱਚ ਇਹ ਲੋਕ ਗੁਰੂ ਦੇ ਸਿਧਾਂਤ ਤੋਂ ਬੇਮੁਖ ਹਨ । ਇਹ ਜੰਗ ਸਰੀਰਿਕ ਪੱਧਰ ਤੇ ਜਿੱਤਣ ਲਈ ਨਹੀਂ ਬਲਕਿ ਅਧਿਆਤਮਕ ਅਤੇ ਕੌਮ ਨੂੰ ਜਾਗਰੂਕ ਕਰਨ ਦੇ ਲਈ ਲੜੀ ਗਈ ਸੀ, ਜਿਸ ਵਿੱਚ ਸਿੱਖ ਜੇਤੂ ਸਾਬਿਤ ਹੋਏ । ਇਸ ਜੰਗ ਨੇ ਪਿਛਲੇ 135 ਸਾਲਾਂ ਤੋਂ ਪੈਦਾ ਕੀਤੇ ਗਏ ਭਰਮ ਨੂੰ ਤੋੜਿਆ । 1849 ਈ: ਤੋਂ ਬਾਅਦ ਸਿੱਖਾਂ ਨੇ ਆਪਣੀ ਹੋਣੀ ਭਾਰਤੀ ਰਾਸ਼ਟਰਵਾਦ ਨਾਲ ਜੋੜ ਲਈ, ਸਿੱਖਾਂ ਦੇ ਵੱਲੋਂ ਸੱਭ ਤੋਂ ਵੱਧ ਕੁਰਬਾਨੀਆਂ ਦੇ ਕੇ ਭਾਰਤ ਨੂੰ ਅਜ਼ਾਦ ਕਰਵਾਉਣ ਵਿੱਚ ਯੋਗਦਾਨ ਪਾਇਆ ਗਿਆ ਪਰ ਅਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਬੇਗਾਨਿਆਂ ਦੀ ਤਰਾਂ ਸਮਝਿਆ ਗਿਆ।

ਜਦੋਂ ਅਸੀਂ ਇਤਿਹਾਸ ਫਰੋਲਦੇ ਹਾਂ ਤਾਂ ਪਤਾ ਲੱਗਦਾ ਹੈ ਕਿ 1626 ਈ: ਨੂੰ ਛੇਵੇਂ ਪਾਤਸ਼ਾਹ ਦੀ ਪਹਿਲੀ ਜੰਗ ਦੀ ਵਜ੍ਹਾ ਇੱਕ ਬਾਜ ਬਣਦਾ ਹੈ। ਜਿਹੜੇ ਸਿੱਖ ਪੱਕੇ ਨਹੀਂ ਸਨ, ਜਿਹਨਾਂ ਦੇ ਮਨਾਂ ਦੇ ਵਿੱਚ ਸ਼ੰਕਾ ਸੀ, ਉਹਨਾਂ ਨੇ ਕਿਹਾ ਕਿ ਗੁਰੂ ਪਾਤਸ਼ਾਹ ਬਾਜ ਨੂੰ ਅਸੀਂ ਮੁੱਦਾ ਕਿਉਂ ਬਣਾਉਣਾ ਹੈ ਤਾਂ ਗੁਰੂ ਸਾਹਿਬ ਦਾ ਬਚਨ ਸੀ 'ਤਿਨ ਕੋ ਬਾਜ ਨਹੀਂ ਮੈਂ ਦੇਣਾ, ਤਾਜ ਬਾਜ ਤਿਨ ਤੇ ਸਭ ਲੇਨਾ' (ਪ੍ਰੋਫ਼ੈਸਰ ਹਰਿੰਦਰ ਸਿੰਘ ਮਹਿਬੂਬ) ।

ਅਸਲ ਵਿੱਚ ਗੁਰੂਆਂ ਨੇ ਸਿੱਖਾਂ ਨੂੰ ਜੰਗ ਦਾ ਅਨੁਭਵ ਦੇਣਾ ਸੀ ਤੇ ਫਿਰ ਉਸ ਦੇ ਵਿੱਚ ਉਹ ਖ਼ਾਲਸਾ ਪੈਦਾ ਹੋਣਾ ਸੀ ਜਿਸਨੇ ਹਲੇਮੀ ਰਾਜ ਦੀ ਸਥਾਪਨਾ ਕਰਨੀ ਸੀ। ਪਹਿਲੇ ਜਾਮੇ ਤੋਂ ਲੈ ਕੇ ਦਸਵੇਂ ਨਾਨਕ ਤੱਕ ਜਿੰਨੇ ਵੀ ਕਦਮ ਸਨ ਉਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ, ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋਵੇ ਜਾਂ ਫੇਰ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ! ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਮੀਰੀ ਪੀਰੀ ਦਾ ਸਿਧਾਂਤ, ਨੌਵੇਂ ਗੁਰੂ ਸਾਹਿਬ ਦੀ ਸ਼ਹਾਦਤ, ਇਹ ਸਾਰੇ ਕਦਮ ਖ਼ਾਲਸੇ ਦੀ ਤਿਆਰੀ ਵੱਲ ਵੱਧ ਰਹੇ ਸਨ। ਜਿਸ ਤੋਂ ਬਾਅਦ ਖ਼ਾਲਸੇ ਦੀ ਪਰਖ ਹੋਣੀ ਸੀ ਤੇ 'ਸੀਸ ਭੇਟ' ਕੌਤਕ ਰਾਹੀਂ ਗੁਰੂ ਨਾਨਕ ਦੇ ਮਿਸ਼ਨ ਦੀ ਸੰਪੂਰਨਤਾ ਹੋਣੀ ਸੀ ।

ਜਦੋਂ ਕੌਮਾਂ ਦੁਨਿਆਵੀ ਮਕਸਦ ਦੇ ਅਧੀਨ ਹੋ ਜਾਂਦੀਆਂ ਹਨ ਤਾਂ ਉਹਨਾਂ ਦੇ ਵਿੱਚ ਗਿਰਾਵਟ ਆ ਜਾਂਦੀ ਹੈ। ਜਿਵੇਂ ਮਨੁੱਖੀ ਜ਼ਿੰਦਗੀ ਦੇ ਵਿੱਚ ਇੱਕ ਥਕਾਵਟ ਆ ਜਾਂਦੀ ਹੈ, ਆਲਸ ਆ ਜਾਂਦਾ ਹੈ ਕੌਮਾਂ ਸਮੂਹਿਕ ਤੌਰ ਤੇ ਗਿਰਾਵਟ ਵੱਲ ਚਲੀਆਂ ਜਾਂਦੀਆਂ ਹਨ। ਅੰਗਰੇਜ਼ੀ ਦਾ ਇਹ ਕਥਨ ਹੈ ਕਿ "ਗ੍ਰੇਟ ਮੈਨ ਮੇਕਸ ਦੀ ਗੁੱਡ ਟਾਈਮ, ਐਂਡ ਗੁਡ ਟਾਈਮਸ ਮੇਕਸ ਦੀ ਬੈਡ ਮੈਨ"।

ਇਨ੍ਹਾਂ ਹਾਲਾਤਾਂ ਵਿੱਚ ਕੌਮਾਂ ਦੁਸ਼ਮਣ ਦੀਆਂ ਚਾਲਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ, ਉਦੋਂ ਇੱਕ ਵੱਡੀ ਸ਼ਕਤੀ ਦੀ ਲੋੜ ਹੁੰਦੀ ਹੈ । ਸੰਤ ਜਰਨੈਲ ਸਿੰਘ ਨੇ ਕੌਮ ਦੇ ਵਿੱਚ ਉਹ ਸ਼ਕਤੀ ਪੈਦਾ ਕੀਤੀ ਤੇ ਉਨ੍ਹਾਂ ਨਾਲ ਹੋ ਰਹੇ ਲਗਾਤਾਰ ਧੱਕੇ ਤੋਂ ਜਾਣੂ ਕਰਵਾਇਆ। ਵੀਹਵੀਂ ਸਦੀ ਦੇ ਮਹਾਨ ਸਿੱਖ 'ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ' ਨੇ ਮੀਰੀ ਪੀਰੀ ਦੇ ਸਿਧਾਂਤ ਦੀ ਸਹੀ ਤਰਜਮਾਨੀ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਦੁਆਰਾ ਮਨੁੱਖ ਨੂੰ ਰੂਹਾਨੀ, ਮਾਨਸਿਕ ਤੇ ਸਰੀਰਕ ਗੁਲਾਮੀ ਤੋਂ ਮੁਕਤ ਕਰਨ ਲਈ ਅਰੰਭੇ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਸ੍ਰੀ ਅਕਾਲ ਤਖਤ ਦੇ ਸਨਮੁੱਖ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਅਰਜਨ ਸਾਹਿਬ ਵੱਲੋਂ ਤੋਰੀ ਸ਼ਹਾਦਤ ਦੀ ਪਰੰਪਰਾ ਨੂੰ ਕਾਇਮ ਰੱਖਿਆ। 20ਵੀਂ ਸਦੀ ਵਿੱਚ ਸੰਤਾਂ ਦੀ ਸ਼ਹਾਦਤ ਨੇ ਜਿੱਥੇ ਸਿੱਖ ਸਿਧਾਂਤਾਂ ਦੀ ਸੁਚਤਾ ਦਾ ਵਿਲੱਖਣ ਨਮੂਨਾ ਪੇਸ਼ ਕੀਤਾ, ਉੱਥੇ ਉਹਨਾਂ ਨੇ ਸਿੱਖ ਸਿਆਸਤ ਦੀ ਦਿਸ਼ਾ ਵੀ ਬਦਲ ਕੇ ਰੱਖ ਦਿੱਤੀ । ਉਹਨਾਂ ਨੇ ਖ਼ਾਲਸਾ ਪੰਥ ਨੂੰ ਆਪਣੀ ਹੋਣੀ ਦੇ ਮਾਲਕ ਆਪ ਬਣਨ ਦਾ ਰਾਹ ਦਿਖਾਇਆ।

### ਪੰਜ ਸਦੀਆਂ ਦਾ ਵੈਰ

ਜਦੋਂ ਇਹ ਘੱਲੂਘਾਰਾ ਵਾਪਰਦਾ ਹੈ ਤਾਂ ਲਹਿੰਦੇ ਪੰਜਾਬ ਦੇ ਕਵੀ ਅਫਜ਼ਲ ਹਸਨ ਰੰਧਾਵਾ ਨੇ ਇੱਕ ਲੰਬੀ ਕਵਿਤਾ ਰਾਹੀਂ ਹਾਜ਼ਰੀ ਲਗਵਾਈ, ਜਿਸ ਦੇ ਵਿੱਚ ਇੱਕ ਸਤਰ ਹੈ 'ਅੱਜ ਵੈਰੀਆਂ ਕੱਢ ਵਿਖਾਲਿਆ ਪੰਜ ਸਦੀਆਂ ਦਾ ਵੈਰ' ਇਹ ਪੰਜ ਸਦੀਆਂ ਦਾ ਵੈਰ ਉਹ ਵੈਰ ਹੈ ਜੋ ਗੁਰੂ ਨਾਨਕ ਤੋਂ ਸ਼ੁਰੂ ਹੋ ਜਾਂਦਾ ਹੈ । ਇਹ ਵੈਰ ਉਸ ਦਿਨ ਤੋਂ ਸ਼ੁਰੂ ਹੁੰਦਾ ਹੈ ਜਿਸ ਦਿਨ ਗੁਰੂ ਨਾਨਕ ਨੇ ਇੱਕ ਓਂਕਾਰ ਦਾ ਰੱਬੀ ਐਲਾਨਨਾਮਾ ਕੀਤਾ । ਬਿਪਰ ਦੇ ਨਾਲ ਇਹ ਵੈਰ ਬਟਾਲੇ ਦੀ ਕੰਧ ਤੋਂ ਸ਼ੁਰੂ ਹੁੰਦਾ ਹੋਇਆ ਸਰਹਿੰਦ ਦੀ ਕੰਧ ਤੱਕ ਪੁੱਜਿਆ । ਇਸ ਵੈਰ ਨੇ ਬਹੁਤ ਸਾਰੇ ਪੜਾਅ ਤੈ ਕੀਤੇ ਜਿਸ ਵਿੱਚ ਗੁਰੂ ਅਮਰਦਾਸ ਜੀ ਦੇ ਵਿਰੁੱਧ ਅਕਬਰ ਦੇ ਕੋਲ ਕੀਤੀ ਗਈ ਸ਼ਿਕਾਇਤ ਹੋਵੇ ਜਾਂ ਫੇਰ ਚੰਦੂ ਦਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਵਿੱਚ ਰੋਲ, ਚੰਦੂ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਦਰੋਗੇ ਕੋਲੋਂ ਜਹਿਰ ਵਾਲਾ ਚੋਲਾ ਪਵਾ ਕੇ ਮਰਵਾਉਣ ਦੀ ਕੋਸ਼ਿਸ਼ ਕਰਨਾ ਤੇ ਫਿਰ ਚੰਦੂ ਦੇ ਪੁੱਤਰਾਂ ਵੱਲੋਂ ਗੁਰੂ ਸਾਹਿਬ ਤੇ ਹਮਲਾ ਕਰਨਾ ਇਸੇ ਹੀ ਵੈਰ ਦੀ ਉਪਜ ਸੀ । ਹਿੰਦੂ ਪਹਾੜੀ ਰਾਜਿਆਂ ਵੱਲੋਂ ਬਾਰ-ਬਾਰ ਗੁਰੂ ਗੋਬਿੰਦ ਸਿੰਘ ਜੀ ਤੇ ਹਮਲੇ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਵਿੱਚ ਸੁੱਚਾ ਨੰਦ ਦੀ ਸ਼ਮੂਲੀਅਤ ਵੀ ਇਸੇ ਹੀ ਵੈਰ ਦੀ ਕੜੀ ਵਿੱਚ ਆਉਂਦੀ ਹੈ । ਬਿਪਰ ਨੂੰ ਜਦੋਂ ਜਦੋਂ ਮੌਕਾ ਮਿਲਿਆ ਉਸ ਨੇ ਖ਼ਾਲਸੇ ਦਾ ਗੁਰੂ ਨਾਨਕ ਤੋਂ ਲੈ ਕੇ ਅੱਜ ਤੱਕ ਹਮੇਸ਼ਾ ਹੀ ਵਿਰੋਧ ਕੀਤਾ। ਤੁਸੀਂ ਇਹ ਜਾਣ ਕੇ ਹੈਰਾਨ ਹੋ ਜਾਵੋਗੇ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਲੜਨ ਦੇ ਲਈ ਖਰਚਾ ਲਾਹੌਰ ਦੇ ਖੱਤਰੀਆਂ ਨੇ ਮੁਗ਼ਲਾਂ ਨੂੰ ਦਿੱਤਾ । ਜਿਹੜੇ ਹਿੰਦੂਤਵੀਏ ਅੱਜ ਬੰਦਾ ਸਿੰਘ ਨੂੰ ਬੰਦਾ ਬੈਰਾਗੀ ਕਹਿ ਕੇ ਪ੍ਰਚਾਰਦੇ ਹਨ, ਉਹਨਾਂ ਦੇ ਪੁਰਖੇ ਬੰਦਾ ਸਿੰਘ ਬਹਾਦਰ ਦੇ ਖਿਲਾਫ਼ ਖੜ੍ਹੇ ਰਹੇ ।

### ਸਿੱਖ ਜਰਨੈਲਾਂ ਦੀ ਕਿਰਦਾਰਕੁਸ਼ੀ

ਵੱਡੀਆਂ ਤਾਕਤਾਂ ਦੇ ਵੱਲੋਂ ਹਮੇਸ਼ਾ ਹੀ ਛੋਟੀ ਕੌਮ ਤੇ ਨਾਇਕਾਂ ਨੂੰ ਖਲਨਾਇਕ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ । ਇਹ ਮਸਲਾ ਕੋਈ ਅੱਜ ਤੋਂ ਸ਼ੁਰੂ ਨਹੀਂ ਹੋਇਆ ਇਹ ਮਸਲਾ ਲੰਮੇ ਸਮੇਂ ਤੋਂ ਚਾਲੂ ਹੈ । ਇਸੇ ਹੀ ਲੜੀ ਦੇ ਤਹਿਤ ਭਾਵੇਂ ਸੰਤ ਜਰਨੈਲ ਸਿੰਘ ਹੋਣ ਚਾਹੇ ਬਾਬਾ ਬੰਦਾ ਸਿੰਘ ਬਹਾਦਰ, ਜਾਂ ਸ਼ੇਰ-ਏ-ਪੰਜਾਬ ਸਿਰਦਾਰ ਰਣਜੀਤ ਸਿੰਘ; ਸਿੱਖ ਕੌਮ ਦੇ ਨਾਇਕਾਂ ਦੀ ਹਮੇਸ਼ਾਂ ਹੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਸਮੇਂ ਦੀਆਂ ਹਕੂਮਤਾਂ ਨੇ ਕੀਤੀ ਹੈ ।

ਬਾਕੀ ਹਿਸਾ ਅਗਲੇ ਹਫਤੇ ਪੜ੍ਹੋ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 27'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

### 713. ਸਾਕਤ ਦੇ ਕੀ ਲੱਛਣ/ਕਰਮ ਹਨ?

ਸਾਕਤ ਮਨੁੱਖ ਸਤਿਗੁਰੂ ਦੇ ਅੱਗੇ ਜਾ ਕੇ ਨਿਵਦੇ ਹਨ, ਪਰ ਮਨੋਂ ਖੋਟੇ ਹੁੰਦੇ ਹਨ ਤੇ ਕੂੜ ਵਿਚ ਕੂੜ ਦੇ ਹੀ ਵਪਾਰੀ ਹੁੰਦੇ ਹਨ। ਜਦੋਂ ਸਤਿਗੁਰੂ (ਸਭ ਸਿੱਖਾਂ ਨੂੰ) ਆਖਦਾ ਹੈ, ਹੇ ਮੇਰੇ ਭਰਾਵੋ, ਉਠੋ! ਤਾਂ ਇਹ ਸਾਕਤ ਘੁਸਰ ਮੁਸਰ ਕਰਦੇ ਸਿੱਖਾਂ ਦੇ ਬਗਲ ਵਿਚ ਬੈਠ ਜਾਂਦੇ ਹਨ। "ਸਲੋਕ ਮ: 4 ॥ ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥ ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥ ਅੰਗ 312"। ਜੇ ਸਾਕਤ ਮਨੁੱਖ ਨੂੰ (ਨਾਮ ਰੂਪੀ ਭੋਜਨ) ਛਕਾਉਣਾ ਚਾਹੀਏ ਤਾਂ ਉਹ ਮੂੰਹੋਂ ਵਿਹੁ ਹੀ ਉਗਲ ਕੇ ਕੱਢਦਾ ਹੈ; ਭਾਵ ਵਿਅਰਥ ਗੱਲਾਂ ਹੀ ਕਰਦਾ ਹੈ। "ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ ॥ ਅੰਗ 312"।

ਸਾਕਤ ਮਰ ਜਾਂਦੇ ਹਨ, ਪਰ ਸੰਤ ਸਭ ਜਿਉਂਦੇ ਰਹਿੰਦੇ ਹਨ; ਭਾਵ ਸੰਤ ਅਮਰ ਹੁੰਦੇ ਹਨ। "ਸਾਕਤ ਮਰਹਿ ਸੰਤ ਸਭਿ ਜੀਵਹਿ॥ ਅੰਗ 326"। ਸਾਕਤ ਦਾ ਜਨਮ ਬਿਰਥਾ ਜਾਂਦਾ ਹੈ। "ਮਿਥਿਆ ਜਨਮੁ ਸਾਕਤ ਸੰਸਾਰਾ ॥ ਅੰਗ 354"। ਸਾਕਤ ਪੁਰਸ਼ ਸੰਸਾਰ ਰੂਪੀ ਜੰਗਲ 'ਚ ਭੁੱਲਿਆ (ਭਟਕਦਾ) ਫਿਰਦਾ ਹੈ। "ਸਾਕਤੁ ਭੂਲਾ ਫਿਰੈ ਬੇਬਾਣਿ ॥3॥ ਅੰਗ 354"। ਸਾਕਤ ਪਾਗਲ ਦਾ ਮਨ (ਹੰਕਾਰ 'ਚ) ਹਾਥੀ ਵਾਂਗ ਹੁੰਦਾ ਹੈ ਜੋ ਕਿ ਸੰਸਾਰ ਜੰਗਲ ਵਿਚ ਮਾਇਆ ਮੋਹ 'ਚ ਖਚਿਤ ਪ੍ਰਮੇਸ਼ਰ ਤੋਂ ਟੁੱਟਾ ਰਹਿੰਦਾ ਹੈ। "ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥ ਅੰਗ 415"।

ਇਹ ਮੂਰਖ ਮਨ ਸਾਕਤ ਤੇ ਲੋਭੀ ਹੈ; ਭਾਵ ਸਾਕਤ ਦਾ ਮਨ ਮੂਰਖ ਤੇ ਲੋਭੀ ਹੁੰਦਾ ਹੈ। "ਸਾਕਤੁ ਲੋਭੀ ਇਹੁ ਮਨੁ ਮੂੜਾ ॥ ਅੰਗ 415"। ਲੋਭੀ ਸਾਕਤ ਨਰ ਪ੍ਰਭੂ, ਜੋ ਕਿ ਸਭ ਜਗ੍ਹਾ ਨੂੰ ਪਰੀਪੂਰਨ ਕਰ ਰਿਹਾ ਹੈ, ਨੂੰ ਦੂਰ ਕਰਕੇ ਜਾਣਦਾ ਹੈ। "ਸਾਕਤ ਨਰ ਲੋਭੀ ਜਾਣਹਿ ਦੂਰਿ ॥3॥ ਅੰਗ 1177"। ਕੁੱਤੇ ਸਾਕਤ ਮਨੁੱਖ ਬਹੁਤ ਲੋਭੀ ਹੁੰਦੇ ਹਨ, ਉਹ ਅਪਣੇ ਅੰਦਰ ਖੋਟੀ ਮਤਿ ਦੀ ਮੈਲ਼ ਭਰਦੇ ਰਹਿੰਦੇ ਹਨ। ਉਹ ਆਪਣੇ ਸਵਾਰਥ ਹਿਤ ਬਹੁਤ ਗੱਲਾਂ ਕਰਦੇ ਹਨ, ਉਹਨਾਂ ਦਾ ਇਤਬਾਰ ਕੀ ਕਰੀਏ; ਭਾਵ ਉਹਨਾਂ ਦਾ ਇਤਬਾਰ ਨਹੀਂ ਕਰਨਾ ਚਾਹੀਦਾ। "ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥ ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ॥6॥ ਅੰਗ 1326"।

ਪ੍ਰਭੂ ਇਕ ਖਿਨ ਵਿਚ ਦੁਸ਼ਟ ਸਾਕਤਾਂ ਤੇ ਨਿੰਦਕਾਂ ਨੂੰ ਨਸ਼ਟ ਕਰ ਦਿੰਦਾ ਹੈ। "ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥ ਅੰਗ 517"।

ਸਾਕਤ ਨੂੰ ਪ੍ਰਭੂ ਪ੍ਰੇਮ ਦੀ ਪ੍ਰਾਪਤੀ ਨਹੀਂ ਹੁੰਦੀ, ਗੁਰੂ ਨਾਲ ਪਿਆਰ ਪਾਇਆਂ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। "ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ॥ ਅੰਗ 597"। ਜੇ ਸਤਿਗੁਰੂ ਮਿਲ ਪਏ ਤਾਂ ਗੁਰਮਤਿ (ਭਗਤੀ ਮਾਰਗ) ਦੀ ਪ੍ਰਾਪਤ ਹੁੰਦੀ ਹੈ, ਪਰ ਸਾਕਤ ਜੀਵ (ਸਤਿਗੁਰੂ ਤੋਂ ਬੇਮੁਖ ਹੋ ਕੇ) ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ। "ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥3॥ ਅੰਗ 598"। ਅਤੇ ਸਾਕਤ ਦੀ ਉਮਰ ਬਿਰਥਾ ਜਾਂਦੀ ਹੈ। "ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥ ਅੰਗ 681"।

ਪ੍ਰਭੂ ਦੇ ਨਾਮ ਦੇ ਰਸ ਤੋਂ ਵਧੀਆ ਹੋਰ ਕੋਈ ਰਸ ਕਿਹਾ ਨਹੀਂ ਜਾ ਸਕਦਾ। ਜਿਸ ਮਨੁੱਖ ਨੇ ਇਹ ਰਸ ਪੀਤਾ ਹੈ ਉਹ ਰੱਜ ਜਾਂਦਾ ਹੈ; ਉਸਨੂੰ ਦੁਨੀਆ ਦੇ ਹੋਰ ਰਸਾਂ ਦੀ ਇੱਛਾ ਨਹੀਂ ਰਹਿੰਦੀ। ਪਰ ਜਿਸ ਮਨੁੱਖ ਨੇ ਮਾਇਆ ਦੇ ਮੋਹ ਵਿਚ ਇਹ ਨਾਮ ਰਸ ਗਵਾ ਲਿਆ ਹੈ ਉਹ ਸਾਕਤ ਪੁਰਸ਼ ਭੈੜੀ ਮਤਿ ਵਿਚ ਜਾ ਲੱਗਦਾ ਹੈ। "ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥ ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥3॥ ਅੰਗ 598"। ਸਾਕਤ ਮਨੁੱਖ ਭੈੜੀ ਮਤਿ ਕਰਕੇ ਲੁੱਟੇ ਜਾਂਦੇ ਹਨ; ਪ੍ਰਭੂ ਦੇ ਨਾਮ ਦਾ ਰਸ (ਅਨੰਦ) ਉਹ ਨਹੀਂ ਜਾਣਦੇ। ਜਿਨ੍ਹਾਂ ਮਨੁੱਖਾਂ ਨੇ ਆਤਮਿਕ ਜੀਵਨ ਦੇਣ ਵਾਲ਼ਾ ਪ੍ਰਭੂ ਦਾ ਨਾਮ ਮਾਇਆ ਦੇ ਭਰਮ ਵਿਚ ਲੁਟਾ ਦਿੱਤਾ, ਉਹ ਜ਼ਹਿਰ ਰੂਪੀ ਮਾਇਆ ਨਾਲ ਹੀ ਰਚੇ ਮਿਚੇ ਰਹਿੰਦੇ ਹਨ। ਭੈੜੇ ਮਨੁੱਖਾਂ ਨਾਲ ਉਹਨਾਂ ਦਾ ਪਿਆਰ ਹੁੰਦਾ ਹੈ ਤੇ ਪ੍ਰਭੂ ਦੇ ਸੇਵਕਾਂ ਨਾਲ ਉਹ ਝਗੜਾ ਕਰਦੇ ਹਨ। ਹੇ ਨਾਨਕ! ਸਾਕਤ ਮਨੁੱਖ ਜਮਾਂ ਦੇ ਬੰਨ੍ਹੇ ਹੋਏ ਨਰਕਾਂ ਦਾ ਦੁੱਖ ਸਹਾਰਦੇ ਹਨ। ਪਿਛਲੇ ਕੀਤੇ ਕਰਮਾਂ ਅਨੁਸਾਰ ਉਹ ਕਰਮ ਕਰਦੇ ਹਨ; ਜਿੱਦਾਂ ਪ੍ਰਭੂ ਉਹਨਾਂ ਨੂੰ ਰੱਖਦਾ ਹੈ ਓਦਾਂ ਹੀ ਉਹ ਰਹਿੰਦੇ ਹਨ। "ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ੍ ॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ੍ ॥ ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ੍ ॥ ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ੍ ॥1॥ ਅੰਗ 854"।

ਸਾਕਤ ਦਾ ਬੋਲਣਾ ਇੱਦਾਂ ਹੁੰਦਾ ਹੈ ਜਿੱਦਾਂ ਹਵਾ ਦਾ ਝੋਕਾ (ਇਕ ਪਾਸਿਓਂ ਆਇਆ, ਦੂਜੇ ਪਾਸੇ ਲੰਘ ਗਿਆ); ਭਾਵ ਕਿਸੇ ਅਰਥ ਨਹੀਂ ਹੁੰਦਾ। "ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ ॥3॥ ਅੰਗ 609"। ਮਾਇਆ ਦੇ ਭਰਮ ਵਿਚ ਸਾਕਤ ਭੁੱਲਿਆ ਫਿਰਦਾ ਹੈ। (ਪੱਥਰ ਦੀ ਮੂਰਤੀ ਪੂਜ ਕੇ) ਉਹ ਪਾਣੀ 'ਚ ਹੀ ਮਧਾਣੀ ਫੇਰਦਾ ਹੈ, (ਉਸਦੇ ਹੱਥ ਪੱਲੇ ਕੁਛ ਨਹੀਂ ਪੈਂਦਾ) ਤੇ ਉਹ ਵਿਅਰਥ ਹੀ ਖਪ ਖਪ ਕੇ ਮਰਦਾ ਹੈ। ਸਾਕਤ ਮਨੁੱਖ ਜਿਸ ਪੱਥਰ ਨੂੰ ਮਾਲਕ ਪ੍ਰਭੂ ਕਹਿੰਦਾ ਹੈ, ਉਹ ਪੱਥਰ ਉਸ ਨੂੰ ਹੀ ਲੈ ਕੇ ਡੁੱਬ ਜਾਂਦਾ ਹੈ (ਸੰਸਾਰ ਸਮੁੰਦਰ ਵਿਚ)। "ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥1॥ ਰਹਾਉ॥ ਜਿਸੁ ਪਾਹਣ ਕਉ ਠਾਕੁਰੁ ਕਹਤਾ ॥ ਓਹੁ ਪਾਹਣੁ ਲੈ ਉਸ ਕਉ ਡੁਬਤਾ ॥2॥ ਅੰਗ 739"। ਸਾਕਤ ਪੁਰਸ਼ ਦੇ ਕੰਮ ਪਾਣੀ ਦੇ ਰਿੜਕਣ ਵਾਂਗ (ਵਿਅਰਥ) ਹਨ। ਸਾਕਤ ਮਨੁੱਖ ਹਰ ਰੋਜ਼ ਪਾਣੀ ਹੀ ਰਿੜਕਦਾ ਰਹਿੰਦਾ ਹੈ। "ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ ॥ ਅੰਗ 982"।

ਜਿਵੇਂ ਭੱਠੀ ਵਿਚ ਲੋਹਾ ਪਾ ਕੇ ਭੰਨ/ਗਾਲ ਕੇ ਘੜਿਆ ਜਾਂਦਾ ਹੈ, ਤਿਵੇਂ ਸਾਕਤ ਜੀਵ ਜੂਨਾਂ ਵਿਚ ਪਾ ਕੇ ਜਨਮ ਮਰਨ ਦੀ ਭੁਆਟਣੀ 'ਚ ਘੁਮਾਇਆ ਜਾਂਦਾ ਹੈ। "ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥1 ॥ ਅੰਗ 752"। ਸਾਕਤਾਂ ਦੀ ਅਕਲ ਹੋਛੀ ਤੇ ਮਲੀਨ ਹੁੰਦੀ ਹੈ, ਜਿਨ੍ਹਾਂ ਨੇ ਕਦੇ ਪ੍ਰਭੂ ਦੀ ਸੇਵਾ-ਭਗਤੀ ਨਹੀਂ ਕੀਤੀ। ਉਹ ਬਦ-ਕਿਸਮਤ ਤੇ ਮੰਦ-ਕਰਮੀ ਹੁੰਦੇ ਹਨ, ਉਹ ਵਾਰ ਵਾਰ ਜੰਮਦੇ ਮਰਦੇ ਰਹਿੰਦੇ ਹਨ। "ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ ਹਰਿ ਹਰਿ ਸੇਵ ਨ ਕਰਾ ॥ ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥3॥ ਅੰਗ 799"। ਸਾਕਤ ਪੁਰਸ਼ ਕੂੜੀ ਮਾਇਆ ਦੇ ਬੰਧਨ ਵਿਚ ਭਵਾਏ ਜਾਂਦੇ ਹਨ, ਉਹ ਮਰਦੇ ਹਨ, ਜੰਮਦੇ ਹਨ, ਤੇ ਜੰਮਣ ਮਰਨ ਦੇ ਗੇੜ ਵਿਚ ਰਹਿੰਦੇ ਹਨ। "ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥14॥ ਅੰਗ 1026"।

ਸਾਕਤ ਮਨੁੱਖ (ਰੱਬ ਦੀ ਬੰਦਗੀ ਨਾ ਕਰਕੇ) ਝੱਖ ਹੀ ਮਾਰਦਾ ਹੈ। "ਝਖ ਮਾਰਉ ਸਾਕਤੁ ਵੇਚਾਰਾ ॥2॥ ਅੰਗ 806"। ਸਾਕਤ ਲੋਕ ਖਲੋਤੇ (ਜਿਉਂਦੇ ਜੀ) ਹੀ ਸੁੱਕ ਜਾਂਦੇ ਹਨ (ਭਾਵ ਦੈਵੀ ਗੁਣਾਂ ਤੋਂ ਸੱਖਣੇ ਹੋ ਜਾਂਦੇ ਹਨ); ਮਨ ਵਿਚ ਅਹੰਕਾਰ ਹੋਣ ਕਰਕੇ ਪ੍ਰਭੂ ਤੋਂ ਵਿਛੜ ਕੇ ਉਹ ਪ੍ਰਭੂ ਤੋਂ ਦੂਰ ਹੋ ਜਾਂਦੇ ਹਨ।
"ਸਾਕਤ ਕੂੜੇ ਊਭ ਸੁਕ ਹੂਏ ਮਨਿ
ਅਭਿਮਾਨੁ ਵਿਛੁੜਿ ਦੂਰਿ ਗਈਆ ॥2॥
ਅੰਗ 834"।

**ਚਲਦਾ...**


# ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

| | | |
|---|---|---|
| 6 MONTHS ---- | £105 | ☐ |
| 1 YEAR ---- | £205 | ☐ |

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।**

NAME.......................................................................
ADDRESS...................................................................
..........................................POST CODE.............................
TEL.........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
**or call on / WHATSAPP NO : 07966 388 388**
*www.panjabtimes.uk Email: Panjabtimes@aol.com*


## ਐਮੀ ਬੇਰਾ ਨੇ ਪ੍ਰਾਇਮਰੀ ਚੋਣ ਜਿੱਤੀ



**ਸੈਕਰਾਮੈਂਟੋ, ਕੈਲੀਫੋਰਨੀਆ - ਭਾਰਤੀ ਅਮਰੀਕੀ ਕਾਂਗਰਸਮੈਨ ਐਮੀ ਬੇਰਾ ਪ੍ਰਾਇਮਰੀ ਚੋਣ ਜਿੱਤ ਗਏ ਹਨ। ਹੁਣ ਉਨਾਂ ਦਾ ਸਾਹਮਣਾ ਇਸ ਸਾਲ ਨਵੰਬਰ ਵਿੱਚ ਕੈਲੀਫੋਰਨੀਆ ਦੇ ਤੀਜੇ ਕਾਂਗਰਸ ਜਿਲੇ ਵਿੱਚ ਰਿਪਬਲਿਕਨ ਨੇਵਾਡਾ ਕਾਉਂਟੀ ਸੁਪਰਵਾਈਜ਼ਰ ਰੌਬ ਟਕਰ ਨਾਲ ਹੋਵੇਗਾ। ਡੈਮੋਕਰੇਟ ਆਗੂ ਬੇਰਾ 2013 ਤੋਂ ਕੈਲੀਫੋਰਨੀਆ ਦੇ 6ਵੇਂ ਜਿਲੇ ਦੀ ਨੁਮਾਇੰਦਗੀ ਕਰ ਰਿਹਾ ਹੈ। ਪ੍ਰਸਤਾਵ 50 ਦੇ ਤਹਿਤ ਰਾਜ ਦੇ ਕਾਂਗਰੇਸ਼ਨਲ ਨਕਸ਼ੇ ਵਿੱਚ ਬਦਲਾਅ ਤੋਂ ਬਾਅਦ ਹੁਣ ਉਹ ਨਵੇਂ ਬਣਾਏ ਗਏ ਤੀਜੇ ਜ਼ਿਲੇ ਵਿੱਚ ਰਾਜਸੀ ਕਿਸਮਤ ਅਜਮਾਉਣਗੇ। ਇਹ ਜ਼ਿਲਾ ਫੋਲਸਮ ਅਤੇ ਰੋਜ਼ਵਿਲ ਸਮੇਤ ਸੈਕਰਾਮੈਂਟੋ ਖੇਤਰ ਦੇ ਕੁਝ ਹਿੱਸਿਆਂ ਵਿੱਚ ਫੈਲਿਆ ਹੋਇਆ ਹੈ, ਅਤੇ ਪੂਰਬ ਵੱਲ ਟਰੱਕੀ ਅਤੇ ਝੀਲ ਤਾਹੋ ਵੱਲ ਫੈਲਿਆ ਹੋਇਆ ਹੈ। ਆਪਣੀ ਪ੍ਰਾਇਮਰੀ ਚੋਣ ਮੁਹਿੰਮ ਦੌਰਾਨ, ਬੇਰਾ ਨੇ ਸਾਫ਼ ਊਰਜਾ , ਬੁਨਿਆਦੀ ਢਾਂਚੇ ਵਿੱਚ ਨਿਵੇਸ਼, ਸਥਾਨਕ ਭਾਈਚਾਰਿਆਂ ਦਾ ਸਮਰਥਨ ਕਰਨ ਲਈ ਜਨਤਕ-ਨਿੱਜੀ ਭਾਈਵਾਲੀ, ਅਤੇ ਪ੍ਰਜਨਨ ਸਿਹਤ ਸੰਭਾਲ ਤੱਕ ਪਹੁੰਚ 'ਤੇ ਜ਼ੋਰ ਦਿੱਤਾ।**

# ਮਾਨਵੀ ਗੁਣਾਂ ਦਾ ਮੁਜੱਸਮਾ - ਦਸਮ ਪਿਤਾ ਦਾ ਲਾਡਲਾ ਪੀਰ ਬੁੱਧੂ ਸ਼ਾਹ

**13 ਜੂਨ ਜਨਮ ਦਿਨ 'ਤੇ ਵਿਸ਼ੇਸ਼**




- ਲੇਖਕ -
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਧਰਮ ਦੀਆਂ ਪੱਕੀਆਂ ਤੇ ਤੰਗ ਸੀਮਾਵਾਂ ਤੋਂ ਉੱਪਰ ਦੀ ਸੋਚ ਦੇ ਧਾਰਨੀ ਅਤੇ ਮਾਨਵੀ ਗੁਣਾਂ ਦੇ ਮੁਜੱਸਮੇ ਪੀਰ ਬੁੱਧੂ ਸ਼ਾਹ ਨੂੰ ਹਰ ਸਿੱਖ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦਾ ਹੈ। ਭੰਗਾਣੀ ਦੇ ਯੁੱਧ ਤੋਂ ਉਪਰੰਤ ਪੀਰ ਜੀ ਨੇ ਆਪਣੇ ਚਾਰ ਪੁੱਤਰਾਂ ਵਿੱਚੋਂ ਦੋ ਪੁੱਤਰ ਸੱਯਦ ਅਸ਼ਰਫ ਸ਼ਾਹ ਅਤੇ ਸੱਯਦ ਮੁਹੰਮਦ ਸ਼ਾਹ ਅਤੇ ਸਕੇ ਭਾਈ ਭੂਰੇ ਸ਼ਾਹ ਨੂੰ ਅਤੇ ਸੱਤ ਸੌ ਮੁਰੀਦਾਂ ਵਿੱਚੋਂ ਅਨੇਕਾਂ ਮੁਰੀਦ ਸ਼ਹੀਦ ਕਰਵਾ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਿਕ ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ, 1647 ਈ: ਨੂੰ ਸੱਯਦ ਗੁਲਾਮ ਸ਼ਾਹ ਦੇ ਘਰ ਅੰਬਾਲਾ ਜ਼ਿਲ੍ਹੇ ਦੇ ਸਢੌਰਾ ਕਸਬੇ ਵਿੱਚ ਹੋਇਆ। ਪੀਰ ਜੀ ਦਾ ਪੂਰਾ ਨਾਂਅ ਸੱਯਦ ਬਦਰੁੱਦੀਨ ਸ਼ਾਹ ਸੀ। ਪੀਰ ਜੀ ਬਚਪਨ ਤੋਂ ਹੀ ਘੱਟ ਬੋਲਣ ਵਾਲੇ, ਗੰਭੀਰ ਅਤੇ ਸਾਦੇ ਸੁਭਾਅ ਵਾਲੇ ਸਨ। ਇਸੇ ਕਰਕੇ ਲੋਕਾਂ ਨੇ ਪੀਰ ਜੀ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਂਅ ਪੀਰ ਜੀ ਦੇ ਸੁਭਾਅ ਕਰਕੇ ਪੱਕੇ ਤੌਰ 'ਤੇ ਉਨ੍ਹਾਂ ਨਾਲ ਜੁੜ ਗਿਆ। ਪੀਰ ਜੀ ਦੇ ਵੱਡੇ-ਵਡੇਰੇ ਪਹਿਲਾਂ ਸਮਾਣੇ ਰਹਿੰਦੇ ਸਨ, ਪਰ ਇਸ ਤੋਂ ਪਿੱਛੋਂ ਸਢੌਰੇ ਆ ਵੱਸੇ। ਜਿਸ ਮੁਹੱਲੇ ਵਿੱਚ ਇਹ ਪਰਿਵਾਰ ਆ ਕੇ ਵੱਸਿਆ, ਉਹ ਬਾਅਦ ਵਿੱਚ ਸੱਯਦਾਂ ਵਾਲਾ ਮੁਹੱਲਾ ਕਰਕੇ ਪ੍ਰਸਿੱਧ ਹੋਇਆ।

ਪੀਰ ਜੀ ਦੀ ਸ਼ਾਦੀ ਮੁਗਲ ਸੈਨਾ ਦੇ ਇਕ ਵੱਡੇ ਜਰਨੈਲ ਸੈਦ ਖਾਨ ਦੀ ਭੈਣ ਨਸੀਰਾਂ ਨਾਲ ਹੋਈ। ਜਦੋਂ ਬਾਲ ਗੁਰੂ ਗੋਬਿੰਦ ਰਾਏ (ਸਿੰਘ) ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਸਮੇਂ ਕੁਝ ਸਮਾਂ ਲਖਨੌਰ ਰੁਕੇ ਤਾਂ ਪੀਰ ਭੀਖਣ ਸ਼ਾਹ ਜਦੋਂ ਬਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਤਾਂ ਉਸ ਸਮੇਂ ਪੀਰ ਬੁੱਧੂ ਸ਼ਾਹ ਨੇ ਵੀ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਪਿੱਛੋਂ ਪੀਰ ਜੀ ਦਿੱਲੀ ਵਿਖੇ ਗੱਦੀ-ਨਸ਼ੀਨ ਰਹਿਣ ਤੋਂ ਉਪਰੰਤ ਜਦੋਂ ਵਾਪਸ ਸਢੌਰਾ ਆਏ ਤਾਂ ਪੀਰ ਜੀ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਉਂਟਾ ਸਾਹਿਬ ਦੀ ਆਮਦ ਬਾਰੇ ਪਤਾ ਲੱਗਾ। ਪਿਆਰ ਵਿੱਚ ਬਿਹਬਲ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਦੇ ਦੱਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਵਿਖੇ ਦਰਸ਼ਨ ਕੀਤੇ। ਆਪ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਅਜਿਹੇ ਪ੍ਰਭਾਵਿਤ ਹੋਏ ਕਿ ਰੱਬੀ ਗੁਣਾਂ ਦੇ ਮੁਜੱਸਮੇ ਦਸਮ ਪਿਤਾ ਜੀ ਹਮੇਸ਼ਾ ਅੰਗ-ਸੰਗ ਰਹਿਣ ਲਈ ਬੇਨਤੀ ਕਰਨ ਲਈ ਹੱਥ ਜੁੜ ਗਏ।

ਇਕ ਵਾਰ ਅਜਿਹਾ ਸਮਾਂ ਆਇਆ, ਜਦੋਂ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਫੌਜ ਦੇ ਬਹੁਤ ਸਾਰੇ ਪਠਾਣਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਹ ਸਾਰੇ ਪਠਾਣ ਪੀਰ ਜੀ ਕੋਲ ਆਪਣੇ ਦੁੱਖੜੇ ਰੋਣ ਲਈ ਪਹੁੰਚੇ। ਪੀਰ ਜੀ ਨੇ ਉਨ੍ਹਾਂ ਪਠਾਣਾਂ ਨੂੰ ਨੌਕਰੀ ਦਿਵਾਉਣ ਲਈ ਪਾਉਂਟਾ ਸਾਹਿਬ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੀਰ ਜੀ ਦੀ ਬੇਨਤੀ ਮੰਨਦਿਆਂ ਸਾਰੇ ਪਠਾਣਾਂ ਨੂੰ ਆਪਣੇ ਪਾਸ ਰੱਖ ਲਿਆ। ਪਰ ਜਦੋਂ ਪਹਾੜੀ ਰਾਜਿਆਂ ਵੱਲੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਮਜਬੂਰ ਕਰਕੇ ਲੜਾਈ ਛੇੜ ਦਿੱਤੀ ਗਈ ਤਾਂ ਇਨ੍ਹਾਂ ਪਠਾਣਾਂ ਵਿੱਚੋਂ ਇਕ ਪਠਾਣ ਜਰਨੈਲ ਕਾਲੇ ਖਾਨ ਤੋਂ ਬਿਨਾਂ ਬਾਕੀ ਤਿੰਨ ਜਰਨੈਲ ਤੀਖਨ ਖਾਨ, ਨਜਾਬਤ ਖਾਨ ਅਤੇ ਹਯਾਤ ਖਾਨ ਨਮਕ-ਹਰਾਮੀ ਕਰਕੇ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਗਏ। ਕੇਵਲ ਛੱਡਿਆ ਹੀ ਨਹੀਂ, ਸਗੋਂ ਪਹਾੜੀ ਰਾਜਿਆਂ ਦੀ ਫੌਜ ਨਾਲ ਜਾ ਰਲੇ। ਜਦੋਂ ਪੀਰ ਜੀ ਨੂੰ ਇਹ ਖਬਰ ਮਿਲੀ ਤਾਂ ਪੀਰ ਜੀ ਆਪਣੇ ਸੱਤ ਸੌ ਮੁਰੀਦਾਂ, ਚਾਰ ਪੁੱਤਰਾਂ ਅਤੇ ਇਕ ਭਰਾ ਸਮੇਤ ਭੰਗਾਣੀ ਦੇ ਮੈਦਾਨ ਵਿੱਚ ਪੁੱਜੇ ਅਤੇ ਇਸ ਗਹਿਗੱਚ ਯੁੱਧ ਵਿੱਚ ਆਪਣਾ ਯੋਗਦਾਨ ਪਾਇਆ। ਇਸ ਯੁੱਧ ਵਿੱਚ ਪੀਰ ਜੀ ਦੇ ਅਨੇਕਾਂ ਮੁਰੀਦਾਂ, ਦੋ ਪੁੱਤਰਾਂ ਅਤੇ ਇਕ ਭਰਾ ਨੇ ਸ਼ਹਾਦਤ ਦਾ ਜਾਮ ਪੀਤਾ।

ਇਤਿਹਾਸਕ ਤੱਥ ਇਸ ਗੱਲ ਨੂੰ ਬਿਆਨ ਕਰਦੇ ਹਨ, ਜਦੋਂ ਕਲਗੀਧਰ ਪਾਤਸ਼ਾਹ ਨੇ ਯੁੱਧ ਤੋਂ ਉਪਰੰਤ ਬੇਸ਼ਕੀਮਤੀ ਵਸਤੂਆਂ, ਧਨ ਦੌਲਤ ਪੀਰ ਜੀ ਨੂੰ ਬਖ਼ਸ਼ਿਸ਼ ਵਜੋਂ ਲੈਣ ਲਈ ਕਿਹਾ ਤਾਂ ਪੀਰ ਜੀ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਸਨਮੁੱਖ ਖਲੋ ਗਏ, ਇਹ ਵਸਤਾਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਗੁਰੂ ਸਾਹਿਬ ਕੇਸਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣ ਦੀ ਤਿਆਰੀ ਵਿੱਚ ਸਨ। ਪੀਰ ਜੀ ਨੇ ਬੜੀ ਅਧੀਨਗੀ ਨਾਲ ਕੰਘੇ ਵਿੱਚ ਫਸੇ ਗੁਰੂ ਸਾਹਿਬ ਦੇ ਰੋਮਾਂ (ਕੇਸਾਂ) ਨੂੰ ਆਪਣੀ ਝੋਲੀ ਫੈਲਾਅ ਕੇ ਪ੍ਰਵਾਨ ਕੀਤਾ। ਕੰਘੇ ਸਮੇਤ ਕੇਸਾਂ ਨੂੰ ਪ੍ਰਾਪਤ ਕਰਕੇ ਇਸ ਵੱਡਮੁੱਲੇ ਤੋਹਫ਼ੇ ਨੂੰ ਆਪਣੇ ਜੀਵਨ ਦੌਰਾਨ ਸੰਭਾਲ ਕੇ ਰੱਖਣ ਅਤੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਜੀਵਨ ਭਰ ਨਿਭਾਇਆ। ਗੁਰੂ ਸਾਹਿਬ ਨੇ ਭਰੇ ਦੀਵਾਨ ਵਿੱਚ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੋਂ ਇਸ ਵੱਡਮੁੱਲੇ ਤੋਹਫ਼ੇ ਤੋਂ ਇਲਾਵਾ ਇਕ ਛੋਟੀ ਕਿਰਪਾਨ, ਦਸਤਾਰ ਅਤੇ ਹੁਕਮਨਾਮਾ ਵੀ ਪੀਰ ਜੀ ਨੂੰ ਬਖ਼ਸ਼ਿਆ, ਜੋ ਸਮਾਂ ਪੈ ਕੇ ਪੀਰ ਜੀ ਦੇ ਵਾਰਸਾਂ ਨੂੰ ਜਗੀਰ ਪ੍ਰਦਾਨ ਕਰਕੇ ਮਹਾਰਾਜਾ ਨਾਭਾ ਸ. ਭਰਪੂਰ ਸਿੰਘ ਨੇ ਸ਼ਰਧਾ ਸਹਿਤ ਆਪਣੇ ਮਹਿਲਾਂ ਵਿੱਚ ਇਨ੍ਹਾਂ ਵਸਤਾਂ ਨੂੰ ਸੁਸ਼ੋਭਿਤ ਕੀਤਾ। ਪਰ ਭਰੋਸੇਯੋਗ ਗਵਾਹੀ ਤੋਂ ਪਤਾ ਲੱਗਾ ਹੈ ਕਿ ਇਹ ਛੋਟੀ ਕਿਰਪਾਨ ਪੀਰ ਜੀ ਦੇ ਮੌਜੂਦਾ ਵਾਰਸਾਂ ਪਾਸ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ ਸਤਿਕਾਰ ਨਾਲ ਸਾਂਭੀ ਹੋਈ ਹੈ।



ਪੀਰ ਬੁੱਧੂ ਸ਼ਾਹ

ਪੀਰ ਜੀ ਵੱਲੋਂ ਗੁਰੂ ਸਾਹਿਬ ਦੀ ਭੰਗਾਣੀ ਦੇ ਯੁੱਧ ਵਿੱਚ ਕੀਤੀ ਸਹਾਇਤਾ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਕੰਨ ਭਰੇ ਗਏ। ਔਰੰਗਜ਼ੇਬ ਨੇ ਸਢੌਰੇ ਦੇ ਹਾਕਮ ਉਸਮਾਨ ਖਾਨ ਨੂੰ ਪੀਰ ਜੀ ਨੂੰ ਕਤਲ ਕਰਨ ਦਾ ਆਦੇਸ਼ ਦਿੱਤਾ। ਸਰਹਿੰਦ ਦੇ ਫੌਜਦਾਨ ਨੇ ਬਾਦਸ਼ਾਹ ਦੇ ਹੁਕਮ ਨੂੰ ਉਸਮਾਨ ਖਾਨ ਤੱਕ ਪਹੁੰਚਾਇਆ। ਪੀਰ ਜੀ ਨੂੰ ਇਹ ਖਬਰ ਪਹਿਲਾਂ ਹੀ ਮਿਲ ਚੁੱਕੀ ਸੀ, ਉਨ੍ਹਾਂ ਆਪਣਾ ਪਰਿਵਾਰ ਨਾਹਨ ਅਤੇ ਸਮਾਣਾ ਭੇਜ ਦਿੱਤਾ। ਸਢੌਰੇ ਦੇ ਹਾਕਮ ਉਸਮਾਨ ਖਾਨ ਨੇ 21 ਮਾਰਚ, 1704 ਨੂੰ ਪੀਰ ਬੁੱਧੂ ਸ਼ਾਹ ਨੂੰ ਬੜੀ ਬੇਦਰਦੀ ਨਾਲ ਟੋਟੇ-ਟੋਟੇ ਕਰਕੇ ਸ਼ਹੀਦ ਕੀਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਵਧਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਸਢੌਰੇ ਦੀ ਇੱਟ ਨਾਲ ਇੱਟ ਖੜਕਾਈ ਅਤੇ ਉਸਮਾਨ ਖਾਨ ਨੂੰ ਮੌਤ ਦੇ ਘਾਟ ਉਤਾਰਿਆ। ਇਤਿਹਾਸ ਦੇ ਖੋਜੀ ਤੱਥਾਂ ਮੁਤਾਬਿਕ ਪੀਰ ਜੀ ਦੀ ਅੰਸ਼-ਵੰਸ਼ ਦੇ ਪਰਿਵਾਰ 1947 ਈ: ਵਿੱਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ (ਪਾਕਿਸਤਾਨ) ਦੇ ਝੰਗ ਜ਼ਿਲ੍ਹੇ ਜਾ ਵੱਸੇ। ਪੀਰ ਜੀ ਦੇ ਜੱਦੀ ਘਰ ਦੀ ਖੋਜ ਕਰਕੇ ਹੁਣ ਇਸ ਅਸਥਾਨ ਨੂੰ ਗੁਰਦੁਆਰਾ ਸਾਹਿਬ ਵਿੱਚ ਬਦਲ ਦਿੱਤਾ ਗਿਆ ਹੈ। ਸਮੁੱਚਾ ਸਿੱਖ ਜਗਤ ਅੱਜ ਪੀਰ ਜੀ ਦੇ ਜਨਮ ਦਿਨ 'ਤੇ ਪੀਰ ਜੀ ਦੀ ਕੁਰਬਾਨੀ, ਸ਼ਰਧਾ, ਗੁਰੂ ਪਿਆਰ ਪ੍ਰਤੀ ਨਤਮਸਤਕ ਹੋ ਰਿਹਾ ਹੈ।

# ਡੀ-ਡੇਅ ਦੀ 82ਵੀਂ ਵਰ੍ਹੇਗੰਢ ਮੌਕੇ ਨਾਰਮੈਂਡੀ ਯਾਦਗਾਰ 'ਤੇ 100 ਨਵੇਂ ਸ਼ਹੀਦਾਂ ਦੇ ਨਾਂ ਸ਼ਾਮਲ




**ਡੀ-ਡੇਅ ਦੀ 82ਵੀਂ ਵਰ੍ਹੇਗੰਢ ਮੌਕੇ ਨਾਰਮੈਂਡੀ ਪਹੁੰਚੇ ਸਾਬਕਾ ਫੌਜੀ ਹੈਨਰੀ ਰਾਈਸ ਅਤੇ 100 ਸਾਲਾ ਕੈਨੇਥ ਹੇਅ।**

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਦੂਜੇ ਵਿਸ਼ਵ ਯੁੱਧ ਦੌਰਾਨ ਫਰਾਂਸ ਦੇ ਨਾਰਮੈਂਡੀ ਤੱਟ 'ਤੇ ਹੋਏ ਇਤਿਹਾਸਕ ਡੀ-ਡੇਅ ਹਮਲੇ ਦੀ 82ਵੀਂ ਵਰ੍ਹੇਗੰਢ ਮੌਕੇ ਬਰਤਾਨੀਆ ਦੇ ਬਚੇ ਹੋਏ ਸਾਬਕਾ ਸੈਨਿਕਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਵਾਰ ਦੇ ਸਮਾਗਮ ਦੀ ਖ਼ਾਸ ਗੱਲ ਇਹ ਰਹੀ ਕਿ ਬ੍ਰਿਟਿਸ਼ ਨਾਰਮੈਂਡੀ ਮੈਮੋਰੀਅਲ 'ਤੇ ਕਰੀਬ 100 ਹੋਰ ਬ੍ਰਿਟਿਸ਼ ਸੈਨਿਕਾਂ ਦੇ ਨਾਂ ਸ਼ਾਮਲ ਕੀਤੇ ਗਏ ਹਨ, ਜੋ ਪਹਿਲਾਂ ਰਿਕਾਰਡਾਂ ਦੀਆਂ ਗਲਤੀਆਂ ਕਾਰਨ ਯਾਦਗਾਰ ਦਾ ਹਿੱਸਾ ਨਹੀਂ ਬਣ ਸਕੇ ਸਨ। 6 ਜੂਨ 1944 ਨੂੰ ਬ੍ਰਿਟਿਸ਼, ਅਮਰੀਕੀ ਅਤੇ ਕੈਨੇਡੀਅਨ ਫੌਜਾਂ ਨੇ ਨਾਰਮੈਂਡੀ ਦੇ ਤੱਟਾਂ 'ਤੇ ਉਤਰ ਕੇ ਨਾਜ਼ੀ ਕਬਜ਼ੇ ਤੋਂ ਫਰਾਂਸ ਨੂੰ ਆਜ਼ਾਦ ਕਰਵਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਫੌਜੀ ਕਾਰਵਾਈ ਨੂੰ ਇਤਿਹਾਸ ਦੀ ਸਭ ਤੋਂ ਵੱਡੀ ਸਮੁੰਦਰੀ ਸੈਨਿਕ ਮੁਹਿੰਮ ਮੰਨਿਆ ਜਾਂਦਾ ਹੈ। ਸਮਾਗਮ ਵਿੱਚ ਸ਼ਾਮਲ 100 ਸਾਲਾ ਸਾਬਕਾ ਫੌਜੀ ਕੈਨੇਥ ਹੇਅ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਲਈ ਯਾਦਗਾਰ 'ਤੇ ਲਿਖੇ ਨਾਂ ਸਿਰਫ਼ ਸ਼ਬਦ ਹਨ, ਪਰ ਉਨ੍ਹਾਂ ਲਈ ਇਹ ਉਨ੍ਹਾਂ ਦੇ ਸਾਥੀਆਂ ਦੇ ਚਿਹਰੇ ਹਨ, ਜਿਨ੍ਹਾਂ ਨਾਲ ਉਹ ਜੰਗ ਦੇ ਮੈਦਾਨ ਵਿੱਚ ਰਹੇ ਸਨ। ਯਾਦਗਾਰ ਵਿੱਚ ਨਵੇਂ ਸ਼ਾਮਲ ਕੀਤੇ ਗਏ ਨਾਵਾਂ ਵਿੱਚ ਸਿਸਲ ਗ੍ਰੀਨ ਦਾ ਨਾਂ ਵੀ ਸ਼ਾਮਲ ਹੈ। ਉਹ ਨਾਰਮੈਂਡੀ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਸਨ ਅਤੇ ਬਾਅਦ ਵਿੱਚ ਬਰਤਾਨੀਆ ਦੇ ਹਸਪਤਾਲ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸ ਕਾਰਨ ਉਨ੍ਹਾਂ ਦਾ ਨਾਂ ਪਹਿਲਾਂ ਯਾਦਗਾਰ ਵਿੱਚ ਸ਼ਾਮਲ ਨਹੀਂ ਹੋ ਸਕਿਆ ਸੀ। ਉਨ੍ਹਾਂ ਦੇ ਪੁੱਤਰ ਜੌਨ ਗ੍ਰੀਨ ਨੇ ਕਿਹਾ ਕਿ ਆਪਣੇ ਪਿਤਾ ਦਾ ਨਾਂ ਯਾਦਗਾਰ 'ਤੇ ਦੇਖ ਕੇ ਉਹ ਭਾਵੁਕ ਹੋ ਗਏ। ਇਸ ਸਾਲ ਯਾਦਗਾਰੀ ਸਮਾਗਮ ਵਿੱਚ ਸਿਰਫ਼ ਛੇ ਨਾਰਮੈਂਡੀ ਸਾਬਕਾ ਫੌਜੀਆਂ ਦੀ ਹਾਜ਼ਰੀ ਦੀ ਪੁਸ਼ਟੀ ਹੋਈ ਹੈ, ਜੋ 2021 ਵਿੱਚ ਯਾਦਗਾਰ ਖੁੱਲ੍ਹਣ ਤੋਂ ਬਾਅਦ ਸਭ ਤੋਂ ਘੱਟ ਗਿਣਤੀ ਹੈ। ਸਮਾਗਮ ਦੌਰਾਨ ਫਰਾਂਸੀਸੀ ਸਕੂਲੀ ਬੱਚਿਆਂ, ਬ੍ਰਿਟਿਸ਼ ਫੌਜ ਦੇ ਜਵਾਨਾਂ ਅਤੇ ਜੈਡਬਰਗ ਪਾਈਪ ਬੈਂਡ ਨੇ ਵੀ ਸ਼ਿਰਕਤ ਕੀਤੀ। ਬਰਤਾਨੀਆ ਦੇ ਰੱਖਿਆ ਮੰਤਰੀ ਜੌਨ ਹੀਲੀ ਨੇ ਬ੍ਰਿਟਿਸ਼ ਨਾਰਮੈਂਡੀ ਮੈਮੋਰੀਅਲ 'ਤੇ ਪੁਸ਼ਪ ਚੱਕਰ ਭੇਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।**

# ਗੁਰੁ ਬੈਠਾ ਅਮਰੁ ਸਰੂਪ ਹੋਇ


- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-41**

ਗੁਰੂ ਨਾਨਕ ਸਾਹਿਬ ਜੀ ਦੀ ਪ੍ਰਚਾਰ ਯਾਤਰਾ ਦੌਰਾਨ ਵੀ ਇਕ ਬਿਰਤਾਂਤ ਸਾਹ-ਮਣੇ ਆਉਂਦਾ ਹੈ ਕਿ ਮਰਦਾਨਾ ਜੀ ਨੇ ਹਜ਼ੂਰ ਨੂੰ ਸੁਆਲ ਕੀਤਾ ਕਿ ਤੁਹਾਨੂੰ ਭੁੱਖ ਪਿਆਸ ਨਹੀਂ ਸਤਾਉਂਦੀ ਆਪ ਜੀ ਨੂੰ ਕਾਹਦਾ ਆਧਾਰ ਰਹਿੰਦਾ ਹੈ? ਮੇਰੇ ਅੰਦਰ ਇਹ ਸ਼ੰਕਾ ਆਇਆ ਹੈ ਕਿਰਪਾ ਕਰ ਕੇ ਨਵਿਰਤ ਕਰੋ, ਫਿਰ ਅਗੇ ਚਲਾਂਗੇ'। ਹਜ਼ੂਰ ਪਾਤਸ਼ਾਹ ਜੀ ਨੇ ਫ਼ੁਰਮਾਇਆ, 'ਭਾਈ ਜੀ! ਪ੍ਰੇਮ ਭਾਵਨਾ ਅਤੇ ਦ੍ਰਿੜ ਨਿਸਚੈ ਵਾਲੇ ਸਿੱਖ ਜੋ ਹੋਰ ਗੁਰਸਿੱਖਾਂ ਨੂੰ ਭੋਜਨ ਕਰਾਉਂਦੇ ਹਨ ਉਸ ਦਾ ਆਧਾਰ ਸਾਨੂੰ ਹੁੰਦਾ ਹੈ':

ਭੂਖ ਪਿਆਸ ਲਗੈ ਨ ਤੁਮੈਂ
'ਕਿਹ ਕਾਰਨ'? ਬੂਝਤ ਹੈ ਮਰਦਾਨਾ।
ਕੌਨ ਆਹਾਰ ਆਧਾਰ ਰਹੈ?
ਨਿਰਧਾਰ ਕਰੋ ਮੁਝ ਕੋ ਗੁਨਖਾਨਾ।
ਹੈ ਜੋ ਸੰਦੇਹ ਰਿਦੈ ਹਮਰੇ
ਇਹ ਦੇਹੁ ਮਿਟਾਇ ਕਰੋ ਪ੍ਰਸਥਾਨਾ'।62॥
ਸਵੈਯਾ॥ ਸ੍ਰੀ ਗੁਰ ਬੈਨ ਭਨੇ ਸੁਨਿ ਕੈ,
'ਗੁਰਸਿਖ ਭਲੇ ਮਨ ਭਾਉ ਜੁ ਧਾਰੈਂ।
ਹੈ ਭਗਤੀ ਤਿਨ ਕੇ ਮਨ ਅੰਤਰਿ
ਜੇ ਗੁਰ ਕੋ ਨਿਸਚਾ ਨ ਨਿਵਾਰੈਂ।
ਭੋਜਨ ਕੋ ਕਰਿ ਹੈਂ ਹਿਤ ਸੋਂ
ਗੁਰਸਿਖਨ ਕੋ ਗੁਰਸਿਖ ਖੁਵਾਰੈਂ।
ਸੋ ਮੁਹਿ ਪ੍ਰਾਪਤ ਹੋਵਤ ਹੈ
ਤਬ ਜਾਇ ਛੁਧਾ ਰਹੋਂ ਤਾਂਹਿ ਆਧਾਰੈ'।
63॥59॥ ਪੂਰਬਾਰਧਿ

ਸਾਡੇ ਵਿਦਵਾਨਾਂ ਨੇ ਅਜੇਹੀਆਂ ਵਾਰਤਾਵਾਂ ਰਾਹੀਂ ਸਾਡੇ ਅੰਦਰ ਇਸ ਗੁਰਮਤ ਸਿਧਾਂਤ ਨੂੰ ਦ੍ਰਿੜ ਕਰਾਉਣ ਦਾ ਯਤਨ ਕੀਤਾ ਹੈ ਕਿ ਗੁਰੂ ਸਦਾ ਸੰਗਤ ਵਿਚ ਅਭੇਦ ਹਨ। ਇਹ ਖ਼ੁਸ਼ੀ ਦੀ ਗੱਲ ਹੈ ਕਿ ਲੰਗਰ ਵਿਚ ਸੇਵਾ ਕਰਨ ਵਾਲੇ ਮਾਈ-ਭਾਈ ਬਹੁਤ ਚਾਅ ਨਾਲ ਸੇਵਾ ਕਰਦੇ ਹਨ ਪਰ, ਜੇ ਸਾਡੇ ਅੰਦਰ ਇਹ ਭੈ-ਭਾਵਨੀ ਵੀ ਪੈਦਾ ਹੋ ਜਾਏ ਕਿ ਇਹ ਲੰਗਰ ਗੁਰੂ ਕੇ ਮੂੰਹ ਪੈਣਾ ਹੈ ਤਾਂ ਸਾਡੀ ਜਾਚੇ, ਲੰਗਰ ਦੇ ਪ੍ਰਸ਼ਾਦੇ ਤੇ ਸਬਜ਼ੀਆਂ ਨਾ ਕਦੇ ਕੱਚੇ ਰਹਿਣ ਅਰ ਨ ਕਦੇ ਝੁਲਸੇ ਜਾਣ।

ਗੁਰੁ ਅਮਰਦਾਸੁ ਜਿਨ੍ ਸੇਵਿਅਉ
ਭੱਟ ਕੀਰਤ ਜੀ ਦਾ ਪੂਰਾ ਬਚਨ ਇਉਂ ਹੈ:
ਜਪੁ ਤਪੁ ਸਤੁ ਸੰਤੋਖੁ
ਪਿਖਿ ਦਰਸਨੁ ਗੁਰ ਸਿਖਹ॥
ਸਰਣਿ ਪਰਹਿ ਤੇ ਉਬਰਹਿ
ਛੋਡਿ ਜਮਪੁਰ ਕੀ ਲਿਖਹ॥
ਭਗਤਿ ਭਾਇ ਭਰਪੂਰੁ
ਰਿਦੈ ਉਚਰੈ ਕਰਤਾਰੈ॥
ਗੁਰੁ ਗਉਹਰੁ ਦਰੀਆਉ
ਪਲਕ ਡੁਬੰਤ੍ਹ ਤਾਰੈ॥
ਨਾਨਕ ਕੁਲਿ ਨਿੰਮਲੁ ਅਵਤਰ੍ਹਿਉ
ਗੁਣ ਕਰਤਾਰੈ ਉਚਰੈ॥
ਗੁਰੁ ਅਮਰਦਾਸੁ ਜਿਨ੍ ਸੇਵਿਅਉ
ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥3॥17॥
ਗੁ.ਗ੍ਰੰ.ਸਾ. ਪੰਨਾ 1395



ਬਾਉਲੀ ਸਾਹਿਬ ਸ੍ਰੀ ਗੋਇੰਦਵਾਲ

ਉਪਰੋਕਤ ਸ਼ਬਦ ਦਾ ਭਾਵ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਪਵਿਤ੍ਰ ਕੁਲ ਵਿਚ ਪਰਗਟ ਹੋਏ ਗੁਰੂ ਅਮਰਦਾਸ ਸਾਹਿਬ ਜੀ ਦੀ ਸਰਨ ਵਿਚ ਜੋ ਵੀ ਆ ਕੇ ਆਗਿਆ ਅਨੁਸਾਰ ਚਲਦਾ ਸੇਵਾ ਕਰਦਾ ਹੈ ਉਸ ਦੇ ਭਗਤਿ ਭਾਵਨਾ ਨਾਲ ਭਰਪੂਰ ਹੋਏ ਹਿਰਦੇ ਵਿਚ ਸਭ ਦੈਵੀ ਗੁਣ ਪਰਗਟ ਹੋ ਜਾਂਦੇ ਹਨ ਅਰ ਸਰੀਰਕ ਤੇ ਆਰਥਕ ਕਮਜ਼ੋਰੀ ਕਰ ਕੇ ਹੋਣ ਵਾਲੇ ਦੁਖਾਂ ਦਾ ਵੀ ਨਾਸ ਹੋ ਜਾਂਦਾ ਹੈ।

ਇਸ ਵੇਲੇ ਸਾਡੇ ਸਾਹਮਣੇ ਇਤਿਹਾਸ ਦਾ ਉਹ ਪੰਨਾ ਹੈ ਜਦੋਂ ਇਕ ਨੇਮੀ-ਪ੍ਰੇਮੀ ਅਤੇ ਸੇਵਕ ਸਿੱਖ ਦਾ ਜਮਾਂਦਰੂ ਦੁਖ ਹਜ਼ੂਰ ਦੂਰ ਕਰਦੇ ਅਰ ਗੁਰੂ ਕੇ ਨਿਵਾਜ਼ੇ ਸਿੱਖਾਂ ਨੂੰ ਵਡਿਆਈ ਵੀ ਬਖ਼ਸ਼ਦੇ ਹਨ। ਸਾਡਾ ਭਾਵ ਖੱਤ੍ਰੀ ਪਿਛੋਕੜ ਵਾਲੇ ਭਾਈ ਪ੍ਰੇਮਾ ਜੀ ਤੋਂ ਹੈ ਜੋ ਗੋਇੰਦਵਾਲ ਸਾਹਿਬ ਤੋਂ 3 ਮੀਲ ਦੀ ਦੂਰੀ 'ਤੇ ਤਲਵੰਡੀ ਪਿੰਡ ਵਿਚ ਰਹਿੰਦੇ ਸਨ ਅਰ ਹਰ ਸਵੇਰ ਨੂੰ ਗੁਰੂ ਪਾਤਸ਼ਾਹ ਜੀ ਦੇ ਨਿੱਤ-ਭੋਜਨ ਓਗਰੇ ਵਿਚ ਪਾਉਣ ਲਈ ਦਹੀ ਲੈ ਕੇ ਆਇਆ ਕਰਦੇ ਸਨ। ਇਕ ਦਿਨ ਭਾਈ ਪ੍ਰੇਮਾ ਦਹੀ ਲੈ ਕੇ ਦੇਰ ਨਾਲ ਸਾਹੋ-ਸਾਹੀ ਹੁੰਦੇ ਪਹੁੰਚੇ ਜਦੋਂ ਸਤਿਗੁਰੂ ਜੀ ਲੰਗਰ ਵਿਚ ਬੈਠੇ ਇੰਤਜ਼ਾਰ ਕਰ ਰਹੇ ਸਨ। ਇਨ੍ਹਾਂ ਵੱਲੋਂ ਲਿਆਂਦੀ ਦਹੀ ਭੇਟ ਕਰਨ 'ਤੇ ਹਜ਼ੂਰ ਨੇ ਓਗਰਾ ਛਕਣਾ ਸ਼ੁਰੂ ਕੀਤਾ ਅਰ ਨਾਲ ਹੀ ਸੰਗਤ ਵੀ ਲੰਗਰ ਛਕਣ ਲੱਗੀ। ਲੰਗਰ ਛਕਣ ਉਪਰੰਤ ਹਜ਼ੂਰ ਅੰਤਰਜਾਮੀ ਨੇ ਭਾਈ ਜੀ ਨੂੰ ਅੱਜ ਦੇਰ ਨਾਲ ਆਉਣ ਦਾ ਕਾਰਨ ਪੁੱਛਿਆ ਤਾਂ ਭਾਈ ਜੀ ਨੇ ਸਾਰਿਆਂ ਵਿਚ ਕਹਿ ਸੁਣਾਇਆ,

'ਪਾਤਸ਼ਾਹ ਜੀ! ਮੇਰੀ ਇਕ ਲੱਤ ਜਮਾਂਦਰੂ ਹੀ ਨਕਾਰੀ ਹੈ ਜਿਸ ਕਰ ਕੇ ਮੈਂ ਲੱਕੜ ਦੀ ਹਥੌੜੀ ਦੇ ਆਸਰੇ ਚਲਦਾ ਹਾਂ। ਅੱਜ ਸਵੇਰੇ ਜਦੋਂ ਮੈਂ ਸਿਰ 'ਤੇ ਦਹੀ ਰੱਖ ਕੇ ਆਪਣੀ ਚਾਲੇ ਆ ਰਿਹਾ ਸੀ ਤਾਂ ਤਲਵੰਡੀ ਦਾ ਚੌਧਰੀ ਤੇ ਉਸ ਦੇ ਸਾਥੀ ਪਿੰਡੋਂ ਨਿਕਲਦਿਆਂ ਮਿਲ ਗਏ ਅਤੇ ਰੋਕ ਕੇ ਮੇਰੇ ਨਾਲ ਹਾਸੀ ਕਰਨ ਲੱਗੇ'।

ਇਹ ਕਹਿੰਦਿਆਂ ਪ੍ਰੇਮਾ ਚੁੱਪ ਹੋ ਗਏ ਤਾਂ ਗੁਰਦੇਵ ਜੀ ਨੇ ਪੁੱਛਿਆ,

'ਕੀਹ ਕਹਿੰਦੇ ਸਨ'? ਸੰਭਲਦਿਆਂ ਉਨ ਦੱਸਿਆ,

'ਜੀ! ਪਹਿਲਾਂ ਉਸ ਪੁੱਛਿਆ -ਸਵੇਰੇ ਸਵੇਰੇ ਪ੍ਰੇਮਿਆਂ ਰੋਜ਼ ਕਿਧਰ ਜਾਨਾ ਏਂ-? ਮੈਂ ਜਦੋਂ ਕਿਹਾ ਕਿ ਗੋਇੰਦਵਾਲ ਗੁਰੂ ਸਾਹਿਬ ਕੋਲ, ਤਾਂ ਚੌਧਰੀ ਨੇ ਮੇਰੀ ਹਥੌੜੀ ਫੜ ਲਈ। ਕਹਿਣ ਲੱਗਾ,-ਪਹਿਲਾਂ ਮੈਨੂੰ ਦੱਸ ਕਿ ਲੋਕ ਆਖਦੇ ਨੇ ਬਈ ਤੇਰਾ ਗੁਰੂ ਬੜਾ ਕਰਨੀ ਵਾਲਾ ਏ, ਜੇ ਉਹ ਕਰਨੀ ਵਾਲਾ ਹੈ ਤਾਂ ਅੱਜ ਤੱਕ ਉਸ ਨੇ ਆਪਣੇ ਸੇਵਕ ਦੀ ਲੱਤ ਕਿਉਂ ਨਹੀਂ ਠੀਕ ਕੀਤੀ?

'...ਕਰੀ ਪੰਚ ਨੇ ਮੋ ਸੰਗਿ ਹਾਸੀ।
-ਗੁਰ ਜੇ ਸਮਰਥ ਸੇਵ ਕਮਾਈ।
ਟੰਗਰੀ ਲੰਗਰੀ ਕਯੋਂ ਨ ਬਨਾਈ'-।30॥

'ਮੈਂ ਕਿਹਾ, -ਗੁਰੂ ਜੀ ਬਹੁਤ ਕਰਨੀ ਵਾਲੇ ਹਨ ਪਰ ਮੈਂ ਕਦੀ ਇਸ ਬਾਰੇ ਉਨ੍ਹਾਂ ਨੂੰ ਕਿਹਾ ਹੀ ਨਹੀਂ-। ਮੇਰੀ ਗੱਲ ਸੁਣ ਕੇ ਸਾਰੇ ਹੱਸਣ ਲੱਗ ਪਏ। ਚੌਧਰੀ ਫਿਰ ਕਹਿਣ ਲੱਗਾ, -ਪ੍ਰੇਮਿਆ! ਜੇ ਤੇਰਾ ਗੁਰੂ ਸੱਚਾ ਹੁੰਦਾ ਤਾਂ ਓਹਨੇ ਆਪਣੇ ਸਿੱਖ ਦੀ ਲੱਤ ਆਪੇ ਹੀ ਬਣਾ ਦੇਣੀ ਸੀ, ਤੈਨੂੰ ਕਹਿਣ ਦੀ ਕੀਹ ਲੋੜ ਸੀ-। ਮਹਾਰਾਜ! ਉਹ ਕਿੰਨਾ ਚਿਰ ਬੋਲਦਾ ਰਿਹਾ ਪਰ, ਮੈਂ ਹੋਰ ਕੁਝ ਸੁਣ ਨਾ ਸਕਿਆ ਅਤੇ ਜਿਵੇਂ ਕਿਵੇਂ ਉਨ੍ਹਾਂ ਕੋਲੋਂ ਹਥੌੜੀ ਛੁਡਾ ਕੇ ਵਾਹੋ-ਦਾਹੀ ਨਿਕਲ ਆਇਆਂ'।

ਸਭਨਾਂ ਦੇ ਸੁਣਦਿਆਂ ਗੁਰੂ ਪਾਤਸ਼ਾਹ ਕਹਿਣ ਲੱਗੇ,

'ਹਾਂ ਭਾਈ! ਅਸਾਂ ਹੀ ਇਸ ਪਾਸੇ ਨਹੀਂ ਸੋਚਿਆ'। 'ਇਸ ਲਈ ਤੁਸੀਂ ਲਾਹੌਰ ਜਾਉ, ਓਥੇ ਵੱਡੇ ਸਤਿਗੁਰਾਂ ਦਾ ਨਿਵਾਜ਼ਿਆ ਇਕ ਸਿੱਖ ਰਹਿੰਦਾ ਹੈ -ਸ਼ਾਹ ਹੁਸੈਨ। ਉਸ ਨੂੰ ਆਖਣਾ ਕਿ ਲੱਤ ਠੀਕ ਕਰ ਦੇਵੇ, ਓਹ ਕਰ ਦੇਵੇਗਾ, ਜਾਉ, ਹੁਣੇ ਹੀ ਚਲੇ ਜਾਉ'।

'ਸ਼ਾਹ ਹੁਸੈਨ ਪਾਸ ਅਬ ਜਾਵਹੁ। ਤਿਸ ਤੇ
ਨਿਜ ਟੰਗਰੀ ਸੁਧਰਾਵਹੁ।
ਜਬ ਤੂੰ ਮਿਲਹਿਂ ਜਾਇ ਧਰਿ ਭਾਊ।
ਪੈਰਹਿਂ ਟੰਗਰੀ ਬਿਲਮ ਨ ਕਾਊ'।33॥

'ਸਤਿ ਬਚਨ ਜੀ'! ਆਖਦਿਆਂ ਭਾਈ ਪ੍ਰੇਮਾ ਤੁਰ ਪਏ ਅਰ ਪੁੱਛਦੇ ਹੋਏ ਲਾਹੌਰ ਵਿਚ ਉਸ ਦੇ ਟਿਕਾਣੇ 'ਤੇ ਜਾ ਪਹੁੰਚੇ।

ਅੱਗੇ ਕੁਝ ਹੋਰ ਪ੍ਰੇਮੀ ਬੈਠੇ ਸਨ, ਇਹ ਵੀ ਸਿਰ ਨਿਵਾ ਕੇ ਕੋਲ ਬੈਠ ਗਏ। ਇਨ੍ਹਾਂ ਮਹਿਸੂਸ ਕੀਤਾ ਕਿ ਸ਼ਾਹ ਹੁਸੈਨ ਕੁਝ ਕਰੜੇ ਸੁਭਾਅ ਵਾਲੇ ਹਨ। ਖ਼ੈਰ! ਛੇਤੀ ਸ਼ਾਹ ਜੀ ਨੇ ਜਦੋਂ ਇਨ੍ਹਾਂ ਵੱਲ ਧਿਆਨ ਕੀਤਾ ਤਾਂ ਪੁੱਛਿਉ ਨੇ ਕਿ ਕਿਵੇਂ ਆਏ ਹੋ? ਭਾਈ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਗੋਇੰਦਵਾਲ ਤੋਂ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਲੱਤ ਠੀਕ ਕਰਵਾਉਣ ਲਈ ਇਥੇ ਭੇਜਿਆ ਹੈ। ਗੁਰੂ ਸਾਹਿਬ ਜੀ ਦਾ ਨਾਂ ਸੁਣ ਕੇ ਉਨ੍ਹਾਂ ਦੇ ਧਿਆਨ ਵਿਚ ਸ਼ਾਹ ਹੁਸੈਨ ਨੇ ਬੜੇ ਅਦਬ ਨਾਲ ਅੱਖਾਂ ਮੀਟ ਕੇ ਸਿਰ ਨਿਵਾਇਆ। ਫਿਰ ਇਕ ਦਮ ਕਰੜੇ ਹੋ ਬੋਲਦਿਆਂ ਆਪਣਾ ਸੋਟਾ ਭਾਈ ਜੀ ਵੱਲ ਉਲਾਰਦਿਆਂ ਕਿਹਾ,

'ਗੁਰੂ ਸਾਹਿਬ ਨੇ ਤੈਨੂੰ ਏਥੇ ਮਖੌਲ ਕਰਨ ਲਈ ਭੇਜਿਆ ਏ? ਮੈਂ ਏਥੇ ਲੱਤਾਂ ਠੀਕ ਕਰਨ ਬੈਠਾ ਹਾਂ? ਦੌੜ ਜਾਹ ਏਥੋਂ, ਮਤਾਂ ਤੇਰੀ ਦੂਜੀ ਲੱਤ ਵੀ ਜਾਂਦੀ ਲੱਗੇ'।

ਇਹ ਸੁਣਦਿਆਂ ਪ੍ਰੇਮਾ ਜੀਅ ਭਿਆਣੇ ਉੱਠ ਕੇ ਪਿਛਾਂਹ ਨੂੰ ਭੱਜਣ ਲੱਗੇ ਤਾਂ ਸ਼ਾਹ ਜੀ ਨੇ ਲੱਤ ਤੇ ਸੋਟਾ ਮਾਰਿਆ। ਸੋਟਾ ਕੀਹ ਵੱਜਾ ਕਿ ਪ੍ਰੇਮਾ ਜੀ ਨੇ ਮਹਿਸੂਸ ਕੀਤਾ ਕਿ ਲੱਤ ਤਾਂ ਬਿਲਕੁਲ ਨਰੋਈ ਹੋ ਗਈ ਹੈ।

ਪ੍ਰਿਸ਼ਟ ਫੇਰ ਜਬਿ ਭਾਜਤਿ ਭਯੋ।
ਚਰਨ ਦੂਸਰੋ ਤਸ ਬਨ ਗਯੋ।

ਉਸੇ ਵੇਲੇ ਵਾਪਸ ਪਰਤੇ ਅਰ ਸ਼ੁਕਰਾਨਾ ਕਰਦਿਆਂ ਸ਼ਾਹ ਹੁਸੈਨ ਜੀ ਨੂੰ ਮੱਥਾ ਟੇਕਣ ਲੱਗੇ। ਸ਼ਾਹ ਹੁਸੈਨ ਨੇ ਮੋਢਿਆਂ ਤੋਂ ਫੜ ਕੇ ਰੋਕਦਿਆਂ ਕਿਹਾ,

'ਮੈਂ ਕੁਝ ਨਹੀਂ ਕੀਤਾ, ਜੋ ਕੀਤਾ ਹੈ ਉਹ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਹੀ ਕੀਤਾ ਹੈ, ਮੈਨੂੰ ਤਾਂ ਐਵੇਂ ਮਾਣ ਦਿੱਤਾ ਹੈ। ਪ੍ਰੇਮਾ ਜੀ! ਆਪਾਂ ਗੁਰਸਿੱਖਾਂ ਲਈ ਸਿਰ ਨਿਵਾਉਣ ਦੀ ਥਾਂ ਕੇਵਲ ਓਹ ਹੀ ਨੇ, ਓਥੇ ਜਾ ਕੇ ਮੇਰੇ ਵੱਲੋਂ ਵੀ ਮੱਥਾ ਟੇਕਣਾ, ਸਭ ਕੁਝ ਕਰਨਹਾਰ ਓਹੀ ਨੇ'। ਕਹਿੰਦਿਆਂ ਸ਼ਾਹ ਹੁਸੈਨ ਜੀ ਨੇ ਗੁਰੂ ਸ਼ਾਹਿਬ ਦੇ ਅਦਬ ਵਿਚ ਫਿਰ ਸਿਰ ਨਿਵਾਇਆ ਅਰ ਰਾਤ ਆਪਣੇ ਕੋਲ ਟਿਕਾ ਕੇ ਭਾਈ ਜੀ ਸੇਵਾ ਕੀਤੀ ਅਰ ਅਗਲੇ ਭਲਕ ਵਿਦਾ ਕੀਤਾ।।

ਸ਼ਾਹ ਹੁਸੈਨ ਬੈਠ ਤਬ ਕਹੇ।
'ਕਰਨ ਕਰਾਵਨ ਔਰੋ ਅਹੇ।38॥
ਸ੍ਰੀ ਗੁਰ ਅਮਰਦਾਸ ਸਭਿ ਸੁਆਮੀ।
ਕਰਹਿ ਆਪ ਹਮ ਦੇਂ ਬਦਨਾਮੀ।
ਅਬ ਗਮਨੋ ਰਹੀਐ ਤਿਨ ਸ਼ਰਨੀ।
ਹਮ ਦਿਸ ਤੇ ਕਹੋ ਪਰਨੋ ਚਰਨੀ।39॥
ਸਤਿਗੁਰ ਪਰ ਹੀ ਧਰੋ ਭਰੋਸਾ।
ਹਮ ਸਮ ਦਾਸ ਅਨੇਕ ਅਦੋਸਾ।
..40॥64॥ ਰਾਸ 1

ਅਗਲੇ ਭਲਕ ਸ਼ੁਕਰ! ਸ਼ੁਕਰ!! ਕਰਦਿਆਂ ਰਾਜ਼ੀ ਹੋ ਕੇ ਤਲਵੰਡੀ ਨਿਵਾਸੀ ਪ੍ਰੇਮਾ ਜੀ ਵਾਪਸ ਗੋਇੰਦਵਾਲ ਗੁਰੂ ਸਾਹਿਬ ਦੇ ਚਰਨਾਂ ਵਿਚ ਪਹੁੰਚੇ।

**ਹੋਰ ਇਤਿਹਾਸਕ ਹਵਾਲੇ:**

ਤਬ ਜੋ ਦੇਖੈ ਤੋ ਟੰਗਰੀ ਮੇਰੀ ਦਰੁਸਤ ਭਈ। ਤਬ ਸ਼ਾਹ ਹੁਸੈਨ ਕੇ ਪਾਸ ਜਾਇ ਕਰ ਕਦਮ ਛੁਹਨ ਲਗਾ, ਅਰ ਕਹਨੇ ਲਗਾ, ਕੀ ਮੇਰੀ ਟੰਗਰੀ ਆਪ ਨੇ ਦਰੁਸਤ ਕੀਆ। ਤਬ ਸ਼ਾਹ ਹੁਸੈਨ ਨੇ ਕਹਾ -ਕੀ ਟੰਗਰੀ ਕੇ ਦਰੁਸਤ ਕਰਨੇ ਵਾਲਾ ਤੋ ਗੋਇੰਦਵਾਲ ਮੋ ਬੈਠਾ ਹੈ, ਮਾਲਕ ਵਹੁ ਹੈ ਹਮ ਕੋ ਉਸੀ ਕਾ ਵਚਨ ਹੈ।46॥ ਮ.ਪ੍ਰ.ਵਾ.

ਚਲਦਾ.....

# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



ਵਿਸ਼ਵ ਵਿਆਪਕ ਸਿਖ 1984 ਦੇ ਦੁਖਦਾਈ ਘਟਨਾਕ੍ਰਮਾਂ ਅਤੇ ਘੱਲੂਘਾਰਿਆਂ ਨੂੰ ਵਿਭਿੰਨ ਪੰਥਕ ਤੌਰ ਤਰੀਕਿਆਂ ਨਾਲ ਯਾਦ ਕਰਦੇ ਹਨ ਅਤੇ ਆਪਣੇਂ ਰੋਸ ਪ੍ਰਗਟ ਕਰਦੇ ਹਨ। ਭਾਰਤ ਦੀਆਂ ਵਖ-ਵਖ ਸਰਕਾਰਾਂ 42 ਵਰਿਆਂ ਦੌਰਾਂਨ ਮੁਕੰਮਲ ਇਨਸਾਫ ਦੇਣ ਵਿਚ ਅਸਫਲ ਰਹੀਆਂ ਹਨ। ਸਿੱਖ-ਪੰਥਕ ਧਿਰਾਂ ਅਤੇ ਧਾਰਾਵਾਂ ਵੀ, ਸਾਂਝ-ਸੰਵਾਦ ਰਾਹੀਂ ਦਿਸ਼ਾ-ਦ੍ਰਿਸ਼ਟੀ ਲੱਭਣ ਵਜਾਏ, ਆਪੋ-ਆਪਣੇਂ ਹੀ ਰਾਗ ਅਲਾਪਦੇ ਹਨ।

......................................

ਪੰਜਾਬ 'ਚ ਵੀ ਸਰਕਾਰ ਘਰੋ-ਘਰ ਵੋਟਰ ਸੂਚੀਆਂ ਘੋਖਣ-ਪੜਤਾਲਣ ਦਾ ਕੰਮ ਤੇਜ ਕਰਵਾ ਰਹੀ ਹੈ। ਅਕਸਰ ਪੰਜਾਬੀ ਘਰੋਂ ਬਾਹਰ ਕੰਮਾਂ-ਕਾਰਾਂ, ਵਿਦਿਆ, ਦੇਸ਼ ਜਾਂ ਵਿਦੇਸ਼ਾਂ ਵਿੱਚ ਵਸਦੇ-ਵਿਚਰਦੇ ਹਨ। ਜਿਸ ਘਰ, ਘਰਵਾਲੇ ਨਾ ਹੋਂਣ, ਕਿਰਾਏਦਾਰ ਜਾਂ ਪ੍ਰਵਾਸੀ ਕਾਮੇ ਟਿਕਿਓ ਹੋਂਣ, ਉਸ ਘਰੋਂ ਉਹੀ ਵੋਟ ਤੇ ਅਧਾਰਕਾਰਡ, ਉਸ ਪਤੇ ਤੇ ਹੀ ਬਣਾ ਲੈਂਦੇ ਹਨ ਅਤੇ ਬਣਾ ਸਕਦੇ ਹਨ। ਇਸ ਪਖੋਂ ਖਾਸ ਕਰਕੇ ਪਰਵਾਸੀ ਪੰਜਾਬੀਆਂ ਨੂੰ ਭਵਿੱਖਤ ਦੁਸ਼ਵਾਰੀਆਂ ਤੋਂ ਬਚਾ ਕਰਨ ਲਈ, ਹੋਸ਼ਿਆਰੀ ਵਰਤਣੀ ਪਵੇਗੀ। ਅਗਾਂਹ ਆਪਣੇਂ ਬੁਨਿਆਦੀ ਅਧਿਕਾਰਾਂ ਅਤੇ ਜਾਇਦਾਦਾਂ ਨੂੰ ਸਾਂਭਣ-ਸੰਵਾਰਨ ਲਈ ਪ੍ਰਬੰਧਕੀ, ਕਾਨੂੰਨੀ ਅਤੇ ਰਾਜਨੀਤਕ ਜਾਗਰੂਕਤਾ ਦੀ ਲੋੜ ਹੈ।

..............................

ਬਰਤਾਨਵੀ ਪਾਰਲੀਮੈਂਟ ਵਿੱਚ ਪ੍ਰਧਾਨ ਮੰਤ੍ਰੀ ਕੀਅਰ ਸਟਾਰਮਰ, ਲਿਬਰਲ-ਡੈਮੋਕ੍ਰੇਟਿਕ ਆਗੂ ਐਡਵਰਡ ਜੇ ਡੇਵੀ, ਗ੍ਰਹਿਮੰਤ੍ਰੀ ਸ਼ਾਬਾਨਾ ਮਹਿਮੂਦ ਅਤੇ ਐਮ ਪੀ ਤਨਮਨਜੀਤ ਸਿੰਘ ਢੇਸੀ ਸਮੇਤ ਹੋਰਨਾਂ ਦੇ, ਹੈਨਰੀ ਨੋਵੈਕ ਕਤਲ ਮਸਲੇ ਨੂੰ ਇਕ ਬੇ-ਰਹਿਮ ਜ਼ੁਰਮ, ਅਪਰਾਧਿਕ ਛੁਰੇਬਾਜੀ, ਪੁਲਿਸ ਗਲਤੀ ਅਤੇ ਜਾਅਲਸਾਜ਼ ਸ਼ਕਾਇਤ ਐਲਾਨਿਆ। ਪਰ ਇਸਤੇ ਸਜੇ-ਪਖੀ ਨਫਰਤ ਅਤੇ ਨਸਲਵਾਦ ਫੈਲਾਉ ਸਿਆਸਤ ਕਰ ਰਹੇ ਹਨ । ਇਸ ਮਸਲੇ ਦਾ ਕਿਰਪ-ਾਨ ਨਾਲ ਕੋਈ ਸਬੰਧ ਨਹੀਂ। ਯੂ ਕੇ ਵਿੱਚ ਸਿੱਖਾਂ ਨੇ ਬੜੀ ਸੋਝੀ ਅਤੇ ਜਿੰਮੇਵਾਰੀ ਨਾਲ



ਕਿਰਪਾਨ ਸਬੰਧਿਤ ਪੰਥਕ ਪਖ ਪੇਸ਼ ਕੀਤੇ ਹਨ। ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਐਲਾਨ-ਨਾਵਾਂ ਆਇਆ।

...........................................

Keir Starmer, Shabana Mahmood, Edward J Davey Tanmanjit Singh Dhesi and many others have notably established in the House of Commons that Henry Nowak tragedy is a case of brutal murder, knife crime, police mistake, falsehood... They exposed the ultra right politics of race-hatred, as it was not a Sikh Kirpan issue but a knife crime.

.......................................

ਟੀ ਵੀ ਵਾਰਤਾਲਾਪ 'ਚ ਇਕ ਸਫਰ 1950ਵੇਂ ਤੋਂ 2020ਵੇਂ ਤੱਕ ਦਾ, ਪੇਸ਼ਕਾਰ ਸ. ਰਾਣਾਂ, ਹਰ ਵੀਰਵਾਰ ਸ਼ਾਮ 6 ਵਜੇ ਅਤੇ ਐਤਵਾਰ ਸਵੇਰੇ 10 ਵਜੇ: ਸੰਗਤ ਟੀਵੀ ਯੂ ਕੇ ਸਕਾਈ 763 ਉਪਰ, ਪਿਛਲੇ ਹਫਤੇ ਤੋਂ ਪੇਸ਼ ਕਰ ਰਹੇ ਹਨ। In conversation, a journey: 1950s to 2020s. A series being hosted by R S Rana on Sangat TV Sky 763 every Thursday at 6pm and is repeated on Sunday at 10am.

.......................................

UK Sikhs are upset and are expressing their condolences to the Nowak family over the tragic loss of their son Henry Nowak. They share PM Keir Starmer 's sentiment that this is an awful shocking case... UK Sikh Community do not recognise the knife which Digwa used as Kirpan - never to be weaponised in crime.

.......................................

The Home Secretary's statement was followed by many passionate



and heartfelt contributions in the House of Commons expressing strong sentiments on the tragic loss of young Henry Nowak's life. Some MP's also sought reassurance on religious freedom and the Inquiry should results in improvement actions.

...........................................

Sikhs across the world are demanding abolition, or amendments to the recent objectionable legislation of Punjab government which was brought in without due




consultation with the SGPC Amritsar, Sri Akal Takht Sahib, the SGPC President and other influential Sikh Organisations...

..............................................

Are local, regional and pan regional economic development potentials in India, are supported and used to their optimum levels? If done, economy in India can develop even more rapidly.

Asia's top 4 biggest economies
1. China - $20.85 Trillion
2. Japan - $4.38 Trillion
3. India - $4.15 Trillion
4. Russia - $2.66 Trillion

.......................................

ਵਲੈਤ ਤੋ ਪੰਜਾਬੀ ਤੇ ਅੰਗ੍ਰੇਜ਼ੀ 'ਚ ਪੇਸ਼ ਹਨ; ਸਮੇਤ ਸਤਾਂ ਪੁਸਤਕਾਂ ਦੇ, ਇਸ ਲੇਖਕ ਵਲੋਂ 11 ਪ੍ਰਕਾਸ਼ਨਾਵਾਂ:

This writer presents 11 publications from Britain: 1968 - 2026 and the latest book is:

ਵਲੈਤੋਂ ਵੇਖੀ ਦੁਨੀਆਂ -2, Vilayton Vekhi Duniya – 2 (2026) The Punjabi Guardian Press Birmingham UK, ISBN 978 1 870432 47 4, Designed, Produced and Printed by Singh Brothers, Amritsar.

The books also contain some 550 original articles and papers, published in newspapers and journals in the UK, India, USA and Canada in Punjabi and English between 1968 and 2026. Following is image of the new compilation:


## ਗੁਰੂ ਨਾਨਕ ਗੁਰਦੁਆਰਾ ਗਲਾਸਗੋ (ਸਕੌਟਲੈਂਡ) ਵਿਖੇ 2 ਸੇਵਾਦਾਰਾਂ ਦੀ ਜ਼ਰੂਰਤ

**2 VACANCIES - Job Title: Minister of Religion at**
**GURU NANAK GURDWARA GLASGOW**

An opportunity has arisen for the posts of minister of religion (x2) at Guru Nanak gurdwara, Glasgow. We need Kirtani Jatha of 2 minister of religion (tier 2) to do the following duties:

***Job Purpose:*** Perform and Understand Gurbani Kirtan hymns, katha and playing the Harmonium and Tabla in accordance with the tenets of the Sikh Faith. Main Duties include: Performing Kirtan, Nitnem, Sukhmani Sahib Path, Ardaas and Sukhasan duties, alongside other general Gurdwara duties. Officiating at weddings, funerals and other ceremonies in accordance with Sikh Maryada.

Recite the daily Sikh prayer from Sri Guru Granth Sahib Ji, singing hymns, conduct weekly Diwan and preach Sikh Religion to congregation. Home visitation. To work collaboratively with all internal teams, departments and external agencies. Any other job as directed by the Gurdwara Committee. The Workers will be responsible for locking and unlocking the Gurdwara premises.

***Personnel Specification:*** Working Hours: 20 hours per week

**Salary:** National Minimum Wage per working hour.

**Benefits: -** accommodation within gurdwara (not free)

**Requirements:** Must be able to read and speak Punjabi and English. Must have sufficient experience. Clean character certificate required from previous employer. Good communicational and interpersonal skills.

**Other details:** Applicants have to be a UK resident or have the right to work in the UK.

**Closing Date:** *Please send your application before 3rd July 2026*

***How to Apply-*** *To apply, please complete the application form at the link below or scan the QR code: https://form.jotform.com/Glasgow_info/application-form*

FOR MORE INFORMATION PLEASE CONTACT :- **Whats App 0141 334 9125**

**GURU NANAK GURDWARA**
**19-27 OTAGO ST., GLASGOW, G12 8JJ, U.K.**


...........................................

# ਫ਼ਲਸਤੀਨ ਦੇ ਮਾਸੂਮਾਂ ਦਾ ਖ਼ੂਨ, ਹਥਿਆਰ ਕੰਪਨੀਆਂ ਦੇ ਅਰਬਾਂ ਡਾਲਰਾਂ ਦੇ ਠੇਕੇ, ਇਨਸਾਨੀਅਤ ਬੇਵੱਸ

**ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-2**



ਇਸਰਾਇਲ ਬਨਾਮ ਫ਼ਲਸਤੀਨ ਦੇ ਗਜ਼ਾ ਦੀ ਜੰਗ ਨੇ ਇਹ ਵੀ ਬੇਨਕਾਬ ਕੀਤਾ ਕਿ ਇੱਕਵੀਹੀਂ ਸਦੀ ਦਾ ਸਰਮਾਏਦਾਰ ਜੰਗੀ ਨਿਜ਼ਾਮ (Capitalist War Machine) ਹੁਣ ਸਿਰਫ਼ ਬੰਦੂਕਾਂ ਅਤੇ ਮਿਸਾਇਲਾਂ ਦਾ ਸਧਾਰਨ ਮਾਮਲਾ ਨਹੀਂ ਰਿਹਾ। ਸਗੋਂ ਇਹ ਬਹੁ-ਰਾਸ਼ਟਰੀ ਕਾਰ-ਪੋਰੇਟ ਗਠਜੋੜਾਂ, ਨਿੱਜੀ ਰੱਖਿਆ ਉਦਯੋਗਾਂ, ਡਾਟਾ ਨਿਗਰਾਨੀ ਪ੍ਰਣਾਲੀਆਂ ਅਤੇ ਭੂ-ਰਾਜਨੀਤਿਕ ਸਾਂਝਾਂ ਦਾ ਇੱਕ ਬਹੁਤ ਵੱਡਾ ਅਤੇ ਗੁੰਝਲਦਾਰ ਜਾਲ ਬਣ ਚੁੱਕਿਆ ਹੈ।

ਪ੍ਰਸਿੱਧ ਅਮਰੀਕੀ ਵਿਦਵਾਨ ਨੋਆਮ ਚੌਮਸਕੀ ਕਈ ਸਾਲ ਪਹਿਲਾਂ ਲਿਖ ਚੁੱਕੇ ਹਨ ਕਿ ਆਧੁਨਿਕ ਜੰਗਾਂ ਹੁਣ "ਲੋਕਤੰਤਰ ਦੀ ਰੱਖਿਆ" ਦੇ ਸੁੰਦਰ ਨਾਮ 'ਤੇ ਲੜੀਆਂ ਜਾਂਦੀਆਂ ਹਨ, ਪਰ ਅਸਲ ਵਿੱਚ ਉਹ ਗਲੋਬਲ ਸਰਮਾਏ ਦੀ ਹਿਫ਼ਾਜ਼ਤ ਅਤੇ ਮੁਨਾਫ਼ੇ ਲਈ ਹੁੰਦੀਆਂ ਹਨ। ਗਜ਼ਾ ਖੇਤਰ ਦੀ ਜੰਗ ਇਸੇ ਸਿਧਾਂਤ ਦੀ ਸਭ ਤੋਂ ਭਿਆਨਕ ਅਤੇ ਤਾਜ਼ਾ ਮਿਸਾਲ ਵਜੋਂ ਸਾਹ-ਮਣੇ ਆਈ ਹੈ। ਇੱਕ ਪਾਸੇ ਦੁਨੀਆ ਦੇ ਸਭ ਤੋਂ ਵੱਡੇ ਮੀਡੀਆ ਘਰਾਣੇ "ਆਤਮ-ਰੱਖਿਆ" ਦੀ ਭਾਸ਼ਾ ਵਰਤ ਰਹੇ ਸਨ, ਜਦਕਿ ਦੂਜੇ ਪਾਸੇ ਉਨ੍ਹਾਂ ਦੇ ਆਪਣੇ ਮੁਲਕ ਇਸਰਾਇਲ ਨੂੰ ਗੋਲਾ-ਬਾਰੂਦ, ਜੰਗੀ ਜਹਾਜ਼ਾਂ ਦੇ ਹਿੱਸੇ, ਉੱਨਤ ਨਿਗਰਾਨੀ ਤਕਨਾਲੋਜੀ ਅਤੇ ਖੁਫ਼ੀਆ ਸਹਾਇਤਾ ਮੁਹੱਈਆ ਕਰਵਾ ਰਹੇ ਸਨ।

ਇਹ ਪੂਰਾ ਢਾਂਚਾ ਉਸ "ਮਿਲਟਰੀ-ਇੰਡਸਟਰੀਅਲ ਕੰਪਲੈਕਸ" ਦੀ ਯਾਦ ਦਿਵਾਉਂਦਾ ਹੈ, ਜਿਸ ਬਾਰੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡਵਾਈਟ ਡੀ. ਆਈਜ਼ਨਹਾਵਰ ਨੇ 1961 ਵਿੱਚ ਬੜੀ ਦੂਰਅੰਦੇਸ਼ੀ ਨਾਲ ਚੇਤਾਵਨੀ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਜੇਕਰ ਜੰਗੀ ਉਦਯੋਗ ਅਤੇ ਸਿਆਸੀ ਤਾਕਤ ਆਪਸ ਵਿੱਚ ਇੱਕਮਿਕ ਹੋ ਗਏ ਤਾਂ ਲੋਕਤੰਤਰ ਸਿਰਫ਼ ਇੱਕ ਖ਼ਾਲੀ ਨਾਅਰਾ ਬਣ ਕੇ ਰਹਿ ਜਾਵੇਗਾ। ਗਜ਼ਾ ਵਿੱਚ ਬਿਲਕੁਲ ਉਹੀ ਹੁੰਦਾ ਦਿਖਿਆ, ਜਿੱਥੇ ਕਰੋੜਾਂ ਮਨੁੱਖੀ ਜਾਨਾਂ ਅਤੇ ਮਾਸੂਮਾਂ ਦੇ ਖ਼ੂਨ ਨਾਲੋਂ ਵਧੇਰੇ ਅਹਿਮੀਅਤ ਹਥਿਆਰਾਂ ਦੇ ਅਰਬਾਂ ਡਾਲਰ ਦੇ ਠੇਕਿਆਂ ਅਤੇ ਰਣਨੀਤਕ ਗਠਜੋੜਾਂ ਨੂੰ ਦਿੱਤੀ ਗਈ।

ਇਸੇ ਦੌਰਾਨ ਦੂਜੇ ਪਾਸੇ, ਯੂਰਪ ਦੀਆਂ ਸਰਕਾਰਾਂ ਸਭ ਤੋਂ ਵੱਧ ਦੋਹਰੇ ਚਿਹਰੇ ਨਾਲ ਸਾਹਮਣੇ ਆਈਆਂ। ਸਪੇਨ, ਫ਼ਰਾਂਸ, ਜਰਮਨੀ, ਬਰਤਾਨੀਆ, ਇਟਲੀ ਵਰਗੇ ਦੇਸ਼ ਜਨਤਕ ਮੰਚਾਂ 'ਤੇ ਜੰਗਬੰਦੀ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਰਹੇ, ਪਰ ਪਰਦੇ ਦੇ ਪਿੱਛੇ ਉਨ੍ਹਾਂ ਦੀ ਜੰਗੀ ਸਪਲਾਈ ਬੇਰੋਕ ਜਾਰੀ ਰਹੀ। ਇਸੇ ਲੜੀ ਚ ਕੇਨੈਡਾ ਵੀ ਸ਼ਾਮਿਲ ਹੈ।




ਬਰਤਾਨੀਆ ਨੇ ਸਤੰਬਰ 2024 ਵਿੱਚ ਦਿਖਾਵੇ ਲਈ ਕੁਝ ਹਥਿਆਰ ਲਾਇਸੰਸ ਸਸਪੈਂਡ (ਮੁਅੱਤਲ) ਕੀਤੇ, ਪਰ ਲਗਭਗ 350 ਬਾਕੀ ਅਹਿਮ ਲਾਇਸੰਸ ਚਾਲੂ ਰੱਖੇ। ਸਭ ਤੋਂ ਘਾਤਕ 'ਐਫ-35 ਜੰਗੀ ਜਹਾਜ਼ ਪ੍ਰੋਗਰਾਮ' ਲਈ ਪੁਰਜ਼ਿਆਂ ਦੀ ਸਪਲਾਈ ਨੂੰ ਬਿਲਕੁਲ ਨਹੀਂ ਰੋਕਿਆ ਗਿਆ। ਬਰਤਾਨੀਆ ਤੋਂ ਇਸਰਾਇਲ ਨੂੰ ਲੱਖਾਂ ਪੌਂਡਾਂ ਦੇ ਜਹਾਜ਼ੀ ਹਿੱਸੇ, ਆਧੁਨਿਕ ਨੇਵੀਗੇਸ਼ਨ ਸਿਸਟਮ ਅਤੇ ਟਾਰਗੇਟਿੰਗ (ਨਿਸ਼ਾਨਾ ਲਗਾਉਣ ਵਾਲੇ) ਉਪਕਰਣ ਲਗਾਤਾਰ ਭੇਜੇ ਗਏ। ਇਸ ਨਾਲ ਇੱਕ ਵੱਡਾ ਸਵਾਲ ਉੱਠਦਾ ਹੈ ਕਿ ਕੀ ਇਹ "ਪਾਬੰਦੀਆਂ" ਸਿਰਫ਼ ਲੋਕਾਂ ਨੂੰ ਮੂਰਖ ਬਣਾਉਣ ਵਾਲੇ ਰਾਜਨੀਤਿਕ ਬਿਆਨ ਹੁੰਦੇ ਹਨ? ਕੀ ਸਰਕਾਰਾਂ ਜਨਤਕ ਗੁੱਸੇ ਨੂੰ ਠੰਡਾ ਕਰਨ ਲਈ ਅਜਿਹੇ ਪ੍ਰਤੀਕਾਤਮਕ ਐਲਾਨ ਕਰਦੀਆਂ ਹਨ, ਜਦਕਿ ਜੰਗੀ ਕਾਰੋਬਾਰ ਪਿੱਛੇ ਚੁੱਪਚਾਪ ਚਲਦਾ ਰਹਿੰਦਾ ਹੈ?

ਦੂਜੇ ਵਿਸ਼ਵ ਯੁੱਧ ਦੇ ਇਤਿਹਾਸਕ ਦੋਸ਼ਾਂ ਅਤੇ ਹੀਣਤਾ ਨੂੰ ਝੱਲਦਾ ਜਰਮਨੀ ਲੰਬੇ ਸਮੇਂ ਤੋਂ ਇਸਰਾਇਲ ਦਾ ਸਭ ਤੋਂ ਵੱਡਾ ਰਣਨੀਤਕ ਸਾਥੀ ਰਿਹਾ ਹੈ। ਗਜ਼ਾ ਖੇਤਰ ਦੀ ਪੂਰਨ ਤਬਾਹੀ ਤੋਂ ਬਾਅਦ ਵੀ ਜਰਮਨੀ ਨੇ ਹਥਿਆਰਾਂ ਦੀ ਸਪਲਾਈ ਨੂੰ ਬਿਲਕੁਲ ਬੰਦ ਨਹੀਂ ਕੀਤਾ, ਬਲਕਿ ਲਗਭਗ ਜੰਗ ਦੇ ਅੰਤ ਨੇੜੇ ਜਾ ਕੇ ਹੀ ਇਸ ਨੂੰ ਥੋੜ੍ਹਾ ਸੀਮਿਤ ਕੀਤਾ। ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਜਨਤਕ ਤੌਰ 'ਤੇ ਹਥਿਆਰ ਰੋਕਣ ਦੀ ਗੱਲ ਕਹੀ, ਪਰ ਅਧਿਕਾਰਤ ਡਾਟਾ ਦਿਖਾਉਂਦਾ ਹੈ ਕਿ ਇਸ ਬਿਆਨ ਤੋਂ ਬਾਅਦ ਵੀ ਫ਼ਰਾਂਸੀਸੀ ਹਥਿਆਰਾਂ ਦੀਆਂ ਖੇਪਾਂ ਇਸਰਾਇਲ ਪਹੁੰਚਦੀਆਂ ਰਹੀਆਂ। ਇਟਲੀ ਨੇ ਵੀ "ਅਸਥਾਈ ਰੋਕ" ਦਾ ਡਰਾਮਾ ਕੀਤਾ, ਪਰ ਪੁਰਾਣੇ ਸਾਰੇ ਲਾਇਸੰਸ ਜਾਰੀ ਰੱਖੇ ਗਏ। ਇਹ ਸਾਰੇ ਮਾਮਲੇ ਇਹ ਸਾਬਤ ਕਰਦੇ ਹਨ ਕਿ ਗਲੋਬਲ ਪੂੰਜੀਵਾਦੀ ਜੰਗੀ ਉਦਯੋਗ ਵਿੱਚ "ਮਨੁੱਖੀ ਅਧਿਕਾਰ" ਅਤੇ "ਅੰਤਰਰਾਸ਼ਟਰੀ ਕਾਨੂੰਨ" ਵਰਗੇ ਸ਼ਬਦ ਅਕਸਰ ਰਾਜਨੀਤਿਕ ਭਾਸ਼ਣਾਂ ਅਤੇ ਫ਼ਾਈਲਾਂ ਤੱਕ ਹੀ ਸੀਮਿਤ ਰਹਿੰਦੇ ਹਨ।

ਯੂਰਪੀ ਮੁਲਕਾਂ ਦੀ ਇਸ ਨਕਾਰਾਤਮਕ ਭੂਮਿਕਾ ਦਾ ਅਧਿਐਨ ਕਰਦੇ ਸਮੇਂ ਇੱਕ ਹੋਰ ਡੂੰਘੀ ਇਤਿਹਾਸਕ ਵਿਡੰਬਨਾ ਸਾਹਮਣੇ ਆਉਂਦੀ ਹੈ। ਜਿਹੜਾ ਯੂਰਪ ਕਦੇ ਮਨੁੱਖੀ ਹੱਕਾਂ, ਉਦਾਰ ਲੋਕਤੰਤਰ ਅਤੇ ਅੰਤਰਰਾਸ਼ਟਰੀ ਕਾਨੂੰਨ ਦਾ ਸਭ ਤੋਂ ਵੱਡਾ ਪੈਰੋਕਾਰ ਅਤੇ ਗੁਰੂ ਬਣਦਾ ਰਿਹਾ, ਉਹੀ ਯੂਰਪ ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ ਦੇ ਮਾਮਲੇ ਵਿੱਚ ਨੈਤਿਕ ਤੌਰ 'ਤੇ ਬੁਰੀ ਤਰ੍ਹਾਂ ਵੰਡਿਆ ਹੋਇਆ ਨਜ਼ਰ ਆਇਆ। ਜਰਮਨੀ ਵਰਗੇ ਮੁਲਕ, ਜੋ ਦੂਜੇ ਵਿਸ਼ਵ ਯੁੱਧ ਅਤੇ 'ਦਾ ਹੋਲੋਕਾਸਟ' (ਯਹੂਦੀ ਘੱਲੂਘਾਰਾ) ਦੀ ਇਤਿਹਾਸਕ ਯਾਦ ਅਤੇ ਪਛਤਾਵੇ ਨੂੰ ਆਪਣੀ ਰਾਜਨੀਤਿਕ ਨੈਤਿਕਤਾ ਦਾ ਕੇਂਦਰ ਮੰਨਦੇ ਹਨ, ਉਹ ਵੀ ਫ਼ਲਸਤੀਨੀ ਨਾਗਰਿਕਾਂ ਦੀ ਸਮੂਹਕ ਤਬਾਹੀ ਦੇ ਮਾਮਲੇ ਵਿੱਚ ਇੱਕ ਸਾਫ਼, ਸਪਸ਼ਟ ਅਤੇ ਮਜ਼ਬੂਤ ਮਨੁੱਖੀ ਰੁਖ਼ ਲੈਣ ਤੋਂ ਬੁਰੀ ਤਰ੍ਹਾਂ ਕਤਰਾਉਂਦੇ ਰਹੇ।

ਮਸ਼ਹੂਰ ਫ਼ਰਾਂਸੀਸੀ ਦਰਸ਼ਨ ਸ਼ਾਸਤਰੀ ਮਿਸ਼ੇਲ ਫੂਕੋ ਨੇ ਕਿਹਾ ਸੀ ਕਿ ਆਧੁਨਿਕ ਰਾਜ ਸਿਰਫ਼ ਕਾਨੂੰਨ ਨਾਲ ਨਹੀਂ, ਸਗੋਂ "ਨਿਗਰਾਨੀ ਅਤੇ ਨਿਯੰਤਰਣ" ਦੇ ਵੱਖ-ਵੱਖ ਤੰਤਰਾਂ ਨਾਲ ਚੱਲਦੇ ਹਨ। ਗਜ਼ਾ ਖੇਤਰ ਇਸ ਸਿਧਾਂਤ ਦੀ ਇੱਕ ਜ਼ਿੰਦਾ ਅਤੇ ਬੇਹੱਦ ਭਿਆਨਕ ਪ੍ਰਯੋਗਸ਼ਾਲਾ ਬਣ ਗਿਆ, ਜਿੱਥੇ ਹਾਈ-ਟੈਕ ਡਰੋਨ ਨਿਗਰਾਨੀ, ਚਿਹਰਾ ਪਛਾਣ ਪ੍ਰਣਾਲੀ, ਡਿਜ਼ਿਟਲ ਟਰੈਕਿੰਗ ਅਤੇ ਸਖ਼ਤ ਸਰਹੱਦੀ ਕੰਟਰੋਲ ਰਾਹੀਂ ਇੱਕ ਪੂਰੀ ਹੱਸਦੀ-ਖੇਡਦੀ ਆਬਾਦੀ ਨੂੰ ਦੁਨੀਆ ਦੀ ਸਭ ਤੋਂ ਵੱਡੀ 'ਖੁੱਲ੍ਹੀ ਜੇਲ੍ਹ' ਵਿੱਚ ਤਬਦੀਲ ਕਰ ਦਿੱਤਾ ਗਿਆ। ਯੂਰਪ ਦੀਆਂ ਹਕੂਮਤਾਂ ਨੇ ਭਾਵੇਂ ਜਨਤਕ ਤੌਰ 'ਤੇ ਉੱਪਰੋਂ-ਉੱਪਰੋਂ "ਚਿੰਤਾ" ਜ਼ਾਹਰ ਕੀਤੀ, ਪਰ ਉਹਨਾਂ ਦੇ ਰੱਖਿਆ ਉਦਯੋਗਾਂ, ਵੱਡੇ ਬੈਂਕਿੰਗ ਨੈੱਟਵਰਕਾਂ ਅਤੇ ਫ਼ੌਜੀ ਗਠਜੋੜਾਂ ਨੇ ਇਸਰਾਇਲ ਦੀ ਜੰਗੀ ਮਸ਼ੀਨ ਨੂੰ ਇੱਕ ਪਲ ਲਈ ਵੀ ਰੁਕਣ ਨਹੀਂ ਦਿੱਤਾ। ਇਹ ਉਹੀ ਦੋਹਰਾ ਚਿਹਰਾ ਹੈ ਜਿਸ ਵਿੱਚ ਮਨੁੱਖੀ ਅਧਿਕਾਰਾਂ ਦੀ ਭਾਸ਼ਾ ਵੀ ਬੋਲੀ ਜਾਂਦੀ ਹੈ ਅਤੇ ਨਾਲ ਦੀ ਨਾਲ ਅਰਬਾਂ ਡਾਲਰਾਂ ਦਾ ਜੰਗੀ ਕਾਰੋਬਾਰ ਵੀ ਚਲਾਇਆ ਜਾਂਦਾ ਹੈ।

ਇਸੇ ਤਰ੍ਹਾਂ, ਗਜ਼ਾ ਦੀ ਜੰਗ ਨੇ ਸਿਰਫ਼ ਪੱਛਮੀ ਦੁਨੀਆ ਦੀ ਨੈਤਿਕ ਕੰਗਾਲੀ ਨੂੰ ਹੀ ਨਹੀਂ, ਸਗੋਂ ਅਰਬ ਅਤੇ ਮੁਸਲਿਮ ਦੁਨੀਆ ਦੀ ਘੋਰ ਸਿਆਸੀ ਬੇਬਸੀ ਅਤੇ ਅੰਦਰੂਨੀ ਟੁੱਟ-ਫੁੱਟ ਨੂੰ ਵੀ ਬੁਰੀ ਤਰ੍ਹਾਂ ਨੰਗਾ ਕਰ ਦਿੱਤਾ। ਜਿਹੜੇ ਇਸਲਾਮਿਕ ਮੁਲਕ ਦਹਾਕਿਆਂ ਤੋਂ ਫ਼ਲਸਤੀਨ ਦੇ ਨਾਮ 'ਤੇ ਆਪਣੀ ਜਨਤਾ ਅੱਗੇ ਜਜ਼ਬਾਤੀ ਖ਼ਿਤਾਬ ਅਤੇ ਭਾਸ਼ਣ ਕਰਦੇ ਰਹੇ, ਉਹਨਾਂ ਵਿਚੋਂ ਬਹੁਤੇ ਜੰਗ ਦੇ ਸਭ ਤੋਂ ਭਿਆਨਕ ਦੌਰ ਵਿੱਚ ਸਿਰਫ਼ ਕਾਗਜ਼ੀ ਬਿਆਨਾਂ ਤੱਕ ਸੀਮਿਤ ਰਹਿ ਗਏ। ਅਰਬ ਲੀਗ ਦੀਆਂ ਕਈ ਮੀਟਿੰਗਾਂ ਹੋਈਆਂ, ਆਰਗੇਨਾਈਜ਼ੇਸ਼ਨ ਆਫ਼ ਇਸਲਾਮਿਕ ਕੋਪਰੇਸ਼ਨ ਨੇ ਵੱਡੇ-ਵੱਡੇ ਮਤੇ ਪਾਸ ਕੀਤੇ, ਪਰ ਗਜ਼ਾ ਖੇਤਰ ਦੀ ਬੇਰਹਿਮ ਤਬਾਹੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਕੋਈ ਵੀ ਸਾਂਝਾ, ਮਜ਼ਬੂਤ ਰਾਜਨੀਤਿਕ ਜਾਂ ਆਰਥਿਕ ਦਬਾਅ ਪੈਦਾ ਨਾ ਹੋ ਸਕਿਆ।

ਤੇਲ ਦੀ ਅਥਾਹ ਤਾਕਤ ਰੱਖਣ ਵਾਲੇ ਖਾੜੀ ਮੁਲਕ, ਜੋ ਜੇ ਚਾਹੁੰਦੇ ਤਾਂ ਆਪਣੀਆਂ ਨੀਤੀਆਂ ਨਾਲ ਪੂਰੀ ਦੁਨੀਆ ਦੀ ਅਰਥਵਿਵਸਥਾ ਨੂੰ ਹਿਲਾ ਸਕਦੇ ਸਨ, ਉਹ ਵੀ ਅਮਰੀਕੀ ਅਤੇ ਪੱਛਮੀ ਰਣਨੀਤਕ ਗਠਜੋੜਾਂ ਅਤੇ ਆਪਣੇ ਨਿੱਜੀ ਹਿੱਤਾਂ ਤੋਂ ਬਾਹਰ ਨਿਕਲਣ ਦੀ ਹਿੰਮਤ ਨਾ ਕਰ ਸਕੇ। ਪ੍ਰਸਿੱਧ ਫ਼ਲਸਤੀਨੀ-ਅਮਰੀਕੀ ਸਿਆਸੀ ਵਿਸ਼ਲੇਸ਼ਕ ਅਤੇ ਵਿਦਵਾਨ ਐਡਵਰਡ ਸਈਦ ਨੇ ਕਦੇ ਬਹੁਤ ਸਹੀ ਲਿਖਿਆ ਸੀ ਕਿ ਫ਼ਲਸਤੀਨ ਦਾ ਮਸਲਾ ਸਿਰਫ਼ ਜ਼ਮੀਨ ਦਾ ਇੱਕ ਟੁਕੜਾ ਹਾਸਲ ਕਰਨ ਦਾ ਮਸਲਾ ਨਹੀਂ, ਸਗੋਂ ਇਹ ਸਮੁੱਚੀ ਅਰਬ ਦੁਨੀਆ ਦੀ ਸਿਆਸੀ ਇਰਾਦਾ-ਸ਼ਕਤੀ ਦੀ ਸਭ ਤੋਂ ਵੱਡੀ ਕਸੌਟੀ ਵੀ ਹੈ। ਗਜ਼ਾ ਦੀ ਇਸ ਜੰਗ ਦੌਰਾਨ ਇਹ ਗੱਲ ਮੁੜ ਅੱਖਰ-ਅੱਖਰ ਸੱਚ ਸਾਬਤ ਹੋਈ, ਜਿੱਥੇ ਅਰਬ ਦੇਸ਼ਾਂ ਦੇ ਆਮ ਲੋਕ ਤਾਂ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਸਨ, ਪਰ ਉਨ੍ਹਾਂ ਦੀਆਂ ਹਕੂਮਤਾਂ ਆਪਣੇ ਸਵਾਰਥਾਂ ਲਈ ਇੱਕ ਗੂੜ੍ਹੀ ਰਣਨੀਤਕ ਖ਼ਾਮੋਸ਼ੀ ਵਿੱਚ ਡੁੱਬੀਆਂ ਹੋਈਆਂ ਸਨ। ਇਹ ਖ਼ਾਮੋਸ਼ੀ ਵੀ ਇਸ ਜੰਗ ਦੀ ਇੱਕ ਬੇਹੱਦ ਅਹਿਮ ਅਤੇ ਸ਼ਰਮਨਾਕ ਸਿਆਸੀ ਪਰਤ ਬਣ ਕੇ ਸਾਹਮਣੇ ਆਈ।

ਇਹ ਜੰਗ ਸਿਰਫ਼ ਆਧੁਨਿਕ ਗੋਲੀਆਂ, ਬੰਬਾਂ ਜਾਂ ਮਿਸਾਇਲਾਂ ਨਾਲ ਹੀ ਨਹੀਂ, ਬਲਕਿ ਭੁੱਖਮਰੀ ਵਰਗੇ ਅਣਮਨੁੱਖੀ ਹਥਿਆਰ ਨਾਲ ਵੀ ਲੜੀ ਗਈ। ਸਾਲ 2025 ਤੱਕ ਆਉਂਦੇ-ਆਉਂਦੇ ਗਜ਼ਾ ਖੇਤਰ ਵਿੱਚ ਭੁੱਖ ਨੂੰ ਇੱਕ ਯੁੱਧਨੀਤੀ ਵਜੋਂ ਵਰਤਿਆ ਗਿਆ। ਸੰਯੁਕਤ ਰਾਸ਼ਟਰ ਨੇ ਅਧਿਕਾਰਤ ਤੌਰ 'ਤੇ ਚੇਤਾਵਨੀ ਦਿੱਤੀ ਕਿ ਗਜ਼ਾ ਪੂਰੀ ਤਰ੍ਹਾਂ ਅਕਾਲ ਦੇ ਕਿਨਾਰੇ 'ਤੇ ਖੜ੍ਹਾ ਹੈ। ਮਾਸੂਮ ਲੋਕ ਖਾਣੇ ਦੇ ਪੈਕੇਟ ਅਤੇ ਰੋਟੀ ਵਾਸਤੇ ਲੰਮੀਆਂ ਲਾਈਨਾਂ ਵਿੱਚ ਖੜ੍ਹੇ-ਖੜ੍ਹੇ ਹੀ ਗੋਲੀਆਂ ਦੇ ਸ਼ਿਕਾਰ ਹੋ ਕੇ ਮਰ ਰਹੇ ਸਨ। ਸਹਾਇਤਾ ਕੇਂਦਰਾਂ ਕੋਲ ਬੇਸਹਾਰਾ ਲੋਕਾਂ 'ਤੇ ਸਿੱਧੀਆਂ ਗੋਲੀਆਂ ਚਲਾਈਆਂ ਜਾਂਦੀਆਂ ਸਨ। ਉੱਥੋਂ ਦੇ ਇੱਕ 16 ਸਾਲਾ ਫ਼ਲਸਤੀਨੀ ਨੌਜਵਾਨ ਖਾਲਿਦ ਅਬੂ ਜਮਿਆ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਦੱਸਿਆ ਸੀ ਕਿ ਉਹ ਅਤੇ ਉਸ ਦੇ ਸਾਥੀ ਜਦੋਂ ਸਿਰਫ਼ ਖਾਣੇ ਦੀ ਖੋਜ ਵਿੱਚ ਬਾਹਰ ਗਏ ਸਨ, ਉਦੋਂ ਅਚਾਨਕ ਹੀ ਇਸਰਾਇਲੀ ਫ਼ੌਜ ਵੱਲੋਂ ਗੋਲੀਆਂ ਚੱਲਣ ਲੱਗੀਆਂ, ਜਿਨ੍ਹਾਂ ਦੀ ਲਪੇਟ ਵਿੱਚ ਆਉਣ ਨਾਲ ਉਸ ਦਾ ਪਿਆਰਾ ਦੋਸਤ ਨਾਦਰ ਮੌਕੇ 'ਤੇ ਹੀ ਮਾਰਿਆ ਗਿਆ।

**ਚਲਦਾ....**

**ਲੜੀਵਾਰ ਨਾਵਲ**



ਲੇਖਕ
ਗੁਰਨਾਮ ਬਾਵਾ
ਮ +91 83073 6430

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-11**

# ਬੰਦੂਕ ਤੋਂ ਕਲਮ ਤੱਕ

**ਉਨ੍ਹਾਂ ਮੇਰੀ ਛੋਟੀ ਦਸਤਾਰ ਲਾਹ ਕੇ ਪਰਾਂ ਮਾਰੀ, ਫਿਰ ਕੁੜਤਾ-ਪਜਾਮਾ ਵੀ ਲੁਹਾ ਲਿਆ। ਇਕ ਸਿਪਾਹੀ ਨੇ ਮੇਰੇ ਦੋਵੇਂ ਹੱਥ ਫੜ ਕੇ ਪਿੱਛੇ ਮੇਰੀ ਪਿੱਠ ਨਾਲ ਲਾ ਲਏ ਤੇ ਦੂਜੇ ਸਿਪਾਹੀ ਨੇ ਮੇਰੇ ਕਛਹਿਰੇ ਦਾ ਨਾਲਾ ਖੋਲ੍ਹ ਕੇ ਮੈਨੂੰ ਅਲਫ਼ ਨੰਗਾ ਕਰ ਦਿੱਤਾ ਤੇ ਪੁੱਠਾ ਲੰਮਾ ਪਾ ਲਿਆ। ਇਕ ਨੇ ਮੇਰੀਆਂ ਬਾਹਾਂ ਗੁੱਟਾਂ ਤੋਂ ਫੜ ਕੇ ਮੇਰੇ ਸਿਰ ਵੱਲ ਕਰ ਲਈਆਂ ਤੇ ਦੂਜੇ ਨੇ ਮੈਨੂੰ ਗਿੱਟਿਆਂ ਤੋਂ ਫੜ ਲਿਆ ਤੇ ਤੀਜਾ ਮੇਰੇ ਚਿੱਤੜਾਂ 'ਤੇ ਪੂਰੇ ਜ਼ੋਰ ਨਾਲ ਪਟਾ ਮਾਰਨ ਲੱਗ ਪਿਆ। ਦਰਦ ਨਾਲ ਮੇਰੀਆਂ ਚੀਕਾਂ ਨਿਕਲ ਗਈਆਂ। ਕਿੰਨਾ ਚਿਰ ਪਤਾ ਨਹੀਂ ਕਿੰਨੀ ਵਾਰ ਪਟਾ ਮੇਰੇ ਪੂਰੇ ਜੋਰ ਨਾਲ ਮਾਰਿਆ ਗਿਆ। ਜਦ ਮੈਨੂੰ ਛੱਡਿਆ ਤਾਂ ਇੰਝ ਲੱਗ ਰਿਹਾ ਸੀ, ਜਿਵੇਂ ਮੇਰਾ ਮਾਸ ਵੀ ਉੱਖੜ ਗਿਆ ਹੋਵੇ।**

## ਭਾਗ 13

ਥਾਣੇਦਾਰ ਬੜੇ ਗੁੱਸੇ ਤੇ ਰੋਅਬ ਨਾਲ ਬੋਲਿਆ, ਕਸੂਰ, ਕਸੂਰ ਪੁੱਛਦੇ ਹੋ? ਤੁਹਾਨੂੰ ਪਤਾ ਹੈ ਇਨ੍ਹਾਂ ਨੇ ਆਪਣਾ ਘਰ ਅੱਤਵਾਦੀਆਂ ਦਾ ਅੱਡਾ ਬਣਾ ਰੱਖਿਆ। ਮੈਂ ਥੋੜ੍ਹੀ ਪੁੱਛਗਿੱਛ ਲਈ ਲੈ ਕੇ ਚੱਲਿਆਂ ਸਦਰ ਥਾਣੇ, ਕੋਈ ਹੋਰ ਗੱਲ ਪੁੱਛਣੀ ਹੋਈ ਤਾਂ ਥਾਣੇ ਆ ਜਾਣਾ।

ਮੈਨੂੰ ਜਿਪਸੀ ਵਿਚ ਬਿਠਾ ਥਾਣੇ ਲੈ ਗਏ। ਥਾਣੇਦਾਰ ਦੀ ਗੱਲ ਸੁਣ ਕੇ ਸਾਰਿਆਂ ਦੀ ਬਸ ਐਨੀਂ ਕੁ ਤਸੱਲੀ ਹੋਈ ਕਿ ਚੱਲ ਦੱਸ ਤਾਂ ਗਿਆ ਕਿਥੇ ਲੈ ਗਏ ਨੇ, ਹੁਣ ਪਿੱਛੋਂ ਭੱਜ-ਨੱਠ ਕਰ ਕੇ ਦੇਖਦੇ ਹਾਂ।

ਸੋਨੂੰ ਗੱਲ ਕਰਨੋਂ ਰੁਕਿਆ ਤਾਂ ਨਿਰਮਲ ਮਜ਼ਾਕੀਆ ਲਹਿਜੇ ਵਿਚ ਕਹਿਣ ਲੱਗਾ, ਅੱਛਾ! ਫਿਰ ਅਗਲਿਆਂ ਮਾਣ-ਤਾਣ ਤਾਂ ਚੰਗਾ ਕੀਤਾ ਹੋਣਾ ਥਾਣੇ ਲਿਜਾ ਕੇ?

ਸੋਨੂੰ ਵੀ ਹੱਸ ਪਿਆ ਤੇ ਨਿਰਮਲ ਦੇ ਹੱਥ 'ਤੇ ਹੱਥ ਮਾਰ ਕੇ ਅੱਗੋਂ ਦੱਸਣ ਲੱਗ ਪਿਆ, ਪਹਿਲਾਂ ਤਾਂ ਲਿਜਾ ਕੇ ਇਕ ਕਮਰੇ ਵਿਚ ਬਿਠਾ ਦਿੱਤਾ। ਉਹ ਕਮਰਾ ਸ਼ਾਇਦ ਸਿਪਾਹੀਆਂ ਦੇ ਰਹਿਣ ਵਾਲਾ ਸੀ। ਚਾਰ ਮੰਜੇ ਵਿਛੇ ਹੋਏ ਸਨ ਤੇ ਉਪਰ ਬਿਸਤਰੇ ਵੀ।

ਥੋੜ੍ਹੀ ਦੇਰ ਬਾਅਦ ਇਕ ਸਿਪਾਹੀ ਆਇਆ ਤੇ ਮੇਰਾ ਗੁੱਟ ਫੜ ਕੇ ਆਪਣੇ ਨਾਲ ਪਿੱਛੇ ਇਕ ਕਮਰੇ ਵਿਚ ਲੈ ਗਿਆ। ਉਥੇ ਸਿਰਫ਼ ਇਕ ਕੁਰਸੀ ਤੇ ਮੇਜ਼ ਪਿਆ ਸੀ। ਉਹ ਮੈਨੂੰ ਉਸ ਕਮਰੇ ਵਿਚ ਵਾੜ ਕੇ ਬਾਹਰੋਂ ਦਰਵਾਜ਼ਾ ਬੰਦ ਕਰ ਕੇ ਚਲਾ ਗਿਆ। ਫਿਰ ਦੋ ਚਾਰ ਮਿੰਟ ਬਾਅਦ ਉਹੀ ਥਾਣੇਦਾਰ ਤੇ ਪੰਜ ਸਿਪਾਹੀ ਜਿਨ੍ਹਾਂ ਦੇ ਤੇੜ ਪੈਂਟਾਂ ਤੇ ਕਮੀਜ਼ਾਂ ਦੀ ਥਾਂ ਸਿਰਫ਼ ਬਨੈਣਾ ਪਾਈਆਂ ਹੋਈਆਂ ਸਨ ਅੰਦਰ ਆ ਗਏ।

ਅੰਦਰ ਆਉਂਦਿਆਂ ਹੀ ਥਾਣੇਦਾਰ ਨੇ ਗੰਦੀ ਗਾਲ੍ਹ ਕੱਢੀ ਤੇ ਗਰਜ ਕੇ ਬੋਲਿਆ, ਕਾਕਾ ਜੋ ਕੁਝ ਪਤਾ ਹੈ, ਆਪਣੇ ਆਪ ਹੀ ਦੱਸਦੇ, ਨਹੀਂ ਤਾਂ...।

ਮੈਂ ਵੀ ਅੱਗੋਂ ਕਿਹਾ ਪੁੱਛੋ ਜੀ ਕੀ ਪੁੱਛਣਾ। ਜੇਕਰ ਮੈਨੂੰ ਕੁਝ ਪਤਾ ਹੋਇਆ ਤਾਂ ਜ਼ਰੂਰ ਦੱਸ ਦਿਆਂਗਾ।

ਉਸ ਨੇ ਪਹਿਲਾ ਸਵਾਲ ਕੀਤਾ, ਵਰਿੰਦਰ ਕਿਥੇ ਹੈ?

ਮੈਂ ਸਾਫ਼ ਜਵਾਬ ਦਿੱਤਾ, ਮੈਨੂੰ ਨਹੀਂ ਪਤਾ।

ਫਿਰ ਉਸ ਨੇ ਪੁੱਛਿਆ, ਉਹ ਤੇਰੇ ਕੋਲ ਕਿਹੜੇ-ਕਿਹੜੇ ਹਥਿਆਰ ਰੱਖ ਕੇ ਗਿਆ? ਉਹ ਕਿੱਥੇ ਰੱਖੇ ਨੇ ਤੂੰ?

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

ਮੈਂ ਸਾਫ਼ ਤੇ ਕੋਰਾ ਜਵਾਬ ਦਿੰਦੇ ਕਿਹਾ, ਨਾ ਤਾਂ ਮੈਨੂੰ ਪਤਾ ਵਰਿੰਦਰ ਕਿੱਥੇ ਹੈ, ਨਾ ਹੀ ਉਹ ਮੈਨੂੰ ਕੋਈ ਹਥਿਆਰ ਦੇ ਕੇ ਗਿਆ।

ਐਨਾਂ ਜਵਾਬ ਸੁਣ ਕੇ ਥਾਣੇਦਾਰ ਆਪੇ ਤੋਂ ਬਾਹਰ ਹੁੰਦਾ ਬੋਲਿਆ, ਦੇਖ ਦੇ ਕੀ ਹੋ, ਲਾਹੋ ਇਸ ਦੇ ਕੱਪੜੇ, ਪਾਓ ਲੰਮਾ ਤੇ ਪਟਾ ਫੇਰੋ, ਆਪ ਹੀ ਬੋਲੇਗਾ ਸਾਰਾ ਕੁਝ।

ਫਿਰ ਪਹਿਲਾਂ ਤਾਂ ਉਨ੍ਹਾਂ ਮੇਰੀ ਛੋਟੀ ਦਸਤਾਰ ਲਾਹ ਕੇ ਪਰਾਂ ਮਾਰੀ, ਫਿਰ ਕੁੜਤਾ-ਪਜਾਮਾ ਵੀ ਲੁਹਾ ਲਿਆ। ਇਕ ਸਿਪਾਹੀ ਨੇ ਮੇਰੇ ਦੋਵੇਂ ਹੱਥ ਫੜ ਕੇ ਪਿੱਛੇ ਮੇਰੀ ਪਿੱਠ ਨਾਲ ਲਾ ਲਏ ਤੇ ਦੂਜੇ ਸਿਪਾਹੀ ਨੇ ਮੇਰੇ ਕਛਹਿਰੇ ਦਾ ਨਾਲਾ ਖੋਲ੍ਹ ਕੇ ਮੈਨੂੰ ਅਲਫ਼ ਨੰਗਾ ਕਰ ਦਿੱਤਾ ਤੇ ਪੁੱਠਾ ਲੰਮਾ ਪਾ ਲਿਆ। ਇਕ ਨੇ ਮੇਰੀਆਂ ਬਾਹਾਂ ਗੁੱਟਾਂ ਤੋਂ ਫੜ ਕੇ ਮੇਰੇ ਸਿਰ ਵੱਲ ਕਰ ਲਈਆਂ ਤੇ ਦੂਜੇ ਨੇ ਮੈਨੂੰ ਗਿੱਟਿਆਂ ਤੋਂ ਫੜ ਲਿਆ ਤੇ ਤੀਜਾ ਮੇਰੇ ਚਿੱਤੜਾਂ 'ਤੇ ਪੂਰੇ ਜ਼ੋਰ ਨਾਲ ਪਟਾ ਮਾਰਨ ਲੱਗ ਪਿਆ। ਦਰਦ ਨਾਲ ਮੇਰੀਆਂ ਚੀਕਾਂ ਨਿਕਲ ਗਈਆਂ। ਕਿੰਨਾ ਚਿਰ ਪਤਾ ਨਹੀਂ ਕਿੰਨੀ ਵਾਰ ਪਟਾ ਮੇਰੇ ਪੂਰੇ ਜ਼ੋਰ ਨਾਲ ਮਾਰਿਆ ਗਿਆ। ਜਦ ਮੈਨੂੰ ਛੱਡਿਆ ਤਾਂ ਇੰਝ ਲੱਗ ਰਿਹਾ ਸੀ, ਜਿਵੇਂ ਮੇਰਾ ਮਾਸ ਵੀ ਉਖੜ ਗਿਆ ਹੋਵੇ।

ਸੋਨੂੰ ਥੋੜ੍ਹਾ ਚੁੱਪ ਹੋਇਆ ਤਾਂ ਨਿਰਮਲ ਤੋਂ ਵੀ ਹੁਣ ਅੱਗੇ ਕੀ ਹੋਇਆ ਪੁੱਛ ਨਹੀਂ ਸੀ ਹੋ ਰਿਹਾ।

ਉਸ ਤੋਂ ਬੱਸ ਐਨਾਂ ਹੀ ਬੋਲ ਹੋਇਆ, ਢਾਬਾ ਆ ਗਿਆ, ਮੈਂ ਗੱਡੀ ਸਾਈਡ 'ਤੇ ਲਾਉਂਦਾ, ਆਜਾ ਚਾਹ ਦਾ ਕੱਪ ਪੀ ਕੇ ਚੱਲਦੇ ਹਾਂ।

ਸੋਨੂੰ ਬਿਨਾਂ ਕੋਈ ਜਵਾਬ ਦਿੱਤੇ ਨਿਰਮਲ ਦੇ ਪਿੱਛੇ-ਪਿੱਛੇ ਢਾਬੇ 'ਤੇ ਚਲਾ ਗਿਆ। ਚਾਹ ਦਾ ਕੱਪ ਪੀ ਕੇ ਨਿਰਮਲ ਨੇ ਟਾਇਰਾਂ ਨੂੰ ਚੈਕ ਕੀਤਾ ਤੇ ਗੱਡੀ ਸਟਾਰਟ ਕਰ ਕੇ ਫਿਰ ਜੀ. ਟੀ. ਰੋਡ 'ਤੇ ਪਾ ਲਈ। ਹੁਣ ਜੋ ਅੱਗੇ ਸੋਨੂੰ ਨੇ ਦੱਸਣਾ ਸੀ। ਉਹ ਸੁਣਨ ਤੋਂ ਪਹਿਲਾਂ ਹੀ ਨਿਰਮਲ ਸਮਝ ਗਿਆ ਤੇ ਸੋਚਣ ਲੱਗਾ। ਮਨ ਹੀ ਮਨ ਬੋਲਿਆ, ਕਿਉਂ ਐਵੇਂ ਆਪਣਾ ਮਨ ਖ਼ਰਾਬ ਕਰਨਾ? ਪਤਾ ਹੀ ਹੈ, ਕੀ ਕੁਝ ਕਰਦੇ ਨੇ ਕੁੱਤੇ ਦੇ ਹੱਡ?

ਦੋਵੇਂ ਪਾਸੇ ਕਾਫੀ ਦੇਰ ਚੁੱਪ ਰਹੀ। ਨਾ ਹੀ ਸੋਨੂੰ ਉਸ ਸਾਰੇ ਸੀਨ ਨੂੰ ਯਾਦ ਕਰਕੇ ਦੁਖੀ ਹੋਣਾ ਚਾਹੁੰਦਾ ਸੀ ਤੇ ਨਾ ਹੀ ਨਿਰਮਲ ਵਿਚ ਐਨੀਂ ਹਿੰਮਤ ਸੀ ਕਿ ਅਗਲੇ ਤਸ਼ੱਦਦ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਵਹਿਸ਼ੀਪੁਣੇ ਦੀ ਕਹਾਣੀ ਸੁਣੇ।

ਸ਼ਾਮ ਹੋ ਗਈ ਸੀ। ਸੋਨੂੰ ਨੇ ਰੋਡ 'ਤੇ ਲੱਗੇ ਮੀਲ ਪੱਥਰ ਵੱਲ ਦੇਖ ਕੇ ਚੁੱਪ ਤੋੜਦੇ ਪੁੱਛਿਆ, ਹੁਣ ਇਲਾਹਾਬਾਦ ਆਊਗਾ, ਆ ਲਿਖਿਆ ਸੀ ਪਿੱਛੇ ਪੰਦਰਾਂ ਕਿਲੋਮੀਟਰ।


ਨਿਰਮਲ ਨੇ ਕਿਹਾ, ਹਾਂ। ਐਨਾਂ ਕਹਿਣ ਤੋਂ ਬਾਅਦ ਨਿਰਮਲ ਨੇ ਸੋਨੂੰ ਨੂੰ ਫਿਰ ਪੁੱਛਿਆ, ਚੱਲ ਤੂੰ ਇਹ ਤਾਂ ਛੱਡ ਤੈਨੂੰ ਮਾਰ ਕਿੰਨੀ ਕੁ ਪਈ? ਉਹ ਤਾਂ ਮੈਨੂੰ ਵੀ ਪਤਾ, ਖੂਹ ਵਿਚ ਡਿੱਗੀ ਇੱਟ ਸੁੱਕੀ ਵਾਪਿਸ ਨਹੀਂ ਆਉਂਦੀ। ਪਰ ਇਹ ਦੱਸ, ਤੈਨੂੰ ਪੁਲਸ ਨੇ ਕਿਉਂ ਤੇ ਕਿਸ ਦੇ ਕਹਿਣ 'ਤੇ ਫੜਿਆ ਸੀ ਤੇ ਤੂੰ ਛੁੱਟ ਕੇ ਬਾਹਰ ਕਿਵੇਂ ਆਇਆ?

ਸੋਨੂੰ ਹੱਸ ਕੇ ਬੋਲਿਆ, ਬਾਈ ਕੀ ਗੱਲ, ਪੂਰੀ ਮਾਰ-ਕੁੱਟ ਦੀ ਕਹਾਣੀ ਸੁਣਨ ਤੋਂ ਪਹਿਲਾਂ ਹੀ ਡਰ ਗਿਆ ਲੱਗਦੈਂ? ਚੱਲ ਛੱਡ, ਉਨ੍ਹਾਂ ਨੇ ਤਾਂ ਪੂਰਾ ਦਿਨ ਮੇਰੀ ਰੂਹ ਨਾਲ ਖ਼ਾਤਿਰਦਾਰੀ ਕੀਤੀ ਤੇ ਫਿਰ ਕੋਈ ਚਾਰ ਦਿਨ ਬਾਅਦ ਮੁਹੱਲੇ ਵਾਲਿਆਂ ਤੇ ਮੇਰੇ ਮਾਸੜ ਨੇ ਜੋ ਆਪ ਪੰਜਾਬ ਪੁਲਸ ਵਿਚ ਛੋਟਾ ਥਾਣੇਦਾਰ ਲੱਗਾ ਹੋਇਆ ਸੀ, ਨੇ ਪੂਰਾ ਜ਼ੋਰ ਲਾ ਕੇ ਇਕ ਵਾਰ ਤਾਂ ਬਾਹਰ ਕੱਢਵਾ ਲਿਆ ਸੀ।

ਨਿਰਮਲ ਨੇ ਫਿਰ ਪੁੱਛਿਆ, ਯਾਰ ਮੈਂ ਤੈਨੂੰ ਇਹ ਵੀ ਪੁੱਛਿਆ ਸੀ, ਤੂੰ ਫੜ ਕਿਵੇਂ ਹੋਇਆ? ਪੁਲਸ ਨੂੰ ਕਿਵੇਂ ਪਤਾ ਚੱਲਿਆ ਕਿ ਵਰਿੰਦਰ ਤੇਰੇ ਘਰ ਆਉਂਦਾ ਹੈ?

ਸੋਨੂੰ ਫਿਰ ਬੋਲਿਆ, ਹਾਂ ਸੱਚ ਉਹ ਤਾਂ ਦੱਸਣਾ ਹੀ ਭੁੱਲ ਗਿਆ। ਉਹ ਇਸ ਤਰ੍ਹਾਂ ਹੋਇਆ ਕਿ ਜਿਹੜਾ ਸਿੰਘ, ਵਰਿੰਦਰ ਨਾਲ ਘਰ ਆਇਆ ਸੀ ਉਹ ਕਿਧਰੇ ਫੜਿਆ ਗਿਆ। ਸਾਡੇ ਘਰੋਂ ਜਾਣ ਤੋਂ ਦੋ ਦਿਨ ਬਾਅਦ। ਪਹਿਲਾਂ ਤਾਂ ਉਸ ਵਿਚਾਰੇ ਤੋਂ ਜਿੰਨੀ ਕੁ ਮਾਰ ਖਾ ਹੋਈ ਉਹ ਖਾਂਦਾ ਰਿਹਾ। ਜਦ ਹੱਦੋਂ ਵੱਧ ਹੋ ਗਈ ਤਾਂ ਉਹ ਮਾਰ ਤੋਂ ਬਚਣ ਲਈ ਫਿਰ ਸ਼ੁਰੂ ਹੋ ਗਿਆ। ਉਹ ਨੇ ਤਾਂ ਮੇਰੇ ਵਰਗਿਆਂ ਦੀ ਲਾਈਨ ਹੀ ਲੁਵਾ ਦਿੱਤੀ ਸੀ।

ਐਨੀਂ ਦੇਰ ਵਿੱਚ ਫਿਰ ਇਕ ਪੁਲਸ ਨਾਕਾ ਇਲਾਹਾਬਾਦ ਦੇ ਬਾਈਪਾਸ 'ਤੇ ਆ ਗਿਆ। ਉਥੇ ਐਂਟਰੀ ਦੇਣ ਦੇ ਚੱਕਰ ਵਿੱਚ ਗੱਲਬਾਤ ਦੀ ਲੜੀ ਫਿਰ ਟੁੱਟ ਗਈ।




ਹੁਣ ਹਨੇਰਾ ਵੀ ਪੈਣਾ ਸ਼ੁਰੂ ਹੋ ਗਿਆ ਸੀ। ਨਿਰਮਲ ਨੇ ਵੀ ਵਾਹਿਗੁਰੂ ਕਹਿ ਕੇ ਪਹਿਲਾਂ ਡਿੰਮ ਲਾਈਟਾਂ ਜਗਾ ਦਿੱਤੀਆਂ ਫਿਰ ਕੈਬਿਨ ਦੀ ਬੱਤੀ ਵੀ ਜਗਾ ਦਿੱਤੀ।

ਨਿਰਮਲ ਨੇ ਸੋਨੂੰ ਨੂੰ ਕਿਹਾ, ਆਹ, ਤੂੰ ਅਗਰਬੱਤੀ ਬਾਲਦੇ, ਪੀਪੀ ਵਿੱਚੋਂ ਪਾਣੀ ਨਾਲ ਪਹਿਲਾਂ ਹੱਥ ਧੋ ਲੈ। ਸੋਨੂੰ ਨੇ ਵੀ ਉਸੇ ਤਰ੍ਹਾਂ ਹੀ ਕੀਤਾ ਤੇ ਵਾਹਿਗੁਰੂ, ਸਤਿਨਾਮ ਕਹਿ ਕੇ ਗੁਰੂ ਸਾਹਿਬ ਦੀਆਂ ਲੱਗੀਆਂ ਫੋਟੋਆਂ ਅੱਗੇ ਦੋ ਤਿੰਨ ਅਗਰਬੱਤੀਆਂ ਬਾਲ ਕੇ ਲਗਾ ਦਿੱਤੀਆਂ।

ਰਾਤ ਦੇ ਦੱਸ ਕੁ ਵੱਜਦਿਆਂ ਨਿਰਮਲ ਨੇ ਇਕ ਢਾਬੇ 'ਤੇ ਗੱਡੀ ਰੋਕ ਲਈ। ਉਥੇ ਡਰਾਈਵਰਾਂ ਦਾ ਪੂਰਾ ਮੇਲਾ ਲੱਗਿਆ ਹੋਇਆ ਸੀ। ਉਹ ਜਿਵੇਂ ਗੱਡੀ ਵਿੱਚੋਂ ਹੇਠਾਂ ਉੱਤਰਿਆ ਤਾਂ ਦੋ ਅਵਾਜ਼ਾਂ ਇਕੱਠੀਆਂ ਆਈਆਂ। ਉਹ ਲੁਧਿਆਣੇ ਵਾਲਿਆਂ ਐਧਰ ਹੀ ਆਜਾ। ਉਹ ਮੰਜੇ ਤੋਂ ਉੱਠ ਖੜ੍ਹੇ ਹੋਏ ਤੇ ਨਿਰਮਲ ਵੀ ਪੂਰੀ ਗਰਮਜੋਸ਼ੀ ਨਾਲ ਉਨ੍ਹਾਂ ਨੂੰ ਜੱਫੀ ਪਾ ਇੰਝ ਮਿਲਿਆ ਜਿਵੇਂ ਜਨਮਾਂ ਦੇ ਵਿੱਛੜੇ ਭਰਾ ਮਿਲੇ ਹੋਣ। ਇਹ ਸਭ ਦੇਖ ਕੇ ਸੋਨੂੰ ਖ਼ੁਸ਼ ਵੀ ਹੋਇਆ ਤੇ ਆਪਣੇ ਵਿੱਛੜੇ ਯਾਰਾਂ ਨੂੰ ਯਾਦ ਕਰਕੇ ਉਦਾਸ ਵੀ।

ਉਹ ਦੋਵੇਂ ਪਹਿਲਾਂ ਹੀ ਸ਼ਰਾਬ ਦੀ ਬੋਤਲ ਖੋਲ੍ਹੀ ਬੈਠੇ ਸਨ। ਜਦ ਉਨ੍ਹਾਂ ਨੇ ਉਸ ਲਈ ਕੱਚ ਦਾ ਗਲਾਸ ਮੰਗਵਾਇਆ ਤਾਂ ਉਸ ਨੇ ਸੋਨੂੰ ਨੂੰ ਕਿਹਾ, ਜੇਕਰ ਗੁੱਸਾ ਨਾ ਕਰੇਂ ਤਾਂ ਅੱਜ ਕਰ ਲਵਾਂ ਰਾਂਝਾ ਰਾਜੀ? ਇਨ੍ਹਾਂ ਕਿਹੜਾ ਰੋਜ਼-ਰੋਜ਼ ਮਿਲਣਾ।

ਸੋਨੂੰ ਨੇ ਮੋਢੇ 'ਤੇ ਹੱਥ ਮਾਰਦੇ ਕਿਹਾ, ਕਰ ਬਾਈ ਤੂੰ ਤਾਂ ਆਪਣਾ ਰਾਂਝਾ ਰਾਜੀ, ਮੈਂ ਰੋਟੀ ਖਾ ਕੇ ਪੈਨਾ।


ਨਿਰਮਲ ਨੇ ਕੋਲ ਖੜ੍ਹੇ ਹੋਟਲ ਦੇ ਸੇਵਾਦਾਰ ਮੁੰਡੇ ਨੂੰ ਕਿਹਾ, ਛੋਟਾ ਭਾਈ ਹੈ ਮੇਰਾ, ਧਿਆਨ ਸੇ ਚੰਗੀ ਸੇਵਾ ਕਰਨੀ, ਦਾਲ ਮੇਂ ਮੱਖਣ ਜ਼ਰੂਰ ਡਾਲ ਕੇ ਦੇਣਾ, ਅੱਛਾ ਸਮਝ ਗਿਆ ਨਾ। ਉਹ ਵੀ ਅੱਛਾ ਜੀ ਕਹਿ ਕੇ ਚਲਾ ਗਿਆ।

ਨਿਰਮਲ ਆਪਣੇ ਮਿੱਤਰਾਂ ਨਾਲ ਪੈਗ ਲਾਉਣ ਲੱਗ ਪਿਆ। ਸੋਨੂੰ ਰੋਟੀ ਖਾ ਕੇ ਕੈਬਿਨ ਵਿਚ ਡਿੰਮ ਲਾਈਟ ਜਗਾ ਕੇ ਨਾਵਲ ਪੜ੍ਹਨ ਲੱਗ ਪਿਆ।

**ਬਾਕੀ ਹਿਸਾ ਅਗਲੇ ਸਫ਼ੇ 34 ਤੇ ਪੜ੍ਹੋ**

# ਬਗਾਵਤ ਕਰਨ ਵਾਲੇ ਸਿੱਖ ਫੌਜੀ ਜਵਾਨਾਂ ਨੂੰ ਰੋਕਣ ਲਈ ਭਾਰਤ ਦੀਆਂ ਹਵਾਈ ਤੇ ਥਲ ਸੈਨਾਵਾਂ ਦੀ ਜਵਾਬੀ ਕਰਵਾਈ ਵਿੱਚ 13 ਸਿੱਖ ਜਵਾਨ ਸ਼ਹੀਦ ਹੋ ਗਏ ਤੇ ਬਹੁਤ ਸਾਰੇ ਜ਼ਖਮੀ ਹੋ ਗਏ ਸਨ





ਧਰਮੀ ਫੌਜੀ ਰਣਬੀਰ ਸਿੰਘ ਦਾ ਫੌਜ ਵਿੱਚ ਸਰਵਿਸ ਦੌਰਾਨ ਵਰਤਣ ਵਾਲਾ ਸਮਾਨ - ਸੱਜੇ ਉਹ ਸਜ਼ਾ ਦਿੱਤੇ ਜਾਣ ਵਾਲਾ ਪੱਤਰ ਦਿਖਾਉਂਦੇ ਹੋਏ



9 ਸਿੱਖ ਰੈਜਿਮੈਂਟ (ਪੂਨਾ) ਪੋਸਟਿੰਗ ਸਮੇਂ ਖੇਡਾਂ 'ਚ ਭਾਗ ਲੈਣ ਉਪਰੰਤ ਸਰਕਲ ਵਿੱਚ ਰਣਬੀਰ ਸਿੰਘ ਫੌਜੀ ਨਜ਼ਰ ਆ ਰਹੇ ਹਨ

ਲੜੀ ਜੋੜਨ ਲਈ ਅੰਕ 3133 ਦੇਖੋ:

ਇਥੇ ਛੇ ਫੁੱਟ ਬਾਈ 10 ਫੁੱਟ ਦੇ ਲੋਹੇ ਦੀਆਂ ਸ਼ੀਟਾਂ ਵਾਲੇ ਪਿੰਜਰਾ ਨੁਮਾ ਕਮਰੇ (ਸ਼ੈਡ) ਜਿਹੇ ਬਣਾਏ ਹੋਏ ਸਨ, ਹੇਠਾਂ ਥਾਂ ਵੀ ਕੱਚਾ ਹੀ ਸੀ। ਅੰਦਰ ਪਾਣੀ ਵਾਲਾ ਇੱਕ ਮਟਕਾ ਰੱਖਿਆ ਸੀ। ਇੱਕ-ਇੱਕ ਕਮਰੇ ਵਿੱਚ ਇਕੱਲੇ-ਇਕੱਲੇ ਫੌਜੀ ਨੂੰ ਬੰਦ ਕਰ ਦਿੱਤਾ ਗਿਆ। ਇਸ ਦੇ ਇਲਾਵਾ ਹੋਰ ਕੋਈ ਵੀ ਸਹੂਲਤ ਨਹੀਂ ਸੀ। ਟੌਇਲਟ ਵਾਸਤੇ ਹੇਠਾਂ ਰੇਤਲੀ ਜ਼ਮੀਨ ਨੂੰ ਪੁੱਟ ਕੇ ਇੱਕ ਖੱਡਾ ਬਣਾਇਆ ਹੁੰਦਾ ਤੇ ਉਸ ਉਤੇ ਮਿੱਟੀ ਪਾ ਦਿੰਦੇ ਸੀ। ਜੂਨ ਦੇ ਮਹੀਨੇ ਵਿੱਚ ਲੋਹੇ ਦੀਆਂ ਚਾਦਰਾਂ ਵੀ ਤਪਦੀਆਂ ਸਨ ਤੇ ਹੇਠਾਂ ਰੇਤਾ ਵੀ ਤਪਦਾ ਸੀ। ਸਿਖਰ ਦੁਪਹਿਰ ਨੂੰ ਤਾਂ ਤਪਦੇ ਤੰਦੂਰ ਵਾਂਗ ਅੰਦਰ ਦਾ ਤਾਪਮਾਨ ਹੋ ਜਾਂਦਾ ਸੀ। ਮੁੜ੍ਹਕੇ ਨਾਲ ਭਿੱਜੇ ਕੱਪੜੇ ਬੁਨੈਣ ਆਦਿ ਨੂੰ ਨਿਚੋੜ ਕੇ ਮੂੰਹ ਗਿੱਲਾ ਕਰਦੇ ਸਾਂ ਤੇ ਗਰਮੀ ਤੋਂ ਬਚਣ ਲਈ ਗਿੱਲੇ ਕੱਪੜੇ ਨਾਲ ਝੱਲ ਮਾਰਦੇ ਸਾਂ।

ਉਸ ਲੋਹੇ ਦੇ ਸੈਲ ਦਾ ਛੋਟਾ ਜਿਹਾ ਦਰਵਾਜ਼ਾ ਖੋਹਲ ਕੇ ਪਾਣੀ ਵਾਂਗ ਪਤਲੀ ਦਾਲ ਤੇ ਚੌਲ ਖਾਣ ਲਈ ਦਿੰਦੇ ਸਨ। ਮੈਨੂੰ ਪਹਿਲੇ ਦਿਨ ਖਾਣਾ ਲੈਣ ਲਈ ਕੋਈ ਪਲੇਟ ਨਹੀਂ ਮਿਲੀ ਸੀ। ਮੈਂ ਆਪਣੀ ਪੱਗ ਦਾ ਲੜ ਖੋਹਲ ਕੇ ਉਹ ਚੌਲ ਤੇ ਦਾਲ ਉਸ ਦੇ ਪੱਲੇ ਵਿੱਚ ਪਾ ਕੇ ਖਾਧੇ। ਕਈ ਵਾਰ ਤਾਂ ਦਾਲ ਦੇ ਵਿੱਚ ਬੀੜੀਆਂ ਵੀ ਦੇਖਣ ਨੂੰ ਮਿਲਦੀਆਂ ਸਨ। ਪੰਦਰਾਂ ਵੀਹ ਦਿਨ ਸਾਨੂੰ ਮਾਨਸਿਕ ਤਸੀਹੇ ਦਿੰਦੇ ਰਹੇ।

*ਸਵਾਲ - ਜਿਹੜੇ ਤੁਹਾਡੇ ਨਾਲ ਦੇ ਫੌਜੀ ਪਿੱਛੇ ਰਹਿ ਗਏ ਸਨ, ਉਹਨਾਂ ਦਾ ਕੀ ਬਣਿਆਂ ? ਤੁਹਾਨੂੰ ਉਹਨਾਂ ਬਾਰੇ ਕਿਵੇਂ ਤੇ ਕਦੋਂ ਪਤਾ ਲੱਗਿਆ ?*

ਜਵਾਬ - ਇਥੇ ਸਾਨੂੰ ਕੁੱਝ ਦਿਨਾਂ ਬਾਅਦ ਪਤਾ ਲੱਗਿਆ ਕਿ 8 ਜੂਨ ਨੂੰ ਭਾਰਤੀ ਫੌਜ ਨੇ ਸਾਡੇ ਨਾਲ ਪਿੱਛੇ ਆ ਰਹੀਆਂ ਗੱਡੀਆਂ ਉਤੇ ਅਬੋਹਰ ਦੇ ਨੇੜੇ ਤੜਕੇ ਢਾਈ ਵਜੇ ਦੇ ਕਰੀਬ ਬਹੁਤ ਭਾਰੀ ਗੋਲੀਬਾਰੀ ਕੀਤੀ ਸੀ, ਇਹ ਤਿੰਨ ਗੱਡੀਆਂ ਸਨ। ਪਹਿਲੀ ਗੱਡੀ ਵਿੱਚ 39 ਜਵਾਨ ਸਨ, ਭਾਰਤੀ ਫੌਜ ਦੀ ਗੋਲੀਬਾਰੀ ਨਾਲ ਉਸ ਗੱਡੀ ਵਿੱਚਲੇ 13 ਫੌਜੀ ਸ਼ਹੀਦ ਅਤੇ ਕਰੀਬ 26 ਜਵਾਨ ਜਖਮੀ ਹੋ ਗਏ ਸਨ। ਉਥੇ ਹੀ ਸਾਨੂੰ ਇਹ ਵੀ ਪਤਾ ਲੱਗਿਆ ਸੀ ਕਿ ਉਹਨਾਂ ਸਾਰਿਆਂ ਦੀਆਂ ਲਾਸ਼ਾਂ ਉਹਨਾਂ ਦੇ ਵਾਰਸਾਂ ਨੂੰ ਨਹੀਂ ਦਿੱਤੀਆਂ ਗਈਆਂ ਬਲਕਿ ਇੱਕੋ ਥਾਂ ਤੇ ਇਕੱਠੀਆਂ ਕਰਕੇ ਅੱਗ ਲਾ ਦਿੱਤੀ ਗਈ। ਉਹਨਾਂ ਦਾ ਸੰਸਕਾਰ ਵੀ ਸਿੱਖ ਰੀਤੀ ਅਨੁਸਾਰ ਨਾ ਕੀਤਾ ਗਿਆ। ਇਹਨਾਂ ਤਿੰਨਾਂ ਗੱਡੀਆਂ ਨੂੰ ਘੇਰਾ ਪਾ ਕੇ ਬਾਕੀ ਜਵਾਨਾਂ ਨੂੰ ਥੱਲੇ ਉਤਾਰ ਲਿਆ ਗਿਆ ਤੇ ਆਪਣੇ ਹਥਿਆਰ ਹੇਠਾਂ ਰੱਖਣ ਲਈ ਕਿਹਾ। ਉਹਨਾਂ ਨੇ ਹਥਿਆਰ ਹੇਠਾਂ ਰੱਖ ਦਿੱਤੇ। ਇਸ ਡੋਗਰਾ ਪਲਟਣ ਦੇ ਮੇਜਰ ਨੇ ਇਹਨਾਂ ਜਵਾਨਾਂ ਨੂੰ ਗੋਲੀ ਮਾਰਨ ਦਾ ਹੁਕਮ ਦੇ ਦਿੱਤਾ। ਇਹ ਹਾਲਾਤ ਦੇਖ ਕੇ ਸਿੱਖ ਫੌਜੀ ਜਵਾਨਾਂ ਨੇ ਵੀ ਮੁੜ ਹਥਿਆਰ ਚੁੱਕ ਲਏ ਤੇ ਕਹਿਣ ਲੱਗੇ ਕਿ ਅਸੀਂ ਤਾਂ ਹੁਣ ਮਰਨਾ ਹੀ ਹੈ ਲੜ ਕੇ ਮਰਾਂਗੇ। ਉਸ ਯੂਨਿਟ ਵਿੱਚ ਇਕ ਸਿੱਖ ਸੂਬੇਦਾਰ ਸੀ ਉਸ ਨੇ ਮੇਜਰ ਨੂੰ ਕਿਹਾ ਕਿ ਹੁਣ ਇਹ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਤੁਸੀਂ ਇਹਨਾਂ ਨੂੰ ਇੰਝ ਗੋਲੀ ਨਹੀਂ ਮਾਰ ਸਕਦੇ। ਸੂਬੇਦਾਰ ਦੇ ਕਹਿਣ ਤੇ ਇਹ ਜਵਾਨ ਬਚ ਗਏ। ਇਹ ਦੂਸਰੀ ਯੂਨਿਟ ਦੇ 3 ਫੀਲਡ ਰੈਜਿਮੈਂਟ ਦੇ ਜਵਾਨ ਸਨ।

ਇਸ ਪਿੱਛੋਂ ਜਦੋਂ ਇਹਨਾਂ ਬਾਕੀ 28 ਜਵਾਨਾਂ ਨੂੰ ਹੋਰ ਪਾਸੇ ਲਿਜਾ ਕੇ ਦਾਲ ਚੌਲ ਵਗੈਰਾ ਖਾਣ ਲਈ ਦੇਣ ਲੱਗੇ ਤਾਂ ਗ੍ਰਿਫ਼ਤਾਰ ਕਰਨ ਵਾਲੇ ਫੌਜੀਆਂ ਵਿੱਚੋਂ ਕੁੱਝ ਨੇ ਬਗਾਵਤ ਕਰਨ ਵਾਲੇ ਸਿੱਖ ਜਵਾਨਾਂ ਨੂੰ ਦੱਸਿਆ ਕਿ ਤੁਸੀਂ ਇਹ ਕੰਮ ਵੈਸੇ ਚੰਗਾ ਕੀਤਾ ਹੈ। ਇਸ ਨਾਲ ਇੰਦਰਾ ਗਾਂਧੀ ਨੂੰ ਵੀ ਪਤਾ ਲੱਗ ਗਿਆ ਕਿ ਸਿੱਖ ਫੌਜੀ ਚੁੱਪ ਨਹੀਂ ਬਹਿਣਗੇ। ਜੇ ਤੁਸੀਂ ਬਗਾਵਤ ਨਾ ਕਰਦੇ ਤਾਂ ਇੰਦਰਾ ਗਾਂਧੀ ਦਾ ਨਿਸ਼ਾਨਾ ਪੰਜਾਬ ਦੇ 15 ਸਾਲ ਤੋਂ 40 ਸਾਲ ਦੀ ਉਮਰ ਦੇ ਸਿੱਖ ਨੌਜਵਾਨਾਂ ਨੂੰ ਖਤਮ ਕਰ ਦੇਣਾ ਸੀ। ਇਹ ਗੱਲ ਮੈਨੂੰ ਪਰਗਟ ਸਿੰਘ ਨੇ ਉਦੋਂ ਦੱਸੀ ਸੀ, ਜਦੋਂ ਉਸ ਨੂੰ ਵੀ ਹੋਰ ਫੌਜੀਆਂ ਸਮੇਤ ਸਾਡੇ ਵਾਲੀ ਜੇਹਲ ਵਿੱਚ ਲਿਆਂਦਾ ਗਿਆ।

*ਸਵਾਲ - ਬਗਾਵਤ ਕਰਨ ਵਾਲੇ ਸਿੱਖ ਫੌਜੀਆਂ ਦੇ ਵਿਰੁੱਧ ਫੌਜ ਵੱਲੋਂ ਮੁਕੱਦਮੇ ਬਾਰੇ ਵੀ ਦੱਸੋ ਕਿ ਇਹ ਕਾਰਵਾਈ ਕਿਵੇਂ ਚੱਲੀ?*

ਜਵਾਬ - ਫਿਰ ਪੁੱਛਗਿੱਛ ਕਰਨ ਲਈ ਦਿੱਲੀ ਤੋਂ ਫੌਜੀ ਅਫ਼ਸਰਾਂ ਦੀ ਇੱਕ ਸਪੈਸ਼ਲ ਟੀਮ ਮੰਗਵਾਈ ਗਈ। ਜਾਂਚ ਟੀਮ ਨੇ ਸਾਨੂੰ ਇਕੱਲੇ-ਇਕੱਲੇ ਨੂੰ ਪੁੱਛ-ਗਿੱਛ ਕਰਨੀ ਸ਼ੁਰੂ ਕਰ ਦਿੱਤੀ। ਪੁੱਛ-ਗਿੱਛ ਕਰਨ ਪਿੱਛੋਂ ਸਾਨੂੰ ਮੁੜ ਸੈਲਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਪੰਦਰਾਂ-ਵੀਹ ਦਿਨ ਸਖਤੀ ਨਾਲ ਸਾਡੀ ਪੁੱਛ-ਗਿੱਛ ਕਰਦੇ ਰਹੇ। ਮੈਨੂੰ ਇਹ ਵੀ ਪੁੱਛਿਆ ਗਿਆ ਕਿ ਤੂੰ ਤਾਂ ਕੁਆਟਰ ਗਾਰਡ ਦਾ ਗਾਰਡ ਕਮਾਂਡਰ ਸੀ, ਤੂੰ ਜਵਾਨਾਂ ਨੂੰ ਹਥਿਆਰ ਕਿਵੇਂ ਦੇ ਦਿੱਤੇ? ਉਹ ਕਹਿਣ ਲੱਗੇ ਕਿ ਤੂੰ ਸੰਤਾਂ ਤੋਂ ਕਿਤੇ ਪੈਸੇ ਤਾਂ ਨਹੀਂ ਲਏ ! ਮੈਂ ਜਵਾਬ ਦਿੱਤਾ ਕਿ ਸਾਡਾ ਅਕਾਲ ਤਖ਼ਤ ਟੈਂਕਾਂ ਤੋਪਾਂ ਨਾਲ ਢਾਹ-ਢੇਰੀ ਕੀਤਾ ਹੋਵੇ, ਸ੍ਰੀ ਹਰਿਮੰਦਰ ਸਾਹਿਬ ਨੂੰ ਨੁਕਸਾਨ ਪਹੁੰਚਾਇਆ ਹੋਵੇ, ਤਾਂ ਸਾਨੂੰ ਪੈਸੇ ਚੰਗੇ ਲੱਗਦੇ ਹਨ ! ਇਸ ਤਰ੍ਹਾਂ ਬਾਕੀ ਜਵਾਨਾਂ ਦੀ ਵੀ ਪੁੱਛਗਿੱਛ ਕਰਦੇ ਰਹੇ।


ਸਾਰਿਆਂ ਦੀ ਪੁੱਛ-ਗਿੱਛ ਤੋਂ ਬਾਅਦ ਸੈਲਾਂ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਫਿਰ ਅਸੀਂ ਨੰਗੇ ਅਸਮਾਨ ਹੇਠ ਜ਼ਮੀਨ ਉਤੇ ਰੇਤ ਦੇ ਢੇਰ ਜਿਹੇ ਬਣਾ ਕੇ ਉਤੇ ਤਰਪਾਲਾਂ ਸੁੱਟ ਕੇ ਸੌਣ ਦਾ ਪ੍ਰਬੰਧ ਕਰ ਲੈਂਦੇ ਸੀ। ਫਿਰ ਤਾਂ ਸਾਨੂੰ ਪਾਣੀ ਦੇ ਵੱਡੇ ਟੈਂਕਰ ਲਿਆ ਦਿੱਤੇ ਜਿਸ ਨਾਲ ਇਸ਼ਨਾਨ ਕਰਨ ਯੋਗ ਪਾਣੀ ਮਿਲਣ ਲੱਗ ਪਿਆ ਤੇ ਸਾਡੇ ਵੱਲੋਂ ਮੰਗ ਕਰਨ ਤੇ ਸਾਨੂੰ ਪਾਠ ਕਰਨ ਲਈ ਗੁਟਕਾ ਸਾਹਿਬ ਵੀ ਮੁਹੱਈਆ ਕਰ ਦਿੱਤੇ ਗਏ।

*ਸਵਾਲ - ਫਿਰ ਬਗਾਵਤ ਕਰਨ ਵਾਲੇ ਜਵਾਨਾਂ ਖਿਲਾਫ਼ ਅਦਾਲਤੀ ਕਾਰਵਾਈ ਜਾਂ ਜਨਰਲ ਕੋਰਟ ਮਾਰਸ਼ਲ ਕਿਵੇਂ ਹੋਇਆ ਤੇ ਕੀ ਫੈਸਲਾ ਸੁਣਾਇਆ ਗਿਆ ?*

ਜਵਾਬ - ਸਾਡੀ ਪੁੱਛ ਗਿੱਛ ਤੋਂ ਬਾਅਦ 15 ਬਿਹਾਰ ਰੈਜਮੈਂਟ ਦੇ ਅਧੀਨ ਕੋਰਟ ਮਾਰਸ਼ਲ ਲਈ ਇੱਕ ਅਦਾਲਤ ਬਿਠਾਈ ਗਈ। ਇਸ ਅਦਾਲਤ ਵਿੱਚ ਵਕੀਲ ਤੇ ਜੱਜ ਵੀ ਫੌਜ ਦੇ ਹੀ ਸਨ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਨੂੰ ਵਕੀਲ ਕਰਕੇ ਦਿੱਤੇ ਗਏ। ਜਿੱਥੇ ਵੀ ਭਾਰਤ ਦੇ ਹਿੱਸਿਆਂ ਵਿੱਚ ਫੌਜੀਆਂ ਨੇ ਬਗਾਵਤ ਕੀਤੀ ਸੀ, ਉਹਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਕੀਲ ਦਿੱਤੇ ਗਏ ਸਨ। 9 ਸਿੱਖ ਰੈਜਮੈਂਟ ਦੇ ਫੌਜੀਆਂ ਦਾ ਵਕੀਲ ਰਿ-ਟਾਇਰਡ ਬ੍ਰਿਗੇਡੀਅਰ ਸ: ਕੁਲਵੰਤ ਸਿੰਘ ਗਿੱਲ, ਜੋ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਉਘਾ ਵਕੀਲ ਸੀ, ਉਹ ਚੰਡੀਗੜ੍ਹ ਰਹਿੰਦਾ ਸੀ। ਜਿੱਥੇ ਅਦਾਲਤ ਲਗਾਈ ਗਈ ਸੀ, ਉਥੇ ਸਾਡੇ ਸਿੱਖ ਜਵਾਨਾਂ ਨੂੰ ਪੇਸ਼ ਕਰਦੇ ਸਨ।

ਅਗਲੇ ਪੰਨੇ 34 'ਤੇ

# ਸਜ਼ਾ ਪੂਰੀ ਹੋਣ ਤੇ ਰਿਹਾਈ ਪਿੱਛੋਂ ਪੰਥ ਦੇ ਵੱਡੇ ਵੱਡੇ ਸਿੱਖ ਆਗੂਆਂ ਨੇ ਬੜਾ ਮਾਣ ਸਨਮਾਨ ਕੀਤਾ


CERTIFICATE.

Certified that Ranbir Singh S/o Shri Raja Singh resident of V. Ucha Ladhana Distt Jalandhar was admitted in this jail on ... and was released on 23.10.87 to District Jail ...

Superintendent, District Jail, Chandigarh.

ਧਰਮੀ ਫੌਜੀ ਰਣਬੀਰ ਸਿੰਘ ਨੂੰ ਬੁੜੈਲ ਜੇਹਲ ਚੰਡੀਗੜ੍ਹ ਵਿੱਚੋਂ ਰਿਹਾਅ ਹੋਣ ਸਮੇਂ ਮਿਲਿਆ ਪ੍ਰਮਾਣ ਪੱਤਰ

**ਧਰਮੀ ਫੌਜੀ ਰਣਬੀਰ ਸਿੰਘ**

33 ਪੰਨੇ ਤੋਂ ਅੱਗੇ

ਇਹ ਟਰਾਇਲ ਬਾਰਾਂ ਤੇਰਾਂ ਮਹੀਨੇ ਚੱਲਿਆ। ਇਥੋਂ ਅਗਸਤ 1985 ਨੂੰ ਸਾਨੂੰ 10 ਫੌਜੀਆਂ ਦੇ ਗਰੁੱਪ ਨੂੰ ਸਜ਼ਾ ਸੁਣਾਈ ਗਈ। ਮੈਂ ਕਿਹਾ ਕਿ ਜਦੋਂ ਇਹ ਸਾਨੂੰ ਸਜ਼ਾ ਸੁਨਾਉਣਗੇ ਤਾਂ ਆਪਾਂ ਹਰੇਕ ਨੌਜਵਾਨ ਦੀ ਸਜ਼ਾ ਮੌਕੇ ਪੰਜ-ਪੰਜ ਜੈਕਾਰੇ 'ਬੋਲੇ ਸੋ ਨਿਹਾਲ' ਦੇ ਲਾਉਣੇ ਹਨ। ਜਦੋਂ ਵੀ ਜੱਜ ਕਿਸੇ ਨੌਜਵਾਨ ਨੂੰ ਸਜ਼ਾ ਸੁਣਾਉਂਦਾ ਤਾਂ ਸਾਰੇ ਇਕੱਠੇ 'ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਾਉਂਦੇ।

*ਜਿਹਨਾਂ ਨੂੰ ਸਜ਼ਾ ਸੁਣਾਈ ਗਈ, ਉਹਨਾਂ ਦੇ ਨਾਂ ਇਸ ਤਰ੍ਹਾਂ ਹਨ:*

**9 ਸਿੱਖ ਰੈਜਿਮੈਂਟ ਦੇ ਕੁਆਰਟਰ ਗਾਰਡ ਡਿਊਟੀ ਵਾਲੇ ਧਰਮੀ ਫੌਜੀ**

1) ਹਵਾਲਦਾਰ ਰਣਬੀਰ ਸਿੰਘ 14 ਸਾਲ
2) ਨਾਇਕ ਕੁਲਦੀਪ ਸਿੰਘ 12 ਸਾਲ
3) ਸਿਪਾਹੀ ਪਰੀਤਮ ਸਿੰਘ 10 ਸਾਲ
4) ਸਿਪਾਹੀ ਕੁਲਵੰਤ ਸਿੰਘ 10 ਸਾਲ
5) ਸਿਪਾਹੀ ਪਰਗਟ ਸਿੰਘ 10 ਸਾਲ
6) ਸਿਪਾਹੀ ਕਰਮ ਸਿੰਘ 10 ਸਾਲ
7) ਸਿਪਾਹੀ ਹਰਪਾਲ ਸਿੰਘ 10 ਸਾਲ
8) ਸਿਪਾਹੀ ਬਲਵਿੰਦਰ ਸਿੰਘ 10 ਸਾਲ
9) ਸਿਪਾਹੀ ਪਿਆਰਾ ਸਿੰਘ 7 ਸਾਲ
10) ਸਿਪਾਹੀ ਜਗਮੇਲ ਸਿੰਘ 10 ਸਾਲ

ਇਹਨਾਂ ਦੇ ਇਲਾਵਾ ਹੋਰ ਵੀ ਬਹੁਤ ਸਾਰੇ ਫੌਜੀ ਜਵਾਨਾਂ ਨੂੰ ਕੈਦ ਦੀਆਂ ਸਜ਼ਾਵਾਂ ਹੋਈਆਂ ਸਨ। ਸਾਡੀ ਰੈਜਿਮੈਂਟ ਚੋਂ ਲੱਗਭੱਗ 400 ਜਵਾਨ ਚੱਲੇ ਸਨ, ਤੇ ਟਰਾਇਲ ਪਿੱਛੋਂ 51 ਨੂੰ ਲੰਮੀਆਂ ਸਜ਼ਾਵਾਂ ਹੋਈਆਂ ਸਨ। ਕੁੱਝ ਨੂੰ 2 ਮਹੀਨੇ ਤੇ ਕਈਆਂ ਨੂੰ 4 ਮਹੀਨੇ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਕਈ ਜਵਾਨ 15 ਬਿਹਾਰ ਰੈਜਿਮੈਂਟ ਦੇ ਅੰਡਰ ਸਜ਼ਾਵਾਂ ਕੱਟਣ ਪਿੱਛੋਂ ਹੋਰ ਦੂਜੀਆਂ ਸਿੱਖ ਪਲਟਣਾਂ ਨੂੰ ਭੇਜ ਦਿੱਤੇ ਗਏ। ਤੇ ਬਾਅਦ ਵਿੱਚ 9 ਸਿੱਖ ਰੈਜਿਮੈਂਟ ਤੋੜ ਦਿੱਤੀ ਗਈ, ਹੁਣ ਇਸ ਰੈਜਿਮੈਂਟ ਦੀ ਹੋਂਦ ਭਾਰਤੀ ਫੌਜ ਵਿੱਚ ਨਹੀਂ ਹੈ।

ਸਜ਼ਾ ਸੁਨਾਉਣ ਪਿੱਛੋਂ ਸਾਨੂੰ ਦੂਸਰੇ ਪਾਸੇ ਬੈਰਕਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਉਹਨਾਂ ਬੈਰਕਾਂ ਦੁਆਲੇ ਵੀ ਕੰਡਿਆਲੀਆਂ ਤਾਰਾਂ ਲਾਈਆਂ ਹੋਈਆਂ ਸਨ। ਇੱਕ ਮਹੀਨੇ ਬਾਅਦ ਸਾਨੂੰ ਸੂਰਤਗੜ੍ਹ ਤੋਂ ਸ੍ਰੀ ਗੰਗਾ ਨਗਰ ਜੇਹਲ ਵਿੱਚ ਭੇਜ ਦਿੱਤਾ ਗਿਆ। ਇਥੇ ਸਾਨੂੰ ਬਹੁਤ ਸਾਰੇ ਸਿੰਘ ਅਤੇ ਫ਼ੈਡਰੇਸ਼ਨ ਦੇ ਜਵਾਨ ਮਿਲੇ, ਜਿਹੜੇ ਬੜੀ ਚੜ੍ਹਦੀ ਕਲਾ ਵਿੱਚ ਸਨ। ਜਦੋਂ ਅਸੀਂ ਜੇਹਲ ਅੰਦਰ ਗਏ ਤਾਂ ਸਾਡਾ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ। ਸਾਡਾ ਫੌਜ ਦੌਰਾਨ ਵਰਤਣ ਵਾਲਾ ਜਿਹੜਾ ਨਿੱਜੀ ਸਮਾਨ ਸੀ, ਉਹ ਜੇਹਲ ਵਿੱਚ ਸਾਨੂੰ ਪਹੁੰਚਾ ਦਿੱਤਾ ਗਿਆ।

ਜਦੋਂ ਫ਼ੈਡਰੇਸ਼ਨ ਦੇ ਨੌਜਵਾਨਾਂ ਦੀਆਂ ਮੁਲਾਕਾਤਾਂ ਲਈ ਕੋਈ ਆਉਂਦਾ ਤਾਂ ਉਹਨਾਂ ਰਾਹੀਂ ਬਾਹਰ ਖਬਰ ਭੇਜੀ ਗਈ ਕਿ ਬਗਾਵਤ ਕਰਨ ਵਾਲੇ ਫੌਜੀ ਸੂਰਤਗੜ੍ਹ ਤੋਂ ਸ੍ਰੀ ਗੰਗਾਨਗਰ ਜੇਹਲ ਵਿੱਚ ਆ ਗਏ ਹਨ, ਤਾਂ ਇਥੇ ਉਹ ਸਾਡੇ ਲਈ ਖੱਟੀਆਂ ਕੇਸਰੀ ਰੰਗ ਦੀਆਂ ਦਸਤਾਰਾਂ ਤੇ ਹੋਰ ਖਾਣ-ਪੀਣ ਦਾ ਸਮਾਨ ਭੇਜਣ ਲੱਗੇ। ਜਦੋਂ ਗੰਗਾਨਗਰ ਦੇ ਸਿੱਖਾਂ ਨੂੰ ਇਥੇ ਆਏ ਫੌਜੀ ਜਵਾਨਾਂ ਬਾਰੇ ਪਤਾ ਲੱਗਿਆ ਤਾਂ ਸਾਨੂੰ ਮਿਲਣ ਲਈ ਜੇਹਲ ਦੇ ਬਾਹਰ ਕਾਫ਼ੀ ਭੀੜ ਲੱਗਣ ਲੱਗੀ। ਉਹ ਕਹਿੰਦੇ ਕਿ ਸਾਡੀ ਮੁਲਕਾਤ ਕਰਵਾਓ ਅਸੀਂ ਆਪਣੇ ਭਰਾਵਾਂ ਨੂੰ ਮਿਲਣਾ ਚਾਹੁੰਦੇ ਹਾਂ। ਫਿਰ ਇੱਕ ਮਹੀਨੇ ਦੇ ਅੰਦਰ-ਅੰਦਰ ਸਾਨੂੰ ਗੰਗਾਨਗਰ ਤੋਂ ਫਿਰੋਜ਼ਪੁਰ ਜੇਹਲ ਵਿੱਚ ਭੇਜ ਦਿੱਤਾ ਗਿਆ। ਇਥੋਂ ਅੱਗੇ ਸਾਰਿਆਂ ਨੂੰ ਆਪੋ ਆਪਣੇ ਜ਼ਿਲ੍ਹੇ ਦੀ ਜੇਹਲ ਵਿੱਚ ਭੇਜ ਦਿੱਤਾ ਗਿਆ। ਅਸੀਂ ਛੇ ਫੌਜੀ ਜਲੰਧਰ ਜ਼ਿਲ੍ਹੇ ਦੇ ਸਾਂ, ਸਾਨੂੰ ਜਲੰਧਰ ਜੇਹਲ ਵਿੱਚ ਭੇਜ ਦਿੱਤਾ ਗਿਆ। ਇਥੇ ਕੁੱਝ ਸਮਾਂ ਰਹਿਣ ਦੌਰਾਨ ਮੈਂ ਬਿਮਾਰ ਹੋ ਗਿਆ ਤੇ 1987 ਵਿੱਚ ਜਲੰਧਰ ਤੋਂ ਚੰਡੀਗੜ੍ਹ ਜੇਹਲ ਵਿੱਚ ਬਦਲੀ ਕਰ ਦਿੱਤਾ ਗਿਆ। ਜੂਨ 1984 ਦੇ ਸਾਕੇ ਸਮੇਂ ਜਿਹੜੇ ਸਿੰਘ ਸ੍ਰੀ ਦਰਬਾਰ ਸਾਹਿਬ ਤੋਂ ਫੜੇ ਸਨ ਉਹਨਾਂ ਵਿੱਚੋਂ 365 ਸਿੰਘਾਂ ਨੂੰ ਜੋਧਪੁਰ ਜੇਹਲ ਵਿੱਚ ਬੰਦ ਕੀਤਾ ਗਿਆ ਸੀ, ਉਹਨਾਂ ਵਿੱਚੋਂ ਕੁੱਝ ਸਿੰਘਾਂ ਨੂੰ ਜਲੰਧਰ ਜੇਹਲ ਵਿੱਚ ਲਿਆਂਦਾ ਗਿਆ, ਜਿਹਨਾਂ ਨੇ ਸਾਡਾ ਫੌਜੀ ਜਵਾਨਾਂ ਦਾ ਬੜਾ ਸਤਿਕਾਰ ਕੀਤਾ।


*ਸਵਾਲ - ਜੇਹਲ ਤੋਂ ਰਿਹਾਅ ਕਦੋਂ ਹੋਏ?*

ਜਵਾਬ - ਟਾਡਾ ਐਕਟ ਅਧੀਨ ਗ੍ਰਿਫ਼ਤਾਰ ਕੀਤੇ ਗਏ ਮੇਜਰ ਜਨਰਲ ਨਰਿੰਦਰ ਸਿੰਘ, ਬੀਬੀ ਬਿਮਲ ਕੌਰ ਖਾਲਸਾ, ਦਇਆ ਸਿੰਘ ਦਿਲਬਰ, ਰਾਜਿੰਦਰ ਸਿੰਘ ਖੁਰਾਣਾ ਨੂੰ ਦੋ ਸਾਲਾਂ ਬਾਅਦ ਰਿਹਾਅ ਕਰ ਦਿੱਤਾ ਗਿਆ। ਇਸ ਪਿੱਛੋਂ 1990 ਵਿੱਚ ਮੇਰੀ ਸਜ਼ਾ ਪੂਰੀ ਹੋ ਗਈ ਤੇ ਮੈਂ ਵੀ ਰਿਹਾਅ ਹੋ ਗਿਆ। ਇਸ ਪਿੱਛੋਂ ਘਰ ਵਿੱਚ ਗੁਰੂ ਮਹਾਰਾਜ ਦੇ ਸ਼ੁਕਰਾਨੇ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਗਿਆ। ਇਸ ਮੌਕੇ ਮੇਜਰ ਜਨਰਲ ਨਰਿੰਦਰ ਸਿੰਘ, ਰਾਜਿੰਦਰ ਸਿੰਘ ਖੁਰਾਣਾ, ਵਿਧਾਇਕ ਜਤਿੰਦਰ ਸਿੰਘ ਕਰੀਹਾ ਵੀ ਉਥੇ ਪਹੁੰਚੇ ਜਿਹਨਾਂ ਨੇ ਬੜਾ ਮਾਣ ਸਨਮਾਨ ਕੀਤਾ।

ਹਰਜਿੰਦਰ ਸਿੰਘ ਮੰਡੇਰ - ਸ: ਰਣਬੀਰ ਸਿੰਘ ਜੀ ਗੱਲਬਾਤ ਵਾਸਤੇ ਸਮਾਂ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।

-0-


ਬੁੜੈਲ ਜੇਹਲ ਚੰਡੀਗੜ੍ਹ ਚੋਂ ਰਿਹਾਅ ਹੋ ਕੇ ਰਣਬੀਰ ਸਿੰਘ ਦੇ ਘਰ ਪਹੁੰਚਣ ਤੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਸਮਾਗਮ ਦੌਰਾਨ ਸ: ਰਜਿੰਦਰ ਸਿੰਘ ਖੁਰਾਨਾ ਸਨਮਾਨ ਕਰਦੇ ਹੋਏ ਅਤੇ ਨਾਲ ਐਨ ਖੱਬੇ ਬੈਠੇ ਹਨ ਮੇਜਰ ਜਨਰਲ ਸ: ਨਰਿੰਦਰ ਸਿੰਘ ਜੀ ਜਨਰਲ ਸੁਬੇਗ ਸਿੰਘ ਜੀ ਦੇ ਸਾਥੀ।


ਪਿੰਡ ਉੱਚਾ ਲਧਾਣਾ ਵਿਖੇ ਧਰਮੀ ਫੌਜੀ ਨਿਰਮਲ ਸਿੰਘ ਦਾ ਸਨਮਾਨ ਕਰਦੇ ਹੋਏ ਸ: ਰਣਬੀਰ ਸਿੰਘ

## ਭਾਰਤ ਵਿਰੋਧੀ ਪ੍ਰਦਰਸ਼ਨ ਦੌਰਾਨ ਭਾਰਤੀ ਝੰਡੇ ਦਾ ਨਿਰਾਦਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਫ੍ਰਿਸਕੋ, ਟੈਕਸਾਸ ਵਿਚ ਇਮੀਗ੍ਰੇਸ਼ਨ ਨਾਲ ਸਬੰਧਤ ਵਿਰੋਧ ਪ੍ਰਦਰਸ਼ਨ ਦੌਰਾਨ ਫ੍ਰਿਸਕੋ ਸਿਟੀ ਹਾਲ ਦੇ ਬਾਹਰ ਇੱਕ ਵਿਅਕਤੀ ਵੱਲੋਂ ਭਾਰਤ ਦੇ ਰਾਸ਼ਟਰੀ ਝੰਡੇ ਦਾ ਨਿਰਾਦਰ ਕਰਨ ਦੀ ਖਬਰ ਹੈ। ਵਾਇਰਲ ਹੋਈ ਵੀਡੀਓ ਵਿੱਚ ਇਕ ਵਿਅਕਤੀ ਭਾਰਤੀ ਝੰਡੇ ਨੂੰ ਪਾੜਦਾ ਹੋਇਆ ਨਜਰ ਆ ਰਿਹਾ ਹੈ। ਇਸ ਘਟਨਾ ਦੀ ਵਿਆਪਕ ਨਿੰਦਾ ਹੋਈ ਹੈ। ਪ੍ਰਦਰਸ਼ਨ ਦੌਰਾਨ ਭੀੜ ਵਿੱਚ ਲੋਕਾਂ ਵੱਲੋਂ ਭਾਰਤ ਵਿਰੋਧੀ ਨਾਅਰ ਲਾਏ ਗਏ। ਇਸ ਘਟਨਾ 'ਤੇ ਬਹੁਤ ਸਾਰੇ ਭਾਰਤੀ ਅਮਰੀਕੀਆਂ ਅਤੇ ਹੋਰ ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਸਖ਼ਤ ਪ੍ਰਤੀਕਿਰਿਆਵਾਂ ਦਿੱਤੀਆਂ ਹਨ ਜਿਨਾਂ ਵਿੱਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਨੀਤੀ 'ਤੇ ਅਸਹਿਮਤੀ ਹੋ ਸਕਦੀ ਹੈ ਪਰੰਤੂ ਇਸ ਦਾ ਇਹ ਮਤਲਬ ਨਹੀਂ ਹੈ ਕਿ ਪੂਰੇ ਭਾਰਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਵੇ ਤੇ ਕਿਸੇ ਦੂਸਰੇ ਦੇਸ਼ ਦੇ ਝੰਡੇ ਦਾ ਨਿਰਾਦਰ ਕੀਤਾ ਜਾਵੇ। ਕੁਝ ਟਿੱਪਣੀਕਾਰਾਂ ਨੇ ਅਮਰੀਕੀ ਅਰਥਵਿਵਸਥਾ ਵਿੱਚ ਭਾਰਤੀ ਪ੍ਰਵਾਸੀਆਂ ਅਤੇ ਭਾਰਤੀ ਅਮਰੀਕੀਆਂ ਦੇ ਯੋਗਦਾਨ ਨੂੰ ਉਜਾਗਰ ਕੀਤਾ ਹੈ ਜਦੋਂ ਕਿ ਹੋਰਾਂ ਨੇ ਨੀਤੀਗਤ ਚਰਚਾਵਾਂ ਨੂੰ ਵਿਅਕਤੀਆਂ ਜਾਂ ਨਸਲੀ ਸਮੂਹਾਂ ਦੀ ਬਜਾਏ ਇਮੀਗ੍ਰੇਸ਼ਨ ਮੁੱਦਿਆਂ 'ਤੇ ਕੇਂਦ੍ਰਿਤ ਰੱਖਣ ਦੀ ਮੰਗ ਕੀਤੀ ਹੈ। ਝੰਡਾ ਪਾੜਨ ਵਾਲੇ ਵਿਅਕਤੀ ਦੀ ਪਛਾਣ ਕਲੇਟਨ ਵਾਕਰ ਵਜੋਂ ਹੋਈ ਹੈ।


ਕਲੇਟਨ ਵਾਕਰ ਭਾਰਤੀ ਝੰਡੇ ਨਾਲ


**ਲੜੀਵਾਰ ਨਾਵਲ-32 ਸਫ਼ੇ ਦੀ ਬਾਕੀ**

ਫਿਰ ਉਸ ਨੂੰ ਪਤਾ ਹੀ ਨਾ ਚੱਲਿਆ ਕਿ ਕਦ ਨੀਂਦ ਆ ਗਈ ਤੇ ਉਹ ਸੌਂ ਗਿਆ।

ਨਿਰਮਲ ਕਾਫੀ ਦੇਰ ਮਹਿਫ਼ਲ ਵਿੱਚ ਬੈਠਾ ਰਿਹਾ। ਫਿਰ ਉਸ ਨੇ ਰੋਟੀ ਖਾ ਕੇ ਆਪਣੇ ਟਰੱਕ ਵੱਲ ਨਿਗ੍ਹਾ ਮਾਰੀ ਤਾਂ ਬੱਤੀ ਜਗਦੀ ਦੇਖ ਉਧਰ ਚੱਲ ਪਿਆ। ਜਦ ਉਸ ਨੇ ਸੋਨੂੰ ਨੂੰ ਸੁੱਤੇ ਦੇਖਿਆ ਤਾਂ ਪਤਾ ਨਹੀਂ ਉਸ ਦੇ ਮਨ ਵਿੱਚ ਕੀ ਆਈ। ਬਾਰੀ ਖੋਲ੍ਹ ਕੇ ਗੱਡੀ ਵਿੱਚ ਚੜ੍ਹ ਗਿਆ। ਪਹਿਲਾਂ ਤਾਂ ਉਸ ਨੇ ਗੂੜੀ ਨੀਂਦ ਵਿੱਚ ਸੁੱਤੇ ਹੋਏ ਸੋਨੂੰ ਨੂੰ ਗਹੁ ਨਾਲ ਦੇਖਿਆ ਫਿਰ ਬੱਤੀ ਬੁਝਾ ਕੇ ਹੇਠਾਂ ਆ ਗਿਆ। ਮੰਜੀ 'ਤੇ ਲੇਟਿਆਂ ਵੀ ਟਰੱਕ ਵੱਲ ਕਾਫੀ ਦੇਰ ਤੱਕ ਇਸ ਤਰ੍ਹਾਂ ਨੀਝ ਲਾ ਕੇ ਦੇਖਦਾ ਰਿਹਾ ਜਿਵੇਂ ਮਨ ਵਿੱਚ ਕਹਿ ਰਿਹਾ ਹੋਵੇ, ਕੋਈ ਗੱਲ ਨਹੀਂ ਛੋਟੇ ਵੀਰ ਬੇਫ਼ਿਕਰ ਸੌਂ, ਮੈਂ ਹੈਗਾ ਤੇਰੇ ਪਹਿਰੇ 'ਤੇ। **ਚਲਦਾ......**

# ਮੌਜੂਦਾ ਬ੍ਰਾਹਮਣਵਾਦ ਵੱਲੋਂ ਦੁਬਾਰਾ ਗੁਰੂ ਗ੍ਰੰਥ ਸਾਹਿਬ ਦੀ ਸਰਵਉੱਚ ਵਿਚਾਰਧਾਰਾ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ

**ਲੇਖਕ - ਜਥੇਦਾਰ**
**ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**



ਬਿਪਰਵਾਦ ਦੀਆਂ ਚਾਲਾਂ ਨੂੰ ਸਮਝ ਕੇ ਅੰਗਰੇਜ਼ ਸਰਕਾਰ ਦੀ ਖ਼ੁਫ਼ੀਆ ਏਜੰਸੀ ਦੇ ਸਹਾਇਕ ਡਾਇਰੈਕਟਰ ਡੀ.ਪੈਟਰੀ ਨੇ 11 ਅਗਸਤ 1911 ਦੀ ਖ਼ੁਫ਼ੀਆ ਰਿਪੋਰਟ ਵਿੱਚ ਲਿਖਿਆ ਹੈ:

"ਹਿੰਦੂ ਮੱਤ, ਸਿੱਖ ਮੱਤ ਬਾਰੇ ਹਮੇਸ਼ਾ ਵਿਰੋਧੀ ਰੋਲ ਅਦਾ ਕਰਦਾ ਰਿਹਾ ਹੈ ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਹਿੰਦੂਆਂ ਦੇ ਜਾਤ ਵਰਣ ਦੇ ਵਿਤਕਰਿਆਂ ਵਿਰੁੱਧ ਸਖ਼ਤ ਤੇ ਸਫ਼ਲ ਕਦਮ ਉਠਾਏ ਸਨ, ਜਦੋਂ ਕਿ ਬ੍ਰਾਹਮਣੀ ਵਿਚਾਰਧਾਰਾ ਦਾ ਬੁਨਿਆਦੀ ਢਾਂਚਾ ਹੀ ਇਸ ਉਪਰ ਖੜਾ ਸੀ। ਇਸੇ ਕਾਰਨ ਹਿੰਦੂ ਵਰਤਾਰਾ ਹਮੇਸ਼ਾ ਹੀ ਸਿੱਖ ਧਰਮ ਦੀ ਹੇਠੀ ਕਰਨ ਵਾਲਾ ਰਿਹਾ ਹੈ। ਹਿੰਦੂਆਂ ਵੱਲੋਂ ਸਿੱਖ ਮਾਪਿਆਂ ਦੇ ਬੱਚਿਆਂ ਨੂੰ ਪਾਹੁਲ ਲੈਣ (ਅੰਮ੍ਰਿਤ ਛਕਣ) ਤੋਂ ਰੋਕਣ ਅਤੇ ਸਿੱਖ ਕਹਾਉਣ ਵਾਲ਼ੇ ਹੋਰ ਲੋਕਾਂ ਨੂੰ ਸਿੱਖ ਧਰਮ ਵੱਲ ਕੰਡ ਕਰਨ ਦੀ ਪ੍ਰੇਰਣਾ ਦੇਣਾ, ਇਹਨਾਂ ਦਾ ਕੰਮ ਰਿਹਾ ਹੈ। ਹਿੰਦੂ ਧਰਮ ਨੇ ਬੁੱਧ ਮੱਤ, ਜੋ ਇਸ ਦਾ ਵਿਰੋਧੀ ਸੀ, ਦਾ ਗਲ਼ਾ ਤਾਂ ਘੁੱਟ ਹੀ ਦਿੱਤਾ ਹੋਇਆ ਸੀ। ਹੁਣ ਇਸ ਨੇ ਸਿੱਖ ਧਰਮ ਨਾਲ ਉਹੋ ਹੀ ਵਰਤਾਅ ਕਰਨ ਦੇ ਵੱਡੇ ਚਿੰਤਾਜਨਕ ਅਤੇ ਭਿਆਨਕ ਰਸਤੇ ਅਪਣਾ ਲਏ ਹਨ।"

ਹੁਣ ਅਸੀਂ ਇਹ ਵਿਚਾਰ ਕਰਾਂਗੇ ਕਿ ਇਤਿਹਾਸਕ ਕਾਰਨਾਂ ਕਰ ਕੇ ਨਵੀਨ-ਬ੍ਰਾਹਮਣਵਾਦ ਤੇ ਹਿੰਦੂ ਮੱਤ; ਇੱਕੋ ਵਸੂਤ ਦੇ ਦੋ ਨਾਂ ਪ੍ਰਚਲਤ ਹੋ ਗਏ। ਇਸ ਕਰਕੇ ਸਾਨੂੰ ਵੈਦਿਕ ਧਰਮ ਦੇ ਅਨੁਯਾਈਆਂ ਤੇ ਆਰੀਆ ਸਮਾਜ ਲਈ 'ਹਿੰਦੂ' ਅਤੇ 'ਹਿੰਦੂ ਮੱਤ' ਸ਼ਬਦ ਵਰਤਣੇ ਪੈ ਰਹੇ ਹਨ; ਖ਼ਾਸ ਕਰ ਜਿੱਥੇ ਇਤਿਹਾਸਕ ਹਵਾਲੇ ਦੇਣੇ ਪੈਂਦੇ ਹਨ। ਇਸ ਕਰਕੇ ਜਦੋਂ ਅਸੀਂ ਹਿੰਦੁ ਜਾਂ ਹਿੰਦੂ ਮੱਤ ਦਾ ਸ਼ਬਦ ਵਰਤਦੇ ਹਾਂ ਉਹਨਾਂ ਦਾ ਮਤਲਬ ਗੁਰੂ ਨਾਨਕ ਸਾਹਿਬ ਦੇ ਸਮੇਂ ਜਿਹੜਾ 'ਬ੍ਰਾਹਮਣ' ਜਾਂ 'ਬ੍ਰਾਹਮਣਵਾਦ' ਸ਼ਬਦ ਵਰਤਿਆ ਜਾਂਦਾ ਸੀ, ਹਿੰਦੂ ਅਤੇ ਹਿੰਦੂ ਮੱਤ ਦਾ ਓਹੀ ਮਤਲਬ ਸਮਝਣਾ ਚਾਹੀਦਾ ਹੈ। ਕਿਉਂਕਿ ਜਾਤ-ਪਾਤ ਦੀ ਦਰਜਾ-ਬ-ਦਰਜੀ ਦਾ ਧੁਰਾ ਬ੍ਰਾਹਮਣ, ਨੇ ਜਾਤ ਦੀ ਮੰਨੀ ਹੋਈ ਸਭ ਤੋਂ ਉੱਚੀ ਥਾਂ ਇਸ ਲਈ ਹਾਸਲ ਕਰ ਲਈ ਕਿ ਜਾਤ ਇੱਕ ਸਮਾਜਿਕ ਰੁਤਬਾ ਹੈ ਅਤੇ ਜਾਤਾਂ ਦਾ ਸਮਾਜਿਕ ਰੁਤਬਾ ਬ੍ਰਾਹਮਣਾਂ ਦੇ ਰੁਤਬੇ ਨਾਲ ਨਾਪ ਕੇ ਤਹਿ ਕੀਤਾ ਜਾਂਦਾ ਹੈ।

ਇਸ ਕਰਕੇ ਕੇਂਦਰ ਧਰਮ, ਧਾਰਮਿਕ ਰੀਤਾਂ ਤੇ ਰਸਮਾਂ ਦੀ ਮਨੌਤ ਉੱਤੇ ਜ਼ੋਰ ਦੇਣਾ ਸਨਾਤਨੀ ਸਮਾਜ ਦੀ ਚੂਲ ਬਣ ਗਿਆ। ਦੇਹਧਾਰੀ ਗੁਰੂ ਚੇਲੇ ਦੀ ਪ੍ਰੰਪਰਾ ਵੀ ਵੈਦਿਕ ਧਰਮ ਦੀ ਰੀੜ੍ਹ ਦੀ ਹੱਡੀ ਹੈ। ਕੇਵਲ ਬ੍ਰਾਹਮਣ ਹੀ ਗੁਰੂ ਤੇ ਪੁਜਾਰੀ ਹੋ ਸਕਦੇ ਸਨ ਪਰ ਗੁਰੂ ਗ੍ਰੰਥ ਸਾਹਿਬ ਇਸ ਦਾ ਖੰਡਨ ਕਰਦੇ ਹੋਏ ਫੁਰਮਾਉਂਦੇ ਹਨ :

ਕਬੀਰ ਬਾਮਨੁ ਗੁਰੂ ਹੈ ਜਗਤ
ਕਾ ਭਗਤਨ ਕਾ ਗੁਰੁ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ
ਚਾਰਉ ਬੇਦਹੁ ਮਾਹਿ ॥237॥
(ਅੰਗ 1377)

ਇਸ ਕਰਕੇ ਬ੍ਰਾਹਮਣ ਇਹਨਾਂ ਰੀਤਾਂ ਤੇ ਰਸਮਾਂ ਤੋਂ ਲਾਭ ਉਠਾਉਂਦੇ ਸਨ। ਇਸ ਕਾਰਾਗਰੀ ਨਾਲ ਬ੍ਰਾਹਮਣ ਦੇ ਘੇਰੇ ਤੋਂ ਬਾਹਰ ਦੀ ਵਸੋਂ ਦੇ ਵਿਸ਼ਵਾਸ ਪ੍ਰਥਾਵਾਂ ਤੇ ਰੀਤਾਂ ਨੂੰ ਆਪਣੇ ਨਾਲ ਮਿਲਾਇਆ ਗਿਆ। ਉਸ ਤੋਂ ਇਹ ਸਾਫ਼ ਪਤਾ ਲੱਗਦਾ ਹੈ ਕਿ ਇਸ ਅਮਲ ਨੂੰ ਤੋਰਨ ਪਿੱਛੋਂ ਮੁੱਖ ਵਿਚਾਰ ਬ੍ਰਾਹਮਣਾਂ ਦੇ ਜਾਤੀ ਲਾਭ ਦਾ ਸੀ। ਮਨੂੰ ਸਿਮਰਤੀ ਅਨੁਸਾਰ ਸਨਾਤਨੀ ਪੁਜਾਰੀ ਹਲਕਿਆਂ ਵਿੱਚ ਕੋਈ ਖੁੱਲ੍ਹਾ ਸਮਾਜਿਕ ਵਿਚਾਰ ਨਾ ਕਦੇ ਪੈਦਾ ਹੋਇਆ ਸੀ ਤੇ ਨਾ ਪੈਦਾ ਹੋਣ ਦਿੱਤਾ ਗਿਆ। ਇਹ ਵਿਸ਼ਵਾਸ ਹੈ ਕਿ ਉਪਨਿਸ਼ਦਾਂ ਨੂੰ ਲਿਖਣ ਵਾਲ਼ੇ ਖੱਤਰੀ ਹੋਏ ਹਨ ਜਾਂ ਉਹ ਰਿਸ਼ੀ, ਜਿਨ੍ਹਾਂ ਦਾ ਪੁਜਾਰੀ ਸ਼੍ਰੇਣੀ ਨਾਲ ਕੋਈ ਸੰਬੰਧ ਨਹੀਂ ਸੀ। ਬੁੱਧ ਧਰਮ ਤੇ ਜੈਨ ਧਰਮ ਖੁੱਲ੍ਹੇ ਤੌਰ 'ਤੇ ਬ੍ਰਾਹਮਣਾਂ ਦੇ ਵਿਰੁੱਧ ਖੱਤਰੀਆਂ ਦੀ ਬਗ਼ਾਵਤ ਸੀ। ਭਾਗਵਤਵਾਦ ਦਾ ਬਾਨੀ ਭਗਵਾਨ ਸ੍ਰੀ ਕ੍ਰਿਸ਼ਨ ਤੇ ਉਹਨਾਂ ਦੇ ਮੱਤ ਦਾ ਸੰਬੰਧ ਗੈਰ ਬ੍ਰਾਹਮਣੀ ਤੇ ਗੈਰ ਰਵਾਇਤ ਨਾਲ ਹੈ। (ਤਾਰਾ ਚੰਦ ਅਨੁਸਾਰ) ਨਵੇਂ ਸਮੇਂ ਦੀ ਭਗਤੀ ਲਹਿਰ ਉੱਤੇ ਬਹੁਤਾ ਅਸਰ ਇਸਲਾਮ ਧਰਮ ਦਾ ਹੈ ਅਤੇ ਸ਼ੰਕਰ ਆਪਣੀ ਫਿਲਾਸਫੀ ਦੇ ਗ੍ਰੰਥ ਵਿੱਚ ਭਗਤੀ ਦਾ ਜਿਕਰ ਸਿਰਫ਼ ਇੱਕ ਵਾਰ ਕਰਦਾ ਹੈ, ਉਹ ਵੀ ਉਸ ਲਈ ਘ੍ਰਿਣਾ ਦਾ ਪ੍ਰਗਟਾਵਾ ਕਰਨ ਲਈ। ਬ੍ਰਾਹਮਣਾਂ ਨੇ ਸੁਚੇਤ ਤੌਰ 'ਤੇ ਜਾਤ-ਪਾਤੀ ਵਿਚਾਰਧਾਰਾ ਘੜੀ, ਧਾਰਮਿਕ ਪੁਸਤਕਾਂ ਅਤੇ ਸਾਹਿਤ ਵਿੱਚ ਹੇਰਾ-ਫੇਰੀ ਕੀਤੀ ਅਤੇ ਰਵਾਇਤ ਨੂੰ ਅਦਲਿਆ-ਬਦਲਿਆ। ਏਸੇ ਸਦਕਾ ਹੀ ਉਹ ਧਾਰਮਿਕ ਤੇ ਭਾਈਚਾਰਕ ਖੇਤਰ 'ਚ ਧੁਰਾ ਬਣ ਗਏ ਅਤੇ ਰਾਜਸੀ ਤਾਕਤ ਉੱਤੇ ਭਾਰੂ ਹੋ ਗਏ। ਬ੍ਰਾਹਮਣਵਾਦ ਨੇ ਇਹ ਸਿਧਾਂਤ ਥਾਪਿਆ ਕਿ ਮਨੁੱਖ ਆਪਣੇ ਗੁਣਾਂ ਕਰਕੇ ਨਹੀਂ ਸਗੋਂ ਆਪਣੀ ਪੈਦਾਇਸ਼ ਕਰਕੇ ਉੱਚੇ ਨੀਵੇਂ ਹਨ ਤੇ ਰਹਿਣਗੇ। ਜੇ ਇੱਕ ਆਦਮੀ ਦਾ ਜਨਮ ਉੱਚੀ ਜਾਤ ਵਿੱਚ ਹੋਇਆ ਹੈ ਤਾਂ ਉਹ ਉੱਚਾ ਹੈ। ਭਾਵੇਂ ਉਹ ਚੋਰ, ਡਾਕੂ ਤੇ ਲੁੱਚਾ ਕਿਉਂ ਨਾ ਹੋਵੇ। ਜਿਸ ਦਾ ਜਨਮ ਨੀਵੀਂ ਜਾਤ ਵਿੱਚ ਹੋਇਆ ਹੈ, ਉਹ ਨੀਵਾਂ ਹੈ ਭਾਵੇਂ ਉਹ ਕਿੰਨੇ ਹੀ ਉੱਚੇ ਆਚਾਰ ਦਾ ਮਾਲਕ ਕਿਉਂ ਨਾ ਹੋਵੇ। ਜਾਤ ਆਰਥਿਕ ਹਿੱਤਾਂ ਦੀਆਂ ਵੱਟਾਂ ਟੱਪ ਜਾਂਦੀ ਹੈ। ਜਮਾਤ ਤੇ ਜਾਤ ਆਪਸ ਵਿੱਚ ਨਹੀਂ ਮਿਲਦੇ। ਸਿੱਖ ਧਰਮ ਨੇ ਬ੍ਰਾਹਮਣ ਦੀ ਸਰਵਉੱਚਤਾ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਗੁਰਬਾਣੀ ਦਾ ਫੁਰਮਾਨ ਹੈ-

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
**ਤਉ ਆਨ ਬਾਟ ਕਾਹੇ ਨਹੀ ਆਇਆ** ॥2॥

ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਹਵਾਲਾ ਦਿੰਦੇ ਹਾਂ ਇਸ ਦਾ ਅਰਥ ਹੈ ਕਿ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਨਾਨਕ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਰੂਹਾਨੀਅਤ ਦਾ ਸੋਮਾ ਹਨ। ਜਿੱਥੇ ਗੁਰੂ ਸਾਹਿਬ ਨੇ ਉਹ ਫਲਸਫਾ ਪ੍ਰਚਾਰਿਆ, ਜੋ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦਾ ਹੋਕਾ ਦੇ ਕੇ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ, ਓਥੇ ਸਿੱਖ ਵਿਚਾਰਧਾਰਾ, ਬ੍ਰਾਹਮਣੀ ਵੰਡ ਨੂੰ ਪੂਰਨ ਰੂਪ ਵਿੱਚ ਰੱਦ ਕਰਦੀ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਨਿਰਮਲ ਪੰਥ ਨੂੰ ਐਸੇ ਫ਼ਿਰਕੇ ਦੇ ਤੌਰ 'ਤੇ ਜਥੇਬੰਦ ਨਹੀਂ ਕੀਤਾ ਜੋ ਸਿਰਫ਼ ਧਰਮ ਦੇ ਪ੍ਰੰਪਰਾਈ ਤੌਰ ਤਰੀਕੇ ਅਨੁਸਾਰ ਚਲਦਾ ਰਹੇ ਬਲਕਿ ਸਿੱਖ ਪੰਥ ਨੂੰ ਜਾਤ ਪਾਤੀ ਸਮਾਜ ਨੂੰ ਬਦਲਣ, ਧਾਰਮਿਕ ਤੇ ਸਿਆਸੀ ਜਬਰ-ਜ਼ੁਲਮ ਦਾ ਮੁਕਾਬਲਾ ਕਰਨ ਅਤੇ ਆਮ ਜਨਤਾ ਦੇ ਹੱਥ ਸਿਆਸੀ ਤਾਕਤ ਹਾਸਲ ਕਰਨ ਦਾ ਵਸੀਲਾ ਬਣਾਇਆ। ਗੁਰੂ ਨਾਨਕ ਸਾਹਿਬ ਨੇ ਉਹਨਾਂ ਲੋਕਾਂ, ਬਰਾਦਰੀਆਂ, ਭਾਈਚਾਰਿਆਂ ਨੂੰ ਹਿੱਕ ਨਾਲ ਲਾਇਆ, ਜਿਨ੍ਹਾਂ ਨੂੰ ਬ੍ਰਾਹਮਣਵਾਦ ਨੇ ਨੀਚ ਤੇ ਸ਼ੂਦਰ ਗਰਦਾਨ ਕੇ ਪਸ਼ੂਆਂ ਨਾਲੋਂ ਭੈੜੀ ਜੂਨ ਗੁਜਾਰਨ ਲਈ ਮਜ਼ਬੂਰ ਕੀਤਾ ਹੋਇਆ ਸੀ।

ਸਿੱਖ ਧਰਮ ਦਾ ਨਿਆਰਾਪਣ ਇਹ ਵੀ ਹੈ ਕਿ ਅੱਜ ਤਕ ਜਿੰਨੇ ਵੀ ਧਰਮ ਹੋਏ ਹਨ ਉਹਨਾਂ ਵਿੱਚ ਉਹਨਾਂ ਦੀ ਧਾਰਮਿਕ ਪੁਸਤਕ ਨੂੰ ਰੱਬ ਦਾ ਸਥਾਨ ਨਹੀਂ ਦਿੱਤਾ ਗਿਆ, ਦੁਨੀਆਂ ਵਿੱਚ ਇੱਕੋ-ਇੱਕ ਸਿੱਖ ਧਰਮ ਐਸਾ ਵਿਲੱਖਣ ਧਰਮ ਹੈ ਜਿਸ ਵਿੱਚ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਵੱਲੋਂ ਸੰਪਾਦਿਤ ਕੀਤੇ ਗਏ ਗ੍ਰੰਥ ਨੂੰ 'ਧੁਰ ਕੀ ਬਾਣੀ ਆਈ' ਕਿਹਾ।

ਹੁਣ ਅਸੀਂ ਵੇਖਣਾ ਹੈ ਕਿ ਕੀ ਆਰ. ਐੱਸ. ਐੱਸ. ਅਤੇ ਰਾਸ਼ਟਰੀ ਸੰਗਤ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਅਲੱਗ-ਅਲੱਗ ਕਰ ਕੇ ਸਿੱਖ ਧਰਮ ਦੇ ਨਿਆਰੇਪਣ ਦਾ ਹਿੰਦੂ ਧਰਮ ਵਿੱਚ ਮਿਲਗੋਭਾ ਕਰਨ ਲਈ ਕਿਵੇਂ ਸਾਜ਼ਿਸ਼ਾਂ ਕਰ ਰਹੀ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਹੁਣ ਤਕ ਸਿੱਖਾਂ ਦੀ ਅੰਦਰੂਨੀ ਤੇ ਬਾਹਰੀ ਵਿਰੋਧਤਾ ਲਗਾਤਾਰ ਚਲਦੀ ਆ ਰਹੀ ਹੈ। ਇਹ ਸਾਰਾ ਘਟਨਾਕ੍ਰਮ ਬਗੈਰ ਕਿਸੇ ਢਿੱਲ ਤੋਂ ਜਾਰੀ ਹੈ। ਕੱਟੜ ਕੇਸਾਧਾਰੀ ਹਿੰਦੂ ਜਮਾਤ, ਰਾਸ਼ਟਰੀ ਸਿੱਖ ਸੰਗਤ ਪ੍ਰਚਾਰ ਕਰ ਰਹੀ ਹੈ ਕਿ ਵੇਦ ਸ਼ਾਸਤਰਾਂ ਪੁਰਾਣ, ਗੀਤਾ ਤੇ ਰਮਾਇਣ ਦਾ ਸਾਰ ਗ੍ਰੰਥ ਸਾਹਿਬ ਵਿੱਚ ਦਰਜ ਹੈ ਇਸ ਲਈ ਇਹ (ਗੁਰੂ ਗ੍ਰੰਥ ਸਾਹਿਬ) ਗੁਰੂ ਨਹੀਂ ਸਗੋਂ ਰਾਸ਼ਟਰੀ ਗ੍ਰੰਥ ਹੈ ਅਤੇ ਭਾਜਪਾ ਦੀ ਸੁਸ਼ਮਾ ਸਵਰਾਜ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਲਾਨ ਕਰਦੇ ਹਨ ਕਿ ਗੀਤਾ ਰਾਸ਼ਟਰੀ ਗ੍ਰੰਥ ਹੈ। ਪਰ ਖ਼ਾਲਸਾ ਪੰਥ (ਸਿੱਖ ਕੌਮ) ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਇਹਨਾਂ ਬਚਨਾਂ ਅਨੁਸਾਰ ਕਿ ਸਾਡੀ ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ ਅਰਥਾਤ 'ਜੋਤਿ ਤੇ ਜੁਗਤਿ' ਦੇ ਵਿਧਾਨ ਨੂੰ ਮਾਨਤਾ ਦਿੰਦਾ ਹੈ। ਦੁਖਾਂਤ ਇਹ ਵੀ ਹੈ ਕਿ 'ਸਿੱਖੀ ਦਾ ਪ੍ਰਚਾਰ ਕਰਨ ਵਾਲ਼ੇ ਬਹੁਤ ਥੋੜ੍ਹੇ ਹਨ ਜਿਹੜੇ ਸਿੱਖ ਸਿਧਾਂਤਾਂ ਦੀ ਸੱਚੀ-ਸੁੱਚੀ ਪਹਿਰੇਦਾਰੀ ਕਰਦੇ ਹਨ ਤੇ ਉਹਨਾਂ ਨੂੰ ਸਮਾਗਮਾਂ ਦੇ ਪ੍ਰਬੰਧਕ ਖੂੰਜੇ ਲਾ ਦਿੰਦੇ ਹਨ। ਬਾਕੀ ਪ੍ਰਚਾਰਕ ਓਹੀ ਕੁਝ ਪ੍ਰਚਾਰਦੇ ਹਨ ਜਿਹੜਾ ਪ੍ਰਚਾਰ ਹਿੰਦੂਤਵ ਦਾ ਪੱਖ ਪੂਰਦਾ ਹੈ। ਅਜਿਹਾ ਪ੍ਰਚਾਰ ਸੁਣ ਕੇ ਜਿਹੜੇ ਸਿੱਖਾਂ ਨੇ ਕਦੇ ਰਮਾਇਣ ਅਤੇ ਮਹਾਂਭਾਰਤ ਦੇ ਗ੍ਰੰਥ ਨਹੀਂ ਪੜ੍ਹੇ, ਉਹਨਾਂ ਨੂੰ ਵੀ ਰਮਾਇਣ ਅਤੇ ਮਹਾਂਭਾਰਤ ਦੀ ਕਥਾ ਚੇਤੇ ਹੋ ਜਾਂਦੀ ਹੈ। ਜਿੱਥੇ ਵੀ ਗੁਰਬਾਣੀ ਵਿੱਚ ਰਾਮ ਚੰਦਰ, ਕ੍ਰਿਸ਼ਨ, ਬ੍ਰਹਮਾ, ਵਿਸ਼ਨੂ, ਸ਼ਿਵ ਤੇ ਹੋਰ ਕਿਸੇ ਦੇਵੀ ਦੇਵਤੇ ਦਾ ਜ਼ਿਕਰ ਆ ਜਾਵੇ ਭਾਵੇਂ ਗੁਰਬਾਣੀ ਵਿੱਚ ਉਸ ਨੂੰ ਰੱਦ ਹੀ ਕੀਤਾ ਹੋਵੇ; ਸਾਡੇ ਪ੍ਰਚਾਰਕ ਏਨੇ ਸ਼ਰਧਾਵਾਨ ਹੋ ਕੇ ਉਹਨਾਂ ਹਿੰਦੂ ਨਾਇਕਾਂ ਦੀ ਦਾਸਤਾਨ ਸੁਣਾਉਂਦੇ ਹਨ ਕਿ ਸਾਮ੍ਹਣੇ ਬੈਠੀ ਸਿੱਖ ਸੰਗਤ ਨੂੰ ਉਹਨਾਂ ਹਿੰਦੂ ਨਾਇਕਾਂ ਦੇ ਮੁਰੀਦ ਬਣਾ ਧਰਦੇ ਹਨ।

ਅੰਦਰਲੇ ਹਮਲੇ, ਬਾਹਰਲਿਆਂ ਵਾਲਿਆਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹਨ। ਭਗਵੇਂਵਾਦੀ ਭੇਖੀ ਸਿੱਖਾਂ ਵੱਲੋਂ ਨਾਗਪੁਰੀਆਂ ਦੀ ਹਦਾਇਤ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤਾਂ/ਬੀੜਾਂ ਲਿਖਵਾਈਆਂ ਜਾ ਰਹੀਆਂ ਹਨ ਤੇ ਗੁਰੂ ਅਰਜਨ ਸਾਹਿਬ ਵੱਲੋਂ ਨਿਰਧਾਰਿਤ ਕੀਤੇ ਸੰਪਾਦਨ ਪ੍ਰਬੰਧ ਨੂੰ ਵਿਗਾੜ ਕੇ ਆਪਣੀ ਮਰਜ਼ੀ ਨਾਲ ਲਗਾਂ-ਮਾਤਰਾਂ ਦੀ ਤਬਦੀਲੀ ਕਰ ਰਹੇ ਹਨ ਅਤੇ ਆਰ. ਐੱਸ. ਐੱਸ. ਤੇ ਰਾਸ਼ਟਰੀ ਸਿੱਖ ਸੰਗਤ ਸਿੱਖ ਧਰਮ ਦਾ ਹਿੰਦੂ ਧਰਮ ਨਾਲ ਮਿਲਗੋਭਾ ਕਰਨ ਲਈ ਕਈ ਘਿਨਾਉਣੇ ਹੱਥਕੰਡੇ ਵਰਤ ਰਹੀ ਹੈ। ਆਰ. ਐੱਸ. ਐੱਸ. ਤੇ ਰਾਸ਼ਟਰੀ ਸਿੱਖ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਪਦਵੀ ਨੂੰ ਚੈਲਿੰਜ ਕਰ ਕੇ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਅਲੱਗ-ਅਲੱਗ ਕਰਕੇ ਸਨਾਤਨੀ ਧਰਮ ਦੀ ਰੰਗਤ ਚਾੜ੍ਹ ਕੇ ਪ੍ਰਚਾਰ ਰਹੀਆਂ ਹਨ ਤਾਂ ਕਿ ਸਿੱਖ ਧਰਮ ਦੇ ਨਿਆਰੇਪਣ ਨੂੰ ਖ਼ਤਮ ਕਰ ਕੇ ਸਿੱਖਾਂ ਨੂੰ ਹਿੰਦੂਆਂ ਦਾ ਹੀ ਇੱਕ ਅੰਗ ਸਿੱਧ ਕੀਤਾ ਜਾ ਸਕੇ।

ਸਿੱਖ ਇੱਕ ਵੱਖਰੀ ਕੌਮ ਹੈ ਅਤੇ ਉਹਨਾਂ ਦੀ ਆਪਣੀ ਵੱਖਰੀ ਪਛਾਣ ਹੈ। ਸਿੱਖ ਹਿੰਦੂਆਂ ਨਾਲੋਂ ਸਪਸ਼ਟ ਤੌਰ 'ਤੇ ਵੱਖਰੇ ਹੀ ਨਹੀਂ, ਬਲਕਿ ਉਹਨਾਂ ਤੋਂ ਸਿਧਾਂਤਕ ਤੌਰ 'ਤੇ ਬਿਲਕੁਲ ਉਲਟ ਹਨ। ਹਿੰਦੂ ਮੂਰਤੀ ਪੂਜਕ ਹਨ, ਜਾਤ-ਪਾਤ ਵਿੱਚ ਵਿਸ਼ਵਾਸ ਰੱਖਦੇ ਹਨ, ਜਦਕਿ ਸਿੱਖ ਇੱਕ ਅਕਾਲ ਪੁਰਖ ਨੂੰ ਮੰਨਣ ਵਾਲ਼ੇ ਜਾਤ-ਪਾਤ ਅਤੇ ਮੂਰਤੀ ਪੂਜਾ ਦੇ ਵਿਰੋਧੀ ਹਨ। ਹਿੰਦੂਆਂ ਵਿੱਚ ਪੁਜਾਰੀਵਾਦ ਅਤੇ ਦੇਹਧਾਰੀ ਗੁਰੂ ਦੀ ਪ੍ਰਥਾ ਹੈ, ਪਰ ਸਿੱਖਾਂ ਵਿੱਚ ਇਸ ਕਿਸਮ ਦੀ ਗੱਲ ਬਿਲਕੁਲ ਵਿਵਰਜਿਤ ਹੈ।

# ਤੇਰਾ ਇਨਸਾਫ਼


ਤੱਤੀ ਰੇਤ ਸੀ ਕਿ ਸੀ ਉਹ ਕਹਿਰ ਤੇਰਾ,
ਤੈਨੂੰ ਸੱਚ 'ਤੇ ਕੁਫ਼ਰ ਨਾ ਨਜ਼ਰ ਆਇਆ ?
ਅੱਗ ਵਰ੍ਹਾਈ ਸੀ ਤੇਰੇ ਹੀ ਬੰਦਿਆਂ ਨੇ,
ਤੈਨੂੰ ਬੰਦਿਆਂ 'ਚ ਫ਼ਰਕ ਨਾ ਨਜ਼ਰ ਆਇਆ ?

ਤੜਪ ਰਹੇ ਸਨ ਤੇਰੇ ਉਹ ਵੀ ਬੰਦੇ,
ਜਿਹੜੇ ਹੱਕ ਹਲਾਲ ਲਈ ਖੜ੍ਹੇ ਹੈ ਸਨ,
ਘੋਰ ਪਾਪ ਕਮਾਂਵਦੇ ਸਨ ਉਹ ਵੀ,
ਜਿਹੜੇ ਮਕਾਰ ਅਤੇ ਜ਼ੁਲਮੀ ਵੀ ਬੜੇ ਹੈ ਸਨ।

ਤੂੰ ਸੀ ਇਸ ਤਰਫ ਅਤੇ ਉਸ ਤਰਫ਼ ਵੀ ਤੂੰ,
ਕਿਸ ਦਾ ਪੱਖੀ ਅਤੇ ਕਿਸ ਦਾ ਵਿਰੋਧੀ ਸੀ ਤੂੰ ?
ਕਿਹੜੇ ਇਨਸਾਫ਼ ਦੀ ਤੱਕੜੀ ਤੋਲ ਦਾਤਾ,
ਕਿਸ ਮਜ਼ਲੂਮ ਦੀ ਬਾਂਹ ਫਿਰ ਫੜੀ ਸੀ ਤੂੰ ?

ਅੱਤ ਚੁੱਕੀ ਸੀ ਤੇਰੇ ਹੀ ਬੰਦਿਆਂ ਨੇ,
ਤੇ ਤੂੰ ਦੇਖਦਾ ਰਿਹਾ ਮਨੂਰ ਬਣ ਕੇ,
ਕਿੱਥੇ ਗਈ ਸੀ ਤਾਕਤ ਅਤੇ ਤੇਰੀ ਕਰਨੀ ?
ਜ਼ਖ਼ਮ ਰਿਸਦੇ ਸਨ ਜਦੋਂ ਨਾਸੂਰ ਬਣ ਕੇ ?

ਤੇਰਾ ਭਾਣਾ ਜਿਸ ਮਿੱਠਾ ਕਰ ਮੰਨਿਆ ਸੀ,
ਤੂੰ ਉਸ ਨੂੰ ਹੀ ਜ਼ਿਬ੍ਹਾ ਦਿਲਗੀਰ ਕੀਤਾ।
ਤੇਰੇ ਭਰੋਸੇ ਜਿਸ ਬਾਜ਼ੀ ਸਭ ਹਾਰ ਦਿੱਤੀ,
ਭਰੋਸਾ ਉਸ ਦਾ ਹੀ ਤੂੰ ਲੀਰੋ ਲੀਰ ਕੀਤਾ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

# ਗਜ਼ਲ




ਡਾ. ਮੁਹਿੰਦਰ ਸਿੰਘ ਰਾਏ

ਰੁੱਖੀ ਮਿੱਸੀ ਖਾ ਗੁਜ਼ਾਰਾ ਕਰ ਲਵਾਂਗੇ।
ਔਖੀ ਸੌਖੀ ਘੜੀ ਵੀ ਤਾਂ ਜਰ ਲਵਾਂਗੇ।
ਜਦ ਸਿਰ ਨਾਲ ਸਿਰ ਜੋੜ ਕੇ ਬੈਠਾਂਗੇ,
ਵੱਡੀਆਂ ਮੁਸ਼ਕਲਾਂ ਵੀ ਹੱਲ ਕਰ ਲਵਾਂਗੇ।
ਮੋਢੇ ਨਾਲ ਮੋਢਾ ਜਦ ਅਸੀਂ ਜੋੜ ਲਿਆ,
ਫਿਰ ਦਰਿਆ ਸਾਗਰ ਵੀ ਤਰ ਲਵਾਂਗੇ।
ਆਪਣਾ ਘਰ ਅਤੇ ਆਪਣਾ ਰਾਜ ਹੋਊ,
ਫੇਰ ਆਪਣੇ ਲਈ, ਜੀ ਮਰ ਲਵਾਂਗੇ।
ਆਪਣਾ ਖੂਹ ਅਤੇ ਆਪਣਾ ਖੇਤ ਹੋਊ,
ਜਦੋਂ ਜੀ ਕਰੇ ਕਿਆਰਾ ਭਰ ਲਵਾਂਗੇ।
ਕੈਰੀ ਅੱਖ ਨਾਲ ਜਦ ਕੋਈ ਤੱਕੇਗਾ,
ਫੇਰ ਉਸਨੂੰ ਗੋਡੇ ਹੇਠਾਂ ਧਰ ਲਵਾਂਗੇ।
ਮੁੱਲ ਪਵੇਗਾ ਫੇਰ ਕੁਰਬਾਨੀਆਂ ਦਾ,
ਹੋਰਾਂ ਨਾਲੋਂ ਆਪਣੀ ਖਾਤਰ ਮਰ ਲਵਾਂਗੇ।
ਛੁੱਟਾਂਗੇ ਬੇਗਾਨਗੀ ਦੇ ਅਹਿਸਾਸ ਤੋਂ ਵੀ,
ਹੱਥ ਇਨਸਾਫ਼ ਤਰਾਜੂ ਫੜ ਲਵਾਂਗੇ।
ਹੋਣ ਸਿਫ਼ਤਾਂ ਅੱਜ ਵੀ ਸਿੱਖ ਰਾਜ ਦੀਆਂ,
'ਰਾਏ' ਹੁਣ ਉਸ ਤੋਂ ਵੀ ਚੰਗਾ ਕਰ ਲਵਾਂਗੇ।

# ਕਾਵਿ-ਕਿਆਰੀ

## ਗ਼ਜ਼ਲਾਂ

ਭੁਪਿੰਦਰ ਸੱਗੂ



ਮੁਸ਼ਕਿਲ ਦੇ ਨਾਲ ਸੁੱਤਾ ਇਨਸਾਨ ਜਾਗਦਾ ਹੈ॥
ਹਿੰਮਤ ਦੇ ਆਸਰੇ ਹੀ ਵਰਦਾਨ ਜਾਗਦਾ ਹੈ॥

ਫੁੱਟਪਾਥ ਉੱਤੇ ਸੁੱਤੇ ਰੱਬ ਤੋਂ ਹੁਸੀਨ ਬੰਦੇ।
ਪੱਥਰ ਦੇ ਰੱਬ ਦੀ ਖ਼ਾਤਿਰ ਧਨਵਾਨ ਜਾਗਦਾ ਹੈ॥

ਨਫ਼ਰਤ ਦਾ ਨਾਗ ਡੰਗੇ ਹਰ ਇਕ ਬੰਦੇ ਤਾਈਂ।
ਲੋਕਾਂ ਦੀ ਪੀੜ ਖ਼ਾਤਿਰ ਲੁਕਮਾਨ ਜਾਗਦਾ ਹੈ॥

ਮੈਂ ਵੇਖਾਂ ਮੰਦਰਾਂ ਵਿੱਚ ਕਿੱਦਾਂ ਪੁਜਾਰੀ ਕੂਕਣ।
ਇਨ੍ਹਾਂ ਨੂੰ ਦੱਸ ਦਿਉ ਕਿ ਭਗਵਾਨ ਜਾਗਦਾ ਹੈ॥

ਮੈਂ ਜੇ ਖ਼ਮੋਸ਼ ਹਾਂ ਤਾਂ ਇਸ ਵਿੱਚ ਹੈ ਰਾਜ਼ ਕੋਈ।
ਹਰ ਇਕ ਖ਼ਮੋਸ਼ੀ ਵਿੱਚੋਂ ਤੂਫ਼ਾਨ ਜਾਗਦਾ ਹੈ॥

ਉਸ ਵਕਤ ਤਾਈ ਸੱਗੂ ਮੰਜ਼ਿਲ ਮਿਲੇ ਨਾ ਏਥੇ।
ਜਦ ਤੱਕ ਸਮਾਜ ਅੰਦਰ ਸ਼ੈਤਾਨ ਜਾਗਦਾ ਹੈ॥

******

ਗ਼ਜ਼ਲਾਂ ਬੇ-ਐਬ ਆਖੋ ਸੱਗੂ ਕਹੇ ਸੁਣੋ ਜੀ!
ਦੀਪਕ ਜੇ ਸੌਂ ਗਿਐ ਤਾਂ ਇਹ ਨਿਸ਼ਾਨ ਜਾਗਦਾ ਹੈ॥

******

ਤੇਰੀ ਮੇਰੀ ਦੋਸਤੀ ਕਾਇਮ ਰਹੇ॥
ਪਿਆਰ ਵਿੱਚ ਇਹ ਤਾਜ਼ਗੀ ਕਾਇਮ ਰਹੇ॥

ਜਿਸ ਦੇ ਥੱਲੇ ਮਿਲਦੇ ਸੀ ਆਪਾਂ ਸਜਨ।
ਰੱਬ ਕਰੇ ਉਹ ਪਿੱਪਲੀ ਕਾਇਮ ਰਹੇ॥


ਜਿੰਨੇ ਮਰਜ਼ੀ ਕਹਿਰ ਟੁੱਟਣ ਦੋਸਤੋ।
ਖਿੱਚ ਆਪਣੇ ਪਿਆਰ ਦੀ ਕਾਇਮ ਰਹੇ॥

ਜ਼ਿੰਦਗੀ ਮਦਹੋਸ਼ ਕਰ ਗਈ ਜੋ ਕਲੀ।
ਰੱਬ ਕਰੇ ਖ਼ੁਸ਼ਬੂ ਉਧੀ ਕਾਇਮ ਰਹੇ॥

ਲੋਕਾਂ ਦੀ ਜੋ ਖ਼ੈਰ ਮੰਗੇ ਸੱਗੂ ਜੀ।
ਅਮਨ ਦੀ ਇਹ ਘੁੱਗੜੀ ਕਾਇਮ ਰਹੇ॥

**ਚਾਨਣ ਦੀ ਬਾਤ ਵਿੱਚੋਂ ਧੰਨਵਾਦ ਸਹਿਤ**


## ਥਾਲ਼ੀ ਦੇ ਬੈਂਗਣ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਕਾਲ਼ੀ ਘਟਾ ਨੂੰ ਦੇਖ ਕੇ 'ਮੋਰ ਬਗਲੇ'
ਖੁਸ਼ੀਆਂ ਨਾਲ ਉਡਾਰੀਆਂ ਮਾਰਦੇ ਨੇ।
ਲੀਡਰ ਲੋਕ ਇਉਂ ਚੋਣਾ ਨੂੰ ਦੇਖ ਕੇ ਜੀ
ਫਾਇਦਾ ਕਿੱਧਰੋਂ ਹੋਊ ਇਹ ਤਾੜਦੇ ਨੇ।
ਪਹਿਲਾਂ ਕੋਸਦੇ ਭੰਡਦੇ ਰਹਿਣ ਜਿਸਨੂੰ
ਸੋਭਾ ਕਰਦਿਆਂ ਫੇਰ ਸੰਘ ਪਾੜਦੇ ਨੇ।
ਆਗੂ ਏਦਾਂ ਦੇ ਹੋਣ ਜਿਸ ਦੇਸ ਅੰਦਰ
ਅਕਸਰ ਜਿੱਤਦੇ ਲੋਕ ਪਰ 'ਹਾਰਦੇ' ਨੇ।
'ਘਰ ਵਾਪਸੀ' ਲਿਖਣ ਅਖਬਾਰ ਵਾਲ਼ੇ
ਪੱਤਰਕਾਰਾਂ ਨੇ ਸ਼ਬਦ ਇਹ ਰੱਟਿਆ ਏ।
ਪਾ ਕੇ ਲਾਹਣਤਾਂ 'ਥਾਲ਼ੀ ਦੇ ਬੈਂਗਣਾ' ਨੂੰ
ਕਹਿਣਾ ਚਾਹੀਦਾ 'ਥੁੱਕਿਆ ਚੱਟਿਆ' ਏ !

* * * *



# ਸੋਹਣੀਏ ਧਰਤੀਏ

ਆ ਸੋਹਣੀਏ ਨੀਂ ਧਰਤੀਏ,
ਤੈਨੂੰ ਪੌਦਿਆਂ ਨਾਲ ਸਜਾਵਾਂ।
ਤੇਰੀ ਹਰਿਆਵਲ ਦੀ ਚਾਦਰ ਵਿੱਚ,
ਮੈਂ ਖੁਸ਼ੀਆਂ ਦੇ ਬੀਜ ਵੀ ਪਾਵਾਂ।
ਤੂੰ ਪਾਲਣਹਾਰੀ ਏ ਜੱਗ ਦੀ,
ਸਭ ਨੂੰ ਬਰਕਤਾਂ ਵੰਡਦੀ।
ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।

ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।

ਤੇਰੇ ਰੁੱਖਾਂ ਦੀਆਂ ਪੀਂਘਾਂ ਉੱਤੇ,
ਪੰਛੀ ਗੀਤ ਸੁਣਾਉਂਦੇ ਸਾਰੇ।
ਤੇਰੀ ਮਮਤਾ ਦੀ ਛਾਂ ਹੇਠਾਂ,
ਸੁਖ ਪਾਉਂਦੇ ਮਿਹਨਤਕਸ਼ ਸਾਰੇ।
ਨਾਲੇ ਦੇਂਦੀ ਠੰਡੀਆਂ ਛਾਵਾਂ,
ਨਾਲੇ ਦੁਆਵਾਂ ਵੀ ਤੂੰ ਵੰਡਦੀ।
ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।

ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।

ਤੇਰੇ ਕਣ-ਕਣ ਵਿੱਚ ਵੱਸਦਾ,
ਕੁਦਰਤ ਦਾ ਰੱਬ ਪਿਆਰਾ।
ਤੇਰੀ ਇਬਾਦਤ ਕਰਾਂ ਮੈਂ ਸਦਾ,
ਤੂੰ ਜੀਵਨ-ਦਾਨ ਦਾ ਹੈ ਉਜਿਆਰਾ।
ਤੂੰ ਸਦਾ ਹੱਸਦੀ-ਵੱਸਦੀ ਰਹੇਂ ,
''ਦੀਪ'' ਇਹੀ ਦੁਆ ਮੰਗਦੀ।
ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।

ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।

ਆ ਸੋਹਣੀਏ ਨੀਂ ਧਰਤੀਏ,
ਤੈਨੂੰ ਫੁੱਲਾਂ ਨਾਲ ਸਜਾਵਾਂ।
ਤੇਰੀ ਗੋਦੀ ਵਿੱਚ ਬਹਿ ਕੇ ਮੈਂ,
ਗੀਤ ਖੁਸ਼ੀਆਂ ਦੇ ਗਾਵਾਂ।
ਸਵਰਗਾਂ ਦਾ ਸੁੱਖ ਤੂੰ ਹੀ ,
ਤੈਥੋਂ ਦੂਰ ਬਲਾ ਹਰ ਲੰਘਦੀਂ
ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।

ਮੋਹ ਦੀ ਮਿੱਠੀ ਲੋਰੀ ਦੇ ਕੇ,
ਤੂੰ ਹਰ ਇੱਕ ਦਾ ਦੁੱਖ ਵੀ ਛੰਡਦੀ।



ਮਨਦੀਪ ਕੌਰ 'ਦੀਪ'

* * * * *

# ਜੂਨ 1984 ਦੀ 42ਵੀਂ ਵਰ੍ਹੇਗੰਢ 'ਤੇ ਜਰਮਨੀ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਭਾਰਤੀ ਕੌਂਸਲੇਟ ਫਰੈਂਕਫੋਰਟ ਵਿਖੇ ਭਾਰੀ ਰੋਸ ਮੁਜ਼ਾਹਰਾ

ਜਰਮਨੀ - (ਪੰਜਾਬ ਟਾਈਮਜ਼) - ਬੀਤੀ ਛੇ ਜੂਨ ਵਾਲੇ ਦਿਨ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਵੱਲੋਂ ਜੂਨ ਚੁਰਾਸੀ ਵਿਚ ਭਾਰਤੀ ਫੋਰਸਾਂ ਵੱਲੋਂ ਅਕਾਲ ਤਖ਼ਤ ਸਾਹਿਬ ਤੇ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ, ਢਾਹ-ਢੇਰੀ ਕਰਨ ਦੀ ਕਾਰਵਾਈ ਤੇ ਰੋਸ ਪ੍ਰਦਰਸ਼ਨ ਕਰਦਿਆਂ ਭਾਰਤੀ ਹਕੂਮਤ ਨੂੰ ਲਾਹਨਤਾਂ ਪਾਉਂਦਿਆ ਕਿਹਾ ਗਿਆ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ।

ਸਿੰਘਾਂ ਵੱਲੋਂ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸ਼ਹੀਦ ਜਰਨਲ ਸੁਬੇਗ ਸਿੰਘ, ਸ਼ਹੀਦ ਬਾਬਾ ਠਾਰਾ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ, ਅਤੇ ਭਾਰਤੀ ਫ਼ੋਰਸਾਂ ਨਾਲ ਜੂਝ ਕੇ ਸ਼ਹਾਦਤਾਂ ਪਾਉਣ ਵਾਲੇ ਮੁੱਠੀ ਭਰ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਨਾਲ ਹੀ ਹਜ਼ਾਰਾਂ ਹੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਮਨਾਉਣ ਆਈਆਂ ਸੰਗਤਾਂ ਜੋ ਭਾਰਤੀ ਹਕੂਮਤ ਵੱਲੋਂ ਸ਼ਹੀਦ ਕਿਤੀਆਂ ਗਈਆਂ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਸ਼ਹੀਦ ਜਨਰਲ ਸੁਬੇਗ ਸਿੰਘ ਦੀ ਸੁਚੱਜੀ ਅਗਵਾਈ ਹੇਠ ਮੁੱਠੀ ਭਰ ਸਿੰਘਾਂ ਨੇ ਕਿਵੇਂ 6 ਦਿਨ ਭਾਰਤੀ ਫੌਜਾਂ ਦਾ ਮੂੰਹ ਮੋੜਿਆ, ਜਿਹੜੇ ਸਮਝਦੇ ਸਨ ਕਿ ਅਸੀਂ ਚੰਦ ਘੰਟਿਆਂ ਵਿੱਚ ਸੰਤਾਂ ਨੂੰ ਗ੍ਰਿਫਤਾਰ ਕਰ ਲਵਾਂਗੇ। ਭਾਰਤੀ ਕੌਂਸਲੇਟ ਫਰੈਂਕਫੋਰਟ ਦੇ







ਜਰਮਨੀ 'ਚ ਭਾਰਤੀ ਕੌਂਸਲੇਟ ਦੇ ਸਾਹਮਣੇ ਰੋਹ ਮੁਜ਼ਾਹਰੇ ਵਿੱਚ ਭਾਗ ਲੈਣ ਵਾਲੇ ਸਿੰਘ

ਨੁਮਾਇੰਦਿਆਂ ਰਾਹੀਂ ਇੱਕ ਸੁਨੇਹਾ ਭਾਰਤ ਸਰਕਾਰ ਨੂੰ ਪਹੁੰਚਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਗਿਆ ਹੈ ਕਿ ਜੋ ਅੱਤ ਘਿਨਾਉਣਾ ਕਾਰਨਾਮਾ ਭਾਰਤ ਸਰਕਾਰ ਕਰ ਚੁੱਕੀ ਹੈ ਸਿਖਾਂ ਲਈ ਉਸ ਦਾ ਹੱਲ ਸਿਰਫ ਤੇ ਸਿਰਫ ਖਾਲਿਸਤਾਨ ਹੈ। ਬੇਹਤਰ ਇਹ ਹੀ ਹੋਵੇਗਾ ਕਿ ਗੱਲਬਾਤ ਰਾਹੀਂ ਇਹ ਮਸਲਾ ਨਿਬੇੜ ਲਿਆ ਜਾਵੇ, ਨਹੀਂ ਤੇ ਅਨੇਕਾਂ ਹੀ ਹੋਰ ਟੁੱਕੜੇ ਭਾਰਤ ਦੇ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਸਿੱਖ ਫੈਡਰੇਸ਼ਨ ਜਰਮਨੀ ਦੇ ਆਗੂ ਭਾਈ ਗੁਰਦਿਆਲ ਸਿੰਘ ਲਾਲੀ ਨੇ ਸਟੇਜ ਦੀ ਸੇਵਾ ਬਾਖੂਬੀ ਨਿਭਾਉਂਦਿਆਂ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਆਪਣੇ ਵਿਚਾਰ ਰੱਖਣ ਦਾ ਸਮਾਂ ਦਿੱਤਾ।

ਬੱਬਰ ਖਾਲਸਾ ਦੇ ਮੁੱਖੀ ਜਥੇਦਾਰ ਰੇਸ਼ਮ ਸਿੰਘ ਬੱਬਰ, ਭਾਈ ਅਵਤਾਰ ਸਿੰਘ ਬੱਬਰ, ਭਾਈ ਜਸਵੰਤ ਸਿੰਘ ਬੱਬਰ, ਭਾਈ ਰਾਜਿੰਦਰ ਸਿੰਘ ਬੱਬਰ, ਭਾਈ ਦਲਜੀਤ ਸਿੰਘ ਬੱਬਰ ਅਤੇ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਜਰਮਨੀ ਦੇ ਮੁੱਖੀ ਭਾਈ ਲਖਵਿੰਦਰ ਸਿੰਘ ਮੱਲ੍ਹੀ, ਭਾਈ ਸੁੱਖਵਿੰਦਰ ਸਿੰਘ, ਦਲ ਖਾਲਸਾ ਜਰਮਨੀ ਦੇ ਪ੍ਰਧਾਨ ਹਰਮੀਤ ਸਿੰਘ, ਵਰਲਡ ਸਿੱਖ ਪਾਰਲੀਮੈਂਟ ਦੇ ਆਗੂ ਭਾਈ ਗੁਰਚਰਨ ਸਿੰਘ ਗੁਰਾਇਆ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਭਾਈ ਜਗਤਾਰ ਸਿੰਘ ਮਾਹਲ, ਭਾਈ ਜੁਗਰਾਜ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ ਦੇ ਭਾਈ ਪ੍ਰਿਤਪਾਲ ਸਿੰਘ ਧਰਮੀ ਫੌਜੀ ਅਤੇ ਭਾਈ ਕਰਨਪਾਲ ਸਿੰਘ, ਭਾਈ ਅਵਤਾਰ ਸਿੰਘ ਹੁੰਦਲ ਅਤੇ ਭਾਈ ਪ੍ਰਤਾਪ ਸਿੰਘ ਆਦਿ ਸਿੰਘਾਂ ਨੇ ਸੰਬੋਧਨ ਕੀਤਾ। ਇਹਨਾਂ ਤੋਂ ਇਲਾਵਾ ਭਾਈ ਸੁਖਦੇਵ ਸਿੰਘ ਹੇਰਾਂ, ਨਰਿੰਦਰ ਸਿੰਘ ਘੋਤੜਾ, ਭਾਈ ਅੰਗਰੇਜ ਸਿੰਘ, ਭਾਈ ਗੁਰਬਿੰਦਰ ਸਿੰਘ ਸਟੁਟਗਾਰਡ ਤੋਂ ਇਲਾਵਾ ਕਾਫੀ ਹੋਰ ਸਿੰਘਾਂ ਨੇ ਆਪਣੀ ਹਾਜ਼ਰੀ ਲਗਵਾਈ। ਭਾਈ ਅਰਪਿੰਦਰ ਸਿੰਘ ਬਿੱਟੂ ਖਾਲਿਸਤਾਨੀ ਨੇ ਠੰਡੇ ਸ਼ਰਬਤ ਦੀ ਸੇਵਾ ਕੀਤੀ।

# ਤੀਜੇ ਘੱਲੂਘਾਰੇ ਦੀ ਯਾਦ ਵਿੱਚ ਗੁਰਦੁਆਰਾ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ ਸ਼ਹੀਦੀ ਸਮਾਗਮ


ਇੰਗਲੈਂਡ-(ਸੁਖਜਿੰਦਰ ਸਿੰਘ ਢੱਡੇ)-ਸੱਚਖੰਡ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਹਕੂਮਤ ਵੱਲੋਂ ਜੂਨ 1984 ਵਿੱਚ ਕੀਤੇ ਗਏ ਹਮਲੇ ਦੀ 42ਵੀਂ ਪਾਵਨ ਯਾਦ ਮੌਕੇ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 1 ਜੂਨ ਤੋਂ 7 ਜੂਨ ਤੱਕ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸਜਾਏ ਗਏ ਇਨ੍ਹਾਂ ਸ਼ਹੀਦੀ ਸਮਾਗਮਾਂ ਵਿੱਚ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਮਨਜਿੰਦਰ ਸਿੰਘ ਜੀ, ਭਾਈ ਮਲਕੀਤ ਸਿੰਘ, ਡਾਕਟਰ ਗਿਆਨੀ ਮੁਖਤਾਰ ਸਿੰਘ, ਕਥਾਵਾਚਕ ਗਿਆਨੀ ਸੁਖਚੈਨ ਸਿੰਘ ਦਮਦਮੀ ਟਕਸਾਲ, ਕਵੀਸ਼ਰੀ ਜਥਾ ਗਿਆਨੀ ਮੱਖਣ ਸਿੰਘ, ਬਾਬਾ ਗੁਰਦੇਵ ਸਿੰਘ ਜੀ, ਜਥੇਦਾਰ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਤਰਨਾ ਦਲ ਛਾਉਣੀ ਨਿਹੰਗਾ ਸਿੰਘਾਂ ਬਜਵਾੜਾ ਕਲਾਂ ਵਾਲੇ, ਭਾਈ ਜਸਪਾਲ ਸਿੰਘ ਢਿੱਲੋਂ ਮੀਤ ਪ੍ਰਧਾਨ, ਭਾਈ ਰਣਧੀਰ ਸਿੰਘ ਸੰਭਲ, ਭਾਈ ਕੁਲਵੰਤ ਸਿੰਘ, ਕਲਤੂਰਾ ਸਿੰਘ ਇਟਲੀ ਪੰਥਕ ਬੁਲਾਰਿਆਂ ਨੇ ਗੁਰਬਾਣੀ ਕੀਰਤਨ, ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਅਤੇ ਸਟੇਜ ਸਕੱਤਰ ਭਾਈ ਸਰਬਜੀਤ ਸਿੰਘ, ਸਿੰਘ ਸਾਹਿਬ ਬਾਬਾ ਗੁਰਦੇਵ ਸਿੰਘ ਅਤੇ ਡਾ: ਮੁਖਤਿਆਰ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਭਾਰਤੀ ਫ਼ੌਜ ਵੱਲੋਂ ਕੀਤੇ ਤਸ਼ੱਦਦ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ, ਇਨ੍ਹਾਂ ਪੰਥਕ ਬੁਲਾਰਿਆਂ ਨੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ, ਭਿੰਡਰਾਂਵਾਲਿਆਂ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਗੁਰੂ ਘਰ ਦੇ ਜਨਰਲ ਸਕੱਤਰ ਜਗਤਾਰ ਸਿੰਘ ਰਾਹੋਂ, ਮੀਤ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਹਾਕਮ ਸਿੰਘ ਖਜ਼ਾਨਚੀ, ਗੁਰਜੰਟ ਸਿੰਘ, ਜੋਗਿੰਦਰ ਸਿੰਘ, ਨਿਰਮਲ ਸਿੰਘ, ਮਨਦੀਪ ਸਿੰਘ ਰਾਣਾ, ਕਮਲਜੀਤ ਸਿੰਘ, ਗਿ: ਮਲਕੀਤ ਸਿੰਘ, ਤਰਨਜੀਤ ਸਿੰਘ ਵਾਲੀਆ, ਗਿ: ਬਲਵੰਤ ਸਿੰਘ ਲਿੱਤਰਾਂਵਾਲੇ ਆਦਿ ਹਾਜ਼ਰ ਸਨ। ਪੂਰਾ ਹਫ਼ਤਾ ਸਟੇਜ ਸਕੱਤਰ ਦੀ ਸੇਵਾ ਇਤਿਹਾਸਕ ਰੋਸ਼ਨੀ ਵਿੱਚ ਬਾਖੂਬੀ ਭਾਈ ਸਰਬਜੀਤ ਸਿੰਘ ਸੰਘਾ ਤੇ ਸੰਭਲ ਜੀ ਨੇ ਨਿਭਾਈ। ਇਸ ਮੌਕੇ ਗੁਰੂ ਘਰ ਵੱਲੋਂ ਬਾਬਾ ਗੁਰਦੇਵ ਸਿੰਘ ਤਰਨਾ ਦਲ ਨੂੰ ਗਿਆਨੀ ਜਤਿੰਦਰ ਸਿੰਘ ਹਿਆਲਾ, ਜਸਪਾਲ ਸਿੰਘ ਢਿੱਲੋਂ, ਡਾ: ਮੁਖਤਾਰ ਸਿੰਘ ਤੇ ਭਾਈ ਰਣਧੀਰ ਸਿੰਘ ਸੰਭਲ ਨੇ ਸਿਰੋਪਾਉ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ।



# 100 ਮੀਲ ਦੀ ਰਫ਼ਤਾਰ ਨਾਲ ਦੋ ਔਰਤਾਂ ਨੂੰ ਕੁਚਲਣ ਵਾਲੇ ਡਰਾਈਵਰ ਨੂੰ 15 ਸਾਲ ਦੀ ਕੈਦ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਕੈਂਟ ਇਲਾਕੇ ਦੀ ਐਮ-20 ਮੋਟਰਵੇਅ 'ਤੇ ਭਾਰੀ ਮੀਂਹ ਦੌਰਾਨ ਕਰੀਬ 100 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਬੀ.ਐੱਮ.ਡਬਲਿਊ. ਚਲਾ ਕੇ ਐਨ.ਐਚ.ਐਸ. ਦੀ ਡਾਕਟਰ ਹਬੀਬਾ ਹਾਜਾਲੀ ਅਤੇ ਚਾਰ ਬੱਚਿਆਂ ਦੀ ਮਾਂ ਲੀਸਾ ਵੈਬਰ ਦੀ ਮੌਤ ਦਾ ਕਾਰਨ ਬਣੇ 29 ਸਾਲਾ ਬਿਲਾਲ ਤਾਹਿਰ ਨੂੰ ਓਲਡ ਬੇਲੀ ਅਦਾਲਤ ਨੇ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੂੰ ਦੱਸਿਆ ਗਿਆ ਕਿ 17 ਅਕਤੂਬਰ 2022 ਨੂੰ ਡਾ. ਹਬੀਬਾ ਦੀ ਕਾਰ ਮੀਂਹ ਕਾਰਨ ਫਿਸਲ ਕੇ ਮੋਟਰਵੇਅ ਦੇ ਬੈਰੀਅਰ ਨਾਲ ਟਕਰਾ ਗਈ ਸੀ, ਜਿਸ ਤੋਂ ਬਾਅਦ ਲੀਸਾ ਵੈਬਰ ਅਤੇ ਮਾਰਕ ਹੀਪ ਮਦਦ ਲਈ ਰੁਕੇ ਸਨ। ਇਸ ਦੌਰਾਨ ਤਾਹਿਰ ਦੀ ਤੇਜ਼ ਰਫ਼ਤਾਰ ਕਾਰ ਪਾਣੀ ਉੱਪਰ ਫਿਸਲ ਕੇ ਹਾਰਡ ਸ਼ੋਲਡਰ 'ਤੇ ਚੜ੍ਹ ਗਈ ਅਤੇ ਤਿੰਨਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਡਾ. ਹਬੀਬਾ ਅਤੇ ਲੀਸਾ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਮਾਰਕ ਹੀਪ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਤਾਹਿਰ ਹਾਦਸੇ ਤੋਂ ਪਹਿਲਾਂ 93 ਤੋਂ 100 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਗੱਡੀ ਚਲਾ ਰਿਹਾ ਸੀ ਅਤੇ ਸ਼ੁਰੂ ਵਿੱਚ ਉਸ ਨੇ ਪੁਲਿਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਵੀ ਕੀਤੀ। ਜੱਜ ਐਂਥਨੀ ਲਿਓਨਾਰਡ ਨੇ ਕਿਹਾ ਕਿ ਮਾੜੇ ਮੌਸਮ ਵਿੱਚ ਇੰਨੀ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ ਬੇਹੱਦ ਖ਼ਤਰਨਾਕ ਅਤੇ ਗੈਰ-ਜ਼ਿੰਮੇਵਾਰਾਨਾ ਸੀ। ਅਦਾਲਤ ਨੇ ਤਾਹਿਰ ਨੂੰ 15 ਸਾਲ ਦੀ ਕੈਦ ਦੇ ਨਾਲ ਰਿਹਾਈ ਤੋਂ ਬਾਅਦ 10 ਸਾਲ ਲਈ ਡਰਾਈਵਿੰਗ ਕਰਨ ਤੋਂ ਵੀ ਅਯੋਗ ਕਰਾਰ ਦਿੱਤਾ।







ਸੜਕ ਹਾਦਸੇ ਵਿੱਚ ਮਾਰੇ ਗਏ ਐਨ.ਐਚ.ਐਸ. ਡਾਕਟਰ ਡਾ. ਹਬੀਬਾ ਹਾਜਾਲੀ (ਉੱਪਰ) ਅਤੇ ਚਾਰ ਬੱਚਿਆਂ ਦੀ ਮਾਂ ਲੀਸਾ ਵੈਬਰ, ਜੋ ਇਕ ਅਜਨਬੀ ਦੀ ਮਦਦ ਕਰਨ ਲਈ ਰੁਕੀ ਸੀ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**5. ਗੁਰਦੁਆਰਾ ਦਮਦਮਾ ਸਾਹਿਬ:**

ਇਸ ਥਾਂ 'ਤੇ ਗੁਰੂ ਹਰਿਰਾਇ ਸਾਹਿਬ ਬਾਹਰੋਂ ਆਈਆਂ ਸੰਗਤਾਂ ਨੂੰ ਦਰਸ਼ਨ-ਦੀਦਾਰੇ ਦਿਆ ਕਰਦੇ ਸਨ। ਇਸ ਗੁਰ-ਦੁਆਰੇ ਦਾ ਇਕੋ ਕਮਰਾ ਹੈ, ਜਿਸ ਦੇ ਵਿੱਚਕਾਰ ਗੁੰਬਦ ਹੈ ਜਿਥੇ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ। ਇਹ ਗੁਰਦੁਆਰਾ, ਗੁਰਦੁਆਰਾ ਸ਼ੀਸ਼ ਮਹੱਲ ਤੋਂ 20 ਮੀਟਰ ਦੂਰ ਪੱਛਮ ਵੱਲ ਸਥਿਤ ਹੈ। ਗੁਰੂ ਸਾਹਿਬ ਇਥੇ ਰੋਜ ਦੀਵਾਨ ਸਜਾਇਆ ਕਰਦੇ ਸਨ।

**6. ਗੁਰਦੁਆਰਾ ਚੁਬੱਚਾ ਸਾਹਿਬ:**

ਇਹ ਗੁਰਦੁਆਰਾ ਦਮਦਮਾ ਸਾਹਿਬ ਦੇ ਦੱਖਣ-ਪੱਛਮ ਵੱਲ ਹੈ। ਛੋਟੇ ਜਿਹੇ ਗੁੰਬਦ ਵਾਲੀ ਇਮਾਰਤ, ਇਕ ਛੋਟੇ ਜਿਹੇ ਅਹਾਤੇ ਵਿੱਚ ਹੈ। ਇਸ ਥਾਂ 'ਤੇ ਗੁਰੂ ਹਰਿਰਾਇ ਸਾਹਿਬ ਦੇ ਘੋੜਿਆਂ ਦਾ ਇਕ ਚੁਬੱਚਾ ਹੁੰਦਾ ਸੀ। ਹੁਣ ਇਹ ਇਕ ਛੋਟੀ ਜਿਹੀ ਵਲਗਣ ਬਣ ਕੇ ਰਹਿ ਗਿਆ ਹੈ ਅਤੇ ਇਸ ਦੀ ਜ਼ਮੀਨ ਉੱਤੇ ਘਰ ਅਤੇ ਦੁਕਾਨਾਂ ਉਸਰ ਚੁੱਕੀਆਂ ਹਨ। ਗੁਰੂ ਹਰਿਰਾਇ ਸਾਹਿਬ ਕੋਲ 2200 ਘੋੜੇ, ਬਹੁਤ ਸਾਰੇ ਹਾਥੀ, ਮੱਝਾਂ ਅਤੇ ਗਊਆਂ ਸਨ ਜੋ ਉਨ੍ਹਾਂ ਨੇ ਵੱਖ-ਵੱਖ ਅਸਤਬਲਾਂ ਵਿਚ ਰੱਖੇ ਹੋਏ ਸਨ। ਇਨ੍ਹਾਂ ਸਾਰਿਆਂ ਵਾਸਤੇ ਦਾਣੇ ਦਾ ਸਟੋਰ ਇਥੇ ਹੀ ਹੋਇਆ ਕਰਦਾ ਸੀ। ਇਹ ਸਟੋਰ ਅੱਠੋ ਪਹਿਰ, ਤੀਹ ਦਿਨ, ਬਾਰਾਂ ਮਹੀਨੇ ਦਾਣੇ ਨਾਲ ਭਰਪੂਰ ਰਿਹਾ ਕਰਦਾ ਸੀ। ਗੁਰੂ ਸਾਹਿਬ ਦੀ ਫੌਜ ਕੀਰਤਪੁਰ ਦੇ ਦੱਖਣ ਵੱਲ 6 ਕਿਲੋਮੀਟਰ ਦੂਰ ਪਿੰਡ ਬੰਗਾ ਵਿੱਚ ਕਿਆਮ ਕਰਦੀ ਸੀ। ਕਈ ਵੇਰ ਗੁਰੂ ਸਾਹਿਬ ਆਪਣੇ ਹੱਥਾਂ ਨਾਲ ਘੋੜਿਆਂ, ਹਾਥੀਆਂ ਅਤੇ ਮੱਝਾਂ ਨੂੰ ਦਾਣੇ ਦਿਆ ਕਰਦੇ ਸਨ। ਇਹ ਗੁਰਦੁਆਰਾ ਵੀ ਦੂਜੇ ਗੁਰਦੁਆਰਿਆਂ ਵਾਂਗ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਉਂਦਾ ਹੈ।

**7. ਗੁਰਦੁਆਰਾ ਮੰਜੀ ਸਾਹਿਬ:**

ਇਸ ਥਾਂ ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿਰਾਇ ਸਾਹਿਬ) ਦਾ ਘਰ ਸੀ। ਬੀਬੀ ਜੀ ਦੀ ਸ਼ਾਦੀ ਭਾਈ ਖੇਮਕਰਨ (ਵਾਸੀ ਪਸਰੂਰ, ਜ਼ਿਲ੍ਹਾ ਗੁਜਰਾਂਵਾਲਾ) ਨਾਲ ਹੋਈ ਸੀ। ਪਰ ਉਹ ਤਿੰਨ ਦਿਨ ਸਹੁਰੇ ਰਹਿਣ ਮਗਰੋਂ ਪਿੰਡ ਕਲਿਆਣਪੁਰ ਵਿੱਚ ਆ ਵਸੇ ਸਨ। ਉਦੋਂ ਇਹ ਇਲਾਕਾ ਕਲਿਆਣਪੁਰ ਵਿੱਚ ਸੀ ਤੇ ਹੁਣ ਕੀਰਤਪੁਰ ਸਾਹਿਬ ਵਿੱਚ ਆ ਗਿਆ ਹੈ। ਇਥੇ ਹੀ ਬੀਬੀ ਰੂਪ ਕੌਰ ਦੇ ਬੇਟੇ ਭਾਈ ਅਮਰ ਸਿੰਘ ਦਾ ਜਨਮ ਹੋਇਆ ਸੀ। ਇਹ ਗੁਰਦੁਆਰਾ ਅਜੇ ਵੀ ਪੁਰਾਣੀ ਸ਼ਕਲ ਦਾ ਹੈ ਅਤੇ ਛੇਤੀ ਹੀ ਕਾਰ ਸੇਵਾ ਵਾਲੇ ਬਣਾਉਣਾ ਸ਼ੁਰੂ ਕਰ ਰਹੇ ਹਨ। ਇਸ ਗੁਰ-ਦੁਆਰੇ ਵਿੱਚ ਬੀਬੀ ਰੂਪ ਕੌਰ ਦਾ ਹੱਥੀਂ ਕੱਢਿਆ ਰੁਮਾਲ, ਗੁਰਬਾਣੀ ਦੇ ਸ਼ਬਦਾਂ ਦੀ ਇਕ ਪੋਥੀ, ਇਕ ਹੱਥ ਪੱਖੀ ਅਤੇ ਬਾਬਾ ਸ੍ਰੀ ਚੰਦ ਦੀ ਸੇਲੀ ਟੋਪੀ ਪਈਆਂ ਹੋਈਆਂ ਹਨ।

ਬੀਬੀ ਰੂਪ ਕੌਰ ਦਾ ਵਿਆਹ 3 ਦਸੰਬਰ, 1662 ਵਿੱਚ ਹੋਇਆ ਸੀ। ਇਥੇ ਹੀ 21 ਅਗਸਤ 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਬਕਾਲਾ ਤੋਂ ਆ ਕੇ ਬੀਬੀ ਰੂਪ ਕੌਰ ਦੇ ਭਰਾ (ਗੁਰੂ ਹਰਿਕ੍ਰਿਸ਼ਨ ਸਾਹਿਬ) ਦੇ ਚਲਾਣੇ ਬਾਰੇ ਪੁੱਛਣ ਆਏ ਸਨ।

ਗੁਰਦੁਆਰਾ ਦੋ ਮੰਜ਼ਲਾ ਹੈ, ਛੋਟੇ ਕਮਰਿਆਂ ਦੇ ਆਕਾਰ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਹਿਲੀ ਮੰਜ਼ਿਲ ਵਿੱਚ ਹੁੰਦਾ ਹੈ।

**8. ਗੁਰਦੁਆਰਾ ਬਿਬਾਨਗੜ੍ਹ ਸਾਹਿਬ:**

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ (11 ਨਵੰਬਰ 1675) ਤੋਂ ਬਾਅਦ ਭਾਈ ਜੈਤਾ (ਜੀਵਣ ਸਿੰਘ) ਉਸ ਦਾ ਬਾਪ ਭਾਈ ਆਗਿਆ, ਭਾਈ ਊਦਾ (ਪੁੱਤਰ ਖੇਮਾ ਚੰਦਨੀਆਂ) ਤੇ ਭਾਈ ਨਾਨੂੰ ਰਾਮ ਦਿਲ-ਵਾਲੀ, ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਚੱਕ ਨਾਨਕੀ ਲਿਜਾਂਦੇ ਹੋਏ 16 ਨਵੰਬਰ 1675 ਦੇ ਦਿਨ ਇਸ ਥਾਂ ਰੁਕੇ ਸਨ। ਇਥੋਂ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਸੰਗਤਾਂ ਨੇ ਸੀਸ ਨੂੰ ਚੱਕ ਨਾਨਕੀ ਲਿਜਾ ਕੇ ਅਗਲੇ ਦਿਨ ਗੁਰਦੁਆਰਾ ਸੀਸ ਗੰਜ ਵਾਲੀ ਥਾਂ 'ਤੇ ਸਸਕਾਰ ਕੀਤਾ ਸੀ। ਇਸੇ ਥਾਂ 'ਤੇ ਸੀਸ ਨੂੰ ਬਿਬਾਨ/ਵਿਮਾਨ ਵਿੱਚ ਰੱਖ ਕੇ ਸ਼ਬਦ-ਕੀਰਤਨ ਕਰਦੇ ਹੋਏ ਸੰਗਤਾਂ ਚੱਕ ਨਾਨਕੀ ਲੈ ਗਈਆਂ ਸਨ।

**9. ਗੁਰਦੁਆਰਾ ਤੀਰ ਸਾਹਿਬ:**

ਇਹ ਥਾਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹੈ। ਗੁਰਦੁਆਰਾ ਡੇਰਾ ਬਾਬਾ ਗੁਰਦਿੱਤਾ ਜੀ ਦੇ ਸੱਜੇ ਹੱਥ ਵੱਲ ਇਕ ਪਹਾੜੀ ਹੈ, ਜਿਥੋਂ ਦਰਿਆ ਸਤਲੁਜ ਦਾ ਮਨਮੋਹਣਾ ਦ੍ਰਿਸ਼ ਨਜ਼ਰੀਂ ਪੈਂਦਾ ਹੈ। ਗੁਰੂ ਸਾਹਿਬ ਇਸ ਪਹਾੜੀ 'ਤੇ ਸਿੱਖਾਂ ਦੇ ਤੀਰ ਕਮਾਨ ਦੇ ਮੁਕਾਬਲੇ ਕਰਾਇਆ ਕਰਦੇ ਸਨ। ਇਕ ਰਿਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਵਾਰ ਇਥੋਂ ਇਕ ਤੀਰ ਮਾਰਿਆ, ਜੋ ਸਤਲੁੱਜ ਦਰਿਆ ਦੇ ਨੇੜੇ (ਅਜੋਕੇ ਗੁਰਦੁਆਰਾ ਪਤਾਲਪੁਰੀ ਕੋਲ) ਜਾ ਕੇ ਡਿੱਗਿਆ ਸੀ। ਗੁਰਦੁਆਰਾ ਤੀਰ ਸਾਹਿਬ ਪਹਿਲਾਂ ਛੋਟੀ ਜਿਹੀ ਮੰਜੀ ਸੀ। ਹੁਣ ਨਵੀਂ ਇਮਾਰਤ ਪੱਥਰ ਦੀ ਬਣਾਈ ਗਈ ਹੈ।

**10. ਗੁਰਦੁਆਰਾ ਪਤਾਲਪੁਰੀ ਸਾਹਿਬ:**

ਇਹ ਗੁਰਦੁਆਰਾ ਦਰਿਆ ਸਤਲੁਜ ਦੇ ਕੰਢੇ 'ਤੇ ਸੁਸ਼ੋਭਿਤ ਹੈ। ਇਹ ਉਹ ਥਾਂ ਹੈ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦਾ ਸਸਕਾਰ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ (ਜੋ ਦਿੱਲੀ ਵਿੱਚ ਜੋਤੀ ਜੋਤਿ ਸਮਾਏ ਸਨ) ਦੀਆਂ ਅਸਥੀਆਂ ਵੀ ਇਥੇ ਹੀ ਜਲ ਪ੍ਰਵਾਹ ਕੀਤੀਆਂ ਗਈਆਂ ਸਨ। ਬਾਬਾ ਅਣੀ ਰਾਏ (ਬੇਟਾ ਹਰਿਗੋਬਿੰਦ ਸਾਹਿਬ) ਦਾ ਸਸਕਾਰ ਵੀ ਇਥੇ ਹੀ ਕੀਤਾ ਗਿਆ ਸੀ। ਉਸ ਮਗਰੋਂ ਵੀ ਮੁਕਾਮੀ ਸਿੱਖਾਂ ਦਾ ਸਸਕਾਰ ਇਥੇ ਹੀ ਹੋਇਆ ਕਰਦਾ ਸੀ। ਇਥੇ ਤਿੰਨ ਗੁਰੂ ਸਾਹਿਬਾਨ ਦੇ ਯਾਦਗਾਰੀ ਅਸਥਾਨ ਬਣਾਏ ਗਏ ਹਨ। ਗੁਰੂ ਸਾਹਿਬ ਦੇ ਸਾਕ-ਸੰਬੰਧੀਆਂ ਦੀਆਂ ਸਮਾਧਾਂ ਵੀ ਉਸਾਰੀਆਂ ਗਈਆਂ ਸਨ, ਜੋ ਢਾਹ ਕੇ ਨਵਾਂ ਗੁਰਦੁਆਰਾ ਉਸਾਰਿਆ ਗਿਆ ਹੈ। ਇਸ ਵਿੱਚ ਬਹੁਤ ਵੱਡਾ ਹਾਲ, ਦਰਿਆ ਦੇ ਸਿਰੇ ਵੱਲ ਬਣਾਇਆ ਗਿਆ ਹੈ। ਇਸ ਵਿੱਚ ਪ੍ਰਕਾਸ਼ ਅਸਥਾਨ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਦੋ ਮੰਜ਼ਲੀ ਇਮਾਰਤ ਅਤੇ ਗੁੰਬਦ ਨਜ਼ਰੀਂ ਪੈਂਦੇ ਹਨ।

**11. ਗੁਰਦੁਆਰਾ ਬਾਬਾ ਗੁਰਦਿੱਤਾ ਜੀ:**


ਗੁਰਦੁਆਰਾ ਬਾਬਾ ਗੁਰਦਿਤਾ ਜੀ

ਬਾਬਾ ਗੁਰਦਿੱਤਾ ਜੀ ਅਤੇ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿੱਚ ਇਹ ਗੁਰ-ਦੁਆਰਾ ਕੀਰਤਪੁਰ ਸਾਹਿਬ ਤੋਂ ਇਕ ਕਿਲੋਮੀਟਰ ਦੂਰ ਪਹਾੜੀ ਉਪਰ ਬਣਿਆ ਹੋਇਆ ਹੈ। ਬਾਬਾ ਗੁਰਦਿੱਤਾ ਜੀ ਇਸੇ ਥਾਂ ਅਕਾਲ ਚਲਾਣਾ ਕਰ ਗਏ ਸਨ। ਇਹ ਇਮਾਰਤ ਪੁਰਾਣੇ ਕਿਸਮ ਦੀ ਹੈ। ਇਥੇ ਇਕ ਨਿੰਮ ਦਾ ਦਰਖ਼ਤ ਵੀ ਹੈ, ਜੋ ਬਾਬਾ ਜੀ ਦੇ ਸਮੇਂ ਦਾ ਮੰਨਿਆ ਜਾਂਦਾ ਹੈ। ਇਸ ਥਾਂ 'ਤੇ ਸਾਰਾ ਕੀਰਤਪੁਰ ਸਾਹਿਬ ਦਾ ਆਸ-ਪਾਸ ਨਜ਼ਰ ਆਉਂਦਾ ਹ। ਬਾਬਾ ਜੀ ਦੀ ਯਾਦ ਵਿੱਚ ਇਕ ਹੋਰ ਗੁਰਦੁਆਰਾ ਪਿੰਡ ਜਿੰਦਬੜੀ ਵਿੱਚ ਹੈ।

**12. ਬਾਉਲੀ ਸਾਹਿਬ:**

ਇਸ ਨੂੰ ਗੁਰੂ ਕੀ ਬਾਉਲੀ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਬਾਉਲੀ ਦਾ ਆਕਾਰ ਮੁਰੱਬਾ ਕਿਸਮ ਦਾ ਹੈ ਅਤੇ ਪੌੜੀਆਂ ਹੇਠ ਪਾਣੀ ਤੱਕ ਜਾਂਦੀਆਂ ਹਨ। ਇਹ ਬਾਉਲੀ ਬਾਬਾ ਗੁਰਦਿੱਤਾ ਜੀ ਨੇ ਕੀਰਤਪੁਰ ਦੀ ਨੀਂਹ ਰੱਖਣ ਸਮੇਂ ਖੁਦਵਾਈ ਸੀ। ਇਸ ਬਾਉਲੀ ਨੂੰ ਖੋਦਣ ਦਾ ਟੱਕ ਬਾਬਾ ਸ੍ਰੀ ਚੰਦ ਜੀ ਨੇ ਲਾਇਆ ਸੀ।

ਬਾਉਲੀ ਸਾਹਿਬ ਦੇ ਕੋਲ ਹੀ ਬਾਬਾ ਸ੍ਰੀ ਚੰਦ ਜੀ ਦਾ ਸੰਤ-ਨਿਵਾਸ ਉਦਾਸੀ ਆਸ਼ਰਮ ਬਣਿਆ ਹੋਇਆ ਹੈ, ਜਿਥੇ ਬਾਬਾ ਜੀ ਨੇ ਉਦਾਸੀ ਲਿਬਾਸ ਬਾਬਾ ਗੁਰਦਿੱਤਾ ਜੀ ਨੂੰ ਬਖ਼ਸ਼ਿਸ ਕੀਤਾ ਸੀ। ਆਸ਼ਰਮ ਦੇ ਇਤਿਹਾਸ ਅਨੁਸਾਰ ਬਾਬਾ ਸ੍ਰੀ ਚੰਦ ਦੀ ਫੇਰੀ 7 ਜੁਲਾਈ 1628 ਲਿਖੀ ਹੋਈ ਹੈ, ਜਦ ਕਿ ਭੱਟਵਹੀਆਂ ਅਨੁਸਾਰ 1 ਮਈ 1626 ਲਿਖੀ ਹੋਈ ਹੈ। ਇਥੇ ਹੀ ਬਾਬਾ ਜੀ ਨੇ ਇਕ ਦਰਖ਼ਤ ਲਗਾਇਆ ਸੀ। ਉਪਰੋਕਤ ਸਾਰੇ ਗੁਰ-ਅਸਥਾਨਾਂ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹਨ।

ਪੁਸਤਕ ਸੂਚੀ:–1. ਤਾਰਾ ਸਿੰਘ– ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975 2. ਠਾਕਰ ਸਿੰਘ– ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923 3. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ। 4. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 5. ਕੋਸ਼ਿਸ਼, ਸਰੂਪ ਸਿੰਘ– ਗੁਰੂ ਕੀਆਂ ਸਾਖੀਆਂ, ਪਟਿਆਲਾ, 1998 ਪਦਮ, ਪਿਆਰਾ ਸਿੰਘ– 6. ਦਿਲ-ਗੀਰ, ਹਰਜਿੰਦਰ ਸਿੰਘ (ਡਾ.)– ਕੀਰਤ-ਪੁਰ ਸਾਹਿਬ, ਅੰਮ੍ਰਿਤਸਰ 2002 7. ਦਿਲ-ਗੀਰ, ਹਰਜਿੰਦਰ ਸਿੰਘ (ਡਾ.)– ਅਨੰਦਪੁਰ ਸਾਹਿਬ, ਅੰਮ੍ਰਿਤਸਰ 1998 8. ਦਿਲਗੀਰ, ਹਰਜਿੰਦਰ ਸਿੰਘ (ਡਾ.)– ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997 9. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996 10. ਵੇਦਾਂਤੀ, ਗਿ. ਜੋਗਿੰਦਰ ਸਿੰਘ, ਅਮਰ-ਜੀਤ ਸਿੰਘ (ਡਾ.)– ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅੰਮ੍ਰਿਤਸਰ, 1998 11. ਸਰਨਾ, ਡਾ. ਜਸਬੀਰ ਸਿੰਘ– ਗੁਰੂ ਹਰਿਰਾਇ ਸਾਹਿਬ, ਅਮਰੀਕਾ, 2002

## ਕੁਰਾਲੀ

ਕੁਰਾਲੀ, ਪੰਜਾਬ ਦੇ ਜ਼ਿਲ੍ਹਾ ਰੋਪੜ ਵਿੱਚ ਆਉਂਦਾ ਹੈ। ਕੁਰਾਲੀ ਦਾ ਅਕਸ਼ਾਂਸ਼ 300-48 ਅਤੇ ਰੇਖਾਂਸ਼ ਦੇਸ਼ਾਂਤਰ 760-35 ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਕੁਰੂਕਸ਼ੇਤਰ ਤੋਂ ਕੀਰਤਪੁਰ ਜਾਣ ਸਮੇਂ 1638 ਵਿੱਚ ਕੁਝ ਦੇਰ ਠਹਿਰੇ ਸਨ। ਗੁਰਦੁਆਰਾ ਹਰਿਗੋਬਿੰਦਗੜ੍ਹ ਸਾਹਿਬ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੋਇਆ ਹੈ। ਪਹਿਲਾਂ ਇਥੇ ਕੇਵਲ ਇਕ ਮੰਜੀ ਅਤੇ ਸਧਾਰਨ ਕਮਰਾ ਬਣਿਆ ਸੀ। ਨਵੇਂ ਗੁਰਦੁਆਰਾ ਸਾਹਿਬ ਵਿੱਚ ਇਕ ਵੱਡਾ ਦੀਵਾਨ ਹਾਲ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਸੰਗਤ ਕਰਦੀ ਹੈ। ਮਹਾਨ ਕੋਸ਼ ਅਨੁਸਾਰ ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰਦੁਆਰਾ ਵੀ ਹੁੰਦਾ ਸੀ।

ਪੁਸਤਕ ਸੂਚੀ:–1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 2. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996 3. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਸਿੱਖ ਫੈਡਰੇਸ਼ਨ (ਯੂ.ਕੇ.) ਵੱਲੋਂ ਹੈਨਰੀ ਨੋਵਾਕ ਦੀ ਮੌਤ, ਪੁਲਿਸ ਦੇ ਵਤੀਰੇ ਅਤੇ ਕ੍ਰਿਪਾਨ ਨੂੰ ਬਿਨਾਂ ਵਜ੍ਹਾ ਬਦਨਾਮ ਕਰਨ ਵਾਲੀਆਂ ਨਾਕਾਮੀਆਂ ਦੀ ਕਾਨੂੰਨੀ ਜਨਤਕ ਜਾਂਚ ਦੀ ਮੰਗ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ (ਯੂ.ਕੇ.) ਨੇ ਬਰਤਾਨੀਆਂ ਦੀ ਗ੍ਰਹਿ ਮੰਤਰੀ, ਕਾਨੂੰਨ ਮੰਤਰੀ ਅਤੇ ਅਟਾਰਨੀ ਜਨਰਲ ਨੂੰ ਪੱਤਰ ਲਿਖ ਕੇ 'ਇਨਕੁਆਰੀਜ਼ ਐਕਟ 2005' ਦੇ ਤਹਿਤ ਹੈਨਰੀ ਨੋਵਾਕ ਦੀ ਮੌਤ, ਪੁਲਿਸ ਦੇ ਵਤੀਰੇ ਅਤੇ ਕ੍ਰਿਪਾਨ ਨੂੰ ਬਿਨਾਂ ਵਜ੍ਹਾ ਬਦਨਾਮ ਕਰਨ ਵਾਲੀਆਂ ਨਾਕਾਮੀਆਂ ਦੀ ਸਾਂਝੇ ਤੌਰ 'ਤੇ ਇੱਕ ਕਾਨੂੰਨੀ ਜਨਤਕ ਜਾਂਚ ਕਰਨ ਦੀ ਮੰਗ ਕੀਤੀ ਹੈ।**

ਭਾਈ ਦਬਿੰਦਰਜੀਤ ਸਿੰਘ ਓ ਬੀ ਈ ਵੱਲੋਂ ਲਿਖੇ ਪੱਤਰ ਵਿੱਚ ਕਿਹਾ ਗਿਆ 18 ਸਾਲਾ ਹੈਨਰੀ ਨੋਵਾਕ ਦੀ ਦੁਖਦਾਈ ਮੌਤ ਦੇ ਆਲੇ-ਦੁਆਲੇ ਦੀਆਂ ਵੱਡੀਆਂ ਬਹੁ-ਏਜੰਸੀ ਨਾਕਾਮੀਆਂ, ਮੌਕੇ 'ਤੇ ਪਹੁੰਚੇ ਪੁਲਿਸ ਅਧਿਕਾਰੀਆਂ ਦੇ ਵਤੀਰੇ, ਅਤੇ ਸਾਊਥੈਂਪਟਨ ਕਰਾਊਨ ਕੋਰਟ ਵਿੱਚ ਚੱਲੇ ਅਪਰਾਧਿਕ ਮੁਕੱਦਮੇ ਦੌਰਾਨ ਗੰਭੀਰ ਸੰਸਥਾਗਤ ਅਤੇ ਸੱਭਿਆਚਾਰਕ ਨਾਕਾਮੀਆਂ ਸਾਹਮਣੇ ਆਈਆਂ ਹਨ। ਜਿਸ ਦੀ ਤੁਰੰਤ, ਸੁਤੰਤਰ ਅਤੇ ਪਾਰਦਰਸ਼ੀ ਜਾਂਚ ਦੀ ਲੋੜ ਹੈ। ਪੱਤਰ ਵਿੱਚ ਪੁਲਿਸ ਅਧਿਕਾਰੀ ਦੀ ਜਾਰੀ ਹੋਈ ਵੀਡੀਓ ਫੁਟੇਜ ਨੂੰ ਲੈ ਕੇ ਲੋਕਾਂ ਵਿੱਚ ਗੁੱਸਾ ਹੈ। ਜਿੱਥੇ ਪੁਲਿਸ ਅਧਿਕਾਰੀਆਂ ਨੇ ਵਿਕਰਮ ਦਿਗਵਾ ਦੇ ਝੂਠੇ ਬਿਆਨ ਨੂੰ ਸੱਚ ਮੰਨਿਆ, ਪੀੜਤ ਨੋਵਾਕ ਨੂੰ ਹੀ ਹੱਥਕੜੀ ਲਗਾਈ, ਨੋਵਾਕ ਵੱਲੋਂ ਸਪੱਸ਼ਟ ਤੌਰ 'ਤੇ ਇਹ ਕਹਿਣ ਦੇ ਬਾਵਜੂਦ ਕਿ ਉਸ ਨੂੰ ਚਾਕੂ ਮਾਰਿਆ ਗਿਆ ਹੈ ਅਤੇ "ਮੈਂ ਸਾਹ ਨਹੀਂ ਲੈ ਸਕਦਾ" ਦੀ ਗੁਹਾਰ ਲਗਾਉਣ ਦੇ ਬਾਵਜੂਦ, ਉਸ ਦੀ ਤਕਲੀਫ ਨੂੰ ਅਣਗੌਲਿਆ ਕੀਤਾ। ਦਿਗਵਾ ਪਹਿਲਾਂ ਹੀ "ਪੁਲਿਸ ਦੀ ਰਡਾਰ 'ਤੇ" ਸੀ। ਗੰਭੀਰ ਸਵਾਲ ਇਹ ਵੀ ਹੈ ਕਿ ਕੀ ਹੈਨਰੀ ਨੋਵਾਕ ਦੀ ਮੌਤ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਸੀ?


ਭਾਈ ਦਬਿੰਦਰਜੀਤ ਸਿੰਘ

ਦੂਜਾ ਅਦਾਲਤੀ ਪ੍ਰਕ੍ਰਿਆ ਦੌਰਾਨ ਪੁਲਿਸ, ਸੀ.ਪੀ.ਐਸ. ਅਤੇ ਨਿਆਂਪਾਲਿਕਾ ਦੁਆਰਾ ਸਿੱਖ ਭਾਈਚਾਰੇ ਨੂੰ ਵੀ ਡੂੰਘੀ ਠੇਸ ਪਹੁੰਚਾਈ ਗਈ ਹੈ। ਪੂਰੀ ਕਾਰਵਾਈ ਦੌਰਾਨ, ਸਰਕਾਰੀ ਤੰਤਰ ਕਤਲ ਦੇ ਹਥਿਆਰ ਦੀ ਸਹੀ ਪਛਾਣ ਕਰਨ ਅਤੇ ਉਸ ਦਾ ਵਰਣਨ ਕਰਨ ਵਿੱਚ ਨਾਕਾਮ ਰਿਹਾ, ਅਤੇ ਇਸ ਨੂੰ "ਕ੍ਰਿਪਾਨ" ਜਾਂ "ਸਿੱਖ ਧਾਰਮਿਕ/ਰਸਮੀ ਚਾਕੂ/ਖੰਜਰ" ਵਜੋਂ ਸ਼੍ਰੇਣੀਬੱਧ ਕਰਦਾ ਰਿਹਾ। ਲੇਕਨ 1 ਜੂਨ 2026 ਨੂੰ ਹਥਿਆਰ ਦੀ ਤਸਵੀਰ ਜਾਰੀ ਹੋਣ ਤੋਂ ਬਾਅਦ, ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਨੂੰ ਪਤਾ ਲੱਗਾ ਕਿ ਉਹ ਕ੍ਰਿਪਾਨ ਨਹੀਂ ਸੀ। ਓਫੈਂਸਿਵ ਵੈਪਨਜ਼ ਐਕਟ 2019 ਅਤੇ ਇਸਦੀ ਜੁਲਾਈ 2022 ਦੀ ਵਿਧਾਨਕ ਗਾਈਡੈਂਸ ਦੇ ਤਹਿਤ, ਕ੍ਰਿਪਾਨ ਨੂੰ ਸਪੱਸ਼ਟ ਤੌਰ 'ਤੇ ਇੱਕ ਮੁੜੇ ਹੋਏ ਬਲੇਡ ਵਜੋਂ ਪਰਿਭਾਸ਼ਿਤ ਅਤੇ ਸਮਝਿਆ ਗਿਆ ਹੈ। ਇਸ ਕੇਸ ਵਿੱਚ ਪੁਲਿਸ ਅਤੇ ਪ੍ਰੋਸੀਕਿਊਸ਼ਨ ਕੋਲ ਇਹ ਹਥਿਆਰ ਛੇ ਮਹੀਨਿਆਂ ਤੋਂ ਵੱਧ ਸਮੇਂ ਤੱਕ ਮੌਜੂਦ ਸੀ, ਉਹਨਾਂ ਨੂੰ ਪਤਾ ਹੋਣਾ ਚਾਹੀਦਾ ਸੀ, ਕਿ ਇਹ ਕ੍ਰਿਪਾਨ ਨਹੀਂ ਹੈ। ਅਦਾਲਤ ਵਿੱਚ ਇੱਕ ਸਜ਼ਾਯਾਫ਼ਤਾ ਕਾਤਲ ਵੱਲੋਂ ਹਥਿਆਰ ਦੇ ਕੀਤੇ ਗਏ ਝੂਠੇ ਵਰਣਨ ਨੂੰ ਬਿਨਾਂ ਕਿਸੇ ਚੁਣੌਤੀ ਦੇ ਪ੍ਰਵਾਨ ਹੋਣ ਦੇ ਕੇ, ਨਿਆਂ ਪ੍ਰਣਾਲੀ ਨੇ ਗੁੰਮਰਾਹਕੁੰਨ ਜਾਣਕਾਰੀ ਨਾਲ ਇੱਕ ਸਿੱਖ ਵਿਰੋਧੀ ਲਹਿਰ ਨੂੰ ਹੁਲਾਰਾ ਦਿੱਤਾ। ਨਿਆਂਇਕ ਅਤੇ ਇਸਤਗਾਸਾ ਸਪੱਸ਼ਟਤਾ ਦੀ ਇਸ ਘਾਟ ਨੇ ਅਣਉਚਿਤ ਰਾਜਨੀਤਿਕ ਟਿੱਪਣੀਆਂ ਨੂੰ ਜਨਮ ਦਿੱਤਾ, ਸਿੱਖ ਧਰਮ ਦੇ ਇੱਕ ਪਵਿੱਤਰ ਕਕਾਰ ਨੂੰ ਬਦਨਾਮ ਕੀਤਾ, ਅਤੇ ਇਸਦੇ ਸਿੱਟੇ ਵਜੋਂ ਪੂਰੇ ਯੂ.ਕੇ. ਵਿੱਚ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਭਰੇ ਭਾਸ਼ਣ, ਅਪਸ਼ਬਦਾਂ ਅਤੇ ਹਿੰਸਕ ਸਰੀਰਕ ਹਮਲਿਆਂ ਵਿੱਚ ਵਾਧਾ ਹੋਇਆ। ਬ੍ਰਿਟਿਸ਼ ਸਿੱਖ ਭਾਈਚਾਰੇ ਨੂੰ ਨਕਾਰਾਤਮਕ ਪ੍ਰਤੀਕਰਮ ਤੋਂ ਬਚਾਉਣ ਦੇ ਆਪਣੇ ਫਰਜ਼ ਵਿੱਚ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ।

ਪੱਤਰ ਵਿੱਚ ਮੰਗ ਕੀਤੀ ਗਈ ਕਿ ਇੱਕ ਗੈਰ-ਕਾਨੂੰਨੀ ਜਾਂ ਅੰਦਰੂਨੀ ਸਮੀਖਿਆ ਪੁਲਿਸ, ਸੀ.ਪੀ.ਐਸ. ਅਤੇ ਅਦਾਲਤਾਂ ਦੀਆਂ ਇਹਨਾਂ ਅੰਤਰ-ਅਧਿਕਾਰ ਖੇਤਰ ਨਾਕਾਮੀਆਂ ਦਾ ਹੱਲ ਨਹੀਂ ਕਰ ਸਕਦੀ। ਸਿਰਫ਼ ਇੱਕ ਕਾਨੂੰਨੀ ਜਨਤਕ ਜਾਂਚ ਹੀ ਜਵਾਬਦੇਹੀ ਤੈਅ ਕਰਨ ਦਾ ਇੱਕਮਾਤਰ ਸਾਧਨ ਹੈ।

# ਹੀਥਰੋ ਹਵਾਈ ਅੱਡੇ ਨੇੜੇ ਹੋਏ ਸੜਕ ਹਾਦਸੇ 'ਚ ਦੋ ਲੋਕਾਂ ਦੀ ਮੌਤ ਦੇ ਮਾਮਲੇ 'ਚ ਪੰਜਾਬੀ ਗ੍ਰਿਫ਼ਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਹੀਥਰੋ ਹਵਾਈ ਅੱਡੇ ਨੇੜੇ ਹੋਏ ਸੜਕ ਹਾਦਸੇ 'ਚ ਦੋ ਲੋਕਾਂ ਦੀ ਮੌਤ ਦੇ ਮਾਮਲੇ 'ਚ ਪੰਜਾਬੀ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਿਕ ਇਹ ਹਾਦਸਾ ਬੀਤੇ ਐਤਵਾਰ, 1 ਜੂਨ ਨੂੰ ਹਿਲਿੰਗਡਨ ਵਿੱਚ ਐਮ4 ਮੋਟਰਵੇਅ 'ਤੇ ਹੋਇਆ ਸੀ, ਜਿਸ ਵਿੱਚ ਇੱਕ ਕਾਲੇ ਰੰਗ ਦੀ ਬੀ ਐਮ ਡਬਲਿਊ 320 ਆਈ ਅਤੇ ਇੱਕ ਚਿੱਟੇ ਰੰਗ ਦੀ ਗੋਲਫ ਕਾਰ ਸ਼ਾਮਲ ਸਨ। ਹਾਦਸੇ ਦੌਰਾਨ 63 ਸਾਲਾ ਮੁਹੰਮਦ ਹਗੀਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ 62 ਸਾਲਾ ਦਿਲਜਾਨ ਹਗੀਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਸ਼ਨੀਵਾਰ, 6 ਜੂਨ ਨੂੰ ਉਨ੍ਹਾਂ ਦੀ ਵੀ ਮੌਤ ਹੋ ਗਈ। ਇਸ ਹਾਦਸੇ ਵਿੱਚ ਇੱਕ ਤੀਜਾ ਵਿਅਕਤੀ, ਜੋ ਕਿ 29 ਸਾਲਾ ਨੌਜਵਾਨ ਹੈ, ਵੀ ਜ਼ਖ਼ਮੀ ਹੋਇਆ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਇਸ ਮਾਮਲੇ ਸਬੰਧੀ ਪੁਲਿਸ ਨੇ ਹੇਜ਼ ਦੇ ਮਿੰਟਰਨ ਵੇਅ ਦੇ ਰਹਿਣ ਵਾਲੇ 28 ਸਾਲਾ ਮਨਿੰਦਰ ਸਿੰਘ ਬਰਾੜ 'ਤੇ ਖ਼ਤਰਨਾਕ ਡਰਾਈਵਿੰਗ ਕਾਰਨ ਦੋ ਮੌਤਾਂ ਕਰਨ, ਬਿਨਾਂ ਬੀਮੇ ਦੇ ਗੱਡੀ ਚਲਾਉਣ ਅਤੇ ਸੜਕ ਹਾਦਸੇ ਤੋਂ ਬਾਅਦ ਮੌਕੇ 'ਤੋਂ ਫ਼ਰਾਰ ਹੋਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਫਿਆਜ਼ ਜੰਜੂਆ ਨੇ ਕਿਹਾ ਕਿ ਇਹ ਇੱਕ ਬਹੁਤ ਹੀ ਦੁਖਦਾਈ ਘਟਨਾ ਹੈ, ਜਿਸ ਵਿੱਚ ਆਮ ਜਨਤਾ ਦੇ ਦੋ ਮੈਂਬਰਾਂ ਨੇ ਆਪਣੀ ਜਾਨ ਗਵਾਈ ਹੈ। ਉਹਨਾਂ ਨੇ ਮੌਕੇ ਦੇ ਗਵਾਹਾਂ ਨੂੰ ਪੁਲਿਸ ਨਾਲ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਹੈ। ਮੈਟਰੋਪੋਲੀਟਨ ਪੁਲਿਸ ਵੱਲੋਂ ਕੀਤੀ ਗਈ ਛਾਣਬੀਣ ਤੋਂ ਬਾਅਦ, ਸ਼ਨੀਵਾਰ 6 ਜੂਨ ਨੂੰ ਮਨਿੰਦਰ ਸਿੰਘ ਬਰਾੜ ਨੂੰ ਖ਼ਤਰਨਾਕ ਡਰਾਈਵਿੰਗ ਨਾਲ ਮੌਤ ਦਾ ਕਾਰਨ ਬਣਨ, ਹਾਦਸੇ ਤੋਂ ਬਾਅਦ ਨਾ ਰੁਕਣ, ਬਿਨਾਂ ਇੰਸ਼ੋਰੈਂਸ ਦੇ ਗੱਡੀ ਚਲਾਉਣ, ਲਾਪਰਵਾਹੀ ਨਾਲ ਗੱਡੀ ਚਲਾਉਣ, ਧੋਖਾਧੜੀ, ਚੋਰੀ ਦੀ ਗੱਡੀ ਚਲਾਉਣ ਅਤੇ ਵਾਹਨ ਚੋਰੀ ਕਰਨ ਦੇ ਸ਼ੱਕ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਹੈ।



# ਸਿੱਖਸ ਇੰਨ ਅਕੈਡਮੀਆ ਯੂ ਕੇ 2026 ਸਲਾਨਾ ਖੋਜ ਵਿਦਿਆ ਕਾਨਫਰੰਸ ਵਾਰਿਕ ਯੂਨੀਵਰਸਿਟੀ ਵਿਖੇ ਹੋਈ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖਸ ਇੰਨ ਅਕੈਡਮੀਆ ਯੂ ਕੇ 2026 ਸਲਾਨਾ ਖੋਜ ਵਿਦਿਆ ਕਾਨਫਰੰਸ ਵਾਰਕਿ ਯੂਨੀਵਰਸਿਟੀ ਵਿਖੇ ਹੋਈ। ਜਿਸ ਵਿੱਚ 25 ਖੋਜ ਪੱਤਰ ਪੇਸ਼ ਹੋਏ, ਜੋ ਕਿ ਯੂ ਕੇ, ਯੂ ਐੱਸ ਏ, ਫਰਾਂਸ, ਮਲੇਸ਼ੀਆ ਅਤੇ ਭਾਰਤ ਆਦਿ ਦੇਸ਼ਾਂ ਤੋਂ ਸਨ। ਕਾਨਫਰੰਸ ਵਿੱਚ 100 ਤੋਂ ਵੱਧ ਖੋਜਾਰਥੀਆਂ, ਵਿਦਵਾਨਾਂ, ਵਿਦਿਆਰਥੀਆਂ ਅਤੇ ਮਹਿਮਾਨਾਂ ਨੇ ਹਿੱਸਾ ਲਿਆ। ਕਾਨਫਰੰਸ ਨੂੰ ਡਾ. ਕੁਲਬੀਰ ਕੌਰ ਸ਼ੇਰਗਿੱਲ ਡਾਇਰੈਕਟਰ ਵਾਰਿਕ ਯੂਨੀਵਰਸਿਟੀ, ਪ੍ਰੋ. ਦਲਜੀਤ ਸਿੰਘ ਵਿਰਕ ਓ ਬੀ ਈ, ਪ੍ਰੋ. ਡਾ. ਸੁਜਿੰਦਰ ਸਿੰਘ ਸੰਘਾ ਓ ਬੀ ਈ, ਡਾ. ਹਰਜਿੰਦਰ ਸਿੰਘ ਲਾਲੀ ਓ ਬੀ ਈ, ਡਾ. ਗੁਰਨਾਮ ਸਿੰਘ ਨੇ ਸੰਬੋਧਨ ਕੀਤਾ। ਪੇਸ਼ ਕੀਤੇ ਪਰਚਿਆਂ ਵਿੱਚ ਮੁੱਖ ਤੌਰ ਤੇ ਨਿਓਰੋਸਾਇੰਸ, ਜੈਨੇਟਿਕਸ, ਐਲਰਜ਼ੀਜ਼, ਸਿੱਖ ਨਜ਼ਰੀਏ ਤੋਂ ਸਿਹਤ, ਸਮਾਜਿਕ, ਰਾਜਸੀ, ਪਰਿਵਾਰਕ, ਸੱਭਿਆਚਾਰਕ ਅਤੇ ਭਾਈਚਾਰਕ ਮਸਲੇ ਤੇ ਮੁਸ਼ਕਿਲਾਂ, ਪੰਜਾਬ 'ਚ ਹੜ੍ਹਾਂ ਅਤੇ ਡੈਮਾਂ ਦੇ ਪ੍ਰਬੰਧਾਂ ਬਾਰੇ, ਔਰਤਾਂ ਅਤੇ ਲੜਕੀਆਂ ਨਾਲ ਹਿੰਸਾ ਤੇ ਵਿਤਕਰੇ, ਇਮਤਿਹਾਨੀ ਬੋਰਡ, ਸਕੂਲ ਅਤੇ ਪਾਠਕ੍ਰਮ ਬਾਰੇ, ਕੀਰਤਨ ਵਿਦਿਆ ਤੇ ਰੋਮਨ ਅੱਖਰਾਂ ਵਿੱਚ ਗੁਰਬਾਣੀ, ਸਿਮਰਨ, ਮਾਨਸਿਕਤਾ ਤੇ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ, ਪੰਜਾਬ ਦੀ ਵੰਡ ਤੇ ਬਟਵਾਰੇ ਤੋਂ ਉੱਭਰੇ ਸਾਕੇ ਅਤੇ ਇਹਨਾਂ ਦਾ ਅਸਰ, ਯੂ ਕੇ 'ਚ ਨੌਜਵਾਨ ਲੜਕੇ ਲੜਕੀਆਂ ਲਈ ਰੋਜ਼ਗਾਰ ਆਦਿ ਪੜ੍ਹੇ ਗਏ। ਡਾ: ਸੁਜਿੰਦਰ ਸਿੰਘ ਸੰਘਾ ਨੇ ਦੱਸਿਆ ਕਿ ਇਹ ਕਾਨਫਰੰਸ ਬਹੁਤ ਹੀ ਪ੍ਰਭਾਵਸ਼ਾਲੀ ਰਹੀ, ਹਮੇਸ਼ਾਂ ਹੀ ਇਸ ਸਲਾਨਾ ਕਾਨਫਰੰਸ ਵਿੱਚ ਬੁੱਧੀ ਜੀਵੀਆਂ ਵੱਲੋਂ ਵੱਖ ਵੱਖ ਵਿਸ਼ਿਆਂ ਤੇ ਖੋਜ ਪੱਤਰ ਪੇਸ਼ ਕੀਤੇ ਜਾਂਦੇ ਹਨ ਅਤੇ ਮੁੜ ਉਹਨਾਂ ਤੇ ਚਰਚਾ ਹੁੰਦੀ ਹੈ।

# ਕੀ ਭਾਰਤ ਨੂੰ ਇੱਕ ਹੋਰ 'ਆਜ਼ਾਦੀ ਅੰਦੋਲਨ' ਦੀ ਲੋੜ ਹੈ?

ਗੁਰਮੀਤ ਸਿੰਘ ਪਲਾਹੀ
9815802070



ਅਜੋਕੇ ਦੌਰ ਵਿੱਚ ਭਾਰਤ ਦਾ ਆਮ ਨਾਗਰਿਕ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਿਹਾ ਹੈ, ਜਿੱਥੇ ਉਸ ਦੀ ਆਰਥਿਕ ਆਜ਼ਾਦੀ ਅਤੇ ਰੋਜ਼ਾਨਾ ਦੀ ਹੋਂਦ ਸਭ ਤੋਂ ਵੱਡੇ ਸੰਕਟ ਵਿੱਚ ਹੈ। ਦੇਸ਼ ਵਿੱਚ ਪਿਛਲੇ ਕੁਝ ਦਿਨਾਂ ਤੋਂ ਮਹਿੰਗਾਈ ਆਮ ਲੋਕਾਂ ਲਈ ਇੱਕ ਨਾ-ਸਹਿਣਯੋਗ ਕਹਿਰ ਬਣ ਕੇ ਟੁੱਟ ਰਹੀ ਹੈ। ਜੇਕਰ ਮਹਿਜ਼ ਪਿਛਲੇ 30 ਦਿਨਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਭਗ 7.50 ਰੁਪਏ ਪ੍ਰਤੀ ਲੀਟਰ ਦਾ ਭਾਰੀ ਅਤੇ ਬੇਰਹਿਮ ਵਾਧਾ ਕੀਤਾ ਜਾ ਚੁੱਕਾ ਹੈ। ਇਹ ਵਾਧਾ ਸਿਰਫ਼ ਤੇਲ ਦੀਆਂ ਕੀਮਤਾਂ ਤੱਕ ਸੀਮਤ ਨਹੀਂ ਹੈ, ਬਲਕਿ ਇਸ ਦਾ ਸਿੱਧਾ ਅਤੇ ਘਾਤਕ ਅਸਰ ਦੇਸ਼ ਦੇ ਕਰੋੜਾਂ ਪਰਿਵਾਰਾਂ ਦੀ ਰਸੋਈ ਅਤੇ ਬਜਟ 'ਤੇ ਪਿਆ ਹੈ।

ਇਸ ਅਚਾਨਕ ਹੋਏ ਵਾਧੇ ਨੇ ਇੱਕ ਸਾਧਾਰਨ ਮੱਧਵਰਗੀ ਜਾਂ ਹੇਠਲੇ ਮੱਧਵਰਗੀ ਪਰਿਵਾਰ ਦਾ ਮਹੀਨਾਵਾਰ ਬਜਟ 2000 ਰੁਪਏ ਤੋਂ ਲੈ ਕੇ 3000 ਰੁਪਏ ਤੱਕ ਵਧਾ ਦਿੱਤਾ ਹੈ। ਜਦੋਂ ਦੇਸ਼ ਵਿੱਚ ਤੇਲ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਕਾਰ, ਸਕੂਟਰ, ਟਰੈਕਟਰ ਅਤੇ ਪਬਲਿਕ ਟ੍ਰਾਂਸਪੋਰਟ ਦੇ ਖਰਚੇ ਵਧਣੇ ਲਾਜ਼ਮੀ ਹਨ। ਇਸ ਟ੍ਰਾਂਸਪੋਰਟੇਸ਼ਨ ਖਰਚੇ (ਭਾੜੇ) ਦੇ ਵਾਧੇ ਦਾ ਸਿੱਧਾ ਅਸਰ ਬਾਜ਼ਾਰ ਵਿੱਚ ਮਿਲਣ ਵਾਲੀਆਂ ਸਬਜ਼ੀਆਂ, ਫਲਾਂ, ਦੁੱਧ ਅਤੇ ਰੋਜ਼ਾਨਾ ਦੇ ਕਰਿਆਨੇ ਦੇ ਭਾਅ 'ਤੇ ਪੈਂਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਆਮ ਆਦਮੀ ਦੀ ਕਮਾਈ ਦਾ ਇੱਕ ਬਹੁਤ ਵੱਡਾ ਹਿੱਸਾ ਸਿਰਫ਼ ਜ਼ਿੰਦਾ ਰਹਿਣ ਲਈ ਲੋੜੀਂਦੀਆਂ ਵਸਤੂਆਂ ਖਰੀਦਣ ਵਿੱਚ ਹੀ ਖ਼ਤਮ ਹੋ ਜਾਂਦਾ ਹੈ। ਇਹ ਵਧ ਰਹੀ ਮਹਿੰਗਾਈ ਦੇਸ਼ ਦੇ ਆਮ ਨਾਗਰਿਕਾਂ ਦੀ ਜੇਬ 'ਤੇ ਇੱਕ ਅਜਿਹਾ ਚੁੱਪ-ਚਾਪ ਡਾਕਾ ਹੈ, ਜਿਸ ਦੀ ਗੂੰਜ ਭਾਵੇਂ ਸੜਕਾਂ 'ਤੇ ਸੁਣਾਈ ਨਾ ਦੇਵੇ, ਪਰ ਇਸ ਦਾ ਦਰਦ ਹਰ ਘਰ ਵਿੱਚ ਮਹਿਸੂਸ ਕੀਤਾ ਜਾ ਰਿਹਾ ਹੈ। ਲੋਕ ਇਸ ਨੂੰ ਆਪਣੀ ਕਿਸਮਤ ਮੰਨ ਕੇ, ਇੱਕ 'ਸਾੜ੍ਹਸਤੀ' ਵਾਂਗ ਚੁੱਪਚਾਪ ਸਹਿਣ ਕਰਨ ਲਈ ਮਜਬੂਰ ਹੋ ਗਏ ਹਨ।

ਜੇਕਰ ਅਸੀਂ ਭਾਰਤ ਦੇ ਰਾਜਨੀਤਿਕ ਅਤੀਤ ਵੱਲ ਝਾਤ ਮਾਰੀਏ, ਤਾਂ ਜਨਤਾ ਦੇ ਹੱਕਾਂ ਲਈ ਲੜਨ ਅਤੇ ਸਰਕਾਰਾਂ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਦਾ ਇੱਕ ਸ਼ਾਨਦਾਰ ਇਤਿਹਾਸ ਮਿਲਦਾ ਹੈ। ਇੱਕ ਦੌਰ ਉਹ ਸੀ ਜਦੋਂ ਦੇਸ਼ ਵਿੱਚ ਡਬਲਰੋਟੀ ਜਾਂ ਕਿਸੇ ਆਮ ਵਸਤੂ ਦੀ ਕੀਮਤ ਵਿੱਚ ਮਹਿਜ਼ ਇੱਕ ਪੈਸੇ ਦਾ ਵਾਧਾ ਹੋਣ 'ਤੇ ਵੀ ਦੇਸ਼ ਦੀਆਂ ਕਮਿਊਨਿਸਟ ਅਤੇ ਖੱਬੀਆਂ ਪਾਰਟੀਆਂ ਸੜਕਾਂ 'ਤੇ ਉਤਰ ਆਉਂਦੀਆਂ ਸਨ। ਪੂਰੇ ਦੇਸ਼ ਵਿੱਚ ਤੁਰੰਤ ਦੇਸ਼ ਵਿਆਪੀ ਅੰਦੋਲਨ ਛੇੜ ਦਿੱਤੇ ਜਾਂਦੇ ਸਨ, ਜਿਸ ਨਾਲ ਹਾਕਮ ਧਿਰ ਨੂੰ ਆਪਣੇ ਫੈਸਲੇ ਬਦਲਣੇ ਪੈਂਦੇ ਸਨ। ਸਿਆਸਤ ਵਿੱਚ ਜਨਤਾ ਪ੍ਰਤੀ ਇੱਕ ਜਵਾਬਦੇਹੀ ਅਤੇ ਡਰ ਹੁੰਦਾ ਸੀ।

ਪਰ ਅੱਜ ਦੇ ਵਰਤਮਾਨ ਦੌਰ ਵਿੱਚ ਸਥਿਤੀ ਬਿਲਕੁਲ ਉਲਟ ਚੁੱਕੀ ਹੈ। ਅੱਜ ਜਦੋਂ ਮਹਿੰਗਾਈ ਅਸਮਾਨ ਛੂਹ ਰਹੀ ਹੈ ਅਤੇ ਤੇਲ ਦੀਆਂ ਕੀਮਤਾਂ ਰੋਜ਼ਾਨਾ ਨਵੇਂ ਰਿਕਾਰਡ ਬਣਾ ਰਹੀਆਂ ਹਨ, ਤਾਂ ਦੇਸ਼ ਦੀਆਂ ਖੱਬੀਆਂ ਧਿਰਾਂ ਅਤੇ ਰਵਾਇਤੀ ਅੰਦੋਲਨਕਾਰੀ ਪਾਰਟੀਆਂ ਗੂੜ੍ਹੀ ਨੀਂਦ ਸੌਂ ਰਹੀਆਂ ਹਨ। ਦੂਜੇ ਪਾਸੇ, ਦੇਸ਼ ਦੀ ਮੁੱਖ ਵਿਰੋਧੀ ਧਿਰ ਦੇ ਆਗੂਆਂ ਨੇ ਜਨਤਾ ਦੀ ਲੜਾਈ ਸੜਕਾਂ 'ਤੇ ਲੜਨ ਦੀ ਬਜਾਏ, ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਤੱਕ ਸੀਮਤ ਕਰ ਦਿੱਤੀ ਹੈ।

ਜਨਤਾ ਦੇ ਹੱਕਾਂ ਲਈ ਇੱਕ ਮਜ਼ਬੂਤ ਵਿਰੋਧ ਪ੍ਰਦਰਸ਼ਨ ਖੜ੍ਹਾ ਕਰਨ ਦੀ ਬਜਾਏ, ਸਿਆਸੀ ਆਗੂ ਅਜੀਬੋ-ਗਰੀਬ ਦਲੀਲਾਂ ਦੇ ਰਹੇ ਹਨ। ਅੱਜ ਇਹ ਕਿਹਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਕਿਸ਼ਤਾਂ ਵਿੱਚ ਇਸ ਲਈ ਵਧਾਈਆਂ ਜਾ ਰਹੀਆਂ ਹਨ ਤਾਂ ਜੋ ਜਨਤਾ ਨੂੰ ਇਕਦਮ ਵੱਡਾ ਝਟਕਾ ਨਾ ਲੱਗੇ ਅਤੇ ਉਨ੍ਹਾਂ ਦੀ ਜੇਬ ਆਸਾਨੀ ਨਾਲ ਅਤੇ ਚੁੱਪਚਾਪ ਕੱਟੀ ਜਾ ਸਕੇ। ਇਹ ਸਥਿਤੀ ਵਿਰੋਧੀ ਧਿਰ ਦੀ ਨਾਕਾਮੀ ਨੂੰ ਦਰਸਾਉਂਦੀ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਅੱਜ ਦੀ ਵਿਰੋਧੀ ਧਿਰ ਇਸ ਮਹਿੰਗਾਈ, ਵਧ ਰਹੀ ਬੇਰੁਜ਼ਗਾਰੀ, ਬੇਲਗਾਮ ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਕਾਰਪੋਰੇਟ ਜਗਤ ਵੱਲੋਂ ਕੀਤੀ ਜਾ ਰਹੀ ਅੰਨ੍ਹੀ ਲੁੱਟ ਵਿਰੁੱਧ ਇੱਕ ਦੇਸ਼ ਵਿਆਪੀ ਅਤੇ ਪ੍ਰਭਾਵਸ਼ਾਲੀ ਜਨ-ਅੰਦੋਲਨ ਖੜ੍ਹਾ ਕਰਨ ਵਿੱਚ ਇੰਨਾ ਅਸਫ਼ਲ ਅਤੇ ਬੇਵੱਸ ਕਿਉਂ ਸਾਬਤ ਹੋ ਰਿਹਾ ਹੈ?

ਜੇਕਰ ਅਸੀਂ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਦੇਸ਼ ਦੀਆਂ ਤਿੰਨ ਪ੍ਰਮੁੱਖ ਸਰਕਾਰੀ ਤੇਲ ਕੰਪਨੀਆਂ ਨੇ ਵਿੱਤੀ ਵਰ੍ਹੇ 2025-26 ਦੀ ਚੌਥੀ ਤਿਮਾਹੀ ਵਿੱਚ 28% ਤੋਂ ਲੈ ਕੇ 81% ਤੱਕ ਦਾ ਰਿਕਾਰਡ ਮੁਨਾਫ਼ਾ ਕਮਾਇਆ ਹੈ। ਜੇਕਰ ਪੂਰੇ ਸਾਲ ਦੇ ਵਿੱਤੀ ਨਤੀਜਿਆਂ ਨੂੰ ਦੇਖਿਆ ਜਾਵੇ, ਤਾਂ ਇਨ੍ਹਾਂ ਤਿੰਨੇ ਕੰਪਨੀਆਂ ਦਾ ਸ਼ੁੱਧ ਮੁਨਾਫ਼ਾ 94% ਤੋਂ 224% ਤੱਕ ਰਿਹਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਪਿਛਲੇ ਸਾਲਾਂ ਵਿੱਚ ਇੰਨਾ ਅੰਨ੍ਹਾ ਮੁਨਾਫ਼ਾ ਕਮਾਉਣ ਦੇ ਬਾਵਜੂਦ, ਜਦੋਂ ਵੀ ਕੰਪਨੀਆਂ ਨੂੰ ਅੰਤਰਰਾਸ਼ਟਰੀ ਹਾਲਾਤਾਂ ਕਾਰਨ ਥੋੜ੍ਹੇ ਸਮੇਂ ਲਈ ਮਾਮੂਲੀ ਘਾਟਾ ਪੈਂਦਾ ਹੈ, ਤਾਂ ਉਸ ਦਾ ਸਾਰਾ ਭਾਰ ਤੁਰੰਤ ਆਮ ਜਨਤਾ ਦੇ ਸਿਰ ਕਿਉਂ ਮੜ੍ਹ ਦਿੱਤਾ ਜਾਂਦਾ ਹੈ? ਕੰਪਨੀਆਂ ਆਪਣੇ ਮੁਨਾਫ਼ੇ ਵਿੱਚੋਂ ਉਸ ਘਾਟੇ ਨੂੰ ਕਿਉਂ ਨਹੀਂ ਭਰਦੀਆਂ? ਦੇਸ਼ ਦਾ ਪੈਟਰੋਲੀਅਮ ਅਤੇ ਪ੍ਰਾਕਿਰਤਕ ਗੈਸ ਮੰਤਰਾਲਾ ਅੱਜ ਜਨਤਾ ਦੇ ਸਾਹਮਣੇ ਕਬੂਲ ਕਰ ਰਿਹਾ ਹੈ ਕਿ ਤੇਲ ਕੀਮਤਾਂ 'ਚ ਵਾਧੇ ਬਾਅਦ ਸਰਕਾਰੀ ਕੰਪਨੀਆਂ ਦਾ ਘਾਟਾ ਹੁਣ 600 ਕਰੋੜ ਰੁਪਏ ਰਹਿ ਗਿਆ ਹੈ।

ਇਸ ਤੋਂ ਵੀ ਗੰਭੀਰ ਗੱਲ ਇਹ ਹੈ ਕਿ ਜੀਓ-ਬੀਪੀ ਜਾਂ ਨਾਇਰਾ ਐਨਰਜੀ ਵਰਗੀਆਂ ਨਿੱਜੀ ਕੰਪਨੀਆਂ, ਜਿਨ੍ਹਾਂ ਦਾ ਦੇਸ਼ ਦੇ ਤੇਲ ਕਾਰੋਬਾਰ ਵਿੱਚ ਸਿਰਫ਼ 10% ਹਿੱਸਾ ਹੈ, ਨੂੰ ਫਾਇਦਾ ਪਹੁੰਚਾਉਣ ਲਈ ਸਰਕਾਰੀ ਨੀਤੀਆਂ ਅਤੇ ਕੀਮਤਾਂ ਦੇ ਢਾਂਚੇ ਨੂੰ ਮਰੋੜਿਆ ਜਾ ਰਿਹਾ ਹੈ। ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰੀ ਕੰਪਨੀਆਂ ਵੀ ਕੀਮਤਾਂ ਵਧਾ ਰਹੀਆਂ ਹਨ। ਮੌਜੂਦਾ ਸੰਕੇਤ ਦੱਸਦੇ ਹਨ ਕਿ ਆਉਣ ਵਾਲੇ ਦਿਨਾਂ ਵਿੱਚ ਪੈਟਰੋਲ, ਡੀਜ਼ਲ, ਸੀ.ਐਨ.ਜੀ. ਅਤੇ ਘਰੇਲੂ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਹੋਰ ਭਾਰੀ ਵਾਧਾ ਦੇਖਣ ਨੂੰ ਮਿਲੇਗਾ, ਜਿਸ ਨਾਲ ਆਮ ਆਦਮੀ ਦਾ ਜਿਊਣਾ ਹੋਰ ਦੂਭਰ ਹੋ ਜਾਵੇਗਾ। ਸਿਆਸੀ ਪਾਰਟੀਆਂ ਅਤੇ ਤੇਲ ਕੰਪਨੀਆਂ ਦਾ ਆਪਸੀ ਗੱਠਜੋੜ ਦੇਸ਼ ਦੇ ਪੰਜ ਰਾਜਾਂ ਦੀਆਂ ਚੋਣਾਂ ਦੌਰਾਨ ਪੂਰੀ ਤਰ੍ਹਾਂ ਨੰਗਾ ਹੋ ਗਿਆ ਸੀ।

ਇੱਥੇ ਇਹ ਦੇਖਣ ਵਾਲੀ ਮਹੱਤਵਪੂਰਨ ਗੱਲ ਹੈ ਕਿ ਤੇਲ ਕੰਪਨੀਆਂ ਅੰਤਰਰਾਸ਼ਟਰੀ ਬਾਜ਼ਾਰ ਦੀਆਂ ਕੀਮਤਾਂ ਦਾ ਬਹਾਨਾ ਸਿਰਫ਼ ਆਪਣਾ ਫਾਇਦਾ ਦੇਖ ਕੇ ਬਣਾਉਂਦੀਆਂ ਹਨ। ਜਦੋਂ ਵੀ ਕੱਚੇ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ ਵਧਦੀਆਂ ਹਨ, ਤਾਂ ਕੰਪਨੀਆਂ ਤੁਰੰਤ ਭਾਅ ਵਧਾਉਣ ਲਈ ਤਰਲੋਮੱਛੀ ਹੁੰਦੀਆਂ ਹਨ ਅਤੇ ਜਨਤਾ ਦੀ ਜੇਬ ਕੱਟ ਕੇ ਆਪਣਾ ਖਜ਼ਾਨਾ ਭਰ ਲੈਂਦੀਆਂ ਹਨ। ਪਰ ਇਸ ਦੇ ਉਲਟ, ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਬਹੁਤ ਜ਼ਿਆਦਾ ਘਟ ਜਾਂਦੀਆਂ ਹਨ, ਤਾਂ ਉਸ ਦਾ ਕੋਈ ਵੀ ਲਾਭ ਆਮ ਲੋਕਾਂ ਤੱਕ ਨਹੀਂ ਪਹੁੰਚਾਇਆ ਜਾਂਦਾ।

ਉਦਾਹਰਨ ਵਜੋਂ, ਤਾਂ ਦਸੰਬਰ 2023 ਤੱਕ ਦੇ ਲਗਾਤਾਰ 19 ਮਹੀਨਿਆਂ ਵਿੱਚ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚਾ ਤੇਲ ਘਟ ਕੇ ਲਗਭਗ 77 ਡਾਲਰ ਪ੍ਰਤੀ ਬੈਰਲ 'ਤੇ ਆ ਗਿਆ ਸੀ। ਇਸ ਦੌਰਾਨ ਤੇਲ ਕੰਪਨੀਆਂ ਨੇ ਲਗਭਗ 1.32 ਲੱਖ ਕਰੋੜ ਰੁਪਏ ਦਾ ਰਿਕਾਰਡ ਮੁਨਾਫ਼ਾ ਕਮਾਇਆ, ਪਰ ਜਨਤਾ ਨੂੰ ਪੈਟਰੋਲ-ਡੀਜ਼ਲ ਸਸਤਾ ਕਰਕੇ ਕੋਈ ਰਾਹਤ ਨਹੀਂ ਦਿੱਤੀ ਗਈ। ਇਸ ਦੇ ਉਲਟ, ਜਦੋਂ ਅਗਸਤ-ਸਤੰਬਰ 2021 ਵਿੱਚ ਕੱਚਾ ਤੇਲ 85 ਡਾਲਰ ਪ੍ਰਤੀ ਬੈਰਲ ਸੀ, ਤਾਂ ਤੇਲ ਕੰਪਨੀਆਂ ਨੇ ਮਹਿਜ਼ 33 ਦਿਨਾਂ ਦੇ ਅੰਦਰ 25 ਵਾਰ ਕੀਮਤਾਂ ਵਧਾਈਆਂ। ਉਸ ਵੇਲੇ ਭੋਪਾਲ ਵਰਗੇ ਸ਼ਹਿਰਾਂ ਵਿੱਚ ਪੈਟਰੋਲ ਦੀ ਕੀਮਤ 114.54 ਰੁਪਏ ਅਤੇ ਡੀਜ਼ਲ ਦੀ ਕੀਮਤ 105.97 ਰੁਪਏ ਪ੍ਰਤੀ ਲੀਟਰ ਤੱਕ ਪਹੁੰਚਾ ਦਿੱਤੀ ਗਈ ਸੀ।

ਸੁਭਾਵਿਕ ਅਤੇ ਨੈਤਿਕ ਤੌਰ 'ਤੇ ਤਾਂ ਇਹ ਚਾਹੀਦਾ ਸੀ ਕਿ ਜੇਕਰ ਰੂਸ-ਯੂਕਰੇਨ ਜੰਗ ਜਾਂ ਕਿਸੇ ਹੋਰ ਕਾਰਨ ਕੰਪਨੀਆਂ ਦੇ ਮੁਨਾਫ਼ੇ ਵਿੱਚ ਥੋੜ੍ਹੀ ਕਮੀ ਆ ਰਹੀ ਸੀ, ਤਾਂ ਉਹ ਖੁਦ ਉਸ ਦਾ ਭਾਰ ਚੁੱਕਦੀਆਂ, ਅਤੇ ਸਰਕਾਰ ਆਪਣੇ ਟੈਕਸਾਂ ਵਿੱਚ ਕਟੌਤੀ ਕਰਦੀ। ਪਰ ਸਰਕਾਰ ਦੀ ਸਰਪ੍ਰਸਤੀ ਅਤੇ ਕਾਰਪੋਰੇਟ-ਪੱਖੀ ਨੀਤੀਆਂ ਕਾਰਨ ਹਮੇਸ਼ਾ ਜਨਤਾ ਨੂੰ ਹੀ ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ, ਜੋ ਕਿ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ।

ਅੱਜ ਦੇਸ਼ ਦੀ ਰਾਜਨੀਤੀ ਵਿੱਚ ਇੱਕ ਬਹੁਤ ਹੀ ਖ਼ਤਰਨਾਕ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਚਾਹੇ ਭਾਜਪਾ ਹੋਵੇ, ਕਾਂਗਰਸ ਹੋਵੇ, ਟੀ.ਐਮ.ਸੀ. ਹੋਵੇ ਜਾਂ ਆਮ ਆਦਮੀ ਪਾਰਟੀ - ਸਾਰੀਆਂ ਸਿਆਸੀ ਧਿਰਾਂ ਜਨਤਾ ਦੇ ਨਾਂ 'ਤੇ ਸਿਰਫ਼ ਆਪਣੀ ਸਿਆਸੀ ਰੋਟੀ ਸੇਕ ਰਹੀਆਂ ਹਨ।

ਦੇਸ਼ ਦੀ ਅੱਧੀ ਆਬਾਦੀ ਯਾਨੀ ਔਰਤਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਵੱਖ-ਵੱਖ ਰਾਜਾਂ ਵਿੱਚ 1500 ਰੁਪਏ ਤੋਂ ਲੈ ਕੇ 2500 ਰੁਪਏ ਮਹੀਨਾਵਾਰ ਆਰਥਿਕ ਸਹਾਇਤਾ ਦੇਣ ਦੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਚੋਣਾਂ ਤੋਂ ਐਨ ਪਹਿਲਾਂ ਔਰਤਾਂ ਦੇ ਖ਼ਾਤਿਆਂ ਵਿੱਚ ਨਕਦੀ ਪਾ ਕੇ ਉਨ੍ਹਾਂ ਨੂੰ ਖੁਸ਼ ਕਰਨਾ ਅਤੇ ਵੋਟਾਂ ਬਟੋਰਨਾ ਅੱਜ ਦੀ ਰਾਜਨੀਤੀ ਦਾ ਮੁੱਖ ਹਥਿਆਰ ਬਣ ਚੁੱਕਾ ਹੈ। ਪਰ ਕੋਈ ਵੀ ਸਰਕਾਰ ਇਸ ਬੁਨਿਆਦੀ ਸਵਾਲ ਦਾ ਜਵਾਬ ਨਹੀਂ ਦਿੰਦੀ ਕਿ ਦੇਸ਼ ਦੇ ਨਾਗਰਿਕਾਂ ਨੂੰ ਮੁਫ਼ਤਖ਼ੋਰੀ ਦੀ ਦਲਦਲ ਵਿੱਚ ਧੱਕਣ ਦੀ ਬਜਾਏ, ਉਨ੍ਹਾਂ ਨੂੰ ਸਵੈ-ਨਿਰਭਰ ਕਿਉਂ ਨਹੀਂ ਬਣਾਇਆ ਜਾਂਦਾ? ਜਨਤਾ ਨੂੰ ਮਿਆਰੀ ਅਤੇ ਮੁਫ਼ਤ ਸਿੱਖਿਆ, ਆਧੁਨਿਕ ਸਿਹਤ ਸਹੂਲਤਾਂ, ਅਤੇ ਰੁਜ਼ਗਾਰ ਦੇ ਬਰਾਬਰ ਅਵਸਰ ਦੇਣਾ ਅੱਜ ਕਿਸੇ ਵੀ ਸਿਆਸੀ ਪਾਰਟੀ ਦੀ ਨੀਤੀ ਜਾਂ ਤਰਜੀਹ ਦਾ ਹਿੱਸਾ ਨਹੀਂ ਹੈ। ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕਲਿਆਣਕਾਰੀ ਯੋਜਨਾਵਾਂ ਦੇ ਨਾਂ 'ਤੇ ਸ਼ੁਰੂ ਕੀਤੀਆਂ ਗਈਆਂ ਇਹ ਅੰਨ੍ਹੇਵਾਹ ਮੁਫ਼ਤ ਦੀਆਂ ਸਕੀਮਾਂ ਦੇਸ਼ ਅਤੇ ਸੂਬਿਆਂ ਦੀ ਆਰਥਿਕਤਾ ਨੂੰ ਖੋਖਲਾ ਕਰ ਰਹੀਆਂ ਹਨ।

ਇਸ ਸਿਆਸੀ ਲਾਹੇ ਅਤੇ ਵੋਟ ਬੈਂਕ ਦੀ ਖੇਡ ਅੱਗੇ ਦੇਸ਼ ਦੇ ਸਿਆਣੇ ਅਤੇ ਅਰਥਸ਼ਾਸਤਰੀਆਂ ਦੀਆਂ ਚਿੰਤਾਵਾਂ ਪੂਰੀ ਤਰ੍ਹਾਂ ਬੇਅਸਰ ਦਿਖਾਈ ਦੇ ਰਹੀਆਂ ਹਨ। ਸਿਆਸਤਦਾਨਾਂ ਨੇ ਬਹੁਤ ਹੀ ਚਲਾਕੀ ਨਾਲ ਆਮ ਸਾਧਾਰਨ ਲੋਕਾਂ ਨੂੰ ਦੇਸ਼ ਦੀ ਮੁੱਖ ਰਾਜਨੀਤੀ, ਨੀਤੀ-ਨਿਰਧਾਰਨ ਅਤੇ ਵਿਕਾਸ ਦੀ ਪ੍ਰਕਿਰਿਆ ਤੋਂ ਦੂਰ ਕਰ ਦਿੱਤਾ ਹੈ। ਜਨਤਾ ਨੂੰ ਸਿਰਫ਼ ਇੱਕ 'ਲਾਭਪਾਤਰੀ ਵਰਗ' ਜਾਂ ਕੈਟੇਗਰੀ ਵਿੱਚ ਉਲਝਾ ਕੇ ਰੱਖ ਦਿੱਤਾ ਗਿਆ ਹੈ, ਤਾਂ ਜੋ ਉਹ ਕਦੇ ਵੀ ਰੁਜ਼ਗਾਰ, ਸਿੱਖਿਆ ਅਤੇ ਸਿਹਤ ਵਰਗੇ ਬੁਨਿਆਦੀ ਹੱਕਾਂ 'ਤੇ ਸਰਕਾਰਾਂ ਨੂੰ ਸਵਾਲ ਨਾ ਕਰ ਸਕਣ। ਇਹ ਦੇਸ਼ ਦੇ ਲੋਕਤੰਤਰ ਲਈ ਇੱਕ ਬਹੁਤ ਹੀ ਕੋਝੀ ਅਤੇ ਖ਼ਤਰਨਾਕ ਚਾਲ ਹੈ।

ਅੱਜ ਦੇਸ਼ ਜਿਸ ਨਾਜ਼ੁਕ ਅਤੇ ਚਿੰਤਾਜਨਕ ਦੌਰ ਵਿੱਚੋਂ ਲੰਘ ਰਿਹਾ ਹੈ, ਉੱਥੇ ਮਹਿੰਗਾਈ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਵਰਗੇ ਮੁੱਦੇ ਹਾਕਮ ਧਿਰ ਦੇ ਸਰੋਕਾਰ (ਏਜੰਡੇ) ਵਿੱਚੋਂ ਪੂਰੀ ਤਰ੍ਹਾਂ ਗਾਇਬ ਹੋ ਚੁੱਕੇ ਹਨ। ਅੱਜ ਸੱਤਾ ਦਾ ਇੱਕੋ-ਇੱਕ ਸਰੋਕਾਰ ਸਿਰਫ਼ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਉਨ੍ਹਾਂ ਨੂੰ ਖੁਸ਼ ਰੱਖਣਾ ਰਹਿ ਗਿਆ ਹੈ। ਇਨ੍ਹਾਂ ਕਾਰਪੋਰੇਟਾਂ ਰਾਹੀਂ ਮਿਲਣ ਵਾਲੇ ਅੰਨ੍ਹੇ ਪੈਸੇ ਅਤੇ ਮੀਡੀਆ ਦੀ ਤਾਕਤ ਦੇ ਬਲ 'ਤੇ ਆਪਣੀ ਸਿਆਸੀ ਕੁਰਸੀ ਨੂੰ ਸੁਰੱਖਿਅਤ ਰੱਖਣਾ ਹੀ ਅੱਜ ਦੀ ਲੀਡਰਸ਼ਿਪ ਦਾ ਮੁੱਖ ਮਕਸਦ ਬਣ ਚੁੱਕਾ ਹੈ।

ਪਰ ਜਿਸ ਬੇਰਹਿਮੀ ਅਤੇ ਤੇਜ਼ੀ ਨਾਲ ਦੇਸ਼ ਦੇ ਹਾਕਮ ਪੂਰੇ ਤੰਤਰ ਨੂੰ ਆਰਥਿਕ ਅਤੇ ਸਮਾਜਿਕ ਤਬਾਹੀ ਵੱਲ ਲੈ ਕੇ ਜਾ ਰਹੇ ਹਨ, ਉਸ ਨੂੰ ਰੋਕਣ ਲਈ ਸਿਰਫ਼ ਲਿਖਤਾਂ ਜਾਂ ਬਿਆਨ ਕਾਫ਼ੀ ਨਹੀਂ ਹੋਣਗੇ। ਦੇਸ਼ ਦੇ ਆਮ ਨਾਗਰਿਕਾਂ ਨੂੰ, ਆਪਣੀ ਹੋਂਦ, ਆਪਣੇ ਬੱਚਿਆਂ ਦੇ ਭਵਿੱਖ ਅਤੇ ਲੋਕਤੰਤਰ ਦੀ ਰੱਖਿਆ ਲਈ ਆਉਣ ਵਾਲੇ ਸਮੇਂ ਵਿੱਚ ਇੱਕਜੁੱਟ ਹੋਣਾ ਪਵੇਗਾ। ਜੇਕਰ ਮੌਜੂਦਾ ਹਾਲਾਤ ਨਾ ਬਦਲੇ, ਤਾਂ ਸ਼ਾਇਦ ਭਾਰਤ ਦੇ ਆਮ ਲੋਕਾਂ ਨੂੰ ਕਾਰਪੋਰੇਟ-ਸਿਆਸੀ ਗੱਠਜੋੜ ਦੇ ਇਸ ਜਾਲ ਵਿੱਚੋਂ ਨਿਕਲਣ ਲਈ ਇੱਕ ਹੋਰ ਵੱਡਾ ਅਤੇ ਇਤਿਹਾਸਕ 'ਆਜ਼ਾਦੀ ਅੰਦੋਲਨ' ਲੜਨਾ ਪਵੇਗਾ।

# ਗੁਰੂ ਅਰਜਨ ਦੇਵ ਜੀ: ਇਕ ਲਾਸਾਨੀ ਸ਼ਹਾਦਤ

ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਉਹ ਅਜਿਹੇ ਪਹਿਲੇ ਸਿੱਖ ਗੁਰੂ ਸਨ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਆਪਣਾ ਜੀਵਨ ਬਲੀਦਾਨ ਦਿੱਤਾ। ਸਿੱਖ ਜਗਤ ਦੁਆਰਾ ਹਰ ਸਾਲ ਜੂਨ ਮਹੀਨੇ ਦੌਰਾਨ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਮਨਾਈ ਜਾਂਦੀ ਹੈ। ਸਿੱਖ ਧਰਮ ਦੇ ਸਥਾਪਨ ਤੇ ਵਿਕਾਸ ਵਿਚ ਉਨ੍ਹਾਂ ਦਾ ਯੋਗਦਾਨ ਅਹਿਮ ਰਿਹਾ ਹੈ। ਉਨ੍ਹਾਂ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਦੇ ਪਹਿਲੇ ਸਰੂਪ 'ਆਦਿ ਗ੍ਰੰਥ' ਦਾ ਸੰਪਾਦਨ ਕੀਤਾ। ਜੋ ਸਮੇਂ ਨਾਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਿੱਖਾਂ ਦੇ ਗਿਆਰਵੇਂ ਗੁਰੂ ਵਜੋਂ ਸਥਾਪਿਤ ਹੋਇਆ। ਉਨ੍ਹਾਂ ਨੇ ਰਾਮਦਾਸਪੁਰ (ਹੁਣ ਅੰਮ੍ਰਿਤਸਰ) ਵਿਖੇ ਹਰਿਮੰਦਿਰ ਸਾਹਿਬ ਦੀ ਸਥਾਪਨਾ ਕੀਤੀ ਅਤੇ ਤਰਨ ਤਾਰਨ ਸਾਹਿਬ ਤੇ ਕਰਤਾਰਪੁਰ (ਜਲੰਧਰ) ਨਗਰਾਂ ਦੀ ਸਥਾਪਨਾ ਵਿਚ ਵੀ ਮੋਢੀ ਰੋਲ ਨਿਭਾਇਆ।

ਪੰਚਮ ਪਾਤਸ਼ਾਹ ਦਾ ਜਨਮ ਭਾਈ ਜੇਠਾ ਜੀ ਅਤੇ ਬੀਬੀ ਭਾਨੀ ਜੀ ਦੇ ਪਰਿਵਾਰ ਵਿਚ, ਗੋਇੰਦਵਾਲ ਸਾਹਿਬ ਵਿਖੇ 15 ਅਪਰੈਲ 1563 ਈਸਵੀ ਨੂੰ ਹੋਇਆ। ਭਾਈ ਜੇਠਾ ਜੀ ਨੂੰ ਸੰਨ 1574 ਵਿਚ ਗੁਰਗੱਦੀ ਹੋਈ, ਜਿਸ ਉਪਰੰਤ ਉਹ ਗੁਰੂ ਰਾਮਦਾਸ ਦੇ ਨਾਮ ਨਾਲ ਸਿੱਖਾਂ ਦੇ ਚੌਥੇ ਗੁਰੂ ਵਜੋਂ ਪ੍ਰਸਿੱਧ ਹੋਏ। ਬੀਬੀ ਭਾਨੀ ਜੀ ਤੀਸਰੇ ਸਿੱਖ ਗੁਰੂ, ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਬਾਲਕ ਅਰਜਨ ਦੇ ਦੋ ਵੱਡੇ ਵੀਰ-ਪ੍ਰਿਥੀ ਚੰਦ ਤੇ ਮਹਾਂਦੇਵ ਸਨ। ਬਾਬਾ ਬੁੱਢਾ ਜੀ ਤੋਂ ਉਨ੍ਹਾਂ ਨੇ ਗੁਰਮੁਖੀ ਲਿਪੀ ਅਤੇ ਗੁਰਬਾਣੀ ਅਧਿਐਨ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਫਾਰਸੀ, ਹਿੰਦੀ ਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਵੀ ਹਾਸਿਲ ਕੀਤਾ। ਬਾਲਕ ਅਰਜਨ ਦਾ ਸੁਭਾਅ ਮਿੱਠਾ, ਹਲੀਮੀ ਭਰਪੂਰ ਤੇ ਭਗਤੀ ਰਸ ਭਿੰਨਾ ਸੀ। ਉਨ੍ਹਾਂ ਨੂੰ ਗੁਰਬਾਣੀ ਗਾਇਨ ਕਰਨਾ ਬਹੁਤ ਪਸੰਦ ਸੀ। ਉਹ ਅਜੇ 18 ਕੁ ਸਾਲਾਂ ਦੇ ਹੀ ਸਨ, ਜਦੋਂ ਸੰਨ 1581 ਵਿਚ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਪੰਜਵੇਂ ਸਿੱਖ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਜੂਨ 1589 ਦੌਰਾਨ ਉਨ੍ਹਾਂ ਦਾ ਵਿਆਹ ਬੀਬੀ ਗੰਗਾ ਜੀ ਨਾਲ ਹੋਇਆ। ਬੀਬੀ ਗੰਗਾ ਜੀ, ਫਿਲੌਰ (ਪੰਜਾਬ) ਨਗਰ ਤੋਂ 10 ਕਿਲੋਮੀਟਰ ਪੱਛਮ ਵੱਲ ਸਥਿਤ, ਪਿੰਡ ਮੌ ਦੇ ਭਾਈ ਕ੍ਰਿਸ਼ਨ ਚੰਦ ਦੀ ਸਪੁੱਤਰੀ ਸਨ। ਸਮੇਂ ਨਾਲ ਆਪ ਦੇ ਘਰ ਇੱਕ ਪੁੱਤਰ ਦਾ ਜਨਮ ਹੋਇਆ, ਜੋ ਅੱਗੇ ਚਲ ਕੇ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਵਜੋਂ ਮਸ਼ਹੂਰ ਹੋਏ।

ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਅਤੇ ਰਾਮਦਾਸਪੁਰਾ (ਅੰਮ੍ਰਿਤਸਰ) ਵਿਖੇ ਦੋ ਪਵਿੱਤਰ ਸਰੋਵਰਾਂ ਦਾ ਕੰਮ ਅਰੰਭ ਕਰਵਾਇਆ। ਪ੍ਰਚਲਿਤ ਕਥਾ ਅਨੁਸਾਰ ਉਨ੍ਹਾਂ ਨੇ ਦਸੰਬਰ 1588 ਦੌਰਾਨ ਲਾਹੌਰ ਦੇ ਸੂਫੀ ਸੰਤ ਹਜ਼ਰਤ ਮੀਆਂ ਮੀਰ ਜੀ ਦੇ ਕਰ-ਕਮਲਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰਖਵਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਸੰਪੂਰਨ ਹੋਣ ਉਪਰੰਤ ਉਨ੍ਹਾਂ ਸੰਤੋਖਸਰ ਦੀ ਉਸਾਰੀ ਵੀ ਮੁਕੰਮਲ ਕਰ ਲਈ ਅਤੇ ਗੋਇੰਦਵਾਲ ਸਾਹਿਬ ਦੇ ਨੇੜੇ ਹੀ ਤਰਨ ਤਾਰਨ ਨਗਰ ਦੀ ਸਥਾਪਨਾ ਕਰਵਾਈ। ਇਥੇ ਉਨ੍ਹਾਂ ਨੇ ਇਕ ਵਿਸ਼ਾਲ ਸਰੋਵਰ ਅਤੇ ਗੁਰਦੁਆਰਾ



ਸਾਹਿਬ ਦਾ ਨਿਰਮਾਣ ਕਰਵਾਇਆ। ਕੁਸ਼ਟ ਰੋਗੀਆਂ ਲਈ ਆਸ਼ਰਮ ਵੀ ਬਣਵਾਇਆ। ਜਲੰਧਰ ਸ਼ਹਿਰ ਦੇ ਨੇੜੇ, ਕਰਤਾਰਪੁਰ ਕਸਬੇ ਦਾ ਨੀਂਹ ਪੱਥਰ ਵੀ ਰੱਖਿਆ। ਲਾਹੌਰ ਦੇ ਡੱਬੀ ਬਾਜ਼ਾਰ ਵਿਖੇ ਇਕ ਬਾਉਲੀ ਵੀ ਬਣਵਾਈ। ਬਿਆਸ ਦਰਿਆ ਦੇ ਕਿਨਾਰੇ ਹਰਗੋਬਿੰਦਪੁਰ ਨਗਰ ਦੀ ਸਥਾਪਨਾ ਵੀ ਕਰਵਾਈ। ਰਾਮਦਾਸਪੁਰ (ਅੰਮ੍ਰਿਤਸਰ) ਤੋਂ ਕੁਝ ਕੁ ਮੀਲ ਦੀ ਦੂਰੀ ਵਿਖੇ ਸਥਿਤ ਛੇਹਰਟਾ ਨਗਰ ਵਿਖੇ ਸਿੰਜਾਈ ਕਾਰਜਾਂ ਲਈ ਇਕ ਵੱਡੇ ਖੂਹ ਦਾ ਨਿਰਮਾਣ ਵੀ ਕਰਵਾਇਆ।

ਗੁਰੂ ਅਰਜਨ ਸਾਹਿਬ ਬਹੁਤ ਹੀ ਉੱਦਮੀ ਤੇ ਪ੍ਰੇਰਨਾਦਾਇਕ ਸ਼ਖਸੀਅਤ ਦੇ ਮਾਲਕ ਸਨ। ਸਿੱਖ ਧਰਮ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਨੇ ਅਨੇਕ ਕਾਰਜ ਕੀਤੇ। ਉਹ ਕੁਝ ਸਮੇਂ ਲਈ ਅੰਮ੍ਰਿਤਸਰ ਨੇੜੇ ਵਡਾਲੀ ਪਿੰਡ ਵਿਖੇ ਵੀ ਠਹਿਰੇ (ਹੁਣ ਇਸ ਨਗਰ ਨੂੰ ਗੁਰੂ ਕੀ ਵਡਾਲੀ ਕਿਹਾ ਜਾਂਦਾ ਹੈ)। ਸਿੱਖ ਧਰਮ ਦੀ ਨਿੱਗਰ ਸਥਾਪਤੀ ਤੇ ਵਿਕਾਸ ਲਈ ਗੁਰੂ ਅਰਜਨ ਦੇਵ ਨੇ ਬਹੁਤ ਹੀ ਵਿਲੱਖਣ ਤੇ ਮਹੱਤਵਪੂਰਨ ਕਾਰਜ ਕੀਤੇ। ਉਨ੍ਹਾਂ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਕਈ ਹੋਰ ਹਿੰਦੂ ਤੇ ਮੁਸਲਮਾਨ ਸੰਤਾਂ ਦੀ ਬਾਣੀ ਇਕੱਤਰ ਕਰਨ ਤੋਂ ਬਾਅਦ ਆਦਿ ਗ੍ਰੰਥ ਦੀ ਰਚਨਾ ਦਾ ਕਾਰਜ ਕੀਤਾ। ਇਸ ਆਦਿ ਗ੍ਰੰਥ ਦੀ ਲਿਖਾਈ ਦਾ ਕਾਰਜ ਭਾਈ ਗੁਰਦਾਸ ਜੀ ਨੂੰ ਸੌਂਪਿਆ ਗਿਆ। ਆਦਿ ਗ੍ਰੰਥ ਦੀ ਸੰਪੂਰਨਤਾ ਪਿੱਛੋਂ ਇਸ ਪਾਵਨ ਗ੍ਰੰਥ ਦਾ ਪ੍ਰਕਾਸ਼ ਅਗਸਤ/ਸਤੰਬਰ 1604 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦਾ ਕਾਰਜ ਭਾਰ ਸੌਂਪਿਆ ਗਿਆ। ਆਦਿ ਗ੍ਰੰਥ ਦੀ ਰਚਨਾ ਸਿੱਖ ਕੌਮ ਦੇ ਇਤਿਹਾਸ ਵਿਚ ਇਕ ਅਹਿਮ ਪ੍ਰਾਪਤੀ ਸਾਬਤ ਹੋਈ। ਇਹ ਸਿੱਖਾਂ ਲਈ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਧਾਰਮਿਕ ਵਖਰੇਵੇਂ ਦਾ ਸੂਚਕ ਸਿੱਧ ਹੋਇਆ। ਤਦ ਸਿੱਖ ਧਰਮ ਇਕ ਵੱਖਰੇ ਧਰਮ ਵਜੋਂ ਵਿਕਸਿਤ ਹੋਣ ਲੱਗਾ।

ਇਕ ਵਾਰ ਗੁਰੂ ਘਰ ਦੇ ਦੋਖੀਆਂ ਵਲੋਂ ਆਦਿ ਗ੍ਰੰਥ ਦੀ ਵਿਸ਼ਾ-ਵਸਤੂ ਬਾਰੇ ਮੁਗਲ ਬਾਦਸ਼ਾਹ ਅਕਬਰ ਨੂੰ ਗੁੰਮਰਾਹਕੁਨ ਰਿਪੋਰਟ ਭੇਜੀ ਗਈ ਤਾਂ ਬਾਦਸ਼ਾਹ ਅਕਬਰ ਨੇ ਇਸ ਗ੍ਰੰਥ ਦੀ ਪੜਤਾਲ ਕਰਵਾਈ। ਪੜਤਾਲ ਦੌਰਾਨ ਇਸ ਗ੍ਰੰਥ ਵਿਚ ਕੁਝ ਵੀ ਇਤਰਾਜ਼ਯੋਗ ਨਾ ਪਾਏ ਜਾਣ ਉੱਤੇ, ਬਾਦਸ਼ਾਹ ਅਕਬਰ ਨੇ ਆਦਿ ਗ੍ਰੰਥ ਨੂੰ ਸਰਬ-ਸਾਂਝੀਵਾਲਤਾ ਦੇ ਸੁਨੇਹੇ ਭਰਪੂਰ ਸਤਿਕਾਰਯੋਗ ਮਹਾਨ ਗ੍ਰੰਥ ਦਾ ਦਰਜਾ ਦਿੱਤਾ। ਗੁਰੂ ਜੀ ਨੇ ਦਸਵੰਧ ਅਤੇ ਮਸੰਦ ਪ੍ਰਣਾਲੀ ਦੀ ਪਰੰਪਰਾ ਵੀ ਸੰਸਥਾਗਤ ਕੀਤੀ। ਇਸ ਸੰਸਥਾ ਨੇ ਸਿੱਖ ਧਰਮ ਨੂੰ ਪੰਜਾਬ ਤੋਂ ਬਹੁਤ ਦੂਰ ਦੇ ਪ੍ਰਾਂਤਾਂ ਵਿਚ ਵੀ ਫੈਲਾਇਆ ਅਤੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਸਿੱਖ ਵਿਚਾਰਧਾਰਾ ਨਾਲ ਜੋੜਿਆ। ਗੁਰੂ ਅਰਜਨ ਦੇਵ ਜੀ ਦੇ ਸਮੇਂ ਦੌਰਾਨ ਅੰਮ੍ਰਿਤਸਰ ਸ਼ਹਿਰ ਸਿੱਖੀ ਦਾ ਕੇਂਦਰੀ ਧੁਰਾ ਬਣ ਗਿਆ, ਜਿਥੇ ਹਰ ਸਾਲ ਵਿਸਾਖੀ ਦੇ ਮੌਕੇ ਹਜ਼ਾਰਾਂ ਸਿੱਖ ਇਕੱਠੇ ਹੁੰਦੇ ਅਤੇ ਮਸੰਦ, ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਇਕੱਤਰ ਕੀਤੀਆਂ ਭੇਟਾਵਾਂ ਨੂੰ ਗੁਰੂ ਸਾਹਿਬ ਨੂੰ ਭੇਟ ਕਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ।

ਸਮੇਂ ਨਾਲ ਸਿੱਖ ਗੁਰੂ ਅਰਜਨ ਸਾਹਿਬ ਨੂੰ 'ਸੱਚਾ ਪਾਤਸ਼ਾਹ' ਕਹਿਣ ਲੱਗ ਪਏ। ਸਿੱਖਾਂ ਦੀ ਗਿਣਤੀ ਦਿਨੋਂ-ਦਿਨ ਵਧਣ ਲੱਗੀ ਅਤੇ ਇਸ ਨਾਲ ਪਰੰਪਰਾਵਾਦੀ ਹਿੰਦੂ ਤੇ ਕੱਟੜਪੰਥੀ ਮੁਸਲਮਾਨ ਗੁਰੂ ਘਰ ਪ੍ਰਤੀ ਬਹੁਤ ਵਧੇਰੇ ਈਰਖਾ ਕਰਨ ਲੱਗ ਪਏ। ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ (ਜੋ ਗੁਰਗੱਦੀ ਨਾ ਮਿਲਣ ਕਾਰਨ ਗੁਰੂ ਜੀ ਨਾਲ ਈਰਖਾ ਕਰਦਾ ਸੀ) ਨੇ ਇੱਕ ਮੁਗਲ ਮਾਲ ਅਧਿਕਾਰੀ ਸੁਲਹੀ ਖਾਨ ਨਾਲ ਗਠਜੋੜ ਕਰ ਕੇ ਗੁਰੂ ਸਾਹਿਬ ਨੂੰ ਪ੍ਰੇਸ਼ਾਨ ਕਰਨ ਅਤੇ ਨੁਕਸਾਨ ਪਹੁੰਚਾਉਣ ਦੀ ਯੋਜਨਾ ਬਣਾ ਲਈ, ਪਰ ਸੁਲਹੀ ਖਾਨ ਦੀ ਅਚਾਨਕ ਇਕ ਭਖ ਰਹੇ ਇੱਟਾਂ ਦੇ ਭੱਠੇ ਵਿਚ ਡਿੱਗਣ ਨਾਲ ਮੌਤ ਹੋ ਗਈ। ਜਨੂੰਨੀ ਹਿੰਦੂ (ਬੀਰਬਲ ਤੇ ਚੰਦੂ ਆਦਿ) ਅਤੇ ਕੱਟੜਪੰਥੀ ਮੁਸਲਮਾਨ (ਸ਼ੇਖ ਅਹਿਮਦ ਸਰਹਿੰਦੀ ਆਦਿ) ਸਿੱਖ ਕੌਮ ਤੇ ਗੁਰੂ ਅਰਜਨ ਜੀ ਨਾਲ ਬਹੁਤ ਈਰਖਾ ਕਰਦੇ ਸਨ। ਸੰਨ 1605 ਵਿਚ ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਕੱਟੜਪੰਥੀ ਹਿੰਦੂ ਅਤੇ ਮੁਸਲਿਮ-ਦੋਵੇਂ ਧਿਰਾਂ ਹੀ ਨਵੇਂ ਬਣੇ ਬਾਦਸ਼ਾਹ ਜਹਾਂਗੀਰ ਕੋਲ ਗੁਰੂ ਜੀ ਵਿਰੁੱਧ ਸ਼ਿਕਾਇਤ ਲੈ ਕੇ ਪੁੱਜੇ। ਇਸਲਾਮ ਦਾ ਧਾਰਨੀ ਜਹਾਂਗੀਰ ਖੁਦ ਵੀ ਗੁਰੂ ਜੀ ਦੇ ਸਿੱਖ ਧਰਮ ਦੇ ਪ੍ਰਚਾਰ ਕਾਰਜਾਂ ਪ੍ਰਤੀ ਈਰਖਾ ਰੱਖਦਾ ਸੀ। ਗੁਰੂ ਜੀ ਦੇ ਵਿਰੋਧੀਆਂ ਵਲੋਂ ਉਨ੍ਹਾਂ ਉੱਤੇ ਬਹੁਤ ਸਾਰੇ ਨਿਰਾਧਾਰ ਦੋਸ਼ ਲਾਏ ਗਏ ਸਨ। ਇਨ੍ਹਾਂ ਵਿਚੋਂ ਇੱਕ ਦੋਸ਼ ਰਾਜ ਦੇ ਬਾਗੀ ਮੁਗਲ ਸ਼ਹਿਜ਼ਾਦੇ ਖੁਸਰੋ ਦੀ ਮਦਦ ਕਰਨ ਦਾ ਵੀ ਸੀ। ਇਨ੍ਹਾਂ ਦੋਸ਼ਾਂ ਤਹਿਤ ਬਾਦਸ਼ਾਹ ਨੇ ਗੁਰੂ ਜੀ ਦੀ ਤੁਰੰਤ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਬਾਦਸ਼ਾਹ ਨੇ ਲਾਹੌਰ ਦੇ ਗਵਰਨਰ ਨੂੰ ਗੁਰੂ ਜੀ ਵਿਰੁੱਧ ਲਾਏ ਗਏ (ਝੂਠੇ) ਦੋਸ਼ਾਂ ਦਾ ਨਿਰਣਾ ਕਰਦਿਆਂ ਸਖਤ ਕਾਰਵਾਈ ਕਰਨ ਦਾ ਹੁਕਮ ਦਿੱਤਾ। ਲਾਹੌਰ ਦਾ ਗਵਰਨਰ, ਜੋ ਕੱਟੜਪੰਥੀਆਂ ਦਾ ਹੱਥ-ਠੋਕਾ ਸੀ, ਨੇ ਗੁਰੂ ਜੀ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਉਸ ਨੇ ਇਸ ਸਜ਼ਾ ਦੀ ਪਾਲਣਾ ਦਾ ਹੁਕਮ ਲਾਹੌਰ ਸ਼ਹਿਰ ਦੇ ਇੱਕ ਕੱਟੜਪੰਥੀ ਹਿੰਦੂ ਚੰਦੂ (ਜੋ ਇਕ ਸਾਧਾਰਨ ਕਾਰੋਬਾਰੀ ਵਿਅਕਤੀ ਸੀ) ਨੂੰ ਦਿੱਤਾ। ਚੰਦੂ ਨੇ ਗੁਰੂ ਜੀ ਉਪਰ ਲਗਭਗ ਤਿੰਨ ਦਿਨ ਅੰਨ੍ਹਾ ਤਸ਼ੱਦਦ ਕੀਤਾ, ਜਿਸ ਦੀ ਮਿਸਾਲ ਮਨੁੱਖੀ ਇਤਿਹਾਸ ਵਿਚ ਹੋਰ ਕਿਧਰੇ ਵੀ ਨਜ਼ਰ ਨਹੀਂ ਪੈਂਦੀ। ਪ੍ਰਚਲਿਤ ਗਾਥਾ ਅਨੁਸਾਰ ਕਿਹਾ ਜਾਂਦਾ ਹੈ ਕਿ ਸੰਤ ਹਜ਼ਰਤ ਮੀਆਂ ਮੀਰ (ਜੋ ਮੁਸਲਮਾਨ ਸੂਫੀ ਸੰਤ ਸਨ ਅਤੇ ਗੁਰੂ ਜੀ ਦੇ ਹਿਤੈਸ਼ੀ ਵੀ ਸਨ) ਨੇ ਗੁਰੂ ਜੀ ਦੇ ਪੱਖ ਵਿਚ ਬਾਦਸ਼ਾਹ ਤਕ ਪਹੁੰਚ ਕਰਨ ਲਈ ਗੁਰੂ ਜੀ ਤੋਂ ਇਜਾਜ਼ਤ ਮੰਗੀ, ਪਰ ਗੁਰੂ ਜੀ ਨੇ ਉਸ ਨੂੰ ਅਜਿਹਾ ਕਰਨ ਤੋਂ ਮਨ੍ਹਾਂ ਕਰ ਦਿੱਤਾ।

ਗੁਰੂ ਜੀ ਨੂੰ ਤਸੀਹੇ ਦੇਣ ਦੇ ਸਮੇਂ ਦੌਰਾਨ ਉਨ੍ਹਾਂ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਉਨ੍ਹਾਂ ਦੇ ਨੰਗੇ ਸਰੀਰ ਉੱਤੇ ਗਰਮ ਰੇਤ ਪਾਈ ਗਈ। ਜਦੋਂ ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ ਤਾਂ ਉਨ੍ਹਾਂ ਨੂੰ ਜੰਜ਼ੀਰਾਂ ਨਾਲ ਬੰਨ ਕੇ ਰਾਵੀ ਦਰਿਆ ਵਿਚ ਸੁੱਟ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਜੀ ਨੇ 30 ਮਈ 1606 ਨੂੰ ਸ਼ਹਾਦਤ ਪ੍ਰਾਪਤ ਕੀਤੀ। ਬਾਦਸ਼ਾਹ ਜਹਾਂਗੀਰ ਨੇ ਆਪਣੀ ਸਵੈ-ਜੀਵਨੀ ਵਿਚ ਵਰਣਨ ਕੀਤਾ ਹੈ ਕਿ ਉਸ ਨੇ ਖੁਦ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ ਸੀ। ਗੁਰੂ ਜੀ ਦੀ ਸ਼ਹੀਦੀ ਨੇ ਸਿੱਖ ਜਗਤ ਵਿਚ ਵੱਡੀ ਤਬਦੀਲੀ ਲਿਆਂਦੀ। ਸੁਭਾਵਿਕ ਹੀ ਸੀ ਕਿ ਸਿੱਖ ਜਗਤ ਨੇ ਇਸ ਘਟਨਾ ਨੂੰ ਕੱਟੜਵਾਦੀ ਮੁਸਲਿਮ ਰਾਜ ਅਤੇ ਪਰੰਪਰਾਵਾਦੀ ਹਿੰਦੂਆਂ ਦੁਆਰਾ ਨਵੇਂ ਜਨਮੇ ਪਰ ਸ਼ਾਂਤੀ ਪਸੰਦ ਸਿੱਖ ਧਰਮ ਪ੍ਰਤੀ ਕੱਟੜਤਾ ਅਤੇ ਬੇਰਹਿਮੀ ਦਾ ਪ੍ਰਗਟਾ ਹੀ ਮੰਨਿਆ।

ਗੁਰੂ ਅਰਜਨ ਦੇਵ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਜਿਸ ਸਥਾਨ ਵਿਖੇ ਜ਼ਾਲਮ ਹਾਕਮਾਂ ਵਲੋਂ ਗੁਰੂ ਜੀ ਦੀ ਪਾਵਨ ਦੇਹ ਨੂੰ ਰਾਵੀ ਦਰਿਆ ਵਿਚ ਸੁਟਿਆ ਗਿਆ, ਉੱਥੇ ਉਨ੍ਹਾਂ ਦੀ ਯਾਦ ਵਿਚ ਅੱਜ ਕੱਲ੍ਹ ਗੁਰਦੁਆਰਾ ਡੇਰਾ ਸਾਹਿਬ (ਹੁਣ ਪਾਕਿਸਤਾਨ ਵਿਚ) ਮੌਜੂਦ ਹੈ। ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੀ ਨਿਮਰਤਾ ਲਈ ਯਾਦ ਕੀਤਾ ਜਾਂਦਾ ਹੈ। ਉਹ ਬਹੁਤ ਸ਼ਾਂਤ-ਸੁਭਾਅ ਵਾਲੇ ਸੰਤ-ਰੂਪ ਵਿਅਕਤੀ ਸਨ। ਗੁਰੂ ਅਰਜਨ ਦੇਵ ਜੀ ਇਕ ਉੱਤਮ ਕਵੀ ਸਨ। ਉਨ੍ਹਾਂ ਨੇ ਲਗਭਗ 2,218 ਸ਼ਬਦਾਂ (ਹੇਮਨਸ) ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤੀ ਗਈ ਬਾਣੀ ਦਾ ਵੱਡਾ ਹਿੱਸਾ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਆ ਗਿਆ ਹੈ।


– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–46

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਗੁਰੂ ਅਰਜਨ ਦੇਵ ਜੀ ਵੀ ਆਪਣੇ ਵੱਡੇ ਭਰਾਤਾ, ਪ੍ਰਿਥੀ ਚੰਦ ਜੀ ਦੇ ਸਪੁੱਤਰ, ਮੇਹਰਵਾਨ ਨਾਲ ਖਾਸ ਹਿੱਤ ਰੱਖਦੇ ਸੀ, ਇਥੋਂ ਤੱਕ ਕਿ ਪਹਿਲਾਂ ਗੁਰ ਗੱਦੀ ਲਈ ਵੀ ਇਨ੍ਹਾਂ ਨੂੰ ਯੋਗ ਬਣਾਉਣ ਹਿੱਤ ਤਿਆਰ ਕਰਦੇ ਰਹੇ ਸਨ, ਮੇਹਰਵਾਨ ਜੀ, ਆਪਣੀ ਕਿਸਮ ਦੀ ਬਾਣੀ ਵੀ ਰਚਦੇ ਸੀ, ਗੁਰਬਾਣੀ ਦੇ ਅਰਥ, ਪ੍ਰਮਾਰਥ, ਵਾਰਤਕ ਦੀ ਰਚਨਾ ਵੀ ਉਨ੍ਹਾਂ ਕੀਤੀ ਸੀ। ਗੁਰੂ ਨਾਨਕ ਜੀ ਦੀਆਂ ਗੋਸ਼ਟਾਂ ਉਸ ਨੇ ਰਚੀਆਂ। ਇਨ੍ਹਾਂ ਗੋਸ਼ਟਾਂ ਜਾਂ ਸਾਖੀਆਂ ਵਿੱਚ ਜਨਮ ਸਾਖੀ ਦੇ ਸਿਰਲੇਖਾਂ ਹੇਠਾਂ (ਸੰਨ – 1962 ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ) ਪ੍ਰਕਾਸ਼ਿਤ ਕੀਤੀ ਗਈ ਹੈ।**




ਸੂਚਨਾ ਦਾ ਸਿੱਧਾ ਸਪੱਸ਼ਟ ਅਰਥ ਹੈ, ਇਹ ਭਗਤ ਗੁਰੂ ਬਾਬੇ ਕੇ ਨਿਵਾਜੇ ਹੋਏ ਹਨ। ਇੰਝ ਇਹ ਪੁਰਾਣੀ ਇਤਿਹਾਸਕ ਟੂਕ ਹੈ:–

ਗੋਇੰਦਵਾਲ ਵਾਲੀਆਂ ਪੋਥੀਆਂ ਵਿੱਚੋਂ ਇਕ ਪੋਥੀ ਦੇ ਆਰੰਭ ਵਿੱਚ ਖਾਸ ਪੱਤਰਾ ਸਜਾ ਕੇ ਆਮ ਨਾਲੋਂ ਵੱਖਰੀ ਲਿਖਤ ਵਿੱਚ ਪੋਥੀ ਲਿਖੇ ਜਾਣ ਦੀ ਸੂਚਨਾ ਇਨ੍ਹਾਂ ਅੱਖਰਾਂ ਵਿੱਚ ਦਿੱਤੀ ਹੈ:

ਸੰਮਤ 1652 ਮਾਘ ਵਦੀ 1 ਪੋਥੀ ਲਿਖੀ ਅੰਬਰ ਬਾਬੇ।
ਸਤਨਾਮ ਕਰਤਾਰ ਨਿਰਭਉ
ਨਿਰਾਕਾਰ ਅਜੂਨੀ ਸੰਭਉ॥1॥

ਇਸ ਅਰੰਭਕ ਸੂਚਨਾ ਨਾਲ ਇਕ ਵਾਰਤਕ ਲਿਖਤ ਹੈ ਜਿਸ ਦੀ ਨਕਲ ਵੱਖਰੀ ਥਾਂ ਪੋਥੀਆਂ ਬਾਰੇ ਸੰਬੰਧਿਤ ਚਰਚਾ ਨਾਲ ਦਿੱਤੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਮਰ-ਦਾਸ ਜੀ ਪਿੱਛੋਂ ਗੁਰੂ ਰਾਮਦਾਸ (ਮ.4) ਗੁਰੂ ਅਰਜਨ

* ਉਪਰੋਕਤ ਸ਼ਬਦ ਦਾ ਟੀਕਾ ਪ੍ਰੋ: ਸਾਹਿਬ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੰਨਾ 454 ਉੱਤੇ ਇਸ ਪ੍ਰਕਾਰ ਕੀਤਾ ਹੈ: ਵੇਖੋ, ਨਾਮਦੇਵ (ਜਾਤ ਦਾ) ਛੀਂਬਾ ਸੀ, ਕਬੀਰ ਜੁਲਾਹਾ ਸੀ, ਉਨ੍ਹਾਂ ਨੇ ਪੂਰੇ ਗੁਰੂ ਤੋਂ ਉੱਚੀ ਆਤਮਕ ਅਵਸਥਾ ਹਾਸਲ ਕੀਤੀ।

ਦੇਵ ਜੀ (ਮ.5) ਜਿਨ੍ਹਾਂ ਆਦਿ ਬੀੜ ਦੀ ਰਚਨਾ ਕੀਤੀ, ਉਨ੍ਹਾਂ ਦੀ ਬਾਣੀ ਵਿੱਚ ਹੀ ਭਗਤਾਂ ਦਾ ਅਜਿਹੇ ਹੀ ਪ੍ਰਸੰਗਾਂ ਵਿੱਚ ਕੀਤੇ ਗਏ ਵਰਨਣ ਦੀ ਪਿੱਛੇ ਚਰਚਾ ਕਰ ਆਏ ਹਾਂ।

ਧੰਨੈ ਸੇਵਿਆ ਬਾਲ ਬੁਧਿ॥
ਤ੍ਰਿਲੋਚਨ ਗੁਰ ਮਿਲਿ ਭਈ ਸਿਧਿ॥
ਬੇਣੀ ਕਉ ਗੁਰਿ ਕੀਓ ਪ੍ਰਗਾਸੁ॥
ਰੇ ਮਨ ਤੂ ਭੀ ਹੋਹਿ ਦਾਸੁ॥5॥
ਜੈ ਦੇਵ ਤਿਆਗਿਓ ਅਹੰਮੇਵ॥
ਨਾਈ ਉਧਰਿਓ ਸੈਨੁ ਸੇਵ॥
ਮਨੁ ਡੀਗਿ ਨ ਡੋਲੈ ਕਹੂੰ ਜਾਇ॥
ਮਨ ਤੂੰ ਭੀ ਤਰਸਹਿ ਸਰਣਿ ਪਾਇ॥6॥
ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ॥
ਸੇ ਤੈ ਲੀਨੇ ਭਗਤ ਰਾਖਿ॥
ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ॥
ਇਹ ਬਿਧਿ ਦੇਖਿ ਮਨੁ ਲਗਾ ਸੇਵ॥7॥
ਕਬੀਰਿ ਧਿਆਇਓ ਏਕ ਰੰਗ॥
ਨਾਮਦੇਵ ਹਰਿ ਜੀਉ ਬਸਹਿ ਸੰਗਿ॥
ਰਵਿਦਾਸ ਧਿਆਏ ਪ੍ਰਭ ਅਨੂਪ॥
ਗੁਰ ਨਾਨਕ ਦੇਵ ਗੋਵਿੰਦ ਰੂਪ॥8॥
(ਬਸੰਤ ਮ: 5–1192)

ਫਰੀਦਕੋਟ ਵਾਲੇ ਟੀਕੇ ਦੇ ਪੰਨਾ 2434 ਉੱਪਰ ਇਸ ਸ਼ਬਦ ਦਾ ਟੀਕਾ ਕਰਦੇ ਹੋਏ ਵਿਦਵਾਨ ਟੀਕਾ ਕਾਰਾਂ ਨੇ ਸ਼ਬਦ ਵਿੱਚ ਆਏ ਭਗਤਾਂ ਦੀਆਂ ਪ੍ਰਾਪਤੀਆਂ ਦਾ ਸੰਖੇਪ ਵਰਣਨ ਕਰਨ ਉਪਰੰਤ ਗੁਰੂ ਨਾਨਕ ਦੇਵ ਗੋਵਿੰਦ ਰੂਪ ਦਾ ਅਰਥ ਇਸ ਪ੍ਰਕਾਰ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿਤੇ ਹੈਂ, ਹੇ ਗੋਬਿੰਦ ਗੁਰੂ ਨਾਨਕ ਦੇਵ ਜੀ ਆਪ ਕਾ ਰੂਪ ਹੈ।

ਜਦ ਕਿ ਪ੍ਰੋ: ਸਾਹਿਬ ਸਿੰਘ ਜੀ ਇਸ ਤੁੱਕ ਦਾ ਵਿਲੱਖਣ ਅਰਥ ਕਰਦੇ ਹੋਏ ਫੁਰ-ਮਾਉਂਦੇ ਹਨ ਕਿ ਗੁਰੂ ਤਾਂ ਗੋਬਿੰਦ ਰੂਪ ਹੀ ਹੁੰਦਾ ਹੈ।

ਭਗਤਾਂ ਦੀ ਘਾਲਣਾ ਵੱਲ ਸੰਕੇਤ ਕਰਦੇ ਹੋਇਆਂ ਉਨ੍ਹਾਂ ਦੇ ਵੇਰਵੇ ਦਿੰਦਿਆਂ ਗੁਰ ਮਿਲ ਭਈ ਸੁਧ ਦੇ ਸੰਕੇਤ ਗੁਰੂ ਅਰਜਨ ਜੀ ਨੇ ਦੇ ਕੇ ਸਾਖੀ ਭਰੀ ਹੈ ਕਿ ਇਨ੍ਹਾਂ ਭਗਤਾਂ ਨੂੰ ਗੁਰੂ ਨਾਨਕ ਜੀ ਤੋਂ ਸ਼ੁੱਧ ਬੁੱਧੀ ਪ੍ਰਾਪਤ ਹੋਈ।

ਗੁਰੂ ਅਰਜਨ ਦੇਵ ਜੀ ਵੀ ਆਪਣੇ ਵੱਡੇ ਭਰਾਤਾ, ਪ੍ਰਿਥੀ ਚੰਦ ਜੀ ਦੇ ਸਪੁੱਤਰ, ਮੇਹਰਵਾਨ ਨਾਲ ਖਾਸ ਹਿੱਤ ਰੱਖਦੇ ਸੀ, ਇਥੋਂ ਤੱਕ ਕਿ ਪਹਿਲਾਂ ਗੁਰ ਗੱਦੀ ਲਈ ਵੀ ਇਨ੍ਹਾਂ ਨੂੰ ਯੋਗ ਬਣਾਉਣ ਹਿੱਤ ਤਿਆਰ ਕਰਦੇ ਰਹੇ ਸਨ, ਮੇਹਰਵਾਨ ਜੀ, ਆਪਣੀ ਕਿਸਮ ਦੀ ਬਾਣੀ ਵੀ ਰਚਦੇ ਸੀ, ਗੁਰਬਾਣੀ ਦੇ ਅਰਥ, ਪ੍ਰਮਾਰਥ, ਵਾਰਤਕ ਦੀ ਰਚਨਾ ਵੀ ਉਨ੍ਹਾਂ ਕੀਤੀ ਸੀ। ਗੁਰੂ ਨਾਨਕ ਜੀ ਦੀਆਂ ਗੋਸ਼ਟਾਂ ਉਸ ਨੇ ਰਚੀਆਂ। ਇਨ੍ਹਾਂ ਗੋਸ਼ਟਾਂ ਜਾਂ ਸਾਖੀਆਂ ਵਿੱਚ ਜਨਮ ਸਾਖੀ ਦੇ ਸਿਰਲੇਖਾਂ ਹੇਠਾਂ (ਸੰਨ – 1962 ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ) ਪ੍ਰਕਾਸ਼ਿਤ ਕੀਤੀ ਗਈ ਹੈ।

ਇਕ ਗੋਸ਼ਟ ਇਸ ਤਰ੍ਹਾਂ ਹੈ:

## ਗੋਸ਼ਟਿ ਗੁਰੂ ਬਾਬੇ ਨਾਨਕ ਜੀ ਕੀ ਗੁਸਾਈ ਕਬੀਰ ਜੀ ਨਾਲ :

ਤਬ ਉਸ ਹਰਿ ਨਾਥ (ਕਾਂਸ਼ੀ) ਨਗਰੀ ਤੇ ਜਹਾਂ ਗੁਸਾਈ ਕਬੀਰ ਕੇ ਘਰ ਥਾ ਤਹਾਂ ਜਾਇ ਨਿਕਲਾ। ਤਬ ਕਬੀਰ ਗੁਸਾਈ ਕਹਿਆ ਜਿ, ਏ ਰਾਮ! ਇਹਾ ਇਸ ਧਰਤੀ ਬਾਬਾ ਨਾਨਕ ਜੀ ਆਇਆ ਹੈ, ਅਰੁ ਈਹਾਂ ਨਾਮ ਪੜਤਾ ਹੈ, ਜਿ ਕਬੀਰ ਕਾ ਅਸਥੂਲ ਸਥਾਨ ਹੈ। ਕਬੀਰ ਗੁਸਾਈ ਆਇ ਮਿਲੇ। ਤਬ ਬਾਬੇ ਨਾਨਕ ਜੀ ਪਛਾਨਿਆ, ਕਬੀਰ ਬਾਬਾ ਪਛਾਨਿਆ। ਬਾਬਾ ਉਠਿ ਖੜੇ ਹੋਇ। ਕਬੀਰ ਕਹਿਆ: ਜਿਹ ਹਰਿ ਹਰਿ ਹਰਿ ਹਰਿ ਹਰਿ ਹਰਿ, ਜੀਉ ਬੈਠੇ ਰਹੀਐ ਹਰਿ ਬੋਲੀਐ! ਹਰਿ ਬੋਲੀਐ, ਹਮ ਐਸੇ ਕਵਨ ਕਹਾਵਹਿ ਜਿਨਿ, ਕਉ ਉਠਿ ਉਠਿ ਨਾਢੇ ਭਏ ਤੁਮ? ਤਬ ਗੁਰੂ ਨਾਨਕ ਜੀ ਕਹਿਆ, ਜਿ ਅਮਰ ਆਏ ਲੋਕੀ ਕਉ ਬੈਠੇ ਹੈਂ। ਤਬ ਕਬੀਰ ਕਹਿਆ ਨਾ ਜੀ, ਤੂੰ ਜਗਤ ਗੁਰੂ ਹੈ, ਹਮ ਤੇਰੇ ਦਾਸ ਹੈਂ। ਤਬ ਗੁਰੂ ਬਾਬਾ ਨਾਨਕ ਜੀ ਰਾਗ ਗਉੜੀ ਮਹਿ ਬਾਨੀ ਬੋਲਿ ਉਠਾ, ਸਿਫਤਿ ਜਿ:

ਐਸੋ ਦਾਸੁ ਮਿਲੈ ਸੁਖੁ ਹੋਈ।
ਦੁਖੁ ਵਿਸਰੈ ਪਾਵੈ ਸਚੁ ਸੋਈ॥
ਦਰਸਨੁ ਦੇਖਿ ਭਈ ਮਤਿ ਪੂਰੀ।
ਅਠਸਠਿ ਮਜਨੁ ਚਰਨਹ ਧੂਰੀ॥1॥ ਰਹਾਉ॥
(ਗਉੜੀ ਮ: 1–224)

ਤਬ ਕਬੀਰ ਕਹਿਆ ਜਿ, ਨਾਨਕ ਜੀ ਤੁਮ ਜਗਤ ਉਧਾਰਨ ਕਉ ਹਉ, ਤੁਮੈ ਪੀਛੈ ਜਗਤ ਉਧਰੇਗਾ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਜੀ, ਜਗਤ ਕੀ ਹਮ ਕਿਛੁ ਨਾਹੀਂ ਜੇ ਹਮਾਰਾ ਜੀਓ ਕਬ ਹੀ ਉਧਰੈ। ਤਬ ਕਬੀਰ ਗੁਸਾਈਂ ਕਹਿਆ ਜਿ, ਬਾਬਾ ਜੀ! ਆਗਿਆ ਪਾਰਬ੍ਰਹਿਮ ਕੀ ਹੈ ਜਿ ਤੁਮਾਰੇ ਪੀਛੈ ਜਗਤ ਨਿਸਤਰੇਗਾ। ਤੁਮ ਜਗਤੁ ਤਾਰਨ ਕਉ ਹਉ। ਕਹੈ, ਜੀ ਹਮ ਤਉ ਆਜੁ ਨਿਹਾਲ ਹੁਏ। ਅਵਰ ਕੀ ਕਿਆ ਜਾਨਉ। ਤਬ ਗੁਰੂ ਬਾਬੇ ਨਾਨਕ ਜੀ ਕਹਿਆ:

ਨੇਤ੍ਰ ਸੰਤੋਖ ਏਕ ਲਿਵਤਾਰਾ॥
ਜਿਹਵਾ ਸੂਚੀ ਹਰਿ ਰਸ ਸਾਰਾ॥2॥224

### ਤਿਸ ਕਾ ਪਰਮਾਰਥ

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਬਲਹਾਰ ਜਾਉ। ਜਹਾਂ ਕਹਾਂ ਤਹਾਂ ਸਾਚਾ ਹੀ ਸਾਚਾ ਹੈ। ਜੇ ਸਮਝੇ ਤਉ। ਏਹ ਭੀ ਸਾਚਾ ਹੋਇ ਇਸ ਕਾ ਪਿੰਡ ਨਾ ਪੜਈ। ਪਰਮੇਸ਼ਰ ਕਉ ਬੁਝਤਾ ਨਾਹੀਂ, ਤਿਸ ਤੇ ਜਾਇ ਕਰਿ ਇਸ ਮਨੁੱਖ ਕਾ ਪਿੰਡ ਕੱਚਾ ਹੋਇ ਜਾਤਾ ਹੈ। ਭੀ ਸੋ ਜੰਮਣ ਮਰਨ ਮਹਿ ਪੜਤਾ ਹੈ। ਤਬ ਕਬੀਰ ਗੁਸਾਈਂ ਕਹਿਆ, ਜਿ ਏ ਗੁਸਾਈ ਜੀ! ਗੁਰ ਸਮਝਾਵੈ ਸੋਝੀ ਹੋਈ। ਗੁਰਮੁਖਿ ਵਿਰਲਾ ਸੂਝੇ ਕੋਇ।
(ਗਉੜੀ ਮ: 1, 224)

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖ਼ਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।**

**07966 388 388**

### ਤਿਸ ਕਾ ਪਰਮਾਰਥ

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਗੁਸਾਈ ਜੀ। ਜਬ ਗੁਰ ਪੂਰਾ ਮਿਲੈ ਅਰ ਸਮਝਾਇ ਦੇਇ ਤਬ ਏਸ ਕਉ ਸੋਝੀ ਹੋਇ। ਕੋਈ ਕੋਟ ਮਧੇ ਗੁਰ ਕੇ ਪ੍ਰਸ਼ਾਦਿ ਜਾਨੇ ਤਉ ਜਾਨੇ। ਨਾਤਰੁ ਇਸ ਬਾਰ ਕਉ ਕੋਈ ਨਹੀਂ ਜਾਨਤਾ, ਸਮਝਤਾ। ਤਬ ਗੁਸਾਈ ਕਬੀਰ ਕਹਿਆ ਜੀ, ਬਾਬਾ ਜੀ ਸਲਾਮਤਿ! ਸੇ ਗੁਰ ਤੁਮ ਹਉ, ਜਿਸ ਮਿਲਿਐ ਸੋਝੀ ਹੋਤੀ ਹੈ।

ਕਬੀਰ– ਜੀ ਜਿਸ ਕਉ ਤੁਮ ਕਿਰਪਾਲ ਹੋਵਹਿ ਤਿਸ ਕਉ ਏਹ ਬਾਤ ਸਮਝਾਵਾਹੁ। ਪਰ ਜੀ ਜਿਨਹ ਏਹ ਬਾਤ ਬੂਝੀ ਨਹੀਂ ਤਿਨ ਕੀ ਕਵਣ ਗਤਿ?

ਤਬ ਕਬੀਰ ਗੁਸਾਈਂ ਕਹਿਆ ਜਿ, ਬਾਬਾ ਨਾਨਕ ਜੀ! ਕਿ ਜਿਨਹੁ ਨਹੀਂ ਬੂਝਿਆ ਤਿਨ ਕਉ ਨਾ ਪੂਜੀਐ। ਤਬ ਫਿਰ ਗੁਰੂ ਬਾਬੇ ਨਾਨਕ ਜੀ ਕਹਿਆ ਜਿ:

ਗੁਰਿ ਕਹਿਆ ਅਵਰੁ ਨਹੀ ਦੂਜਾ॥
ਕਿਸੁ ਕਹੁ ਦੇਖਿ ਕਰਉ ਅਨ ਪੂਜਾ॥7।
(ਗਉੜੀ ਮ: 1–224)

### ਤਿਸ ਕਾ ਪਰਮਾਰਥ :

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਗੁਸਾਈ ਜੀ! ਗੁਰੂ ਹਮ ਕਉ ਕਹਿਆ ਜਿ ਇਨਾ ਮਹਿ ਪਰਮੇਸਰੁ ਹੈ ਅਰੁ ਇਨਾ ਮਹਿ ਨਾਹੀਂ, ਇਨ ਕਉ ਜਪਣਾ ਅਰੁ ਇਨ ਕਉ ਨਾਹੀ ਜਪਣਾ। ਤਾਂ, ਗੁਰੂ ਜੀ ਕਹਿਆ ਜਿ ਪੂਤ ਸਭ ਮਹਿ ਪਰਮੇਸਰੁ ਹੈ। ਸਭਸ ਕੀ ਪੂਜਾ ਕਰਣੀ। ਸਭ ਮਹਿ ਆਪ ਹੈ, ਦੂਜਾ ਕੋਈ ਨਾਹੀਂ। ਤਬ ਕਬੀਰ ਗੁਸਾਈਂ ਕਹਿਆ ਜਿ, ਬਾਬਾ ਨਾਨਕ ਜੀ ਸਲਾਮਤਿ! ਜਬ ਸਭ ਮਹਿ ਪ੍ਰਮੇਸਰ ਹੈ ਅਰੁ ਸਭ ਕੀ ਪੂਜਾ ਏਕ ਸੀ ਕਰਣੀ, ਤਉ ਸੰਤ ਮਹਿ ਅਰ ਸਾਕਤ ਮਹਿ ਫਰਕ ਨਾ ਜੀ, ਈਉ ਕਿਉਂ ਹੋਤੀ ਹੈ? ਕਹੇ, ਜੀ ਜਿਉ ਹੈ ਤਿਉਂ ਸਮਝਾਈਆ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ:

ਸੰਤ ਹੋਤਿ ਪ੍ਰਭਿ ਤ੍ਰਿਭਵਣ ਧਾਰੇ॥
ਆਤਮੁ ਚੀਨੈ ਸੁ ਤਤੁ ਬੀਚਾਰੇ॥8॥
(ਗਉੜੀ ਮ: 1–224)

ਚਲਦਾ......

# ਉੱਚੀ ਰਿਹਾਇਸ਼ੀ ਇਮਾਰਤ ਤੋਂ ਡਿੱਗਣ ਕਾਰਨ ਪਤੀ-ਪਤਨੀ ਅਤੇ ਪੁੱਤਰ ਦੀ ਮੌਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਵਿਚ ਇਕ ਬਹੁਤ ਹੀ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਭਾਰਤੀ ਮੂਲ ਦੇ ਪਤੀ-ਪਤਨੀ ਅਤੇ ਉਨ੍ਹਾਂ ਦੇ 9 ਸਾਲਾ ਪੁੱਤਰ ਦੀ ਇਕ ਉੱਚੀ ਰਿਹਾਇਸ਼ੀ ਇਮਾਰਤ ਤੋਂ ਡਿੱਗਣ ਕਾਰਨ ਮੌਤ ਹੋ ਗਈ। ਇਸ ਘਟਨਾ ਨੇ ਸਥਾਨਕ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ ਹੈ।

ਮ੍ਰਿਤਕਾਂ ਦੀ ਪਛਾਣ 47 ਸਾਲਾ ਰਾਕੇਸ਼ ਪਾਈ, 46 ਸਾਲਾ ਅਦਿਤੀ ਪਰਾਲਕਰ ਅਤੇ ਉਨ੍ਹਾਂ ਦੇ 9 ਸਾਲਾ ਪੁੱਤਰ ਸਿਦ ਵਜੋਂ ਹੋਈ ਹੈ। ਪੁਲਿਸ ਨੂੰ ਪਿਛਲੇ ਹਫ਼ਤੇ ਸਵੇਰੇ ਸੂਚਨਾ ਮਿਲੀ ਸੀ ਕਿ ਇਕ ਉੱਚੀ ਰਿਹਾਇਸ਼ੀ ਇਮਾਰਤ ਦੇ ਹੇਠਾਂ ਤਿੰਨ ਵਿਅਕਤੀ ਬੇਹੋਸ਼ ਹਾਲਤ ਵਿਚ ਪਏ ਹਨ। ਸੂਚਨਾ ਮਿਲਦੇ ਹੀ ਪੁਲਿਸ, ਐਂਬੂਲੈਂਸ ਕਰਮਚਾਰੀ ਅਤੇ ਹੋਰ ਬਚਾਅ ਦਲ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਵੱਲੋਂ ਤਿੰਨਾਂ ਨੂੰ ਬਚਾਉਣ ਦੇ ਯਤਨ ਕੀਤੇ ਗਏ ਪਰ ਸੱਟਾਂ ਬਹੁਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਬਚਾਇਆ ਨਾ ਜਾ ਸਕਿਆ।

ਜਾਣਕਾਰੀ ਅਨੁਸਾਰ ਪਰਿਵਾਰ ਕਈ ਸਾਲਾਂ ਤੋਂ ਬਰਤਾਨੀਆ ਵਿਚ ਰਹਿ ਰਿਹਾ ਸੀ। ਰਾਕੇਸ਼ ਪਾਈ ਵਿੱਤੀ ਖੇਤਰ ਨਾਲ ਜੁੜੇ ਹੋਏ ਸਨ ਜਦਕਿ ਅਦਿਤੀ ਪਰਾਲਕਰ ਉਸਾਰੀ ਨਾਲ ਸਬੰਧਿਤ ਉੱਚ ਅਹੁਦਿਆਂ 'ਤੇ ਕੰਮ ਕਰ ਚੁੱਕੀ ਸੀ। ਉਨ੍ਹਾਂ ਦਾ ਪੁੱਤਰ ਸਿਦ ਜਨਮ ਤੋਂ ਹੀ ਕਈ ਗੰਭੀਰ ਬਿਮਾਰੀਆਂ ਨਾਲ ਪੀੜਤ ਸੀ। ਉਹ ਬੋਲ ਨਹੀਂ ਸਕਦਾ ਸੀ ਅਤੇ ਉਸ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਸ ਦੀ ਗੁਰਦਿਆਂ ਨਾਲ ਸਬੰਧਿਤ ਬਿਮਾਰੀ ਦਾ ਵੀ ਇਲਾਜ ਚੱਲ ਰਿਹਾ ਸੀ।




ਗੁਆਂਢੀਆਂ ਨੇ ਦੱਸਿਆ ਕਿ ਇਹ ਪਰਿਵਾਰ ਬਹੁਤ ਹੀ ਮਿਲਣਸਾਰ ਅਤੇ ਨੇਕ ਸੁਭਾਅ ਵਾਲਾ ਸੀ। ਉਹ ਅਕਸਰ ਇਲਾਕੇ ਦੇ ਲੋਕਾਂ ਨਾਲ ਮਿਲਦੇ-ਜੁਲਦੇ ਰਹਿੰਦੇ ਸਨ ਅਤੇ ਆਪਣੇ ਪੁੱਤਰ ਦੀ ਦੇਖਭਾਲ ਵਿਚ ਪੂਰੀ ਤਰ੍ਹਾਂ ਸਮਰਪਿਤ ਸਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਹ ਇਸ ਘਟਨਾ ਤੋਂ ਬਹੁਤ ਦੁਖੀ ਹਨ ਅਤੇ ਉਨ੍ਹਾਂ ਨੂੰ ਅਜੇ ਵੀ ਵਿਸ਼ਵਾਸ ਨਹੀਂ ਹੋ ਰਿਹਾ ਕਿ ਇੰਨਾ ਚੰਗਾ ਪਰਿਵਾਰ ਇਸ ਤਰ੍ਹਾਂ ਅਚਾਨਕ ਸਦਾ ਲਈ ਵਿਛੜ ਗਿਆ ਹੈ।

ਸੂਤਰਾਂ ਅਨੁਸਾਰ ਬੱਚੇ ਦੀ ਲੰਬੇ ਸਮੇਂ ਤੋਂ ਚੱਲ ਰਹੀ ਬਿਮਾਰੀ ਕਾਰਨ ਪਰਿਵਾਰ ਕਾਫ਼ੀ ਮਾਨਸਿਕ ਦਬਾਅ ਹੇਠ ਸੀ। ਦੱਸਿਆ ਜਾਂਦਾ ਹੈ ਕਿ ਬੱਚੇ ਦੇ ਇਲਾਜ ਲਈ ਪਰਿਵਾਰ ਕੁਝ ਸਾਲ ਪਹਿਲਾਂ ਭਾਰਤ ਵੀ ਗਿਆ ਸੀ, ਪਰ ਸਿਹਤ ਵਿਚ ਕੋਈ ਵੱਡਾ ਸੁਧਾਰ ਨਾ ਆਉਣ ਕਾਰਨ ਉਹ ਮੁੜ ਬਰਤਾਨੀਆ ਆ ਗਿਆ ਸੀ। ਇਸ ਦੌਰਾਨ ਮਾਪਿਆਂ ਨੂੰ ਆਪਣੇ ਪੁੱਤਰ ਦੀ ਦੇਖਭਾਲ ਲਈ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਮੌਤਾਂ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਕਾਨੂੰਨੀ ਜਾਂਚ ਹੋਵੇਗੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਮੁਕੰਮਲ ਹੋਣ ਤੋਂ ਪਹਿਲਾਂ ਕਿਸੇ ਨਤੀਜੇ 'ਤੇ ਪਹੁੰਚਣਾ ਠੀਕ ਨਹੀਂ ਹੋਵੇਗਾ।

ਇਸ ਦੌਰਾਨ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਹਾਦਸੇ ਨੇ ਨਾ ਸਿਰਫ਼ ਸਥਾਨਕ ਭਾਈਚਾਰੇ ਨੂੰ, ਸਗੋਂ ਭਾਰਤੀ ਮੂਲ ਦੇ ਲੋਕਾਂ ਵਿਚ ਵੀ ਡੂੰਘਾ ਦੁੱਖ ਪੈਦਾ ਕੀਤਾ ਹੈ। ਲੋਕ ਪਰਿਵਾਰ ਦੀ ਮੌਤ 'ਤੇ ਸ਼ੋਕ ਪ੍ਰਗਟ ਕਰ ਰਹੇ ਹਨਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰ ਰਹੇ ਹਨ।

# ਬਰਤਾਨੀਆ ਦੇ ਬੈਲਫਾਸਟ 'ਚ ਚਾਕੂ ਨਾਲ ਭਿਆਨਕ ਹਮਲਾ, ਇਕ ਵਿਅਕਤੀ ਗੰਭੀਰ ਜ਼ਖ਼ਮੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਉੱਤਰੀ ਆਇਰਲੈਂਡ ਸਥਿਤ ਬੈਲਫਾਸਟ ਸ਼ਹਿਰ ਵਿਚ ਇਕ ਵਿਅਕਤੀ 'ਤੇ ਚਾਕੂ ਨਾਲ ਕੀਤੇ ਗਏ ਭਿਆਨਕ ਹਮਲੇ ਤੋਂ ਬਾਅਦ ਪੁਲਿਸ ਨੇ 30 ਕੁ ਸਾਲਾਂ ਦੇ ਇਕ ਵਿਅਕਤੀ ਨੂੰ ਕਤਲ ਦੀ ਕੋਸ਼ਿਸ਼ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਸੁਡਾਨੀ ਮੂਲ ਦਾ ਹੈ ਅਤੇ ਇਸ ਵੇਲੇ ਹਿਰਾਸਤ ਵਿਚ ਹੈ।

ਇਹ ਘਟਨਾ ਸੋਮਵਾਰ ਰਾਤ ਕਰੀਬ ਸਾਢੇ ਦਸ ਵਜੇ ਉੱਤਰੀ ਬੈਲਫਾਸਟ ਦੇ ਇਕ ਰਿਹਾਇਸ਼ੀ ਇਲਾਕੇ ਵਿਚ ਵਾਪਰੀ। ਹਮਲੇ ਵਿਚ 40 ਕੁ ਸਾਲਾਂ ਦਾ ਇਕ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਸ ਦੇ ਚਿਹਰੇ, ਗਲੇ ਅਤੇ ਪਿੱਠ 'ਤੇ ਡੂੰਘੀਆਂ ਸੱਟਾਂ ਲੱਗੀਆਂ ਹਨ ਅਤੇ ਉਹ ਹਸਪਤਾਲ ਵਿਚ ਇਲਾਜ ਅਧੀਨ ਹੈ। ਡਾਕਟਰਾਂ ਅਨੁਸਾਰ ਉਸ ਦੀ ਹਾਲਤ ਅਜੇ ਵੀ ਗੰਭੀਰ ਬਣੀ ਹੋਈ ਹੈ।

ਘਟਨਾ ਦੀਆਂ ਵੀਡੀਓ ਰਿਕਾਰਡਿੰਗਾਂ ਸਮਾਜਿਕ ਮਾਧਿਅਮਾਂ 'ਤੇ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿਚ ਕੁਝ ਸਥਾਨਕ ਲੋਕ ਹਮਲਾਵਰ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਦਿਖਾਈ ਦੇ ਰਹੇ ਹਨ। ਦਲੇਰੀ ਦਿਖਾਉਂਦਿਆਂ ਕਈ ਲੋਕਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਜ਼ਖ਼ਮੀ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਦੇ ਪਹੁੰਚਣ ਤੱਕ ਹਮਲਾਵਰ ਨੂੰ ਕਾਬੂ ਵਿਚ ਰੱਖਿਆ। ਪੁਲਿਸ ਦੇ ਸੀਨੀਅਰ ਅਧਿਕਾਰੀ ਰਿਆਨ ਹੈਂਡਰਸਨ ਨੇ ਕਿਹਾ ਕਿ ਇਸ ਘਟਨਾ ਨੂੰ ਬਹੁਤ ਗੰਭੀਰ ਮੰਨਦਿਆਂ ਵਿਸ਼ੇਸ਼ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਮਲੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਤੇਜ਼ੀ ਨਾਲ ਚੱਲ ਰਹੀ ਹੈ। ਉਨ੍ਹਾਂ ਨੇ ਘਟਨਾ ਦੌਰਾਨ ਬਹਾਦਰੀ ਦਿਖਾਉਣ ਵਾਲੇ ਸਥਾਨਕ ਲੋਕਾਂ ਦੀ ਵੀ ਸ਼ਲਾਘਾ ਕੀਤੀ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਇਸ ਘਟਨਾ ਨੂੰ ਬਹੁਤ ਹੀ ਘਿਨਾਉਣਾ ਦੱਸਦਿਆਂ ਕਿਹਾ ਕਿ ਸੜਕਾਂ 'ਤੇ ਇਸ ਤਰ੍ਹਾਂ ਦੀ ਹਿੰਸਾ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਜ਼ਖ਼ਮੀ ਵਿਅਕਤੀ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਮਦਦ ਲਈ ਅੱਗੇ ਆਉਣ ਵਾਲੇ ਲੋਕਾਂ ਦਾ ਧੰਨਵਾਦ ਕੀਤਾ। ਉੱਤਰੀ ਆਇਰਲੈਂਡ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਵੀ ਸਾਂਝੇ ਬਿਆਨ ਰਾਹੀਂ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਪੁਲਿਸ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਘਟਨਾ ਨਾਲ ਸਬੰਧਤ ਵੀਡੀਓ ਜਾਂ ਤਸਵੀਰਾਂ ਸਮਾਜਿਕ ਮਾਧਿਅਮਾਂ 'ਤੇ ਸਾਂਝੀਆਂ ਨਾ ਕੀਤੀਆਂ ਜਾਣ ਕਿਉਂਕਿ ਇਸ ਨਾਲ ਜਾਂਚ ਪ੍ਰਭਾਵਿਤ ਹੋ ਸਕਦੀ ਹੈ ਅਤੇ ਪੀੜਤ ਪਰਿਵਾਰ ਨੂੰ ਹੋਰ ਮਾਨਸਿਕ ਪੀੜਾ ਪਹੁੰਚ ਸਕਦੀ ਹੈ।

# ਮੈਨਚੈਸਟਰ ਦੇ ਸਕੂਲ 'ਚ ਚਾਕੂ ਹਮਲਾ, ਦੋ ਵਿਦਿਆਰਥੀ ਅਤੇ ਅਧਿਆਪਕ ਜ਼ਖ਼ਮੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਮੈਨਚੈਸਟਰ ਸ਼ਹਿਰ ਦੇ ਇੱਕ ਸਕੂਲ ਵਿਚ ਚਾਕੂ ਨਾਲ ਕੀਤੇ ਗਏ ਹਮਲੇ ਦੌਰਾਨ ਦੋ ਵਿਦਿਆਰਥੀ ਅਤੇ ਇੱਕ ਅਧਿਆਪਕ ਜ਼ਖ਼ਮੀ ਹੋ ਗਏ। ਘਟਨਾ ਤੋਂ ਬਾਅਦ ਸਕੂਲ ਨੂੰ ਤੁਰੰਤ ਬੰਦ ਕਰ ਦਿੱਤਾ ਗਿਆ ਅਤੇ ਪੁਲਿਸ ਨੇ 14 ਸਾਲਾ ਲੜਕੀ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਅਨੁਸਾਰ ਇਹ ਘਟਨਾ ਮੈਨਚੈਸਟਰ ਦੇ ਬਲੈਕਲੀ ਇਲਾਕੇ ਵਿਚ ਸਥਿਤ ਕੋ-ਆਪ ਅਕੈਡਮੀ ਸਕੂਲ ਵਿਚ ਮੰਗਲਵਾਰ ਸਵੇਰੇ ਵਾਪਰੀ। ਸੂਚਨਾ ਮਿਲਣ ਉਪਰੰਤ ਪੁਲਿਸ, ਐਂਬੂਲੈਂਸ ਅਤੇ ਹੋਰ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚ ਗਈਆਂ। ਹਮਲੇ ਵਿਚ 14 ਸਾਲਾ ਲੜਕੀ ਦੇ ਮੋਢੇ 'ਤੇ ਸੱਟ ਲੱਗੀ ਹੈ, ਜਦਕਿ 14 ਸਾਲਾ ਲੜਕੇ ਦੇ ਕੰਨ ਨੇੜੇ ਜ਼ਖ਼ਮ ਆਇਆ ਹੈ। ਇਸ ਤੋਂ ਇਲਾਵਾ 27 ਸਾਲਾ ਪੁਰਸ਼ ਅਧਿਆਪਕ ਦੇ ਗਲੇ 'ਤੇ ਚਾਕੂ ਨਾਲ ਵਾਰ ਕੀਤਾ ਗਿਆ। ਤਿੰਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਸੱਟਾਂ ਗੰਭੀਰ ਨਹੀਂ ਹਨ ਅਤੇ ਹਾਲਤ ਸਥਿਰ ਹੈ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੇ ਬਹਾਦਰੀ ਦਿਖਾਉਂਦਿਆਂ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਸ਼ੱਕੀ ਲੜਕੀ ਨੂੰ ਕਾਬੂ ਕਰ ਲਿਆ ਸੀ। ਇਸ ਕਾਰਨ ਹੋਰ ਕਿਸੇ ਵੱਡੇ ਨੁਕਸਾਨ ਤੋਂ ਬਚਾਅ ਹੋ ਸਕਿਆ। ਪੁਲਿਸ ਦੇ ਅਧਿਕਾਰੀ ਜੌਨ ਸ਼ਿਲਵੋਕ ਨੇ ਕਿਹਾ ਕਿ ਇਹ ਘਟਨਾ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਲਈ ਚਿੰਤਾ ਦਾ ਕਾਰਨ ਬਣੀ ਹੈ, ਪਰ ਹਾਲਾਤ ਨੂੰ ਬਹੁਤ ਜਲਦੀ ਕਾਬੂ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਕਿਸੇ ਹੋਰ ਵਿਅਕਤੀ ਦੀ ਭਾਲ ਨਹੀਂ ਕੀਤੀ ਜਾ ਰਹੀ ਅਤੇ ਲੋਕਾਂ ਲਈ ਕੋਈ ਵਾਧੂ ਖ਼ਤਰਾ ਨਹੀਂ ਹੈ। ਘਟਨਾ ਤੋਂ ਬਾਅਦ ਸਕੂਲ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਪੁਲਿਸ ਦੀ ਵੱਡੀ ਤਾਇਨਾਤੀ ਕੀਤੀ ਗਈ। ਲੋਕਾਂ ਵਿਚ ਭਰੋਸਾ ਬਣਾਈ ਰੱਖਣ ਲਈ ਪੁਲਿਸ ਅਧਿਕਾਰੀ ਇਲਾਕੇ ਵਿਚ ਗਸ਼ਤ ਕਰ ਰਹੇ ਹਨ। ਮਾਮਲੇ ਦੀ ਜਾਂਚ ਜਾਰੀ ਹੈ।

# ਬਰਮਿੰਘਮ ਵਿੱਚ ਚਾਕੂ ਮਾਰ ਕੇ ਵਿਅਕਤੀ ਦਾ ਕਤਲ, ਚਾਰ ਵਿਅਕਤੀ ਗ੍ਰਿਫ਼ਤਾਰ

**ਲੈਸਟਰ- (ਸੁਖਜਿੰਦਰ ਸਿੰਘ ਢੱਡੇ)- ਬਰਮਿੰਘਮ ਦੇ ਸਪਾਰਕਬਰੁੱਕ ਇਲਾਕੇ ਵਿੱਚ ਇੱਕ 40 ਸਾਲਾਂ ਦੇ ਕਰੀਬ ਉਮਰ ਦੇ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਵਿੱਚ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵੈਸਟ ਮਿਡਲੈਂਡਜ਼ ਪੁਲਿਸ ਅਨੁਸਾਰ ਘਟਨਾ ਵੀਰਵਾਰ ਸ਼ਾਮ ਕਰੀਬ 6.20 ਵਜੇ ਵਾਲਫੋਰਡ ਰੋਡ 'ਤੇ ਵਾਪਰੀ। ਪੁਲਿਸ ਅਤੇ ਐਂਬੂਲੈਂਸ ਸੇਵਾਵਾਂ ਮੌਕੇ 'ਤੇ ਪੁੱਜੀਆਂ ਅਤੇ ਜ਼ਖ਼ਮੀ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਸ ਦੀ ਹਾਲਤ ਗੰਭੀਰ ਹੋਣ ਕਾਰਨ ਸ਼ਾਮ ਕਰੀਬ 7 ਵਜੇ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਹਾਲਾਂਕਿ ਮ੍ਰਿਤਕ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ ਗਈ। ਜਾਂਚ ਦੌਰਾਨ ਬ੍ਰਿਸਟਲ ਇਲਾਕੇ ਤੋਂ 29 ਸਾਲਾ ਇੱਕ ਵਿਅਕਤੀ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਿੰਨ ਹੋਰ ਵਿਅਕਤੀਆਂ ਨੂੰ ਅਪਰਾਧੀ ਦੀ ਮਦਦ ਕਰਨ ਦੇ ਸ਼ੱਕ ਹੇਠ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਮੁਤਾਬਕ ਚਾਰਾਂ ਨੂੰ ਪੁੱਛਗਿੱਛ ਲਈ ਵੈਸਟ ਮਿਡਲੈਂਡਜ਼ ਲਿਆਂਦਾ ਜਾ ਰਿਹਾ ਹੈ। ਪੁਲਿਸ ਦਾ ਮੰਨਣਾ ਹੈ ਕਿ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ, ਸਗੋਂ ਨਿਸ਼ਾਨਾ ਬਣਾ ਕੇ ਕੀਤਾ ਗਿਆ ਹਮਲਾ ਸੀ ਅਤੇ ਇਸ ਵਿੱਚ ਸ਼ਾਮਲ ਲੋਕ ਇੱਕ-ਦੂਜੇ ਨੂੰ ਜਾਣਦੇ ਸਨ। ਇਸ ਕਾਰਨ ਜਾਂਚ ਟੀਮ ਇਸ ਮਾਮਲੇ ਨੂੰ ਕਤਲ ਦੀ ਯੋਜਨਾਬੱਧ ਘਟਨਾ ਮੰਨ ਕੇ ਜਾਂਚ ਕਰ ਰਹੀ ਹੈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਪੁਲਿਸ ਦੀ ਮੌਜੂਦਗੀ ਵਧਾ ਦਿੱਤੀ ਗਈ ਹੈ ਅਤੇ ਮੌਕੇ ਤੋਂ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਘਟਨਾ ਨਾਲ ਸਬੰਧਤ ਕੋਈ ਜਾਣਕਾਰੀ ਜਾਂ ਸੀਸੀਟੀਵੀ/ਡੈਸ਼ਕੈਮ ਫੁਟੇਜ ਹੋਵੇ ਤਾਂ ਉਹ ਜਾਂਚ ਟੀਮ ਨਾਲ ਸੰਪਰਕ ਕਰਨ।**

# ਕੱਚਾ ਵੀਜ਼ਾ, ਪੱਕਾ ਵੀਜ਼ਾ

**ਨਿਰਮਲ ਸਿੰਘ ਕੰਧਾਲਵੀ**



ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਤਾਜਪੋਸ਼ੀ ਸਮੇਂ ਭਾਜਪਾ ਦੇ ਦਫ਼ਤਰ 'ਚ ਪ੍ਰਧਾਨ ਦੀ ਕੁਰਸੀ ਪਿੱਛੇ ਮਹਾਰਾਜਾ ਰਣਜੀਤ ਸਿੰਘ ਦੀ ਵੱਡੀ ਤਸਵੀਰ ਲਗਾਈ ਗਈ, ਭਾਵੇਂ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਦੇ ਹੋਰ ਨੇਤਾਵਾਂ ਦੀਆਂ ਤਸਵੀਰਾਂ ਵੀ ਸਨ ਪਰ ਉਹ ਛੋਟੇ ਫਰੇਮਾਂ 'ਚ ਸਨ। ਨਵੇਂ ਪ੍ਰਧਾਨ ਨੇ ਪੰਜਾਬ 'ਚ ਭਾਜਪਾ ਦੀ ਸਰਕਾਰ ਆਉਣ 'ਤੇ ਬਿਨਾ ਕਿਸੇ ਨਾਲ ਵਿਤਕਰੇ ਦੇ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦਾ ਵਾਅਦਾ ਕੀਤਾ ਤੇ ਪ੍ਰਧਾਨ ਮੰਤਰੀ ਮੋਦੀ ਦਾ ਨਾਅਰਾ 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਨਾਅਰੇ ਵੀ ਲਾਏ। ਸੋਸ਼ਲ ਮੀਡੀਆ 'ਤੇ ਇਸ ਪ੍ਰੋਗਰਾਮ ਦੀ ਵੀਡੀਓ ਦੇਖ ਕੇ ਮੈਨੂੰ ਇਕ ਕਹਾਣੀ ਯਾਦ ਆ ਗਈ।

ਦੋ ਦੋਸਤ ਇਕ ਕਾਰ ਹਾਦਸੇ 'ਚ ਮਾਰੇ ਗਏ। ਜਦੋਂ ਉਹ ਧਰਮ ਰਾਜ ਦੇ ਪੇਸ਼ ਹੋਏ ਤਾਂ ਇਕ ਨੂੰ ਸਵਰਗ ਮਿਲਿਆ ਤੇ ਦੂਸਰੇ ਨੂੰ ਨਰਕ। ਸਵਰਗ 'ਚ ਰਹਿਣ ਵਾਲਾ ਦੋਸਤ ਕਈ ਦਿਨ ਧਰਮ ਰਾਜ ਦੀਆਂ ਮਿੰਨਤਾਂ ਪਾਉਂਦਾ ਰਿਹਾ ਉਸ ਨੂੰ ਉਹਦੇ ਦੋਸਤ ਨਾਲ ਮਿਲਾਇਆ ਜਾਵੇ। ਧਰਮ ਰਾਜ ਸਿਆਸੀ ਬੰਦਿਆਂ ਵਾਂਗ ਇਕ ਕੰਨੋਂ ਸੁਣਦਾ ਤੇ ਦੂਜੇ ਪਾਸਿਉਂ ਕੱਢ ਦਿੰਦਾ। ਅਖੀਰ ਇਕ ਦਿਨ ਉਸ ਨੇ ਧਰਮ ਰਾਜ ਨੂੰ ਨਿਹੋਰਾ ਮਾਰਿਆ ਤੇ ਕਹਿਣ ਲੱਗਾ, "ਮਹਾਰਾਜ ਜੀ, ਹੇਠਾਂ ਮਾਤ-ਲੋਕ 'ਚ ਦੇਖੋ ਬਲਾਤਕਾਰੀ ਸਾਧ ਵੀ ਜਦੋਂ ਚਾਹੇ ਪੈਰੋਲ ਲੈ ਲੈਂਦੈ, ਅਸੀਂ ਤਾਂ ਸਵਰਗ 'ਚ ਬੀਬੇ ਪੁੱਤ ਬਣ ਕੇ ਰਹਿੰਦੇ ਆਂ, ਕਦੀ ਕੋਈ ਕਾਨੂੰਨ ਨਹੀਂ ਤੋੜਿਆ, ਏਨਾ ਕੁ ਤਾਂ ਖ਼ਿਆਲ ਕਰੋ ਸਾਡਾ। ਸਿਰਫ਼ ਦੋਸਤ ਨੂੰ ਮਿਲਣ ਦੀ ਇੱਛਾ ਹੈ ਮੇਰੀ ਕੋਈ ਵੱਡੀ ਮੰਗ ਨਹੀਂ।"

ਧਰਮ ਰਾਜ ਦਾ ਦਿਲ ਪਸੀਜ ਗਿਆ ਤੇ ਉਸ ਨੂੰ ਚਾਰ ਘੰਟਿਆਂ ਲਈ ਕੱਚਾ ਵੀਜ਼ਾ ਜਾਰੀ ਕਰ ਦਿਤਾ। ਦੋ ਸਿਪਾਹੀ ਜਦ ਉਸ ਨੂੰ ਉੱਥੇ ਲੈ ਕੇ ਗਏ ਤਾਂ ਬਾਹਰਲਾ ਵੱਡਾ ਦਰਵਾਜ਼ਾ ਖੁੱਲ੍ਹਦਿਆਂ ਹੀ ਅੰਦਰੋਂ ਤਰ੍ਹਾਂ ਤਰ੍ਹਾਂ ਦੀਆਂ ਖ਼ੁਸ਼ਬੂਆਂ ਆਈਆਂ। ਅੰਦਰ ਗਏ ਤਾਂ ਉਸ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਮਾਤ-ਲੋਕ 'ਚ ਰਹਿੰਦਿਆਂ ਉਸ ਨੇ ਨਰਕ ਦਾ ਹੋਰ ਹੀ ਰੂਪ ਗਿਆਨੀਆਂ ਧਿਆਨੀਆਂ ਤੋਂ ਸੁਣਿਆਂ ਹੋਇਆ ਸੀ। ਇੱਥੇ ਤਾਂ ਲੋਕ ਪੱਬਾਂ 'ਚ ਬੈਠੇ ਦਾਰੂ ਪੀ ਰਹੇ ਸਨ। ਇਕ ਪਾਸੇ ਗਾਣਾ- ਵਜਾਣਾ ਹੋ ਰਿਹਾ ਸੀ, ਭੰਗੜੇ ਪੈ ਰਹੇ ਸਨ। ਮੁਰਗ-ਮੁਸੱਲਮ ਭੁੰਨੇ ਜਾ ਰਹੇ ਸਨ। ਸਿਪਾਹੀ ਉਸ ਨੂੰ ਉਸ ਪੱਬ 'ਚ ਲੈ ਗਏ ਜਿੱਥੇ ਉਸ ਦਾ ਦੋਸਤ ਬੈਠਾ ਦਾਰੂ ਦੀਆਂ ਚੁਸਕੀਆਂ ਲੈ ਰਿਹਾ ਸੀ। ਦੋਵੇਂ ਦੋਸਤ ਜੱਫੀਆਂ ਪਾ ਪਾ ਕੇ ਮਿਲੇ। ਖ਼ੂਬ ਗੱਲਾਂ ਬਾਤਾਂ ਕੀਤੀਆਂ। ਉਹਦੇ ਦੋਸਤ ਨੇ 'ਨਰਕ' ਦਾ ਟੂਰ ਕਰਵਾਇਆ ਉਸ ਨੂੰ। ਦੋਸਤ ਨੇ ਜਦ ਸਵਰਗ ਦੇ ਜੀਵਨ ਬਾਰੇ ਪੁੱਛਿਆ ਤਾਂ ਉਹ ਬੋਲਿਆ, "ਕਿਹੜੇ ਸਵਰਗ ਦੀਆਂ ਗੱਲਾਂ ਪੁੱਛਦੈਂ ਭਰਾਵਾ, ਮੂੰਗੀ ਮਸਰੀ ਦੀ ਦਾਲ ਬਿਨਾਂ ਤੜਕੇ ਦੇ ਬਣਦੀ ਐ ਲੰਗਰ 'ਚ ਰੋਜ਼, ਨਾ ਲਸਣ ਨਾ ਗੰਢਾ ਵਿਚ। ਸਵੇਰੇ ਮਾਲਾ ਫੜਾ ਦਿੰਦੇ ਐ, ਬਸ ਭਗਤੀ ਕਰੀ ਚਲੋ, ਕੀ ਕੀ ਦੱਸਾਂ ਤੈਨੂੰ।"

ਪਤਾ ਹੀ ਨਾ ਲੱਗਾ ਚਾਰ ਘੰਟੇ ਕਦੋਂ ਬੀਤ ਗਏ। ਸਿਪਾਹੀਆਂ ਨੇ ਵਾਪਸ ਚਲਣ ਦਾ ਇਸ਼ਾਰਾ ਕੀਤਾ। ਜਿਉਂ ਜਿਉਂ ਵਾਪਸ ਜਾਣ ਦਾ ਸਮਾਂ ਹੋ ਰਿਹਾ ਸੀ ਉਹਦਾ ਦਿਲ ਘਟਦਾ ਜਾਂਦਾ ਸੀ। ਉਸ ਦਾ ਵਾਪਸ ਜਾਣ ਨੂੰ ਜੀਅ ਨਹੀਂ ਸੀ ਕਰਦਾ ਪਰ ਮਜਬੂਰੀ ਸੀ। ਵਾਪਸ ਪਹੁੰਚ ਕੇ ਉਸੇ ਦਿਨ ਤੋਂ ਉਹ ਧਰਮਰਾਜ ਦੇ ਖਹਿੜੇ ਪੈ ਗਿਆ ਕਿ ਉਹ ਇੱਥੇ ਸਵਰਗ 'ਚ ਨਹੀਂ ਰਹਿਣਾ ਚਾਹੁੰਦਾ ਉਸ ਨੂੰ ਨਰਕ ਦਾ ਪੱਕਾ ਵੀਜ਼ਾ ਦਿਤਾ ਜਾਵੇ ਤਾਂ ਕਿ ਉਹ ਆਪਣੇ ਦੋਸਤ ਕੋਲ ਰਹਿ ਸਕੇ। ਉਸ ਨੂੰ ਬਹੁਤ ਰੋਕਿਆ ਗਿਆ ਪਰ ਉਹ ਨਾ ਮੰਨਿਆਂ। ਕਈ ਮਹੀਨਿਆਂ ਦੇ ਮਿੰਨਤਾਂ ਤਰਲਿਆਂ ਬਾਅਦ ਧਰਮ ਰਾਜ ਨੇ ਉਸ ਦੀ ਅਰਜ਼ੀ ਮੰਨਜ਼ੂਰ ਕਰ ਲਈ ਤੇ ਪੱਕੇ ਵੀਜ਼ੇ ਦੀ ਮੋਹਰ ਲਗਾ ਦਿਤੀ ਤੇ ਸਿਪਾਹੀ ਇਕ ਦਿਨ ਉਸ ਨੂੰ 'ਨਰਕ' ਵਲ ਲੈ ਤੁਰੇ। ਬਾਹਰਲਾ ਵੱਡਾ ਦਰਵਾਜ਼ਾ ਖੁੱਲ੍ਹਦਿਆਂ ਹੀ ਅੰਦਰੋਂ ਚੀਕਾਂ ਆਉਂਦੀਆਂ ਸੁਣੀਆਂ ਤੇ ਬੜਾ ਭੈੜਾ ਜਿਹਾ ਮੁਸ਼ਕ ਆਇਆ ਜਿਵੇਂ ਅੰਦਰ ਮਾਸ ਸੜ ਰਿਹਾ ਹੋਵੇ। ਉਹ ਅਜੇ ਜੱਕੋ-ਤੱਕੀ 'ਚ ਹੀ ਸੀ ਅੰਦਰ ਜਾਵੇ ਕਿ ਨਾ, ਸਿਪਾਹੀਆਂ ਨੇ ਉਸ ਨੂੰ ਅੰਦਰ ਖਿੱਚ ਲਿਆ ਤੇ ਬਾਹਰਲਾ ਦਰਵਾਜ਼ਾ ਠੱਕ ਕਰਦਾ ਬੰਦ ਹੋ ਗਿਆ। ਸਿਪਾਹੀਆਂ ਨੇ ਉਸ ਨੂੰ ਜਮਦੂਤਾਂ ਦੇ ਹਵਾਲੇ ਕਰ ਦਿਤਾ। ਉਹ ਚੀਕਾਂ ਮਾਰਨੀਆਂ ਚਾਹੁੰਦਾ ਸੀ ਪਰ ਉਹਦੀ



ਆਵਾਜ਼ ਨਹੀਂ ਸੀ ਨਿਕਲ ਰਹੀ। ਹਰ ਪਾਸੇ ਚੀਕ-ਚਿਹਾੜੇ ਦੀਆਂ ਆਵਾਜ਼ਾਂ ਆ ਰਹੀਆਂ ਸਨ। ਹੋਰ ਅਗਾਂਹ ਹੋਏ ਤਾਂ ਉਸ ਨੂੰ ਜਮਦੂਤ ਦਿਸੇ ਜੋ ਨਰਕ ਵਾਸੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਰਹੇ ਸਨ। ਉਹ ਵਾਪਸ ਭੱਜਣ ਲੱਗਿਆ ਤਾਂ ਜਮਦੂਤਾਂ ਨੇ ਉਸ ਨੂੰ ਬਾਹਾਂ ਤੋਂ ਫੜ ਲਿਆ। ਬਾਹਰਲਾ ਵੱਡਾ ਦਰਵਾਜ਼ਾ ਤਾਂ ਪਹਿਲਾਂ ਹੀ ਬੰਦ ਹੋ ਚੁੱਕਿਆ ਸੀ। ਉਸ ਨੇ ਘਬਰਾਏ ਹੋਏ ਨੇ ਜਮਦੂਤਾਂ ਤੋਂ ਪੁੱਛਿਆ ਕਿ ਜਦੋਂ ਉਹ ਪਿਛਲੀ ਵਾਰੀ ਇੱਥੇ ਆਇਆ ਸੀ ਤਾਂ ਮਾਹੌਲ ਹੋਰ ਸੀ, ਹੁਣ ਇਹ ਕੀ ਮਾਜਰਾ ਹੈ? ਵੱਡਾ ਜਮਦੂਤ ਮੁਸਕੜੀਏਂ ਹੱਸਿਆ ਤੇ ਕਹਿਣ ਲੱਗਾ, " ਉਹ ਸਾਡਾ ਪਬਲੀਸਿਟੀ ਡੀਪਾਰਟਮੈਂਟ ਸੀ।"


ਸੋ ਭਾਜਪਾ ਜੀ, ਤੁਸੀਂ ਵੀ ਕਿਤੇ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਪਬਲੀਸਿਟੀ ਲਈ ਤਾਂ ਨਹੀਂ ਵਰਤੀ।

# 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪਾਬੰਦੀਆਂ ਦਾ ਐਲਾਨ ਅਗਲੇ ਹਫ਼ਤੇ ਸੰਭਵ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਬੱਚਿਆਂ ਦੀ ਸੋਸ਼ਲ ਮੀਡੀਆ ਤੱਕ ਪਹੁੰਚ ਨੂੰ ਸੀਮਤ ਕਰਨ ਲਈ ਮਹੱਤਵਪੂਰਨ ਅਤੇ ਸਖ਼ਤ ਕਦਮਾਂ ਦਾ ਐਲਾਨ ਅਗਲੇ ਹਫ਼ਤੇ ਕੀਤੇ ਜਾਣ ਦੀ ਸੰਭਾਵਨਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਆਪਣੇ ਇੱਕ ਵਿਸ਼ੇਸ਼ ਭਾਸ਼ਣ ਦੌਰਾਨ ਨਵੀਂ ਨੀਤੀ ਦਾ ਖੁਲਾਸਾ ਕਰਨਗੇ, ਜਿਸ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਨਲਾਈਨ ਨੁਕਸਾਨਦੇਹ ਸਮਾਗਰੀ ਅਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣਾ ਹੋਵੇਗਾ।**

ਸਰਕਾਰੀ ਮੰਤਰੀਆਂ ਅਤੇ ਅਧਿਕਾਰੀਆਂ ਵੱਲੋਂ ਪਿਛਲੇ ਕਈ ਹਫ਼ਤਿਆਂ ਤੋਂ ਇਸ ਮਾਮਲੇ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਵਿਚਾਰ ਅਧੀਨ ਵਿਕਲਪਾਂ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪੂਰੀ ਪਾਬੰਦੀ ਲਗਾਉਣ ਦਾ ਪ੍ਰਸਤਾਵ ਵੀ ਸ਼ਾਮਲ ਹੈ। ਇਸ ਤਰ੍ਹਾਂ ਦਾ ਕਾਨੂੰਨ ਆਸਟ੍ਰੇਲੀਆ ਵਿੱਚ ਪਹਿਲਾਂ ਹੀ ਲਾਗੂ ਕੀਤਾ ਜਾ ਚੁੱਕਾ ਹੈ, ਜਿੱਥੇ ਨਾਬਾਲਗਾਂ ਦੀ ਸੋਸ਼ਲ ਮੀਡੀਆ ਤੱਕ ਪਹੁੰਚ ਨੂੰ ਨਿਯੰਤਰਿਤ ਕਰਨ ਲਈ ਸਖ਼ਤ ਨਿਯਮ ਬਣਾਏ ਗਏ ਹਨ।

ਸੂਤਰਾਂ ਅਨੁਸਾਰ ਸਰਕਾਰ ਪੂਰੀ ਪਾਬੰਦੀ ਦੀ ਬਜਾਏ ਕੁਝ ਅਜਿਹੇ ਵਿਕਲਪਾਂ 'ਤੇ ਵੀ ਵਿਚਾਰ ਕਰ ਰਹੀ ਹੈ, ਜਿਨ੍ਹਾਂ ਤਹਿਤ ਘੱਟ ਖ਼ਤਰਨਾਕ ਮੰਨੀਆਂ ਜਾਣ ਵਾਲੀਆਂ ਸੇਵਾਵਾਂ ਜਾਂ ਵਿਸ਼ੇਸ਼ਤਾਵਾਂ ਨੂੰ ਛੋਟ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਉਮਰ ਦੀ ਸਖ਼ਤ ਜਾਂਚ, ਆਟੋਪਲੇ ਅਤੇ ਇਨਫਿਨਿਟ ਸਕ੍ਰੋਲਿੰਗ



ਵਰਗੀਆਂ ਆਦਤ ਪੈਦਾ ਕਰਨ ਵਾਲੀਆਂ ਵਿਸ਼ੇਸ਼ਤਾਵਾਂ 'ਤੇ ਰੋਕ ਲਗਾਉਣ ਦੇ ਸੁਝਾਅ ਵੀ ਸਰਕਾਰ ਦੇ ਵਿਚਾਰ ਅਧੀਨ ਹਨ।

ਕੀਰ ਸਟਾਰਮਰ ਪਹਿਲਾਂ ਬੱਚਿਆਂ ਲਈ ਸੋਸ਼ਲ ਮੀਡੀਆ ਪਾਬੰਦੀਆਂ ਦੇ ਮਾਮਲੇ ਵਿੱਚ ਸੰਭਲ ਕੇ ਕਦਮ ਚੁੱਕਣ ਦੇ ਪੱਖ ਵਿੱਚ ਸਨ, ਪਰ ਹਾਲੀਆ ਮਹੀਨਿਆਂ ਦੌਰਾਨ ਇਸ ਮੁੱਦੇ ਨੇ ਰਾਜਨੀਤਿਕ ਅਤੇ ਸਮਾਜਿਕ ਪੱਧਰ 'ਤੇ ਵੱਡੀ ਚਰਚਾ ਦਾ ਰੂਪ ਧਾਰ ਲਿਆ ਹੈ। ਕੰਜ਼ਰਵੇਟਿਵ ਪਾਰਟੀ, ਲਿਬਰਲ ਡੈਮੋਕ੍ਰੈਟਸ ਅਤੇ ਲੇਬਰ ਪਾਰਟੀ ਦੇ ਕਈ ਸੰਸਦ ਮੈਂਬਰ ਲਗਾਤਾਰ ਸਰਕਾਰ 'ਤੇ ਦਬਾਅ ਬਣਾਉਂਦੇ ਆ ਰਹੇ ਹਨ ਕਿ ਬੱਚਿਆਂ ਦੀ ਮਾਨਸਿਕ ਸਿਹਤ ਅਤੇ ਆਨਲਾਈਨ ਸੁਰੱਖਿਆ ਲਈ ਸਖ਼ਤ ਕਾਨੂੰਨੀ ਪ੍ਰਬੰਧ ਕੀਤੇ ਜਾਣ।

ਇਸੇ ਦਬਾਅ ਦੇ ਚਲਦਿਆਂ ਲੇਬਰ ਸਰਕਾਰ ਨੇ ਮਾਰਚ ਮਹੀਨੇ ਵਿੱਚ ਇਸ ਮਾਮਲੇ ਸਬੰਧੀ ਜਨਤਕ ਸਲਾਹ-ਮਸ਼ਵਰਾ ਸ਼ੁਰੂ ਕੀਤਾ ਸੀ, ਜਿਸ ਵਿੱਚ ਮਾਪਿਆਂ, ਅਧਿਆਪਕਾਂ, ਬੱਚਿਆਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਟੈਕਨਾਲੋਜੀ ਮਾਹਿਰਾਂ ਤੋਂ ਰਾਏ ਮੰਗੀ ਗਈ ਸੀ। ਇਹ ਸਲਾਹ-ਮਸ਼ਵਰਾ ਪਿਛਲੇ ਮਹੀਨੇ ਸਮਾਪਤ ਹੋ ਗਿਆ ਸੀ।

ਸਲਾਹ-ਮਸ਼ਵਰੇ ਦੀ ਸਮਾਪਤੀ ਤੋਂ ਬਾਅਦ ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਸੀ ਕਿ ਸਰਕਾਰ ਬੱਚਿਆਂ ਨੂੰ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਲਈ "ਫ਼ੈਸਲਾਕੁੰਨ ਕਾਰਵਾਈ" ਕਰੇਗੀ ਅਤੇ ਇਸ ਸਬੰਧੀ ਲਏ ਜਾਣ ਵਾਲੇ ਫ਼ੈਸਲੇ ਨੂੰ ਇੱਕ "ਗੇਮ ਚੇਂਜਰ" ਕਰਾਰ ਦਿੱਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦੇ ਵਧਦੇ ਪ੍ਰਭਾਵ ਦੇ ਮੱਦੇਨਜ਼ਰ ਬੱਚਿਆਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।

ਅਗਲੇ ਹਫ਼ਤੇ ਪ੍ਰਧਾਨ ਮੰਤਰੀ ਲਈ ਸਿਆਸੀ ਤੌਰ 'ਤੇ ਵੀ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਇੱਕ ਪਾਸੇ ਉਹ ਫਰਾਂਸ ਵਿੱਚ ਹੋਣ ਵਾਲੇ ਜੀ-7 ਦੇਸ਼ਾਂ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣਗੇ, ਜਦਕਿ ਦੂਜੇ ਪਾਸੇ ਇੰਗਲੈਂਡ ਦੇ ਮੇਕਰਫ਼ੀਲਡ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਵੀ ਲੇਬਰ ਪਾਰਟੀ ਲਈ ਕਾਫ਼ੀ ਮਹੱਤਵਪੂਰਨ ਮੰਨੀ ਜਾ ਰਹੀ ਹੈ।

ਬੱਚਿਆਂ ਦੀ ਆਨਲਾਈਨ ਸੁਰੱਖਿਆ ਨਾਲ ਸਬੰਧਤ ਮਾਹਿਰਾਂ ਅਤੇ ਸਮਾਜਿਕ ਸੰਸਥਾਵਾਂ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਦੀ ਬੇਰੋਕ ਵਰਤੋਂ ਕਾਰਨ ਬੱਚੇ ਸਾਈਬਰ ਧੱਕੇਸ਼ਾਹੀ, ਅਸ਼ਲੀਲ ਸਮੱਗਰੀ, ਮਾਨਸਿਕ ਦਬਾਅ ਅਤੇ ਹੋਰ ਕਈ ਖ਼ਤਰਿਆਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਸਰਕਾਰ ਵੱਲੋਂ ਲਿਆਂਦੇ ਜਾਣ ਵਾਲੇ ਨਵੇਂ ਨਿਯਮਾਂ ਨੂੰ ਬੱਚਿਆਂ ਦੀ ਸੁਰੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

ਸਰਕਾਰ ਵੱਲੋਂ ਬੱਚਿਆਂ ਦੇ ਸਕਰੀਨ ਸਮੇਂ, ਸਮਾਰਟਫੋਨ ਦੀ ਵਰਤੋਂ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਸਬੰਧੀ ਵੀ ਵੱਖਰੀ ਮਾਰਗਦਰਸ਼ਿਕਾ ਤਿਆਰ ਕੀਤੀ ਜਾ ਰਹੀ ਹੈ, ਜਿਸ ਰਾਹੀਂ ਮਾਪਿਆਂ ਨੂੰ ਬੱਚਿਆਂ ਦੀ ਡਿਜੀਟਲ ਜ਼ਿੰਦਗੀ ਨੂੰ ਸੰਤੁਲਿਤ ਅਤੇ ਸੁਰੱਖਿਅਤ ਬਣਾਉਣ ਲਈ ਸਲਾਹ ਦਿੱਤੀ ਜਾਵੇਗੀ।

3 ਸਫ਼ੇ ਦੀ ਬਾਕੀ

## ਬਰਸੀ ਦੌਰਾਨ ਪੰਥ ਲਈ ਵੱਡਾ ਫੈਸਲਾ ਕਿਉਂ ਨਹੀਂ ਹੁੰਦਾ ਅਤੇ ਜਥੇਦਾਰ ਕੀ ਉਪਰਾਲੇ ਕਰਨ ?

ਦਮਦਮੀ ਟਕਸਾਲ, ਸ਼੍ਰੋਮਣੀ ਕਮੇਟੀ, ਅਤੇ ਵੱਖ-ਵੱਖ ਅਕਾਲੀ ਧੜਿਆਂ ਵਿੱਚ ਆਪਸੀ ਵਿਰੋਧਾਭਾਸ ਹੈ। ਜਦੋਂ ਤੱਕ ਜਥੇਬੰਦੀਆਂ ਨਿੱਜੀ ਸਿਆਸਤ ਤੋਂ ਉੱਪਰ ਨਹੀਂ ਉੱਠਦੀਆਂ, ਸਾਂਝਾ ਫੈਸਲਾ ਮੁਸ਼ਕਿਲ ਹੁੰਦਾ ਹੈ। ਅਕਸਰ ਦੋਸ਼ ਲੱਗਦੇ ਹਨ ਕਿ ਅਕਾਲ ਤਖ਼ਤ ਸਾਹਿਬ ਦੇ ਫੈਸਲਿਆਂ ਉੱਤੇ ਕਿਸੇ ਖ਼ਾਸ ਸਿਆਸੀ ਪਾਰਟੀ ਜਾਂ ਸ਼੍ਰੋਮਣੀ ਕਮੇਟੀ ਦੇ ਲੀਡਰਾਂ ਦਾ ਪ੍ਰਭਾਵ ਹੁੰਦਾ ਹੈ, ਜਿਸ ਕਾਰਨ ਜਥੇਦਾਰ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਵੱਡੇ ਫੈਸਲੇ ਨਹੀਂ ਲੈ ਪਾਉਂਦੇ।

ਪ੍ਰਸਿਧ ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਅਸਲੀਅਤ ਇਹ ਹੈ ਕਿ ਸ਼ਹੀਦੀ ਦਿਹਾੜਿਆਂ ਨੂੰ ਸਿਰਫ਼ ਸ਼ਰਧਾਂਜਲੀ ਅਤੇ ਨਾਅਰਿਆਂ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ, ਕਿਸੇ ਦੂਰਦਰਸ਼ੀ ਨੀਤੀ 'ਤੇ ਕੰਮ ਨਹੀਂ ਹੁੰਦਾ।ਅਕਾਲ ਤਖ਼ਤ ਸਾਹਿਬ ਵਲੋਂ ਵਿਸ਼ਵ ਸਿੱਖ ਕੌਂਸਲ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇੱਕ ਅਜਿਹੀ ਵਿਸ਼ਵ ਵਿਆਪੀ ਕੌਂਸਲ ਬਣਨੀ ਚਾਹੀਦੀ ਹੈ ਜਿਸ ਵਿੱਚ ਸਿਰਫ਼ ਪੰਜਾਬ ਦੇ ਨਹੀਂ, ਬਲਕਿ ਪੂਰੀ ਦੁਨੀਆ (ਕੈਨੇਡਾ, ਅਮਰੀਕਾ, ਯੂਕੇ, ਯੂਰਪ) ਦੇ ਸਿੱਖ ਨੁਮਾਇੰਦੇ ਸ਼ਾਮਲ ਹੋਣ। ਇਸ ਨਾਲ ਫੈਸਲੇ ਕਿਸੇ ਇੱਕ ਸਿਆਸੀ ਪਾਰਟੀ ਦੇ ਦਾਇਰੇ ਵਿੱਚੋਂ ਨਿਕਲ ਕੇ ਪੂਰੀ 'ਗੁਰੂ ਪੰਥ' ਦੀ ਸਾਂਝੀ ਰਾਏ ਬਣ ਜਾਣਗੇ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਿੰਘ ਸਾਹਿਬ ਜਥੇਦਾਰ ਗੜਗੱਜ ਕੌਮ ਨੂੰ ਸਹੀ ਮਾਇਨੇ ਵਿੱਚ ਸੇਧ ਦੇਣੀ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਹੇਠ ਲਿਖੇ ਕਦਮ ਚੁੱਕਣੇ ਚਾਹੀਦੇ ਹਨ:

ਸਰਬੱਤ ਖ਼ਾਲਸਾ ਦੀ ਰਵਾਇਤ ਨੂੰ ਸੁਰਜੀਤ ਕਰਨਾ : ਦੇਸ਼-ਵਿਦੇਸ਼ ਦੀਆਂ ਸਾਰੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ (ਸੰਪ੍ਰਦਾਵਾਂ, ਨਿਹੰਗ ਸਿੰਘਾਂ, ਮਿਸ਼ਨਰੀਆਂ, ਅਤੇ ਬੁੱਧੀਜੀਵੀਆਂ) ਦੀ ਇੱਕ ਵਿਸ਼ੇਸ਼ ਇਕੱਤਰਤਾ ਬੁਲਾਈ ਜਾਵੇ।

ਜਥੇਦਾਰ ਸਾਹਿਬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਖੁਦਮੁਖਤਿਆਰੀ ਨੂੰ ਬਹਾਲ ਕਰਨਾ ਪਵੇਗਾ, ਤਾਂ ਜੋ ਕੌਮ ਦਾ ਉਨ੍ਹਾਂ 'ਤੇ ਦ੍ਰਿੜ ਵਿਸ਼ਵਾਸ ਬਣੇ। ਹਰ ਫੈਸਲਾ ਸਿਰਫ਼ ਕੁਝ ਲੋਕਾਂ ਤੱਕ ਸੀਮਤ ਰੱਖਣ ਦੀ ਬਜਾਏ, ਦੁਨੀਆ ਭਰ ਦੇ ਸਿੱਖ ਵਿਦਵਾਨਾਂ, ਕਾਨੂੰਨਦਾਨਾਂ ਅਤੇ ਧਾਰਮਿਕ ਆਗੂਆਂ ਦੀ ਇੱਕ ਸਥਾਈ ਕੌਂਸਲ ਬਣਾਈ ਜਾਵੇ ਜੋ ਜਥੇਦਾਰ ਸਾਹਿਬ ਨੂੰ ਸਲਾਹ ਦੇਵੇ। ਨਾਅਰੇਬਾਜ਼ੀ ਦੀ ਬਜਾਏ ਨੌਜਵਾਨਾਂ ਨੂੰ ਸਿੱਖੀ ਸਿਧਾਂਤਾਂ, ਉੱਚ ਸਿੱਖਿਆ, ਅਤੇ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਅਕਾਲ ਤਖ਼ਤ ਸਾਹਿਬ ਤੋਂ ਇੱਕ ਲਾਂਗ-ਟਰਮ ਪਲਾਨ ਜਾਰੀ ਹੋਣਾ ਚਾਹੀਦਾ ਹੈ।

# ਮਾਨ ਤੇ ਬਾਬਾ ਧੁੰਮਾਂ ਵਿਚਾਲੇ ਤਕਰਾਰ ਕਿਉਂ ਹੈ ?

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ (ਧੁੰਮਾ) ਵਿਚਾਲੇ ਤਣਾਅ ਕੋਈ ਨਵਾਂ ਨਹੀਂ ਹੈ, ਪਰ ਸਮੇਂ-ਸਮੇਂ 'ਤੇ ਪੰਥਕ ਸਿਆਸਤ ਅਤੇ ਵਿਚਾਰਧਾਰਕ ਮੱਤਭੇਦਾਂ ਕਾਰਨ ਇਹ ਕਾਫ਼ੀ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ। ਜੂਨ ਦੇ ਸ਼ਹੀਦੀ ਸਮਾਗਮਾਂ ਦੌਰਾਨ ਇਨ੍ਹਾਂ ਦੋਵਾਂ ਆਗੂਆਂ ਵਿਚਾਲੇ ਮੁੱਖ ਤਣਾਅ ਅਤੇ ਟਕਰਾਅ ਦੇ ਹੇਠ ਲਿਖੇ ਮੁੱਖ ਕਾਰਨ ਰਹੇ ਹਨ:

1. ਸ਼ਹੀਦੀ ਸਮਾਗਮਾਂ ਦੀ 'ਸਮਾਨੰਤਰ' ਸਟੇਜ ਲਗਾਉਣਾ-ਸਭ ਤੋਂ ਤਾਜ਼ਾ ਅਤੇ ਵੱਡਾ ਵਿਵਾਦ ਇਹ ਰਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 1984 ਦੇ ਘੱਲੂਘਾਰੇ ਦਾ ਮੁੱਖ ਸ਼ਹੀਦੀ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਇਆ ਜਾਂਦਾ ਹੈ। ਪਰ ਬਾਬਾ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਹੇਠ ਦਮਦਮੀ ਟਕਸਾਲ ਵੱਲੋਂ ਉਸੇ ਦਿਨ (6 ਜੂਨ ਨੂੰ) ਆਪਣੇ ਹੈੱਡਕੁਆਰਟਰ, ਚੌਕ ਮਹਿਤਾ ਵਿਖੇ ਵੱਖਰਾ ਸ਼ਹੀਦੀ ਸਮਾਗਮ ਕਰਵਾਇਆ ਜਾਂਦਾ ਹੈ। ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੀ ਜਥੇਬੰਦੀ ਦਾ ਮੰਨਣਾ ਹੈ ਕਿ ਜੂਨ '84 ਦਾ ਮੁੱਖ ਹਮਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਇਆ ਸੀ, ਇਸ ਲਈ ਪੂਰੀ ਕੌਮ ਅਤੇ ਸਾਰੀਆਂ ਜਥੇਬੰਦੀਆਂ ਨੂੰ ਵੱਖਰੀਆਂ ਸਟੇਜਾਂ ਲਗਾਉਣ ਦੀ ਬਜਾਏ ਇੱਕਜੁਟ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਬਾਬਾ ਧੁੰਮਾ 'ਤੇ ਕੌਮ ਨੂੰ ਵੰਡਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਢਾਹ ਲਾਉਣ ਦੇ ਦੋਸ਼ ਵੀ ਲਾਏ।

ਸਿਮਰਨਜੀਤ ਸਿੰਘ ਮਾਨ ਲੰਮੇ ਸਮੇਂ ਤੋਂ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਤਿੱਖੇ ਆਲੋਚਕ ਰਹੇ ਹਨ। ਦੂਜੇ ਪਾਸੇ, ਬਾਬਾ ਹਰਨਾਮ ਸਿੰਘ ਧੁੰਮਾ ਅਤੇ ਦਮਦਮੀ ਟਕਸਾਲ ਦੇ ਸਬੰਧ ਪਿਛਲੇ ਸਾਲਾਂ ਵਿੱਚ ਬਾਦਲ ਦਲ ਨਾਲ ਕਾਫ਼ੀ ਨਜ਼ਦੀਕੀ ਰਹੇ ਹਨ। ਮਾਨ ਧੜੇ ਦਾ ਦੋਸ਼ ਹੈ ਕਿ ਬਾਬਾ ਧੁੰਮਾ ਸਿਆਸੀ ਹਿੱਤਾਂ ਲਈ ਬਾਦਲ ਪਰਿਵਾਰ ਦੀ ਮਦਦ ਕਰਦੇ ਹਨ, ਜਿਸ ਕਾਰਨ ਪੰਥਕ ਹਿੱਤਾਂ ਨੂੰ ਨੁਕਸਾਨ ਪਹੁੰਚਦਾ ਹੈ।

ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ (ਜਿਵੇਂ ਗਿਆਨੀ ਕੁਲਦੀਪ ਸਿੰਘ ਗੜਗੱਜ ਜਾਂ ਹੋਰ ਕਾਰਜਕਾਰੀ ਜਥੇਦਾਰਾਂ) ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਫੈਸਲੇ ਲਏ ਗਏ, ਤਾਂ ਦਮਦਮੀ ਟਕਸਾਲ ਅਤੇ ਕੁਝ ਨਿਹੰਗ ਜਥੇਬੰਦੀਆਂ ਨੇ ਉਸ ਦਾ ਵਿਰੋਧ ਕੀਤਾ ਸੀ।

ਸਿਮਰਨਜੀਤ ਸਿੰਘ ਮਾਨ ਅਕਸਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਅਤੇ ਉੱਥੋਂ ਆਉਣ ਵਾਲੇ ਆਦੇਸ਼ਾਂ ਦੀ ਪ੍ਰੌੜਤਾ ਕਰਦੇ ਹਨ (ਚਾਹੇ ਉਹ ਸ਼੍ਰੋਮਣੀ ਕਮੇਟੀ ਦੇ ਫੈਸਲਿਆਂ ਨਾਲ ਅਸਹਿਮਤ ਵੀ ਹੋਣ), ਜਦਕਿ ਬਾਬਾ ਧੁੰਮਾ ਵੱਲੋਂ ਕਈ ਵਾਰ ਜਥੇਦਾਰਾਂ ਦੇ ਫੈਸਲਿਆਂ ਜਾਂ ਉਨ੍ਹਾਂ ਦੀ ਨਿਯੁਕਤੀ ਦੇ ਤਰੀਕਿਆਂ 'ਤੇ ਖੁੱਲ੍ਹ ਕੇ ਅਸੰਤੁਸ਼ਟੀ ਜ਼ਾਹਰ ਕੀਤੀ ਗਈ। ਇਸ ਕਾਰਨ ਦੋਵਾਂ ਧਿਰਾਂ ਵਿਚਾਲੇ ਤਿੱਖੀ ਬਿਆਨਬਾਜ਼ੀ ਹੁੰਦੀ ਰਹੀ ਹੈ।

ਇਹ ਟਕਰਾਅ ਸਿਰਫ਼ ਵਿਚਾਰਧਾਰਕ ਨਹੀਂ, ਬਲਕਿ ਪੰਥਕ ਹਲਕਿਆਂ ਵਿੱਚ 'ਸਰਦਾਰੀ' ਦਾ ਵੀ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਮੁਖੀ ਸਨ, ਅਤੇ ਸਿਮਰਨਜੀਤ ਸਿੰਘ ਮਾਨ ਵੀ ਸੰਤਾਂ ਦੀ ਸੋਚ ਅਤੇ ਖ਼ਾਲਿਸਤਾਨ ਦੇ ਮੁਦਈ ਹੋਣ ਦਾ ਦਾਅਵਾ ਕਰਦੇ ਹਨ। ਦੋਵੇਂ ਧਿਰਾਂ ਆਪਣੇ ਆਪ ਨੂੰ ਉਸ ਵਿਰਾਸਤ ਦੇ ਅਸਲ ਵਾਰਿਸ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਜਿਸ ਕਾਰਨ ਅਕਸਰ ਇੱਕ-ਦੂਜੇ ਵਿਰੁੱਧ ਸਖ਼ਤ ਸ਼ਬਦਾਵਲੀ ਵਰਤੀ ਜਾਂਦੀ ਹੈ। ਇਹੀ ਕਾਰਨ ਸੀ ਕਿ ਘੱਲੂਘਾਰਾ ਦਿਹਾੜੇ ਦੇ ਸਮਾਗਮਾਂ ਦੌਰਾਨ ਅੰਮ੍ਰਿਤਸਰ ਵਿੱਚ ਦੋਵਾਂ ਜਥੇਬੰਦੀਆਂ ਦੇ ਵਰਕਰਾਂ ਵਿਚਾਲੇ ਟਕਰਾਅ ਦਾ ਵੱਡਾ ਖ਼ਦਸ਼ਾ ਬਣਿਆ ਹੋਇਆ ਸੀ, ਜੋ ਕਿ ਬਾਬਾ ਧੁੰਮਾ ਦੇ ਅਕਾਲ ਤਖ਼ਤ ਸਾਹਿਬ ਨਾ ਆਉਣ ਅਤੇ ਚੌਂਕ ਮਹਿਤਾ ਵਿਖੇ ਹੀ ਰਹਿਣ ਕਾਰਨ ਟਲ ਗਿਆ।

# ਚੌਂਕ ਮਹਿਤਾ ਵਿਖੇ ਤੀਸਰੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਸ਼ਹੀਦੀ ਸਮਾਗਮ

## ✪ ਸ਼ਹੀਦਾਂ ਦਾ ਸੰਦੇਸ਼ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੀ ਰਹੇਗੀ: ਗਿਆਨੀ ਹਰਨਾਮ ਸਿੰਘ ਖ਼ਾਲਸਾ ✪ ਦਮਦਮੀ ਟਕਸਾਲ ਦੀਆਂ ਮਾਣਮੱਤੀਆਂ ਸ਼ਹੀਦੀਆਂ ਸਿੱਖ ਕੌਮ ਦੀ ਅਮਰ ਵਿਰਾਸਤ: ਪ੍ਰਧਾਨ ਧਾਮੀ

ਚੌਂਕ ਮਹਿਤਾ-ਜੂਨ 1984 'ਚ ਵਾਪਰੇ ਤੀਸਰੇ ਘੱਲੂਘਾਰੇ ਦੀ ਯਾਦ ਨੂੰ ਤਾਜ਼ਾ ਕਰਦਿਆਂ ਦਮਦਮੀ ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਸਾਲਾਨਾ ਸ਼ਹੀਦੀ ਸਮਾਗਮ ਸ਼ਰਧਾਪੂਰਵਕ ਕਰਵਾਇਆ ਗਿਆ। ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਤੀਸਰਾ ਘੱਲੂਘਾਰਾ ਸਿੱਖ ਇਤਿਹਾਸ ਦੀ ਇੱਕ ਅਜਿਹੀ ਪੀੜਾਦਾਇਕ ਘਟਨਾ ਹੈ, ਜਿਸ ਦੀ ਚੀਸ ਅੱਜ ਵੀ ਹਰ ਸਿੱਖ ਦੇ ਮਨ ਵਿੱਚ ਮੌਜੂਦ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਸਿੱਖ ਕੌਮ ਹਮੇਸ਼ਾ ਆਪਣੇ ਸ਼ਹੀਦਾਂ ਦੀ ਯਾਦ ਨੂੰ ਜੀਵੰਤ ਰੱਖੇਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਉਨ੍ਹਾਂ ਦੀ ਕੁਰਬਾਨੀ ਦਾ ਸੰਦੇਸ਼ ਪਹੁੰਚਾਉਂਦੀ ਰਹੇਗੀ।"


ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤੀਸਰੇ ਘੱਲੂਘਾਰੇ ਦੌਰਾਨ ਦਮਦਮੀ ਟਕਸਾਲ ਦੇ ਸਿੰਘਾਂ ਨੇ ਆਪਣੇ ਪਵਿੱਤਰ ਗੁਰਧਾਮਾਂ ਦੀ ਰੱਖਿਆ ਲਈ ਦਲੇਰੀ ਅਤੇ ਸਿਦਕ ਦੀ ਅਦੁੱਤੀ ਮਿਸਾਲ ਪੇਸ਼ ਕੀਤੀ, ਜੋ ਕੌਮ ਦੀ ਅਮਰ ਵਿਰਾਸਤ ਹੈ।

ਦਿੱਲੀ ਕਮੇਟੀ ਦੇ ਪ੍ਰਧਾਨ ਭਾਈ ਹਰਮੀਤ ਸਿੰਘ ਕਾਲਕਾ ਨੇ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਸਮੁੱਚੀ ਸਿੱਖ ਕੌਮ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਉੱਘੇ ਪ੍ਰਚਾਰਕ ਬਾਬਾ ਬੰਤਾ ਸਿੰਘ ਮੁੰਡਾ ਪਿੰਡ ਵਾਲਿਆਂ ਨੇ ਦੇਸ਼ ਦੀ ਆਜ਼ਾਦੀ ਅਤੇ ਸਰਹੱਦਾਂ ਦੀ ਰੱਖਿਆ ਵਿੱਚ ਸਿੱਖਾਂ ਦੇ ਅਸਾਧਾਰਨ ਯੋਗਦਾਨ ਦਾ ਜ਼ਿਕਰ ਕੀਤਾ।

ਇਸ ਮੌਕੇ ਮਹਾਰਾਸ਼ਟਰ ਸਰਕਾਰ ਦੇ ਕੈਬਨਿਟ ਮੰਤਰੀ ਗਿਰੀਸ਼ ਮਹਾਜਨ ਅਤੇ ਰਾਮੇਸ਼ਵਰ ਨਾਇਕ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਘੱਲੂਘਾਰੇ ਦੇ ਜ਼ਖ਼ਮਾਂ 'ਤੇ ਡੂੰਘੀ ਹਮਦਰਦੀ ਪ੍ਰਗਟ ਕਰਦਿਆਂ ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਅਤੇ ਪੰਥਕ ਏਕਤਾ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਹੇਠ ਮਹਾਰਾਸ਼ਟਰ ਵਿੱਚ ਸਿੱਖ ਭਾਈਚਾਰੇ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਵੇਰਵਾ ਵੀ ਸਾਂਝਾ ਕੀਤਾ।


ਸਮਾਗਮ ਦੌਰਾਨ ਦਮਦਮੀ ਟਕਸਾਲ ਵੱਲੋਂ ਇਸ ਵਾਰ ਦਾ ਵੱਕਾਰੀ 'ਸੇਵਾ ਰਤਨ ਐਵਾਰਡ' ਰਿਸ਼ੀਕੇਸ਼ ਸਥਿਤ ਨਿਰਮਲ ਆਸ਼ਰਮ ਦੇ ਮੁੱਖ ਸੇਵਾਦਾਰ ਸੰਤ ਰਾਮ ਸਿੰਘ ਅਤੇ ਸੰਤ ਜੋਤ ਸਿੰਘ ਨੂੰ ਉਨ੍ਹਾਂ ਵੱਲੋਂ ਮਨੁੱਖਤਾ ਦੀ ਭਲਾਈ, ਗੁਰਮਤਿ ਪ੍ਰਚਾਰ ਅਤੇ ਧਾਰਮਿਕ ਜਾਗਰੂਕਤਾ ਲਈ ਨਿਭਾਈਆਂ ਜਾ ਰਹੀਆਂ ਅਣਥੱਕ ਸੇਵਾਵਾਂ ਲਈ ਦਿੱਤਾ ਗਿਆ। ਇਸ ਦੇ ਨਾਲ ਹੀ ਸਮਾਗਮ ਵਿੱਚ ਪਹੁੰਚੇ ਬੰਦੀ ਸਿੰਘਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਮਾਗਮ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ, ਗਿਆਨੀ ਸਰਬਜੀਤ ਸਿੰਘ ਹਜ਼ੂਰ ਸਾਹਿਬ ਵਾਲੇ, ਸੰਤ ਹਰੀ ਸਿੰਘ ਨਾਨਕਸਰ ਵਾਲੇ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਅਤੇ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ, ਸੰਤ-ਮਹਾਂਪੁਰਸ਼, ਵਿਦਵਾਨ ਅਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

**UK-born, well-educated, handsome Jatt Sikh boy (British citizen), age 23, height 5'9", holding a good government job in the UK. Seeking a beautiful, cultured and well-educated Jatt Sikh girl who understands family values. Interested families may share their biodata. Please contact: ✆ 00 91 80549-52346 or email: jatinder.pkg@gmail.com**

ਯੂ ਕੇ ਦੇ ਜੰਮ-ਪਲ ਪੜ੍ਹੇ-ਲਿਖੇ ਸੋਹਣੇ ਜਵਾਨ, ਜੱਟ ਸਿੱਖ ਲੜਕੇ (ਬ੍ਰਿਟਿਸ਼ ਨਾਗਰਿਕ), ਉਮਰ 23 ਸਾਲ, ਕੱਦ 5'9", ਯੂ ਕੇ ਵਿੱਚ ਚੰਗੀ ਸਰਕਾਰੀ ਨੌਕਰੀ ਲਈ ਸੁੰਦਰ, ਸੰਸਕਾਰੀ ਅਤੇ ਪੜ੍ਹੀ-ਲਿਖੀ ਜੱਟ ਸਿੱਖ ਲੜਕੀ ਦੀ ਲੋੜ ਹੈ, ਜੋ ਪਰਿਵਾਰਕ ਮੁੱਲਾਂ ਨੂੰ ਸਮਝਣ ਵਾਲੀ ਹੋਵੇ। ਚਾਹਵਾਨ ਪਰਿਵਾਰ ਲੜਕੀ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰ ਸਕਦੇ ਹਨ: 00 91 80549-52346 ਜਾਂ ਈਮੇਲ ਕਰੋ ਜੀ: **email: jatinder.pkg@gmail.com**

**UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.**


## CHANGE OF NAME

I, MISS PRABHJOT D/O MR DALJIT SINGH WHOSE PERMANENT ADDRESS IN INDIA IS VILL KARIMPUR, DISTT SHAHEED BHAGAT SINGH NAGAR, PUNJAB AND NOW LIVING AT 65 WOLSELEY ROAD, WEST BROMWICH, B70 0LP, UK HEREBY GIVE NOTICE OF MY INTENTION TO CHANGE MY NAME TO PRABHJOT (GIVEN NAME) KAUR (SURNAME). (U/I)

I INDERJIT INDERJIT SON OF MAKHAN SINGH WHOSE PERMENANT ADDRESS IN INDIA IS PATTI GAGGAR, VPO JANDIALA, TEHSIL PHILLAUR DHALIWAL, JALANDHAR, PUNJAB 144033 AND IS NOW LIVING AT 102 STANTON STREET, DERBY, DE23 6NE, UK HEREBY GIVE NOTICE OF MY INTENTION TO CHANGE MY NAME TO INDERJIT (GIVEN NAME) SINGH (SURNAME) (U)

I, MRS ALKA MEHTA D/O YASH MEHTA WHOSE PERMANENT ADDRESS IN INDIA IS 212, GARDEN COLONY MISSION ROAD, PATHANKOT PANJAB 145001 AND NOW LIVING AT 42, LAKESIDE BOULEVARD, CANNOCK WS11 0GW, UK HEREBY GIVE NOTICE OF MY INTENTION TO CHANGE MY NAME FROM ALKA SARPAL TO ALKA MEHTA (U)


## CHANGE OF NAME

Please one tick box

☐ £30 Print in UK only

☐ £60 Print UK & India

☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# THE SIKH COMMUNITY FULLY SUPPORTS THE JUDGE'S DECISION AND COLLECTIVELY MOURNS THE LOSS OF MR NOWAK- SUPREME SIKH COUNCIL UK

In the current media climate, misinformation and disinformation can quickly distort public understanding. The tragic murder of Henry Nowak is a painful example. The perpetrator was sentenced by the Court for his crimes. The Sikh community fully supports the Judge's decision and collectively mourns the loss of Mr Nowak. We extend our ongoing thoughts and prayers to his grieving family.

During this sensitive time, we are concerned by social media influencers and other individuals seeking to worsen tensions by spreading harmful rhetoric and agitating sentiments. The Sikh community condemns such behaviour without exception. Those promoting division and social tension do not represent the Sikh community, nor the wider British public, regardless of the community they claim to belong to. Individuals outwardly presenting as Sikh are urged to cease and desist from any conduct that risks creating division, resentment, or harm to community cohesion.

To the wider British public: please be aware that AI-generated images and falsified messages are circulating online. Some are designed to discredit Sikhs or to fuel anti-Sikh hate to advance separate agendas, including from overseas social media actors and potentially state-linked sources. At this critical time, we urge everyone to act responsibly, verify information, and not be drawn into agendas that seek to divide. There are qualified Subject Matter Experts and established Sikh organisations able to provide accurate information, answer questions, and engage in correspondence. We urge all to fact-check before sharing. For those seeking to understand Sikh doctrine and history, credible resources are available, including publications from the Sikh Missionary Society. Let us unite in our shared humanity and dispel ignorance with facts, compassion and dialogue.

# ਬੰਦਾ ਜੋੜੇ ਪਲੀ ਪਲੀ ਰਾਮ ਰੜਾਵੇ ਕੁੱਪਾ ---?

**ਪਾਠਕਾਂ ਦੇ ਪੱਤਰ**

ਕਹਿੰਦੇ ਹਨ ਡੀਜ਼ਲ ਬਚਾਉ, ਕਾਰ ਵਿੱਚ ਇਕ ਸਫਰ ਨਾ ਕਰੋ ਵਗੈਰਾ ਵਗੈਰਾ। ਈਰਾਨ ਅਮਰੀਕਾ ਦੀ ਜੰਗ ਨੇ ਦੁਨੀਆਂ ਦੇ ਹਰ ਮੁਲਕ ਵਿੱਚ ਅਸਰ ਕੀਤਾ, ਡੀਜ਼ਲ ਪੈਟਰੋਲ ਗੈਸ ਦੀ ਕੀਮਤ ਵੱਧ ਰਹੀਆਂ ਹਨ, ਹਾਲੀ ਪਤਾ ਨਹੀਂ ਕਿਤਨੀਆਂ ਵੱਧਣਗੀਆਂ, ਪਰ ਨਾਲ ਹਰ ਵਸਤੂ ਮਹਿੰਗੀ ਹੋ ਰਹੀ ਹੈ। ਚਾਹੀ-ਦਾ ਤਾਂ ਹੈ ਕਿ ਸਾਡੇ ਲੀਡਰ, ਕੇਂਦਰੀ ਮੰਤਰੀ ਸਾਰੇ ਐੱਮ.ਪੀ. ਹਰ ਚੀਜ਼ ਦੀ ਕਟੌਤੀ ਕਰਨ। ਜਿਤਨਾ ਹੋ ਸਕਦਾ ਹੈ ਰੇਲ ਗੱਡੀਆਂ ਵਿੱਚ ਸਫ਼ਰ ਕਰਨ, ਸਿਰਫ਼ ਇਕ ਗੱਡੀ ਰੱਖਣ ਨਾ ਕਿ ਮੰਤਰੀ ਨਾਲ ਇਕ ਫੌਜ ਵਾਂਗਰ ਕਾਫਲਾ ਹੁੰਦਾ ਹੈ, ਇਹ ਲੋਕ ਅਕਸਰ ਯੂ.ਕੇ. ਜਾਂ ਬਾਕੀ ਪ੍ਰਦੇਸ਼ਾਂ ਵਿੱਚ ਜਾਂਦੇ ਹਨ, ਕੀ ਇਹ ਵੇਖਦੇ ਨਹੀਂ ਕਿ ਕਿਵੇਂ ਪ੍ਰਧਾਨ ਮੰਤਰੀ ਯੂ.ਕੇ. ਦੀ ਮਿਸਾਲ ਲੈਣ ਇਕ ਜਣਾ ਗੱਡੀ ਚਲਾਉਣ ਲਈ ਹੁੰਦਾ ਹੈ ਪ੍ਰਧਾਨ ਮੰਤਰੀ ਸਾਹਿਬ ਬੈਠ ਜਾਂਦੇ ਹਨ ਕੋਈ ਹੋਰ ਜ਼ਿਆਦਾ ਬਾਡੀ ਗਾਰਡਜ਼ ਦਾ ਕਾਫ਼ਲਾ ਨਹੀਂ ਹੁੰਦਾ। ਸਾਡੇ ਮਹਾਰਾਜਾ ਚਾਰਲਸ ਦੇਖੋ ਕਿਤਨੇ ਬਾਡੀ ਗਾਰਡਜ਼ ਹਨ ਆਮ ਪਬਲਿਕ ਇਕੱਠ ਵਿੱਚ ਆਮ ਜਨਤਾ ਵਿੱਚ ਬੈਠ ਜਾਂਦੇ ਹਨ, ਉਨ੍ਹਾਂ ਲਈ ਕੋਈ ਖ਼ਾਸ ਵੱਖਰਾ ਕੁਝ ਨਹੀਂ ਹੁੰਦਾ। ਐੱਮ.ਪੀ. ਦੇਖੋ ਆਪਣੀ ਗੱਡੀ ਆਪ ਚਲਾ ਕੇ ਆਉਂਦੇ ਹਨ, ਉਨ੍ਹਾਂ ਨਾਲ ਕੋਈ ਬਾਡੀ ਗਾਰਡ ਨਹੀਂ। ਆਪ ਮੇਹਰ ਹੁੰਦੇ ਹਨ ਕਾਰ ਜਰੂਰ ਸਰਕਾਰੀ ਡਰਾਈਵਰ ਹੋਰ ਕੁਝ ਨਹੀਂ। ਕੋਈ ਹੋਰ ਸਰਕਾਰੀ ਪਲਟਣ ਨਹੀਂ ਹੁੰਦੀ। ਆਰਾਮ ਨਾਲ ਜਨਤਾ ਦੇ ਇਕੱਠ ਵਿੱਚ ਬੈਠਦੇ ਹਨ। ਕੋਈ ਵਜ਼ੀਰ ਦੇਖੋ ਕਿਵੇਂ ਸਾਦਾ ਹੁੰਦੇ ਹਨ। ਕੀ ਸਾਡੇ ਦੇਸ਼ ਵਿੱਚ ਪਹਿਲਾਂ ਜਨਤਾ ਨੂੰ ਭਾਸ਼ਨ ਕਰਕੇ ਕਹਿਣਾ ਕਿ ਪੈਟਰੋਲ ਬਚਾਉ, ਡੀਜ਼ਲ ਬਚਾਉ, ਇਕੱਲੇ ਕਾਰ ਵਿੱਚ ਸਫ਼ਰ ਨਾ ਕਰੋ ਆਦਿ ਜਾਂ ਸਾਡੇ ਮੰਤਰੀ ਜਾਂ ਹੋਰ ਪ੍ਰਦੇਸ਼ ਵਿੱਚ ਸਫ਼ਰ ਕਰ ਰਹੇ ਹਨ, ਕਿਤਨਾ ਪੈਟਰੋਲ ਖਰਚ ਹੁੰਦਾ ਉਨ੍ਹਾਂ ਦੇ ਜਹਾਜ਼ਾਂ ਦਾ, ਕੀ ਉਹ ਸੋਚਦੇ ਹਨ ਭਾਸ਼ਨ ਕਰਨ ਤੋਂ ਪਹਿਲਾਂ ਸੋਚਣ ਸਾਡੇ ਹਾਥੀ ਦੇ ਦੰਦ ਖਾਣ ਲਈ ਹੋਰ ਵਿਖਾਵਣ ਲਈ ਹੋਰ ਹੈ, ਸਾਡੇ ਲੀਡਰ 'ਤੇ ਇਹ ਕਹਾਵਤ ਸਹੀ ਢੁੱਕਦੀ ਹੈ, ਇੰਡੀਆ ਰੂਸ, ਈਰਾਨ ਸਸਤਾ ਡੀਜ਼ਲ ਪੈਟਰੋਲ ਵਗੈਰਾ ਸਸਤੇ ਭਾਅ ਦੇਣ ਲਈ ਤਿਆਰ ਹੈ ਕੀ ਕਾਰਣ ਹੈ ਆਪਣੀ ਸਾਰੀ ਲੋੜ ਮੁਤਾਬਕ ਇਨ੍ਹਾਂ ਮੁਲਕਾਂ ਤੋਂ ਕਿਉਂ ਨਹੀਂ ਖਰੀਦ ਰਿਹਾ ਜਾਂ ਐਵੇਂ ਵਿਰੋਧੀ ਧਿਰ ਇਹ ਬਿਆਨ ਦੇ ਰਹੀ ਹੈ ਲੀਡਰਾਂ ਜਾਂ ਅਫ਼ਸਰ ਅਕਸਰ ਜ਼ਿਆਦਾ ਇਨ੍ਹਾਂ ਚੀਜ਼ਾਂ 'ਤੇ ਖਰਚ ਕਰਦੇ ਹਨ, ਇਹ ਬਿਆਨਬਾਜੀ ਉਨ੍ਹਾਂ ਲਈ ਕਰਨੀ ਚਾਹੀਦੀ ਹੈ, ਗਰੀਬ ਤਾਂ ਮੋਟਰਸਾਈਕਲ ਜਾਂ ਸਕੂਟਰ ਨਹੀਂ, ਸਾਈਕਲ 'ਤੇ ਕਿਤਨੇ ਸਫ਼ਰ ਕਰਦੇ ਹਨ, ਆਮ ਭਾਰਤ ਵਿੱਚ ਦੇਖਿਆ ਜਾਂਦਾ ਹੈ। ਸਾਡੇ ਪੰਜਾਬ ਦੇ ਗਵਰਨਰ ਸਾਹਿਬ ਨੇ ਕਟੌਤੀ ਕੀਤੀ ਹੈ ਤਿੰਨ ਗੱਡੀਆਂ ਆਪਣੇ ਦੌਰੇ ਲਿਆਂਦੀਆਂ ਦੇਖੋ ਕਿਤਨਾ ਸਰਫਾ ਕੀਤਾ ਹੈ, ਇਕ ਗੱਡੀ ਕਾਫ਼ੀ ਨਹੀਂ, ਹੋਰ ਭੀ ਕਈ ਤਰੀਕੇ ਹਨ ਪਰ ਪਹਿਲਾਂ ਸਾਡੇ ਅਫ਼ਸਰ, ਮੰਤਰੀ, ਐੱਮ.ਪੀ., ਐੱਮ.ਐੱਲ.ਏ., ਬਾਕੀ ਸਰਕਾਰੀ ਮੁਲਾਜ਼ਮ ਕਰਕੇ ਦੱਸਣ ਇਕ ਮਿਸਾਲ ਕਾਇਮ ਕਰਨ ਫਿਰ ਆਮ ਜਨਤਾ ਵਿੱਚ ਭਾਸ਼ਨ ਦੇਣ, ਦੇਖੋ ਅਸੀਂ ਸਫ਼ਰ ਜਾਂ ਆਪਣਾ ਜੀਵਨ ਇਸ ਤਰ੍ਹਾਂ ਬਤੀਤ ਕਰਦੇ ਹਨ, ਇਸ ਤਰ੍ਹਾਂ ਸਾਰੀਆਂ ਚੀਜ਼ਾਂ ਲਈ ਬਚਤ ਕਰਦੇ ਹਾਂ, ਤੁਸੀਂ ਇਸੇ ਤਰੀਕੇ ਰਹਿਣੀ ਬਹਿਣੀ ਵਿੱਚ ਤਬਦੀਲੀ ਲਿਆਉ ਤਾਂ ਕਿ ਦੇਸ਼ ਦੀ ਫੌਰਨ ਕਰੰਸੀ ਦੀ ਬਚਤ ਹੋ ਸਕੇ, ਐਵੇਂ ਬਿਆਨਬਾਜੀ ਨਾਲ ਸੋਨਾ ਨਾ ਖਰੀਦ ਕਰੋ, ਇਹ ਨਾ ਕਰੋ, ਆਹ ਨਾ ਕਰੋ। ਇਹ ਕਹਿਣ ਲੱਗ ਪੈਣਗੇ ਦੋ ਰੋਟੀਆਂ ਘੱਟ ਖਾਵੋ ਦਾਲ ਜਾਂ ਸਬਜ਼ੀ ਇਕ ਵਸਤੂ ਨਾਲ ਖਾਵੋ ਜਾਂ ਖਿੱਚੜੀ ਖਾਵੋ, ਇਸ ਨਾਲ ਬਚਤ ਕਰੋ। ਗਲਤੀ ਮੁਆਫ਼-K.Jogi



# • ਪੰਜਾਬੀ ਫ਼ਿਲਮ ਦਰਪਣ •

## ਮੰਜ਼ਿਲ ਪਾਲੀਵੁੱਡ ਤੇ ਬਾਲੀਵੁੱਡ ਹੈ ਨਮਤਾਜ ਖਾਨ




"ਅੱਜ ਦੀ ਔਰਤ" ਤੋਂ "ਧੌਣ ਚ ਕਿੱਲਾ" ਤੇ "ਰੋ ਰੋ ਕੇ" ਸਮੇਤ ਬਹੁਤ ਸਾਰੇ ਵੀਡੀਓ ਗੀਤ ਬਹੁਤ ਹੀ ਦਿਲਕਸ਼ ਵੀਡੀਓ ਰਹੇ ਤੇ ਇਹ ਹਿੱਟ ਵੀ ਹੋਏ। ਇਹ ਵੀਡੀਓ ਜਿਸ ਨੌਜਵਾਨ ਨੇ ਡਾਇਰੈਕਟ ਕੀਤੇ ਓਹ ਹੈ ਨਮਤਾਜ਼ ਖਾਨ ਜਿਹੜਾ ਬਠਿੰਡਾ ਰਹਿ ਕਿ ਵੀ ਮੁੰਬਈ ਜਿੰਨਾ ਕੰਮ ਕਰ ਰਿਹਾ ਹੈ। ਉੱਚੇ ਲੰਮੇ ਤੇ ਸੋਹਣੇ ਸੁਨੱਖੇ ਨਮਤਾਜ ਦੀ ਦਿੱਖ ਫਿਲਮ ਐਕਟਰ ਜਿਹੀ ਹੈ ਹਾਲਾਂ ਕਿ ਸ਼ੌਂਕ ਨਾਲ਼ ਓਹ ਵੀਡੀਓ ਚ ਐਕਟ ਕਰਦੇ ਨੇ ਪਰ ਓਹਨਾਂ ਦਾ ਮੁੱਖ ਕਿੱਤਾ ਵੀਡੀਓ ਨਿਰਦੇਸ਼ਨ ਹੈ। ਨਮਤਾਜ ਖਾਨ ਤਕਨੀਕ ਦੇ ਮਾਹਿਰ ਨੇ ਤੇ ਕਲਾਕਾਰ ਦੇ ਬਜਟ ਅਨੁਕੂਲ ਵੀ ਓਸ ਨੂੰ ਟੌਪ ਦਾ ਵੀਡੀਓ ਦਿੰਦੇ ਨੇ ਤੇ ਆਖਦੇ ਨੇ ਕਿ ਪੈਸੇ ਕਾਰਨ ਵੀਡੀਓ ਸਟੈਂਡਰਡ ਦਾ ਜਿੰਨਾ ਹੋਊ ਓਹਨਾਂ ਨੂੰ ਫਾਇਦਾ ਹੈ ਕਿਉਂ ਕਿ ਵੀਡੀਓ ਨਿਰਦੇਸ਼ਕ ਓਹਨਾਂ ਦਾ ਨਾਂਅ ਜਾਂਦਾ ਹੈ। ਨਮਤਾਜ ਦੀ ਆਪਣੀ ਐਕਸਪਰਟ ਟੀਮ ਹੈ ਜਿਸ ਵਿੱਚ ਸੰਨੀ ਧਾਲੀਵਾਲ ਸ਼ਾਮਿਲ ਹਨ ਤੇ ਖੁਸ਼ੀ ਸੈਣੀ ਤਾਂ ਓਹਨਾਂ ਦੀ ਮੁੱਖ ਸਲਾਹਕਾਰ ਤੇ ਪ੍ਰੇਰਕ ਹੈ। ਨਮਤਾਜ ਨੇ ਕੁੱਝ ਸ਼ੌਰਟ ਫ਼ਿਲਮਾਂ ਵੀ ਕੀਤੀਆਂ ਨੇ ਤੇ ਇਹ ਗੱਲ ਓਹਨਾਂ ਨੇ ਆਖੀ ਕਿ ਮੇਰੀ ਮੰਜ਼ਿਲ ਫਿਲਮ ਖੇਤਰ ਹੈ ਤੇ ਓਹ ਪੰਜਾਬੀ ਫਿਲਮਾਂ ਦੇ ਸਫ਼ਲ ਨਿਰਦੇਸ਼ਕ ਬਣ ਬਾਲੀਵੁੱਡ ਤੱਕ ਜਾਣਾ ਚਾਹੁੰਦੇ ਨੇ ਤੇ ਬਾਲੀਵੁੱਡ ਵਿੱਚ ਘੱਟ ਬਜਟ ਵਿੱਚ ਵਧੀਆ ਫਿਲਮਾਂ ਦੇਣੀਆਂ ਚਾਹੁੰਦੇ ਹਨ। ਨਮਤਾਜ ਖਾਨ ਨੇ ਬਤੌਰ ਮਾਡਲ ਖੁਸ਼ੀ ਸੈਣੀ ਦਾ ਕੈਰੀਅਰ ਬਣਾਇਆ ਹੈ। ਸਾਦਗੀ ਤੇ ਸਭ ਨਾਲ ਮਿੱਤਰਤਾ ਓਹਨਾਂ ਦਾ ਨਿਯਮ ਹੈ ਤੇ ਅਸੂਲ ਕੰਮ ਨਾਲ ਕੋਈ ਸਮਝੌਤਾ ਨਹੀਂ ਹੈ। ਵੀਡੀਓ ਨਿਰਦੇਸ਼ਕ ਬਣ ਇਸ ਸਾਲ ਐਵਾਰਡ ਲੈਣਾ ਤੇ ਪਾਲੀਵੁੱਡ ਵਿੱਚ ਲਾਂਚ ਨਿਰਦੇਸ਼ਕ ਬਣ ਹੋਣਾ ਇਸ ਲਈ ਨਮਤਾਜ ਖਾਨ ਦਿਨ ਰਾਤ ਚੌਵੀ ਘੰਟੇ ਸੱਤੇ ਦਿਨ ਸਰਗਰਮ ਹਨ। ਆਸ ਹੈ ਕਿ ਅੱਛੀਆਂ ਤੇ ਮਨੋਰੰਜਕ ਫ਼ਿਲਮਾਂ ਪਾਲੀਵੁੱਡ ਨੂੰ ਦਿੰਦੇ ਓਹ ਇੱਕ ਦਿਨ ਹਿੰਦੀ ਫਿਲਮਾਂ ਦੇ ਸਫ਼ਲ ਨਿਰਦੇਸ਼ਕ ਬਣ ਦਿਖਾ ਦੇਣਗੇ।

## ਆਵਾਜ਼ ਸੁਰਤਾਜ ਦੀ ਮਿੱਟੀ ਪੰਜਾਬ ਦੀ ਸੁਰਤਾਜ ਆਫ ਪੰਜਾਬ



ਜੀਟੀਸੀ ਪੰਜਾਬੀ ਨੇ ਆਪਣੀ ਸਥਾਪਤੀ ਲਈ ਵਧੀਆ ਮਨੋਰੰਜਕ ਡੋਜ਼ ਦਰਸ਼ਕਾਂ ਨੂੰ ਦੇਣੀ ਸ਼ੁਰੂ ਕਰ ਦਿੱਤੀ ਹੈ ਤੇ ਰਬਿੰਦਰ ਨਰਾਇਣਨ ਨੇ ਚੈਨਲ ਨੂੰ ਅੱਤੀ ਉੱਤਮ ਬਣਾਉਣ ਲਈ ਆਪਣਾ ਸਹੀ ਤੀਰ ਨਿਸ਼ਾਨੇ ਤੇ ਸਮਝੋ ਲਾ ਦਿੱਤਾ ਹੈ। ਇਸ ਸਿਲਸਿਲੇ ਵਿੱਚ ਚੈਨਲ ਨੇ ਓਹ ਸ਼ੋ ਸ਼ੁਰੂ ਕੀਤਾ ਹੈ ਜਿਸ ਨਾਲ ਆਮ ਦਰਸ਼ਕ, ਸੰਗੀਤ ਪਿਆਰੇ ਤੇ ਕਲਾਕਾਰ ਸਾਰੇ ਜੁੜ ਜਾਣੇ ਸੁਭਾਵਿਕ ਹਨ। ਜਿਵੇਂ ਸ਼ੋ ਸ਼ੁਰੂ ਹੋਇਆ ਚੈਨਲ ਦੀ ਰੇਟ ਵਧਦੀ ਜਾਏਗੀ। ਰਬਿੰਦਰ ਨਰਾਇਣਨ ਚਾਹੁੰਦੇ ਨੇ ਕਿ ਪਹਿਲੀ ਕਿਸ਼ਤ ਐਸੀ ਜਾਏ ਕਿ ਰਿਯਲਿਟੀ ਸ਼ੋ ਦੇਣ ਵਾਲਾ ਹੈਰਾਨ ਹੀ ਹੋ ਜਾਣ ਕਿ ਵਾਕਿਆ ਹੀ ਰਬਿੰਦਰ ਨਰਾਇਣਨ ਕੁੱਝ ਗੱਲ ਹੈ ਇਸ ਸਕਸ਼ ਵਿੱਚ। ਇਹ ਚੈਨਲ ਦਾ ਮਕਸਦ ਹੈ ਕਿ ਸਥਾਪਿਤ ਹੋ ਕਿ ਲੋਕਾਂ ਨੂੰ ਹਿੰਦੀ ਚੈਨਲਾਂ ਦੀ ਤਰਾਂ ਵੰਨ ਸੁਵੰਨੇ ਮਨੋਰੰਜਕ ਪ੍ਰੋਗਰਾਮ ਦਿੱਤੇ ਜਾਣ। ਪਹਿਲੇ ਪੰਜਾਬ ਭਰ ਵਿੱਚ ਸੁਰ ਪ੍ਰੀਖਿਆ ਤੇ ਹੁਣ ਓਹਨਾਂ ਚੁਣੇ ਗਏ ਕਲਾਕਾਰ ਨਵੇਂ ਜਿਹੜੇ ਐਡੀਸ਼ਨ ਵਿੱਚ ਚੁਣੇ ਗਏ ਪਹਿਰਾਵਾ ਤੇ ਸ਼ਾਨਦਾਰ ਲੁੱਕ ਦੇ ਕਿ ਪ੍ਰੋਗਰਾਮ ਹਰ ਸੋਮਵਾਰ ਆਇਆ ਕਰੇਗਾ। ਇਹ ਅੱਠ ਜੂਨ ਸੋਮਵਾਰ ਤੋ ਸ਼ੁਰੂ ਹੋ ਜਾਏਗਾ। ਮਿੱਟੀ ਪੰਜਾਬ ਦੀ /ਆਵਾਜ਼ ਸੁਰਤਾਜ ਦੀ ਇਹ ਸ਼ੋ "ਸੁਰਤਾਜ ਆਫ ਪੰਜਾਬ" ਪ੍ਰਸਾਰਿਤ ਹੋਏਗਾ। ਸ਼ੋ ਵਿੱਚ ਜੈ ਦੇਵ ਕੁਮਾਰ,ਜਯੋਤਿਕਾ ਟਾਂਗਰੀ ਤੇ ਗੁਰਮੀਤ ਸਿੰਘ ਸੁਰਾਂ ਦੀ ਮਹਿਫ਼ਿਲ ਦੇ ਜੱਜ ਹਨ। ਵਕਤ ਵਕਤ ਤੇ ਸ਼ੋ ਵਿੱਚ ਅੱਛੇ ਨਾਮਵਰ ਫ਼ਨਕਾਰ ਤੇ ਹੋਰ ਮਨੋਰੰਜਨ ਦੁਨੀਆਂ ਦੇ ਸਟਾਰ ਆ ਸ਼ੋ ਨੂੰ ਪਹਿਲੇ ਨਕੋਰ ਬਣਾ ਨਾਲ ਆਪਣੀ ਪ੍ਰਫੋਰਮੈਂਸ ਵੀ ਦੇਣਗੇ। ਇੱਕ ਸਾਲ ਬਾਅਦ ਦੇਖਣਾ ਹਰ ਜੁਬਾ ਤੇ ਚੈਨਲ ਜੀਟੀਸੀ ਪੰਜਾਬੀ ਦਾ ਨਾਮ ਹੋਏਗਾ।

## ਤੇਰੀ ਮੇਰੀ ਮੇਰੀ ਤੇਰੀ ਜੋੜੀ ਜੱਗ ਤੇ ਮਿਲੇ ਥੋੜ੍ਹੀ ਕਿਰਨ ਰੰਧਾਵਾ/ਸ਼ੰਮੀ ਖਾਨ



ਸ਼ੰਮੀ ਖਾਨ ਮਾਝੇ ਦਾ ਗਾਇਕੀ ਨਾਇਕ ਤੇ ਕਿਰਨ ਰੰਧਾਵਾ ਨਾਇਕਾ ਅਸਲ ਜੀਵਨ ਦੇ ਹੀਰੋ ਹੀਰੋਇਨ ਹਨ। ਕਲਾਕਾਰਾਂ ਦੇ ਗੀਤ, ਪ੍ਰੋਗਰਾਮ ਤੇ ਅੱਗੇ ਕੀ? ਇਹ ਤੇ ਗੱਲਾਂ ਆਮ ਚਲਦੀਆਂ ਰਹਿੰਦੀਆਂ ਹਨ ਤੇ ਰਹਿਣੀਆਂ ਹਨ। ਅੱਜ ਮਾਝੇ ਦੀ ਮਸ਼ਹੂਰ ਲੋਕ ਗਾਇਕ ਜੋੜੀ ਕਿਰਨ ਰੰਧਾਵਾ ਤੇ ਸ਼ੰਮੀ ਖਾਨ ਦੀ ਗੱਲ ਕਰਦੇ ਹਾਂ ਕਿ ਇਹਨਾਂ ਦਾ ਮੇਲ ਕਿਵੇਂ ਹੋਇਆ ਕਿਉਂ ਕਿ ਦੋਗਾਣਾ ਗਾਇਕੀ ਤੇ ਤਾਂ ਹੀ ਕਾਮਯਾਬ ਜੇਕਰ ਨਾਲ ਪੱਕੀ ਸਾਥਣ ਗਾਇਕਾ ਹੋਏ। ਸ਼ੰਮੀ ਖਾਨ ਦੱਸਦੇ ਨੇ ਕਿ ਕੋਠੇ ਪਿੰਡ ਅਲੀਵਾਲ ਬਟਾਲਾ ਨਜ਼ਦੀਕ ਓਹ ਆਮ ਘਰ ਚ ਗਾਉਣ ਦਾ ਸ਼ੌਂਕ ਲੈ ਪੈਦਾ ਹੋਏ। ਬਟਾਲੇ ਸੰਘਰਸ਼ ਕੀਤਾ ਤੇ ਅੰਮ੍ਰਿਤਸਰ ਆਏ ਤਾਂ ਕਿਰਨ ਓਹਨਾਂ ਨਾਲ ਸਾਥਣ ਗਾਇਕਾ ਬਣ ਜਾਂਦੀ। ਕੁਦਰਤੀ ਕਿਰਨ ਹੋਰੀ ਤਿੰਨ ਭੈਣਾਂ ਤਿਨ ਹੀ ਕਲਾਕਾਰ ਤੇ ਸ਼ੋ ਲਾਉਂਦੇ ਪ੍ਰੋਗਰਾਮ ਕਰਦੇ ਜਵਾਨੀ ਦੀਵਾਨੀ ਮਸਤਾਨੀ ਹੋਈ ਤੇ ਕਿਰਨ ਨਾਲ ਵਿਆਹ ਦਾ ਫੈਸਲਾ ਪਰ ਧਰਮ ਦੀ ਕੰਧ ਆ ਗਈ। ਕਿਰਨ ਮੇਰੇ ਪ੍ਰਤੀ ਵਫ਼ਾ ਸੀ ਤੇ ਚੁੱਪ ਕਰ ਵਿਆਹ ਕਰਵਾ ਛੇ ਮਹੀਨੇ ਇਧਰ ਉਧਰ ਕੱਟ ਲਏ, ਫਿਰ ਸਹੁਰੇ ਘਰ ਵਾਲੇ ਵੀ ਮੰਨ ਗਏ ਤੇ ਅੱਜ ਸਾਡਾ ਆਪਣਾ ਘਰ ਹੈ, ਬੇਟੀ ਹੈ ਤੇ ਕਿਰਨ ਨਾਲ ਸ਼ੋ ਵਧੀਆ ਜਾ ਰਹੇ ਹਨ। ਕਿਰਨ ਰੰਧਾਵਾ ਸੋਹਣੀ ਤੇ ਅੱਛੀ ਦਿੱਖ ਦੀ ਮਾਲਕਣ ਹੈ। ਆਵਾਜ਼ ਸਾਥ ਮਿਲ ਗਿਆ ਹੈ ਤੇ ਦਿੱਲੀ, ਯੂ ਪੀ ਰਾਜਸਥਾਨ ਤੇ ਪੰਜਾਬ ਸਾਡੀ ਜੋੜੀ ਨੂੰ ਲੋਕ ਪਿਆਰ ਬਹੁਤ ਮਿਲ ਰਿਹਾ ਹੈ। ਸ਼ੰਮੀ ਖਾਨ ਇਕੱਲੇ ਆਸਟ੍ਰੇਲੀਆ ਤੇ ਯੂ ਕੇ ਸ਼ੋ ਲਾਏ ਹਨ ਤੇ ਅੱਜ ਕਲ ਕਿਰਨ ਰੰਧਾਵਾ ਨਾਲ ਸੱਭਿਆਚਾਰਕ ਮੇਲੇ ਲੱਗ ਰਹੇ ਹਨ।ਹੱਸਦੀ ਹੋਈ ਕਿਰਨ ਰੰਧਾਵਾ ਆਖਦੀ ਹੈ ਕਿ ਸ਼ੁਕਰ ਕਰਨ ਸ਼ੰਮੀ ਖਾਨ ਸਾਬ ਓਹ ਜੰਮੀ ਤੇ ਸੰਯੋਗ ਓਸ ਨਾਲ ਬਣੇ ਵਰਨਾ ਖਾਨ ਸਾਬ ਕੁਆਰੇ ਹੀ ਰਹਿ ਜਾਂਦੇ।


## ਮੀਰਾ ਸਾਇਮਾ ਨੂਰ ਤੇ ਮੋਆਮਿਰ ਰਾਣਾ ਦੀ ਮੁੱਖੋ




ਇੱਕ ਵਿਲੱਖਣ ਇਤਿਹਾਸ ਲਾਲੀਵੁੱਡ ਵਿੱਚ ਬਣ ਗਿਆ ਹੈ ਤੇ ਇਹ ਇਤਿਹਾਸ ਵਿੱਚ ਪਹਿਲੀ ਵਾਰ ਕਿ ਪਾਕਿਸਤਾਨ ਦੀ ਪੰਜਾਬ ਸਰਕਾਰ ਦੇ ਫੰਡ ਨਾਲ "ਮੁੱਖੋ" ਫ਼ਿਲਮ ਬਣਨ ਜਾ ਰਹੀ ਹੈ ਤੇ ਆਪਣੇ ਵਕਤ ਦੀ ਹਿੱਟ ਨਾਇਕਾ ਸੰਗੀਤਾ ਨੇ ਇਹ ਫਿਲਮ ਲਿਖੀ ਏ ਤੇ ਓਹ ਹੀ ਇਸ ਨੂੰ ਡਾਇਰੈਕਟ ਕਰਨ ਜਾ ਰਹੀ ਹੈ। ਸੰਗੀਤਾ ਨਿਰਦੇਸ਼ਤ ਇਸ ਫਿਲਮ ਦਾ ਨਾਮ "ਮੁੱਖੋ" ਰੱਖਿਆ ਗਿਆ ਹੈ। ਕਮਾਲ ਪਿਆਰੇ ਪੋਸਟਰ ਤੇ ਸਾਫ਼ ਲਿਖਿਆ ਏ ਪੰਜਾਬ ਸਰਕਾਰ ਪੇਸ਼ ਕਰਦੇ ਹਨ।ਨਾਸਿਰ ਖਾਨ ਇਸ ਦੇ ਡੀ ਓ ਪੀ ਨੇ ਤੇ ਨਿਰਮਾਤਾ ਦਾ ਨਾਮ ਪੰਜਾਬ ਸਰਕਾਰ ਰੱਖਿਆ ਗਿਆ ਹੈ।ਕਮਰ ਫਿਲਮ ਦੇ ਨਾਮਾ ਨਿਗਾਰ ਨੇ ਤੇ ਸੰਗੀਤ ਵਾਜਿਦ ਸਾਇਦ ਦੇ ਰਹੇ ਹਨ। "ਮੁੱਖੋ" ਵਿੱਚ ਸੁਪਰ ਸਟਾਰ ਮੋਆਮਿਰ ਰਾਣਾ ਹੀਰੋ ਹੈ ਤੇ ਨਾਲ ਸਟਾਰ ਨਾਇਕਾ ਸਾਇਮਾ ਨੂਰ ਤੇ ਮੀਰਾ ਹਨ। ਦਸੰਬਰ ਇਸ ਸਾਲ ਇਹ ਫਿਲਮ ਆ ਜਾਣੀ ਹੈ। ਲਾਲੀਵੁਡ ਬਹੁਤ ਖੁਸ਼ ਹੈ ਤੇ ਸੰਗੀਤਾ ਵੀ ਤੇ ਸਾਇਮਾ ਨੂਰ ਦੇ ਚਿਹਰੇ ਤੇ ਵੀ ਨੂਰ ਹੈ। ਯਾਦ ਰਹੇ ਸੁਪਰ ਫਿਲਮ "ਮੌਲਾ ਜੱਟ" ਵਿੱਚ ਕਿਰਦਾਰ ਦਾ ਨਾਮ "ਮੁੱਖੋ" ਸੀ। ਸੰਗੀਤਾ ਨੇ ਅਪਾਰ ਖੁਸ਼ ਮਾਹੌਲ ਵਿੱਚ ਕਿਹਾ ਕਿ ਮੇਰੀ ਫਿਲਮ ਪੰਜਾਬ ਸਰਕਾਰ ਬਣਾਏ ਮੈਨੂੰ ਜ਼ਿੰਦਗੀ ਦਾ ਸਭ ਤੋਂ ਵੱਡਾ ਐਵਾਰਡ ਮਿਲ ਗਿਆ ਹੈ। ਸਾਇਮਾ ਨੂਰ ਅੱਜ ਵੀ ਲੱਕੀ ਨਾਇਕਾ ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੀ ਹੈ ਤੇ ਮੀਰਾ ਦੇ ਜਲਵੇ ਕਯਾ ਬਾਤਾਂ ਨੇ ਤੇ ਮੋਆਮਿਰ ਰਾਣਾ ਓਥੋਂ ਦੀ ਜਨਤਾ ਦਾ ਸ਼ਾਹਰੁਖ ਖਾਨ, ਅਮਰਿੰਦਰ ਗਿੱਲ, ਗਿੱਪੀ ਗਰੇਵਾਲ ਹੈ ਤੇ, "ਮੁੱਖੋ" ਦੀ ਇੰਤਜ਼ਾਰ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਰਹੇਗੀ।

## ਤੂੰ ਸੋਲਾਂ ਬਰਸ ਕੀ ਮੈ ਸਤਰਾਂ ਬਰਸ ਕਾ ਸਟਾਰ ਐਕਟਰ ਬਾਲਕ੍ਰਿਸ਼ਨ ਕੋਚਰ

ਈਸ਼ਵਰ ਦੀ ਕਿਰਪਾ ਅਪਾਰ ਹੈ ਲੁਧਿਆਣਵੀ ਐਕਟਰ ਛਲੀਆ ਕੋਚਰ ਤੇ ਜਿਹਨਾਂ ਨੂੰ ਬਾਲਕ੍ਰਿਸ਼ਨ ਕੋਚਰ ਵੀ ਆਖਦੇ ਹਨ। ਪਿਛਲੇ ਤਿੰਨ ਚਾਰ ਮਹੀਨਿਆਂ ਤੋਂ ਬਾਲਕ੍ਰਿਸ਼ਨ ਕੋਚਰ ਫ਼ਿਲਮੀ ਦੁਨੀਆਂ ਵਿੱਚ ਖ਼ੂਬ ਮਸ਼ਰੂਫ ਹਨ। ਓਹਨਾਂ ਦਾ ਭਾਰਤ ਭਰ ਵਿੱਚ ਨਾਂਅ ਸੀਰੀਅਲ "ਗੰਗਾ ਮਈਆ ਕੀ ਬੇਟੀਆਂ" ਖ਼ੂਬ ਚਰਚਿਤ ਹੈ ਤੇ ਇਸ ਸੀਰੀਅਲ ਨਾਲ ਜੀ ਟੀਵੀ ਤੇ ਆ ਕਿ ਓਹਨਾਂ ਦੱਸ ਦਿੱਤਾ ਹੈ ਕਿ ਓਹ ਰਾਸ਼ਟਰੀ ਸਤਰ ਦੇ ਐਕਟਰ ਹਨ। ਜਦ ਕਿ ਦੇਸ਼ ਵਿਦੇਸ਼ ਵਿੱਚ ਪੰਜਾਬੀ। ਦਰਸ਼ਕ ਜੀਟੀਸੀ ਪੰਜਾਬੀ ਤੇ ਛਲੀਆ ਕੋਚਰ ਨੂੰ ਸੀਰੀਅਲ "ਸਵੀਟੀ ਬਿਊਟੀ ਪਾਰਲਰ" ਚ ਤੱਕ ਖੁਸ਼ ਹਨ। ਬਾਲਕ੍ਰਿਸ਼ਨ ਨਾਲ ਹੀ ਫ਼ਿਲਮਾਂ ਕਰ ਰਹੇ ਨੇ ਤੇ ਇਹਨਾਂ ਨੇ ਨੀਰੂ ਬਾਜਵਾ ਨਾਲ ਫਿਲਮ "ਥਾਪੀ" ਕੀਤੀ ਹੈ। ਇਸ ਦੇ ਇਲਾਵਾ ਓਹ ਐਮੀ ਵਿਰਕ ਨਾਲ "ਅਰਜਨਟਾਈਨਾ" ਫਿਲਮ ਵੀ ਕਰ ਰਹੇ ਹਨ। ਓਹਨਾਂ ਦੇ ਇੱਕ ਦੋਸਤ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਤੇ ਦੱਸਿਆ ਕਿ ਕੁਦਰਤੀ ਕੋਚਰ ਛਲੀਆ ਵਿੱਚ ਕੋਈ ਜਾਦੂ ਦੀ ਸ਼ਕਤੀ ਹੈ ਤੇ ਮਾਡਲ ਤੇ ਐਕਟ੍ਰੈਸ ਓਹਨਾਂ ਲਈ ਜਜ਼ਬਾਤੀ ਹੋ ਜਾਂਦੀਆਂ ਹਨ ਤੇ ਇੱਕ ਵਾਰ ਇੱਕ ਮਾਡਲ ਨੇ ਕਿਹਾ ਕਿ ਓਹ ਮਜ਼ਬੂਤ ਤੇ ਦ੍ਰਿੜ੍ਹ ਇਰਾਦੇ ਵਾਲੇ ਐਕਟਰ ਹਨ ਤੇ ਕੋਈ ਚੁੰਬਕੀ ਸ਼ਕਤੀ ਓਹਨਾਂ ਵੱਲ ਖਿੱਚ ਪੈਦਾ ਕਰਦੀ ਹੈ।ਕੋਚਰ ਸਾਬ ਤਾਂ ਹੀ ਪੰਝੀ ਸਾਲ ਦੇ ਗੱਭਰੂ ਹੀ ਤਾਂ ਕਦੇ ਕਦੇ ਲੱਗਦੇ ਹਨ ।



## ਰੋਤੇ ਰੋਤੇ ਹਸਣਾ ਸੀਖੋ ਹਸਤੇ ਹਸਤੇ ਰੋਨਾ ਰਜਿੰਦਰ ਰੂਬੀ



ਰਜਿੰਦਰ ਕੌਰ ਰੂਬੀ ਹਸੀਨ ਤੇ ਆਵਾਜ਼ ਦੀ ਮਹਿਜ਼ਬੀਨ ਪੰਜਾਬੀ ਗਾਇਕੀ ਦੀ ਰਾਣੀ ਤੇ ਰਜਿੰਦਰ ਰੂਬੀ ਦੀ ਆਵਾਜ਼ ਗੁਰੂ ਮਹਿਰਾਜ ਦੀ ਮਿਹਰ ਮਿੱਠੀ ਤੇ ਅੱਜ ਵੀ ਉਹੀ ਮਿਠਾਸ ਅਤੇ ਰਜਿੰਦਰ ਰੂਬੀ ਇੱਕ ਨਟਖਟ ਚੰਚਲ ਗੁੜਿਆ ਦੀ ਤਰਾਂ ਪੰਜਾਬੀ ਗਾਇਕੀ ਤੇ ਫ਼ਿਲਮਾਂ ਵਿੱਚ ਰਹੀ। ਰੂਬੀ ਦੇ ਵਿਚਾਰ ਅੱਜ ਸਚਾਈ ਨੂੰ ਛੂਹ ਕਿ ਲੰਘਦੇ ਹਨ। ਓਹ ਕੋਨੇ ਕੋਨੇ ਵਿੱਚ ਦੁਨੀਆਂ ਦੇ ਬੈਠੇ ਪੰਜਾਬੀਆਂ ਨੂੰ ਸਹੀ ਪੋਸਟਾਂ ਨਾਲ ਕਦੇ ਕਦੇ ਸੇਧ ਦਿੰਦੀ ਹੈ ਤੇ ਕਦੇ ਓਹ ਧਰਮ ਕਰਮ ਵੱਲ ਜਾਣ ਦੇ ਰਸਤੇ ਪਾਉਂਦੀ ਹੈ। ਰਜਿੰਦਰ ਰੂਬੀ ਆਖਦੀ ਏ ਕਿ ਓਹ ਗੀਤ ਬਾਲੀਵੁੱਡ ਦਾ ਯਾਦ ਕਰੋ ਕਿ "ਹਸਤੇ ਹਸਤੇ ਰੋਨਾ ਸੀਖੋ ਹੱਸਤੇ ਹੱਸਤੇ ਰੋਨਾ ਜਿਤਨੀ ਚਾਬੀ ਭਰੀ ਰਾਮ ਨੇ ਉਤਨਾ ਚਲੇ ਖੀਲੋਨਾ। ਰੱਬ, ਵਾਹਿਗੁਰੂ ਤੇ ਓਸ ਦਾ ਨਾਮ ਹੀ ਪਾਪਾਂ ਦੀ ਮੁਕਤੀ ਹੈ। ਕਦੇ ਕਦੇ ਲੱਗਦੇ ਕਿ ਓਹ ਰੂਬੀ ਕਿਹੜੀ ਦਰਖਤਾਂ ਦੁਆਲੇ ਨੱਚਦੀ ਗਾਉਂਦੀ ਘੁੰਮਦੀ ਘੁਮਾਉਂਦੀ ਹੁਸਨ ਪਰੀ ਰੋਮੈਂਸ ਮਲਿਕਾ ਤੇ ਇਹ ਰੂਬੀ ਵਾਹਿਗੁਰੂ ਮੇਹਰ ਦਾਤਾ। ਇਹ ਜੀਵਨ ਨਾਟਕ ਤੇ ਰਜਿੰਦਰ ਕੌਰ ਰੂਬੀ ਇਸ ਨਾਟਕ ਦੀ ਸਦਾਬਹਾਰ ਐਕਟ੍ਰੈਸ ਤੇ ਫਿਲਮ ਓਸ ਦੀ "ਦਿਲ ਦਾ ਮਾਮਲਾ" ਯਾਦਗਾਰ ਹੈ। ਅਮਰ ਨੂਰੀ ਨਾਲ ਓਹ ਜਚੀ ਤੇ "ਕਬਜ਼ਾ" ਯੋਗਰਾਜ ਸਿੰਘ ਨਾਲ ਕਹਿਣ ਦਾ ਅਰਥ ਕਿ ਰਜਿੰਦਰ ਰੂਬੀ ਤੇ ਕੁਦਰਤ ਮਿਹਰਬਾਨ ਰਹੀ ਤੇ ਗਾਇਕੀ ਅਭਿਨੈ ਵਿੱਚ ਓਸ ਨੂੰ ਕਾਮਯਾਬੀਆਂ ਦੇ ਦਰਸ਼ਨ ਹੋਏ। ਰਜਿੰਦਰ ਰੂਬੀ ਸਮਾਜ ਸੇਧ ਤੇ ਧਰਮ ਕਰਮ ਰਸਤੇ ਜੋੜ ਵਧੀਆ ਕੰਮ ਕਰ ਰਹੀ ਹੈ। ਸੁਖਵਿੰਦਰ ਪੰਛੀ ਨਾਲ ਓਸ ਦੀ ਗਾਇਕੀ ਵੀ ਬਕਮਾਲ ਰਹੀ ਹੈ।

**ਅੰਮ੍ਰਿਤ ਪਵਾਰ**

# ਪੰਜਾਬ ਦੀ ਤਰੱਕੀ ਲਈ ਸਾਰੇ ਪੰਥਕ ਦਲ ਇਕੱਠੇ ਹੋਣ-ਜਥੇਦਾਰ ਭਾਈ ਗੁਰਦੇਵ ਸਿੰਘ ਜੀ


ਪੰਥ ਲਈ ਕੀਤੀਆਂ ਗਈਆਂ ਸੇਵਾਵਾਂ ਲਈ ਉਨ੍ਹਾਂ ਦਾ ਮੈਡਲ ਨਾਲ ਸਨਮਾਨ ਕੀਤਾ ਗਿਆ

ਡਰਬੀ-(ਪੰਜਾਬ ਟਾਈਮਜ਼)- ਬਾਬਾ ਫਤਿਹ ਸਿੰਘ ਅਖਾੜਾ ਤਰਨ ਤਾਰਨ ਦਲ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਜੀ ਹਾਲ ਹੀ ਵਿੱਚ ਪੰਜਾਬ ਤੋਂ ਕੁਝ ਸਮੇਂ ਲਈ ਯੂਕੇ ਆਏ ਸਨ। ਇਸ ਦੌਰਾਨ ਉਹ ਪੰਜਾਬ ਟਾਈਮਜ਼ ਦੇ ਦਫ਼ਤਰ ਵਿੱਚ ਵੀ ਪਹੁੰਚੇ, ਜਿੱਥੇ ਉਨ੍ਹਾਂ ਨੇ ਪੰਜਾਬ ਅਤੇ ਪੰਥਕ ਰਾਜਨੀਤੀ ਨਾਲ ਜੁੜੇ ਕਈ ਮਹੱਤਵਪੂਰਨ ਮਸਲਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।

ਭਾਈ ਗੁਰਦੇਵ ਸਿੰਘ ਜੀ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਾਰੇ ਐਨ ਆਰ ਆਈ ਭਾਈਚਾਰੇ ਨੂੰ ਇਕੱਠੇ ਹੋ ਕੇ ਪੰਜਾਬ ਦੀ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਪੰਥਕ ਦਲਾਂ ਅਤੇ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਇਕੱਠੇ ਹੋਣ ਦੀ ਲੋੜ ਹੈ। ਜਿਨ੍ਹਾਂ ਪੰਥਕ ਆਗੂਆਂ ਅਤੇ ਧੜਿਆਂ ਨੇ ਵੱਖ-ਵੱਖ ਸਮਿਆਂ ਦੌਰਾਨ ਪੰਥ ਦੀ ਸੇਵਾ ਕੀਤੀ ਹੈ, ਉਨ੍ਹਾਂ ਨੂੰ ਯੋਗ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਜਿੱਥੇ ਉਨ੍ਹਾਂ ਦੇ ਉਮੀਦਵਾਰ ਜਿੱਤਣ ਦੀ ਸਮਰੱਥਾ ਰੱਖਦੇ ਹਨ, ਉੱਥੇ ਉਨ੍ਹਾਂ ਨੂੰ ਚੋਣਾਂ ਮੌਕੇ ਵੀ ਦਿੱਤੇ ਜਾਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਖੇਤਰੀ ਅਤੇ ਪੰਥਕ ਸੋਚ ਵਾਲੀ ਪਾਰਟੀ ਹੀ ਪੰਜਾਬ ਦੇ ਹਿੱਤਾਂ ਦੀ ਸਹੀ ਢੰਗ ਨਾਲ ਰੱਖਿਆ ਕਰ ਸਕਦੀ ਹੈ। ਭਾਈ ਗੁਰਦੇਵ ਸਿੰਘ ਜੀ ਦੇ ਅਨੁਸਾਰ, ਜਿਹੜੀਆਂ ਪਾਰਟੀਆਂ ਬਾਹਰੋਂ ਆਈਆਂ ਹਨ ਜਾਂ ਆ ਰਹੀਆਂ ਹਨ, ਉਨ੍ਹਾਂ ਨੇ ਪੰਜਾਬ ਦੇ ਹਿੱਤਾਂ ਲਈ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਦੇ ਬਹੁਤ ਸਾਰੇ ਫੰਡਾਂ ਦੀ ਗਲਤ ਵਰਤੋਂ ਕੀਤੀ ਗਈ ਹੈ ਅਤੇ ਹੋਰ ਸੂਬਿਆਂ ਵਿੱਚ ਚੋਣਾਂ ਵੇਲੇ ਵੀ ਫੰਡ ਖਰਚੇ ਗਏ ਹਨ। ਇਸ ਤੋਂ ਇਲਾਵਾ, ਪੰਜਾਬ ਦੇ ਕਈ ਕਾਰੋਬਾਰਾਂ ਦੇ ਠੇਕੇ ਵੀ ਬਾਹਰਲੇ ਸੂਬਿਆਂ ਦੀਆਂ ਕੰਪਨੀਆਂ ਨੂੰ ਦਿੱਤੇ ਗਏ ਹਨ, ਜਿਸ ਕਾਰਨ ਪੰਜਾਬ ਦੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਘਟੇ ਹਨ।

ਉਨ੍ਹਾਂ ਕਿਹਾ ਕਿ ਜਿਹੜਾ ਧਨ ਪੰਜਾਬ ਦੇ ਵਿਕਾਸ ਅਤੇ ਲੋਕ ਭਲਾਈ ਲਈ ਵਰਤਿਆ ਜਾਣਾ ਚਾਹੀਦਾ ਸੀ, ਉਸ ਦਾ ਵੱਡਾ ਹਿੱਸਾ ਹੋਰ ਸੂਬਿਆਂ ਵਿੱਚ ਖਰਚ ਹੋਇਆ ਹੈ। ਭਾਈ ਗੁਰਦੇਵ ਸਿੰਘ ਜੀ ਨੇ ਆਉਣ ਵਾਲੇ ਸਮੇਂ ਵਿੱਚ ਸਾਰੀਆਂ ਪੰਥਕ ਧਿਰਾਂ ਨੂੰ ਇਕੱਠੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ ਦਾ ਮਿਲ ਬੈਠ ਕੇ ਕੋਈ ਨਾ ਕੋਈ ਢੁੱਕਵਾਂ ਹੱਲ ਲੱਭਣਾ ਚਾਹੀਦਾ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਹਰਿਆਲੀ ਵਧਾਉਣ ਦੀ ਲੋੜ ਹੈ, ਪ੍ਰਦੂਸ਼ਣ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ, ਅਪਰਾਧ ਦੀਆਂ ਘਟਨਾਵਾਂ ਵੀ ਚਿੰਤਾ ਦਾ ਵਿਸ਼ਾ ਹਨ, ਨਵਾਂ ਉਦਯੋਗ ਨਹੀਂ ਆ ਰਿਹਾ, ਨੌਜਵਾਨ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵੱਲ ਜਾ ਰਹੇ ਹਨ ਅਤੇ ਨਸ਼ਿਆਂ ਦੀ ਸਮੱਸਿਆ ਵੀ ਦਿਨੋਂ-ਦਿਨ ਵੱਧ ਰਹੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਕੇ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਲਿਜਾਣ ਲਈ ਇੱਕ ਮਜ਼ਬੂਤ ਖੇਤਰੀ ਅਤੇ ਪੰਥਕ ਸੋਚ ਵਾਲੀ ਪਾਰਟੀ ਦੀ ਲੋੜ ਹੈ।

ਇਹ ਵਿਚਾਰ ਭਾਈ ਗੁਰਦੇਵ ਸਿੰਘ ਜੀ ਨੇ ਆਪਣੇ ਪੰਜਾਬ ਦੌਰੇ ਦੌਰਾਨ ਪ੍ਰਗਟ ਕੀਤੇ।

## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ




*ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਲਈ 12 ਟੀਮਾਂ ਦਾ ਗਠਨ- ਇਕ ਖ਼ਬਰ

-ਵੱਢਿਆ ਗੰਡਾਸਿਆਂ ਦੇ ਨਾਲ਼, ਚੰਦਰਾਂ ਨੇ ਮਿਰਜ਼ੇ ਨੂੰ।


*ਪੰਜਾਬ ਕਾਂਗਰਸ ਪੂਰੀ ਤਰ੍ਹਾਂ ਇਕਜੁੱਟ- ਰਾਜਾ ਵੜਿੰਗ


-ਵੜਿੰਗ ਸਾਬ, ਇਹ ਕੋਈ ਦੱਸਣ ਦੀ ਗੱਲ ਐ। ਘਰ ਦੇ ਭਾਗ ਡਿਉਢੀ ਤੋਂ ਹੀ ਦਿਸ ਜਾਂਦੇ ਐ।


*ਪੁਲਿਸ ਦੀ ਮੰਨਜ਼ੂਰੀ ਤੋਂ ਬਿਨਾਂ ਵੀ ਧਰਨੇ 'ਤੇ ਬੈਠੇਗੀ ਤ੍ਰਿਣਮੂਲ ਕਾਂਗਰਸ- ਮਮਤਾ ਬੈਨਰਜੀ

-ਮੈਨੂੰ ਨਰਮ ਕੁੜੀ ਨਾ ਜਾਣੀ, ਲੜ ਜੂੰ ਭਿੱੜ ਬਣ ਕੇ।

*ਇਰਾਨ- ਅਮਰੀਕਾ ਪ੍ਰਮਾਣੂੰ ਸਮਝੌਤੇ 'ਚ ਪਾਕਿਸਤਾਨ ਬਣੇਗਾ ਜ਼ਾਮਨ- ਇਕ ਖ਼ਬਰ


-ਗੱਡੀ ਜੋੜ ਕੇ ਆਈਂ ਵੇ ਵੀਰਾ, ਕਰੂਏ ਦੇ ਵਰਤਾਂ ਨੂੰ।


*ਜੰਗਬੰਦੀ ਦੇ ਦਾਅਵਿਆਂ ਵਿਚਾਲੇ ਇਜ਼ਰਾਇਲ ਵਲੋਂ ਲਿਬਨਾਨ 'ਤੇ ਵੱਡਾ ਹਮਲਾ- ਇਕ ਖ਼ਬਰ

-ਕਾਹਨੂੰ ਪਾਲ਼ਿਆ ਕੁਲੱਛਣਾ ਤੋਤਾ, ਚੜ੍ਹਦੀ ਦੇ ਵੱਢੇ ਟੰਦੀਆਂ।

*ਜੂਨ 84 ਦੇ ਫੌਜੀ ਹਮਲੇ ਦੀ ਜਾਂਚ ਕਰਵਾਏ ਮੋਦੀ ਸਰਕਾਰ- ਗੁਰਚਰਨ ਸਿੰਘ ਬੱਬਰ

-ਬੱਬਰ ਸਾਹਿਬ ਅਡਵਾਨੀ ਦੀ ਕਿਤਾਬ ਨਹੀਂ ਪੜ੍ਹੀ ਤੁਸੀਂ? ਨਹੀਂ ਪੜ੍ਹੀ ਤਾਂ ਪੜ੍ਹੋ।


*ਭਾਰਤ ਨੇ ਸਾਡੇ ਕੋਲ਼ੋਂ ਬਹੁਤ ਫ਼ਾਇਦਾ ਉਠਾਇਆ, ਹੁਣ ਹੋਰ ਨਹੀਂ- ਟਰੰਪ

-ਲੈ ਜਾਣਗੇ ਜਿਨ੍ਹਾਂ ਨੇ ਦੰਮ ਖਰਚੇ, ਫੋਕੇ ਦਾਅਵੇ ਮਿੱਤਰਾਂ ਦੇ।


*ਲੰਡਨ 'ਚ ਸੀ. ਜੇ. ਆਈ. ਸੁਰਿਆਕਾਂਤ ਦੇ ਪ੍ਰੋਗਰਾਮ 'ਚ ਹੋਇਆ ਹੰਗਾਮਾ- ਇਕ ਖ਼ਬਰ

-ਅੱਗੇ ਬੀਬੀ ਟੱਪਣੀ, ਪਿੱਛੇ ਢੋਲਾਂ ਦੀ ਘੜਮੱਸ।

*ਅਮਰੀਕੀ ਸੰਸਦ ਵਿਚ ਇਰਾਨ ਨਾਲ ਜੰਗ ਰੋਕਣ ਲਈ ਮਤਾ ਪਾਸ, ਟਰੰਪ ਨੂੰ ਝਟਕਾ- ਇਕ ਖ਼ਬਰ

-ਗੋਰੇ ਰੰਗ 'ਤੇ ਝਰੀਟਾਂ ਆਈਆਂ, ਬੇਰੀਆਂ ਦੇ ਬੇਰ ਖਾਣੀਏਂ।


*ਕੈਪਟਨ ਅਮਰਿੰਦਰ ਸਿੰਘ 'ਘਰ ਵਾਪਸੀ' ਨਹੀਂ ਕਰ ਰਹੇ- ਇਕ ਖ਼ਬਰ

-ਐਵੇਂ ਰੌਲਾ ਪੈ ਗਿਆ, ਬਈ ਐਵੇਂ ਰੌਲਾ ਪੈ ਗਿਆ।


*ਮਮਤਾ ਬੈਨਰਜੀ ਦੇ 20 ਸੰਸਦ ਮੈਂਬਰਾਂ ਦੇ ਭਾਜਪਾ 'ਚ ਜਾਣ ਦੀ ਚਰਚਾ- ਇਕ ਖ਼ਬਰ

-ਰੁੱਤ ਯਾਰੀਆਂ ਲਾਉਣ ਦੀ ਆਈ, ਬੇਰੀਆਂ ਦੇ ਬੇਰ ਪੱਕ ਗਏ।



*ਹਿਮਾਚਲ ਤੋਂ ਆਉਣ ਵਾਲੇ ਵਾਹਨਾਂ ਉੱਪਰ ਨਿਹੰਗ ਸਿੰਘਾਂ ਨੇ ਲਗਾਇਆ ਖ਼ਾਲਸਾ ਟੈਕਸ- ਇਕ ਖ਼ਬਰ

-ਬੋਤਾ ਸਿੰਘ ਤੇ ਗਰਜਾ ਸਿੰਘ ਜੀ, ਡਟ ਗਏ ਪਿੱਠਾਂ ਜੋੜ ਕੇ।


*ਮਮਤਾ ਬੈਨਰਜੀ ਨੂੰ ਤਕੜਾ ਝਟਕਾ, ਵਿਰੋਧੀ ਧੜੇ ਨੂੰ ਮਿਲੀ ਮਾਨਤਾ- ਇਕ ਖ਼ਬਰ

-ਅੱਗ ਲਾ ਗਈ ਝਾਂਜਰਾਂ ਵਾਲ਼ੀ, ਲੈਣ ਆਈ ਪਾਣੀ ਦਾ ਛੰਨਾ।


*ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਭਾਜਪਾ ਹਮਦਰਦੀ ਹਾਸਲ ਨਹੀਂ ਕਰ ਸਕਦੀ- ਸੁਖਜਿੰਦਰ ਸਿੰਘ ਰੰਧਾਵਾ

-ਸਭੇ ਕੰਨ ਪੜਵਾ ਕੇ ਬੈਠ ਜਾਂਦੇ, ਮੁਸ਼ਕਲ ਜੋਗ ਦਾ ਹੁੰਦਾ ਚੜ੍ਹਾਉਣ ਬੇਟਾ।


*ਲਿਬਨਾਨ 'ਤੇ ਇਜ਼ਰਾਇਲੀ ਹਮਲੇ ਤੋਂ ਟਰੰਪ ਨਾਰਾਜ਼- ਇਕ ਖ਼ਬਰ

-ਕੋਈ ਕਰੇ ਨਾ ਯਕੀਨ ਹੁਣ ਤੇਰਾ, ਝੂਠਿਆ ਦੋਜ਼ਕੀਆ।

*ਨੀਟ ਪੇਪਰ ਲੀਕ ਮਾਮਲੇ 'ਚ ਕੇਂਦਰ ਸਰਕਾਰ ਵਿਰੁੱਧ ਕਾਂਗਰਸ ਦਾ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ- ਇਕ ਖ਼ਬਰ


*ਹਾਰ ਤੋਂ ਬੁਖ਼ਲਾਈ ਵਿਰੋਧੀ ਧਿਰ ਅਮਨ-ਅਮਾਨ ਨਾਲ ਹੋਈਆਂ ਚੋਣਾਂ 'ਤੇ ਚੁੱਕ ਰਹੀ ਸਵਾਲ- ਭਗਵੰਤ ਮਾਨ

*ਚੌਥੀ ਵਾਰ ਵਧੇ ਪੈਟਰੋਲ-ਡੀਜ਼ਲ ਦੇ ਭਾਅ- ਇਕ ਖ਼ਬਰ

* * * * * *

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗਦਰ ਪਾਰਟੀ ਦਾ ਸਥਾਪਨਾ ਦਿਵਸ

**ਸੋਹਣ ਸਿੰਘ ਪੂੰਨੀ**

ਕਨੇਡਾ-ਅਮਰੀਕਾ ਵਿਚ ਹਿੰਦੋਸਤਾਨੀ ਵੀਹਵੀਂ ਸਦੀ ਦੇ ਸ਼ੁਰੂ ਵਿਚ ਆਉਣ ਲੱਗੇ ਸਨ। ਹੌਲੀ ਹੌਲੀ ਇਨ੍ਹਾਂ ਦੀ ਗਿਣਤੀ ਨੌਂ-ਦਸ ਹਜ਼ਾਰ ਹੋ ਗਈ ਸੀ। ਇੱਥੇ ਰਹਿੰਦਿਆਂ ਉਨ੍ਹਾਂ ਨੂੰ ਹਿੰਦੁਸਤਾਨ ਦੀ ਗੁਲਾਮੀ ਦਾ ਅਹਿਸਾਸ ਹੋਇਆ। ਉਨਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਅਮਰੀਕਾ ਨੇ ਆਜ਼ਾਦੀ ਹਥਿਆਰਾਂ ਦੇ ਜ਼ੋਰ ਪ੍ਰਾਪਤ ਕੀਤੀ ਸੀ, ਮਿੰਨਤਾਂ ਤਰਲਿਆਂ ਨਾਲ ਨਹੀਂ। ਇਸੇ ਲਈ ਤਾਂ ਉਹ ਕਹਿਣ ਲੱਗੇ ਸਨ।

"ਕਦੇ ਮੰਗਿਆਂ ਮਿਲਨ ਆਜ਼ਾਦੀਆਂ ਨਾ,
ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ।
ਗੱਲਾਂ ਨਾਲ ਗੁਲਾਮੀ ਨਾ ਦੂਰ ਹੋਵੇ,
ਸ਼ਾਂਤਮਈ ਨਾ ਕੋਈ ਕੋਈ ਇਲਾਜ ਲੋਕੋ।"

ਜਾਂ

"ਤਰਲੇ ਕਰਦਿਆਂ ਨਹੀਂ ਇਨਸਾਫ ਮਿਲਦਾ,
ਜ਼ਾਲਮ ਬਾਦਸ਼ਾਹ ਨੀਚ ਬਦਕਾਰ ਕੋਲੋਂ
ਵੈਰੀ ਮਿੰਨਤਾਂ ਨਾਲ ਨਾ ਸੂਤ ਆਉਂਦਾ,
ਠੀਕ ਡਰੇਗਾ ਖੰਡੇ ਦੀ ਧਾਰ ਕੋਲੋਂ।"

ਉਨ੍ਹਾਂ ਨੇ ਹਥਿਆਰਾਂ ਦੇ ਜ਼ੋਰ ਮੁਲਕ ਆਜ਼ਾਦ ਕਰਵਾਉਣ ਲਈ ਗਦਰ ਪਾਰਟੀ ਬਣਾਈ। ਗਦਰ ਪਾਰਟੀ ਬਣਾਏ ਜਾਣ ਦੀ ਤ੍ਰੀਕ ਬਾਰੇ ਬੜੇ ਭੁਲੇਖੇ ਨੇ। ਇਸ ਨਿੱਕੇ ਲੇਖ ਦਾ ਮਕਸਦ ਗਦਰ ਪਾਰਟੀ ਦੇ ਸਥਾਪਨਾ ਦਿਵਸ ਤੇ ਵਿਚਾਰ ਕਰਨਾ ਹੈ।

ਗਦਰ ਪਾਰਟੀ ਦੀ ਸਥਾਪਨਾ ਦੀਆਂ ਕਈ ਤਰੀਕਾਂ ਲਿਖੀਆਂ ਮਿਲਦੀਆਂ ਹਨ। ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ 1966 ਵਿਚ ਗਦਰੀਆਂ ਦੀ ਯਾਦ ਵਿਚ ਆਪਣੇ ਪਿੰਡ ਭਕਨਾ ਕਲਾਂ 'ਚ ਸ਼ਿਲਾਲੇਖ ਲਗਵਾਈ ਸੀ। ਇਸ ਸ਼ਿਲਾਲੇਖ ਉੱਤੇ ਗਦਰ ਪਾਰਟੀ ਦੇ ਬਣਾਏ ਜਾਣ ਦੀ ਤ੍ਰੀਕ 25 ਮਾਰਚ 1913 ਲਿਖੀ ਹੋਈ ਹੈ। ਭਾਈ ਰਤਨ ਸਿੰਘ ਰਾਏਪੁਰ ਡੱਬਾ ਨੇ 26 ਜੁਲਾਈ 1929 ਨੂੰ ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿਚ 'ਲੀਗ ਅਗੇਨਸਟ ਇੰਪੀਰੀਅਲਿਜ਼ਮ' ਦੀ ਅਸੰਬਲੀ ਨੂੰ 'ਹਿੰਦੁਸਤਾਨ ਗਦਰ ਪਾਰਟੀ ਦਾ ਸੰਖੇਪ ਇਤਿਹਾਸ' (A Brief Histry Of The Hindustan Gadar Party) ਪੇਸ਼ ਕੀਤਾ ਸੀ। ਇਸ ਵਿਚ ਉਹ ਗਦਰ ਪਾਰਟੀ ਦੇ ਬੱਝਣ ਦੀ ਤ੍ਰੀਕ ਪਹਿਲੀ ਨਵੰਬਰ 1913 ਲ਼ਿਖਦੇ ਨੇ। ਕਈ ਪੱਛਮੀ ਲਿਖਾਰੀਆਂ ਨੇ ਗਦਰ ਪਾਰਟੀ ਦੇ ਬਣਨ ਦੀ ਤ੍ਰੀਕ 1917 ਵੀ ਲਿਖੀ ਹੈ ਕਿਉਂਕਿ ਪੰਡਤ ਰਾਮ ਚੰਦਰ ਪਿਸ਼ਾਵਰੀ ਨੇ ਪਹਿਲੀ ਵਾਰ 1917 ਵਿਚ ਇਹ ਪਾਰਟੀ 'ਗਦਰ ਪਾਰਟੀ' ਦੇ ਨਾਂ ਥੱਲੇ ਰਜਿਸਟਰ ਕਰਵਾਈ ਸੀ।

ਭਾਈ ਹਰਨਾਮ ਸਿੰਘ ਟੁੰਡੀਲਾਟ ਦਾ ਗਦਰ ਪਾਰਟੀ ਨਾਲ਼ ਬੜਾ ਨੇੜ ਰਿਹਾ ਸੀ। ਉਹ ਅਮਰੀਕਾ ਵਿਚ ਲਾਲਾ ਹਰਦਿਆਲ ਦੇ ਬਾਡੀ ਗਾਰਡ ਵੀ ਰਹੇ ਸਨ। ਉਨ੍ਹਾਂ ਨੇ 22 ਜੂਨ 1955 ਨੂੰ ਲਿਖਵਾਏ ਆਪਣੇ ਬਿਆਨ ਵਿਚ ਗਦਰ ਪਾਰਟੀ ਦੇ ਬਣਨ ਬਾਰੇ ਬੜੇ ਵੇਰਵੇ ਨਾਲ਼ ਦੱਸਿਆ ਸੀ। ਉਨ੍ਹਾਂ ਅਨੁਸਾਰ ਪੋਰਟਲੈਂਡ ਏਰੀਏ ਦੇ ਦੇਸ਼ ਭਗਤਾਂ ਦੇ ਸੱਦੇ 'ਤੇ ਲਾਲਾ ਹਰਦਿਆਲ ਨੇ ਪਹਿਲਾਂ 25 ਦਸੰਬਰ 1912 ਨੂੰ ਪੋਰਟਲੈਂਡ ਆਉਣਾ ਸੀ ਪਰ ਉਹ ਕਿਸੇ ਕਾਰਨ ਆ ਨਾ ਸਕੇ। ਅੱਗੇ ਹਰਨਾਮ ਸਿੰਘ ਟੁੰਡੀਲਾਟ ਦੱਸਦੇ ਨੇ ਕਿ ਫੇਰ, "ਤਿੰਨ ਮਹੀਨੇ ਬਾਅਦ 25 ਮਾਰਚ 1913 {ਨੂੰ} ਸ਼ਾਮ ਦੇ ਪੰਜ ਵਜੇ ਕਸਬਾ ਸੇਂਟ ਜੌਨ ਤੋਂ ਪੰਡਤ ਕਾਂਸ਼ੀ ਰਾਮ ਦਾ ਫੋਨ ਆਇਆ ਕਿ ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਸੇਂਟ ਜੌਨ ਪਹੁੰਚ ਗਏ ਹਨ, ਤੁਸੀਂ ਸ਼ਾਮ ਨੂੰ ਚਲੇ ਆਓ। ਸੋ ਮੈਂ ਬਰਾਈਡਲਵੇਲ ਤੋਂ ਛੇ ਵਜੇ ਸ਼ਾਮ ਦੀ ਗੱਡੀ ਫੜਕੇ ਨੌਂ ਵਜੇ ਸੇਂਟ ਜੌਨ ਪਹੁੰਚ ਗਿਆ।"



ਅਸਟੋਰੀਆ ਵਿਚ 'ਹੇਮੰਡ ਲੰਬਰ ਕੰਪਨੀ' ਦੀ ਸਾਅ ਮਿੱਲ, ਜਿੱਥੇ 2 ਜੂਨ, 1913 ਨੂੰ ਗਦਰ ਪਾਰਟੀ ਦੀ ਸਥਾਪਨਾ ਕੀਤੀ ਗਈ।

ਟੁੰਡੀਲਾਟ ਅਨੁਸਾਰ ਰਾਤ ਨੂੰ ਉਹ, ਪੰਡਤ ਕਾਂਸ਼ੀ ਰਾਮ ਤੇ ਕੁਝ ਹੋਰ ਸਾਥੀ ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਨਾਲ਼ ਗੱਲਾਂ ਬਾਤਾਂ ਕਰਦੇ ਰਹੇ। ਲਾਲਾ ਹਰਦਿਆਲ ਦਾ ਕਹਿਣਾ ਸੀ ਕਿ ਗਦਰ ਅਖਬਾਰ ਕੱਢ ਕੇ ਹਿੰਦੁਸਤਾਨੀਆ ਵਿੱਚ ਪ੍ਰਚਾਰ ਕੀਤਾ ਜਾਵੇ, ਗਦਰ ਮਚਾ ਕੇ ਗੋਰਿਆਂ ਨੂੰ ਬਾਹਰ ਕੱਢਿਆ ਜਾਵੇ ਤੇ ਦੇਸ਼ ਲਈ ਆਜ਼ਾਦੀ ਪ੍ਰਾਪਤ ਕੀਤੀ ਜਾਵੇ। ਪਰ ਭਾਈ ਪਰਮਾਨੰਦ ਇਸ ਨਾਲ਼ ਸਹਿਮਤ ਨਹੀਂ ਸਨ। ਭਾਈ ਪਰਮਾਨੰਦ ਦਾ ਵਿਚਾਰ ਸੀ ਕਿ ਪਹਿਲਾਂ ਹਿੰਦੁਸਤਾਨ ਤੋਂ ਵਿੱਦਿਆਰਥੀ ਸੱਦ ਕੇ ਉਨ੍ਹਾਂ ਨੂੰ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਜਾਵੇ। ਫੇਰ ਉਹ ਹਿੰਦੁਸਤਾਨ ਜਾ ਕੇ ਲੋਕਾਂ ਵਿਚ ਆਜ਼ਾਦੀ ਲਈ ਪ੍ਰਚਾਰ ਕਰਨ। ਪਰ ਉੱਥੇ ਹਾਜ਼ਰ ਦੇਸ਼ ਭਗਤਾਂ ਵਿਚੋਂ ਕਿਸੇ ਨੇ ਵੀ ਭਾਈ ਪਰਮਾਨੰਦ ਨਾਲ਼ ਸਹਿਮਤੀ ਨਾ ਪ੍ਰਗਟਾਈ। ਸਾਰਿਆਂ ਨੇ ਲਾਲਾ ਹਰਦਿਆਲ ਦੀ ਪਲੈਨ ਦੀ ਪਰੋੜਤਾ ਕੀਤੀ। ਅਗਲੀ ਸਵੇਰ ਨੂੰ ਭਾਈ ਪਰਮਾਨੰਦ ਤਾਂ ਨਿਊਯਾਰਕ ਨੂੰ ਰਵਾਨਾ ਹੋ ਗਿਆ ਜਿੱਥੋਂ ਉਹ ਹਿੰਦੁਸਤਾਨ ਨੂੰ ਚਲਾ ਗਿਆ। ਟੁੰਡੀਲਾਟ ਅਨੁਸਾਰ ਇਸ ਤੋਂ ਬਾਅਦ ਲਾਲਾ ਹਰਦਿਆਲ ਹਰ ਐਤਵਾਰ ਨੂੰ ਵੱਖ ਵੱਖ ਥਾਵਾਂ 'ਤੇ ਜਾ ਕੇ ਮਿੱਲ ਕਾਮਿਆਂ ਨਾਲ਼ ਮੀਟਿੰਗਾਂ ਕਰਦੇ ਰਹੇ। ਲਾਲਾ ਹਰਦਿਆਲ ਨੇ ਤਿੰਨ-ਚਾਰ ਮੀਟਿੰਗਾਂ ਕੀਤੀਆਂ। ਸਭ ਤੋਂ ਪਹਿਲੀ ਮੀਟਿੰਗ ਉਨ੍ਹਾਂ ਮਾਰਚ ਦੇ ਆਖਰੀ ਐਤਵਾਰ ਬਰਾਈਡਲਵੇਲ 'ਚ ਕੀਤੀ। ਦੂਜੀ ਮੀਟਿੰਗ ਅਪ੍ਰੈਲ ਦੇ ਪਹਿਲੇ ਐਤਵਾਰ ਲਿੰਟਨ ਵਿਚ ਅਤੇ ਤੀਸਰੀ ਮੀਟਿੰਗ ਅਪ੍ਰੈਲ ਦੇ ਦੂਜੇ ਐਤਵਾਰ ਵਾਨਾ ਵਿਚ ਕੀਤੀ। ਸਭ ਤੋਂ ਆਖਰੀ ਮੀਟਿੰਗ ਅਪ੍ਰੈਲ ਦੇ ਤੀਜੇ ਐਤਵਾਰ ਅਸਟੋਰੀਆ ਵਿਚ ਕੀਤੀ, ਜਿੱਥੇ ਗਦਰ ਪਾਰਟੀ ਬਣਾਈ ਗਈ।

ਗੁਰਚਰਨ ਸਿੰਘ ਸੈਂਸਰਾ ਆਪਣੀ ਕਿਤਾਬ 'ਗਦਰ ਪਾਰਟੀ ਦਾ ਇਤਿਹਾਸ' ਦੇ ਪੰਨਾ 98 'ਤੇ ਟੁੰਡੀਲਾਟ ਨਾਲ ਸਹਿਮਤ ਹੁੰਦਿਆਂ ਅਸਟੋਰੀਆ ਵਾਲ਼ੀ ਮੀਟਿੰਗ ਦੀ ਤ੍ਰੀਕ 21 ਅਪ੍ਰੈਲ ਦਿਨ ਐਤਵਾਰ ਹੀ ਲਿਖਦੇ ਹਨ। ਹੋਰ ਵੀ ਬਹੁਤ ਸਾਰੇ ਲੇਖਕਾਂ ਨੇ ਟੁੰਡੀਲਾਟ ਅਤੇ ਸੈਂਸਰੇ ਦੀਆਂ ਲਿਖਤਾਂ ਦੇ ਅਧਾਰ 'ਤੇ ਗਦਰ ਪਾਰਟੀ ਦਾ ਸਥਾਪਨਾ ਦਿਵਸ 21 ਅਪ੍ਰੈਲ 1913 ਦਿਨ ਐਤਵਾਰ ਹੀ ਲਿਖਿਆ ਹੈ। ਅਸੀਂ ਵੀ ਆਪਣੀ ਕਿਤਾਬ 'ਕਨੇਡਾ ਦੇ ਗਦਰੀ ਯੋਧੇ' 'ਚ ਗਦਰ ਪਾਰਟੀ ਦੇ ਅਸਟੋਰੀਆ ਵਿਚ ਬਣਾਏ ਜਾਣ ਦੀ ਤ੍ਰੀਕ 21 ਅਪ੍ਰੈਲ 1913 ਹੀ ਲਿਖੀ ਹੈ। 'ਦੇਸ਼ ਭਗਤ ਯਾਦਗਾਰ ਜਲੰਧਰ' ਵਾਲ਼ੇ ਸਾਥੀ ਵੀ ਗਦਰ ਪਾਰਟੀ ਦਾ ਸਥਾਪਨਾ ਦਿਵਸ 21 ਅਪ੍ਰੈਲ ਨੂੰ ਹੀ ਮਨਾਉਂਦੇ ਹਨ।

ਪਰ ਇਹ ਸ਼ਾਇਦ ਸੱਚ ਨਾ ਹੋਵੇ। ਗਦਰ ਪਾਰਟੀ ਬਣਾਈ ਤਾਂ 1913 ਨੂੰ ਅਸਟੋਰੀਆ ਵਿਚ ਹੀ ਗਈ ਸੀ। ਪਰ ਇਹ 21 ਅਪਰੈਲ ਦਿਨ ਐਤਵਾਰ ਨੂੰ ਨਹੀਂ ਸੀ ਬਣਾਈ ਗਈ। ਪਹਿਲੀ ਗੱਲ ਤਾਂ ਇਹ ਕਿ 21 ਅਪ੍ਰੈਲ 1913 ਨੂੰ, ਐਤਵਾਰ ਨਹੀਂ, ਸੋਮਵਾਰ ਸੀ।

ਦੂਸਰੀ ਗੱਲ ਮਾਰਚ ਵਿਚ ਲਾਲਾ ਹਰਦਿਆਲ ਦੇ ਪੋਰਟਲੈਂਡ ਏਰੀਏ ਵਿਚ ਆਉਣ ਬਾਰੇ ਹੈ। ਇਹ ਗੱਲ ਤਾਂ ਸਾਰੇ ਇਤਿਹਾਸਕਾਰ ਮੰਨਦੇ ਹਨ ਕਿ ਭਾਈ ਪਰਮਾਨੰਦ ਅਤੇ ਲਾਲਾ ਹਰਦਿਆਲ ਇਕੱਠੇ ਪੋਰਟਲੈਂਡ ਆਏ ਸਨ। ਦੋ ਦਿਨ ਪੋਰਟਲੈਂਡ ਵਿਚ ਰਹਿ ਕੇ ਭਾਈ ਪਰਮਾਨੰਦ ਚਲੇ ਗਿਆ ਸੀ ਤੇ ਉਹਦੇ ਚਲੇ ਜਾਣ ਪਿੱਛੋਂ ਲਾਲਾ ਹਰਦਿਆਲ ਨੇ ਪੋਰਟਲੈਂਡ ਏਰੀਏ ਵਿਚ ਵੱਖ ਵੱਖ ਥਾਵਾਂ 'ਤੇ ਜਾ ਕੇ ਮਿੱਲ ਕਾਮਿਆਂ ਨਾਲ਼ ਤਿੰਨ ਚਾਰ ਮੀਟਿੰਗਾਂ ਕੀਤੀਆ ਸਨ ਤੇ ਆਖਰੀ ਮੀਟਿੰਗ ਉਨ੍ਹਾਂ ਅਸਟੋਰੀਆ ਦੀ ਸਾਅ ਮਿਲ ਵਿਚ ਕੀਤੀ ਜਿੱਥੇ ਗਦਰ ਪਾਰਟੀ ਬਣਾਈ ਗਈ।

ਪਰ ਉਨ੍ਹਾਂ ਦੇ ਪੋਰਟਲੈਂਡ ਆਉਣ ਦੀ ਤ੍ਰੀਕ ਬਾਰੇ ਅਤੇ ਗਦਰ ਪਾਰਟੀ ਬਣਾਏ ਜਾਣ ਦੀ ਤ੍ਰੀਕ ਬਾਰੇ ਲੇਖਕਾਂ ਵਿਚ ਮਤਭੇਦ ਹਨ। ਹਰਨਾਮ ਸਿੰਘ ਟੁੰਡੀਲਾਟ, ਸੋਹਣ ਸਿੰਘ ਭਕਨਾ ਅਤੇ ਕੇਸਰ ਸਿੰਘ ਠੱਠਗੜ੍ਹ ਵਰਗੇ ਗਦਰੀ ਆਪਣੇ ਬਿਆਨਾਂ ਵਿਚ ਕਹਿੰਦੇ ਨੇ ਕਿ ਭਾਈ ਪਰਮਾਨੰਦ ਅਤੇ ਲਾਲਾ ਹਰਦਿਆਲ ਮਾਰਚ 1913 ਵਿਚ ਪੋਰਟਲੈਂਡ ਆਏ ਸੀ। ਦੋ ਦਿਨ ਰਹਿ ਕੇ ਭਾਈ ਪਰਮਾਨੰਦ ਚਲੇ ਗਿਆ ਸੀ ਤੇ ਇਸ ਤੋਂ ਬਾਅਦ ਗਦਰ ਪਾਰਟੀ ਬਣਾਈ ਗਈ ਸੀ। ਪਰ ਕਈ ਕਾਰਨਾਂ ਕਰ ਕੇ ਮਾਰਚ ਦੀ ਤ੍ਰੀਕ ਨਾਲ਼ ਸਹਿਮਤ ਨਹੀਂ ਹੋਇਆ ਜਾ ਸਕਦਾ। ਜਦੋਂ ਇਨ੍ਹਾਂ ਆਪਣੇ ਬਿਆਨ ਲਿਖਾਏ ਸੀ ਉਦੋਂ ਗਦਰ ਪਾਰਟੀ ਨੂੰ ਬਣਿਆਂ 40-50 ਸਾਲ ਹੋ ਚੁੱਕੇ ਸਨ। ਡਾਇਰੀ ਤਾਂ ਇਹ ਲਿਖਦੇ ਨਹੀਂ ਸਨ ਤੇ ਬਿਨਾਂ ਡਾਇਰੀ ਤੋਂ 40-50 ਸਾਲ ਪੁਰਾਣੀਆਂ ਤਰੀਕਾਂ ਯਾਦ ਰੱਖਣੀਆਂ ਸੰਭਵ ਨਹੀਂ। ਵੈਸੇ ਵੀ ਹਰਨਾਮ ਸਿੰਘ ਟੰਡੀਲਾਟ ਦੀਆਂ ਗਦਰ ਪਾਰਟੀ ਨਾਲ਼ ਸੰਬੰਧਿਤ ਕਈ ਤ੍ਰੀਕਾਂ ਕਿਸੇ ਕਾਰਨ ਮਹੀਨਾ-ਡੇਢ ਮਹੀਨਾ ਅਸਲ ਤੋਂ ਅੱਗੇ ਹਨ। ਟੁੰਡੀਲਾਟ 'ਗ਼ਦਰ' ਅਖਬਾਰ ਦੇ ਸ਼ੁਰੂ ਹੋਣ ਦੀ ਤ੍ਰੀਕ ਵੀ ਪਹਿਲੀ ਅਕਤੂਬਰ 1913 ਲਿਖਦੇ ਹਨ।

ਗਦਰ ਪਾਰਟੀ ਦੇ ਉੱਪ ਪ੍ਰਧਾਨ ਕੇਸਰ ਸਿੰਘ ਠੱਠਗੜ੍ਹ 1955 'ਚ ਦਿੱਤੇ ਆਪਣੇ ਬਿਆਨ ਵਿਚ ਅਸਟੋਰੀਆ ਰੇਲਵੇ ਸਟੇਸ਼ਨ 'ਤੇ ਲਾਲਾ ਹਰਦਿਆਲ, ਸੋਹਣ ਸਿੰਘ ਭਕਨਾ ਤੇ ਇਨ੍ਹਾਂ ਨਾਲ ਪੋਰਟਲੈਂਡ ਤੋਂ ਆਏ ਹੋਰ ਦੇਸ਼ ਭਗਤਾਂ ਦਾ ਸਵਾਗਤ ਕੀਤੇ ਜਾਣ ਬਾਰੇ ਅਤੇ ਹੇਮੰਡ ਲੰਬਰ ਕੰਪਨੀ ਦੀ ਸਾਅ ਮਿਲ ਵਿਚ ਗਦਰ ਪਾਰਟੀ ਦੇ ਬਣਾਏ ਜਾਣ ਬਾਰੇ ਤਾਂ ਬੜੇ ਵਿਸਥਾਰ ਨਾਲ਼ ਦੱਸਦੇ ਨੇ ਪਰ ਤ੍ਰੀਕ ਬਾਰੇ ਉਹ ਵੀ ਪੱਕਾ ਨਹੀਂ ਜਾਣਦੇ। ਉਨ੍ਹਾਂ ਅਨੁਸਾਰ "ਸ਼ਾਇਦ" ਇਹ ਮਾਰਚ ਮਹੀਨਾ ਸੀ। ਬਿਆਨ ਲਿਖਾਉਣ ਵੇਲੇ ਗਦਰ ਪਾਰਟੀ ਨੂੰ ਬਣਿਆਂ 42 ਸਾਲ ਹੋ ਗਏ ਸਨ। ਇਸ ਲਈ ਤ੍ਰੀਕ ਬਾਰੇ ਉਨ੍ਹਾਂ ਨੂੰ ਪੱਕਾ ਯਾਦ ਨਹੀਂ।

ਸੋਹਣ ਸਿੰਘ ਭਕਨੇ ਨੇ 91 ਸਾਲ ਦੀ ਉਮਰ ਵਿਚ 6 ਅਕਤੂਬਰ 1961 ਨੂੰ ਗਿਆਨੀ ਹੀਰਾ ਸਿੰਘ 'ਦਰਦ' ਕੋਲ਼ ਆਪਣਾ ਬਿਆਨ ਦਰਜ ਕਰਵਾਇਆ ਸੀ। ਆਪਣੇ ਇਸ ਬਿਆਨ ਵਿਚ ਉਹ ਲਾਲਾ ਹਰਦਿਆਲ ਹੋਰਾਂ ਦੇ ਪੋਰਟਲੈਂਡ ਆਉਣ ਅਤੇ ਗਦਰ ਪਾਰਟੀ ਦੇ ਬਣਨ ਦੀ ਤ੍ਰੀਕ ਮਾਰਚ, 1913 ਹੀ ਦੱਸਦੇ ਹਨ।5-ਉਦੋਂ ਗਦਰ ਪਾਰਟੀ ਨੂੰ ਬਣਿਆ 48 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਦੀ। 96 ਸਾਲ ਦੀ ਉਮਰੇ 1966 ਵਿਚ ਗਦਰੀਆਂ ਦੀ ਯਾਦ ਵਿਚ ਆਪਣੇ ਪਿੰਡ ਲਗਾਈ ਸ਼ਿਲਾਲੇਖ ਉੱਤੇ ਵੀ ਭਕਨੇ ਨੇ ਗਦਰ ਪਾਰਟੀ ਦੇ ਬਣਨ ਦੀ ਤ੍ਰੀਕ 25 ਮਾਰਚ 1913 ਹੀ ਲਿਖਵਾਈ ਸੀ। ਪਰ 1930 ਵਿਚ 60 ਸਾਲ ਦੀ ਉਮਰੇ ਸੋਹਣ ਸਿੰਘ ਭਕਨੇ ਦੀਆਂ ਲਾਹੌਰ ਸੈਂਟਰਲ ਜੇਲ੍ਹ 'ਚੋਂ ਭੇਜੀਆਂ ਲਿਖਤਾਂ 'ਅਕਾਲੀ ਤੇ ਪਰਦੇਸੀ' ਅਖਬਾਰ ਵਿਚ ਛਪੀਆਂ ਸਨ। ਉਦੋਂ ਉਨ੍ਹਾਂ ਦੀ ਯਾਦਾਸ਼ਤ 1961 ਅਤੇ 1966 ਦੇ ਮੁਕਾਬਲੇ ਵਧੀਆ ਸੀ। ਇਨ੍ਹਾਂ ਲਿਖਤਾਂ ਵਿਚ ਉਹ ਲਿਖਦੇ ਨੇ,"ਮਈ 1913 ਈਸਵੀ ਨੂੰ ਭਾਈ ਪਰਮਾਨੰਦ ਤੇ ਭਾ: ਹਰਦਿਆਲ-ਦੋਵੇ-ਸੇਂਟ ਜਾਹਨ ਪਹੁੰਚੇ।" ਹੋਰ ਵੀ ਕਈ ਲੇਖਕਾਂ ਦਾ ਕਹਿਣਾ ਹੈ ਕਿ ਕਿ ਲਾਲਾ ਹਰਦਿਆਲ ਤੇ ਭਾਈ ਪਰਮਾਨੰਦ ਮਾਰਚ ਵਿਚ ਨਹੀ ਸਗੋਂ ਮਈ 1913 ਵਿਚ ਪੋਰਟਲੈਂਡ ਪਹੁੰਚੇ ਸਨ।

ਸਭ ਤੋਂ ਪਹਿਲਾਂ ਅਸੀਂ ਭਾਈ ਪਰਮਾਨੰਦ ਦੀ ਗੱਲ ਕਰਾਂਗੇ ਜੋ ਲਾਲਾ ਹਰਦਿਆਲ ਦੇ ਨਾਲ ਪੋਰਟਲੈਂਡ ਆਏ ਸਨ॥ ਉਹ ਆਪਣੀ ਸਵੈਜੀਵਨੀ ਵਿਚ ਲਿਖਦੇ ਨੇ, " ਮਈ 1913 ਵਿਚ ਮੈਂ ਯੂਨੀਵਰਸਿਟੀ ਦੀ ਡਿਗਰੀ ਪ੍ਰਾਪਤ ਕਰ ਲਈ ਅਤੇ ਦੇਸ਼ ਮੁੜਨ ਬਾਰੇ ਸੋਚਿਆ। ਲਾਲਾ ਹਰਦਿਆਲ ਨੇ ਮੇਰੇ ਕੋਲ਼ ਆ ਕੇ ਮੈਨੂੰ ਦੱਸਿਆ ਕਿ ਪੋਰਟਲੈਂਡ (ਸੇਂਟ ਜੌਹਨ) ਵਿਚ ਕੁਛ ਹਿੰਦੁਸਤਾਨੀ ਕਮੇਟੀ ਬਣਾਉਣਾ ਚਾਹੁੰਦੇ ਨੇ ਤੇ ਇਹ ਫੈਸਲਾ ਕਰਨਾ ਚਾਹੁੰਦੇ ਨੇ ਕਿ ਉਹ ਭਾਰਤ ਮਾਤਾ ਦੀ ਸੇਵਾ ਕਿਸ ਵਧੀਆ ਢੰਗ ਨਾਲ ਕਰ ਸਕਦੇ ਨੇ। ਹਰਦਿਆਲ ਨੇ ਮੈਨੂੰ ਪੋਰਟਲੈਂਡ ਹੋ ਕੇ ਦੇਸ ਜਾਣ ਨੂੰ ਆਖਿਆ। ਮੈਂ ਉਸ ਨਾਲ਼ ਚਲੇ ਗਿਆ ਅਤੇ ਉੱਥੇ ਦੋ ਦਿਨ ਅਤੇ ਇਕ ਰਾਤ ਰਿਹਾ।"

ਅਮਰੀਕਾ ਤੋਂ ਗਏ ਅਮਰ ਸਿੰਘ ਨਵਾਂਸ਼ਹਿਰੀਆ ਤੇ ਹਲਵਾਰੇ ਦੇ ਨਵਾਬ ਖਾਨ ਵਰਗੇ ਕਈ ਗਦਰੀ 'ਲਾਹੌਰ ਕਾਂਸਪੀਰੇਸੀ ਕੇਸ' ਵਿਚ ਵਾਅਦਾ ਮਾਫ ਗਵਾਹ ਬਣ ਭੁਗਤੇ ਸਨ। ਇਨ੍ਹਾਂ ਸਾਰਿਆਂ ਨੇ ਗਵਾਹੀ ਦਿੰਦਿਆਂ ਇਹ ਦੱਸਿਆ ਸੀ ਕਿ ਭਾਈ ਪਰਮਾਨੰਦ ਤੇ ਲਾਲਾ ਹਰਦਿਆਲ ਮਈ 1913 ਵਿਚ ਪੋਰਟਲੈਂਡ ਆਏ ਸੀ।

*ਬਾਕੀ ਹਿਸਾ ਸਫਾ 50 ਤੇ ਪੜ੍ਹੋ*

**49 ਸਫ਼ੇ ਦੀ ਬਾਕੀ**

ਇੰਡੀਅਨ ਪੁਲਿਸ ਦੇ ਵੱਡੇ ਅਫਸਰ ਆਈਜ਼ਮੋਂਗਰ ਤੇ ਸਲੈਟਰੀ ਹੋਰੀਂ 1919 ਵਿਚ ਛਪੀ ਆਪਣੀ ਕਿਤਾਬ 'An account of Gadar Party 1913-15' ਵਿਚ ਲਿਖਦੇ ਨੇ ਕਿ ਅਸਟੋਰੀਆ ਦੇ ਹਿੰਦੋਸਤਾਨੀ ਕਾਮਿਆਂ ਦੇ ਸੱਦੇ ਤੇ ਭਾਈ ਸੋਹਣ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਆਪਣੇ ਚਾਲੀ-ਪੰਜਾਹ ਸਾਥੀਆਂ ਨੂੰ ਨਾਲ ਲੈ ਕੇ 2 ਜੂਨ, 1913 ਨੂੰ ਦੁਪਹਿਰੋਂ ਬਾਅਦ ਰੇਲ ਗੱਡੀ ਰਾਹੀਂ ਪੋਰਟਲੈਂਡ ਤੋਂ ਅਸਟੋਰੀਆ ਪਹੁੰਚੇ। ਅਸਟੋਰੀਆ ਵਾਲੇ ਇਨ੍ਹਾਂ ਦਾ ਸਵਾਗਤ ਕਰਨ ਲਈ ਰੇਲਵੇ ਸਟੇਸ਼ਨ 'ਤੇ ਪਹੁੰਚੇ ਹੋਏ ਸਨ। ਅਸਟੋਰੀਆ ਵਾਲਿਆਂ ਨੇ ਇਸ ਖਾਸ ਮੌਕੇ ਲਈ ਦੋ 'ਇਲੈਕਟ੍ਰਿਕ ਟਰਾਮ ਕਾਰਾਂ' ਅਤੇ ਦੋ 'ਮੋਟਰ ਕਾਰਾਂ' ਕਿਰਾਏ ਉੱਤੇ ਕੀਤੀਆਂ ਹੋਈਆਂ ਸਨ। ਇਨ੍ਹਾਂ ਕਾਰਾਂ ਨੂੰ ਵੱਡੇ ਵੱਡੇ ਪੋਸਟਰਾਂ ਨਾਲ ਸਜਾਇਆ ਹੋਇਆ ਸੀ, ਜਿਨ੍ਹਾਂ ਉੱਤੇ ਮੋਟੇ ਅੱਖਰਾਂ ਵਿਚ 'INDIA' ਅਤੇ 'FREEDOM' ਲਿਖਿਆ ਹੋਇਆ ਸੀ।8-ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਇਨ੍ਹਾਂ ਨਾਲ ਪੋਰਟਲੈਂਡ ਤੋਂ ਆਏ ਇਨ੍ਹਾਂ ਦੇ ਸਾਥੀਆਂ ਨੂੰ ਰੇਲਵੇ ਸਟੇਸ਼ਨ ਤੋਂ ਜਲੂਸ ਦੀ ਸ਼ਕਲ ਵਿੱਚ 'ਹੇਮੰਡ ਲੰਬਰ ਕੰਪਨੀ' ਦੀ ਸਾਅ ਮਿੱਲ ਵਿਚ ਲਿਜਾਇਆ ਗਿਆ। ਇੱਥੇ ਖਾਣਾ ਖਾਣ ਪਿੱਛੋਂ ਵੱਡੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਬੋਲਦਿਆਂ ਲਾਲਾ ਹਰਦਿਆਲ ਨੇ ਹਿੰਦੁਸਤਾਨੀਆ ਨੂੰ ਸੰਬੋਧਿਤ ਹੁੰਦਿਆਂ ਆਖਿਆ, "ਅਮਰੀਕਾ 'ਚ ਆ ਕੇ ਤੁਸੀਂ ਇੱਥੋਂ ਦੀ ਖੁਸ਼ਹਾਲੀ ਨੂੰ ਅੱਖੀਂ ਦੇਖਿਆ ਹੈ। ਇਸ ਖੁਸ਼ਹਾਲੀ ਦਾ ਕੀ ਕਾਰਨ ਹੈ? ਸਿਰਫ ਇਹ ਕਿ ਅਮਰੀਕਾ ਵਿਚ ਇੱਥੋਂ ਦੇ ਲੋਕ ਰਾਜ ਕਰਦੇ ਹਨ। ਦੂਜੇ ਪਾਸੇ ਇੰਡੀਆ ਦੇ ਰਾਜ ਪ੍ਰਬੰਧ ਵਿਚ ਉੱਥੋਂ ਦੇ ਲੋਕਾਂ ਦਾ ਕੋਈ ਹੱਥ ਨਹੀਂ...।"

ਹਰਦਿਆਲ ਦੀ ਸਪੀਚ ਪਿੱਛੋਂ 'ਹਿੰਦੀ ਅਸੋਸੀਏਸ਼ਨ ਆਫ ਦੀ ਪੈਸਿਫਿਕ ਕੋਸਟ' (ਗਦਰ ਪਾਰਟੀ) ਦੀ ਸਥਾਪਨਾ ਕੀਤੀ ਗਈ।

ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੇ ਵੈਨਕੂਵਰ (ਕਨੇਡਾ) ਬੈਠੇ ਜਾਸੂਸ ਹਾਪਕਿਨ-ਸਨ ਨੂੰ ਉਹਦੇ ਸਾਨਫਰਾਂਸਿਸਕੋ ਵਿਚਲੇ ਇਨਫਾਰਮਰ ਟਿਲਟਨ ਸਟੀਲ ਨੇ ਦੱਸਿਆ ਸੀ ਕਿ ਹਰਦਿਆਲ ਮਈ ਦੇ ਆਖਰੀ ਹਫਤੇ ਪੋਰਟਲੈਂਡ ਵਿਚ ਸੀ। ਗਦਰ ਪਾਰਟੀ ਦੀ ਸਥਾਪਨਾ ਤੋਂ ਦੋ ਦਿਨ ਬਾਅਦ ਹਰਦਿਆਲ ਨੇ 4 ਜੂਨ 1913 ਨੂੰ ਅਸਟੋਰੀਆ ਦੇ 'ਫਿਨਿਸ਼ ਸੋਸ਼ਲਿਸਟ ਹਾਲ' ਵਿਚ ਅੱਗ ਵਰ੍ਹਾਊ ਭਾਸ਼ਣ ਦਿੱਤਾ ਸੀ। ਇਸ ਦੀਆਂ ਰਿਪੋਰਟਾਂ ਅਸਟੋਰੀਆ ਤੋਂ ਨਿਕਲਦੇ ਅਖਬਾਰ 'ਅਸਟੋਰੀਅਨ' ਨੇ ਆਪਣੇ 5 ਅਤੇ 7 ਜੂਨ ਦੇ ਅੰਕਾਂ ਵਿਚ ਛਾਪੀਆਂ ਸਨ। ਬ੍ਰਿਟਿਸ਼ ਰਾਜਦੂਤ ਵੱਲੋਂ ਪਾਏ ਦਬਾਅ ਕਾਰਨ ਅਮਰੀਕਨ ਸਰਕਾਰ ਨੇ ਸੀਆਟਲ ਅਤੇ ਪੋਰਟਲੈਂਡ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹਿਦਾਇਤਾਂ ਭੇਜੀਆਂ ਹੋਈਆਂ ਸਨ ਕਿ ਉਹ ਹਰਦਿਆਲ ਵੱਲੋਂ ਦਿੱਤੇ ਜਾ ਰਹੇ ਭਾਸ਼ਣਾਂ ਨੂੰ ਸੁਣਨ ਜਾਣ ਅਤੇ ਇਨ੍ਹਾਂ ਭਾਸ਼ਣਾਂ ਦੇ ਨੋਟਸ ਬਣਾਉਣ।

ਹਾਪਕਿਸਨ ਨੇ 13 ਜੂਨ (1913) ਨੂੰ ਸੀਆਟਲ ਪਹੁੰਚ ਕੇ ਇਨ੍ਹਾਂ ਅਖਬਾਰਾਂ ਦੀਆਂ ਕਟਿੰਗਜ਼ ਪ੍ਰਾਪਤ ਕੀਤੀਆਂ ਸਨ ਤੇ ਇਹ ਕਟਿੰਗਜ਼ ਉਹਨੇ ਆਪਣੇ ਬੌਸ ਕਨੇਡਾ ਦੇ ਡਿਪਟੀ ਇੰਟੀਰੀਅਰ ਮਨਿਸਟਰ ਕੋਰੀ ਨੂੰ ਔਟਵਾ ਭੇਜ ਦਿੱਤੀਆਂ ਸਨ।

ਗਦਰ ਲਹਿਰ ਦੇ ਬਹੁਤ ਹੀ ਸਤਿਕਾਰਤ ਇਤਿਹਾਸਕਾਰ ਜਗਜੀਤ ਸਿੰਘ ਨੇ ਵੀ ਆਪਣੀ ਕਿਤਾਬ 'ਗਦਰ ਪਾਰਟੀ ਲਹਿਰ' ਦੇ ਪੰਨਾ 151 'ਤੇ ਲਾਲਾ ਹਰਦਿਆਲ ਹੋਰਾਂ ਦੇ ਪੋਰਟਲੈਂਡ ਆਉਣ ਦੀ ਤ੍ਰੀਕ ਮਈ 1913 ਹੀ ਲਿਖੀ ਹੈ। ਗਦਰ ਪਾਰਟੀ 'ਤੇ ਪੀ. ਐਚ. ਡੀ. ਕਰਨ ਵਾਲੇ ਡਾ. ਹਰੀਸ਼ ਪੁਰੀ ਵੀ ਆਪਣੀ ਕਿਤਾਬ ਵਿੱਚ ਹਰਦਿਆਲ ਹੋਰਾਂ ਦੇ ਪੋਰਟਲੈਂਡ ਆਉਣ ਦੀ ਤ੍ਰੀਕ ਮਈ 1913 ਹੀ ਲਿਖਦੇ ਹਨ।

ਕੋਈ ਵੀ ਇਤਿਹਾਸਕਾਰ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹਨੇ ਅੰਤਮ ਸੱਚ ਪਾ ਲਿਆ ਹੈ। ਅਸੀਂ ਵੀ ਇਹ ਦਾਅਵ ਨਹੀਂ ਕਰਦੇ। ਪਰ ਉੱਪਰ ਲਿਖੀਆਂ ਦਲੀਲਾਂ ਦੇ ਆਧਾਰ 'ਤੇ ਇਹ ਕਹਿਣਾ ਚਾਹਾਂਗੇ ਕਿ ਭਾਈ ਪਰਮਾਨੰਦ ਤੇ ਲਾਲਾ ਹਰਦਿਆਲ ਮਾਰਚ ਵਿਚ ਨਹੀਂ ਸਗੋਂ ਮਈ 1913 ਵਿਚ ਪੋਰਟਲੈਂਡ ਆਏ ਸੀ ਅਤੇ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਕੇਸਰ ਸਿੰਘ ਠੱਠਗੜ੍ਹ, ਕਾਂਸ਼ੀ ਰਾਮ ਮੜੌਲੀ ਅਤੇ ਇਨ੍ਹਾਂ ਦੇ ਸਾਥੀਆਂ ਨੇ ਰਲਕੇ ਅਸਟੋਰੀਆ 'ਚ 2 ਜੂਨ, 1913 ਨੂੰ ਦੁਪਹਿਰੋਂ ਬਾਅਦ ਹੇਮੰਡ ਲੰਬਰ ਕੰਪਨੀ ਦੀ ਸਾਅ ਮਿੱਲ ਵਿਚ ਗਦਰ ਪਾਰਟੀ ਦੀ ਸਥਾਪਨਾ ਕੀਤੀ ਸੀ।

**(ਲੇਖਕ ਦੀ ਛਪ ਰਹੀ ਕਿਤਾਬ 'ਅਮਰੀਕਾ ਦੇ ਗਦਰੀ ਯੋਧੇ' ਵਿਚੋਂ)**

# LETTER TO EDITOR

Dear Editors

Re: Punjab, Punjabi & Punjabiat

It appears that the concept of Punjab, Punjabi and Punjabiat is being promoted and adopted by the Sikh people. A lot of this is occurring at an unconscious level as a way of being close to one's roots as well as seeking fun and joviality, This in stark contrast to the awkward and difficult challenge of Gurmukhi and Gurbani. Majority of the people are unable to make a distinction between the two concepts, which are at the opposite ends of the imaginary spectrum. There are many reasons for this 'drift' occurring and in part due to lack of learning and social spaces within Gurdwaras. For instance, in the letters page (Punjab Times, page 33, 28 May 26 edition) suggests a list of important books, exploring Sikh history and tradition. I wonder if a 'stock check' by Committee members can reveal the availability of any such texts?

Jathedar Mohinder Singh Khaira has been at pains to highlight these issues and more recently with reference to Nagar Kirtans and Funeral services. The emerging issue is a community not knowing the true purpose of such occasions. Or simply, failing to seek wisdom/advice of our elders? Possibly, confusion as we slip down the proverbial, "slippery slope"?

The Funeral services of the Sikh diaspora now include speeches and Punjabi folk songs in addition to the mandatory religious component, which is increasingly marginalized. This social aspect is understandable but is an import from the dominant British culture, which has shifted from the traditional religious to the secular. Songs like "I did it my way" and "It's time to say, good bye" can be frequently heard at indigenous funeral services. Again, we need to understand just what we want and why? Then modify the funeral service in line with Sikh values and thus avoiding offense to the revered traditions. Gurdwara administrators need to engage with grieving families at an early stage to find appropriate solutions to their wishes.


I confess that I am no fan of Nagar Kirtans as it includes a considerable amount of "Punjabeat" evidenced by a troop Dhol players leading the procession. The tone and atmosphere is not in keeping with the Sikhi protocol. We are more interested in the 'fun fair' of such events than the spiritual dimension. In the current state of polarized political opinion a major mishap is just waiting to happen. This should be a cautionary note for the organizers.

Gurmukh Singh's weekly editorial critiques the modern Sikh scholars whose primary aim is seeking higher qualifications, career endorsements and progression. Praise is rightly directed towards the classical and historical scholars whose work represents pearls of wisdom. True scholars are like "wild flowers", rarely heard or supported and may even remain unrecognized in their lifetime. They are often 'trampled' upon by competitors and 'outside forces'. Pertinent question is where will the next generation of self-reliant scholars come from? Sikh institutions should be actively nurturing independent scholarly activity outside the University system?

The unfortunate and callous murder of Henry Nowak has triggered a prejudicial reaction by some politicians who have failed to match the dignity displayed by his family. Thankfully, there has been a unified condemnation of this act with expression of sincere condolences by all quarters of the Sikh community. The Police investigation will inevitably produce further issues and challenges requiring considered opinion and direction by the Panth. Can we possibly remain united and wise in producing a strategic response?

**Jagroop Singh, 5 June 2026**

# ਹੈਨਰੀ ਨੋਵਾਕ ਦੇ ਕਤਲ ਦੀ ਪੂਰੀ ਜਾਂਚ ਅਗਲੇ ਸਾਲ ਸਤੰਬਰ ਤੱਕ ਮੁਲਤਵੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੈਨਰੀ ਨੋਵਾਕ ਦੀ ਮੌਤ ਦੇ ਮਾਮਲੇ ਦੀ ਪੂਰੀ ਇਨਕੁਐਸਟ (ਮੌਤ ਦੇ ਕਾਰਨ ਦੀ ਅਦਾਲਤੀ ਜਾਂਚ) ਨੂੰ 15 ਮਹੀਨਿਆਂ ਲਈ ਅੱਗੇ ਪਾ ਦਿੱਤਾ ਗਿਆ ਹੈ। 18 ਸਾਲਾ ਨੋਵਾਕ ਦੇ ਕਤਲ ਦੀ ਜਾਂਚ ਅੱਜ ਸ਼ੁਰੂ ਹੋਣੀ ਸੀ, ਪਰ ਕੋਰੋਨਰ (ਜਾਂਚ ਅਧਿਕਾਰੀ) ਨੇ ਹੁਣ ਐਲਾਨ ਕੀਤਾ ਹੈ ਕਿ ਇਹ ਜਾਂਚ 20 ਸਤੰਬਰ 2027 ਨੂੰ ਹੋਵੇਗੀ।ਜਾਂਚ ਨੂੰ ਮੁਲਤਵੀ ਕਰਨ ਤੋਂ ਪਹਿਲਾਂ, ਇਲਾਕਾ ਕੋਰੋਨਰ ਜੇਸਨ ਪੇਗ ਨੇ ਕਿਹਾ ਕਿ ਮੇਰੇ ਸਾਹਮਣੇ ਮੌਜੂਦ ਸਾਰੇ ਮਹੱਤਵਪੂਰਨ ਤੱਥਾਂ 'ਤੇ ਬਾਰੀਕੀ ਨਾਲ ਵਿਚਾਰ ਕਰਨ ਤੋਂ ਬਾਅਦ, ਮੈਂ ਨਿਰਦੇਸ਼ ਦਿੰਦਾ ਹਾਂ ਕਿ ਹੈਨਰੀ ਨੋਵਾਕ ਦੀ ਮੌਤ ਨਾਲ ਸਬੰਧਤ ਜਾਂਚ ਨੂੰ ਦੁਬਾਰਾ ਸ਼ੁਰੂ ਕੀਤਾ ਜਾਵੇ। ਮੈਂ ਇਹ ਫੈਸਲਾ ਇਸ ਲਈ ਲੈ ਰਿਹਾ ਹਾਂ ਕਿਉਂਕਿ ਮੈਂ ਸੰਤੁਸ਼ਟ ਹਾਂ ਕਿ ਇਸਦੇ ਪਿੱਛੇ ਕਾਫ਼ੀ ਕਾਰਨ ਹਨ, ਜਿਸ ਵਿੱਚ ਜਨਤਾ ਅਤੇ ਪਰਿਵਾਰ ਨੂੰ ਉਨ੍ਹਾਂ ਸਾਰੀਆਂ ਹਾਲਤਾਂ ਦੀ ਬਾਰੀਕੀ ਨਾਲ ਜਾਂਚ ਕਰਨ ਦਾ ਮੌਕਾ ਮਿਲੇਗਾ ਜਿਨ੍ਹਾਂ ਕਾਰਨ ਹੈਨਰੀ ਦੀ ਮੌਤ ਹੋਈ, ਅਤੇ ਆਰਟੀਕਲ ਦੋ ਦੇ ਤਹਿਤ ਜ਼ਿੰਮੇਵਾਰੀਆਂ ਨੂੰ ਪੂਰਾ ਕੀਤਾ ਜਾ ਸਕੇ।"ਮੈਂ ਆਉਣ ਵਾਲੇ ਸਮੇਂ ਵਿੱਚ ਇੱਕ ਜਿਊਰੀ (ਜੱਜਾਂ ਦੇ ਪੈਨਲ) ਦੇ ਨਾਲ ਬੈਠ ਕੇ ਇਸ ਜਾਂਚ ਦੀ ਸੁਣਵਾਈ ਕਰਾਂਗਾ। ਮੌਜੂਦਾ ਯੋਜਨਾ ਦੇ ਮੁਤਾਬਕ, ਇਹ ਅਦਾਲਤੀ ਜਾਂਚ ਵਿਨਚੈਸਟਰ ਕੋਰੋਨਰਜ਼ ਕੋਰਟ ਵਿੱਚ 20 ਸਤੰਬਰ 2027 ਇੱਕ ਜਿਊਰੀ ਦੇ ਸਾਹਮਣੇ ਸ਼ੁਰੂ ਕੀਤੀ ਜਾਵੇਗੀ।

# ਕਿਉਂ ਭਟਕਿਆ ਪੰਜਾਬ ਦਾ ਚੇਤਨਾ ਤੇ ਬੌਧਿਕ-ਪ੍ਰਵਾਹ ?

ਬਲਵਿੰਦਰਪਾਲ ਸਿੰਘ ਪ੍ਰੋਫੈਸਰ
ਸੰਪਰਕ 9815700916



ਪੰਜਾਬ ਦੀ ਰੂਹਾਨੀ ਅਤੇ ਬੌਧਿਕ ਧਰਤੀ ਅੱਜ ਇੱਕ ਅਜਿਹੇ ਦੋਰਾਹੇ 'ਤੇ ਆਣ ਖੜ੍ਹੀ ਹੋਈ ਹੈ, ਜਿੱਥੇ ਸਾਡਾ ਮਾਣਮੱਤਾ ਪਿਛੋਕੜ ਅਤੇ ਮੌਜੂਦਾ ਤਲਖ਼ ਹਕੀਕਤ ਇੱਕ-ਦੂਜੇ ਦੇ ਸਾਹਮਣੇ ਸਵਾਲੀਆ ਨਿਸ਼ਾਨ ਬਣ ਕੇ ਖੜ੍ਹੇ ਹਨ। ਸਤਿਗੁਰੂ ਬਾਬਾ ਨਾਨਕ ਦੇ ਗੁਰਮਤਿ ਫ਼ਲਸਫ਼ੇ ਨੇ ਇਸ ਖਿੱਤੇ ਦੀ ਮਿੱਟੀ ਨੂੰ ਅਣਖ ਅਤੇ ਸਵੈ-ਮਾਣ ਦਾ ਉਹ ਸਬਕ ਸਿਖਾਇਆ ਸੀ, ਜਿਸ ਦੀ ਗਵਾਹੀ ਇਤਿਹਾਸ ਦੇ ਪੰਨੇ ਅੱਜ ਵੀ ਭਰਦੇ ਹਨ। ਸਤਿਗੁਰੂ ਬਾਬਾ ਨਾਨਕ ਜੀ ਦੇ ਗੁਰਮਤਿ ਫਲਸਫੇ ਨੇ ਇਸ ਖਿੱਤੇ ਨੂੰ ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ' ਦਾ ਉਹ ਸਬਕ ਸਿਖਾਇਆ ਸੀ, ਜਿਸ ਨੇ ਸਦੀਆਂ ਤੋਂ ਸੂਰਮਿਆਂ ਅਤੇ ਚਿੰਤਕਾਂ ਦੀ ਪਨੀਰੀ ਤਿਆਰ ਕੀਤੀ ਸੀ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਕੋਈ ਮਨੁੱਖ ਆਪਣੀ 'ਪਤਿ' (ਇੱਜ਼ਤ, ਅਣਖ, ਜ਼ਮੀਰ) ਗੁਆ ਕੇ, ਅਪਮਾਨਜਨਕ ਤਰੀਕੇ ਨਾਲ ਅਤੇ ਜਬਰ ਅੱਗੇ ਗੋਡੇ ਟੇਕ ਕੇ ਜਿਉਂਦਾ ਰਹਿੰਦਾ ਹੈ, ਤਾਂ ਉਸ ਦਾ ਅਜਿਹਾ ਜੀਵਨ ਧ੍ਰਿਗ ਹੈ। ਉਹ ਆਪਣੀ ਜ਼ਿੰਦਗੀ ਨੂੰ ਬਚਾਉਣ ਜਾਂ ਸੁਖ-ਸਹੂਲਤਾਂ ਲਈ ਜੋ ਕੁਝ ਵੀ ਖਾਂਦਾ-ਪੀਂਦਾ ਜਾਂ ਹੰਢਾਉਂਦਾ ਹੈ, ਉਹ ਸਭ 'ਹਰਾਮ' (ਨਾਜਾਇਜ਼ ਅਤੇ ਅਪਵਿੱਤਰ) ਹੈ।

ਇੱਥੇ 'ਖਾਣ' ਦਾ ਮਤਲਬ ਸਿਰਫ਼ ਰੋਟੀ ਖਾਣਾ ਨਹੀਂ, ਸਗੋਂ ਜ਼ਮੀਰ ਵੇਚ ਕੇ ਮਿਲਣ ਵਾਲੇ ਸੁਖ-ਆਰਾਮ ਭੋਗਣਾ ਤੇ ਗੁਲਾਮੀ ਨੂੰ ਅਪਨਾਉਣਾ ਹੈ। ਇਹ ਪਾਵਨ ਪੰਗਤੀ (ਸਲੋਕ ਮਹਲਾ ੧, ਅੰਗ ੧੪੨) ਸਾਡੇ ਸਮਾਜਿਕ ਅਤੇ ਬੌਧਿਕ ਸੰਦਰਭ ਵਿੱਚ ਇੱਕ ਅਜਿਹਾ ਸੁਲਗਦਾ ਹੋਇਆ ਬਿੰਬ ਹੈ, ਜੋ ਅਣਖ, ਜ਼ਮੀਰ ਅਤੇ ਚੇਤਨਾ ਦੀ ਸਭ ਤੋਂ ਉੱਚੀ ਗਵਾਹੀ ਭਰਦਾ ਹੈ। ਪਰ ਅਫ਼ਸੋਸ ! ਅੱਜ ਪੰਜਾਬ ਦੀ ਬੌਧਿਕ ਅਤੇ ਸਾਹਿਤਕ ਫ਼ਿਜ਼ਾ ਵਿੱਚ ਇਹ 'ਪਤਿ' (ਇੱਜ਼ਤ ਤੇ ਅਣਖ) ਗਾਇਬ ਨਜ਼ਰ ਆ ਰਹੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜਿਸ ਫ਼ਲਸਫ਼ੇ ਨੇ ਬਾਬਰ ਵਰਗੇ ਜਰਵਾਣੇ ਨੂੰ ਉਸ ਦੇ ਮੂੰਹ 'ਤੇ 'ਜਾਬਰ' ਆਖਣ ਦਾ ਹੌਸਲਾ ਬਖ਼ਸ਼ਿਆ, ਉਹ ਗੁਰਮਤਿ ਫ਼ਲਸਫ਼ਾ ਅੱਜ ਸਾਡੀ ਸੰਸਥਾਗਤ ਵਿਵਸਥਾ ਅਤੇ ਸਿੱਖ ਧਰਮ ਦੇ ਵਿਹਾਰਕ ਆਧਾਰ ਵਿੱਚੋਂ ਮਨਫ਼ੀ ਕਿਉਂ ਹੋ ਗਿਆ? ਅਸੀਂ ਉਸ ਇਨਕਲਾਬੀ ਸੋਚ ਨੂੰ ਸਿਰਫ਼ ਰੁਮਾਲਿਆਂ, ਸੁੱਖ-ਸੁਖਣਾਵਾਂ,ਪੂਜਾ ਪਾਠ ਅਤੇ ਅਖੰਡ ਪਾਠਾਂ ਦੀਆਂ ਰਸਮਾਂ ਤੱਕ ਮਹਿਦੂਦ ਕਰ ਦਿੱਤਾ ਹੈ। ਇੱਕ ਪਾਸੇ ਗੁਰਬਾਣੀ ਦੀ ਸਾਂਝੀਵਾਲਤਾ ਦਾ ਓਟ-ਆਸਰਾ ਹੈ, ਅਤੇ ਦੂਜੇ ਪਾਸੇ ਸਾਡੇ ਪਿੰਡਾਂ ਵਿੱਚ ਜਾਤਾਂ ਦੇ ਨਾਂ 'ਤੇ ਵੱਖਰੇ ਗੁਰਦੁਆਰੇ ਅਤੇ ਸ਼ਮਸ਼ਾਨਘਾਟ ਬਣੇ ਹੋਏ ਹਨ। ਇਹ ਵਿਰੋਧਾਭਾਸ ਸਿੱਧ ਕਰਦਾ ਹੈ ਕਿ ਅਸੀਂ ਗੁਰਮਤਿ ਦੇ ਅਸਲ 'ਸੱਚ ਆਚਾਰ' ਨੂੰ ਛਿੱਕੇ ਟੰਗ ਕੇ ਬੌਧਿਕ ਤੌਰ 'ਤੇ ਬੁਰੀ ਤਰ੍ਹਾਂ ਪਛੜ ਚੁੱਕੇ ਹਾਂ।

ਉੱਤਮ ਸਾਹਿਤ ਕਦੇ ਨਾ ਮਰਨ ਵਾਲੀ ਇੱਕ ਅਮਰ ਕਲਾ ਹੈ। ਸਾਹਿਤਕਾਰ ਦਾ ਕੰਮ ਸਿਰਫ਼ ਕੋਰੇ ਕਾਗਜ਼ 'ਤੇ ਸਿਆਹੀ ਡੋਲ੍ਹਣਾ ਜਾਂ ਕੀਬੋਰਡ ਦੀਆਂ ਚਾਬੀਆਂ ਖੜਕਾਉਣਾ ਨਹੀਂ, ਬਲਕਿ ਉਹ ਆਪਣੇ ਦੌਰ ਦੇ ਮਨੁੱਖੀ ਤਜ਼ਰਬਿਆਂ, ਸੁਪਨਿਆਂ ਅਤੇ ਪੀੜਾਂ ਨੂੰ ਕਲਮਬੱਧ ਕਰਨ ਵਾਲਾ "ਸਮੇਂ ਦਾ ਸੱਚਾ ਗਵਾਹ" ਹੁੰਦਾ ਹੈ। ਬਾਬਾ ਫ਼ਰੀਦ, ਸ਼ਾਹ ਹੁਸੈਨ, ਅਤੇ ਬੁੱਲ੍ਹੇ ਸ਼ਾਹ ਤੋਂ ਲੈ ਕੇ ਪ੍ਰੋ. ਪੂਰਨ ਸਿੰਘ ਅਤੇ ਸੰਤ ਰਾਮ ਉਦਾਸੀ ਤੱਕ ਸਾਡੇ ਕੋਲ ਆਜ਼ਾਦ ਸਾਹਿਤਕਾਰਾਂ ਦੀ ਇੱਕ ਸ਼ਾਨਦਾਰ ਪਰੰਪਰਾ ਰਹੀ ਹੈ।

ਪਰ ਅਜੋਕੇ ਪੰਜਾਬੀ ਸਾਹਿਤਕਾਰ ਸਮਾਜ ਨੂੰ ਸੇਧ ਦੇਣ ਤੋਂ ਪੂਰੀ ਤਰ੍ਹਾਂ ਅਸਮਰਥ ਸਿੱਧ ਹੋ ਰਹੇ ਹਨ। ਅੱਜ ਦਾ ਲੇਖਕ 'ਲਕੀਰ ਦਾ ਫ਼ਕੀਰ' ਬਣ ਕੇ ਪੱਛਮੀ ਸਿਧਾਂਤਾਂ ਦੀ ਅੰਨ੍ਹੀ ਨਕਲ ਕਰ ਰਿਹਾ ਹੈ। ਉਸ ਕੋਲ ਨਾ ਤਾਂ ਸਮਾਜ ਨੂੰ ਦੇਣ ਲਈ ਕੋਈ ਨਵਾਂ ਫ਼ਲਸਫ਼ਾ ਹੈ ਅਤੇ ਨਾ ਹੀ ਮੌਲਿਕ ਦ੍ਰਿਸ਼ਟੀਕੋਣ। ਰੂਸੀ ਚਿੰਤਕ ਲਿਓ ਤਾਲਸਤਾਏ ਨੇ ਲਿਖਿਆ ਸੀ:

ਸਾਹਿਤ ਅਤੇ ਕਲਾ ਮਨੁੱਖ ਦੀ ਚੇਤਨਾ ਨੂੰ ਉੱਚਾ ਚੁੱਕਣ ਅਤੇ ਮਨੁੱਖਾਂ ਨੂੰ ਆਪਸ ਵਿੱਚ ਜੋੜਨ ਦਾ ਸਭ ਤੋਂ ਉੱਤਮ ਸਾਧਨ ਹਨ। ਪਰ ਸਾਡੇ ਅਜੋਕੇ ਲੇਖਕ ਸਰਕਾਰੀ ਇਨਾਮਾਂ ਦੀ ਲਾਲਸਾ ਵਿੱਚ ਉੱਤਮ ਸਾਹਿਤ ਰਚਣ ਦੀ ਬਜਾਏ ਜੋੜ-ਤੋੜ ਵਿੱਚ ਮਸਤ ਹਨ ਕਿ ਅਗਲਾ 'ਸ਼੍ਰੋਮਣੀ ਪੁਰਸਕਾਰ' ਕਿਸ ਦੀ ਝੋਲੀ ਪਵੇਗਾ ? ਉਹ ਉਨ੍ਹਾਂ ਮੰਚਾਂ 'ਤੇ ਵੀ ਹਾਜ਼ਰੀਆਂ ਭਰਨ ਤੋਂ ਗੁਰੇਜ਼ ਨਹੀਂ ਕਰਦੇ, ਜੋ ਸੱਤਾ ਵੱਲੋਂ ਪ੍ਰਾਯੋਜਿਤ ਹੁੰਦੇ ਹਨ। ਨੋਬਲ ਜੇਤੂ ਦਾਰਸ਼ਨਿਕ ਐਲਬਰਟ ਕਾਮੂ ਨੇ ਸੱਤਾ ਅੱਗੇ ਸਾਹਿਤਕਾਰ ਦੀ ਅਣਖ ਬਾਰੇ ਜੋ ਕਿਹਾ ਸੀ, ਉਹ ਅੱਜ ਦੇ ਪੰਜਾਬੀ ਸਾਹਿਤ ਜਗਤ 'ਤੇ ਪੂਰੀ ਤਰ੍ਹਾਂ ਢੁਕਦਾ ਹੈ:

"ਸਾਹਿਤ ਦਾ ਮਕਸਦ ਉਨ੍ਹਾਂ ਲੋਕਾਂ ਦੀ ਸੇਵਾ ਕਰਨਾ ਹੈ ਜੋ ਇਤਿਹਾਸ ਦੇ ਜਬਰ ਦਾ ਸ਼ਿਕਾਰ ਹੁੰਦੇ ਹਨ, ਨਾ ਕਿ ਉਨ੍ਹਾਂ ਦੀ ਜੋ ਸਿਸਟਮ (ਸੱਤਾ) ਨੂੰ ਚਲਾਉਂਦੇ ਹਨ।"

ਜਦੋਂ ਸਾਹਿਤ ਜਨਤਾ ਦੀ ਸੱਥ ਵਿੱਚੋਂ ਨਿਕਲ ਕੇ ਡਰਾਇੰਗ ਰੂਮਾਂ ਤੱਕ ਸੀਮਤ ਹੋ ਜਾਵੇ, ਤਾਂ ਸਮਾਜ ਵਿੱਚ ਬੌਧਿਕ ਦੀਵਾਲੀਆਪਨ ਆਉਣਾ ਲਾਜ਼ਮੀ ਹੈ। ਇਸੇ ਕਾਰਨ ਹੀ ਸਾਡੀ ਨਵੀਂ ਪੀੜ੍ਹੀ ਸਾਹਿਤ ਤੋਂ ਦੂਰ ਹੋ ਕੇ ਯੂਟਿਊਬ ਦੇ ਵਲੌਗਰਾਂ, ਲੱਚਰ ਗਾਇਕੀ, ਹਲਕੀਆਂ-ਫੁਲਕੀਆਂ ਫ਼ਿਲਮਾਂ ਅਤੇ ਨਸ਼ੇ ਦੇ ਕੋਹੜ ਵਿੱਚ ਗਰਕ ਰਹੀ ਹੈ। ਜਿੱਥੇ ਅਦੀਬਾਂ ਨੇ ਸੂਝ-ਬੂਝ ਦਾ ਬੀਜ ਬੋਣਾ ਸੀ, ਉੱਥੇ ਹੁਣ ਹਥਿਆਰਾਂ ਅਤੇ ਗੈਂਗਸਟਰ ਕਲਚਰ ਦੀ ਫ਼ਸਲ ਲਹਿਰਾ ਰਹੀ ਹੈ, ਤੇ ਸਾਡਾ ਬੁੱਧੀਜੀਵੀ ਕਬੀਲਾ 'ਕਬੂਤਰ ਵਾਂਗ ਅੱਖਾਂ ਮੀਟ ਕੇ' ਬੈਠਾ ਹੈ।

ਕੋਈ ਵੀ ਸਾਹਿਤਕ ਕਿਰਤ ਉਦੋਂ ਤੱਕ ਲੋਕਾਂ ਦੀ ਰੂਹ ਨੂੰ ਨਹੀਂ ਛੂਹ ਸਕਦੀ, ਜਦੋਂ ਤੱਕ ਉਹ ਉਸ ਭਾਸ਼ਾ ਵਿੱਚ ਨਾ ਲਿਖੀ ਜਾਵੇ ਜੋ ਉਸ ਸੱਭਿਆਚਾਰ ਦੇ ਪ੍ਰਤੀਕਾਂ, ਬਿੰਬਾਂ ਅਤੇ ਯਾਦਾਂ ਨਾਲ ਭਰਪੂਰ ਹੋਵੇ। ਅੱਜ ਸਾਡੀ ਤ੍ਰਾਸਦੀ ਇਹ ਹੈ ਕਿ ਜਿਹੜੇ ਲੋਕਾਂ ਕੋਲ ਦੁੱਖ, ਦਰਦ ਅਤੇ ਸੰਘਰਸ਼ ਦਾ ਅਸਲ ਜ਼ਮੀਨੀ ਤਜ਼ਰਬਾ ਹੈ, ਉਹਨਾਂ ਕੋਲ ਸਾਹਿਤਕ ਮੁਹਾਵਰਾ ਨਹੀਂ; ਅਤੇ ਜਿਹੜੇ ਯੂਨੀਵਰਸਿਟੀਆਂ ਵਿੱਚ ਬੈਠੇ ਕਥਿਤ ਬੁੱਧੀਜੀਵੀ ਜਾਂ ਲਿਖਾਰੀ ਹਨ, ਉਹ "ਲੋਕ-ਮਨ ਦੇ ਵਲਵਲਿਆਂ" ਤੋਂ ਬਿਲਕੁਲ ਟੁੱਟ ਚੁੱਕੇ ਹਨ। ਸਾਡੇ ਸਾਹਿਤ ਦਾ ਇੱਕ ਵੱਡਾ ਹਿੱਸਾ ਪੱਛਮ ਦੀ ਨਕਲ ਮਾਰਨ ਵਿੱਚ ਮਸਤ ਹੈ, ਜੋ ਨਾਅਰੇਬਾਜ਼ੀ ਤਾਂ ਕਰਦਾ ਹੈ ਪਰ ਆਮ ਪੰਜਾਬੀ ਦੇ ਦਿਲ ਦੀ ਧੜਕਣ ਨੂੰ ਨਹੀਂ ਪਛਾਣ ਸਕਦਾ। ਇੱਕ ਸਫ਼ਲ ਲਿਖਾਰੀ ਲਈ ਸਿਰਫ਼ ਸ਼ਬਦਾਂ ਦਾ ਗਿਆਨ ਕਾਫ਼ੀ ਨਹੀਂ ਹੁੰਦਾ। ਉਸ ਦੇ ਅੰਦਰ ਹਮਦਰਦੀ ਅਤੇ ਡੂੰਘੀ ਚੇਤਨਾ ਦਾ ਹੋਣਾ ਸਭ ਤੋਂ ਜ਼ਰੂਰੀ ਹੈ। ਇਹੀ ਚੇਤਨਾ ਪਾਠਕ ਅਤੇ ਲੇਖਕ ਦੇ ਦਿਲਾਂ ਨੂੰ ਆਪਸ ਵਿੱਚ ਜੋੜਦੀ ਹੈ। ਪਰ ਅੱਜ ਦਾ ਦੌਰ ਵੱਖਰਾ ਹੈ।

ਅਜੋਕੇ ਪੰਜਾਬੀ ਲਿਖਾਰੀ ਕਲਮ ਚੁੱਕਦਿਆਂ ਹੀ ਕਈ ਚੁਣੌਤੀਆਂ ਅੱਗੇ ਢੇਰੀ ਹੋ ਜਾਂਦੇ ਹਨ। ਉਹ ਵਿਚਾਰਾਂ ਦੇ ਮੁੱਕ ਜਾਣ, ਤਿੱਖੀ ਆਲੋਚਨਾ ਅਤੇ ਵਪਾਰਕ ਦਬਾਅ ਦਾ ਸ਼ਿਕਾਰ ਹਨ। ਇਹ ਸਥਿਤੀ ਅਸਲ ਵਿੱਚ ਅਜੋਕੇ ਲੇਖਕ ਦੀ ਅੰਦਰੂਨੀ ਅਤੇ ਬਾਹਰੀ ਬੇਬਸੀ ਦਾ ਇੱਕ ਗੰਭੀਰ ਲੱਛਣ ਹੈ।

ਇੱਕ ਸਮਾਂ ਸੀ ਜਦੋਂ ਸਾਡੇ ਸਾਹਿਤਕਾਰਾਂ (ਜਿਵੇਂ ਸੰਤ ਰਾਮ ਉਦਾਸੀ ਜਾਂ ਪਾਸ਼) ਦੀਆਂ ਲਿਖਤਾਂ ਜਨਤਾ ਦੇ ਜੀਵਨ, ਪਿੰਡਾਂ ਦੀਆਂ ਸੱਥਾਂ ਅਤੇ ਲੋਕਾਂ ਦੇ ਸਾਂਝੇ ਸੰਘਰਸ਼ਾਂ ਵਿੱਚੋਂ ਨਿਕਲਦੀਆਂ ਸਨ। ਪਰ ਅੱਜ ਦਾ ਬਹੁਤਾ ਲਿਖਾਰੀ ਆਮ ਲੋਕਾਂ ਦੇ ਦੁੱਖ-ਦਰਦ ਅਤੇ "ਲੋਕ-ਮਨ ਦੇ ਵਲਵਲਿਆਂ" ਤੋਂ ਟੁੱਟ ਕੇ ਸ਼ਹਿਰੀ ਡਰਾਇੰਗ ਰੂਮਾਂ ਜਾਂ ਯੂਨੀਵਰਸਿਟੀਆਂ ਦੇ ਏਅਰ-ਕੰਡੀਸ਼ਨਡ ਕਮਰਿਆਂ ਤੱਕ ਸੀਮਤ ਹੋ ਗਿਆ ਹੈ।

ਜਦੋਂ ਲੇਖਕ ਦੀ ਜੜ੍ਹ ਹੀ ਲੋਕ-ਧਾਰਾ ਅਤੇ ਜ਼ਮੀਨੀ ਹਕੀਕਤ ਵਿੱਚੋਂ ਪੁੱਟੀ ਜਾਵੇ, ਤਾਂ ਉਸ ਕੋਲ ਮੌਲਿਕ ਵਿਚਾਰਾਂ ਦਾ ਅਕਾਲ ਪੈਣਾ ਲਾਜ਼ਮੀ ਹੈ।ਨਤੀਜੇ ਵਜੋਂ, ਉਹ ਨਵੇਂ ਵਿਚਾਰ ਸਿਰਜਣ ਦੀ ਬਜਾਏ ਪੱਛਮੀ ਸਿਧਾਂਤਾਂ ਦੀ ਅੰਨ੍ਹੀ ਨਕਲ ਕਰਨ ਲੱਗਦਾ ਹੈ। ਜਦੋਂ ਉਹ ਨਕਲ ਵੀ ਫ਼ਿੱਕੀ ਪੈ ਜਾਂਦੀ ਹੈ, ਤਾਂ ਲੇਖਕ ਵਿਚਾਰਾਂ ਦੇ ਖਾਲੀਪਨ ਦਾ ਸ਼ਿਕਾਰ ਹੋ ਕੇ ਬੇਵਸ ਹੋ ਜਾਂਦਾ ਹੈ।

ਪਰ ਸੱਚਾ ਸਾਹਿਤਕਾਰ ਉਹੀ ਹੈ ਜੋ ਹਰ ਨਕਾਰਾਤਮਕਤਾ ਨੂੰ ਪਾਸੇ ਕਰਕੇ, ਸਮਾਜਿਕ ਕੁਰੀਤੀਆਂ, ਕੁਦਰਤ ਦੇ ਘਾਣ ਅਤੇ ਮਨੁੱਖੀ ਹੱਕਾਂ ਲਈ "ਚਟਾਨ ਵਾਂਗ ਡਟਿਆ ਰਹੇ"।

ਅੱਜ ਦੇ ਦੌਰ ਵਿੱਚ ਸੋਸ਼ਲ ਮੀਡੀਆ ਅਤੇ ਬੌਧਿਕ ਹਲਕਿਆਂ ਵਿੱਚ ਸਹਿਣਸ਼ੀਲਤਾ ਖ਼ਤਮ ਹੁੰਦੀ ਜਾ ਰਹੀ ਹੈ। ਜੇਕਰ ਕੋਈ ਲੇਖਕ ਸਮਾਜਿਕ ਕੁਰੀਤੀਆਂ, ਧਾਰਮਿਕ ਪਾਖੰਡਾਂ ਜਾਂ ਰਾਜਨੀਤਿਕ ਜਬਰ ਖ਼ਿਲਾਫ਼ ਕੋਈ ਨਵੀਂ ਜਾਂ ਵੱਖਰੀ ਗੱਲ ਕਹਿਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ 'ਤੇ ਚੌਤਰਫ਼ਾ ਹਮਲੇ ਸ਼ੁਰੂ ਹੋ ਜਾਂਦੇ ਹਨ।

ਸਾਡੇ ਅਜੋਕੇ ਆਲੋਚਕ ਵੀ ਅਕਸਰ "ਖੂਹ ਦੇ ਡੱਡੂ" ਬਣ ਕੇ ਰਚਨਾਤਮਕਤਾ ਨੂੰ ਹੱਲਾਸ਼ੇਰੀ ਦੇਣ ਦੀ ਬਜਾਏ ਲੇਖਕ ਦੀ ਹਿੰਮਤ ਤੋੜਨ ਵਾਲੀ ਨਕਾਰਾਤਮਕ ਆਲੋਚਨਾ ਕਰਦੇ ਹਨ।

ਇਸ ਤਿੱਖੀ, ਗ਼ੈਰ-ਸਿਹਤਮੰਦ ਆਲੋਚਨਾ ਅਤੇ 'ਟ੍ਰੋਲਿੰਗ' ਦੇ ਡਰੋਂ ਲੇਖਕ ਅਜਿਹਾ ਸੱਚ ਲਿਖਣ ਤੋਂ ਕੰਨੀ ਕਤਰਾਉਣ ਲੱਗ ਪੈਂਦਾ ਹੈ ਜੋ ਸਮਾਜ ਨੂੰ ਹਲੂਣ ਸਕੇ। ਉਹ ਕਿਸੇ ਵਿਵਾਦ ਵਿੱਚ ਪੈਣ ਦੀ ਬਜਾਏ ਚੁੱਪ ਰਹਿਣਾ ਜਾਂ ਗੋਲ-ਮੋਲ ਲਿਖਣਾ ਬਿਹਤਰ ਸਮਝਦਾ ਹੈ ਅਤੇ ਸੱਚ ਦੀ ਆਵਾਜ਼ ਬਣਨ ਤੋਂ ਪਹਿਲਾਂ ਹੀ ਢੇਰੀ ਹੋ ਜਾਂਦਾ ਹੈ।

ਇਹ ਅਜੋਕੇ ਪੂੰਜੀਵਾਦੀ ਅਤੇ ਤਕਨਾਲੋਜੀ ਦੇ ਯੁੱਗ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਅੱਜ ਕਿਤਾਬਾਂ ਵਿਕਦੀਆਂ ਨਹੀਂ ਅਤੇ ਸਾਹਿਤਕ ਸੱਭਿਆਚਾਰ ਦਮ ਤੋੜ ਰਿਹਾ ਹੈ। ਪਾਠਕਾਂ ਦੀ ਨਵੀਂ ਪੀੜ੍ਹੀ ਯੂਟਿਊਬ, ਲੱਚਰ ਗਾਇਕੀ ਅਤੇ ਰੀਲਾਂ ਦੀ ਚਕਾਚੌਂਧ ਵਿੱਚ ਮਸਤ ਹੈ।

ਅਜਿਹੇ ਮਾਹੌਲ ਵਿੱਚ ਪ੍ਰਕਾਸ਼ਕ ਵੀ ਉਹੀ ਚੀਜ਼ ਛਾਪਣਾ ਚਾਹੁੰਦੇ ਹਨ ਜੋ "ਵਿਕਦੀ" ਹੋਵੇ-ਯਾਨੀ ਹਲਕਾ-ਫੁਲਕਾ ਮਨੋਰੰਜਨ, ਸਸਤੀ ਸ਼ੋਹਰਤ ਵਾਲਾ ਮਸਾਲਾ ਜਾਂ ਸੱਤਾ ਦੀ ਹਾਂ ਵਿੱਚ ਹਾਂ ਮਿਲਾਉਣ ਵਾਲਾ ਲਿਖਤ-ਤਾਨਾ।

ਜਦੋਂ ਲੇਖਕ ਦੇ ਸਾਹਮਣੇ ਘਰ ਚਲਾਉਣ ਅਤੇ ਆਰਥਿਕ ਹੋਂਦ ਬਚਾਉਣ ਦਾ ਸਵਾਲ ਆਉਂਦਾ ਹੈ, ਤਾਂ ਉਹ ਵਪਾਰਕ ਦਬਾਅ ਅੱਗੇ ਗੋਡੇ ਟੇਕ ਦਿੰਦਾ ਹੈ। ਉਹ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ "ਉੱਤਮ ਸਾਹਿਤ" ਰਚਣ ਦੀ ਬਜਾਏ ਮਾਰਕੀਟ ਦੀ ਮੰਗ ਮੁਤਾਬਕ ਲਿਖਣ ਲੱਗ ਪੈਂਦਾ ਹੈ।

ਜੇਕਰ ਪੰਜਾਬੀ ਸਾਹਿਤ ਨੇ ਅੱਜ ਦੇ ਇਸ ਤਕਨਾਲੋਜੀ ਅਤੇ ਵਪਾਰਕ ਯੁੱਗ ਵਿੱਚ ਆਪਣੀ ਹੋਂਦ ਨੂੰ ਬਰਕਰਾਰ ਰੱਖਣਾ ਹੈ, ਤਾਂ ਲਿਖਾਰੀਆਂ ਨੂੰ ਗੂੜ੍ਹੀ ਨੀਂਦ ਵਿੱਚੋਂ ਜਾਗਣਾ ਪਵੇਗਾ। ਸਾਹਿਤ ਦਾ ਅਸਲ ਮਨੋਰਥ ਸਿਰਫ਼ ਪਾਠਕਾਂ ਦਾ ਮਨੋਰੰਜਨ ਕਰਨਾ ਨਹੀਂ, ਬਲਕਿ ਉਹਨਾਂ ਦੀ ਜ਼ਮੀਰ ਨੂੰ ਹਲੂਣਨਾ ਹੈ।

ਗੁਰਮਤਿ ਫ਼ਲਸਫ਼ੇ ਦੀ ਰੌਸ਼ਨੀ ਵਿੱਚ ਪੰਜਾਬੀ ਸਾਹਿਤ ਨੂੰ ਮੁੜ ਸੁਰਜੀਤ ਕਰਨ ਲਈ ਅੱਜ ਇੱਕ ਵੱਡੇ ਬੌਧਿਕ ਅਤੇ ਰਚਨਾਤਮਕ ਅੰਦੋਲਨ ਦੀ ਲੋੜ ਹੈ। ਸਾਡੇ ਪੰਜਾਬੀ ਦੇ ਆਲੋਚਕਾਂ ਨੂੰ ਵੀ ਹੁਣ "ਖੂਹ ਦੇ ਡੱਡੂ" ਬਣ ਕੇ ਰਹਿਣ ਦੀ ਬਜਾਏ ਆਪਣੀ ਸੋਚ ਦਾ ਦਾਇਰਾ ਵੱਡਾ ਕਰਨਾ ਪਵੇਗਾ।

ਜੇ ਅੱਜ ਵੀ ਪੰਜਾਬੀ ਸਾਹਿਤਕਾਰਾਂ, ਚਿੰਤਕਾਂ ਅਤੇ ਗੁਰਮਤਿ ਦੇ ਅਸਲ ਪਾਂਧੀਆਂ ਨੇ 'ਸੁੱਤੀਆਂ ਕਲਾਂ ਜਗਾਉਣ' ਦਾ ਹੰਭਲਾ ਨਾ ਮਾਰਿਆ, ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ। ਸਾਹਿਤ ਕਦੇ ਨਹੀਂ ਮਰਦਾ, ਬੱਸ ਉਸ ਦੇ ਰੰਗ ਅਤੇ ਮਾਧਿਅਮ ਬਦਲਦੇ ਹਨ। ਸਾਨੂੰ ਗਿਆਨ, ਅਣਖ ਅਤੇ ਚੇਤਨਾ ਦੀ ਇਹ ਮਸ਼ਾਲ ਮੁੜ ਜਗਾਉਣੀ ਹੀ ਪਵੇਗੀ ਤਾਂ ਜੋ ਪੰਜਾਬ ਦੀ ਕਲਮ ਕਿਸੇ ਸੱਤਾ ਦੀ ਗੁਲਾਮ ਨਾ ਹੋ ਕੇ ਲੋਕ-ਸੱਚ ਦੀ ਆਵਾਜ਼ ਬਣ ਸਕੇ।

## ਗੁਰਗੱਦੀ ਦਿਵਸ ਉਪਰ ਵਿਸ਼ੇਸ਼

# ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ

**ਰਮੇਸ਼ ਬੱਗਾ ਚੋਹਲਾ**
ਸੰਪਰਕ: 94631-32719

ਗੁਰੂ ਨਾਨਕ ਦੇਵ ਜੀ ਨੇ ਜਿੱਥੇ ਲੋਕਾਈ ਨੂੰ ਮਿਆਰੀ, ਪਰਉਪਕਾਰੀ ਅਤੇ ਵਿਹਾਰੀ (ਅਮਲੀ) ਜੀਵਨ ਜਿਉਣ ਦਾ ਉਪਦੇਸ਼ ਦਿੱਤਾ, ਉੱਥੇ ਹੀ 'ਸਿਰ ਤਲੀ 'ਤੇ ਧਰ ਕੇ ਪ੍ਰੇਮ (ਰੱਬੀ) ਦੀ ਖੇਡ ਖੇਡਣ ਦੀ ਵੰਗਾਰ ਵੀ ਦਿੱਤੀ ਹੈ।' ਇਹ ਖੇਡ ਖੇਡਣ ਲਈ ਸੰਤ ਸੁਭਾਅ ਦੇ ਨਾਲ ਸਿਪਾਹੀਅਤ (ਜੁਝਾਰੂ ਬਿਰਤੀ) ਨੂੰ ਵੀ ਬਰਾਬਰ ਅਹਿਮੀਅਤ ਦਿੱਤੀ ਗਈ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਇਸ ਪਤਿ ਦੀ ਸਲਾਮਤੀ ਹਿੱਤ ਅਤੇ ਸਿੱਖੀ ਨੂੰ ਅਣਖ ਦੀ ਪਾਣ ਚੜ੍ਹਾਈ (ਸ਼ਸਤਰਧਾਰੀ ਹੋ ਕੇ) ਰੱਖਣ ਲਈ ਛੇਵੇਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗੁਰਿਆਈ ਦੇ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ ਜਿਸ ਨੂੰ ਸਿੱਖ ਇਤਿਹਾਸ ਵਿਚ ਮੀਰੀ ਅਤੇ ਪੀਰੀ ਦਾ ਨਾਮ ਦਿੱਤਾ ਗਿਆ ਹੈ। ਧਰਮ ਅਤੇ ਰਾਜਨੀਤੀ ਦੀ ਇਸ ਨਿਵੇਕਲੀ ਪਰ ਚਿਰਸਥਾਈ ਸਾਂਝ ਨਾਲ ਸਿੱਖ ਧਰਮ ਇਕ ਅਤਿ ਅਣਖੀਲੇ ਅਤੇ ਕ੍ਰਾਂਤੀਕਾਰੀ ਮੋੜ ਵੱਲ ਮੁੜ ਗਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਞ ਬਿਆਨਿਆ ਹੈ:

ਪੰਜਿ ਪਿਆਲੇ ਪੰਜ ਪੀਰ
ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿਕੈ
ਮੂਰਤਿ ਹਰਿਗੋਬਿੰਦ ਸਵਾਰੀ॥
ਚਲੀ ਪੀੜੀ ਸੋਢੀਆ
ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰੁ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ।

ਗੁਰੂ ਹਰਿਗੋਬਿੰਦ ਜੀ ਦਾ ਜਨਮ 21 ਹਾੜ੍ਹ ਸੰਮਤ 1652 ਮੁਤਾਬਕ 19 ਜੂਨ 1595 (ਕੁੱਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵੱਸੇ ਨਗਰ ਵਡਾਲੀ (ਗੁਰੂ ਕੀ) ਵਿੱਚ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਛੇਵੇਂ ਗੁਰੂ ਦੇ ਪ੍ਰਕਾਸ਼ ਦਿਹਾੜੇ ਦੀ ਜਿੱਥੇ ਸੰਗਤ ਨੇ ਖੁਸ਼ੀ ਮਨਾਈ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਅਫਸੋਸ ਵੀ ਹੋਇਆ। ਇਨ੍ਹਾਂ ਦੋਖੀਆਂ ਵਿਚ ਪ੍ਰਮੁੱਖ ਨਾਮ ਪ੍ਰਿਥੀ ਚੰਦ ਦਾ ਸੀ ਜੋ ਪਰਿਵਾਰਕ ਤੌਰ 'ਤੇ ਗੁਰੂ ਸਾਹਿਬ ਦੇ ਤਾਇਆ ਜੀ ਲੱਗਦੇ ਸਨ। ਗੁਰਗੱਦੀ 'ਤੇ ਕਬਜ਼ਾ ਕਰਨ ਲਈ ਈਰਖਾਲੂ ਪ੍ਰਿਥੀ ਚੰਦ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਰਨ ਦੀਆਂ ਦੋ ਵਿਉਂਤਾਂ ਬਣਾਈਆਂ ਪਰ ਗੁਰੂ ਸਾਹਿਬ ਬਚ ਗਏ।

ਗੁਰੂ ਅਰਜਨ ਦੇਵ ਜੀ ਸਰਬੱਤ ਦੇ ਭਲੇ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ ਲਾਹੌਰ ਗਏ ਹੋਏ ਸਨ। ਉਹ ਪਰਿਵਾਰ ਸਮੇਤ 1597 ਈ. ਨੂੰ ਵਡਾਲੀ ਗੁਰੂ ਕੀ ਆ ਗਏ। ਵਡਾਲੀ ਤੋਂ ਗੁਰੂ ਜੀ ਨੂੰ ਅੰਮ੍ਰਿਤਸਰ ਆਉਣਾ ਪਿਆ। ਪ੍ਰਿਥੀ ਚੰਦ ਵੀ ਅੰਮ੍ਰਿਤਸਰ ਹੀ ਰਹਿੰਦਾ ਸੀ। ਉਸ ਦੀਆਂ ਪਹਿਲੀਆਂ ਦੋ ਚਾਲਾਂ ਕਾਰਨ ਉਸ ਦੇ ਹੱਥ ਪੱਲੇ ਤਾਂ ਕੁੱਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ। ਇਸ ਵਾਰ ਉਹ ਥੋੜ੍ਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ 'ਤੇ ਤੀਸਰਾ ਹਮਲਾ ਕੀਤਾ। ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ-ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਖਿਡਾਵਾ ਕੋਈ ਧੱਕੇਸ਼ਾਹੀ ਕਰਦਾ, ਗੁਰੂ ਅਰਜਨ ਦੇਵ ਜੀ ਵੀ ਉੱਥੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਅਤਿ ਨੀਚ ਹਰਕਤ ਦੀ ਕੀਮਤ (ਸੂਲ ਪੈ ਜਾਣ ਕਾਰਨ) ਜਾਨੋਂ ਹੱਥ ਧੋ ਕੇ ਚੁਕਾਉਣੀ ਪਈ।

1605 ਈ. ਦੇ ਅਕਤੂਬਰ ਮਹੀਨੇ ਜਹਾਂਗੀਰ ਦੀ ਤਖਤਪੋਸ਼ੀ ਹੋਣ ਨਾਲ ਅਕਬਰ ਵੱਲੋਂ ਵੱਖ-ਵੱਖ ਧਰਮਾਂ ਪ੍ਰਤੀ ਅਪਣਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ। ਇਨ੍ਹਾਂ ਕੱਟੜਪੰਥੀਆਂ ਨੇ ਗੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਵਾਲੀ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁਕਵਾਂ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿੱਥੇ ਬਾਲਕ ਹਰਿਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜ਼ੀ ਅਤੇ ਹੋਰ ਜੰਗੀ ਕਰਤੱਬਾਂ ਦੀ ਸਿਖਲਾਈ ਵੀ ਦਿੱਤੀ।

6 ਅਪਰੈਲ 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗੀ ਹੋ ਕੇ ਆਗਰੇ ਤੋਂ ਪੰਜਾਬ ਵੱਲ ਭੱਜ ਪਿਆ। ਤਿੰਨ ਕੁ ਹਫ਼ਤਿਆਂ (27 ਅਪਰੈਲ) ਬਾਅਦ ਉਹ ਝਨਾ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹੰਦੀ ਅਤੇ ਕੁੱਝ ਹੋਰ ਕੱਟੜਪੰਥੀਆਂ ਨੇ ਜਹਾਂਗੀਰ ਦੇ ਕੰਨਾਂ ਵਿਚ ਗੁਰੂ ਅਰਜਨ ਦੇਵ ਜੀ ਖ਼ਿਲਾਫ਼ ਖੁਸਰੋ ਨੂੰ ਸਹਾਇਤਾ ਅਤੇ ਸਹਿਯੋਗ ਦੇਣ ਦੀ ਫੂਕ ਮਾਰ ਦਿੱਤੀ। ਜਹਾਂਗੀਰ 'ਤੇ ਫੂਕ ਦਾ ਅਜਿਹਾ ਅਸਰ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਸੰਨ 1606 ਈ. ਨੂੰ ਮਈ ਦੇ ਆਖਰੀ ਹਫ਼ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਸਿੱਖਾਂ ਨਾਲ ਤਤਕਾਲੀ ਰਾਜਨੀਤਕ ਹਾਲਾਤ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰੇ ਤੋਂ ਬਾਅਦ ਹਰਿਮੰਦਰ ਸਾਹਿਬ ਵਿਖੇ ਦੀਵਾਨ ਸਜਾ ਕੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਜੀ ਨੂੰ ਸੌਂਪ ਦਿੱਤੀ ਗਈ। ਇਸ ਮੌਕੇ ਹੀ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ ਦੀ) ਪਹਿਨਾਈਆਂ ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ।

ਗੁਰੂ ਹਰਿਗੋਬਿੰਦ ਜੀ ਦੀ ਵਰੇਸ ਭਾਵੇਂ ਅਜੇ 11 ਕੁ ਸਾਲ ਦੀ ਹੀ ਸੀ ਪਰ ਆਪਣੇ ਦੂਰਦਰਸ਼ਕ ਨਜ਼ਰੀਏ ਸਦਕਾ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਮੁਗਲ ਹਕੂਮਤ ਦੀ ਅਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤੱਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥਕ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁਖੀ ਕੋਸ਼ਿਸ਼ ਨੂੰ ਅਸਫ਼ਲ ਕਰਨ ਲਈ ਛੇਵੇਂ ਗੁਰੂ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣ ਲਿਆ। ਇਸ ਰਾਹ 'ਤੇ ਸਫ਼ਲਤਾਪੂਰਵਕ ਚੱਲਣ ਲਈ ਉਨ੍ਹਾਂ ਨੇ ਮਸੰਦਾਂ ਰਾਹੀ ਆਪਣੇ ਸਿੱਖਾਂ (ਵਿਸ਼ੇਸ਼ ਕਰ ਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਦਸਵੰਧ ਦੇ ਨਾਲ ਨਾਲ ਵਧੀਆ ਘੋੜੇ ਤੇ ਸ਼ਸਤਰ ਵੀ ਖਰੀਦ ਕੇ ਭੇਜਿਆ ਕਰਨ।

ਘੋੜੇ ਅਤੇ ਹਥਿਆਰ ਜਮ੍ਹਾਂ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ 52 ਨਿਪੁੰਨ ਅੰਗ-ਰੱਖਿਅਕਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਉਸ ਵੇਲੇ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ ਰਾਜਿਆਂ-ਮਹਾਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਵੰਗਾਰ ਸਾਬਤ ਹੋ ਰਿਹਾ ਸੀ। ਇਹ ਵੰਗਾਰ ਉਸ ਵੇਲੇ ਤਾਂ ਹੋਰ ਵੀ ਸਪੱਸ਼ਟ ਰੂਪ ਅਖਤਿਆਰ ਕਰ ਗਈ ਜਦੋਂ 1608 ਈ. ਨੂੰ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਹੋ ਗਈ। ਇਸ ਉਸਾਰੀ ਦਾ ਅਰਥ ਅਕਾਲ ਪੁਰਖ ਦਾ ਸਦੀਵੀ ਸਿੰਘਾਸਨ ਕਾਇਮ ਕਰਨਾ ਸੀ। ਅਕਾਲ ਤਖ਼ਤ ਦੇ ਸਹਾਮਣੇ ਦੋ ਨਿਸ਼ਾਨ ਸਾਹਿਬ ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਵਜੋਂ ਸਥਾਪਿਤ ਕੀਤੇ ਗਏ। ਇਸ ਤਖ਼ਤ ਉਪਰ ਗੁਰੂ ਹਰਿਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਦੇ ਸਨ। ਇਸ ਤੋਂ ਇਲਾਵਾ ਇਸ ਤਖ਼ਤ ਦੇ ਸਾਹਮਣੇ ਦੀਵਾਨ ਸਜਾ ਕੇ ਢਾਡੀਆਂ ਦੀਆਂ ਵਾਰਾਂ ਨਾਲ ਸਿੱਖ ਸੰਗਤ ਵਿਚ ਬੀਰ ਰਸ ਦਾ ਸੰਚਾਰ ਕੀਤਾ ਜਾਂਦਾ ਸੀ। ਜਦੋਂ ਜਹਾਂਗੀਰ ਨੂੰ ਆਗਰੇ ਨੂੰ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ ਤਾਂ ਇਹ ਸਮਾਂ ਗੁਰੂ ਸਾਹਿਬ ਲਈ ਕੁਝ ਟਿਕਾਊਪਨ ਵਾਲਾ ਸਾਬਤ ਹੋਇਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰ ਕੇ ਲਿਆ। ਦੁਆਬੇ ਵਿਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਾਏ। ਪੈਂਦੇ ਖਾਂ ਵੀ ਇਥੇ ਹੀ ਗੁਰੂ ਕੀ ਫ਼ੌਜ ਵਿਚ ਭਰਤੀ ਹੋਇਆ ਸੀ।

ਦੁਆਬੇ ਤੋਂ ਬਾਅਦ ਗੁਰੂ ਜੀ ਆਪਣੇ ਸਾਂਢੂ (ਸਾਂਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇਥੇ ਰਹਿ ਕੇ ਗੁਰੂ ਜੀ ਨੇ ਜਿੱਥੇ ਲੋੜਵੰਦਾਂ ਦੀ ਸਹਾਇਤਾ ਕੀਤੀ ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ-ਘਰ ਪਹੁੰਚਾਇਆ। ਇਸ ਮਗਰੋਂ ਦੁਖੀਆਂ ਦਾ ਦਰਦ ਵੰਡਾਉਣ ਲਈ ਗੁਰੂ ਸਾਹਿਬ ਕਸ਼ਮੀਰ ਪਹੁੰਚੇ। ਦਸਵੰਧ ਦੀ ਮਾਇਆ ਵੀ ਰੋਗੀਆਂ ਦੀ ਅਰੋਗਤਾ ਹਿੱਤ ਵਰਤਣੀ ਆਰੰਭ ਕਰ ਦਿੱਤੀ ਗਈ। ਗੁਰੂ ਸਾਹਿਬ ਦੀ ਸੇਵਾ-ਭਾਵਨਾ ਅਤੇ ਇਨਸਾਫ਼ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ ਦੇ ਲੋਕ ਵੀ ਗੁਰੂ ਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਇਹ ਕਿਲ੍ਹਾ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ 'ਤੇ ਬਣਵਾਇਆ ਗਿਆ ਸੀ। ਕਈ ਕੈਦੀਆਂ ਦਾ ਜੀਵਨ ਤਾਂ ਇਸ ਕਿਲ੍ਹੇ ਦੀ ਭੇਟ ਹੀ ਚੜ੍ਹ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਕਿਲ੍ਹੇ ਵਿਚ ਗਏ, ਉਨ੍ਹਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਰਾਜੇ ਵੀ ਕੈਦ ਕੱਟ ਰਹੇ ਸਨ। ਇਨ੍ਹਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ। ਗੁਰੂ ਜੀ ਦੀ ਆਮਦ ਨਾਲ ਇਹ ਕਿਲ੍ਹਾ ਇਕ ਧਰਮਸ਼ਾਲਾ ਦਾ ਰੂਪ ਵਟਾ ਗਿਆ।

ਜਦੋਂ ਸੰਗਤ ਨੂੰ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਚੋਂ ਚੌਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਦੀ ਗ੍ਰਿਫਤਾਰੀ ਦੀ ਸਭ ਤੋਂ ਵੱਧ ਖੁਸ਼ੀ ਚੰਦੂ ਨੂੰ ਹੋਈ ਕਿਉਂਕਿ ਉਸ ਨੂੰ ਪਤਾ ਸੀ ਕਿ ਜੇ ਗੁਰੂ ਜੀ ਬਾਹਰ ਆ ਗਏ ਤਾਂ ਉਸ ਨੂੰ ਆਪਣੇ ਕੀਤੇ ਹੋਏ ਪਾਪ ਦੀ ਸਜ਼ਾ ਜ਼ਰੂਰ ਮਿਲੇਗੀ। ਉਸ ਨੇ ਦਰੋਗੇ ਹਰੀਦਾਸ ਰਾਹੀਂ ਗੁਰੂ ਸਾਹਿਬ ਨੂੰ ਖਤਮ ਕਰਨ ਦੀ ਕੋਸ਼ਿਸ਼ ਵੀ ਕੀਤੀ।

ਜਹਾਂਗੀਰ ਲੋੜੋਂ ਵੱਧ ਸ਼ਰਾਬ ਪੀਣ ਕਾਰਨ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ-ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜ਼ਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਾਂ ਹੀ ਕਿਲ੍ਹੇ 'ਚੋਂ ਬਾਹਰ ਜਾਣਗੇ ਜੇ ਇਨ੍ਹਾਂ ਨਿਰਦੋਸ਼ ਰਾਜਿਆਂ ਨੂੰ ਰਿਹਾਅ ਕੀਤਾ ਜਾਵੇਗਾ। ਜਹਾਂਗੀਰ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਨ੍ਹਾਂ ਚਿਰਾਂ ਤੋਂ ਬੰਦ ਕੀਤੇ ਹੋਏ ਸਿਆਸੀ ਰਾਜਿਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ ਜਿਨ੍ਹਾਂ ਦੀ ਗਿਣਤੀ 52 ਦੱਸੀ ਜਾਂਦੀ ਹੈ।

ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਲਾਹੌਰ ਤੋ ਕੁੱਝ ਹੱਟ ਕੇ ਬਣਾਉਣਾ ਚਾਹੁੰਦੇ ਸਨ। ਇਸ ਚਾਹਤ ਲਈ ਉਨ੍ਹਾਂ ਨੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ 'ਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ 'ਤੇ ਵਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ।

1627 ਈ. 'ਚ ਜਹਾਂਗੀਰ ਫੌਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ। ਕੱਟੜਪੰਥੀਆਂ ਨੂੰ ਖੁਸ਼ ਕਰਨ ਲਈ ਉਸ ਨੇ ਜ਼ਿਆਦਤੀਆਂਨੂੰ ਠੱਲ੍ਹ ਪਾਉਣ ਲਈ ਛੇਵੇਂ ਗੁਰੂ ਨੂੰ ਸਮੇ-ਸਮੇਂ ਕਈ ਲੜਾਈਆਂ ਵੀ ਲੜਨੀਆਂ ਪਈਆਂ। ਗੁਰੂ ਹਰਿਗੋਬਿੰਦ ਸਾਹਿਬ ਨੇ ਪੂਰੀ ਜ਼ਿੰਦਗੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾ ਦਿੱਤੀ। ਆਪਣੀ ਸੰਸਾਰਕ ਯਾਤਰਾ ਦੀ ਸੰਪੂਰਨਤਾ ਨੇੜੇ ਜਾਣ ਕੇ ਗੁਰੂ ਸਾਹਿਬ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ। ਇਸ ਮਗਰੋਂ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਸੰਨ 1644 ਨੂੰ ਉਹ ਜੋਤੀ ਜੋਤ ਸਮਾ ਗਏ।

# ਕੀ ਕਾਕਰੋਚ ਜਨਤਾ ਪਾਰਟੀ ਦਾ ਉਭਾਰ ਰਵਾਇਤੀ ਵਿਰੋਧੀ ਧਿਰ ਲਈ ਚੁਣੌਤੀ ਹੈ ਜਾਂ ਸੱਤਾ ਖ਼ਿਲਾਫ਼ ਨਵੀਂ ਪਾਰਟੀ ?

## ਜੰਤਰ-ਮੰਤਰ ਪ੍ਰਦਰਸ਼ਨ: ਠੀਕ ਪੇਪਰ ਲੀਕ ਅਤੇ ਭ੍ਰਿਸ਼ਟਾਚਾਰ ਵਿਰੁੱਧ ਬਿਨਾਂ ਕਿਸੇ ਡਰ ਦੇ ਸੜਕਾਂ 'ਤੇ ਉੱਤਰੇ ਨੌਜਵਾਨ

ਹਾਲ ਹੀ ਵਿੱਚ ਉੱਭਰੀ ਕਾਕਰੋਚ ਜਨਤਾ ਪਾਰਟੀ ਅਤੇ ਇਸ ਦੇ ਮੁਖੀ ਅਭਿਜੀਤ ਦਿਪਕੇ ਵੱਲੋਂ ਜੰਤਰ-ਮੰਤਰ ਵਿਖੇ ਕੀਤੇ ਗਏ ਪ੍ਰਦਰਸ਼ਨ ਨੇ ਦੇਸ਼ ਦੀ ਸਿਆਸਤ ਵਿੱਚ ਇਕ ਨਵੀਂ ਬਹਿਸ ਛੇੜ ਦਿੱਤੀ ਹੈ। ਸਭ ਤੋਂ ਵੱਡਾ ਸਵਾਲ ਇਹ ਉੱਠ ਰਿਹਾ ਹੈ ਕਿ ਦੇਸ਼ ਦੀਆਂ ਰਵਾਇਤੀ ਵਿਰੋਧੀ ਪਾਰਟੀਆਂ (ਖਾਸ ਕਰਕੇ ਕਾਂਗਰਸ ਅਤੇ ਹੋਰ ਖੇਤਰੀ ਦਲ) ਇਸ ਨਵੇਂ ਨੌਜਵਾਨ ਅੰਦੋਲਨ ਦਾ ਸਿੱਧਾ ਵਿਰੋਧ ਕਿਉਂ ਨਹੀਂ ਕਰ ਰਹੀਆਂ, ਜਦੋਂ ਕਿ ਇਹ ਉਨ੍ਹਾਂ ਦੀ ਹੋਂਦ ਅਤੇ ਸਿਆਸੀ ਜ਼ਮੀਨ ਲਈ ਇੱਕ ਚੁਣੌਤੀ ਵੀ ਬਣ ਸਕਦਾ ਹੈ।




ਕਾਕਰੋਚ ਜਨਤਾ ਪਾਰਟੀ ਨੀਟ ਪੇਪਰ ਲੀਕ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਵਰਗੇ ਉਨ੍ਹਾਂ ਹੀ ਮੁੱਦਿਆਂ ਨੂੰ ਚੁੱਕ ਰਹੀ ਹੈ, ਜਿਨ੍ਹਾਂ 'ਤੇ ਰਾਹੁਲ ਗਾਂਧੀ ਅਤੇ ਬਾਕੀ ਵਿਰੋਧੀ ਆਗੂ ਲਗਾਤਾਰ ਭਾਜਪਾ ਸਰਕਾਰ ਨੂੰ ਘੇਰ ਰਹੇ ਹਨ। ਇਸ ਲਈ ਵਿਰੋਧੀ ਧਿਰ ਇਸ ਦਾ ਵਿਰੋਧ ਕਰਕੇ ਖੁਦ ਨੂੰ ਜਨਤਾ ਦੀ ਨਜ਼ਰ ਵਿੱਚ ਗਲਤ ਸਾਬਤ ਨਹੀਂ ਕਰਨਾ ਚਾਹੁੰਦੀ। ਇਹ ਅੰਦੋਲਨ ਕਿਸੇ ਸਿਆਸੀ ਸਾਜ਼ਿਸ਼ ਦੀ ਬਜਾਏ ਦੇਸ਼ ਦੇ ਨੌਜਵਾਨਾਂ ਦਾ ਮੌਜੂਦਾ ਵਿਵਸਥਾ ਖ਼ਿਲਾਫ਼ ਇੱਕ ਰੋਸ ਪ੍ਰਦਰਸ਼ਨ ਹੈ। ਜੰਤਰ-ਮੰਤਰ 'ਤੇ ਹੋਏ ਪ੍ਰਦਰਸ਼ਨ ਵਿੱਚ ਖੱਬੇਪੱਖੀ ਪਾਰਟੀਆਂ (ਸੀਪੀਆਈ, ਸੀਪੀਐਮ) ਅਤੇ ਜੇ.ਐਨ.ਯੂ. ਦੇ ਵਿਦਿਆਰਥੀਆਂ ਦੀ ਸ਼ਮੂਲੀਅਤ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਇਸ ਨੂੰ ਸਿੱਧੇ ਤੌਰ 'ਤੇ ਸੱਜੇਪੱਖੀ ਜਾਂ ਭਾਜਪਾ ਪਖੀ ਅੰਦੋਲਨ ਕਹਿ ਕੇ ਨਕਾਰਿਆ ਨਹੀਂ ਜਾ ਸਕਦਾ। ਵਿਰੋਧੀ ਪਾਰਟੀਆਂ ਭਲੀਭਾਂਤ ਜਾਣਦੀਆਂ ਹਨ ਕਿ ਨੌਜਵਾਨਾਂ ਦੇ ਇਸ ਗੁੱਸੇ ਦਾ ਵਿਰੋਧ ਕਰਨਾ ਸਿਆਸੀ ਖੁਦਕੁਸ਼ੀ ਵਰਗਾ ਹੋਵੇਗਾ।

ਕਾਕਰੋਚ ਜਨਤਾ ਪਾਰਟੀ ਡਾਕਟਰ ਅੰਬੇਡਕਰ ਦੇ ਸੁਪਨਿਆਂ ਦੇ ਲੋਕਤੰਤਰ, ਹਿੰਦੂ-ਮੁਸਲਿਮ ਨਫ਼ਰਤ ਦੇ ਖਾਤਮੇ ਅਤੇ ਨਿਆਂਪਾਲਿਕਾ ਦੀ ਮਰਿਆਦਾ ਬਹਾਲ ਕਰਨ ਦੀ ਗੱਲ ਕਰ ਰਹੀ ਹੈ। ਇਹ ਸਾਰੇ ਮੁੱਦੇ ਵਿਰੋਧੀ ਧਿਰ ਦੇ ਏਜੰਡੇ ਨਾਲ ਮੇਲ ਖਾਂਦੇ ਹਨ। ਕਾਕਰੋਚ ਜਨਤਾ ਪਾਰਟੀ ਕੋਲ ਅਜੇ ਨਾ ਤਾਂ ਕੋਈ ਚੋਣ ਨਿਸ਼ਾਨ ਹੈ, ਨਾ ਕੇਡਰ ਹੈ ਅਤੇ ਨਾ ਹੀ ਚੋਣਾਂ ਲੜਨ ਦਾ ਕੋਈ ਬਲੂਪ੍ਰਿੰਟ।

ਭਾਰਤ ਵਿੱਚ ਕਿਸੇ ਵੀ ਸੰਗਠਨ ਨੂੰ ਚੋਣ ਕਮਿਸ਼ਨ ਵੱਲੋਂ 'ਰਾਸ਼ਟਰੀ ਪਾਰਟੀ' ਦਾ ਦਰਜਾ ਉਦੋਂ ਮਿਲਦਾ ਹੈ ਜਦੋਂ ਉਹ ਬਹੁਤ ਸਖ਼ਤ ਸ਼ਰਤਾਂ ਪੂਰੀਆਂ ਕਰਦੀ ਹੈ, ਜਿਵੇਂ: ਘੱਟੋ-ਘੱਟ 4 ਰਾਜਾਂ ਵਿੱਚ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਵਿੱਚ 6% ਵੋਟਾਂ ਹਾਸਲ ਕਰਨਾ। ਜਾਂ ਘੱਟੋ-ਘੱਟ 3 ਵੱਖ-ਵੱਖ ਰਾਜਾਂ ਨੂੰ ਮਿਲਾ ਕੇ ਲੋਕ ਸਭਾ ਦੀਆਂ 2% ਸੀਟਾਂ (ਯਾਨੀ 11 ਸੀਟਾਂ) ਜਿੱਤਣਾ। ਜਾਂ ਚਾਰ ਰਾਜਾਂ ਵਿੱਚ 'ਖੇਤਰੀ ਪਾਰਟੀ' ਵਜੋਂ ਮਾਨਤਾ ਪ੍ਰਾਪਤ ਹੋਣਾ (ਜਿਵੇਂ ਹਾਲ ਹੀ ਵਿੱਚ 'ਆਮ ਆਦਮੀ ਪਾਰਟੀ' ਬਣੀ ਸੀ)।

ਅੰਦੋਲਨ ਦੇ ਮੁਖੀ ਅਭਿਜੀਤ ਦਿਪਕੇ ਨੇ ਖੁਦ ਜੰਤਰ-ਮੰਤਰ 'ਤੇ ਮੰਨਿਆ ਹੈ ਕਿ ਅੱਜ ਦੇ ਦੌਰ ਵਿੱਚ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਇੱਕ ਦਹਿਸ਼ਤ ਦਾ ਮਾਹੌਲ ਹੈ। ਵਿਸ਼ਲੇਸ਼ਣ ਮੁਤਾਬਕ, ਬਹੁਤ ਸੰਭਵ ਹੈ ਕਿ ਸਰਕਾਰੀ ਦਮਨ ਜਾਂ ਕੇਸਾਂ ਦੇ ਡਰੋਂ ਇਹ ਅੰਦੋਲਨ ਹਾਰਦਿਕ ਪਟੇਲ ਦੇ ਅੰਦੋਲਨ ਵਾਂਗ ਸਮੇਂ ਦੇ ਨਾਲ ਹੌਲੀ ਪੈ ਜਾਵੇ ਜਾਂ ਇਸ ਦੇ ਆਗੂ ਪਿੱਛੇ ਹਟ ਜਾਣ।

ਕੁਝ ਬੁੱਧੀਜੀਵੀਆਂ ਨੂੰ ਸ਼ੱਕ ਹੈ ਕਿ ਇਹ ਅੰਦੋਲਨ 2011 ਦੇ 'ਇੰਡੀਆ ਅਗੇਂਸਟ ਕਰਪਸ਼ਨ' (ਅੰਨਾ ਅੰਦੋਲਨ) ਵਾਂਗ ਇੱਕ ਦਿਨ ਸਿਆਸੀ ਪਾਰਟੀ ਬਣ ਜਾਵੇਗਾ। ਪਰ 2011 ਦੇ ਮੁਕਾਬਲੇ ਅੱਜ ਦੀ ਮੋਦੀ ਸਰਕਾਰ ਵਿਰੋਧੀ ਸੁਰਾਂ ਨੂੰ ਦਬਾਉਣ ਵਿੱਚ ਬਹੁਤ ਸਖ਼ਤ ਹੈ। ਖ਼ਬਰ ਮੁਤਾਬਕ, ਮੌਜੂਦਾ ਸਰਕਾਰ ਇਨ੍ਹਾਂ ਨੂੰ ਵਧਣ-ਫੁੱਲਣ ਦਾ ਓਨਾ ਮੌਕਾ ਵੀ ਨਹੀਂ ਦੇ ਰਹੀ ਜਿੰਨਾ ਯੂ.ਪੀ.ਏ. ਸਰਕਾਰ ਨੇ ਅਰਵਿੰਦ ਕੇਜਰੀਵਾਲ ਹੋਰਾਂ ਨੂੰ ਦਿੱਤਾ ਸੀ।

ਇਹ ਸੰਗਠਨ ਦੇਸ਼ ਦੇ ਨੌਜਵਾਨਾਂ ਦੀ ਸੋਚ ਵਿੱਚ ਵਿਚਾਰਧਾਰਕ ਬਦਲਾਅ ਜਾਂ ਬਾਗੀ ਦੀ ਚੇਤਨਾ ਤਾਂ ਜਗਾ ਸਕਦਾ ਹੈ, ਪਰ ਇੱਕ ਰਜਿਸਟਰਡ ਸਿਆਸੀ ਪਾਰਟੀ ਬਣ ਕੇ 'ਨੈਸ਼ਨਲ ਪਾਰਟੀ' ਦਾ ਦਰਜਾ ਹਾਸਲ ਕਰਨਾ ਇਸ ਦੇ ਏਜੰਡੇ ਅਤੇ ਸਮਰੱਥਾ ਤੋਂ ਬਹੁਤ ਦੂਰ ਦੀ ਗੱਲ ਹੈ। ਫਿਲਹਾਲ ਇਹ ਸਿਰਫ਼ ਇੱਕ ਪ੍ਰਦਰਸ਼ਨਕਾਰੀ ਸਮੂਹ ਹੀ ਰਹੇਗਾ।

### ਸੁਆਲ ਇਹ ਹੈ ਕਿ ਪੰਜਾਬ ਵਿੱਚ ਇਸ ਦਾ ਪ੍ਰਭਾਵ ਕਿਉਂ ਨਹੀਂ ?

ਇਹ ਸਵਾਲ ਬਹੁਤ ਅਹਿਮ ਹੈ ਕਿ ਦਿੱਲੀ ਦੇ ਜੰਤਰ-ਮੰਤਰ 'ਤੇ ਹਲਚਲ ਮਚਾਉਣ ਵਾਲੀ ਇਸ 'ਕਾਕਰੋਚ ਜਨਤਾ ਪਾਰਟੀ' ਜਾਂ ਇਸ ਅੰਦੋਲਨ ਦਾ ਪੰਜਾਬ ਵਿੱਚ ਕੋਈ ਖਾਸ ਪ੍ਰਭਾਵ ਕਿਉਂ ਦੇਖਣ ਨੂੰ ਨਹੀਂ ਮਿਲ ਰਿਹਾ। ਇਸ ਦੇ ਮੁੱਖ ਕਾਰਨ ਹੇਠ ਲਿਖੇ ਹਨ: ਪੰਜਾਬ ਦੀ ਧਰਤੀ ਦਾ ਆਪਣਾ ਇੱਕ ਵੱਖਰਾ ਇਤਿਹਾਸ ਹੈ। ਇੱਥੋਂ ਦੇ ਲੋਕਾਂ, ਖਾਸ ਕਰਕੇ ਕਿਸਾਨਾਂ ਅਤੇ ਨੌਜਵਾਨਾਂ ਨੇ ਇਤਿਹਾਸਕ 'ਕਿਸਾਨ ਅੰਦੋਲਨ' ਰਾਹੀਂ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਨਾਲ ਲੋਹਾ ਲਿਆ ਹੈ। ਪੰਜਾਬੀ ਕਿਸੇ ਦਿੱਲੀ-ਕੇਂਦਰਿਤ ਜਾਂ ਸੋਸ਼ਲ ਮੀਡੀਆ ਸੈਵੀ ਨਵੇਂ ਸੰਗਠਨ ਦੇ ਪਿੱਛੇ ਲੱਗਣ ਦੀ ਬਜਾਏ, ਆਪਣੇ ਸਥਾਨਕ ਅਤੇ ਜ਼ਮੀਨੀ ਸੰਗਠਨਾਂ (ਜਿਵੇਂ ਕਿਸਾਨ ਯੂਨੀਅਨਾਂ ਤੇ ਵਿਦਿਆਰਥੀ ਜਥੇਬੰਦੀਆਂ) 'ਤੇ ਜ਼ਿਆਦਾ ਭਰੋਸਾ ਕਰਦੇ ਹਨ। ਪੰਜਾਬ ਇਸ ਵੇਲੇ ਬੰਦੀ ਸਿੰਘਾਂ ਦੀ ਰਿਹਾਈ, ਪਾਣੀਆਂ ਦੇ ਮੁੱਦੇ, ਨਸ਼ਾਖੋਰੀ, ਖੇਤੀਬਾੜੀ ਸੰਕਟ ਅਤੇ ਸੂਬੇ ਦੇ ਅਧਿਕਾਰਾਂ ਵਰਗੇ ਗੰਭੀਰ ਮੁੱਦਿਆਂ ਨਾਲ ਜੂਝ ਰਿਹਾ ਹੈ। ਨੀਟ ਪੇਪਰ ਲੀਕ ਵਰਗੇ ਰਾਸ਼ਟਰੀ ਮੁੱਦੇ ਪੰਜਾਬ ਦੇ ਨੌਜਵਾਨਾਂ ਨੂੰ ਪ੍ਰਭਾਵਿਤ ਜ਼ਰੂਰ ਕਰਦੇ ਹਨ, ਪਰ ਇੱਥੋਂ ਦੀ ਸਿਆਸਤ ਦਾ ਕੇਂਦਰ ਬਿੰਦੂ ਹਮੇਸ਼ਾ ਖੇਤਰੀ ਪਛਾਣ ਅਤੇ ਹੱਕ ਰਹੇ ਹਨ।

ਅਭਿਜੀਤ ਦਿਪਕੇ ਵਰਗੇ ਆਗੂਆਂ ਦਾ ਪ੍ਰਭਾਵ ਫਿਲਹਾਲ ਮਹਾਰਾਸ਼ਟਰ, ਦਿੱਲੀ ਜਾਂ ਹਿੰਦੀ-ਅੰਗਰੇਜ਼ੀ ਬੋਲਣ ਵਾਲੇ ਸ਼ਹਿਰੀ ਨੌਜਵਾਨਾਂ ਤੱਕ ਸੀਮਤ ਹੈ। ਪੰਜਾਬ ਦੇ ਪੇਂਡੂ ਅਤੇ ਖੇਤਰੀ ਖੇਤਰਾਂ ਵਿੱਚ ਇਸ ਨਵੀਂ 'ਕਾਕਰੋਚ' ਬ੍ਰਾਂਡਿੰਗ ਜਾਂ ਵਿਅੰਗਾਤਮਕ ਸਿਆਸਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਪੰਜਾਬੀ ਸਿਆਸਤ ਵਿੱਚ ਵਿਅੰਗ ਦੀ ਥਾਂ 'ਸਿੱਧੀ ਟੱਕਰ' ਅਤੇ 'ਜਜ਼ਬਾਤ' ਨੂੰ ਤਰਜੀਹ ਦਿੱਤੀ ਜਾਂਦੀ ਹੈ।

ਪੰਜਾਬ ਵਿੱਚ ਪਹਿਲਾਂ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜੋ ਖੁਦ ਨੂੰ ਇੱਕ ਵੱਡੇ ਅੰਦੋਲਨ (ਅੰਨਾ ਹਜ਼ਾਰੇ ਅੰਦੋਲਨ) ਦੀ ਉਪਜ ਦੱਸਦੀ ਹੈ। ਇਸ ਤੋਂ ਇਲਾਵਾ ਕਾਂਗਰਸ, ਅਕਾਲੀ ਦਲ ਅਤੇ ਹੋਰ ਪੰਥਕ/ਖੇਤਰੀ ਧਿਰਾਂ ਪਹਿਲਾਂ ਹੀ ਸਪੇਸ ਘੇਰੀ ਬੈਠੀਆਂ ਹਨ। ਇਸ ਲਈ ਕਿਸੇ ਹੋਰ 'ਨਵੇਂ ਪ੍ਰਯੋਗ' ਲਈ ਫਿਲਹਾਲ ਪੰਜਾਬ ਦੀ ਸਿਆਸੀ ਜ਼ਮੀਨ ਤਿਆਰ ਨਹੀਂ ਹੈ।

'ਕਾਕਰੋਚ ਜਨਤਾ ਪਾਰਟੀ' ਵਰਗੇ ਪ੍ਰਯੋਗ ਸ਼ਹਿਰੀ ਮੱਧ ਵਰਗ ਅਤੇ ਸੋਸ਼ਲ ਮੀਡੀਆ 'ਤੇ ਮੌਜੂਦਾ ਸੱਤਾ ਦੇ ਹੰਕਾਰ ਨੂੰ ਚੁਣੌਤੀ ਦੇਣ ਲਈ ਇੱਕ ਵਧੀਆ ਹਥਿਆਰ ਹੋ ਸਕਦੇ ਹਨ, ਪਰ ਜਦੋਂ ਤੱਕ ਇਹ ਅੰਦੋਲਨ ਪੰਜਾਬ ਵਰਗੇ ਰਾਜਾਂ ਦੇ ਜ਼ਮੀਨੀ ਅਤੇ ਖੇਤੀਬਾੜੀ-ਸੰਕਟ ਨਾਲ ਜੁੜੇ ਮੁੱਦਿਆਂ ਨੂੰ ਆਪਣੇ ਕਲਾਵੇ ਵਿੱਚ ਨਹੀਂ ਲੈਂਦਾ, ਉਦੋਂ ਤੱਕ ਇਸ ਦਾ ਪ੍ਰਭਾਵ ਦਿੱਲੀ ਦੇ ਸਰਹੱਦਾਂ ਦੇ ਅੰਦਰ ਹੀ ਸਿਮਟਿਆ ਰਹੇਗਾ। ਵਿਰੋਧੀ ਧਿਰ ਇਸ ਦਾ ਵਿਰੋਧ ਨਾ ਕਰਕੇ ਇੱਕ ਸਿਆਸੀ ਸਿਆਣਪ ਦਿਖਾ ਰਹੀ ਹੈ, ਕਿਉਂਕਿ ਇਹ ਅੰਦੋਲਨ ਅਸਿੱਧੇ ਤੌਰ 'ਤੇ ਸੱਤਾਧਾਰੀ ਧਿਰ ਦੀ ਜਵਾਬਦੇਹੀ ਹੀ ਤੈਅ ਕਰ ਰਿਹਾ ਹੈ।

## ਐਚ-1ਬੀ ਵੀਜ਼ਾ: ਅਮਰੀਕੀ ਸੰਸਦ ਮੈਂਬਰ ਨੇ ਭਾਰਤੀਆਂ ਦੀ ਵਧਾਈ ਚਿੰਤਾ; ਨਵੇਂ ਬਿੱਲ ਨਾਲ ਗ੍ਰੀਨ ਕਾਰਡ 'ਤੇ ਸੰਕਟ

ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ, ਜਿਸ ਦਾ ਮਕਸਦ ਐਚ-1ਬੀ ਵੀਜ਼ਾ ਪ੍ਰੋਗਰਾਮ ਵਿੱਚ ਵੱਡੇ ਬਦਲਾਅ ਕਰਨਾ ਹੈ। ਟੈਕਸਾਸ ਦੇ ਕਾਂਗਰਸਮੈਨ ਚਿਪ ਰਾਏ ਵੱਲੋਂ ਪੇਸ਼ ਕੀਤੇ ਗਏ ਇਸ 'ਅਮੈਰੀਕਨ ਵ੍ਹਾਈਟ-ਕਾਲਰ ਵਰਕਰ ਜੌਬਸ ਐਕਟ' ਦਾ ਸਭ ਤੋਂ ਵੱਡਾ ਅਸਰ ਭਾਰਤੀ ਨਾਗਰਿਕਾਂ 'ਤੇ ਪਵੇਗਾ।

ਬਿੱਲ ਵਿੱਚ ਕੀਤੇ ਗਏ ਮੁੱਖ ਪ੍ਰਸਤਾਵ: ਐਚ-1ਬੀ ਵੀਜ਼ਾ ਦੀ ਵੱਧ ਤੋਂ ਵੱਧ ਮਿਆਦ ਨੂੰ 6 ਸਾਲ ਤੋਂ ਘਟਾ ਕੇ ਸਿਰਫ਼ 2 ਸਾਲ ਕਰਨ ਦਾ ਪ੍ਰਸਤਾਵ ਹੈ। ਮੌਜੂਦਾ ਲੌਟਰੀ ਸਿਸਟਮ ਦੀ ਥਾਂ ਅਜਿਹਾ ਸਿਸਟਮ ਲਿਆਉਣ ਦੀ ਤਿਆਰੀ ਹੈ, ਜੋ ਯੋਗਤਾ (ਮੈਰਿਟ) ਅਤੇ ਵੱਧ ਤਨਖਾਹ ਵਾਲੇ ਬਿਨੈਕਾਰਾਂ ਨੂੰ ਪਹਿਲ ਦੇਵੇਗਾ। ਇਹ ਬਿੱਲ ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ, ਜਿਸ ਤਹਿਤ ਵਿਦੇਸ਼ੀ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਬਾਅਦ ਅਮਰੀਕਾ ਵਿੱਚ ਕੰਮ ਕਰਨ ਦਾ ਮੌਕਾ ਮਿਲਦਾ ਹੈ। ਹੁਣ ਤੱਕ ਐਚ-1ਭਬੀ ਵੀਜ਼ਾ ਧਾਰਕ ਕੰਮ ਕਰਦੇ ਹੋਏ ਪੱਕੇ ਨਿਵਾਸ (ਗ੍ਰੀਨ ਕਾਰਡ) ਲਈ ਅਪਲਾਈ ਕਰ ਸਕਦੇ ਸਨ। ਪਰ ਨਵੇਂ ਨਿਯਮਾਂ ਮੁਤਾਬਕ, ਬਿਨੈਕਾਰਾਂ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਹ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ। ਇਸ ਨਾਲ ਵੀਜ਼ਾ ਅਤੇ ਗ੍ਰੀਨ ਕਾਰਡ ਵਿਚਾਲੇ ਸਬੰਧ ਖ਼ਤਮ ਹੋ ਜਾਵੇਗਾ। ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਵੀਜ਼ਾ ਧਾਰਕਾਂ ਦੀ ਵੀਜ਼ਾ ਮਿਆਦ (ਐਕਸਟੈਂਸ਼ਨ) ਵਧਾਉਣ 'ਤੇ ਵੀ ਰੋਕ ਲਗਾਉਣ ਦਾ ਪ੍ਰਸਤਾਵ ਹੈ।

ਭਾਰਤੀਆਂ 'ਤੇ ਕੀ ਹੋਵੇਗਾ ਅਸਰ ?-ਅਮਰੀਕਾ ਵਿੱਚ ਐਚ-1ਬੀ ਵੀਜ਼ਾ ਧਾਰਕਾਂ ਅਤੇ ਵਿਦੇਸ਼ੀ ਵਿਦਿਆਰਥੀਆਂ ਵਿੱਚ ਸਭ ਤੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ। ਜੇਕਰ ਇਹ ਬਿੱਲ ਅਮਰੀਕੀ ਸੰਸਦ ਦੇ ਦੋਵਾਂ ਸਦਨਾਂ ਵਿੱਚ ਪਾਸ ਹੋ ਕੇ ਕਾਨੂੰਨ ਬਣ ਜਾਂਦਾ ਹੈ, ਤਾਂ ਭਾਰਤੀਆਂ ਲਈ ਅਮਰੀਕਾ ਵਿੱਚ ਆਰਜ਼ੀ ਕੰਮ ਤੋਂ ਪੱਕੇ ਨਿਵਾਸੀ ਬਣਨਾ ਬੇਹੱਦ ਮੁਸ਼ਕਲ ਹੋ ਜਾਵੇਗਾ। ਇਹ ਪ੍ਰਸਤਾਵ ਅਜਿਹੇ ਸਮੇਂ ਆਇਆ ਹੈ ਜਦੋਂ ਟਰੰਪ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਇਮੀਗ੍ਰੇਸ਼ਨ ਨਿਯਮ ਸਖ਼ਤ ਕੀਤੇ ਜਾ ਰਹੇ ਹਨ ਅਤੇ ਵੀਜ਼ਾ ਫੀਸਾਂ ਵਧਾਈਆਂ ਗਈਆਂ ਹਨ।

# ਕੀ ਚੀਨ ਦੇ ਰਾਹ ਤੁਰ ਪਿਆ ਹੈ ਭਾਰਤ ? ਘਟਦੇ ਬੱਚੇ ਅਤੇ ਬਜ਼ੁਰਗ ਹੁੰਦੀ ਆਬਾਦੀ ਬਣੀ ਨਵੀਂ ਚੁਣੌਤੀ

## ✪ ਦਿੱਲੀ ਦੀ ਫਰਟੀਲਿਟੀ ਰੇਟ ਫਿਨਲੈਂਡ ਨਾਲੋਂ ਵੀ ਘੱਟ ✪ ਐਲਨ ਮਸਕ ਨੇ ਭਾਰਤ ਵਿੱਚ ਘਟਦੀ ਜਨਮ ਦਰ 'ਤੇ ਪ੍ਰਗਟਾਈ ਚਿੰਤਾ; ਦੱਸਿਆ 'ਰਿਪਲੇਸਮੈਂਟ ਲੈਵਲ' ਤੋਂ ਹੇਠਾਂ

ਵਾਸ਼ਿੰਗਟਨ-ਦੁਨੀਆ ਦੇ ਸਭ ਤੋਂ ਅਮੀਰ ਕਾਰੋਬਾਰੀ ਅਤੇ ਟੈਸਲਾ, ਸਪੇਸਐਕਸ ਤੇ ਐਕਸ ਦੇ ਮਾਲਕ ਐਲਨ ਮਸਕ ਨੇ ਭਾਰਤ ਵਿੱਚ ਤੇਜ਼ੀ ਨਾਲ ਘਟ ਰਹੀ ਪ੍ਰਜਨਨ ਦਰ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਇੱਕ ਤਾਜ਼ਾ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਮਸਕ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਭਾਰਤ ਦੀ ਜਨਮ ਦਰ 'ਰਿਪਲੇਸਮੈਂਟ ਲੈਵਲ' ਤੋਂ ਹੇਠਾਂ ਆ ਗਈ ਹੈ। ਉਨ੍ਹਾਂ ਮੁਤਾਬਕ, ਭਾਰਤ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਰਗ ਵਿੱਚ ਇਹ ਦਰ ਕਈ ਸਾਲ ਪਹਿਲਾਂ ਹੀ ਘਟ ਚੁੱਕੀ ਸੀ।

ਭਾਰਤ ਵਿੱਚ ਔਸਤਨ ਇੱਕ ਮਹਿਲਾ ਆਪਣੇ ਪੂਰੇ ਜੀਵਨ ਕਾਲ ਵਿੱਚ 1.9 (ਲਗਭਗ 2) ਬੱਚਿਆਂ ਨੂੰ ਜਨਮ ਦੇ ਰਹੀ ਹੈ। ਇਹ ਅੰਕੜਾ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਇੰਨਾ ਹੇਠਾਂ ਡਿੱਗਿਆ ਹੈ। ਇਸ ਤੋਂ ਪਹਿਲਾਂ ਭਾਰਤ ਵਿੱਚ ਵੱਡੇ ਪਰਿਵਾਰਾਂ ਦਾ ਰਿਵਾਜ ਸੀ, ਪਰ ਹੁਣ ਛੋਟੇ ਪਰਿਵਾਰਾਂ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਕਿਸੇ ਵੀ ਦੇਸ਼ ਦੀ ਆਬਾਦੀ ਨੂੰ ਸਥਿਰ ਰੱਖਣ ਲਈ ਆਮ ਤੌਰ 'ਤੇ 2.1 ਦੀ ਫਰਟੀਲਿਟੀ ਰੇਟ ਜ਼ਰੂਰੀ ਮੰਨੀ ਜਾਂਦੀ ਹੈ। ਰਿਪਲੇਸਮੈਂਟ ਲੈਵਲ' ਪ੍ਰਜਨਨ ਦੀ ਉਹ ਦਰ ਹੈ, ਜੋ ਕਿਸੇ ਦੇਸ਼ ਦੀ ਆਬਾਦੀ ਨੂੰ ਬਿਨਾਂ ਘਟਾਏ ਜਾਂ ਵਧਾਏ, ਪੀੜ੍ਹੀ-ਦਰ-ਪੀੜ੍ਹੀ ਸਥਿਰ ਰੱਖਣ ਲਈ ਜ਼ਰੂਰੀ ਹੁੰਦੀ ਹੈ। ਇਹ ਅੰਕੜਾ ਵਿਸ਼ਵ ਪੱਧਰ 'ਤੇ 2.1 ਮੰਨਿਆ ਗਿਆ ਹੈ। ਮਾਤਾ-ਪਿਤਾ (ਦੋ ਲੋਕ) ਦੀ ਜਗ੍ਹਾ ਲੈਣ ਲਈ ਦੋ ਬੱਚਿਆਂ ਦਾ ਹੋਣਾ ਜ਼ਰੂਰੀ ਹੈ। ਉੱਪਰਲਾ 0.1 ਦਾ ਅੰਕੜਾ ਉਸ ਸਥਿਤੀ ਨੂੰ ਸੰਭਾਲਣ ਲਈ ਰੱਖਿਆ ਗਿਆ ਹੈ ਜਿੱਥੇ ਕੁਝ ਬੱਚੇ ਬਚਪਨ ਵਿੱਚ ਹੀ ਦਮ ਤੋੜ ਦਿੰਦੇ ਹਨ ਜਾਂ ਕਿਸੇ ਕਾਰਨ ਵੱਡੇ ਹੋ ਕੇ ਬੱਚੇ ਪੈਦਾ ਕਰਨ ਦੇ ਸਮਰੱਥ ਨਹੀਂ ਹੁੰਦੇ। ਜੇਕਰ ਇਹ ਦਰ 2.1 ਬਣੀ ਰਹੇ, ਤਾਂ ਦੇਸ਼ ਦੀ ਆਬਾਦੀ ਨਾ ਵਧਦੀ ਹੈ ਅਤੇ ਨਾ ਹੀ ਘਟਦੀ ਹੈ।



ਹੁਣ ਜਦੋਂ ਭਾਰਤ ਦੀ ਫਰਟੀਲਿਟੀ ਰੇਟ 2.1 ਤੋਂ ਘਟ ਕੇ 1.9 ਰਹਿ ਗਈ ਹੈ, ਤਾਂ ਇਹ ਸਾਫ਼ ਸੰਕੇਤ ਹੈ ਕਿ ਭਾਰਤ ਵਿੱਚ ਤੇਜ਼ੀ ਨਾਲ ਆਬਾਦੀ ਵਧਣ ਦਾ ਸਮਾਂ ਹੁਣ ਖ਼ਤਮ ਹੋਣ ਦੇ ਕੰਢੇ ਹੈ। ਹਾਲਾਂਕਿ 'ਡੇਮੋਗ੍ਰਾਫਿਕ ਮੋਮੈਂਟਮ' ਕਾਰਨ ਅਗਲੇ ਕੁਝ ਦਹਾਕਿਆਂ ਤੱਕ ਆਬਾਦੀ ਮਾਮੂਲੀ ਵਧੇਗੀ, ਪਰ ਜੇਕਰ ਇਹ ਟ੍ਰੈਂਡ ਜਾਰੀ ਰਿਹਾ ਤਾਂ ਭਵਿੱਖ ਵਿੱਚ ਆਬਾਦੀ ਘਟਣੀ ਸ਼ੁਰੂ ਹੋ ਜਾਵੇਗੀ।

ਰਿਪੋਰਟ ਵਿੱਚ ਸਭ ਤੋਂ ਹੈਰਾਨੀਜਨਕ ਖੁਲਾਸਾ ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਦੱਖਣੀ ਰਾਜਾਂ ਨੂੰ ਲੈ ਕੇ ਹੋਇਆ ਹੈ:

ਦਿੱਲੀ: ਇੱਥੇ ਫਰਟੀਲਿਟੀ ਰੇਟ ਘਟ ਕੇ ਸਿਰਫ਼ 1.2 ਰਹਿ ਗਈ ਹੈ, ਜੋ ਕਿ ਯੂਰਪੀ ਦੇਸ਼ ਫਿਨਲੈਂਡ ਨਾਲੋਂ ਵੀ ਘੱਟ ਹੈ।

ਤਾਮਿਲਨਾਡੂ ਅਤੇ ਪੱਛਮੀ ਬੰਗਾਲ: ਇਨ੍ਹਾਂ ਰਾਜਾਂ ਵਿੱਚ ਇਹ ਦਰ 1.3 ਦੇ ਆਸ-ਪਾਸ ਪਹੁੰਚ ਗਈ ਹੈ, ਜੋ ਕਈ ਵਿਕਸਿਤ ਯੂਰਪੀ ਦੇਸ਼ਾਂ ਦੇ ਬਰਾਬਰ ਹੈ।

'ਆਬਾਦੀ ਵਿਸਫੋਟ' ਤੋਂ 'ਬਜ਼ੁਰਗ ਹੁੰਦੇ ਦੇਸ਼' ਵੱਲ ਵਧ ਰਿਹਾ ਭਾਰਤ ?-ਸਾਲ 1950 ਵਿੱਚ ਭਾਰਤ ਦੀ ਆਬਾਦੀ ਲਗਭਗ 36 ਕਰੋੜ ਸੀ, ਜੋ ਅੱਜ ਵਧ ਕੇ ਕਰੀਬ 145 ਕਰੋੜ ਹੋ ਚੁੱਕੀ ਹੈ। ਸਾਲ 2023 ਵਿੱਚ ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਿਆ ਸੀ।

ਸਾਲ 2019 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ "ਆਬਾਦੀ ਵਿਸਫੋਟ" ਪ੍ਰਤੀ ਸੁਚੇਤ ਕੀਤਾ ਸੀ। ਪਰ ਹੁਣ ਸਥਿਤੀ ਬਦਲ ਰਹੀ ਹੈ। ਮਾਹਿਰਾਂ ਮੁਤਾਬਕ, ਹੁਣ ਭਾਰਤ ਦੇ ਸਾਹਮਣੇ ਆਬਾਦੀ ਵਧਣ ਦੀ ਨਹੀਂ, ਸਗੋਂ ਛੋਟੇ ਹੁੰਦੇ ਪਰਿਵਾਰ, ਬਜ਼ੁਰਗਾਂ ਦੀ ਵਧਦੀ ਗਿਣਤੀ ਅਤੇ ਭਵਿੱਖ ਵਿੱਚ ਕੰਮ ਕਰਨ ਵਾਲੇ ਨੌਜਵਾਨਾਂ ਦੀ ਕਮੀ ਵਰਗੀਆਂ ਨਵੀਆਂ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ। ਦੇਸ਼ ਦੇ ਨੀਤੀ-ਘਾੜਿਆਂ ਨੂੰ ਹੁਣ ਚਿੰਤਾ ਹੈ ਕਿ ਕਿਤੇ ਭਾਰਤ ਵੀ ਚੀਨ ਵਰਗੀ ਸਥਿਤੀ ਵਿੱਚ ਨਾ ਪਹੁੰਚ ਜਾਵੇ, ਜਿੱਥੇ 2021 ਤੋਂ ਬਾਅਦ ਆਬਾਦੀ ਲਗਾਤਾਰ ਘਟ ਰਹੀ ਹੈ।

# ਕੈਨੇਡਾ ਵਿਚ ਘਲੂਘਾਰਾ 84 ਬਰਸੀ ਦੌਰਾਨ ਫਿਰ ਵਿਵਾਦ

**ਖਾਸ ਖਬਰ**

## ✪ ਬ੍ਰੈਂਪਟਨ ਦੇ ਨਗਰ ਕੀਰਤਨ ਵਿਚ ਕੱਢੀ ਗਈ ਇੰਦਰਾ ਗਾਂਧੀ ਨੂੰ ਸੋਧਾ ਲਾਉਣ ਦੀ ਝਾਕੀ; ਲਹਿਰਾਏ ਖਾਲਿਸਤਾਨੀ ਝੰਡੇ ✪ ਭਾਰਤ ਝਾਕੀ ਬਾਰੇ ਸਖ਼ਤ; ਜੈਸ਼ੰਕਰ ਨੇ ਜਤਾਈ ਸੀ ਨਾਰਾਜ਼ਗੀ

ਓਨਟਾਰੀਓ ਸੂਬੇ ਦੇ ਬ੍ਰੈਂਪਟਨ ਸ਼ਹਿਰ ਵਿੱਚ ਸਲਾਨਾ 'ਨਗਰ ਕੀਰਤਨ' (ਸਿੱਖ ਧਾਰਮਿਕ ਮਾਰਚ) ਦੌਰਾਨ ਇੱਕ ਵਾਰ ਫਿਰ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਪਰੇਡ ਦੌਰਾਨ ਖਾਲਿਸਤਾਨੀ ਸਮਰਥਕਾਂ ਵੱਲੋਂ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਨੂੰ ਦਰਸਾਉਂਦੀ ਇੱਕ ਵਿਵਾਦਿਤ ਝਾਕੀ (ਫਲੋਟ) ਕੱਢੀ ਗਈ ਅਤੇ ਖਾਲਿਸਤਾਨੀ ਝੰਡੇ ਲਹਿਰਾਏ ਗਏ। ਇਸ ਘਟਨਾ ਨੇ ਇੱਕ ਵਾਰ ਫਿਰ ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੇ ਸਿਆਸੀ ਅਤੇ ਕੂਟਨੀਤਕ ਤਣਾਅ ਨੂੰ ਹਵਾ ਦੇ ਦਿੱਤੀ ਹੈ।

ਬ੍ਰੈਂਪਟਨ ਕੈਨੇਡਾ ਦਾ ਅਜਿਹਾ ਸ਼ਹਿਰ ਹੈ ਜਿੱਥੇ ਸਿੱਖ ਭਾਈਚਾਰੇ ਦੀ ਵੱਡੀ ਆਬਾਦੀ ਰਹਿੰਦੀ ਹੈ। ਇੱਕ ਅਨੁਮਾਨ ਅਨੁਸਾਰ ਇੱਥੋਂ ਦੀ ਕੁੱਲ ਆਬਾਦੀ ਵਿੱਚ ਲਗਭਗ 25 ਫੀਸਦੀ ਲੋਕ ਸਿੱਖ ਹਨ। ਇਹੀ ਕਾਰਨ ਹੈ ਕਿ ਇੱਥੇ ਹੋਣ ਵਾਲੇ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਤੇ ਅਕਸਰ ਕੌਮਾਂਤਰੀ ਪੱਧਰ 'ਤੇ ਨਜ਼ਰ ਰਹਿੰਦੀ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੈਨੇਡਾ ਵਿੱਚ ਅਜਿਹੀ ਝਾਕੀ ਕੱਢੀ ਗਈ ਹੋਵੇ। ਪਿਛਲੇ ਕੁਝ ਸਾਲਾਂ ਦੌਰਾਨ ਬ੍ਰੈਂਪਟਨ ਅਤੇ ਹੋਰ ਕੈਨੇਡੀਅਨ ਸ਼ਹਿਰਾਂ ਵਿੱਚ ਅਜਿਹੇ ਪ੍ਰਦਰਸ਼ਨ




ਲਗਾਤਾਰ ਦੇਖਣ ਨੂੰ ਮਿਲੇ ਹਨ, ਜਿਨ੍ਹਾਂ ਵਿੱਚ ਇੰਦਰਾ ਗਾਂਧੀ ਦੇ ਕਤਲ ਦਾ ਮਹਿਮਾ-ਮੰਡਨ ਕਰਨ ਦੇ ਦੋਸ਼ ਲੱਗੇ ਹਨ।

ਕੀ ਹੈ ਇਤਿਹਾਸਕ ਪਿਛੋਕੜ ?-ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ 31 ਅਕਤੂਬਰ 1984 ਨੂੰ ਉਨ੍ਹਾਂ ਦੇ ਹੀ ਦੋ ਸਿੱਖ ਸੁਰੱਖਿਆ ਕਰਮੀਆਂ (ਸਤਵੰਤ ਸਿੰਘ ਅਤੇ ਬੇਅੰਤ ਸਿੰਘ) ਵੱਲੋਂ ਗੋਲੀ ਮਾਰ ਕੇ ਕਰ ਦਿੱਤਾ ਗਿਆ ਸੀ। ਇਸ ਘਟਨਾ ਨੂੰ ਜੂਨ 1984 ਵਿੱਚ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਚਲਾਏ ਗਏ 'ਫੌਜੀ ਹਮਲੇ ਦਾ ਬਦਲਾ ਮੰਨਿਆ ਜਾਂਦਾ ਹੈ। ਜੂਨ 1984 ਵਿੱਚ ਭਾਰਤੀ ਫੌਜ ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ 'ਤੇ ਇਹ ਫੌਜੀ ਕਾਰਵਾਈ ਕੀਤੀ ਸੀ। ਇਸ ਦਾ ਮੁੱਖ ਮਕਸਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਹਥਿਆਰਬੰਦ ਸਮਰਥਕਾਂ ਨੂੰ ਕੰਪਲੈਕਸ ਵਿੱਚੋਂ ਬਾਹਰ ਕੱਢਣਾ ਸੀ। ਇਸ ਆਪ੍ਰੇਸ਼ਨ ਦੌਰਾਨ 6 ਜੂਨ 1984 ਨੂੰ ਸੰਤ ਭਿੰਡਰਾਂਵਾਲੇ ਦੀ ਸ਼ਹਾਦਤ ਹੋ ਗਈ ਸੀ, ਜਿਸ ਤੋਂ ਬਾਅਦ ਦੇਸ਼ ਭਰ ਵਿੱਚ ਸਿੱਖ ਵਿਰੋਧੀ ਕਤਲੇਆਮ ਹੋਇਆ ਸੀ।

ਭਾਰਤ ਸਰਕਾਰ ਦੀ ਸਖ਼ਤ ਨਾਰਾਜ਼ਗੀ-ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਪਹਿਲਾਂ ਵੀ ਅਜਿਹੀਆਂ ਘਟਨਾਵਾਂ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕਰ ਚੁੱਕੇ ਹਨ। ਉਨ੍ਹਾਂ ਨੇ ਕੈਨੇਡੀਅਨ ਸਿਆਸਤ 'ਤੇ ਸਵਾਲ ਚੁੱਕਦਿਆਂ ਕਿਹਾ ਸੀ: "ਸਾਨੂੰ ਇਹ ਸਮਝਣ ਵਿੱਚ ਮੁਸ਼ਕਲ ਹੋ ਰਹੀ ਹੈ ਕਿ ਵੋਟ ਬੈਂਕ ਦੀ ਰਾਜਨੀਤੀ ਤੋਂ ਇਲਾਵਾ ਕੋਈ ਅਜਿਹਾ ਕਿਉਂ ਕਰੇਗਾ ? ਕੈਨੇਡਾ ਵਿੱਚ ਵੱਖਵਾਦੀਆਂ, ਕੱਟੜਪੰਥੀਆਂ ਅਤੇ ਹਿੰਸਾ ਦੀ ਵਕਾਲਤ ਕਰਨ ਵਾਲੇ ਲੋਕਾਂ ਨੂੰ ਜੋ ਥਾਂ ਦਿੱਤੀ ਜਾ ਰਹੀ ਹੈ, ਉਹ ਦੋਵਾਂ ਦੇਸ਼ਾਂ ਦੇ ਸਬੰਧਾਂ ਲਈ ਬਿਲਕੁਲ ਵੀ ਚੰਗੀ ਨਹੀਂ ਹੈ।"

ਨਵੀਂ ਕਾਰਨੀ ਸਰਕਾਰ ਲਈ ਵੱਡੀ ਚੁਣੌਤੀ-ਪਹਿਲਾਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਇਨ੍ਹਾਂ ਹਰਕਤਾਂ ਨੂੰ ਮੌਨ ਸਮਰਥਨ ਦੇਣ ਦੇ ਦੋਸ਼ ਲੱਗਦੇ ਰਹੇ ਸਨ। ਪਰ ਹੁਣ ਮਾਰਕ ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਅਜਿਹੀਆਂ ਘਟਨਾਵਾਂ 'ਤੇ ਲਗਾਮ ਲੱਗਣ ਦੀ ਉਮੀਦ ਜਤਾਈ ਜਾ ਰਹੀ ਸੀ। ਅਜਿਹੇ ਵਿਚ ਕਾਰਨੀ ਦੇ ਕਾਰਜਕਾਲ ਦੌਰਾਨ ਦੁਬਾਰਾ ਇਹ ਵਿਵਾਦਿਤ ਝਾਕੀ ਸਾਹਮਣੇ ਆਉਣ ਤੋਂ ਬਾਅਦ ਹੁਣ ਭਾਰਤ ਦੀਆਂ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹੋਈਆਂ ਹਨ ਕਿ 'ਕਾਰਨੀ ਸਰਕਾਰ' ਇਸ ਮਾਮਲੇ 'ਤੇ ਕੀ ਐਕਸ਼ਨ ਲੈਂਦੀ ਹੈ। ਨਿਰਪਖ ਸੂਤਰਾਂ ਦਾ ਮੰਨਣਾ ਹੈ ਕਿ ਕੈਨੇਡਾ ਵਿਚ ਜਮਹੂਰੀ ਵਿਰੋਧ ਉਪਰ ਪਾਬੰਦੀ ਨਹੀਂ ਲਗ ਸਕਦੀ। ਕਿਉਂ ਕਿ ਇਹ ਰੋਸ ਕੈਨੇਡਾ ਸੰਵਿਧਾਨ ਦੇ ਉਲਟ ਨਹੀਂ ਸੈਨਾ ਇਹ ਹਿੰਸਕ ਗਤੀਵਿਧੀ ਸੀ।

# ਇਜ਼ਰਾਈਲ ਦੇ ਹਮਲੇ ਮਗਰੋਂ ਇਰਾਨ ਨੇ ਦਾਗੀਆਂ 10 ਬੈਲਿਸਟਿਕ ਮਿਜ਼ਾਈਲਾਂ !

## ✪ ਟਰੰਪ ਦੇ ਦਬਾਅ ਅੱਗੇ ਝੁਕੇ ਨੇਤਨਯਾਹੂ, ਫਿਲਹਾਲ ਹਮਲੇ ਰੋਕੇ ! ✪ ਤੇਲ ਭੰਡਾਰ ਖ਼ਾਲੀ, ਮਹਿੰਗਾਈ ਦਾ ਡਰ: ਚੋਣਾਂ ਤੋਂ ਪਹਿਲਾਂ ਜੰਗ ਰੋਕਣ ਲਈ ਪੱਬਾਂ ਭਾਰ ਹੋਏ ਰਾਸ਼ਟਰਪਤੀ ਟਰੰਪ !

### ਨਿਊਜ਼ ਸਟੋਰੀ

ਪੱਛਮੀ ਏਸ਼ੀਆ (ਮਿਡਲ ਈਸਟ) ਵਿੱਚ 8 ਅਪ੍ਰੈਲ ਤੋਂ ਚੱਲੀ ਆ ਰਹੀ ਨਾਜ਼ੁਕ ਜੰਗਬੰਦੀ ਐਤਵਾਰ ਅਤੇ ਸੋਮਵਾਰ (8 ਜੂਨ 2026) ਨੂੰ ਉਸ ਸਮੇਂ ਪੂਰੀ ਤਰ੍ਹਾਂ ਟੁੱਟਦੀ ਨਜ਼ਰ ਆਈ, ਜਦੋਂ ਇਰਾਨ ਅਤੇ ਇਜ਼ਰਾਈਲ ਨੇ ਇੱਕ-ਦੂਜੇ ਉੱਤੇ ਸਿੱਧੇ ਹਵਾਈ ਅਤੇ ਮਿਜ਼ਾਈਲ ਹਮਲੇ ਕੀਤੇ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖ਼ਤ ਦਬਾਅ ਅਤੇ ਦੋਵਾਂ ਦੇਸ਼ਾਂ ਦੀਆਂ ਤਾਜ਼ਾ ਘੋਸ਼ਣਾਵਾਂ ਤੋਂ ਬਾਅਦ ਫਿਲਹਾਲ ਗੋਲੀਬਾਰੀ ਰੁਕ ਗਈ ਹੈ, ਪਰ ਖੇਤਰ ਵਿੱਚ ਜੰਗ ਦਾ ਖ਼ਤਰਾ ਅਜੇ ਵੀ ਮੰਡਰਾ ਰਿਹਾ ਹੈ।

#### ਫਿਲਹਾਲ ਹਮਲੇ ਰੁਕੇ ਹਨ, ਪਰ ਤਣਾਅ ਬਰਕਰਾਰ

ਤਾਜ਼ਾ ਘਟਨਾਕ੍ਰਮ ਮੁਤਾਬਕ ਇਜ਼ਰਾਈਲ ਵੱਲੋਂ ਲੇਬਨਾਨ ਵਿੱਚ ਕੀਤੇ ਗਏ ਹਮਲਿਆਂ ਦੇ ਜਵਾਬ ਵਿੱਚ ਇਰਾਨ ਨੇ ਬੀਤੇ ਐਤਵਾਰ ਰਾਤ ਇਜ਼ਰਾਈਲ ਵੱਲ ਲਗਭਗ 10 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਇਸ ਤੋਂ ਤੁਰੰਤ ਬਾਅਦ ਇਜ਼ਰਾਈਲ ਨੇ ਵੀ ਪਲਟਵਾਰ ਕਰਦਿਆਂ ਇਰਾਨ ਦੇ ਕਈ ਸ਼ਹਿਰਾਂ (ਤੇਹਰਾਨ, ਇਸਫ਼ਹਾਨ, ਤਬਰਿਜ਼) ਅਤੇ ਇੱਕ ਪੈਟਰੋਕੈਮੀਕਲ ਪਲਾਂਟ ਨੂੰ ਨਿਸ਼ਾਨਾ ਬਣਾਇਆ।

ਬੀਤੇ ਸੋਮਵਾਰ ਨੂੰ ਦੋਵਾਂ ਪੱਖਾਂ ਨੇ ਅਮਰੀਕੀ ਅਪੀਲ ਤੋਂ ਬਾਅਦ ਆਪਣੇ ਫੌਜੀ ਆਪ੍ਰੇਸ਼ਨਾਂ ਨੂੰ ਰੋਕਣ ਦਾ ਐਲਾਨ ਕੀਤਾ ਹੈ: ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਫਿਲਹਾਲ ਗੋਲੀਬਾਰੀ ਰੋਕ ਦਿੱਤੀ ਗਈ ਹੈ, ਪਰ ਜੇਕਰ ਇਰਾਨ ਨੇ ਦੁਬਾਰਾ ਹਮਲਾ ਕੀਤਾ ਤਾਂ ਉਸ ਨੂੰ "ਪੂਰੀ



ਤਾਕਤ" ਨਾਲ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਹਿਜ਼ਬੁੱਲਾ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ ਅਤੇ ਫੌਜੀ ਕਮਾਂਡ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਆਪ੍ਰੇਸ਼ਨ ਪੂਰਾ ਕਰ ਲਿਆ ਹੈ, ਪਰ ਜੇਕਰ ਇਜ਼ਰਾਈਲ ਨੇ ਲੇਬਨਾਨ ਜਾਂ ਇਰਾਨ 'ਤੇ ਦੁਬਾਰਾ ਹਮਲੇ ਕੀਤੇ ਤਾਂ ਇਸ ਤੋਂ ਵੀ ਭਿਆਨਕ ਜਵਾਬ ਦਿੱਤਾ ਜਾਵੇਗਾ।

#### ਜੰਗ ਬਾਰੇ ਡੋਨਾਲਡ ਟਰੰਪ ਦੀ ਕੀ ਨੀਤੀ ਹੈ ?

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੇਂ ਇਰਾਨ ਨਾਲ ਇੱਕ "ਵੱਡੇ ਸ਼ਾਂਤੀ ਸਮਝੌਤੇ" ਦੇ ਬਹੁਤ ਨਜ਼ਦੀਕ ਹਨ। ਟਰੰਪ ਦੀ ਨੀਤੀ ਮੁੱਖ ਤੌਰ 'ਤੇ ਅਮਰੀਕਾ ਦੇ ਅੰਦਰੂਨੀ ਹਿੱਤਾਂ ਅਤੇ ਕੂਟਨੀਤੀ ਦੁਆਲੇ ਘੁੰਮ ਰਹੀ ਹੈ: ਟਰੰਪ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਫੋਨ 'ਤੇ ਬਹੁਤ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੱਤੀ ਹੈ। ਟਰੰਪ ਨੇ ਕਿਹਾ:

"ਨੇਤਨਯਾਹੂ, ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਜੇਕਰ ਤੁਸੀਂ ਇਰਾਨ 'ਤੇ ਵੱਡੇ ਪੱਧਰ 'ਤੇ ਹਮਲੇ ਕਰਦੇ ਹੋ, ਤਾਂ ਬਹੁਤ ਜਲਦ ਤੁਸੀਂ ਦੁਨੀਆ ਵਿੱਚ ਇਕੱਲੇ ਪੈ ਜਾਓਗੇ ਅਤੇ ਅਮਰੀਕੀ ਮਦਦ ਵੀ ਮੁਸ਼ਕਿਲ ਹੋ ਸਕਦੀ ਹੈ।"

ਟਰੰਪ ਦਾ ਮੰਨਣਾ ਹੈ ਕਿ ਵਾਸ਼ਿੰਗਟਨ ਅਤੇ ਤੇਹਰਾਨ ਵਿਚਾਲੇ ਪ੍ਰਮਾਣੂ ਅਤੇ ਆਰਥਿਕ ਮੁੱਦਿਆਂ 'ਤੇ ਗੱਲਬਾਤ ਆਖਰੀ ਦੌਰ ਵਿੱਚ ਹੈ। ਉਹ ਨਹੀਂ ਚਾਹੁੰਦੇ ਕਿ ਇਜ਼ਰਾਈਲ ਦੇ ਹਮਲਿਆਂ ਕਾਰਨ ਇਹ ਗੱਲਬਾਤ ਖ਼ਰਾਬ ਹੋਵੇ। ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਦੋਵੇਂ ਪੱਖ ਤੁਰੰਤ ਗੋਲੀਬਾਰੀ ਬੰਦ ਕਰਨ। ਇਸ ਜੰਗ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ $97 ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਹਨ, ਜਿਸ ਕਾਰਨ ਅਮਰੀਕਾ ਵਿੱਚ ਮਹਿੰਗਾਈ ਅਤੇ ਪੈਟਰੋਲ ਦੀਆਂ ਕੀਮਤਾਂ ਵਧ ਰਹੀਆਂ ਹਨ। ਚਾਰ ਮਹੀਨਿਆਂ ਬਾਅਦ ਅਮਰੀਕਾ ਵਿੱਚ ਮੱਧ-ਕਾਲੀ ਚੋਣਾਂ ਹਨ, ਇਸ ਲਈ ਟਰੰਪ ਕਿਸੇ ਵੀ ਕੀਮਤ 'ਤੇ ਤੇਲ ਸੰਕਟ ਨੂੰ ਰੋਕਣਾ ਚਾਹੁੰਦੇ ਹਨ। ਟਰੰਪ ਨੇ ਸਾਫ਼ ਕੀਤਾ ਹੈ ਕਿ ਜਦੋਂ ਤੱਕ ਇਰਾਨ ਨਾਲ ਅੰਤਿਮ ਸਮਝੌਤਾ ਨਹੀਂ ਹੁੰਦਾ, ਉਦੋਂ ਤੱਕ ਇਰਾਨੀ ਬੰਦਰਗਾਹਾਂ 'ਤੇ ਅਮਰੀਕੀ ਸਮੁੰਦਰੀ ਨਾਕਾਬੰਦੀ ਜਾਰੀ ਰਹੇਗੀ।

#### ਕੀ ਜੰਗ ਰੁਕੇਗੀ

ਹਾਲਾਂਕਿ ਟਰੰਪ ਦੇ ਦਬਾਅ ਕਾਰਨ ਇਰਾਨ ਅਤੇ ਇਜ਼ਰਾਈਲ ਨੇ "ਸਿੱਧੇ ਹਮਲੇ" ਰੋਕ ਦਿੱਤੇ ਹਨ, ਪਰ ਪੂਰਨ ਸ਼ਾਂਤੀ ਹੋਣ ਦੀ ਉਮੀਦ ਅਜੇ ਧੁੰਦਲੀ ਹੈ: ਇਜ਼ਰਾਈਲ ਨੇ ਲੇਬਨਾਨ ਵਿੱਚ ਹਿਜ਼ਬੁੱਲਾ 'ਤੇ ਹਮਲੇ ਜਾਰੀ ਰੱਖਣ ਦੀ ਗੱਲ ਕਹੀ ਹੈ। ਜਿੰਨਾ ਚਿਰ ਲੇਬਨਾਨ 'ਤੇ ਹਮਲੇ ਹੁੰਦੇ ਰਹਿਣਗੇ, ਇਰਾਨ ਦੁਬਾਰਾ ਦਖ਼ਲ ਦੇਣ ਦੀ ਧਮਕੀ ਦੇ ਰਿਹਾ ਹੈ।

ਹੋਰਮੁਜ਼ ਅਤੇ ਲਾਲ ਸਾਗਰ ਸੰਕਟ: ਇਰਾਨ ਦੇ ਸਹਿਯੋਗੀ ਯਮਨ ਦੇ ਹੂਥੀ ਬਾਗੀਆਂ ਨੇ ਲਾਲ ਸਾਗਰ ਵਿੱਚ ਇਜ਼ਰਾਈਲੀ ਜਹਾਜ਼ਾਂ ਦੀ ਆਵਾਜਾਈ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਧਮਕੀ ਦਿੱਤੀ ਹੈ। ਜੇਕਰ ਸਪਲਾਈ ਚੇਨ ਪ੍ਰਭਾਵਿਤ ਹੁੰਦੀ ਹੈ, ਤਾਂ ਜੰਗ ਦੁਬਾਰਾ ਭੜਕ ਸਕਦੀ ਹੈ।

ਨੇਤਨਯਾਹੂ ਆਪਣੀ ਘਰੇਲੂ ਰਾਜਨੀਤੀ ਅਤੇ ਚੋਣਾਂ ਕਾਰਨ ਇਰਾਨ ਪ੍ਰਤੀ ਨਰਮ ਨਹੀਂ ਦਿਖਣਾ ਚਾਹੁੰਦੇ, ਜਦੋਂ ਕਿ ਟਰੰਪ ਹਰ ਹਾਲ ਵਿੱਚ ਸ਼ਾਂਤੀ ਚਾਹੁੰਦੇ ਹਨ। ਇਹ ਆਪਸੀ ਮਤਭੇਦ ਜੰਗਬੰਦੀ ਨੂੰ ਕਮਜ਼ੋਰ ਕਰ ਸਕਦੇ ਹਨ।

ਫਿਲਹਾਲ ਇੱਕ ਵੱਡੀ ਤਬਾਹੀ ਟਲ ਗਈ ਹੈ ਅਤੇ ਦੋਵੇਂ ਦੇਸ਼ ਪਿੱਛੇ ਹਟ ਗਏ ਹਨ, ਪਰ ਜੰਗ ਦਾ ਇਹ ਕੋਲਾ ਅਜੇ ਵੀ ਅੰਦਰੋਂ ਸੁਲਗ ਰਿਹਾ ਹੈ। ਅਗਲੇ ਕੁਝ ਦਿਨਾਂ ਵਿੱਚ ਟਰੰਪ-ਇਰਾਨ ਵਾਰਤਾ ਦੀ ਸਫ਼ਲਤਾ ਹੀ ਤੈਅ ਕਰੇਗੀ ਕਿ ਇਹ ਜੰਗ ਹਮੇਸ਼ਾ ਲਈ ਰੁਕੇਗੀ ਜਾਂ ਨਹੀਂ।

# ਜਲੰਧਰ ਵਿਚ ਗਊ ਮਾਸ ਦਾ ਝੂਠਾ ਦੋਸ਼ ਲਾ ਕੇ ਬਜ਼ੁਰਗ ਔਰਤ ਦੀ ਕੁੱਟਮਾਰ ਕੀਤੀ ਹਿੰਦੂ ਆਗੂ ਨੇ

## ✪ ਫ਼ਿਰੌਤੀ ਵਸੂਲਣ ਵਾਲਾ 'ਹਿੰਦੂ ਆਗੂ' ਧਰਮਿੰਦਰ ਮਿਸ਼ਰਾ ਸਾਥੀਆਂ ਸਣੇ ਗ੍ਰਿਫ਼ਤਾਰ

ਜਲੰਧਰ-ਜਲੰਧਰ ਦੇ ਬਸਤੀ ਦਾਨਿਸ਼ਮੰਦਾਂ ਇਲਾਕੇ ਵਿੱਚ ਫ਼ਿਰਕੂ ਤਣਾਅ ਪੈਦਾ ਕਰਨ ਅਤੇ ਹਥਿਆਰ ਦੇ ਜ਼ੋਰ 'ਤੇ ਫ਼ਿਰੌਤੀ ਵਸੂਲਣ ਦਾ ਇੱਕ ਬਹੁਤ ਹੀ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇੱਕ ਘਰ ਵਿੱਚ ਚੱਲ ਰਹੇ ਪਰਿਵਾਰਕ ਸਮਾਗਮ ਦੌਰਾਨ ਜ਼ਬਰਦਸਤੀ ਦਾਖ਼ਲ ਹੋ ਕੇ ਹੰਗਾਮਾ ਕਰਨ, ਬਜ਼ੁਰਗ ਔਰਤ ਦੀ ਕੁੱਟਮਾਰ ਕਰਨ ਅਤੇ ਪੈਸੇ ਲੁੱਟਣ ਦੇ ਦੋਸ਼ ਹੇਠ ਖ਼ੁਦ ਨੂੰ ਹਿੰਦੂ ਆਗੂ ਦੱਸਣ ਵਾਲੇ ਧਰਮਿੰਦਰ ਮਿਸ਼ਰਾ ਅਤੇ ਉਸ ਦੇ 4 ਸਾਥੀਆਂ ਨੂੰ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਨੰਬਰ 5 ਦੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਟੜਾ ਮੁਹੱਲਾ (ਬਸਤੀ ਦਾਨਿਸ਼ਮੰਦਾਂ) ਦੀ ਰਹਿਣ ਵਾਲੀ ਰੁਬੀਨਾ ਪਤਨੀ ਅਸਗਰ ਅਲੀ ਨੇ ਦੱਸਿਆ ਕਿ:ਉਨ੍ਹਾਂ ਦੇ ਘਰ ਇੱਕ ਪਰਿਵਾਰਕ ਪ੍ਰੋਗਰਾਮ ਸੀ, ਜਿਸ ਲਈ ਉਨ੍ਹਾਂ ਨੇ ਜਲੰਧਰ ਦੀ ਬੂਟਾ ਮੰਡੀ ਤੋਂ ਲਗਭਗ 15-20 ਕਿਲੋ ਮੱਝ ਦਾ ਮੀਟ ਖ਼ਰੀਦਿਆ ਸੀ ਅਤੇ ਉਸ ਨੂੰ ਪਕਾ ਰਹੇ ਸਨ। ਇਸ ਦੌਰਾਨ ਧਰਮਿੰਦਰ ਮਿਸ਼ਰਾ ਆਪਣੇ ਸਾਥੀਆਂ ਸਮੇਤ ਉਨ੍ਹਾਂ ਦੇ ਘਰ ਅੰਦਰ ਧੱਕੇ ਨਾਲ ਵੜ ਗਿਆ ਅਤੇ ਦੋਸ਼ ਲਗਾਉਣ ਲੱਗਾ ਕਿ ਘਰ ਵਿੱਚ ਗਊ ਦਾ ਮਾਸ ਪਕਾਇਆ ਜਾ ਰਿਹਾ ਹੈ।



ਉਨ੍ਹਾਂ ਨੇ ਮੋਬਾਈਲ ਨਾਲ ਪਰਿਵਾਰ ਦੀਆਂ ਵੀਡੀਓਜ਼ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਪੁਲਿਸ ਕੇਸ ਦਰਜ ਕਰਵਾਉਣ ਦੀਆਂ ਧਮਕੀਆਂ ਦਿੱਤੀਆਂ।

ਪੀੜਤ ਪਰਿਵਾਰ ਮੁਤਾਬਕ ਮਿਸ਼ਰਾ ਅਤੇ ਉਸ ਦੇ ਸਾਥੀਆਂ ਦਾ ਅਸਲ ਮਕਸਦ ਧਰਮ ਦੇ ਨਾਂ 'ਤੇ ਡਰਾ ਕੇ ਪੈਸੇ ਵਸੂਲਣਾ ਸੀ। ਮੁਲਜ਼ਮ ਮਿਸ਼ਰਾ ਕੋਲ ਇੱਕ ਪਿਸਤੌਲ ਸੀ, ਜਿਸ ਨੂੰ ਤਾਣ ਕੇ ਉਹ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗਾ। ਮੁਲਜ਼ਮਾਂ ਨੇ ਮਾਮਲਾ ਰਫ਼ਾ-ਦਫ਼ਾ ਕਰਨ ਲਈ ਪਰਿਵਾਰ ਕੋਲੋਂ 2 ਲੱਖ ਰੁਪਏ ਦੀ ਫ਼ਿਰੌਤੀ ਮੰਗੀ ਅਤੇ ਨਾਂਹ ਕਰਨ 'ਤੇ ਘਰ ਵਿੱਚ ਮੌਜੂਦ ਬਜ਼ੁਰਗ ਮਾਂ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਬਜ਼ੁਰਗ ਮਾਂ ਨੇ ਆਪਣੇ ਸੋਨੇ ਦੇ ਗਹਿਣੇ ਵੇਚ ਕੇ ਬੜੀ ਮੁਸ਼ਕਿਲ ਨਾਲ 25 ਹਜ਼ਾਰ ਰੁਪਏ ਜੋੜੇ ਸਨ। ਮੁਲਜ਼ਮ ਪਰਿਵਾਰ ਕੋਲ ਮੌਜੂਦ ਕੁੱਲ 60 ਹਜ਼ਾਰ ਰੁਪਏ ਧੱਕੇ ਨਾਲ ਖੋਹ ਕੇ ਫ਼ਰਾਰ ਹੋ ਗਏ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਥਾਣਾ ਨੰਬਰ 5 ਦੇ ਐੱਸ.ਐੱਚ.ਓ. ਯਾਦਵਿੰਦਰ ਸਿੰਘ ਨੇ ਤੁਰੰਤ ਪੁਲਿਸ ਫ਼ੋਰਸ ਸਮੇਤ ਛਾਪੇਮਾਰੀ ਕਰਕੇ ਮੁੱਖ ਮੁਲਜ਼ਮ ਧਰਮਿੰਦਰ ਮਿਸ਼ਰਾ ਅਤੇ ਉਸ ਦੇ 4 ਸਾਥੀਆਂ ਨੂੰ ਦਬੋਚ ਲਿਆ।

ਐੱਸ.ਐੱਚ.ਓ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਘਰ ਵਿੱਚ ਵੜ ਕੇ ਕੁੱਟਮਾਰ ਕਰਨ, ਪੁਲਿਸ ਨੂੰ ਗੁੰਮਰਾਹ ਕਰਨ, ਹਥਿਆਰ ਦੇ ਜੋਰ 'ਤੇ ਫ਼ਿਰੌਤੀ ਮੰਗਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਵਰਗੀਆਂ ਕਈ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਇਸ ਵਾਰਦਾਤ ਵਿੱਚ ਸ਼ਾਮਲ 2 ਹੋਰ ਮੁਲਜ਼ਮ ਫਿਲਹਾਲ ਫ਼ਰਾਰ ਹਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਵੱਲੋਂ ਵੱਖ-ਵੱਖ ਥਾਵਾਂ 'ਤੇ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਕੀ ਮਮਤਾ ਬੈਨਰਜੀ ਦੇ ਸਿਆਸੀ ਕਿਲ੍ਹੇ ਵਿੱਚ ਸੰਨ੍ਹ ਲੱਗ ਚੁੱਕੀ ਹੈ ?

**✪ ਪੱਛਮੀ ਬੰਗਾਲ ਦੀ ਸਿਆਸਤ ਵਿਚ ਭੂਚਾਲ: ਤ੍ਰਿਣਮੂਲ ਕਾਂਗਰਸ 'ਚ ਵੱਡੀ ਬਗਾਵਤ ਦੇ ਸੰਕੇਤ ! ✪ ਮਮਤਾ ਬੈਨਰਜੀ ਦੇ 20 ਸਾਂਸਦ ਅਤੇ 58 ਵਿਧਾਇਕ ਬਾਗੀ ? ਭਾਜਪਾ ਆਗੂਆਂ ਨਾਲ ਦਿੱਲੀ ਵਿਚ ਹੋਈ ਬੈਠਕ**

## ਖ਼ਬਰਨਾਮਾ




ਪੱਛਮੀ ਬੰਗਾਲ ਦੀ ਸਿਆਸਤ ਇੱਕ ਅਜਿਹੇ ਅਜ਼ਮਾਇਸ਼ੀ ਮੋੜ 'ਤੇ ਖੜ੍ਹੀ ਦਿਖਾਈ ਦੇ ਰਹੀ ਹੈ, ਜਿਸਦੀ ਕਲਪਨਾ ਕੁਝ ਸਾਲ ਪਹਿਲਾਂ ਤੱਕ ਮੁਸ਼ਕਲ ਸੀ। 28 ਸਾਲ ਪਹਿਲਾਂ ਮਮਤਾ ਬੈਨਰਜੀ ਨੇ ਕਾਂਗਰਸ ਤੋਂ ਵੱਖ ਹੋ ਕੇ ਜਿਸ ਤ੍ਰਿਣਮੂਲ ਕਾਂਗਰਸ ਦੀ ਸਥਾਪਨਾ ਕੀਤੀ ਸੀ, ਉਹ ਪਾਰਟੀ ਅੱਜ ਆਪਣੇ ਸਭ ਤੋਂ ਵੱਡੇ ਅੰਦਰੂਨੀ ਸੰਕਟ ਵਿੱਚੋਂ ਗੁਜ਼ਰਦੀ ਨਜ਼ਰ ਆ ਰਹੀ ਹੈ। ਪਹਿਲਾਂ 58 ਵਿਧਾਇਕਾਂ ਵੱਲੋਂ ਵੱਖਰਾ ਗੁੱਟ ਬਣਾਉਣ ਦਾ ਦਾਅਵਾ ਅਤੇ ਹੁਣ ਕਰੀਬ 20 ਸੰਸਦ ਮੈਂਬਰਾਂ ਨੇ ਦਿੱਲੀ ਵਿੱਚ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਪੱਛਮੀ ਬੰਗਾਲ ਇੰਚਾਰਜ ਭੁਪੇਂਦਰ ਯਾਦਵ ਦੀ ਰਿਹਾਇਸ਼ ਵਿਚ ਭਾਜਪਾ ਹਾਈਕਮਾਂਡ ਨਾਲ ਮੁਲਾਕਾਤ ਕਰਕੇ ਹਮਾਇਤ ਦੀਆਂ ਖ਼ਬਰਾਂ ਨੇ ਬੰਗਾਲ ਦੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ ਹੈ। ਪਾਰਟੀ ਸੁਪਰੀਮੋ ਮਮਤਾ ਬੈਨਰਜੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਟੀ.ਐੱਮ.ਸੀ. ਦੇ 20 ਲੋਕ ਸਭਾ ਸੰਸਦ ਮੈਂਬਰਾਂ ਨੇ ਪਾਰਟੀ ਹਾਈਕਮਾਂਡ ਖ਼ਿਲਾਫ਼ ਬਗਾਵਤ ਕਰਦਿਆਂ ਭਾਜਪਾ ਦੀ ਅਗਵਾਈ ਵਾਲੇ ਐੱਨ.ਡੀ.ਏ. ਗੱਠਜੋੜ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਇਸ ਬੈਠਕ ਵਿੱਚ ਤ੍ਰਿਣਮੂਲ ਦੇ ਕਈ ਪ੍ਰਮੁੱਖ ਸੰਸਦ ਮੈਂਬਰਾਂ ਦੀ ਮੌਜੂਦਗੀ ਦੱਸੀ ਜਾ ਰਹੀ ਹੈ, ਜਿਨ੍ਹਾਂ ਵਿੱਚ ਕਾਕੋਲੀ ਘੋਸ਼ ਦਸਤੀਦਾਰ, ਸ਼ਤਾਬਦੀ ਰਾਏ, ਪ੍ਰਸੂਨ ਬੈਨਰਜੀ, ਜਗਦੀਸ਼ ਬਸੂਨੀਆ, ਕਾਲੀਪਦ ਸੋਰੇਨ, ਅਸਿਤ ਮਲ ਅਤੇ ਸ਼ਰਮੀਲਾ ਸਰਕਾਰ ਦੇ ਨਾਂ ਸਾਹਮਣੇ ਆਏ ਹਨ।

ਇਸ ਬਾਗ਼ੀ ਧੜੇ ਦੀ ਅਗਵਾਈ ਕਰ ਰਹੇ ਮੁੱਖ ਵ੍ਹਿਪ ਕਾਕੋਲੀ ਘੋਸ਼ ਦਸਤੀਦਾਰ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਇਸ ਸਬੰਧੀ ਇੱਕ ਰਸਮੀ ਪੱਤਰ ਵੀ ਸੌਂਪ ਦਿੱਤਾ ਹੈ, ਜਿਸ ਨਾਲ ਟੀ.ਐੱਮ.ਸੀ. ਦਾ ਸੰਸਦੀ ਦਲ ਦੋਫਾੜ ਹੋ ਗਿਆ ਹੈ।

ਬੀਤੇ ਸੋਮਵਾਰ ਨੂੰ 'ਤੇ ਹੋਈ ਬੈਠਕ ਨੇ ਇਨ੍ਹਾਂ ਅਟਕਲਾਂ ਨੂੰ ਹੋਰ ਤੇਜ਼ ਕਰ ਦਿੱਤਾ ਸੀ।

ਪੱਛਮੀ ਬੰਗਾਲ ਦੇ ਪ੍ਰਭਾਵਸ਼ਾਲੀ ਭਾਜਪਾ ਆਗੂ ਸ਼ੁਭੇਂਦੂ ਅਧਿਕਾਰੀ ਵੀ ਇਸ ਬੈਠਕ ਵਿੱਚ ਪਹੁੰਚੇ। ਇਹ ਉਹੀ ਸ਼ੁਭੇਂਦੂ ਅਧਿਕਾਰੀ ਹਨ ਜੋ ਕਦੇ ਮਮਤਾ ਬੈਨਰਜੀ ਦੇ ਸਭ ਤੋਂ ਭਰੋਸੇਮੰਦ ਸਾਥੀਆਂ ਵਿੱਚ ਗਿਣੇ ਜਾਂਦੇ ਸਨ ਅਤੇ ਹੁਣ ਭਾਜਪਾ ਦੇ ਸਭ ਤੋਂ ਮਜ਼ਬੂਤ ਚਿਹਰਿਆਂ ਵਿੱਚੋਂ ਇੱਕ ਹਨ। ਇਸੇ ਦੌਰਾਨ ਤ੍ਰਿਣਮੂਲ ਦੇ ਸੀਨੀਅਰ ਆਗੂ ਅਤੇ ਰਾਜਸਭਾ ਮੈਂਬਰ ਸੁਖੇਂਦੂ ਸ਼ੇਖਰ ਰਾਏ ਨੇ ਨਾ ਸਿਰਫ਼ ਸੰਸਦ ਮੈਂਬਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਬਲਕਿ ਪਾਰਟੀ ਵੀ ਛੱਡ ਦਿੱਤੀ।

ਇਸ ਬਾਗ਼ੀ ਧੜੇ ਦੀ ਅਗਵਾਈ ਕਰ ਰਹੇ ਮੁੱਖ ਵ੍ਹਿਪ ਕਾਕੋਲੀ ਘੋਸ਼ ਦਸਤੀਦਾਰ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਇਸ ਸਬੰਧੀ ਇੱਕ ਰਸਮੀ ਪੱਤਰ ਵੀ ਸੌਂਪ ਦਿੱਤਾ ਹੈ, ਜਿਸ ਨਾਲ ਟੀ.ਐੱਮ.ਸੀ. ਦਾ ਸੰਸਦੀ ਦਲ ਦੋਫਾੜ ਹੋ ਗਿਆ ਹੈ।

ਲੋਕ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਦੇ ਕੁੱਲ 28 ਮੈਂਬਰ ਹਨ (ਬਸੀਰਹਾਟ ਸੀਟ ਸੰਸਦ ਮੈਂਬਰ ਹਾਜੀ ਨੂਰਉਲ ਇਸਲਾਮ ਦੀ ਮੌਤ ਕਾਰਨ ਖਾਲੀ ਹੈ)। ਇਨ੍ਹਾਂ 28 ਵਿੱਚੋਂ 20 ਸੰਸਦ ਮੈਂਬਰਾਂ ਦੇ ਬਾਗ਼ੀ ਹੋਣ ਨਾਲ ਪਾਰਟੀ ਵਿੱਚ ਦੋ-ਤਿਹਾਈ ਤੋਂ ਵੱਧ ਦੀ ਫੁੱਟ ਸਪੱਸ਼ਟ ਦਿਖਾਈ ਦੇ ਰਹੀ ਹੈ।

ਸੂਤਰਾਂ ਮੁਤਾਬਕ ਬਾਗ਼ੀ ਸੰਸਦ ਮੈਂਬਰਾਂ ਨੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਇੱਕ ਖ਼ਾਸ ਰਣਨੀਤੀ ਬਣਾਈ ਹੈ: ਫਿਲਹਾਲ ਨਾ ਤਾਂ ਟੀ.ਐੱਮ.ਸੀ. ਛੱਡਣਗੇ ਅਤੇ ਨਾ ਹੀ ਭਾਜਪਾ ਵਿੱਚ ਸ਼ਾਮਲ ਹੋਣਗੇ। ਉਹ ਸਦਨ ਦੇ ਅੰਦਰ ਇੱਕ ਵੱਖਰੇ ਸੰਸਦੀ ਗਰੁੱਪ ਵਜੋਂ ਕੰਮ ਕਰਨਗੇ ਅਤੇ ਬਾਹਰੋਂ ਐੱਨ.ਡੀ.ਏ. ਦਾ ਸਮਰਥਨ ਕਰਨਗੇ, ਤਾਂ ਜੋ ਉਨ੍ਹਾਂ 'ਤੇ ਦਲ-ਬਦਲ ਵਿਰੋਧੀ ਕਾਨੂੰਨ ਲਾਗੂ ਨਾ ਹੋ ਸਕੇ।

ਬਾਗੀ ਧੜੇ ਦਾ ਦਾਅਵਾ ਹੈ ਕਿ ਕਾਕੋਲੀ ਘੋਸ਼ ਅਜੇ ਵੀ ਲੋਕ ਸਭਾ ਵਿੱਚ ਟੀ.ਐੱਮ.ਸੀ. ਦੀ ਮੁੱਖ ਵ੍ਹਿਪ ਹਨ, ਕਿਉਂਕਿ ਉਨ੍ਹਾਂ ਨੂੰ ਹਟਾ ਕੇ ਕਲਿਆਣ ਬੈਨਰਜੀ ਨੂੰ ਨਿਯੁਕਤ ਕਰਨ ਦੀ ਕੋਈ ਅਧਿਕਾਰਤ ਸੂਚਨਾ ਲੋਕ ਸਭਾ ਸਕੱਤਰੇਤ ਨੂੰ ਨਹੀਂ ਭੇਜੀ ਗਈ ਸੀ।

### ਕੀ ਸੀ ਬਗਾਵਤ ਦਾ ਮੁੱਖ ਕਾਰਨ ?

ਟੀਐਮਸੀ ਦੇ ਸੰਸਦੀ ਗਰੁੱਪ ਵਿੱਚ ਹੋਈ ਇਸ ਵੱਡੀ ਫੁੱਟ ਦੇ ਤਾਰ ਪੱਛਮੀ ਬੰਗਾਲ ਦੀ ਸਥਾਨਕ ਸਿਆਸਤ ਅਤੇ ਵਿਧਾਨ ਸਭਾ ਦੇ ਹਾਲੀਆ ਘਟਨਾਕ੍ਰਮ ਨਾਲ ਜੁੜੇ ਹੋਏ ਹਨ: ਹਾਲ ਹੀ ਵਿੱਚ ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਟੀ.ਐੱਮ.ਸੀ. ਦੇ 58 ਵਿਧਾਇਕਾਂ ਨੇ ਪਾਰਟੀ ਹਾਈਕਮਾਂਡ ਦੇ ਫ਼ੈਸਲੇ ਨੂੰ ਛਿੱਕੇ ਟੰਗ ਦਿੱਤਾ ਸੀ।

ਹਾਈਕਮਾਂਡ ਸੋਵਨਦੇਬ ਚਟੋਪਾਧਿਆਏ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਉਣਾ ਚਾਹੁੰਦੀ ਸੀ, ਪਰ ਬਾਗ਼ੀ ਵਿਧਾਇਕਾਂ ਨੇ ਆਪਣੀ ਮਰਜ਼ੀ ਨਾਲ ਰਿਤਾਬ੍ਰਤ ਬੈਨਰਜੀ ਨੂੰ ਵਿਰੋਧੀ ਧਿਰ ਦਾ ਨੇਤਾ ਚੁਣ ਲਿਆ। ਵਿਧਾਨ ਸਭਾ ਤੋਂ ਸ਼ੁਰੂ ਹੋਈ ਇਹ ਚੰਗਿਆੜੀ ਹੁਣ ਦਿੱਲੀ ਤੱਕ (ਲੋਕ ਸਭਾ) ਪਹੁੰਚ ਚੁੱਕੀ ਹੈ।

### ਮਮਤਾ ਬੈਨਰਜੀ ਦਾ ਪਲਟਵਾਰ: ਹਾਈ ਕੋਰਟ ਪਹੁੰਚੀ ਟੀ.ਐੱਮ.ਸੀ

ਇਸ ਵੱਡੇ ਸਿਆਸੀ ਝਟਕੇ ਤੋਂ ਬਾਅਦ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਪਾਰਟੀ ਨੇ ਕਾਨੂੰਨੀ ਲੜਾਈ ਦਾ ਰਸਤਾ ਅਖਤਿਆਰ ਕੀਤਾ ਹੈ। ਟੀ.ਐੱਮ.ਸੀ. ਨੇ ਪੱਛਮੀ ਬੰਗਾਲ ਵਿਧਾਨ ਸਭਾ ਦੇ ਸਪੀਕਰ ਦੇ ਉਸ ਫ਼ੈਸਲੇ ਨੂੰ ਕੋਲਕਾਤਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ, ਜਿਸ ਤਹਿਤ ਬਾਗ਼ੀ ਨੇਤਾ ਰਿਤਾਬ੍ਰਤ ਬੈਨਰਜੀ ਨੂੰ ਵਿਰੋਧੀ ਧਿਰ ਦੇ ਨੇਤਾ ਵਜੋਂ ਮਾਨਤਾ ਦਿੱਤੀ ਗਈ ਸੀ।

ਟੀ.ਐੱਮ.ਸੀ. ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ 18ਵੀਂ ਪੱਛਮੀ ਬੰਗਾਲ ਵਿਧਾਨ ਸਭਾ ਦਾ ਪਹਿਲਾ ਸੈਸ਼ਨ 18 ਜੂਨ ਤੋਂ ਸ਼ੁਰੂ ਹੋ ਰਿਹਾ ਹੈ, ਇਸ ਲਈ ਇਸ ਮਾਮਲੇ 'ਤੇ ਤੁਰੰਤ ਸੁਣਵਾਈ ਹੋਣੀ ਚਾਹੀਦੀ ਹੈ। ਜਸਟਿਸ ਕ੍ਰਿਸ਼ਨ ਰਾਓ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ 11 ਜੂਨ ਨੂੰ ਸਭ ਤੋਂ ਪਹਿਲਾਂ ਸੁਣਵਾਈ ਕਰਨ ਦਾ ਹੁਕਮ ਦਿੱਤਾ ਹੈ ਅਤੇ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਹਨ।

18 ਜੂਨ ਤੋਂ ਸ਼ੁਰੂ ਹੋ ਰਹੇ ਵਿਧਾਨ ਸਭਾ ਸੈਸ਼ਨ ਅਤੇ 11 ਜੂਨ ਦੀ ਹਾਈ ਕੋਰਟ ਦੀ ਸੁਣਵਾਈ 'ਤੇ ਹੁਣ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ, ਜੋ ਬੰਗਾਲ ਅਤੇ ਟੀ.ਐੱਮ.ਸੀ. ਦਾ ਭਵਿੱਖ ਤੈਅ ਕਰਨਗੀਆਂ।

### ਭਾਜਪਾ ਦੀ ਰਣਨੀਤੀ: ਬੰਗਾਲ ਵਿੱਚ ਸ਼ਿਵਸੈਨਾ ਮਾਡਲ ?

ਸਿਆਸੀ ਗਲਿਆਰਿਆਂ ਵਿੱਚ ਚਰਚਾ ਹੈ ਕਿ ਕੀ ਬੰਗਾਲ ਵਿੱਚ ਵੀ ਉਹੀ ਮਾਡਲ ਦੁਹਰਾਇਆ ਜਾ ਰਿਹਾ ਹੈ ਜੋ ਮਹਾਰਾਸ਼ਟਰ ਵਿੱਚ ਸ਼ਿਵਸੈਨਾ ਅਤੇ ਬਾਅਦ ਵਿੱਚ ਰਾਸ਼ਟਰਵਾਦੀ ਕਾਂਗਰਸ ਪਾਰਟੀ ਨਾਲ ਦੇਖਿਆ ਗਿਆ ਸੀ। ਉੱਥੇ ਪਹਿਲਾਂ ਏਕਨਾਥ ਸ਼ਿੰਦੇ ਦੀ ਅਗਵਾਈ ਵਿੱਚ ਸ਼ਿਵਸੈਨਾ ਦਾ ਵੱਡਾ ਹਿੱਸਾ ਵੱਖ ਹੋਇਆ ਅਤੇ ਬਾਅਦ ਵਿੱਚ ਅਜੀਤ ਪਵਾਰ ਨੇ ਐਨਸੀਪੀ ਵਿੱਚ ਵੰਡ ਕਰਵਾਈ ਸੀ।

ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਭਾਜਪਾ ਤ੍ਰਿਣਮੂਲ ਨੂੰ ਅੰਦਰੋਂ ਕਮਜ਼ੋਰ ਕਰਨ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ, ਜਦਕਿ ਭਾਜਪਾ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰਦੀ ਹੈ ਅਤੇ ਕਹਿੰਦੀ ਹੈ ਕਿ ਜੇਕਰ ਆਗੂ ਸਵੈ-ਇੱਛਾ ਨਾਲ ਉਨ੍ਹਾਂ ਨਾਲ ਆਉਣਾ ਚਾਹੁੰਦੇ ਹਨ ਤਾਂ ਇਹ ਲੋਕਤੰਤਰੀ ਪ੍ਰਕਿਰਿਆ ਹੈ।

ਤ੍ਰਿਣਮੂਲ ਦੇ 20 ਸੰਸਦ ਮੈਂਬਰ ਵੱਖਰਾ ਰੁਖ ਅਪਨਾਉਣ ਨਾਲ ਲੋਕਸਭਾ ਵਿੱਚ ਵਿਰੋਧੀ ਧਿਰ ਦੀ ਗਿਣਤੀ (ਕੁੱਲ 28 ਵਿੱਚੋਂ) ਕਾਫ਼ੀ ਘਟ ਜਾਵੇਗੀ। ਇਸ ਨਾਲ ਭਾਜਪਾ ਅਤੇ ਐਨਡੀਏ ਦੀ ਸਿਆਸੀ ਤਾਕਤ ਵਧੇਗੀ ਅਤੇ ਸਰਕਾਰ ਨੂੰ ਮਹੱਤਵਪੂਰਨ ਬਿੱਲ ਪਾਸ ਕਰਵਾਉਣ ਵਿੱਚ ਆਸਾਨੀ ਹੋਵੇਗੀ। ਰਾਜਸਭਾ ਵਿੱਚ ਵੀ ਤ੍ਰਿਣਮੂਲ ਦੇ 13 ਮੈਂਬਰਾਂ ਵਿੱਚੋਂ ਸੁਖੇਂਦੂ ਸ਼ੇਖਰ ਦੇ ਜਾਣ ਨਾਲ ਸੰਖਿਆ ਘਟੀ ਹੈ। ਇਤਿਹਾਸ ਗਵਾਹ ਹੈ ਕਿ ਵੱਡੇ ਪੱਧਰ 'ਤੇ ਦਲ-ਬਦਲ ਹਮੇਸ਼ਾ ਇਕਤਰਫ਼ਾ ਲਾਭ ਨਹੀਂ ਦਿੰਦਾ। 2021 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਕਈ ਆਗੂ ਭਾਜਪਾ ਵਿੱਚ ਗਏ ਸਨ, ਪਰ ਨਤੀਜਿਆਂ ਤੋਂ ਬਾਅਦ ਉਹ ਵਾਪਸ ਤ੍ਰਿਣਮੂਲ ਵਿੱਚ ਪਰਤ ਆਏ। ਇਸ ਨਾਲ ਭਾਜਪਾ ਦੇ ਪੁਰਾਣੇ ਵਰਕਰਾਂ ਵਿੱਚ ਅਸੰਤੋਸ਼ ਪੈਦਾ ਹੋਣ ਦਾ ਖ਼ਤਰਾ ਵੀ ਰਹਿੰਦਾ ਹੈ ਕਿ ਬਾਹਰੀ ਲੋਕਾਂ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾ ਰਹੀ ਹੈ।

## ਬਾਗੀਆਂ ਦਾ ਭਵਿੱਖ ਅਤੇ 'ਇੰਡੀਆ' ਗਠਜੋੜ

ਬਾਗੀ ਆਗੂਆਂ ਸਾਹਮਣੇ ਆਪਣੇ ਹਮਾਇਤੀਆਂ ਨੂੰ ਇਹ ਸਮਝਾਉਣ ਦੀ ਚੁਣੌਤੀ ਹੋਵੇਗੀ ਕਿ ਉਨ੍ਹਾਂ ਦਾ ਫੈਸਲਾ ਵੈਚਾਰਿਕ ਸੀ ਜਾਂ ਸਿਆਸੀ ਮੌਕਾਪ੍ਰਸਤੀ। ਦੂਜੇ ਪਾਸੇ, ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਮਮਤਾ ਬੈਨਰਜੀ ਅਤੇ ਅਭਿਸ਼ੇਕ ਬੈਨਰਜੀ ਦਿੱਲੀ ਵਿੱਚ 'ਇੰਡੀਆ' ਗਠਜੋੜ ਦੀ ਬੈਠਕ ਵਿੱਚ ਸ਼ਾਮਲ ਹੋਏ ਹਨ। ਜੇਕਰ ਤ੍ਰਿਣਮੂਲ ਕਮਜ਼ੋਰ ਹੁੰਦੀ ਹੈ, ਤਾਂ ਵਿਰੋਧੀ ਗਠਜੋੜ ਦੀ ਸਮੁੱਚੀ ਤਾਕਤ ਨੂੰ ਵੱਡਾ ਝਟਕਾ ਲੱਗੇਗਾ। ਪੱਛਮੀ ਬੰਗਾਲ ਵਿੱਚ ਸਿਆਸੀ ਸੰਘਰਸ਼ ਦਾ ਨਵਾਂ ਅਧਿਆਇ ਸ਼ੁਰੂ ਹੋ ਚੁੱਕਾ ਹੈ। ਮਮਤਾ ਬੈਨਰਜੀ ਸਾਹਮਣੇ ਆਪਣੀ ਪਾਰਟੀ ਨੂੰ ਇਕਜੁੱਟ ਰੱਖਣ ਦੀ ਚੁਣੌਤੀ ਹੈ, ਜਦਕਿ ਭਾਜਪਾ ਲਈ ਇਸ ਮੌਕੇ ਨੂੰ ਸਥਾਈ ਸਿਆਸੀ ਲਾਭ ਵਿੱਚ ਬਦਲਣ ਦੀ ਪ੍ਰੀਖਿਆ। ਪਰ ਇਸਦਾ ਅੰਤਿਮ ਫੈਸਲਾ ਦਿੱਲੀ ਦੀਆਂ ਬੈਠਕਾਂ ਵਿੱਚ ਨਹੀਂ, ਬਲਕਿ ਬੰਗਾਲ ਦੀ ਜਨਤਾ ਅਗਲੀ ਵਾਰ ਵੋਟਾਂ ਰਾਹੀਂ ਕਰੇਗੀ।

# ਅਕਾਲ ਤਖ਼ਤ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਦਾ ਗੁਰਤਾ ਗੱਦੀ ਦਿਵਸ ਮਨਾਇਆ

## ✪ ਨਵੇਂ ਕਾਨੂੰਨਾਂ 'ਤੇ ਜਥੇਦਾਰ ਗੜਗੱਜ ਨੇ ਜਤਾਈ ਸਖ਼ਤ ਚਿੰਤਾ



ਅੰਮ੍ਰਿਤਸਰ-ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਹਜ਼ੂਰੀ ਰਾਗੀ ਜਥਿਆਂ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਅਰਦਾਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੌਮ ਨੂੰ ਸੰਬੋਧਨ ਕੀਤਾ।

ਆਪਣੇ ਸੰਬੋਧਨ ਦੌਰਾਨ ਜਥੇਦਾਰ ਨੇ ਮੌਜੂਦਾ ਹਾਲਾਤਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਉਨ੍ਹਾਂ ਦੇ ਆਪਣੇ ਹੀ ਘਰ ਵਿੱਚ ਘੱਟ ਗਿਣਤੀ ਕਰਨ ਦੀਆਂ ਸਾਜਿਸ਼ਾਂ ਲਗਾਤਾਰ ਰਚੀਆਂ ਜਾ ਰਹੀਆਂ ਹਨ।

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਮੌਜੂਦਾ ਸਰਕਾਰ ਵੱਲੋਂ ਲਿਆਂਦੇ ਗਏ ਨਵੇਂ ਕਾਨੂੰਨ (ਸਤਿਕਾਰ ਐਕਟ) 'ਤੇ ਸਿੱਧਾ ਨਿਸ਼ਾਨਾ ਸਾਧਿਆ। ਉਨ੍ਹਾਂ ਦੋਸ਼ ਲਾਇਆ ਕਿ ਇਸ ਕਾਨੂੰਨ ਦੀਆਂ ਕੁਝ ਮੱਦਾਂ ਅਤੇ ਬੇਅਦਬੀ ਕਾਨੂੰਨ ਦੇ ਨਾਂ ਹੇਠ ਸਿੱਖਾਂ ਨੂੰ ਗੁਰਬਾਣੀ ਅਤੇ ਆਪਣੇ ਸਿਧਾਂਤਾਂ ਤੋਂ ਦੂਰ ਕਰਨ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ।

ਉਨ੍ਹਾਂ ਚਿੰਤਾ ਜ਼ਾਹਰ ਕਰਦਿਆਂ ਕਿਹਾ: "ਬਹੁਤ ਸਾਰੀਆਂ ਸੰਗਤਾਂ ਕਾਨੂੰਨ ਦੇ ਭੈਅ (ਡਰ) ਕਾਰਨ ਆਪਣੇ ਘਰਾਂ ਵਿੱਚੋਂ ਪਾਵਨ ਗੁਟਕਾ ਸਾਹਿਬ ਅਤੇ ਪੋਥੀਆਂ ਗੁਰੂ ਘਰਾਂ ਵਿੱਚ ਜਮ੍ਹਾਂ ਕਰਵਾ ਰਹੀਆਂ ਹਨ। ਸਿੱਖ ਕੌਮ ਅਜਿਹੇ ਕਿਸੇ ਵੀ ਕਾਨੂੰਨ ਜਾਂ ਬਿਰਤਾਂਤ ਨੂੰ ਕਦੇ ਪ੍ਰਵਾਨ ਨਹੀਂ ਕਰੇਗੀ ਜੋ ਉਨ੍ਹਾਂ ਨੂੰ ਬਾਣੀ ਤੋਂ ਦੂਰ ਕਰਦਾ ਹੋਵੇ।"

ਜਥੇਦਾਰ ਨੇ ਸੰਗਤ ਦੇ ਸਾਹਮਣੇ ਇੱਕ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਲਿਆਉਂਦਿਆਂ ਦੱਸਿਆ ਕਿ ਪਿਛਲੇ ਦਿਨੀਂ ਉਨ੍ਹਾਂ ਨੂੰ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਕਿਸੇ ਕੈਦੀ ਦੇ ਪਰਿਵਾਰਕ ਮੈਂਬਰ ਮਿਲੇ ਸਨ।

ਪਰਿਵਾਰ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਕਾਨੂੰਨ ਦਾ ਹਵਾਲਾ ਦੇ ਕੇ ਜੇਲ੍ਹ ਅੰਦਰ ਬੰਦ ਕੈਦੀਆਂ ਪਾਸੋਂ ਪਾਵਨ ਗੁਟਕਾ ਸਾਹਿਬ ਵਾਪਸ ਲੈ ਲਏ ਗਏ ਹਨ।

ਜਥੇਦਾਰ ਨੇ ਇਸ ਨੂੰ ਅਸਹਿ ਦੱਸਦਿਆਂ ਕਿਹਾ ਕਿ ਸਾਡਾ ਇੱਕੋ-ਇੱਕ ਆਸਰਾ ਗੁਰਬਾਣੀ ਹੈ ਅਤੇ ਕੋਈ ਵੀ ਪ੍ਰਸ਼ਾਸਨ ਜਾਂ ਕਾਨੂੰਨ ਸਿੱਖ ਨੂੰ ਬਾਣੀ ਪੜ੍ਹਨ ਤੋਂ ਨਹੀਂ ਰੋਕ ਸਕਦਾ।

ਜਥੇਦਾਰ ਗੜਗੱਜ ਨੇ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੇ ਡਰ ਜਾਂ ਭੈਅ ਵਿੱਚ ਨਾ ਆਉਣ। ਸੰਗਤਾਂ ਪੂਰੇ ਸਤਿਕਾਰ, ਮਰਯਾਦਾ ਅਤੇ ਅਦਬ ਨਾਲ ਪਾਵਨ ਗੁਟਕਾ ਸਾਹਿਬ ਅਤੇ ਪੋਥੀਆਂ ਆਪਣੇ ਘਰਾਂ ਵਿੱਚ ਸੁਸ਼ੋਭਿਤ ਰੱਖਣ ਅਤੇ ਨਿਤਨੇਮ ਜਾਰੀ ਰੱਖਣ।

ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਨੂੰ ਇਸ ਕਾਨੂੰਨ ਵਿੱਚ ਜ਼ਰੂਰੀ ਸੋਧਾਂ ਕਰਨ ਲਈ ਕਿਹਾ ਗਿਆ ਸੀ, ਪਰ ਸਰਕਾਰ ਵੱਲੋਂ ਅੜੀਅਲ ਵਤੀਰਾ ਅਪਨਾਇਆ ਜਾ ਰਿਹਾ ਹੈ। ਇਸ ਗੰਭੀਰ ਮਸਲੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਆਉਣ ਵਾਲੇ ਦਿਨਾਂ ਵਿੱਚ ਪੰਜ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ (ਮੀਟਿੰਗ) ਬੁਲਾਈ ਜਾਵੇਗੀ, ਜਿਸ ਤੋਂ ਬਾਅਦ ਸਮੁੱਚੀ ਸਿੱਖ ਕੌਮ ਦੇ ਨਾਂ 'ਆਦੇਸ਼-ਸੰਦੇਸ਼' ਜਾਰੀ ਕੀਤਾ ਜਾਵੇਗਾ।

# ਗਾਜ਼ੀਆਬਾਦ ਕਤਲਕਾਂਡ ਤੋਂ ਬਾਅਦ ਵਧੀ ਹਿੰਦੂ-ਮੁਸਲਮ ਭਾਈਚਾਰੇ ਵਿਚਾਲੇ ਨਫ਼ਰਤ

## ✪ ਸਮਾਜਿਕ ਅਤੇ ਪ੍ਰਸ਼ਾਸਨਿਕ ਚੁੱਪ 'ਤੇ ਉੱਠੇ ਸਵਾਲ, ਯੂਟਿਊਬਰ ਹਿੰਸਾ ਭੜਕਾਉਣ ਲੱਗੇ

ਖਾਸ ਖ਼ਬਰ





ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿੱਚ ਇੱਕ ਮੁਸਲਿਮ ਨੌਜਵਾਨ ਵੱਲੋਂ ਇੱਕ ਹਿੰਦੂ ਨੌਜਵਾਨ (ਸੂਰੀਆ) ਦੇ ਕੀਤੇ ਗਏ ਕਤਲ ਤੋਂ ਬਾਅਦ ਇਲਾਕੇ ਵਿੱਚ ਫਿਰਕੂ ਤਣਾਅ ਅਤੇ ਨਫ਼ਰਤ ਦੇਖਣ ਨੂੰ ਮਿਲ ਰਹੀ ਹੈ। ਭਾਵੇਂ ਹੀ ਪੁਲਿਸ ਨੇ ਕਤਲ ਦੇ ਮੁੱਖ ਮੁਲਜ਼ਮ 'ਅਸਦ' ਨੂੰ ਇੱਕ ਕਥਿਤ ਪੁਲਿਸ ਮੁਕਾਬਲੇ ਵਿੱਚ ਤੁਰੰਤ ਮਾਰ ਮੁਕਾਇਆ ਹੈ, ਪਰ ਇਸ ਦੇ ਬਾਵਜੂਦ ਇੱਕ ਖ਼ਾਸ ਭਾਈਚਾਰੇ ਖ਼ਿਲਾਫ਼ ਨਫ਼ਰਤੀ ਮੁਹਿੰਮ ਲਗਾਤਾਰ ਤੇਜ਼ ਹੁੰਦੀ ਜਾ ਰਹੀ ਹੈ, ਜਿਸ ਨੇ ਕਾਨੂੰਨ ਵਿਵਸਥਾ ਅਤੇ ਸਮਾਜਿਕ ਤਾਣੇ-ਬਾਣੇ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

### 'ਬੁਲਡੋਜ਼ਰ ਕਾਰਵਾਈ' ਅਤੇ ਪੂਰੇ ਪਰਿਵਾਰ 'ਤੇ ਸ਼ਿਕੰਜਾ

ਖ਼ਬਰ ਮੁਤਾਬਕ, ਮੁਲਜ਼ਮ ਅਸਦ ਦੇ ਮਾਰੇ ਜਾਣ ਤੋਂ ਬਾਅਦ ਵੀ ਗੁੱਸਾ ਸ਼ਾਂਤ ਹੁੰਦਾ ਨਜ਼ਰ ਨਹੀਂ ਆ ਰਿਹਾ। ਹੁਣ ਮੁਲਜ਼ਮ ਦੇ ਪੂਰੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ:ਅਸਦ ਦੇ ਪਿਤਾ ਅਤੇ ਭਰਾ ਨੂੰ ਪਹਿਲਾਂ ਹੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਪ੍ਰਸ਼ਾਸਨ ਵੱਲੋਂ ਹੁਣ ਅਸਦ ਦੇ ਪਰਿਵਾਰਕ ਘਰ ਨੂੰ ਢਾਹੁਣ ਲਈ ਇੱਕ ਅਧਿਕਾਰਤ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਕਾਰਨ ਪੂਰੇ ਪਰਿਵਾਰ ਦੇ ਬੇਘਰ ਹੋਣ ਅਤੇ ਬਰਬਾਦੀ ਦਾ ਖ਼ਦਸ਼ਾ ਬਣ ਗਿਆ ਹੈ।

### ਮਦਰੱਸੇ ਸੀਲ ਅਤੇ ਸੜਕਾਂ 'ਤੇ ਭੜਕਾਊ ਫਿਰਕੂ ਨਾਰੇ

ਇਸ ਘਟਨਾ ਨੂੰ ਬਹਾਨਾ ਬਣਾ ਕੇ ਪੂਰੇ ਭਾਈਚਾਰੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਲਾਕੇ ਦੇ ਮਦਰੱਸਿਆਂ ਨੂੰ ਪ੍ਰਸ਼ਾਸਨ ਵੱਲੋਂ ਸੀਲ ਕਰ ਦਿੱਤਾ ਗਿਆ ਹੈ, ਕਿਉਂਕਿ ਕਥਿਤ ਤੌਰ 'ਤੇ ਉਨ੍ਹਾਂ ਨੂੰ ਅਜਿਹੇ ਅਪਰਾਧਾਂ ਦਾ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

ਇਸ ਦੇ ਨਾਲ ਹੀ, ਕੁਝ ਕੱਟੜਪੰਥੀ ਗਰੁੱਪਾਂ ਵੱਲੋਂ ਸੜਕਾਂ 'ਤੇ ਸ਼ਰੇਆਮ ਹਿੰਸਕ ਧਮਕੀਆਂ ਅਤੇ ਭੜਕਾਊ ਨਾਅਰੇਬਾਜ਼ੀ ਕੀਤੀ ਜਾ ਰਹੀ ਹੈ। ਚਿੰਤਾਜਨਕ ਪਹਿਲੂ ਇਹ ਹੈ ਕਿ ਪ੍ਰਸ਼ਾਸਨ ਇਸ ਨਫ਼ਰਤੀ ਪ੍ਰਚਾਰ ਨੂੰ 'ਕੁਦਰਤੀ ਗੁੱਸਾ' ਮੰਨ ਕੇ ਨਜ਼ਰਅੰਦਾਜ਼ ਕਰ ਰਿਹਾ ਹੈ ਅਤੇ ਸਖ਼ਤ ਕਾਰਵਾਈ ਕਰਨ ਤੋਂ ਗੁਰੇਜ਼ ਕਰ ਰਿਹਾ ਹੈ।

### ਯੂਟਿਊਬਰਾਂ ਦੀ 'ਨਫ਼ਰਤੀ ਫ਼ੌਜ' ਅਤੇ ਡਿਜੀਟਲ ਆਮਦਨ ਦਾ ਜ਼ਰੀਆ

ਖ਼ਬਰਾਂ ਅਨੁਸਾਰ ਅੱਜ-ਕੱਲ੍ਹ ਅਜਿਹੇ ਯੂਟਿਊਬਰਾਂ ਦੀ ਇੱਕ ਵੱਡੀ ਫ਼ੌਜ ਤਿਆਰ ਹੋ ਚੁੱਕੀ ਹੈ, ਜੋ ਰਿਪੋਰਟਿੰਗ ਦੇ ਨਾਂ 'ਤੇ ਕਿਸੇ ਖ਼ਾਸ ਭਾਈਚਾਰੇ ਦੇ ਲੋਕਾਂ ਨੂੰ ਘੇਰ ਕੇ ਉਨ੍ਹਾਂ ਤੋਂ ਫਿਰਕੂ, ਭੜਕਾਊ ਸਵਾਲ ਪੁੱਛਦੇ ਹਨ। ਇਨ੍ਹਾਂ ਵਿੱਚ ਵੱਡੀ ਗਿਣਤੀ ਮਹਿਲਾ ਯੂਟਿਊਬਰਾਂ ਦੀ ਹੈ, ਜੋ ਔਰਤ ਹੋਣ ਦਾ ਫ਼ਾਇਦਾ ਉਠਾ ਕੇ ਲੋਕਾਂ ਦੇ ਮੂੰਹ ਅੱਗੇ ਜ਼ਬਰਦਸਤੀ ਮਾਈਕ ਕਰ ਦਿੰਦੀਆਂ ਹਨ, ਤਾਂ ਜੋ ਕੋਈ ਉਨ੍ਹਾਂ ਦਾ ਵਿਰੋਧ ਨਾ ਕਰ ਸਕੇ। ਇਹ ਨਫ਼ਰਤ ਹੁਣ ਸਿਰਫ਼ ਸਿਆਸੀ ਲਾਹੇ ਤੱਕ ਸੀਮਤ ਨਹੀਂ ਰਹੀ, ਬਲਕਿ ਵਧੇਰੇ ਵਿਊਜ਼ ਬਟੋਰ ਕੇ ਪੈਸਾ ਕਮਾਉਣ ਦਾ ਇੱਕ 'ਆਰਥਿਕ ਜ਼ਰੀਆ' ਵੀ ਬਣ ਚੁੱਕੀ ਹੈ।

### ਸਿਆਸੀ ਪਾਰਟੀਆਂ ਅਤੇ ਪ੍ਰਸ਼ਾਸਨ ਦੀ ਗੰਭੀਰ ਚੁੱਪ

ਸੂਤਰਾਂ ਅਨੁਸਾਰ ਮੁਸਲਿਮ ਭਾਈਚਾਰੇ ਦੀਆਂ ਵੋਟਾਂ ਮੰਗਣ ਵਾਲੀਆਂ ਧਿਰਾਂ ਵੀ ਇਸ ਸਮੇਂ ਆਪਣੇ ਹਿੰਦੂ ਵੋਟ ਬੈਂਕ ਦੇ ਖਿਸਕਣ ਦੇ ਡਰੋਂ ਇਸ ਹਿੰਸਾ ਅਤੇ ਨਫ਼ਰਤ ਖ਼ਿਲਾਫ਼ ਖੁੱਲ੍ਹ ਕੇ ਬੋਲਣ ਤੋਂ ਕਤਰਾ ਰਹੀਆਂ ਹਨ।

ਦੂਜੇ ਪਾਸੇ, ਨਫ਼ਰਤੀ ਬਿਆਨਬਾਜ਼ੀ ਕਰਨ ਵਾਲੇ ਅਧਿਕਾਰੀਆਂ, ਪੁਲਿਸ ਮੁਲਾਜ਼ਮਾਂ ਅਤੇ ਜੱਜਾਂ ਦੀ ਗਿਣਤੀ ਵਿੱਚ ਹੋ ਰਿਹਾ ਵਾਧਾ ਭਾਰਤ ਦੇ ਲੋਕਤੰਤਰ ਅਤੇ ਨਿਆਂ ਪ੍ਰਣਾਲੀ ਲਈ ਇੱਕ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ।

# ਵਿਧਾਨ ਸਭਾ ਚੋਣਾਂ 2027 ਲਈ ਅਕਾਲੀ ਦਲ ਸਰਗਰਮ

## ਔਰਤਾਂ ਅਤੇ ਨਸ਼ਿਆਂ ਦੇ ਮੁੱਦੇ 'ਤੇ 'ਆਪ' ਨੂੰ ਘੇਰੇਗਾ ਇਸਤਰੀ ਅਕਾਲੀ ਦਲ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿੱਚ ਸਾਲ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਪਣੀਆਂ ਸਿਆਸੀ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਨੇ ਸੂਬੇ ਦੀ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਖ਼ਿਲਾਫ਼ ਮੋਰਚਾ ਖੋਲ੍ਹਣ ਦੀ ਪੂਰੀ ਰਣਨੀਤੀ ਉਲੀਕ ਲਈ ਹੈ। ਇਸ ਤਹਿਤ 'ਇਸਤਰੀ ਅਕਾਲੀ ਦਲ' ਵੱਲੋਂ ਪੰਜਾਬ ਵਿੱਚ ਮੌਜੂਦਾ ਸਰਕਾਰ ਦੌਰਾਨ ਵਧੇ ਨਸ਼ਿਆਂ ਅਤੇ ਔਰਤਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਦੇ ਮੁੱਦਿਆਂ 'ਤੇ 'ਆਪ' ਨੂੰ ਘੇਰਿਆ ਜਾਵੇਗਾ।

ਇਸ ਸਿਆਸੀ ਮੁਹਿੰਮ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਵਿਖੇ ਇਸਤਰੀ ਅਕਾਲੀ ਦਲ ਦੀਆਂ ਨਵ-ਨਿਯੁਕਤ ਹਲਕਾ ਪ੍ਰਧਾਨਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ। ਮੀਟਿੰਗ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਇਸਤਰੀ ਅਕਾਲੀ ਦਲ ਦੇ ਨਵ-ਨਿਯੁਕਤ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਪਾਰਟੀ ਦੇ ਸੰਗਠਨ ਨੂੰ ਹੇਠਲੇ ਪੱਧਰ (ਬੂਥ ਪੱਧਰ) 'ਤੇ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨਾਕਾਮੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਮਹਿਲਾ ਵਰਕਰਾਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੋਵੇਗੀ।

ਇਸ ਉੱਚ-ਪੱਧਰੀ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਹਰਗੋਬਿੰਦ ਕੌਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਬੀਬੀ ਹਰਸਿਮਰਤ ਕੌਰ ਬਾਦਲ ਨੇ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਦਾ ਇਸਤਰੀ ਵਿੰਗ ਸੂਬੇ ਵਿੱਚ ਸਿਆਸੀ ਬਦਲਾਅ ਲਿਆਉਣ ਵਿੱਚ ਮੋਹਰੀ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀਆਂ ਨੀਤੀਆਂ ਅਤੇ ਵਧ ਰਹੇ ਨਸ਼ਿਆਂ ਕਾਰਨ ਪੰਜਾਬ ਦੀਆਂ ਔਰਤਾਂ ਸਭ ਤੋਂ ਵੱਧ ਮਾਨਸਿਕ ਅਤੇ ਆਰਥਿਕ ਮਾਰ ਝੱਲ ਰਹੀਆਂ ਹਨ। ਇਸਤਰੀ ਅਕਾਲੀ ਦਲ ਦੇ ਪ੍ਰਧਾਨ ਹਰਗੋਬਿੰਦ ਕੌਰ ਨੇ ਕਿਹਾ ਕਿ ਚੋਣਾਂ ਵੇਲੇ 'ਆਪ' ਵੱਲੋਂ ਔਰਤਾਂ ਨਾਲ 1000 ਰੁਪਏ ਮਹੀਨਾ ਦੇਣ ਸਣੇ ਕਈ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਜੋ ਅਜੇ ਤੱਕ ਵਫ਼ਾ ਨਹੀਂ ਹੋਏ। ਹੁਣ ਇਸਤਰੀ ਅਕਾਲੀ ਦਲ ਪੰਜਾਬ ਭਰ ਵਿੱਚ ਮੁਹਿੰਮ ਚਲਾ ਕੇ ਸਰਕਾਰ ਦੇ ਇਨ੍ਹਾਂ ਝੂਠੇ ਵਾਅਦਿਆਂ ਨੂੰ ਜਨਤਾ ਦੇ ਸਾਹਮਣੇ ਬੇਨਕਾਬ ਕਰੇਗਾ।

ਸਾਲ 2027 ਦੀਆਂ ਚੋਣਾਂ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਅਕਾਲੀ ਦਲ ਵੱਲੋਂ ਆਪਣੇ ਮਹਿਲਾ ਵਿੰਗ ਨੂੰ ਇਸ ਤਰ੍ਹਾਂ ਸਰਗਰਮ ਕਰਨਾ ਇਹ ਸਾਫ਼ ਸੰਕੇਤ ਦਿੰਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਸਿਆਸਤ ਵਿੱਚ ਮੁੱਦਿਆਂ ਦੀ ਲੜਾਈ ਹੋਰ ਭਖਣ ਵਾਲੀ ਹੈ।

# ਸਰਹੱਦ ਪਾਰੋਂ ਹਥਿਆਰ ਤਸਕਰੀ ਤੇ ਹਵਾਲਾ ਰੈਕੇਟ ਦਾ ਪਰਦਾਫਾਸ਼; ਅਫ਼ਗਾਨ ਨਾਗਰਿਕ ਸਣੇ 4 ਗ੍ਰਿਫ਼ਤਾਰ

ਅੰਮ੍ਰਿਤਸਰ-ਪੰਜਾਬ ਵਿੱਚ ਸੰਗਠਿਤ ਅਪਰਾਧ ਅਤੇ ਸਰਹੱਦ ਪਾਰੋਂ ਹੋ ਰਹੀ ਹਥਿਆਰਾਂ ਦੀ ਤਸਕਰੀ ਖ਼ਿਲਾਫ਼ ਅੰਮ੍ਰਿਤਸਰ ਪੁਲਿਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਇੱਕ ਅੰਤਰਰਾਸ਼ਟਰੀ ਗੈਰ-ਕਾਨੂੰਨੀ ਹਥਿਆਰ ਤਸਕਰੀ ਅਤੇ ਹਵਾਲਾ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਇੱਕ ਅਫ਼ਗਾਨ ਨਾਗਰਿਕ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਵਿਸ਼ੇਸ਼ ਕਾਰਵਾਈ ਦੌਰਾਨ ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 8 ਆਧੁਨਿਕ (ਲੇਟੈਸਟ) ਪਿਸਤੌਲ ਅਤੇ 7 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸਰਹੱਦ ਪਾਰ ਬੈਠੇ ਇੱਕ ਵਿਦੇਸ਼ੀ ਤਸਕਰ ਦੇ ਸਿੱਧੇ ਸੰਪਰਕ ਵਿੱਚ ਸਨ। ਇਹ ਵਿਦੇਸ਼ੀ ਤਸਕਰ ਗੁਪਤ ਡ੍ਰੌਪ ਪੁਆਇੰਟਾਂ ਦੀ ਵਰਤੋਂ ਕਰਕੇ ਹਥਿਆਰਾਂ ਦੀ ਖੇਪ ਪੰਜਾਬ ਦੀ ਹੱਦ ਅੰਦਰ ਪਹੁੰਚਾਉਂਦਾ ਸੀ। ਪੰਜਾਬ ਪਹੁੰਚਣ ਤੋਂ ਬਾਅਦ ਇਹ ਚਾਰੋਂ ਮੁਲਜ਼ਮ ਉਨ੍ਹਾਂ ਹਥਿਆਰਾਂ ਨੂੰ ਅੱਗੇ ਅਪਰਾਧਿਕ ਅਨਸਰਾਂ ਅਤੇ ਹੋਰ ਸਪਲਾਇਰਾਂ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ।

ਜਾਂਚ ਏਜੰਸੀਆਂ ਨੂੰ ਸ਼ੱਕ ਹੈ ਕਿ ਇਹ ਗਿਰੋਹ ਸਿਰਫ਼ ਹਥਿਆਰਾਂ ਦੀ ਸਪਲਾਈ ਤੱਕ ਹੀ ਸੀਮਤ ਨਹੀਂ ਸੀ। ਇਸ ਨੈੱਟਵਰਕ ਦੇ ਤਾਰ ''ਹਵਾਲਾ ਲੈਣ-ਦੇਣ'' ਰਾਹੀਂ ਵੱਡੇ ਪੱਧਰ 'ਤੇ ਹੋਣ ਵਾਲੀਆਂ ਵਿੱਤੀ ਗਤੀਵਿਧੀਆਂ ਨਾਲ ਵੀ ਜੁੜੇ ਹੋਏ ਹਨ। ਪੁਲਿਸ ਹੁਣ ਇਸ ਗੱਲ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਕਿ ਹਥਿਆਰਾਂ ਦੀ ਖ਼ਰੀਦੋ-ਫ਼ਰੋਖ਼ਤ ਲਈ ਪੈਸਾ ਕਿੱਥੋਂ ਆ ਰਿਹਾ ਸੀ ਅਤੇ ਕਿਸ ਦੇ ਖਾਤਿਆਂ ਵਿੱਚ ਜਾ ਰਿਹਾ ਸੀ। ਪੁਲਿਸ ਨੇ ਇਸ ਕਾਰਵਾਈ ਤਹਿਤ ਅੰਮ੍ਰਿਤਸਰ ਦੇ ਇਸਲਾਮਾਬਾਦ ਅਤੇ ਗੇਟ ਹਕੀਮਾ ਥਾਣਿਆਂ ਦੇ ਅਧਿਕਾਰ ਖੇਤਰਾਂ ਵਿੱਚ ਵੱਖ-ਵੱਖ ਐਫ.ਆਈ.ਆਰ. ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਲਜ਼ਮਾਂ ਕੋਲੋਂ ਪੁੱਛਗਿੱਛ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਮਾਮਲੇ ਵਿੱਚ ਕਈ ਹੋਰ ਅਹਿਮ ਗ੍ਰਿਫ਼ਤਾਰੀਆਂ ਅਤੇ ਵੱਡੀ ਬਰਾਮਦਗੀ ਹੋਣ ਦੀ ਪੂਰੀ ਸੰਭਾਵਨਾ ਹੈ।

# ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਗਏ ਭਾਰਤੀਆਂ 'ਤੇ ਵੱਡੀ ਕਾਰਵਾਈ, ਇਸ ਸਾਲ 1000 ਤੋਂ ਵੱਧ ਲੋਕ ਡਿਪੋਰਟ



ਨਵੀਂ ਦਿੱਲੀ-ਭਾਰਤ ਅਤੇ ਅਮਰੀਕਾ ਦਰਮਿਆਨ ਮਾਈਗ੍ਰੇਸ਼ਨ ਅਤੇ ਮੋਬਿਲਿਟੀ (ਪ੍ਰਵਾਸ) ਨੂੰ ਲੈ ਕੇ ਲਗਾਤਾਰ ਗੱਲਬਾਤ ਚੱਲ ਰਹੀ ਹੈ। ਇਸੇ ਦੌਰਾਨ ਵਿਦੇਸ਼ ਮੰਤਰਾਲੇ ਵੱਲੋਂ ਸਾਂਝੇ ਕੀਤੇ ਗਏ ਅੰਕੜਿਆਂ ਮੁਤਾਬਕ, ਸਾਲ 2026 ਵਿੱਚ ਹੁਣ ਤੱਕ 1,076 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ (ਵਾਪਸ ਭੇਜਿਆ) ਕੀਤਾ ਜਾ ਚੁੱਕਾ ਹੈ। ਇਹ ਅੰਕੜੇ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਅਮਰੀਕਾ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਲਗਾਤਾਰ ਸਖ਼ਤ ਕਦਮ ਚੁੱਕ ਰਿਹਾ ਹੈ।

ਭਾਰਤ ਸਰਕਾਰ ਦਾ ਕਹਿਣਾ ਹੈ ਕਿ ਉਹ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਵਾਲਿਆਂ ਨੂੰ ਉਤਸ਼ਾਹਿਤ ਕਰਦੀ ਹੈ, ਜਦੋਂ ਕਿ ਗੈਰ-ਕਾਨੂੰਨੀ ਰਸਤਿਆਂ ਰਾਹੀਂ ਜਾਣ ਵਾਲਿਆਂ ਨੂੰ ਨਿਰਉਤਸ਼ਾਹਿਤ ਕਰਦੀ ਹੈ। ਦੋਵੇਂ ਦੇਸ਼ ਮਿਲ ਕੇ ਕਾਨੂੰਨੀ ਪ੍ਰਵਾਸ ਨੂੰ ਸੌਖਾ ਬਣਾਉਣ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਰੋਕ ਲਗਾਉਣ ਲਈ ਕੰਮ ਕਰ ਰਹੇ ਹਨ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਦੱਸਿਆ ਕਿ ਜਨਵਰੀ 2026 ਤੋਂ ਹੁਣ ਤੱਕ 1,076 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ। ਜੇਕਰ ਪਿਛਲੇ ਸਾਲ ਦੀ ਗੱਲ ਕਰੀਏ ਤਾਂ ਪੂਰੇ 2025 ਵਿੱਚ ਇਹ ਗਿਣਤੀ 3,567 ਸੀ। ਇਹ ਅੰਕੜੇ ਸਾਫ਼ ਕਰਦੇ ਹਨ ਕਿ ਅਮਰੀਕਾ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਖ਼ਿਲਾਫ਼ ਸਖ਼ਤ ਮੁਹਿੰਮ ਚਲਾ ਰਿਹਾ ਹੈ। ਭਾਰਤ ਸਰਕਾਰ ਅਜਿਹੇ ਮਾਮਲਿਆਂ 'ਤੇ ਨਜ਼ਰ ਰੱਖ ਰਹੀ ਹੈ ਅਤੇ ਨਾਗਰਿਕਤਾ ਦੀ ਪੁਸ਼ਟੀ ਹੋਣ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਂਦੀ ਹੈ।

ਦੋਵਾਂ ਦੇਸ਼ਾਂ ਵਿਚਾਲੇ ਪ੍ਰਵਾਸ ਦਾ ਮੁੱਦਾ ਬਹੁਤ ਅਹਿਮ ਬਣਿਆ ਹੋਇਆ ਹੈ। ਦੋਵਾਂ ਦੇਸ਼ਾਂ ਦਾ ਮੁੱਖ ਫੋਕਸ ਇਸ ਗੱਲ 'ਤੇ ਹੈ ਕਿ: ਵਿਦਿਆਰਥੀਆਂ, ਪੇਸ਼ੇਵਰਾਂ (ਪ੍ਰੋਫੈਸ਼ਨਲਜ਼) ਅਤੇ ਯੋਗ ਲੋਕਾਂ ਲਈ ਕਾਨੂੰਨੀ ਰਸਤੇ ਖੁੱਲ੍ਹੇ ਰਹਿਣ।

ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲਿਆਂ ਜਾਂ ਜਾਅਲੀ ਦਸਤਾਵੇਜ਼ਾਂ ਦੇ ਸਹਾਰੇ ਰਹਿਣ ਵਾਲਿਆਂ 'ਤੇ ਰੋਕ ਲਗਾਈ ਜਾ ਸਕੇ।

ਭਾਰਤ ਹਮੇਸ਼ਾ ਕਾਨੂੰਨੀ ਪ੍ਰਵਾਸ ਦਾ ਸਮਰਥਨ ਕਰਦਾ ਹੈ। ਜਦੋਂ ਵੀ ਅਮਰੀਕਾ ਵੱਲੋਂ ਕਿਸੇ ਵਿਅਕਤੀ ਦੇ ਭਾਰਤੀ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਤਾਂ ਭਾਰਤ ਸਰਕਾਰ ਪਹਿਲਾਂ ਉਸ ਦੀ ਪਛਾਣ ਅਤੇ ਨਾਗਰਿਕਤਾ ਦੀ ਚੰਗੀ ਤਰ੍ਹਾਂ ਜਾਂਚ ਕਰਦੀ ਹੈ, ਜਿਸ ਤੋਂ ਬਾਅਦ ਹੀ ਉਸ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ।

### ਭਾਰਤੀ ਨਾਗਰਿਕ ਦੀ ਗ੍ਰਿਫ਼ਤਾਰੀ ਆਈ ਸੁਰਖੀਆਂ 'ਚ

ਹਾਲ ਹੀ ਵਿੱਚ ਅਮਰੀਕੀ ਏਜੰਸੀ ਇਛਓ ਲੌਸ ਅਨਗਇਲਇਸ ਨੇ ਇੱਕ 26 ਸਾਲਾ ਭਾਰਤੀ ਨਾਗਰਿਕ ਪਰਮਿੰਦਰਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਮੁਤਾਬਕ ਉਸ 'ਤੇ ਵਾਹਨ ਚੋਰੀ, ਗ੍ਰੈਂਡ ਥੈਫਟ (ਵੱਡੀ ਚੋਰੀ), ਭੰਨ-ਤੋੜ ਅਤੇ ਬਿਨਾਂ ਇਜਾਜ਼ਤ ਕਿਸੇ ਦੀ ਜਾਇਦਾਦ ਵਿੱਚ ਦਾਖਲ ਹੋਣ (ਟ੍ਰੈਸਪਾਸਿੰਗ) ਵਰਗੇ ਕਈ ਗੰਭੀਰ ਦੋਸ਼ ਹਨ। ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ (ਰਿਮੂਵਲ ਪ੍ਰੋਸੀਡਿੰਗਜ਼) ਲਈ ਹਿਰਾਸਤ ਵਿੱਚ ਰੱਖਿਆ ਗਿਆ ਹੈ।

ਭਾਰਤ ਅਤੇ ਅਮਰੀਕਾ ਦੋਵੇਂ ਚਾਹੁੰਦੇ ਹਨ ਕਿ ਪੜ੍ਹਾਈ, ਨੌਕਰੀ ਅਤੇ ਵਪਾਰ ਲਈ ਸਹੀ ਤਰੀਕੇ ਨਾਲ ਸਫ਼ਰ ਕਰਨ ਵਾਲਿਆਂ ਨੂੰ ਬਿਹਤਰ ਮੌਕੇ ਮਿਲਣ। ਇਸ ਦੇ ਲਈ ਵੀਜ਼ਾ ਪ੍ਰਕਿਰਿਆ, ਸਕਿਲਡ ਵਰਕਰ ਪ੍ਰੋਗਰਾਮ ਅਤੇ ਸਟੂਡੈਂਟ ਐਕਸਚੇਂਜ ਵਰਗੇ ਪ੍ਰਬੰਧਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਮਾਨਵ ਤਸਕਰੀ ਅਤੇ ਫਰਜ਼ੀ ਦਸਤਾਵੇਜ਼ ਤਿਆਰ ਕਰਨ ਵਾਲੇ ਨੈੱਟਵਰਕਾਂ ਖ਼ਿਲਾਫ਼ ਸ਼ਿਕੰਜਾ ਹੋਰ ਕੱਸਿਆ ਜਾ ਰਿਹਾ ਹੈ।

## ਅੰਮ੍ਰਿਤਸਰ ਪੁਲਿਸ ਦੀ ਵੱਡੀ ਕਾਮਯਾਬੀ: ਅਫ਼ਗਾਨ ਨਾਗਰਿਕ ਅਤੇ 2 ਨਾਬਾਲਗਾਂ ਸਮੇਤ 6 ਗ੍ਰਿਫ਼ਤਾਰ

### ✪ ਹੈਰੋਇਨ, ਗਲੋਕ ਪਿਸਤੌਲ ਤੇ 5 ਲੱਖ ਦੀ ਡਰੱਗ ਮਨੀ ਬਰਾਮਦ



ਅੰਮ੍ਰਿਤਸਰ-ਸਰਹੱਦ ਪਾਰੋਂ ਚੱਲ ਰਹੇ ਹਥਿਆਰਾਂ, ਨਸ਼ਿਆਂ ਅਤੇ ਹਵਾਲਾ ਨੈੱਟਵਰਕ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਇੱਕ ਅਫ਼ਗਾਨਿਸਤਾਨੀ ਨਾਗਰਿਕ ਅਤੇ ਦੋ ਨਾਬਾਲਗਾਂ ਸਮੇਤ ਕੁੱਲ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਅੰਤਰਰਾਸ਼ਟਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 1.035 ਕਿੱਲੋ ਹੈਰੋਇਨ, 5 ਆਧੁਨਿਕ ਪਿਸਤੌਲ (ਜਿਨ੍ਹਾਂ ਵਿੱਚ 3 ਆਸਟ੍ਰੀਆ ਦੇ ਬਣੇ 9ਐਮਐਮ ਗਲੋਕ ਪਿਸਤੌਲ ਸ਼ਾਮਲ ਹਨ) ਅਤੇ 5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਨੇ ਦੱਸਿਆ ਕਿ ਇਹ ਨੈੱਟਵਰਕ ਮੁੱਖ ਤੌਰ 'ਤੇ ਪੰਜਾਬ ਦੇ ਮਾਝਾ ਅਤੇ ਦੋਆਬਾ ਖੇਤਰਾਂ ਵਿੱਚ ਸਰਗਰਮ ਸੀ।

#### ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੇ ਵੇਰਵੇ:

ਪੁਲਿਸ ਵੱਲੋਂ ਫੜੇ ਗਏ ਮੁਲਜ਼ਮਾਂ ਵਿੱਚੋਂ ਤਿੰਨ ਪਹਿਲਾਂ ਹੀ ਆਦਤਨ ਅਪਰਾਧੀ ਹਨ, ਜਿਨ੍ਹਾਂ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ:

ਬਾਜ਼ ਮੁਹੰਮਦ (62): ਅਫ਼ਗਾਨਿਸਤਾਨ ਦਾ ਨਾਗਰਿਕ (ਹਾਲ ਵਾਸੀ ਲਾਜਪਤ ਨਗਰ, ਨਵੀਂ ਦਿੱਲੀ; ਪਹਿਲਾਂ ਸੋਨੀਪਤ, ਹਰਿਆਣਾ)।

ਅੰਕੁਸ਼ ਬਰਥਵਾਲ (33): ਵਾਸੀ ਗੁਰੂ ਅੰਗਦ ਦੇਵ ਕਾਲੋਨੀ, ਨਵਾਂਸ਼ਹਿਰ।

ਦੇਸ ਰਾਜ ਉਰਫ਼ ਵਿੱਕੀ (32): ਵਾਸੀ ਪਿੰਡ ਭੱਟੀਆਂ, ਜਲੰਧਰ।

ਰਾਜਨਦੀਪ ਸਿੰਘ ਉਰਫ਼ ਰਾਜਾ (26): ਵਾਸੀ ਪਿੰਡ ਰਣੀਆ (ਲੋਪੋਕੇ), ਹਾਲ ਵਾਸੀ ਸੰਨੀ ਐਨਕਲੇਵ, ਅੰਮ੍ਰਿਤਸਰ। ਦੋ ਨਾਬਾਲਗ ਫੜੇ ਹਨ ਪਰ ਕਾਨੂੰਨੀ ਕਾਰਨਾਂ ਕਰਕੇ ਇਨ੍ਹਾਂ ਦੀ ਪਛਾਣ ਗੁਪਤ ਰੱਖੀ ਗਈ ਹੈ।

ਡੀਜੀਪੀ ਗੌਰਵ ਯਾਦਵ ਅਨੁਸਾਰ, ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਮੁਲਜ਼ਮ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਵਿਦੇਸ਼ਾਂ ਵਿੱਚ ਬੈਠੇ ਆਪਣੇ ਆਕਾਵਾਂ (ਹੈਂਡਲਰਾਂ) ਨਾਲ ਸੰਪਰਕ ਵਿੱਚ ਸਨ। ਉੱਥੋਂ ਮਿਲਣ ਵਾਲੇ ਨਿਰਦੇਸ਼ਾਂ ਦੇ ਆਧਾਰ 'ਤੇ ਹੀ ਇਹ ਗ਼ੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ਿਆਂ ਦੀਆਂ ਖੇਪਾਂ ਪ੍ਰਾਪਤ ਕਰਕੇ ਅੱਗੇ ਸਪਲਾਈ ਕਰਦੇ ਸਨ। ਪੁਲਿਸ ਹੁਣ ਇਸ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਪੂਰੇ ਆਪ੍ਰੇਸ਼ਨ ਨੂੰ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ 3 ਪੜਾਵਾਂ ਵਿੱਚ ਨੇਪਰੇ ਚਾੜ੍ਹਿਆ ਗਿਆ:

ਪਹਿਲਾ ਪੜਾਅ: ਪੁਲਿਸ ਨੇ ਸਭ ਤੋਂ ਪਹਿਲਾਂ ਦੋ ਨਾਬਾਲਗਾਂ ਨੂੰ ਇੱਕ ਗਲੌਕ ਪਿਸਤੌਲ ਅਤੇ ਦੋ ਕਾਰਤੂਸਾਂ ਸਮੇਤ ਦਬੋਚਿਆ। ਉਨ੍ਹਾਂ ਦੀ ਪੁੱਛਗਿੱਛ ਤੋਂ ਬਾਅਦ 500 ਗ੍ਰਾਮ ਹੈਰੋਇਨ ਅਤੇ ਇੱਕ ਹੋਰ ਪਿਸਤੌਲ ਬਰਾਮਦ ਹੋਇਆ।

ਦੂਜਾ ਪੜਾਅ: ਨਾਬਾਲਗਾਂ ਦੇ ਖ਼ੁਲਾਸਿਆਂ ਦੇ ਅਧਾਰ 'ਤੇ ਪੁਲਿਸ ਨੇ ਅਫ਼ਗਾਨ ਨਾਗਰਿਕ ਬਾਜ਼ ਮੁਹੰਮਦ, ਅੰਕੁਸ਼ ਬਰਥਵਾਲ ਅਤੇ ਦੇਸ ਰਾਜ ਨੂੰ ਗ੍ਰਿਫ਼ਤਾਰ ਕੀਤਾ। ਇਨ੍ਹਾਂ ਕੋਲੋਂ ਤਿੰਨ ਪਿਸਤੌਲ, 535 ਗ੍ਰਾਮ ਹੈਰੋਇਨ ਅਤੇ 5 ਲੱਖ ਰੁਪਏ ਦੀ ਡਰੱਗ ਮਨੀ ਮਿਲੀ।

ਤੀਜਾ ਪੜਾਅ: ਫੜੇ ਗਏ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਨੈੱਟਵਰਕ ਦੇ ਇੱਕ ਹੋਰ ਸਾਥੀ ਰਾਜਨਦੀਪ ਸਿੰਘ ਉਰਫ਼ ਰਾਜਾ ਨੂੰ ਵੀ ਕਾਬੂ ਕਰ ਲਿਆ ਗਿਆ।

#### ਯੂਗਾਂਡਾ (ਅਫ਼ਰੀਕਾ) ਨਾਲ ਜੁੜੇ ਤਾਰ

ਜਾਂਚ ਦੌਰਾਨ ਇਸ ਨੈੱਟਵਰਕ ਦਾ ਇੱਕ ਅੰਤਰਰਾਸ਼ਟਰੀ ਕਨੈਕਸ਼ਨ ਵੀ ਸਾਹਮਣੇ ਆਇਆ ਹੈ। ਮੁਲਜ਼ਮ ਅੰਕੁਸ਼ ਬਰਥਵਾਲ ਹਾਲ ਹੀ ਵਿੱਚ ਯੂਗਾਂਡਾ (ਅਫ਼ਰੀਕਾ) ਤੋਂ ਭਾਰਤ ਪਰਤਿਆ ਸੀ, ਜਿੱਥੇ ਉਹ ਨੌਕਰੀ ਕਰਦਾ ਸੀ। ਉੱਥੇ ਰਹਿੰਦਿਆਂ ਉਸ ਦੇ ਇੱਕ ਸਹਿਕਰਮੀ ਨੇ ਉਸ ਦੀ ਜਾਣ-ਪਛਾਣ ਅਫ਼ਗਾਨ ਨਾਗਰਿਕ ਬਾਜ਼ ਮੁਹੰਮਦ ਨਾਲ ਕਰਵਾਈ ਸੀ। ਭਾਰਤ ਆਉਣ ਤੋਂ ਬਾਅਦ ਅੰਕੁਸ਼ ਨੇ ਬਾਜ਼ ਮੁਹੰਮਦ ਨਾਲ ਹੱਥ ਮਿਲਾ ਲਿਆ ਅਤੇ ਦੋਵੇਂ ਇਸ ਗ਼ੈਰ-ਕਾਨੂੰਨੀ ਧੰਦੇ ਵਿੱਚ ਸਰਗਰਮ ਹੋ ਗਏ।

ਅੰਮ੍ਰਿਤਸਰ ਦੇ ਪੁਲਿਸ ਥਾਣਾ ਛਾਉਣੀ ਵਿਖੇ ਮੁਲਜ਼ਮਾਂ ਖ਼ਿਲਾਫ਼ ਐੱਫਆਈਆਰ ਦਰਜ ਕਰ ਲਈ ਗਈ ਹੈ। ਪੁਲਿਸ ਮੁਤਾਬਕ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਕਈ ਹੋਰ ਵੱਡੇ ਖ਼ੁਲਾਸੇ ਹੋਣ ਦੀ ਉਮੀਦ ਹੈ।

## ਸੰਗਰੂਰ: ਪਤਨੀ ਨੇ ਪ੍ਰੇਮੀ ਨਾਲ ਮਿਲ ਕੇ ਕਰਵਾਇਆ ਸੀ ਪਤੀ ਦਾ ਕਤਲ

### ✪ ਪੁਲਿਸ ਨੇ 'ਅੰਨ੍ਹੇ ਕਤਲ' ਦੀ ਗੁੱਥੀ ਸੁਲਝਾਉਂਦਿਆਂ 3 ਮੁਲਜ਼ਮ ਕੀਤੇ ਗ੍ਰਿਫ਼ਤਾਰ



ਸੰਗਰੂਰ (ਧੂਰੀ)-ਜ਼ਿਲ੍ਹਾ ਸੰਗਰੂਰ ਪੁਲਿਸ ਨੇ ਥਾਣਾ ਸਦਰ ਧੂਰੀ ਦੇ ਖੇਤਰ ਵਿੱਚ ਵਾਪਰੇ ਇੱਕ ਬਹੁਤ ਹੀ ਸੰਵੇਦਨਸ਼ੀਲ 'ਅੰਨ੍ਹੇ ਕਤਲ' ਦਾ ਪਰਦਾਫਾਸ਼ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਮ੍ਰਿਤਕ ਦੀ ਪਤਨੀ, ਉਸਦੇ ਪ੍ਰੇਮੀ ਅਤੇ ਇੱਕ ਹੋਰ ਸਾਥੀ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ੁਰੂਆਤ ਵਿੱਚ ਇਸ ਮੌਤ ਨੂੰ ਇੱਕ ਕੁਦਰਤੀ ਮੌਤ ਜਾਂ ਖ਼ੁਦਕੁਸ਼ੀ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ।

#### ਕੀ ਹੈ ਪੂਰਾ ਮਾਮਲਾ ?

ਐੱਸਪੀ (ਡੀ) ਦਵਿੰਦਰ ਅੱਤਰੀ ਨੇ ਮਾਮਲੇ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ:8 ਮਈ 2026 ਨੂੰ ਪਿੰਡ ਮੀਮਸਾ ਦੇ ਰਹਿਣ ਵਾਲੇ ਜਗਤਾਰ ਸਿੰਘ (38) ਦੀ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ ਸੀ।ਉਸ ਸਮੇਂ ਮ੍ਰਿਤਕ ਦੀ ਪਤਨੀ ਮਨਪ੍ਰੀਤ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਪੁਲਿਸ ਨੇ 9 ਮਈ ਨੂੰ ਧਾਰਾ-194 ਤਹਿਤ ਇਸ ਨੂੰ ਕੁਦਰਤੀ ਮੌਤ ਮੰਨ ਕੇ ਕਾਰਵਾਈ ਕੀਤੀ ਸੀ।

ਪਰ, ਜਦੋਂ ਪੋਸਟਮਾਰਟਮ ਰਿਪੋਰਟ ਆਈ ਤਾਂ ਜਗਤਾਰ ਸਿੰਘ ਦੀ ਮੌਤ ਦੇ ਕਾਰਨਾਂ 'ਤੇ ਸ਼ੱਕ ਪੈਦਾ ਹੋਇਆ। ਇਸ ਤੋਂ ਬਾਅਦ ਮਾਮਲੇ ਦੀ ਡੂੰਘਾਈ ਨਾਲ ਜਾਂਚ ਲਈ ਡੀਐੱਸਪੀ ਧੂਰੀ ਗੁਰਪ੍ਰੀਤ ਸਿੰਘ, ਸੀਆਈਏ ਸਟਾਫ਼ ਅਤੇ ਥਾਣਾ ਸਦਰ ਧੂਰੀ ਦੀ ਇੱਕ ਵਿਸ਼ੇਸ਼ ਟੀਮ ਗਠਿਤ ਕੀਤੀ ਗਈ।

#### ਤਕਨੀਕੀ ਜਾਂਚ ਤੋਂ ਬਾਅਦ ਪੁਲਿਸ ਅਸਲ ਸੱਚਾਈ ਤੱਕ ਪਹੁੰਚੀ

ਮ੍ਰਿਤਕ ਦੀ ਪਤਨੀ ਮਨਪ੍ਰੀਤ ਕੌਰ ਦੇ ਮਾਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਭੋਗੀਵਾਲ ਦੇ ਰਹਿਣ ਵਾਲੇ ਸੁਖਵੀਰ ਸਿੰਘ ਨਾਲ ਨਾਜਾਇਜ਼ ਸਬੰਧ ਸਨ।

ਜਗਤਾਰ ਸਿੰਘ ਇਨ੍ਹਾਂ ਦੇ ਸਬੰਧਾਂ ਵਿੱਚ ਰੁਕਾਵਟ ਬਣ ਰਿਹਾ ਸੀ, ਜਿਸ ਕਾਰਨ ਦੋਵਾਂ ਨੇ ਮਿਲ ਕੇ ਜਗਤਾਰ ਸਿੰਘ ਨੂੰ ਰਸਤੇ ਤੋਂ ਹਟਾਉਣ ਦੀ ਸੋਚੀ-ਸਮਝੀ ਸਾਜ਼ਿਸ਼ ਰਚੀ।

ਪੁਲਿਸ ਪੁੱਛਗਿੱਛ ਦੌਰਾਨ ਮੁਲਜ਼ਮ ਸੁਖਵੀਰ ਸਿੰਘ ਨੇ ਕਬੂਲਿਆ ਕਿ:ਉਸ ਨੇ ਜਗਤਾਰ ਸਿੰਘ ਨੂੰ ਪੈਸਿਆਂ ਦੇ ਲੈਣ-ਦੇਣ ਦੇ ਬਹਾਨੇ ਪਿੰਡ ਮੀਮਸਾ ਦੇ ਖੇਤਾਂ ਵਿੱਚ ਸਥਿਤ ਇੱਕ ਬੰਦ ਪਏ ਪਿੱਗ ਫਾਰਮ ਵਿੱਚ ਬੁਲਾਇਆ। ਉੱਥੇ ਸੁਖਵੀਰ ਸਿੰਘ ਅਤੇ ਉਸ ਦੇ ਸਾਥੀ ਯਾਸ਼ੀ ਮੁਹੰਮਦ ਉਰਫ਼ ਜੱਸੀ ਨੇ ਪਰਨੇ ਨਾਲ ਜਗਤਾਰ ਸਿੰਘ ਦਾ ਗਲਾ ਘੁੱਟ ਕੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਸੁਖਵੀਰ ਨੇ ਯਾਸ਼ੀ ਮੁਹੰਮਦ ਨੂੰ ਇਸ ਵਾਰਦਾਤ ਵਿੱਚ ਸ਼ਾਮਲ ਕਰਨ ਲਈ ਨਸ਼ੇ ਦਾ ਲਾਲਚ ਦਿੱਤਾ ਸੀ। ਕਤਲ ਤੋਂ ਬਾਅਦ ਮਾਮਲੇ ਨੂੰ ਖ਼ੁਦਕੁਸ਼ੀ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਪੁਲਿਸ ਗੁੰਮਰਾਹ ਹੋ ਜਾਵੇ।

#### ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ

ਪੋਸਟਮਾਰਟਮ ਰਿਪੋਰਟ ਵਿੱਚ ਕਤਲ ਦੀ ਪੁਸ਼ਟੀ ਹੋਣ ਤੋਂ ਬਾਅਦ, ਪੁਲਿਸ ਨੇ ਮ੍ਰਿਤਕ ਦੀ ਮਾਤਾ ਸੁਰਜੀਤ ਕੌਰ ਦੇ ਬਿਆਨਾਂ 'ਤੇ ਕਤਲ ਦਾ ਮੁਕੱਦਮਾ ਦਰਜ ਕਰਕੇ ਹੇਠ ਲਿਖੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ:

ਮਨਪ੍ਰੀਤ ਕੌਰ (ਮ੍ਰਿਤਕ ਦੀ ਪਤਨੀ)

ਸੁਖਵੀਰ ਸਿੰਘ (ਪ੍ਰੇਮੀ, ਵਾਸੀ ਭੋਗੀਵਾਲ)

ਯਾਸ਼ੀ ਮੁਹੰਮਦ ਉਰਫ਼ ਜੱਸੀ (ਸਾਥੀ)

ਅਗਲੇਰੀ ਕਾਰਵਾਈ: ਐੱਸਪੀ ਦਵਿੰਦਰ ਅੱਤਰੀ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ। ਪੁਲਿਸ ਮੁਤਾਬਕ ਰਿਮਾਂਡ ਦੌਰਾਨ ਪੁੱਛਗਿੱਛ ਵਿੱਚ ਕਈ ਹੋਰ ਅਹਿਮ ਖ਼ੁਲਾਸੇ ਹੋਣ ਦੀ ਪੂਰੀ ਉਮੀਦ ਹੈ।


# ਡਾ. ਧਰਮ ਸਿੰਘ-ਇਕ ਸਿਰੜੀ ਖੋਜੀ

(ਅਕਾਦਮਿਕ, ਧਾਰਮਿਕ, ਇਤਿਹਾਸਕ ਅਤੇ ਕਿਸਾਨੀ ਵਿਸ਼ਿਆਂ ਦਾ ਮਾਹਰ ਡਾ. ਧਰਮ ਸਿੰਘ)

**ਡਾ. ਹੀਰਾ ਸਿੰਘ**
ਖ਼ਾਲਸਾ ਕਾਲਜ ਅੰਮ੍ਰਿਤਸਰ
ਸੰਪਰਕ-9417534823

ਡਾ. ਧਰਮ ਸਿੰਘ ਮੇਰੇ ਅਧਿਆਪਕ ਰਹੇ ਹਨ, ਕਿਸੇ ਅਧਿਆਪਕ ਬਾਰੇ ਲਿਖਣਾ ਬਹੁਤ ਮੁਸ਼ਕਲ ਹੁੰਦਾ ਹੈ, ਸੂਰਜ ਨੂੰ ਦੀਵਾ ਵਿਖਾਉਣ ਵਰਗਾ। ਮੈਂ ਕੋਸ਼ਿਸ਼ ਕਰਾਂਗਾ ਉਹਨਾਂ ਨੂੰ ਇਕ ਵਿਦਵਾਨ ਵਜੋਂ ਪੇਸ਼ ਕਰ ਸਕਾਂ। ਡਾ. ਧਰਮ ਸਿੰਘ ਨੂੰ ਮੈਂ 1997 ਤੋਂ ਜਾਣਦਾ ਹਾਂ। ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਐਮ. ਏ. ਪੰਜਾਬੀ ਕਰਨ ਲਈ ਵਿਦਿਆਰਥੀ ਵਜੋਂ ਦਾਖਲਾ ਲਿਆ ਤਾਂ ਇਹ ਵਿਭਾਗ ਵਿਚ ਸੀਨੀਅਰ ਅਧਿਆਪਕ ਅਤੇ ਮੱਧਕਾਲੀਨ ਪੰਜਾਬੀ ਸਾਹਿਤ ਦੇ ਵਿਦਵਾਨ ਵਜੋਂ ਵਿਚਰਦੇ ਸਨ। ਪਹਿਲੀ ਵਾਰ ਵਿਦਵਾਨ ਅਧਿਆਪਕਾਂ ਨਾਲ ਵਾਹ ਪਿਆ ਸੀ ਜੋ ਆਪੋ ਆਪਣੇ ਵਿਸ਼ਿਆਂ ਦੇ ਮਾਹਰ ਸਨ। ਲੰਮੇ ਸਮੇਂ ਤੋਂ ਆਪਣੇ ਵਿਸ਼ੇਸ਼ ਵਿਸ਼ਿਆਂ ਵਿਚ ਪੀਐੱਚ. ਡੀ. ਖੋਜਾਰਥੀਆਂ ਨੂੰ ਨਵੇਂ-ਨਵੇਂ ਵਿਸ਼ਿਆਂ ਤੇ ਖੋਜ ਕਾਰਜ ਕਰਵਾਉਂਦੇ, ਬੀ. ਏ. ਆਨਰਜ਼ ਅਤੇ ਐਮ. ਏ. ਦੇ ਵਿਦਿਆਰਥੀਆਂ ਨੂੰ ਅਗਲੀ ਉਚੇਰੀ ਸਿੱਖਿਆ ਲਈ ਤਿਆਰ ਕਰਦੇ ਵਿਦਵਾਨ ਅਧਿਆਪਕ। ਡਾ. ਹਰਿਭਜਨ ਸਿੰਘ ਭਾਟੀਆ, ਡਾ. ਗੁਰਮੀਤ ਸਿੰਘ, ਡਾ. ਸੁਖਦੇਵ ਸਿੰਘ ਖਾਹਰਾ, ਡਾ. ਪਰਮਜੀਤ ਸਿੱਧੂ, ਡਾ. ਰਣਜੀਤ ਸਿੰਘ ਬਾਜਵਾ, ਵਰਗੇ ਵਿਦਵਾਨ ਅਧਿਆਪਕ ਵਿਭਾਗ ਵਿਚ ਤੁਰਦੇ ਫਿਰਦੇ ਸਨ ਜਦਕਿ ਕੁਝ ਸਮਾਂ ਪਹਿਲਾਂ ਵਿਭਾਗ ਵਿਚੋਂ ਸੇਵਾ ਮੁਕਤ ਹੋ ਚੁੱਕੇ ਵਿਦਵਾਨ ਡਾ. ਜੋਗਿੰਦਰ ਸਿੰਘ ਕੈਰੋਂ ਅਤੇ ਡਾ. ਜੋਗਿੰਦਰ ਸਿੰਘ ਰਾਹੀ, ਡਾ, ਕਰਨੈਲ ਸਿੰਘ ਥਿੰਦ ਹੋਰਾਂ ਦੀਆਂ ਗੱਲਾਂ ਵਿਭਾਗ ਵਿਚ ਤੁਰਦੀਆਂ ਫਿਰਦੀਆਂ ਸਨ। ਖੋਜਾਰਥੀ ਵਿਦਿਆਰਥੀ ਚਾਹ ਪੀਣ ਸਮੇਂ ਇਕੱਤਰ ਹੁੰਦੇ ਤਾਂ ਆਪਣੇ ਅਧਿਆਪਕਾਂ ਦੇ ਸੁਭਾਅ/ਆਦਤਾਂ ਮੁਤਾਬਕ ਉਹਨਾਂ ਦੇ ਨਵੇਂ ਨਵੇਂ ਨਾਂ ਪਾਉਂਦੇ, ਲਕਬ ਰੱਖਦੇ ਸਨ। ਡਾ. ਧਰਮ ਸਿੰਘ ਇਕ ਮੋਢੇ ਨੂੰ ਹੁਲਾਰਾ ਮਾਰ ਕੇ ਤੁਰਦੇ ਸਨ, ਬੈਠੇ ਬੈਠੇ ਇਕ ਮੋਢੇ ਨੂੰ ਝਟਕਾ ਦੇ ਕੇ ਉਤਾਂਹ ਨੂੰ ਚੁੱਕਦੇ ਰਹਿੰਦੇ ਹਨ। ਵਿਦਿਆਰਥੀ ਕਹਿੰਦੇ ਸਰ ਪਹਿਲੇ ਸਮਿਆਂ ਵਿਚ ਜਦੋਂ ਇਹ ਆਪ ਵਿਦਿਆਰਥੀ ਸਨ ਮੋਢੇ ਤੇ ਦੁੱਧ ਵਾਲੀ ਕੈਨੀ ਲੈ ਕੇ ਸਾਈਕਲ ਤੇ ਆਉਂਦੇ ਹੁੰਦੇ ਹੁੰਦੇ ਸਨ ਜਦੋਂ ਕੈਨੀ ਦਾ ਕੁੰਡਾ ਹੇਠਾਂ ਖਿਸਕਣ ਲਗਦਾ ਇਹ ਮੋਢਾ ਮਾਰ ਕੇ ਉਤਾਂਹ ਕਰ ਲੈਂਦੇ। ਬੱਸ ਉਹੀ ਆਦਤ ਨਹੀਂ ਜਾਂਦੀ। ਖੈਰ ਇਹ ਤਾਂ ਹਲਕੀਆਂ ਫੁਲਕੀਆਂ ਗੱਲਾਂ ਸਨ ਜੋ ਅਕਸਰ ਸਾਰੇ ਅਧਿਆਪਕਾਂ ਬਾਰੇ ਉਹਨਾਂ ਦੇ ਵਿਦਿਆਰਥੀ ਕਰਦੇ ਰਹਿੰਦੇ ਸਨ, ਪਰ ਸਾਰੇ ਵਿਦਿਆਰਥੀ ਉਹਨਾਂ ਦੀ ਮੱਧਕਾਲੀ ਸਾਹਿਤ ਪ੍ਰਤੀ ਸੂਝ ਤੋਂ ਬਹੁਤ ਪ੍ਰਭਾਵਿਤ ਸਨ।

ਡਾ. ਧਰਮ ਸਿੰਘ ਦਾ ਮੁੱਖ ਅਕਾਦਮਿਕ ਖੇਤਰ ਤਾਂ ਮੱਧਕਾਲੀ ਪੰਜਾਬੀ ਸਾਹਿਤ, ਵਿਸ਼ੇਸ਼ਕਰ ਮੱਧਕਾਲੀ ਵਾਰਤਕ ਸੀ ਜੋ ਐਮ. ਏ. ਦੀ ਕਲਾਸ ਦਾ ਇਕ ਪੇਪਰ ਹੈ। ਜਨਮ ਸਾਖੀਆਂ, ਗੋਸ਼ਟਾਂ ਹੁਕਨਾਮਿਆਂ, ਰਹਿਤਨਾਮਿਆਂ, ਤਨਖਾਹਨਾਮਿਆਂ, ਮਸਲਿਆਂ, ਪਰਚੀਆਂ ਆਦਿ ਬਾਰੇ ਉਹ ਬਹੁਤ ਬਾਰੀਕੀ ਅਤੇ ਗਹਿਰਾਈ ਨਾਲ ਪੜ੍ਹਾਉਂਦੇ ਸਨ। ਇਸ ਵਿਸ਼ੇ ਦੇ ਨਾਲ ਨਾਲ



ਮੱਧਕਾਲੀ ਕਾਵਿ, ਮੱਧਕਾਲੀ ਸਾਹਿਤ ਦਾ ਇਤਿਹਾਸ ਵੀ ਉਹਨਾਂ ਦੇ ਮਨ ਭਾਉਂਦੇ ਵਿਸ਼ੇ ਹਨ। ਪੁਰਾਤਨ ਹੱਥ ਲਿਖਤ ਖਰੜਿਆਂ ਦੀ ਸੋਧ ਸੁਧਾਈ ਉਹਨਾਂ ਦਾ ਮਨ ਭਾਉਂਦਾ ਵਿਸ਼ਾ ਹੈ। 'ਪੁਰਾਤਨ ਪੰਜਾਬੀ ਹੱਥ-ਲਿਖਤ ਗ੍ਰੰਥਾਂ ਦਾ ਮਹੱਤਵ' ਲੇਖ ਅਜੀਤ ਅਖਬਾਰ ਵਿਚ 28 ਅਪ੍ਰੈਲ 2014 ਨੂੰ ਛਪਿਆ ਜਿਸ ਵਿਚ ਪੁਰਾਤਨ ਗੁਰਮੁਖੀ ਹੱਥ-ਲਿਖਤਾਂ ਦੀ ਕਲਾਤਮਕ ਗੌਰਵਤਾ ਤੋਂ ਇਲਾਵਾ ਇਨ੍ਹਾਂ ਦੀ ਮਹੱਤਤਾ ਨੂੰ ਬਿਆਨ ਕੀਤਾ ਹੈ। ਆਧੁਨਿਕ ਸਾਹਿਤ ਵੱਲ ਪਰਤੀਏ ਤਾਂ ਪਾਕਿਸਤਾਨੀ ਪੰਜਾਬੀ ਸਾਹਿਤ ਅਤੇ ਪੰਜਾਬੀ ਖੋਜ ਬਾਰੇ ਉਹ ਇਕ ਪ੍ਰਵਾਨਿਕ ਹਸਤੀ ਬਣ ਚੁੱਕੇ ਹਨ। ਉਹਨਾਂ ਦੀਆਂ ਹੁਣ ਤੱਕ ਪ੍ਰਕਾਸ਼ਿਤ ਹੋ ਚੁੱਕੀਆਂ 15 ਪੁਸਤਕਾਂ ਦੇ ਸਿਰਲੇਖ ਵੱਲ ਝਾਤੀ ਮਾਰੀਏ ਤਾਂ ਗੱਲ ਸਪੱਸ਼ਟ ਹੋ ਜਾਵੇਗੀ :-

ਚੋਣਵੇਂ ਕਿੱਸੇ ਕ੍ਰਿਤ ਪੂਰਨ ਰਾਮ (ਸਹਿ. ਸੰਪਾ. ਡਾ. ਪਿਆਰ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1974.

ਕਵੀ ਸੌਂਧਾ : ਇਕ ਅਲੋਚਨਾਤਮਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1981.

ਹਾਤਮਨਾਮਾ ਕ੍ਰਿਤ ਕਵੀ ਸੌਂਧਾਂ (ਸੰਪਾ.) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1982.

ਪੰਜਾਬੀ ਦੇ ਪ੍ਰਵਾਨਿਤ ਖੋਜ-ਪ੍ਰਬੰਧ, ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ 1985

ਸਾਹਿਤ ਅਵਲੋਕਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1990

ਮੱਧਕਾਲੀਨ ਪੰਜਾਬੀ ਸਾਹਿਤ: ਤੱਥ ਅਤੇ ਸਰੋਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1998

ਪੰਜਾਬੀ ਸਾਹਿਤ ਦਾ ਇਤਿਹਾਸ (ਸਹਿ. ਲੇਖਕ ਪਿਆਰਾ ਸਿੰਘ ਭੋਗਲ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1999.

ਮਸਲੇ ਸ਼ੇਖ ਫਰੀਦ ਦੇ (ਸੰਪਾ.) ਭਾਸ਼ਾ ਵਿਭਾਗ ਪੰਜਾਬ, ਪਟਿਆਲਾ 2003

ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ 2004

ਗੁਰੂ ਗ੍ਰੰਥ ਸਾਹਿਬ ਸੰਪਾਦਨ ਦਾ ਪਿਛੋਕੜ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2006

ਪੰਜਾਬੀ ਖੋਜ ਸੰਦਰਭ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2008/2015

ਮੱਧਕਾਲੀ ਕਾਵਿ ਸੁਗੰਧੀਆਂ (ਸੰਪਾ.) ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2012

ਪਰਚੀਆਂ ਭਗਤ ਨਾਮਦੇਵ, ਪੰਜਾਬ ਪ੍ਰਕਾਸ਼ਨ, ਜਲੰਧਰ, 2013

ਖੋਜ ਵਿਧੀ ਵਿਗਿਆਨ ਅਤੇ ਪੰਜਾਬੀ ਖੋਜਕਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2019

ਸਾਡਾ ਸੂਫੀ ਵਿਰਸਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2021

ਸੋ ਇਸ ਪੁਸਤਕ ਸੂਚੀ ਨੂੰ ਧਿਆਨ ਨਾਲ ਵੇਖਿਆਂ ਸਹਿਜੇ ਹੀ ਡਾ. ਧਰਮ ਸਿੰਘ ਦੇ ਅਧਿਐਨ ਖੇਤਰ ਦਾ ਪਤਾ ਲੱਗ ਜਾਂਦਾ ਹੈ। ਇਕ ਦਹਾਕਾ ਪੁਰਾਤਨ ਕਿੱਸਿਆਂ ਦੀ ਗੱਲ ਕੀਤੀ ਤੇ ਫਿਰ ਆਧੁਨਿਕ ਖੋਜ ਤੇ ਆ ਗਏ ਮੁੜ ਮੱਧਕਾਲੀ ਸਾਹਿਤ ਵੱਲ ਐਸੀ ਚੁੱਭੀ ਮਾਰੀ ਕਿ ਆਧੁਨਿਕ ਖੋਜ ਤੋਂ ਬਿਨਾਂ ਸਾਰਾ ਕੰਮ ਮੱਧਕਾਲੀ ਸਾਹਿਤ ਬਾਰੇ ਹੀ ਕੀਤਾ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਹੈ ਅਤੇ ਸੂਫੀ ਕਵੀ ਵੀ ਹਨ, ਵਾਰਤਕ ਵੀ ਹੈ ਅਤੇ ਕਾਵਿ ਵੀ। ਇਹ ਡਾ. ਧਰਮ ਸਿੰਘ ਦਾ ਸ਼ੁੱਧ ਅਕਾਦਮਿਕ ਅਕਸ ਹੈ। ਵਿਦਿਆਰਥੀ ਵਰਗ ਉਹਨਾਂ ਨੂੰ ਮੱਧਕਾਲੀ ਪੰਜਾਬੀ ਸਾਹਿਤ ਦਾ ਵਿਸ਼ੇਸ਼ੱਗ ਸਮਝਦਾ ਹੈ। ਇਕ ਦੂਸਰਾ ਅਕਸ ਵੀ ਹੈ ਜੋ ਉਹਨਾਂ ਨੂੰ ਨੇੜੇ ਤੋਂ ਜਾਣਨ ਵਾਲਿਆਂ ਲਈ ਹੈ। ਜਦੋਂ ਮੈਂ ਉਹਨਾਂ ਕੋਲ ਇਸ ਲੇਖ ਲਈ ਕੁਝ ਜਾਣਕਾਰੀ ਲੈਣ ਗਿਆ ਤਾਂ ਉਹਨਾਂ ਨੇ ਆਪਣੀ 4000 ਦੇ ਕਰੀਬ ਪੁਸਤਕਾਂ ਵਾਲੀ ਵਿਸ਼ਾਲ ਲਾਇਬ੍ਰੇਰੀ ਵਿਚ ਬੈਠਿਆਂ ਇਸ਼ਾਰਾ ਕੀਤਾ "ਹੀਰਾ ਸਿੰਘ ਔਹ ਫਾਈਲ ਫੜ੍ਹ ਕੇ ਲਿਆ"। ਇਕ ਹੀ ਥਾਂ ਦੋ ਵੱਡੀਆਂ (100-100 ਸਫੇ ਦੀਆਂ) ਫਾਈਲਾਂ ਪਈਆਂ ਸਨ, ਮੈਂ ਇਕ ਚੁੱਕ ਕੇ ਫੜਾਈ, ਉਹ ਸਫੇ ਪਲਟਣ ਲੱਗੇ। ਪਿਛਲੇ 40-50 ਸਾਲਾਂ ਵਿਚ ਉਹਨਾਂ ਦੇ ਜੋ ਲੇਖ ਵੱਖ-ਵੱਖ ਅਖਬਾਰਾਂ ਵਿਚ ਪ੍ਰਕਾਸ਼ਿਤ ਹੋਏ ਸਨ ਉਹ ਸਭ ਅਖਬਾਰਾਂ ਦੀਆਂ ਅਸਲ ਕਟਿੰਗਾਂ ਤਾਰੀਕਾਂ ਪਾ ਕੇ ਅ-4 ਪੇਪਰਾਂ ਤੇ ਜੋੜੀਆਂ ਸਨ। ਇਹਨਾਂ ਪ੍ਰਕਾਸ਼ਿਤ ਪੇਪਰਾਂ ਵਿਚੋਂ ਇਕ ਨਵੇਂ ਧਰਮ ਸਿੰਘ ਦੇ ਦਰਸ਼ਨ ਹੋਏ। ਇਹਨਾਂ ਪੇਪਰਾਂ ਵਿਚ ਸਿੱਖ ਇਤਿਹਾਸ, ਸਿੱਖ ਇਤਿਹਾਸਕਾਰ, ਸਿੱਖ ਸਾਹਿਤ, ਸਿੱਖ ਸਾਹਿਤਕਾਰ, ਪਾਕਿਸਤਾਨ ਦੀ ਰਾਜਨੀਤਕ ਸਥਿਤੀ ਅਤੇ ਸਾਡੇ ਸਮਾਜਕ, ਸਭਿਆਚਾਰਕ ਵਿਸ਼ੇਸ਼ਕਰ ਕਿਸਾਨੀ ਮਸਲੇ ਵਿਚਾਰੇ ਗਏ ਸਨ। ਜਦੋਂ ਵੀ ਸਮਾਜ ਵਿਚ ਕੋਈ ਚਰਚਾ ਜਾਂ ਲਹਿਰ ਚੱਲੀ ਡਾ. ਧਰਮ ਸਿੰਘ ਨੇ ਓਹਨਾਂ ਬਾਰੇ ਆਪਣੇ ਪ੍ਰਤੀਕਰਮ ਦਿੱਤੇ ਹਨ। ਡਾ. ਧਰਮ ਸਿੰਘ ਦੀ ਖੂਬੀ ਹੈ ਕਿ ਉਹ ਲਗਾਤਾਰ ਅਖਬਾਰਾਂ ਵਿਚ ਚਰਚਿਤ ਮਸਲਿਆਂ ਬਾਰੇ ਲੇਖ ਲਿਖਦੇ ਰਹਿੰਦੇ ਹਨ ਜੋ ਆਪਣੇ ਸਮਾਜ ਪ੍ਰਤੀ ਇਕ ਚੇਤੰਨ ਚਿੰਤਕ ਦੀ ਪਛਾਣ ਹੈ। ਜਦੋਂ ਮੈਂ ਧਿਆਨ ਨਾਲ ਵੇਖਿਆ ਤਾਂ ਡਾ. ਧਰਮ ਸਿੰਘ ਹੋਰਾਂ ਦਾ ਪਹਿਲਾ ਲੇਖ ਬਰਜਿੰਦਰ ਸਿੰਘ ਹਮਦਰਦ ਦੇ ਰਸਾਲੇ ਦ੍ਰਿਸ਼ਟੀ ਵਿਚ 'ਅੰਮ੍ਰਿਤਾ ਪ੍ਰੂਰਵ ਪੰਜਾਬੀ ਔਰਤਾਂ ਦਾ ਸਾਹਿਤ' ਅਕਤੂਬਰ 1975 ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਹਿਸਾਬ ਨਾਲ ਡਾ. ਧਰਮ ਸਿੰਘ ਹੋਰਾਂ ਨੂੰ ਅਖਬਾਰਾਂ ਰਸਾਲਿਆਂ ਵਿਚ ਛਪਦਿਆਂ ਅੱਧੀ ਸਦੀ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ।

ਖੋਜ ਪਤ੍ਰਿਕਾ ਦੇ 83ਵੇਂ ਅੰਕ ਵਿਚ ਡਾ. ਧਰਮ ਸਿੰਘ ਬਾਰੇ ਡਾ. ਵਿਸ਼ਾਲ ਕੁਮਾਰ ਦੇ ਪ੍ਰਕਾਸ਼ਿਤ ਲੇਖ ਵਿਚੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਡਾ. ਧਰਮ ਸਿੰਘ ਦਾ ਜਨਮ 5 ਮਈ 1950 ਨੂੰ ਅੰਮ੍ਰਿਤਸਰ ਦੇ ਨੇੜੇ ਘਣੂਪੁਰ ਕਾਲੇ ਪਿੰਡ ਵਿਚ ਸਰਦਾਰ ਬੰਤਾ ਸਿੰਘ 'ਦੋਧੀ' ਦੇ ਘਰ ਮਾਤਾ ਸ਼੍ਰੀਮਤੀ ਸੁਰਜੀਤ ਕੌਰ ਦੀ ਕੁਖੋਂ ਹੋਇਆ ਸੀ। ਉਹਨਾਂ ਨੇ ਦਸਵੀ 1967 ਵਿਚ ਕੀਤੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1972 ਵਿਚ ਬੀ. ਏ. ਆਨਰਜ਼ ਪਾਸ ਕੀਤੀ, 1972 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਏ. ਪੰਜਾਬੀ ਅਤੇ ਫਿਰ 1976 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀਐੱਚ. ਡੀ. ਦੀ ਡਿਗਰੀ ਲੈ ਕੇ ਬਾਅਦ ਵਿਚ ਏਥੇ ਹੀ ਪੜ੍ਹਾਉਣ ਲੱਗ ਪਏ। 2010 ਵਿਚ ਆਪ ਏਥੋਂ ਹੀ ਪ੍ਰੋਫੈਸਰ ਅਤੇ ਮੁਖੀ ਦੇ ਅਹੁਦੇ ਤੋਂ ਰਿਟਾਇਰ ਹੋਏ। ਇਸ ਸਮੇਂ ਦੀਆਂ ਦੋ ਗੱਲਾਂ ਮਹੱਤਵਪੂਰਨ ਹਨ ਜੋ ਡਾ. ਧਰਮ ਸਿੰਘ ਦੇ ਜੀਵਨ ਅਤੇ ਉਹਨਾਂ ਦੀਆ ਯਾਦਾਂ ਵਿਚ ਹਮੇਸ਼ਾਂ ਕਾਇਮ ਰਹਿੰਦੀਆਂ ਹਨ। ਪਹਿਲੀ ਇਹ ਕਿ ਉਹਨਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਏ. ਪੰਜਾਬੀ ਦੇ ਦੋਵੇਂ ਸਾਲ ਅੱਵਲ ਰਹਿ ਕੇ ਪਾਸ ਕੀਤੀ ਅਤੇ ਮੈਡਲ ਜਿੱਤੇ। ਇਹ ਜਿੱਤ/ਦੌੜ ਹੀ ਉਹਨਾਂ ਨੂੰ ਸਾਰੀ ਉਮਰ ਹੱਲਾਸ਼ੇਰੀ ਦਿੰਦੀ ਰਹੀ। ਇਸ ਸਮੇਂ ਦੇ ਵਿਦਿਆਰਥੀ ਸਾਥੀਆਂ ਦੀਆਂ ਗਤੀਵਿਧੀਆਂ ਅਤੇ ਅਧਿਆਪਕਾਂ ਦੇ 'ਕਾਰਨਾਮੇ' ਉਹ ਬਹੁਤ ਮਜੇ ਨਾਲ ਸੁਣਾਉਂਦੇ ਹਨ। ਦੂਸਰਾ ਜਦੋਂ ਉਹਨਾਂ ਨੇ ਗੁਰੂ ਨਾਨਕ ਦੇਵ ਯੂਨਿਵਰਸਿਟੀ ਵਿਚ ਲੰਮਾ ਸਮਾਂ ਅਧਿਆਪਨ ਸੇਵਾ ਕੀਤੀ ਤਾਂ ਉਹਨਾਂ ਨੇ ਹਰ ਉਹ ਆਹੁਦਾ (ਵਿਭਾਗ ਦਾ ਮੁਖੀ, ਡੀਨ ਭਾਸ਼ਾਵਾਂ, ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਆਦਿ) ਮਾਣਿਆ ਜੋ ਇਕ ਅਧਿਆਪਕ ਨੂੰ ਮਿਲ ਸਕਦਾ ਹੈ।

ਖੋਜ ਡਾ. ਧਰਮ ਸਿੰਘ ਦਾ ਪੈਸ਼ਨ ਹੈ, ਜੀਵਨ ਆਦਰਸ਼ ਹੈ। ਹਰਮੀਤ ਸਿੰਘ ਅਟਵਾਲ ਲਿਖਦੇ ਹਨ ਕਿ, "ਡਾ. ਧਰਮ ਸਿੰਘ ਦਾ ਸੁਭਾਅ ਪੰਡਤਾਊ ਹੰਕਾਰ ਤੋਂ ਬਿਲਕੁੱਲ ਮੁਕਤ ਹੈ। ਉਹ ਵਿਦਵਾਨ ਹੋ ਕੇ ਵੀ ਸਧਾਰਨ ਆਦਮੀ ਹੈ ਤੇ ਸਧਾਰਨ ਆਦਮੀ ਹੋ ਕੇ ਵੀ ਵਿਦਵਾਨ ਆਦਮੀ ਹੈ।" ਬਚਪਨ ਵਿਚ ਉਹਨਾਂ ਨੂੰ ਪਰਿਵਾਰ ਵਾਲੇ ਕੋਈ ਪ੍ਰਸੰਗ ਸੁਣਾਉਣ ਨੂੰ ਕਹਿੰਦੇ ਤਾਂ ਆਪ ਸਿੱਖ ਇਤਿਹਾਸ ਵਿਚੋਂ ਭਾਈ ਤਾਰੂ ਸਿੰਘ ਦਾ ਪ੍ਰਸੰਗ ਬੜੇ ਜੋਸ਼ ਅਤੇ ਵਿਸਥਾਰ ਨਾਲ ਸੁਣਾਉਂਦੇ। ਪਰਿਵਾਰ ਵੱਲੋਂ ਸਿੱਖ ਇਤਿਹਾਸ ਦੀ ਮਿਲੀ ਗੁੜਤੀ ਕਾਰਨ ਹੀ ਉਹ ਖੋਜ ਕਾਰਜ ਵੱਲ ਰੁਚਿਤ ਹੋਏ। ਖੋਜ ਕਾਰਜ ਅਕਾਦਮਿਕ ਖੇਤਰ ਦਾ ਸਭ ਤੋਂ ਵੱਧ ਸਿਰੜ ਵਾਲਾ ਖੇਤਰ ਹੈ। ਯੂਨੀਵਰਸਿਟੀਆਂ ਦੇ ਅਧਿਆਪਕ ਹਰ ਪੀਐੱਚ. ਡੀ. ਖੋਜਾਰਥੀ ਨੂੰ ਖੋਜੀ ਵੀ ਬਣਾਉਣਾ ਚਾਹੁੰਦੇ ਹਨ ਪਰ ਅਸਲ ਵਿਚ ਇੰਝ ਹੁੰਦਾ ਨਹੀਂ ਹੈ। 80% ਨਵੇਂ ਖੋਜੀ (ਪੀਐੱਚ. ਡੀ. ਕਰਨ ਵਾਲੇ) ਅਧਿਆਪਨ ਵੱਲ ਰੁਚਿਤ ਹੋ ਜਾਂਦੇ ਹਨ, ਇਹਨਾਂ ਵਿਚੋਂ 10 ਤੋਂ 15% ਹੀ ਅਸਲ ਵਿਚ ਅਧਿਆਪਨ ਕਰਵਾਉਂਦੇ ਹਨ ਬਾਕੀ ਖਾਨਾ ਪੂਰਤੀ ਹੀ ਕਰਦੇ ਹਨ। 15 ਤੋਂ 18% ਨਵੇਂ ਖੋਜੀ ਆਲੋਚਨਾ ਵੱਲ ਕਦਮ ਪੁੱਟਦੇ ਹਨ ਪਰ ਦੂਰ ਤੱਕ 3, 4% ਹੀ ਜਾਂਦੇ ਹਨ।

ਬਾਕੀ ਹਿਸਾ ਸਫ਼ਾ 61 ਤੇ ਪੜ੍ਹੋ

**60 ਬਸਫ਼ੇ ਦੀ ਬਾਕੀ**

ਰਹਿੰਦੇ 5% ਲੋਕ ਖੋਜ ਵੱਲ ਰੁਚਿਤ ਹੁੰਦੇ ਹਨ ਪਰ 4, 5 ਸਾਲ ਬਾਅਦ ਇਹਨਾਂ ਵਿਚੋਂ ਕੋਈ ਵਿਰਲਾ ਹੀ ਖੋਜੀ ਮਿਲਦਾ ਹੈ।

ਅਸਲ ਵਿਚ ਪੰਜਾਬੀ ਵਿਚ ਖੋਜ ਦਾ ਕਾਰਜ ਅੰਗਰੇਜ਼ਾਂ ਦੀ ਇਸ ਗੱਲ ਨਾਲ ਸ਼ੁਰੂ ਹੋਇਆ ਸੀ ਕਿ ਸਾਡੇ ਕੋਲ ਤਾਂ ਸਾਹਿਤਕ ਵਿਰਾਸਤ ਵਜੋਂ ਬਹੁਤ ਕੁਝ ਹੈ ਪਰ ਤੁਹਾਡੇ ਕੋਲ ਕੀ ਹੈ ?। 19ਵੀਂ ਸਦੀ ਦੇ ਦੂਸਰੇ ਅੱਧ ਵਿਚ ਅੰਗਰੇਜ਼ ਚਿੰਤਕਾਂ ਵੱਲੋਂ ਪੰਜਾਬੀ ਲੋਕ-ਸਾਹਿਤ ਅਤੇ ਪੰਜਾਬੀ ਭਾਸ਼ਾ ਸੰਬੰਧੀ ਕੀਤੇ ਕੁਝ ਖੋਜ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਚਿੰਤਕਾਂ ਨੇ ਪੰਜਾਬੀ ਸਾਹਿਤ ਦੇ ਪੁਰਾਤਨ ਗ੍ਰੰਥਾਂ ਦੀ ਢੂੰਡ ਭਾਲ ਕਰਨੀ ਸ਼ੁਰੂ ਕੀਤੀ। 1950 ਤੋਂ ਬਾਅਦ ਆਜ਼ਾਦ ਭਾਰਤ ਵਿਚ ਯੂਨੀਵਰਸਿਟੀਆਂ ਵਿਚ ਇਹ ਕਾਰਜ ਇਕ ਵਿਵਸਥਾ ਦੇ ਰੂਪ ਵਿਚ ਵੱਡੇ ਪੱਧਰ ਤੇ ਸ਼ੁਰੂ ਹੋਇਆ। 1970 ਤੋਂ ਬਾਅਦ ਨਵੇਂ ਪੇਅ ਗ੍ਰੇਡ ਦੇ ਲਾਲਚ ਅਧੀਨ ਉਚੇਰੀ ਸਿਖਿਆ ਦੇ ਹਰ ਅਧਿਆਪਕ ਨੂੰ ਖੋਜੀ ਬਣਨ ਵੱਲ ਤੋਰਿਆ ਪਰ ਇਸ ਦੇ ਸਿੱਟੇ ਨਿਰਾਸ਼ਾਜਨਕ ਹੀ ਨਿਕਲੇ ਹਨ। ਖੋਜ ਬਹੁਤ ਉੱਚ ਪੱਧਰ ਦਾ ਕਾਰਜ ਹੈ ਤੇ ਇਸ ਲਈ ਖੋਜੀ ਬਿਰਤੀ ਹੋਣੀ ਜਰੂਰੀ ਹੈ ਜੋ ਕਿਸੇ ਵਿਰਲੇ ਵਿਚ ਹੀ ਹੁੰਦੀ ਹੈ।

ਮੰਡੀ ਅਤੇ ਵਸਤਪਾਲ ਰਹਿਤਲ ਵਿਚ ਖੋਜੀ ਬਿਰਤੀ ਵਾਲੇ, ਸਖਤ ਸਿਰੜ ਵਾਲੇ, ਲੰਮਾ ਅਤੇ ਨਿਸ਼ਕਾਮ ਸਫਰ ਕਰਨ ਵਾਲੇ ਵਿਰਲੇ ਹੀ ਮਿਲਦੇ ਹਨ। ਪੰਜਾਬੀ ਖੋਜ ਅਤੇ ਡਾ. ਧਰਮ ਸਿੰਘ ਦੇ ਖੋਜ-ਕਾਰਜ ਬਾਰੇ ਇਸ ਸਮੇਂ ਪੰਜਾਬੀ ਦੇ ਵੱਡੇ ਵਿਦਵਾਨ ਡਾ. ਸੁਖਦੇਵ ਸਿੰਘ ਸਿਰਸਾ ਸਹੀ ਕਹਿੰਦੇ ਹਨ ਕਿ:-ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਮੌਲਾ ਬਖ਼ਸ਼ ਕੁਸ਼ਤਾ, ਬਾਵਾ ਬੁੱਧ ਸਿੰਘ ਅਤੇ ਮੋਹਨ ਸਿੰਘ ਦੀਵਾਨਾ ਵਰਗੇ ਖੋਜੀਆਂ ਨੇ ਪੁਰਾਤਨ ਸਾਹਿਤ ਦੀ ਖੋਜ, ਹੱਥ ਲਿਖਤਾਂ ਦੇ ਸੰਕਲਨ, ਪ੍ਰਮਾਣਿਕ ਤੇ ਸ਼ੁੱਧ ਪਾਠਾਂ ਦੇ ਨਿਰਧਾਰਣ, ਬੇਨਾਮ ਲਿਖਤਾਂ ਦੇ ਲੇਖਕਾਂ ਦੀ ਪਛਾਣ ਸਥਾਪਤ ਕਰਨ ਅਤੇ ਪੁਰਾਣੇ ਲੇਖਕਾਂ ਦੇ ਜੀਵਨ ਬਿਰਤਾਂਤ ਆਦਿ ਲਿਖ ਕੇ ਪੰਜਾਬੀ ਵਿਚ ਸਾਹਿਤਕ ਖੋਜ ਨੂੰ ਭਰਵਾਂ ਹੁਲਾਰਾ ਦਿੱਤਾ ਸੀ। ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਪ੍ਰੋ ਪ੍ਰੀਤਮ ਸਿੰਘ, ਪਿਆਰਾ ਸਿੰਘ ਪਦਮ, ਸ਼ਮਸ਼ੇਰ ਸਿੰਘ ਅਸ਼ੋਕ, ਡਾ. ਪਿਆਰ ਸਿੰਘ, ਸ. ਸ. ਪਦਮ, ਜੀਤ ਸਿੰਘ ਸੀਤਲ, ਹਰਨਾਮ ਸਿੰਘ ਸ਼ਾਨ ਅਤੇ ਡਾ. ਗੁਰਦੇਵ ਸਿੰਘ ਸਿੱਧੂ (ਪਟਿਆਲਾ) ਆਦਿ ਵਿਦਵਾਨ ਪੰਜਾਬੀ ਦੀ ਸਾਹਿਤਕ ਖੋਜ ਦੇ ਖੇਤਰ ਵਿਚ ਪੇਸ਼ ਪੇਸ਼ ਰਹੇ ਹਨ। ਸਾਹਿਤ ਦੀ ਖੋਜ, ਸੰਭਾਲ, ਅਧਿਆਪਨ ਅਤੇ ਸਾਹਿਤ ਦੇ ਮੁਲਾਂਕਣ ਲਈ ਸਥਾਪਤ ਅਕਾਦਮਿਕ ਅਦਾਰਿਆਂ ਵਿਚ ਖੋਜ ਦੀ ਥਾਂ ਖਾਨਾਪੂਰਤੀ ਹੋ ਰਹੀ ਹੈ। ਲੋਕਧਾਰਾ ਤੇ ਲੋਕ-ਸਾਹਿਤ ਦੇ ਖੇਤਰ ਵਿਚ ਹੋ ਰਹੀ ਖੋਜ ਦੀ ਸਥਿਤੀ ਕੁਝ ਬਿਹਤਰ ਹੈ, ਪਰ ਉਥੇ ਵੀ ਸਿਖਲਾਈ-ਜਾਬਤਾ ਖੋਜੀਆਂ ਅਤੇ ਲੋਕਧਾਰਾਈ ਸਮੱਗਰੀ ਦੀ ਖੋਜ, ਪੁਣ-ਛਾਣ ਤੇ ਸੰਭਾਲ ਲਈ ਲੋੜੀਂਦੇ ਉਪਕਰਣਾਂ ਜਾਂ ਸਾਧਨਾ ਦਾ ਅਭਾਵ ਹੈ। ਸਮਕਾਲੀ ਪੰਜਾਬੀ ਅਕਾਦਮਿਕ ਜਗਤ ਵਿਚ ਸਾਹਿਤਕ ਖੋਜ ਨੂੰ ਸਮਰਪਿਤ ਇਕੋ ਇਕ ਵਿਦਵਾਨ ਡਾ. ਧਰਮ ਸਿੰਘ ਹੀ ਨਜ਼ਰ ਆਉਂਦਾ ਹੈ।

ਡਾ. ਸਿਰਸਾ ਦੀ ਇਹ ਟਿੱਪਣੀ ਜਿੱਥੇ ਡਾ. ਧਰਮ ਸਿੰਘ ਦੀ ਹਸਤੀ ਨੂੰ ਹੋਰ ਉੱਚਿਆਂ ਕਰਦੀ ਹੈ ਉਥੇ ਪੰਜਾਬੀ ਖੋਜ ਦੀ ਸਥਿਤੀ ਨੂੰ ਤਰਸਯੋਗ ਹਾਲਤ ਵਿਚ ਦੱਸਦੀ ਹੈ। ਡਾ. ਧਰਮ ਸਿੰਘ ਖੁਦ ਪੰਜਾਬੀ ਖੋਜ ਦੀ ਵਰਤਮਾਨ ਸਥਿਤੀ ਤੋਂ ਨਿਰਾਸ਼ ਹਨ। ਉਹਨਾਂ ਅਨੁਸਾਰ ਹੁਣ ਦੇ ਵਿਦਵਾਨਾਂ ਕੋਲ ਨਾਂ ਤਾਂ ਬਹੁ-ਭਾਸ਼ਾਈ (ਹਿੰਦੀ, ਸੰਸਕ੍ਰਿਤ, ਉਰਦੂ, ਅਰਬੀ ਅਤੇ ਫਾਰਸੀ ਤੋਂ ਬਿਨਾਂ ਅੰਗਰੇਜ਼ੀ) ਗਿਆਨ ਹੈ ਜੋ ਪੁਰਾਤਨ ਹੱਥ ਲਿਖਤਾਂ ਦੀ ਪਛਾਣ, ਸੋਧ ਅਤੇ ਸੰਕਲਨ ਲਈ ਜਰੂਰੀ ਹੈ ਅਤੇ ਨਾਂ ਹੀ ਅੱਜ ਦੇ ਵਿਦਵਾਨ ਕਿਸੇ ਇਕ ਵਿਸ਼ੇ ਤੇ ਲੰਮਾ ਸਮਾਂ ਲਗਾ ਸਕਦੇ (ਲਗਾਉਂਦੇ) ਹਨ। ਉਹਨਾਂ ਅਨੁਸਾਰ ਖੋਜ ਸਮਾਂ ਮੰਗਦੀ ਹੈ ਪਰ ਅੱਜ ਦੀ ਨਵੀਂ ਪੀੜ੍ਹੀ ਤੱਟਫੱਟ ਕੰਮ ਕਰਨਾ ਚਾਹੁੰਦੀ ਹੈ। ਏਸੇ ਲਈ ਖੋਜ ਦਾ ਕੰਮ ਮਕਾਨਕੀ ਬਣਦਾ ਜਾ ਰਿਹਾ ਹੈ। ਅੱਜ ਦੇ ਸਮੇਂ ਵਿਚ ਪੰਜਾਬੀ ਵਿਚ ਛਪ ਰਹੀਆਂ ਪੁਸਤਕਾਂ ਵਿਚ ਜਦੋਂ ਢੇਰ ਸਾਰੀਆਂ ਪਰੂਫ ਰੀਡਿੰਗ ਦੀਆਂ ਗਲਤੀਆਂ ਵੇਖੀਆਂ ਜਾਂਦੀਆਂ ਹਨ ਤਾਂ ਪੰਜਾਬੀ ਪ੍ਰਕਾਸ਼ਨਾ ਦੇ ਮਿਆਰ ਤੇ ਨਿਰਾਸ਼ਾ ਹੁੰਦੀ ਹੈ। ਪੁਸਤਕ ਦੇ ਪ੍ਰਕਾਸ਼ਕ ਕੋਲ ਕੋਈ ਸੰਪਾਦਕ/ਸੋਧਕ ਮੰਡਲ ਨਹੀਂ ਹੁੰਦਾ। ਡਾ. ਧਰਮ ਸਿੰਘ ਅੱਜ ਦੇ ਸਮੇਂ ਵਿਚ ਹੋ ਰਹੀ ਖੋਜ ਤੋਂ ਇਸ ਲਈ ਵੀ ਨਿਰਾਸ਼ ਹਨ ਕਿ ਇਸ ਵਿਚ ਪੀਸੇ ਨੂੰ ਮੁੜ ਪੀਸਿਆ ਜਾ ਰਿਹਾ ਹੈ। ਇਕ ਹੀ ਵਿਸ਼ੇ ਤੇ ਦੋ-ਦੋ ਖੋਜ-ਪ੍ਰਬੰਧ ਛਪੇ ਮਿਲ ਰਹੇ ਹਨ। ਅਸਲ ਵਿਚ ਅਧਿਆਪਨ ਅਤੇ ਖੋਜ ਕਾਰਜ ਪਰ-ਨਿਰਭਰਤਾ ਵਾਲਾ ਕਾਰਜ ਹੈ। ਅਧਿਆਪਕ/ਖੋਜੀ ਨੂੰ ਜੀਵਨ ਨਿਰਬਾਹ ਦੀ ਫਿਕਰ ਨਾ ਹੋਵੇ। ਦੂਸਰੇ ਪਾਸੇ ਸਰਮਾਏਦਾਰੀ ਦੇ ਸਿਖਰ ਵੱਲ ਵਧ ਰਹੀ ਸਾਡੀ ਆਰਥਿਕ ਵਿਵਸਥਾ ਅਧਿਆਪਕਾਂ ਨੂੰ ਵੀ ਸਾਧਾਰਨ ਕਾਮਿਆਂ ਵਾਂਗ ਸਮਝ ਕੇ ਉਹਨਾਂ ਤੋਂ ਸਰੀਰਕ ਮੁਸ਼ੱਕਤ ਕਰਵਾਉਣਾ ਚਾਹੁੰਦੀ ਹੈ ਅਜਿਹੀ ਸਥਿਤੀ ਵਿਚੋਂ ਚੰਗੇ ਨਤੀਜੇ ਨਹੀਂ ਨਿਕਲ ਸਕਦੇ ਜਿਸ ਕਾਰਨ ਸਾਡਾ ਅਕਾਦਮਿਕ ਢਾਂਚਾ ਜਰਜਰਾ ਹੋ ਰਿਹਾ ਹੈ।

ਡਾ. ਧਰਮ ਸਿੰਘ ਨੇ ਆਪਣੀ ਖੋਜ ਸਮੇਂ ਦੀ ਧੁਰ ਵਿਚ ਲੁਪਤ ਕਵੀ ਸੌਂਧਾ ਦੀਆਂ ਲਿਖਤਾਂ ਲੱਭਣ ਤੋਂ ਸ਼ੁਰੂ ਕੀਤੀ। ਇਹ ਸਮਾਂ (1960-70 ਦਾ) ਪੁਰਾਤਨ ਲਿਖਤਾਂ ਨੂੰ ਲੱਭ ਕੇ ਉਹਨਾਂ ਦੀ ਸਹੀ ਪਛਾਣ ਕਰਕੇ, ਉਹਨਾਂ ਦੀ ਸੋਧ ਕਰਕੇ ਪ੍ਰਕਾਸ਼ਿਤ ਕਰਨ ਦਾ ਅਖੀਰਲਾ ਸਮਾਂ ਸੀ ਕਿਉਂਕਿ ਇਹ ਕੰਮ ਪੰਜਾਬੀ ਵਿਚ ਵਿਕੋਲਿੱਤਰੇ ਰੂਪ ਵਿਚ 1880-90 ਵਿਚ ਅੰਗਰੇਜ਼ਾਂ ਨੇ ਸ਼ੁਰੂ ਕੀਤਾ ਸੀ ਅਤੇ 1920-30 ਤੱਕ ਇਸ ਨੂੰ ਪੰਜਾਬੀ ਵਿਦਵਾਨਾਂ ਨੇ ਸੰਭਾਲ ਲਿਆ ਸੀ। ਡਾ. ਮੋਹਨ ਸਿੰਘ ਦੀਵਾਨਾ ਪੁਰਾਤਨ ਲਿਖਤਾਂ ਲੱਭਣ ਅਤੇ ਸੰਭਾਲਣ ਵਾਲਾ ਪ੍ਰਮੁੱਖ ਵਿਦਵਾਨ ਹੈ। ਡਾ. ਧਰਮ ਸਿੰਘ ਦੀ ਖੋਜ ਬਾਰੇ ਪੰਜਾਬੀ ਦੇ ਪ੍ਰਮੁੱਖ ਵਿਦਵਾਨ ਡਾ. ਤਾਰਨ ਸਿੰਘ ਨੇ ਬਹੁਤ ਪ੍ਰਸ਼ੰਸਾ ਕੀਤੀ ਹੈ, ਇਵੇਂ ਹੀ ਡਾ. ਹਰਿਭਜਨ ਸਿੰਘ ਆਪਣੀ ਰਿਪੋਰਟ ਵਿਚ ਲਿਖਦੇ ਹਨ ਕਿ, "ਕਵੀ ਸੌਂਧਾ ਦੇ ਜੀਵਨ ਤੇ ਰਚਨਾ ਨਾਲ ਸੰਬੰਧਤ ਇਹ ਥੀਸਿਸ ਤੱਥ ਅਤੇ ਤੱਤ ਦੋਹਾਂ ਤਰ੍ਹਾਂ ਦੀ ਖੋਜ ਨਾਲ ਸੰਬੰਧਤ ਹੈ। ਕਵੀ ਸੌਂਧਾ ਦੇ ਜੀਵਨ ਤੇ ਕਿਰਤ ਬਾਰੇ ਵਿਸ਼ਾਲ ਗਿਆਨ ਦੇਣ ਵਾਲੀ ਇਹ ਖੋਜ ਸਾਡੇ ਗਿਆਨ ਦੀਆਂ ਹੱਦਾਂ ਨੂੰ ਵਿਸਥਾਰਦੀ ਹੈ। ਖੋਜੀ ਦੀ ਭਾਸ਼ਾ ਸਰਲ ਪਰ ਪ੍ਰੌੜ ਬਿਰਤੀ ਵਾਲੀ ਹੈ। ਉਸ ਦੀ ਪੇਸ਼ਕਾਰੀ ਸੰਤੁਲਿਤ ਅਤੇ ਸਹਿਜ ਸੁਭਾਅ ਵਾਲੀ ਹੈ। ਖੋਜਕਾਰੀ ਦੀ ਵਿਧੀ ਬਾਰੇ ਉਸ ਨੂੰ ਯੋਗ ਜਾਣਕਾਰੀ ਹੈ ਜਿਸ ਦੀ ਉਸ ਬੜੇ ਸੁਚੱਜ ਨਾਲ ਵਰਤੋਂ ਕੀਤੀ ਹੈ।"

ਡਾ. ਧਰਮ ਸਿੰਘ ਦੀ ਖੋਜ ਦਾ ਇਕ ਖੇਤਰ ਪਾਕਿਸਤਾਨੀ ਪੰਜਾਬੀ ਸਾਹਿਤ ਦੀ ਖੋਜ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਦੀ ਸਥਿਤੀ, ਉਥੇ ਹੋ ਰਹੀ ਖੋਜ ਅਤੇ ਡਾ. ਧਰਮ ਸਿੰਘ ਦੀ ਉਸ ਖੋਜ ਬਾਰੇ ਰਾਇ ਨੂੰ ਪਾਕਿਸਤਾਨੀ ਵਿਦਵਾਨਾਂ ਅਤੇ ਭਾਰਤੀ ਪੰਜਾਬੀ, ਅੰਗਰੇਜ਼ੀ ਅਖਬਾਰਾਂ ਨੇ ਖੂਬ ਵਡਿਆਇਆ ਹੈ। ਡਾ. ਧਰਮ ਸਿੰਘ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਖੋਜਾਰਥੀਆਂ ਦੇ ਕਈ ਖੋਜ ਨਿਬੰਧਾਂ ਦਾ ਵਿਸ਼ਲੇਸ਼ਣ ਕਰਕੇ ਖੋਜਾਰਥੀਆਂ ਦਾ ਔਨਲਾਈਨ ਵਾਈਵਾ ਵੀ ਲਿਆ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਜਗਤ ਵਿਚ ਡਾ. ਧਰਮ ਸਿੰਘ ਦਾ ਬਹੁਤ ਸਤਿਕਾਰ ਹੈ।

ਡਾ. ਧਰਮ ਸਿੰਘ ਦੀ ਇਕ ਖਾਸੀਅਤ ਇਹ ਵੀ ਹੈ ਕਿ ਜਿੱਥੇ ਉਹ ਆਪ ਚੋਟੀ ਦੇ ਖੋਜੀ ਹਨ ਉਥੇ ਉਹ ਆਪਣੇ ਤੋਂ ਪਹਿਲਾਂ ਹੋ ਗੁਜ਼ਰੇ ਖੋਜੀਆਂ ਦੇ ਕੰਮ ਅਤੇ ਉਹਨਾਂ ਦੀ ਸ਼ਖ਼ਸੀਅਤ ਤੋਂ ਪੂਰੀ ਤਰ੍ਹਾਂ ਮੁਤਾਸਰ ਹਨ। ਉਹ ਆਪਣੀ ਪੁਸਤਕ 'ਖੋਜ ਵਿਧੀ ਵਿਗਿਆਨ ਅਤੇ ਪੰਜਾਬੀ ਖੋਜਕਾਰ' ਵਿਚ ਜਿਥੇ ਭਾਈ ਵੀਰ ਸਿੰਘ, ਪਿਆਰਾ ਸਿੰਘ ਪਦਮ, ਡਾ. ਪਿਆਰ ਸਿੰਘ ਅਤੇ ਪ੍ਰੋ. ਪ੍ਰੀਤਮ ਸਿੰਘ ਦੇ ਖੋਜ-ਕਾਰਜ ਦੀ ਵਿਸਥਾਰ ਵਿਚ ਜਾਣਕਾਰੀ ਦਿੰਦੇ ਹਨ ਉਥੇ ਉਹਨਾਂ ਦੇ ਖੋਜ ਕਾਰਜ ਦੀ ਪ੍ਰਸ਼ੰਸਾ ਵੀ ਕਰਦੇ ਹਨ। ਇਸ ਪੁਸਤਕ ਵਿਚੋਂ ਪੰਜਾਬੀ ਖੋਜ ਦੇ ਮੁਹਾਂਦਰੇ ਨੂੰ ਸਹਿਜੇ ਹੀ ਪਛਾਣਿਆਂ ਜਾ ਸਕਦਾ ਹੈ। ਇਸ ਪੁਸਤਕ ਬਾਰੇ ਡਾ. ਸੁਖਦੇਵ ਸਿੰਘ ਸਿਰਸਾ ਲਿਖਦੇ ਹਨ, "ਖੋਜ ਵਿਧੀ ਵਿਗਿਆਨ ਅਤੇ ਪੰਜਾਬੀ ਖੋਜਕਾਰ ਪੁਸਤਕ ਖੋਜ ਦੀ ਸਿਧਾਂਤਕਾਰੀ, ਸਾਹਿਤਕ ਖੋਜ ਨੂੰ ਦਰਪੇਸ਼ ਚੁਣੌਤੀਆਂ, ਖੋਜ ਨਾਲ ਸੰਬੰਧਤ ਸੰਕਲਪਾਂ/ਪਦਾਂ ਦੀ ਵਿਆਖਿਆ ਅਤੇ ਚੋਣਵੇਂ ਖੋਜੀਆਂ ਦੀ ਖੋਜ ਦੇ ਹਵਾਲੇ ਨਾਲ ਪੰਜਾਬੀ ਖੋਜ ਦਾ ਇਤਿਹਾਸ ਹੀ ਨਹੀਂ, ਇਹ ਪੁਸਤਕ ਨਵੇਂ ਖੋਜੀਆਂ ਲਈ ਰਾਹ ਦਸੇਰੇ ਦੀ ਹੈਸੀਅਤ ਵੀ ਰੱਖਦੀ ਹੈ।"

ਡਾ. ਧਰਮ ਸਿੰਘ ਦਾ ਸਭ ਤੋਂ ਵੱਧ ਚਰਚਿਤ ਕੰਮ ਹੁਣ ਤੱਕ ਪੰਜਾਬੀ ਵਿਚ ਹੋਈ ਪੀਐੱਚ. ਡੀ. ਪੱਧਰ ਦੀ ਖੋਜ ਬਾਰੇ ਹੈ। ਉਹਨਾਂ ਨੇ ਹੁਣ ਤੱਕ ਵੱਖ-ਵੱਖ ਯੂਨੀਵਰਸਿਟੀਆਂ ਵਿਚ ਹੋਏ ਸਾਰੇ ਖੋਜ ਪ੍ਰਬੰਧਾਂ ਦੀ ਜਾਣਕਾਰੀ ਲਈ ਅਤੇ ਉਸਨੂੰ ਇਕ ਪੁਸਤਕ ਵਿਚ ਪ੍ਰਕਾਸ਼ਿਤ ਕਰ ਦਿੱਤਾ। ਇਸ ਜਾਣਕਾਰੀ ਵਿਚ ਖੋਜਕਾਰ (ਖੋਜਾਰਥੀ) ਦਾ ਨਾਮ , ਖੋਜ-ਪ੍ਰਬੰਧ ਦਾ ਸਿਰਲੇਖ, ਯੂਨੀਵਰਸਿਟੀ ਦਾ ਨਾਮ ਅਤੇ ਖੋਜ ਮੁਕੰਮਲ ਹੋਣ ਦਾ ਸਾਲ ਦਰਜ ਹੈ। ਜੇ ਕੋਈ ਖੋਜ-ਪ੍ਰਬੰਧ ਪ੍ਰਕਾਸ਼ਿਤ ਹੋ ਗਿਆ ਹੈ ਤਾਂ ਖੋਜ ਪ੍ਰਬੰਧ ਦੇ ਨਾਲ ਹੀ ਹੇਠਾਂ ਉਸ ਬਾਰੇ ਜਾਣਕਾਰੀ ਦਰਜ ਹੈ ਜਿਸ ਵਿਚ ਉਸ ਦੇ ਪ੍ਰਕਾਸ਼ਕ ਦਾ ਨਾਮ ਅਤੇ ਪ੍ਰਕਾਸ਼ਨ ਸਾਲ ਵੀ ਦਰਜ ਹੈ। ਇਹ ਪੁਸਤਕ ਬੜੇ ਵਿਵਸਥਿਤ ਢੰਗ ਨਾਲ ਪ੍ਰਕਾਸ਼ਿਤ ਕੀਤੀ ਹੈ। ਪਹਿਲਾਂ ਕਵਿਤਾ ਨਾਲ ਸੰਬੰਧਤ ਖੋਜ-ਪ੍ਰਬੰਧ ਹਨ। ਇਸ ਭਾਗ ਨੂੰ ਵੀ ਅੱਗੋਂ ਦੋ ਹਿੱਸਿਆ ਵਿਚ ਵੰਡਿਆ ਹੈ ਪਹਿਲਾਂ ਮੱਧਕਾਲ ਦੀ ਕਵਿਤਾ ਬਾਰੇ ਖੋਜ-ਪ੍ਰਬੰਧ ਸ਼ਾਮਲ ਕੀਤੇ ਗਏ ਹਨ ਫਿਰ ਆਧੁਨਿਕ ਕਵਿਤਾ ਬਾਰੇ। ਇਵੇਂ ਹੀ ਪਹਿਲਾਂ ਪੁਰਾਤਨ ਵਾਰਤਕ ਬਾਰੇ ਅਤੇ ਫਿਰ ਆਧੁਨਿਕ ਵਾਰਤਕ ਬਾਰੇ ਖੋਜ-ਪ੍ਰਬੰਧ ਸ਼ਾਮਲ ਕੀਤੇ ਗਏ ਹਨ। ਇਸ ਤੋਂ ਬਾਅਦ ਗਲਪ, ਲੋਕਧਾਰਾ/ਸਭਿਆਚਾਰ ਬਾਰੇ ਫਿਰ ਨਾਟਕ ਇਕਾਂਗੀ ਅਤੇ ਰੰਗਮੰਚ ਬਾਰੇ ਫਿਰ ਪਰਵਾਸੀ ਪੰਜਾਬੀ ਸਾਹਿਤ ਬਾਰੇ ਫਿਰ ਮੈਟਾ ਆਲੋਚਨਾ ਬਾਰੇ ਫਿਰ ਪਾਕਿਸਤਾਨ ਵਿਚ ਪ੍ਰਵਾਨਿਤ ਹੋਏ ਖੋਜ ਪ੍ਰਬੰਧਾਂ ਬਾਰੇ ਜਾਣਕਾਰੀ ਦਰਜ ਕੀਤੀ ਗਈ ਹੈ ਫਿਰ ਪੰਜਾਬੀ ਭਾਸ਼ਾ ਬਾਰੇ ਪ੍ਰਵਾਨਿਤ ਖੋਜ-ਪ੍ਰਬੰਧ ਦਰਜ ਹਨ ਫਿਰ ਸਾਹਿਤ ਇਤਿਹਾਸ ਬਾਰੇ, ਫਿਰ ਪੰਜਾਬੀ ਬਾਲ ਸਾਹਿਤ ਬਾਰੇ ਫਿਰ ਹਵਾਲਾ ਸਾਹਿਤ ਬਾਰੇ ਅਤੇ ਅਖੀਰ ਵਿਚ ਫੁਟਕਲ ਦਰਜ ਹਨ। ਅੱਗੇ ਜਾ ਕੇ ਉਹਨਾਂ ਨੇ ਪੰਜਾਬੀ ਸਾਹਿਤ ਬਾਰੇ ਅੰਗਰੇਜ਼ੀ ਵਿਚ ਪ੍ਰਵਾਨਿਤ ਖੋਜ-ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ ਹੈ ਜਿਸ ਨਾਲ ਸਾਨੂੰ ਪੰਜਾਬੀ ਖੋਜ ਦੇ ਇਤਿਹਾਸ ਬਾਰੇ, ਇਸ ਦੀ ਸ਼ੁਰੂਆਤ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਪੰਜਾਬੀ ਵਿਸ਼ੇ ਵਿਚ ਡਾਕਟਰੇਟ ਦੀ ਡਿਗਰੀ ਵਾਲਾ ਹਰ ਸ਼ਖ਼ਸ ਇਸ ਗ੍ਰੰਥ ਵਿਚੋਂ ਆਪਣਾ ਨਾਮ ਦੇਖ ਸਕਦਾ ਹੈ। 2008 ਅਤੇ 2015 ਵਾਲੇ ਸੰਸਕਰਣ ਵਿਚ ਵਿਸ਼ਿਆਂ ਦੀ ਤਰਤੀਬ ਬਦਲੀ ਹੋਈ ਹੈ। 2015 ਵਾਲੇ ਸੰਸਕਰਣ ਵਿਚ 1859 ਖੋਜ-ਪ੍ਰਬੰਧਾਂ ਦੀ ਜਾਣਕਾਰੀ ਦਰਜ ਹੈ। ਇਸ ਪੁਸਤਕ ਬਾਰੇ ਪੰਜਾਬੀ ਦੇ ਪ੍ਰਮੁੱਖ ਮੈਟਾ ਆਲੋਚਕ ਡਾ. ਹਰਿਭਜਨ ਸਿੰਘ ਭਾਟੀਆ ਜੀ ਲਿਖਦੇ ਹਨ ਕਿ, "ਇਸ ਵਿਚ ਦਰਜ 1410 ਖੋਜ ਪ੍ਰਬੰਧਾਂ (ਪੀਐੱਚ. ਡੀ. ਦੇ ਥੀਸਿਜ਼ਾਂ) ਦਾ ਵੇਰਵਾ ਹੈ ਜੋ ਇਕ ਪਾਸੇ ਪੰਜਾਬੀ ਖੋਜ ਦੇ ਫੈਲਾਓ, ਵਿਸਥਾਰ ਤੇ ਮਹਾਂਦ੍ਰਿਸ਼ ਨੂੰ ਪ੍ਰਗਟਾਉਂਦਾ ਹੈ, ਦੂਜੇ ਪਾਸੇ ਦੁਰਵਰਤੋਂ, ਮੰਡੀ ਦੇ ਵਰਤਾਰਿਆਂ ਦੀ ਕਾਰਜਸ਼ੀਲਤਾ ਅਤੇ ਸੱਚ ਦੀ ਪਛਾਣ ਦੀ ਬਜਾਇ ਅਗਿਆਨਤਾ ਤੇ ਹਨੇਰ ਦੇ ਫੈਲਾਓ ਆਦਿ ਵੱਲ ਵੀ ਤਲਖ ਟਿੱਪਣੀਆਂ ਕਰਦਾ ਹੈ।" ਸਪੱਸ਼ਟ ਹੈ ਕਿ ਇਸ ਵਿਚ ਜਿੱਥੇ ਪੰਜਾਬੀ ਖੋਜ ਦੇ ਇਤਿਹਾਸ ਦੀ ਪਛਾਣ ਕਰਵਾ ਕੇ ਜਿਥੇ ਇਕ ਗੌਰਵ ਨੂੰ ਸਾਹਮਣੇ ਲਿਆਂਦਾ ਹੈ ਉਥੇ ਇਸ ਦੀਆਂ ਵਰਤਮਾਨ ਹਾਲਤਾਂ ਦਾ ਨਿਵਾਣ ਸਪੱਸ਼ਟ ਕਰਕੇ ਪੰਜਾਬੀ ਵਿਦਵਤਾ ਦੇ ਹਨੇਰੇ ਪੱਖ ਨੂੰ ਵੀ ਪੇਸ਼ ਕੀਤਾ ਹੈ।

1985 ਵਿਚ ਡਾ. ਧਰਮ ਸਿੰਘ ਹੋਰਾਂ 'ਪੰਜਾਬੀ ਦੇ ਪ੍ਰਵਾਨਿਤ ਖੋਜ-ਪ੍ਰਬੰਧ' ਸਿਰਲੇਖ ਹੇਠ ਇਹ ਸੰਕਲਨ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ ਸੀ। ਯਕੀਨਨ ਤਿੰਨ ਚਾਰ ਸਾਲ ਪਹਿਲਾਂ ਇਹ ਕਾਰਜ ਸ਼ੁਰੂ ਕੀਤਾ ਹੋਵੇਗਾ। ਇਸ ਵਿਚ 1984 ਤੱਕ ਦੇ ਖੋਜ-ਪ੍ਰਬੰਧਾਂ ਬਾਰੇ ਜਾਣਕਾਰੀ ਸ਼ਾਮਲ ਸੀ। ਜਦੋਂ ਇਹ ਪੁਸਤਕ ਲੋਕਾਂ ਸਾਹਮਣੇ ਆਈ ਤਾਂ ਇਕ ਦਮ ਚਰਚਾ ਵਿਚ ਆ ਗਈ। ਪਾਠਕਾਂ ਚਿੰਤਕਾਂ ਦੇ ਹੌਂਸਲੇ ਨੇ ਡਾ. ਧਰਮ ਸਿੰਘ ਦਾ ਵੀ ਹੌਂਸਲਾ ਵਧਾਇਆ। ਉਹਨਾਂ ਨੇ ਇਸ ਕਾਰਜ ਨੂੰ ਅੱਗੇ ਜਾਰੀ ਰੱਖਿਆ ਅਤੇ 2008 ਵਿਚ 'ਪੰਜਾਬੀ ਖੋਜ ਸੰਦਰਭ' ਸਿਰਲੇਖ ਅਧੀਨ ਇਹ ਜਾਣਕਾਰੀ ਦੁਬਾਰਾ ਪ੍ਰਕਾਸ਼ਿਤ ਕਰਵਾਈ। ਪਾਠਕਾਂ ਦੀ ਮੰਗ ਤੇ ਇਸ ਪੁਸਤਕ ਦੇ ਅਗਲੇ ਸੰਸਕਰਣ 2015 ਅਤੇ 2018 ਵਿਚ ਆਏ। ਜਦੋਂ ਮੈਂ ਡਾ. ਸਾਹਿਬ ਨੂੰ ਮਿਲਣ ਗਿਆ ਅਤੇ ਉਹਨਾਂ ਦੇ ਰੁਝੇਵੇਂ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਇਕ ਤਾਂ ਉਹ ਪਾਕਿਸਤਾਨ ਵਿਚਲੀ ਪੰਜਾਬੀ ਖੋਜ ਬਾਰੇ ਜਾਣਕਾਰੀ ਦਿੰਦੀ ਪੁਸਤਕ ਲਿਖ ਰਹੇ ਹਨ, ਦੂਸਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਤੇ ਉਹਨਾਂ ਸੰਬੰਧੀ ਕੁਝ ਅਣਸੁਲਝੇ ਸਵਾਲਾਂ ਬਾਰੇ ਪੁਸਤਕ ਲਿਖ ਰਹੇ ਹਨ ਅਤੇ ਤੀਸਰੀ ਪੁਸਤਕ ਵਜੋਂ 'ਪੰਜਾਬੀ ਖੋਜ ਸੰਦਰਭ' ਦੇ ਨਵੇਂ ਸੰਸਕਰਣ ਦੀ ਤਿਆਰੀ ਵਿਚ ਲੱਗੇ ਹੋਏ ਹਨ। 75 ਸਾਲਾਂ ਦੀ ਉਮਰ ਵਿਚ ਜਵਾਨਾਂ ਵਾਲੀ ਸਿਰੜ ਨਾਲ ਖੋਜ ਕਾਰਜ ਵਿਚ ਲੱਗੇ ਵੇਖ ਕੇ ਮੇਰਾ ਸਿਰ ਝੁਕ ਗਿਆ। ਪ੍ਰਮਾਤਮਾ ਉਹਨਾਂ ਨੂੰ ਲੰਮੀ ਉਮਰ ਅਤੇ ਚੰਗੀ ਸਿਹਤ ਬਖ਼ਸ਼ੇ ਤਾਂ ਜੋ ਉਹ 'ਪੰਜਾਬੀ ਖੋਜ' ਦੀ ਸਿਹਤ ਨੂੰ ਤਗੜਿਆਂ ਕਰ ਸਕਣ।

# ਵਿਸ਼ਵ ਵਾਤਾਵਰਨ ਦਿਵਸ

ਸੰਦੀਪ ਕੁਮਾਰ
7009807121



ਪ੍ਰਕਿਰਤੀ ਅਤੇ ਮਨੁੱਖੀ ਜੀਵਨ ਦਾ ਗਹਿਰਾ ਰਿਸ਼ਤਾ ਹਮੇਸ਼ਾ ਤੋਂ ਰਿਹਾ ਹੈ। ਇਸੇ ਰਿਸ਼ਤੇ ਨੂੰ ਮਜ਼ਬੂਤ ਕਰਨ ਅਤੇ ਵਾਤਾਵਰਣ ਸੁਰੱਖਿਆ ਲਈ ਜਾਗਰੂਕਤਾ ਫੈਲਾਉਣ ਲਈ ਹਰ ਸਾਲ 5 ਜੂਨ ਨੂੰ ਵਿਸ਼ਵ ਭਰ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ। ਇਸ ਵਾਰ 2026 ਵਿੱਚ ਇਸ ਦਾ ਮੁੱਖ ਥੀਮ ਹੈ "ਇੰਨਸਪਾਈਰਡ ਬਾਏ ਨੇਚਰ,ਫੌਰ ਕਲਾਈਮੇਟ, ਫੌਰ ਉਵਰ ਫਿਊਚਰ"। ਇਸ ਥੀਮ ਰਾਹੀਂ ਯੂਨਾਈਟਿਡ ਨੇਸ਼ਨਜ਼ ਐਨਵਾਇਰਨਮੈਂਟ ਪ੍ਰੋਗਰਾਮ ਸਾਰੀ ਦੁਨੀਆ ਨੂੰ ਇੱਕ ਸੁਨੇਹਾ ਦੇ ਰਿਹਾ ਹੈ ਕਿ ਪ੍ਰਕਿਰਤੀ ਤੋਂ ਪ੍ਰੇਰਣਾ ਲੈ ਕੇ ਵਾਤਾਵਰਣ ਅਤੇ ਜਲਵਾਯੂ ਤਬਦੀਲੀ ਖਿਲਾਫ ਲੜਾਈ ਵਿੱਚ ਅੱਗੇ ਆਉਣਾ ਚਾਹੀਦਾ ਹੈ। ਇਸ ਸਾਲ ਇਸ ਦੀ ਮੇਜ਼ਬਾਨੀ ਅਜ਼ਰਬਾਈਜਾਨ ਦੀ ਰਾਜਧਾਨੀ ਬਾਕੂ ਕਰ ਰਿਹਾ ਹੈ।



ਵਿਸ਼ਵ ਵਾਤਾਵਰਣ ਦਿਵਸ ਦੀ ਸ਼ੁਰੂਆਤ 1972 ਵਿੱਚ ਸਟਾਕਹੋਮ ਕਾਨਫਰੰਸ ਤੋਂ ਹੋਈ ਸੀ। ਇਸ ਕਾਨਫਰੰਸ ਵਿੱਚ ਦੁਨੀਆ ਭਰ ਦੇ ਲੋਕਾਂ ਨੇ ਇੱਕਜੁੱਟ ਹੋ ਕੇ ਫੈਸਲਾ ਲਿਆ ਕਿ ਵਾਤਾਵਰਣ ਨੂੰ ਬਚਾਉਣ ਲਈ ਗਲੋਬਲ ਪੱਧਰ ਤੇ ਯਤਨ ਕੀਤੇ ਜਾਣ। ਇਸ ਤੋਂ ਬਾਅਦ 1973 ਵਿੱਚ ਪਹਿਲੀ ਵਾਰ ਇਸ ਦਿਨ ਨੂੰ ਮਨਾਇਆ ਗਿਆ ਅਤੇ ਉਦੋਂ ਤੋਂ ਲੈ ਕੇ ਅੱਜ ਤੱਕ ਇਹ ਦਿਨ ਵਾਤਾਵਰਣੀ ਮੁੱਦਿਆਂ ਤੇ ਚਰਚਾ ਅਤੇ ਕਾਰਵਾਈ ਲਈ ਇੱਕ ਵੱਡਾ ਪਲੇਟਫਾਰਮ ਬਣਿਆ ਹੋਇਆ ਹੈ। ਇਸ ਦਿਨ ਨੂੰ 150 ਤੋਂ ਵੱਧ ਦੇਸ਼ਾਂ ਵਿੱਚ ਲੱਖਾਂ ਲੋਕ ਭਾਗ ਲੈਂਦੇ ਹਨ। ਇਸ ਵਿੱਚ ਰੁੱਖ ਲਾਉਣ, ਪਲਾਸਟਿਕ ਘਟਾਉਣ, ਸਫਾਈ ਮੁਹਿੰਮਾਂ ਅਤੇ ਜਾਗਰੂਕਤਾ ਰੈਲੀਆਂ ਸ਼ਾਮਲ ਹੁੰਦੀਆਂ ਹਨ।

ਅੱਜ ਦੁਨੀਆ ਸਭ ਤੋਂ ਵੱਡੀ ਸਮੱਸਿਆ ਜਲਵਾਯੂ ਤਬਦੀਲੀ ਦਾ ਸਾਹਮਣਾ ਕਰ ਰਹੀ ਹੈ। ਵਧਦੀ ਗਰਮੀ, ਘਟਦੀ ਬਰਫ, ਵਧਦੀਆਂ ਸਮੁੰਦਰੀ ਲਹਿਰਾਂ, ਜੰਗਲੀ ਅੱਗ ਲੱਗਣਾ ਅਤੇ ਅਸਾਧਾਰਨ ਮੌਸਮੀ ਤਬਦੀਲੀਆਂ ਇਸ ਦੇ ਸਪੱਸ਼ਟ ਸੰਕੇਤ ਹਨ। ਇਸ ਥੀਮ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਪ੍ਰਕਿਰਤੀ ਆਪਣੇ ਆਪ ਵਿੱਚ ਇੱਕ ਵੱਡਾ ਹੱਲ ਹੈ। ਰੁੱਖ ਲਾਉਣਾ, ਜੰਗਲਾਂ ਨੂੰ ਬਚਾਉਣਾ, ਵਿਵਸਥਿਤ ਖੇਤੀ ਅਤੇ ਟਿਕਾਊ ਊਰਜਾ ਵੱਲ ਵਧਣਾ ਇਸ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦਾ ਹੈ। ਅਜ਼ਰਬਾਈਜਾਨ ਵਿੱਚ ਇਸ ਵਾਰ ਉੱਚ ਪੱਧਰੀ ਚਰਚਾਵਾਂ, ਪ੍ਰਦਰਸ਼ਨੀਆਂ ਅਤੇ ਰੁੱਖ ਲਾਉਣ ਵਾਲੀਆਂ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਵਾਤਾਵਰਣ ਸੁਰੱਖਿਆ ਦੀ ਲੋੜ ਹੋਰ ਵੀ ਵਧ ਜਾਂਦੀ ਹੈ। ਉਦਯੋਗੀਕਰਨ, ਸ਼ਹਿਰੀਕਰਨ ਅਤੇ ਵਧਦੀ ਆਬਾਦੀ ਕਾਰਨ ਗੰਗਾ, ਯਮੁਨਾ ਵਰਗੀਆਂ ਨਦੀਆਂ ਪ੍ਰਦੂਸ਼ਿਤ ਹੋ ਰਹੀਆਂ ਹਨ। ਹਵਾ ਪ੍ਰਦੂਸ਼ਣ ਕਾਰਨ ਦਿੱਲੀ ਵਰਗੇ ਸ਼ਹਿਰਾਂ ਵਿੱਚ ਸਾਹ ਲੈਣਾ ਵੀ ਮੁਸ਼ਕਲ ਹੋ ਰਿਹਾ ਹੈ। ਇਸ ਤੋਂ ਇਲਾਵਾ ਪਲਾਸਟਿਕ ਕੂੜਾ ਸਮੁੰਦਰਾਂ ਤੱਕ ਪਹੁੰਚ ਰਿਹਾ ਹੈ ਜਿਸ ਨਾਲ ਜਲੀ ਜੀਵਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਲਈ ਭਾਰਤ ਸਰਕਾਰ ਵੱਲੋਂ ਵੀ ਕਈ ਯੋਜਨਾਵਾਂ ਚਲਾਈਆਂ ਗਈਆਂ ਹਨ ਜਿਵੇਂ ਸਵੱਛ ਭਾਰਤ ਅਭਿਆਨ, ਰਾਸ਼ਟਰੀ ਸੌਲਰ ਮਿਸ਼ਨ ਅਤੇ ਜਲ ਜੀਵਨ ਮਿਸ਼ਨ। ਇਹ ਯੋਜਨਾਵਾਂ ਵਾਤਾਵਰਣ ਨੂੰ ਸਾਫ਼ ਰੱਖਣ ਅਤੇ ਟਿਕਾਊ ਵਿਕਾਸ ਲਈ ਮਹੱਤਵਪੂਰਨ ਹਨ।

ਵਾਤਾਵਰਣ ਬਚਾਉਣ ਵਿੱਚ ਇੱਕ ਵਿਅਕਤੀ ਵਜੋਂ ਸਾਡੀ ਭੂਮਿਕਾ ਵੀ ਬਹੁਤ ਅਹਿਮ ਹੈ। ਛੋਟੀਆਂ-ਛੋਟੀਆਂ ਆਦਤਾਂ ਬਦਲ ਕੇ ਅਸੀਂ ਵੱਡਾ ਤਬਦੀਲੀ ਲਿਆ ਸਕਦੇ ਹਾਂ। ਉਦਾਹਰਨ ਵਜੋਂ ਬਿਜਲੀ ਬਚਾਉਣਾ, ਪਾਣੀ ਦੀ ਬਰਬਾਦੀ ਰੋਕਣਾ, ਪਲਾਸਟਿਕ ਦੀ ਵਰਤੋਂ ਘਟਾਉਣਾ ਅਤੇ ਰੀਸਾਈਕਲਿੰਗ ਕਰਨਾ। ਘਰ ਵਿੱਚ ਛੱਤ ਤੇ ਬਾਗ ਲਾਉਣਾ, ਸਾਈਕਲ ਵਰਤਣਾ ਜਾਂ ਪਬਲਿਕ ਟ੍ਰਾਂਸਪੋਰਟ ਦੀ ਵਰਤੋਂ ਕਰਨਾ ਵੀ ਵਾਤਾਵਰਣ ਲਈ ਲਾਭਦਾਇਕ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਵਾਤਾਵਰਣ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਭਵਿੱਖ ਵਿੱਚ ਇਸ ਨੂੰ ਬਚਾਉਣ ਲਈ ਤਿਆਰ ਹੋਣ।

ਪ੍ਰਕਿਰਤੀ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ, ਤਾਜ਼ੀ ਹਵਾ, ਸਾਫ਼ ਪਾਣੀ, ਫਲ-ਫੁੱਲ ਅਤੇ ਖੂਬਸੂਰਤ ਲੈਂਡਸਕੇਪ। ਪਰ ਅਸੀਂ ਇਸ ਦੀ ਲਗਾਤਾਰ ਲੁੱਟ ਕਰ ਰਹੇ ਹਾਂ। ਜੰਗਲ ਘਟ ਰਹੇ ਹਨ, ਜੀਵ-ਜੰਤੂ ਲੁਪਤ ਹੋ ਰਹੇ ਹਨ ਅਤੇ ਧਰਤੀ ਦਾ ਤਾਪਮਾਨ ਵਧ ਰਿਹਾ ਹੈ। ਜੇ ਅਸੀਂ ਇਸ ਰਫ਼ਤਾਰ ਨੂੰ ਨਾ ਰੋਕਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਜੀਣਾ ਮੁਸ਼ਕਲ ਹੋ ਜਾਵੇਗਾ। ਇਸ ਲਈ ਇਸ ਵਿਸ਼ਵ ਵਾਤਾਵਰਣ ਦਿਵਸ ਤੇ ਸਾਡਾ ਇੱਕੋ ਵਾਅਦਾ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੀ ਧਰਤੀ ਨੂੰ ਬਚਾਉਣ ਲਈ ਯਤਨ ਕਰਾਂਗੇ।

ਵਾਤਾਵਰਣ ਸੁਰੱਖਿਆ ਲਈ ਵਿਗਿਆਨ ਅਤੇ ਤਕਨਾਲੋਜੀ ਵੀ ਬਹੁਤ ਮਦਦਗਾਰ ਸਾਬਤ ਹੋ ਰਹੀ ਹੈ। ਸੋਲਰ ਊਰਜਾ, ਇਲੈਕਟ੍ਰਿਕ ਵਾਹਨ ਅਤੇ ਏਆਈ ਰਾਹੀਂ ਵਾਤਾਵਰਣ ਨਿਗਰਾਨੀ ਵਰਗੀਆਂ ਤਕਨੀਕਾਂ ਭਵਿੱਖ ਵਿੱਚ ਵੀ ਬਹੁਤ ਅਹਿਮ ਭੂਮਿਕਾ ਨਿਭਾਉਣਗੀਆਂ। ਪਰ ਇਨ੍ਹਾਂ ਤਕਨੀਕਾਂ ਤੋਂ ਇਲਾਵਾ ਸਾਨੂੰ ਆਪਣੀਆਂ ਪਰੰਪਰਾਵਾਂ ਵੱਲ ਵੀ ਵਾਪਸ ਮੁੜਣਾ ਚਾਹੀਦਾ ਹੈ।

ਪੁਰਾਣੇ ਸਮੇਂ ਵਿੱਚ ਲੋਕ ਪ੍ਰਕਿਰਤੀ ਨਾਲ ਤਾਲਮੇਲ ਰੱਖ ਕੇ ਰਹਿੰਦੇ ਸਨ। ਉਨ੍ਹਾਂ ਨੇ ਕਦੇ ਵੀ ਧਰਤੀ ਨੂੰ ਨੁਕਸਾਨ ਨਹੀਂ ਪਹੁੰਚਾਇਆ। ਉਸੀ ਤਰੀਕੇ ਨੂੰ ਅਪਣਾਉਣ ਦੀ ਲੋੜ ਹੈ। ਇਸ ਵਿਸ਼ਵ ਵਾਤਾਵਰਣ ਦਿਵਸ ਤੇ ਆਓ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖੀਏ, ਰੁੱਖ ਲਾਈਏ ਅਤੇ ਆਪਣੇ ਬੱਚਿਆਂ ਨੂੰ ਵਾਤਾਵਰਣ ਬਾਰੇ ਸਿਖਾਈਏ। ਇੱਕ ਵਿਅਕਤੀ ਵਜੋਂ ਛੋਟਾ ਯਤਨ ਵੀ ਵੱਡੀ ਤਬਦੀਲੀ ਲਿਆ ਸਕਦਾ ਹੈ। ਜੇ ਸਾਡਾ ਹਰ ਇੱਕ ਵਿਅਕਤੀ ਆਪਣੀ ਜ਼ਿੰਮੇਵਾਰੀ ਨਿਭਾਏ ਤਾਂ ਇੱਕ ਹਰੀਆਲੀ ਧਰਤੀ ਬਣਾਉਣਾ ਸੁਪਨਾ ਨਹੀਂ ਰਹੇਗਾ।

ਅੰਤ ਵਿੱਚ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਧਰਤੀ ਸਾਡੀ ਹੀ ਨਹੀਂ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਦੀ ਵੀ ਹੈ। ਇਸ ਲਈ ਇਸ ਨੂੰ ਬਚਾਉਣਾ ਸਾਡਾ ਫਰਜ਼ ਹੈ। ਵਿਸ਼ਵ ਵਾਤਾਵਰਣ ਦਿਵਸ ਸਾਨੂੰ ਇਸ ਫਰਜ਼ ਨੂੰ ਨਿਭਾਉਣ ਲਈ ਪ੍ਰੇਰਿਤ ਕਰਦਾ ਹੈ। ਆਓ ਇਸ ਦਿਨ ਨੂੰ ਸਿਰਫ਼ ਇੱਕ ਤਿਉਹਾਰ ਵਜੋਂ ਨਾ ਮਨਾਈਏ ਬਲਕਿ ਇਸ ਨੂੰ ਇੱਕ ਵਾਅਦੇ ਵਜੋਂ ਅਪਣਾਈਏ ਕਿ ਅਸੀਂ ਆਪਣੀ ਪ੍ਰਕਿਰਤੀ ਅਤੇ ਧਰਤੀ ਲਈ ਹਮੇਸ਼ਾ ਲੜਦੇ ਰਹਾਂਗੇ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ਕਲਾਕਾਰ ਬਨਾਮ ਕਿਰਦਾਰ !

ਸਵਰਗੀ ਸਰਦਾਰ ਜੋਗਿੰਦਰ ਸਿੰਘ ਸੰਪਾਦਕ 'ਰੋਜ਼ਾਨਾ ਸਪੋਕਸਮੈਨ' ਨੇ ਆਪਣੀ ਅਖਬਾਰ ਦੇ 24 ਅਗਸਤ 2008 ਵਾਲ਼ੇ ਅੰਕ ਦੇ ਸਫਾ 6 ਉੱਤੇ ਇੱਕ ਵਿਸ਼ੇਸ਼ ਲੇਖ ਲਿਖਿਆ ਸੀ। ਜਿਸ ਵਿੱਚ ਉਨ੍ਹਾਂ ਸੰਨ 1975 ਵਿੱਚ ਲੱਗੀ ਐਮਰਜੈਂਸੀ ਦੇ ਸਮਿਆਂ ਦੀ ਇਹ ਗੱਲ ਲਿਖੀ-

'ਉਨ੍ਹਾਂ ਦਿਨਾਂ ਵਿੱਚ ਪ੍ਰੈੱਸ ਉੱਤੇ ਲੱਗੇ ਸੈਂਸਰ ਕਾਰਨ ਪੰਜਾਬੀ ਦੀਆਂ ਅਖਬਾਰਾਂ,ਉੱਘੇ ਫਿਲਮਸਾਜ਼(ਪੰਜਾਬੀ ਫਿਲਮਾਂ) ਸ੍ਰੀ ਭਾਗ ਸਿੰਘ ਸੈਂਸਰ ਕਰਿਆ ਕਰਦੇ ਸਨ। ਦੋਸਤੀ ਹੋਣ ਸਦਕਾ ਉਨ੍ਹਾਂ ਬਾਰੇ 'ਉਡੀ ਹੋਈ' ਕਿਸੇ 'ਟੇਢੀ ਜਿਹੀ ਗੱਲ' ਦਾ ਸਪਸ਼ਟੀਕਰਨ ਲੈਣ ਲਈ ਮੈਂ ਓਨ੍ਹਾਂ ਨੂੰ ਮਿਲਣ ਗਿਆ। ਮੇਰੀ ਗੱਲ ਸੁਣਕੇ ਭਾਗ ਸਿੰਘ ਹੱਸਦਿਆਂ ਹੋਇਆਂ ਬੋਲੇ-

"....ਤੁਸੀਂ ਧਰਮਾਤਮਾਂ ਲੋਕ ਹੋ ਤੇ ਅਸੀਂ ਕਲਾਕਾਰ ਹਾਂ। ਜਦ ਰੱਬ ਨੇ ਸਾਨੂੰ ਬਣਾਇਆ ਸੀ ਤਾਂ ਕੰਨ ਵਿੱਚ ਕਿਹਾ ਸੀ-'ਜੋ ਮੰਗਣਾ ਹੈ ਮੰਗ ਲਉ ਕਲਾਕਾਰੋਂੲ.ਮਾਲਾ ਮਾਲ ਕਰ ਦਿਆਂ ਗਾ। ਪਰ ਇੱਕ ਚੀਜ਼ ਨਾ ਮੰਗਣਾ - ਕਰੈਕਟਰ ਜਾਣੀ ਇਖਲਾਕ ! ਕਿਉਂ ਕਿ ਬਹੁਤ ਚੰਗੇ ਇਖਲਾਕ ਵਾਲ਼ਾ ਬੰਦਾ ਬਹੁਤ ਚੰਗਾ ਕਲਾਕਾਰ ਨਹੀਂ ਬਣ ਸਕਦਾ, ਨਾ ਹੀ ਚੰਗੀ ਕਲਾ ਸਿਰਜ ਸਕਦਾ ਹੈ !...ਜਾਉ ਤੁਹਾਨੂੰ ਸਭ ਕੁੱਝ ਦਿੱਤਾ, ਸਿਵਾਏ ਕਰੈਕਟਰ ਦੇ ! ਹਾ...ਹਾ...ਹਾ...ਹਾ ! !"

ਮਿਸਾਲ ਨੰਬਰ ਦੋ-ਪੰਜਾਬ ਦੇ ਗਾਉਣ ਵਾਲਿਆਂ ਅਤੇ ਗਾਉਣ ਵਾਲ਼ੀਆਂ ਬਾਰੇ ਚਿਰੋਕਣਾ ਨਿੱਠ ਕੇ ਲਿਖਣ ਵਾਲ਼ੇ ਗੀਤ-ਸੰਗੀਤਕ ਪਿੜ ਦੇ ਨਾਮਵਰ ਲੇਖਕ ਸ੍ਰੀ ਐੱਸ.ਅਸ਼ੋਕ ਭੌਰਾ ਮੇਰੇ ਚੰਗੇ ਦੋਸਤ ਹਨ। ਪੰਜਾਬ ਤੋਂ ਵੀ ਅਸੀਂ ਇੱਕ ਹੀ ਜਿਲ੍ਹੇ ਨਵਾਂਸ਼ਹਿਰ ਨਾਲ ਸਬੰਧਤ ਹਾਂ ਅਤੇ ਅਮਰੀਕਨ ਸਟੇਟ ਕੈਲੇਫੋਰਨੀਆਂ ਤੋਂ ਵੀ। ਇਸ ਕਰਕੇ ਅਸੀਂ ਅਕਸਰ 'ਖੁੱਲ੍ਹੀਆਂ ਗੱਲਾਂ' ਵੀ ਕਰ ਲਈ ਦੀਆਂ ਹਨ !

ਜਿਵੇਂ ਸਰਦਾਰ ਜਗਿੰਦਰ ਸਿੰਘ,ਭਾਗ ਸਿੰਘ ਬਾਰੇ ਉਡੀ ਟੇਢੀ ਗੱਲ ਦਾ ਸਪਸ਼ਟੀਕਰਨ ਲੈਣ ਗਏ ਸਨ, ਇਵੇਂ ਪਿੱਛੇ ਜਿਹੇ ਇਕ ਪੰਜਾਬੀ ਕਲਾਕਾਰ ਵਲੋਂ ਆਪਣੀ ਪਤਨੀ ਨਾਲ ਵਿਸਾਹਘਾਤ ਕਰਨ ਵਾਲ਼ੀ ਫੈਲੀ ਹੋਈ ਚਰਚਾ ਦਾ ਕੱਚ-ਸੱਚ ਜਾਨਣ ਵਾਸਤੇ ਮੈਂ ਭੌਰਾ ਸਾਹਬ ਨਾਲ ਗੁਫ਼ਤਗੂ ਕਰ ਰਿਹਾ ਸਾਂ।

ਹਾਸੇ ਹਾਸੇ ਵਿੱਚ ਮੈਂ ਭੌਰਾ ਜੀ ਨੂੰ ਇੱਕ ਸੁਝਾਅ ਦਿੱਤਾ ਕਿ ਤੁਸੀਂ ਉਨ੍ਹਾਂ ਗਾਇਕ ਕਲਾਕਾਰਾਂ ਬਾਰੇ ਵੀ ਇੱਕ ਕਿਤਾਬ ਲਿਖੋ ਜਿਨ੍ਹਾਂ ਨੇ ਉਸੇ ਇੱਕ ਪਤੀ ਜਾਂ ਉਸੇ ਇੱਕ ਪਤਨੀ ਨਾਲ ਤੋੜ ਨਿਭਾਈ, ਜਿਹਦੇ ਨਾਲ ਆਪਣੇ ਇਸ਼ਟ ਮੋਹਰੇ ਬਹਿ ਕੇ ਲਾਵਾਂ ਲਈਆਂ ਹੋਈਆਂ ਸਨ।




ਆਪਣੇ ਸੁਭਾਅ ਅਨੁਸਾਰ ਪਹਿਲਾਂ ਭੌਰਾ ਜੀ ਨੇ ਮੇਰੇ ਵੱਲ੍ਹ ਬੜੀ ਗੰਭੀਰ ਨਜ਼ਰ ਸੁੱਟੀ, ਜਿਵੇਂ ਕਿਤੇ ਮੈਂ ਉਨ੍ਹਾਂ ਨੂੰ ਕੋਈ ਬਹੁਤ ਔਖਾ ਸਵਾਲ ਪਾ ਦਿੱਤਾ ਹੋਵੇ ! ਪਰ ਫਿਰ ਇੱਕ ਦਮ ਠਹਾਕਾ ਮਾਰ ਕੇ ਉੱਚੀ ਉੱਚੀ ਹੱਸਦਿਆਂ ਕਹਿੰਦੇ-

"ਭਰਾ ਜੀ ਕਿਤਾਬ... ? ? ? ? ਹਾ..ਹਾ...ਹਾ...ਹਾ, ਅਜਿਹੇ 'ਪਤੀ-ਬਰਤਾ' ਜਾਂ 'ਪਤਨੀ-ਬਰਤਾ' ਗਾਇਕ-ਕਲਾਕਾਰਾਂ ਬਾਰੇ ਲਿਖਣਾ ਸ਼ੁਰੂ ਕਰਾਂ ਤਾਂ ਬਸ ਇੱਕ-ਦੋ ਸਫਿਆਂ ਵਿੱਚ ਹੀ ਗੱਲ ਮੁੱਕ ਜਾਵੇ ਗੀ !"

*ਤਰਲੋਚਨ ਸਿੰਘ ਦੁਪਾਲ ਪੁਰ, 001-408-905-5517, tsdupalpuri@yahoo.com*

# ਅਲਵਿਦਾ : ਵਿਦਿਆ ਦੇ ਵਣਜਾਰੇ ਸਵਰਨ ਸਿੰਘ ਭੰਗੂ

ਉਜਾਗਰ ਸਿੰਘ



ਪੰਜਾਬੀ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਸਿਖਿਆ ਅਤੇ ਸਮਾਜਿਕ ਬਰਾਬਰੀ ਦੇ ਪੈਰੋਕਾਰ ਸਵਰਨ ਸਿੰਘ ਭੰਗੂ ਪ੍ਰਸ਼ਾਸ਼ਨਿਕ ਪ੍ਰਣਾਲੀ ਦੀ ਅਣਗਹਿਲੀ ਦਾ ਸ਼ਿਕਾਰ ਹੋ ਕੇ ਅਚਨਚੇਤ ਸਵਰਗ ਸਿਧਾਰ ਗਏ ਹਨ। ਉਹ ਸਮਾਜ ਵਿੱਚ ਫੈਲੀਆਂ ਜਿਹੜੀਆਂ ਊਣਤਾਈਆਂ ਦੇ ਗੰਦ ਨੂੰ ਖ਼ਤਮ ਕਰਨ ਲਈ ਸਾਰੀ ਉਮਰ ਜਦੋਜਹਿਦ ਕਰਦੇ ਰਹੇ, ਅਖ਼ੀਰ ਉਨ੍ਹਾਂ ਊਣਤਾਈਆਂ ਨੇ ਹੀ ਉਸਦੀ ਜਾਨ ਲੈ ਲਈ। ਇਹ ਮੌਤ ਇਕੱਲੇ ਸਵਰਨ ਸਿੰਘ ਭੰਗੂ ਦੀ ਮੌਤ ਨਹੀਂ, ਸਗੋਂ ਇਹ ਇੱਕ ਲਹਿਰ ਦੀ ਮੌਤ ਹੈ, ਜਿਹੜੀ ਸਵਰਨ ਸੰਘ ਭੰਗੂ ਨੇ ਸਮਾਜਿਕ ਨਾਬਰਾਬਰੀ ਅਤੇ ਬੇਇਨਸਾਫ਼ੀ ਦੇ ਖਾਤਮੇ ਲਈ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਬੇਵਕਤੀ ਇਸ ਸੰਸਾਰ ਨੂੰ ਅਲਵਿਦਾ ਕਹਿਣ ਕਰਕੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿਖ ਨੂੰ ਗ੍ਰਹਿਣ ਲੱਗ ਗਿਆ ਹੈ, ਜਿਹੜੇ ਸਵਰਨਸਿੰਘ ਭੰਗੂ ਦੀ ਰਹਿਨਮਾਈ ਵਿੱਚ ਸਿਖਿਆ ਪ੍ਰਾਪਤ ਕਰ ਰਹੇ ਸਨ। ਸਵਰਨ ਸਿੰਘ ਭੰਗੂ ਰੌਸ਼ਨ ਦਿਮਾਗ, ਸੁਜੱਗ, ਚੇਤੰਨ ਤੇ ਬਿਹਤਰੀਨ ਇਨਸਾਨ ਸਨ। ਉਨ੍ਹਾਂ ਨੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਇੱਕ ਲਹਿਰ ਪੈਦਾ ਕੀਤੀ ਹੋਈ ਸੀ। ਪੰਜਾਬ ਦੇ ਕਾਲੇ ਦਿਨਾ ਵਿੱਚ ਉਹ ਸਰਕਾਰੀਤੰਤਰ ਅਤੇ ਸਮਾਜ ਵਿਰੋਧੀ ਅਨਸਰਾਂ ਭਾਵ ਦੋਵੇਂ ਧਿਰਾਂ ਨੂੰ ਮਾਨਵਤਾ ਦੇ ਹਿਤਾਂ ਦੇ ਵਿਰੁੱਧ ਚੱਲਣ ਕਰਕੇ ਤਾੜਦੇ ਰਹਿੰਦੇ ਸਨ। ਉਹ ਬਹੁਤ ਹੀ ਬੇਬਾਕੀ ਨਾਲ ਪਬਲਿਕ ਸਮਾਗਮਾ ਵਿੱਚ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਲੋਕਾਂ ਨੂੰ ਮੋਹਰੇ ਬਣਾਕੇ ਵਰਤਣ ਤੋਂ ਗੁਰੇਜ ਕਰਨ ਲਈ ਰੋਕਦੇ ਸਨ। ਉਹ ਖੱਬੇ ਪੱਖੀ ਸੋਚ ਦੇ ਸਮਰੱਥਕ ਹੋਣ ਕਰਕੇ ਸਚਾਈ ਦਾ ਸਾਥ ਦਿੰਦੇ ਸਨ। ਉਹ ਲੋਕਾਂ ਨਾਲ ਹੋ ਰਹੀ ਹਰ ਜ਼ਿਆਦਤੀ ਵਿਰੁੱਧ ਆਵਾਜ਼ ਉਠਾਉਂਦੇ ਸਨ। ਸਚਾਈ 'ਤੇ ਪਹਿਰਾ ਦਿੰਦੇ ਸਨ। ਸਮਾਜਿਕ ਬੁਰਾਈਆਂ ਦੀ ਲਾਹਣਤ ਨੂੰ ਦੂਰ ਕਰਨ ਲਈ ਪਿੰਡਾਂ ਵਿੱਚ ਜਾ ਕੇ ਨਾਟਕ ਖੇਡਦੇ ਰਹੇ ਹਨ।

ਸੰਸਾਰ ਵਿੱਚ ਅਣਗਿਣਤ ਲੋਕ ਆਉਂਦੇ ਜਾਂਦੇ ਰਹਿੰਦੇ ਹਨ ਤੇ ਆਪੋ ਆਪਣੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਕੇ ਇਸ ਸੰਸਾਰ ਤੋਂ ਚੁੱਪ ਚਾਪ ਰੁਖ਼ਸਤ ਹੋ ਜਾਂਦੇ ਹਨ। ਉਨ੍ਹਾਂ ਨੂੰ ਸਮਾਜ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਉਨ੍ਹਾਂ ਦੇ ਜਾਣ ਦਾ ਸਮਾਜ ਨੂੰ ਬਹੁਤਾ ਫਰਕ ਵੀ ਨਹੀਂ ਪੈਂਦਾ, ਕਿਉਂਕਿ ਉਨ੍ਹਾਂ ਨੇ ਕੋਈ ਅਜਿਹਾ ਕੰਮ ਨਹੀਂ ਕੀਤਾ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਜਾਵੇ। ਸਮਾਜ ਵਿੱਚ ਕੁਝ ਗਿਣਵੇਂ ਚੁਣਵੇਂ ਅਜਿਹੇ ਇਨਸਾਨ ਵੀ ਹੁੰਦੇ ਹਨ, ਜਿਹੜੇ ਆਪਣੇ ਸਮਾਜ ਵਿੱਚ ਪਾਏ ਯੋਗਦਾਨ ਕਰਕੇ ਜਾਣੇ ਜਾਂਦੇ ਹਨ, ਭਾਵ ਉਨ੍ਹਾਂ ਲੋਕਾਂ ਨੂੰ ਸਮਾਜ ਦੇ ਦਰਦ ਦੀ ਪਛਾਣ ਹੁੰਦੀ ਹੈ। ਉਨ੍ਹਾਂ ਦਾ ਦਿਲ ਸਮਾਜ ਲਈ ਧੜਕਦਾ ਹੁੰਦਾ ਹੈ। ਸਵਰਨ ਸਿੰਘ ਭੰਗੂ ਅਜਿਹੇ ਹੀ ਇਨਸਾਨ ਨਹੀਂ ਸਨ, ਸਗੋਂ ਇੱਕ ਫਰਿਸ਼ਤੇ ਦੇ ਰੂਪ ਵਿੱਚ ਜਾਣੇ ਜਾਂਦੇ ਵਿਅਕਤੀ ਸੀ, ਸਵਰਨ



ਸਿੰਘ ਭੰਗੂ, ਜਿਨ੍ਹਾਂ ਨੇ ਸਮਾਜ ਦੇ ਗ਼ਰੀਬ, ਦੱਬੇ ਕੁਚਲੇ, ਪਛੜੇ, ਅਨੁਸੂਚਿਤ ਜਾਤੀਆਂ ਅਤੇ ਸਮਾਜ ਵੱਲੋਂ ਦੁਰਕਾਰੇ ਲੋਕਾਂ ਦੀ ਪੀੜ ਨੂੰ ਪਛਾਣਿਆਂ ਅਤੇ ਉਨ੍ਹਾਂ ਦੇ ਹੰਝੂ ਪੂੰਝੇ ਹੀ ਨਹੀਂ, ਸਗੋਂ ਉਨ੍ਹਾਂ ਦੇ ਚਿਹਰਿਆਂ 'ਤੇ ਖ਼ੁਸ਼ੀਆਂ ਤੇ ਖੇੜੇ ਲੈ ਕੇ ਆਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਸਨ। ਉਹ ਇੱਕ ਖ਼ਰੇ ਸੋਨੇ ਵਰਗੇ ਸਨ, ਜਿਹੜੇ ਗ਼ਰੀਬਾਂ ਦੀਆਂ ਬਸਤੀਆਂ ਵਿੱਚ ਵਿਦਿਆ ਦੀ ਰੌਸ਼ਨੀ ਵੰਡਦੇ ਰਹਿੰਦੇ ਸੀ। ਉਨ੍ਹਾਂ ਦਾ ਸਵਰਨ ਸਿੰਘ ਨਾਮ ਹੀ ਸਹੀ ਅਰਥਾਂ ਵਿੱਚ ਪਵਿਤਰਤਾ, ਦਿਆਨਤਦਾਰੀ, ਇਮਾਨਦਾਰੀ ਅਤੇ ਆਪਣੇ ਫ਼ਰਜਾਂ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਸੀ। ਉਹ ਬਹੁ-ਪੱਖੀ, ਬਹੁ-ਦਿਸ਼ਾਵੀ ਅਤੇ ਉਚੀ ਤੇ ਸੁੱਚੀ-ਸੋਚ ਵਾਲੇ ਇਨਸਾਨ ਦੇ ਰੂਪ ਵਿੱਚ ਦੇਵਤਾ ਸਨ। ਉਹ ਨਾ ਕਿਸੀ ਸੇ ਦੋਸਤੀ ਨਾ ਕਿਸੀ ਸੇ ਵੈਰ ਦੇ ਸਿਧਾਂਤ 'ਤੇ ਚਲਦੇ ਹੋਏ ਹਮੇਸ਼ਾ ਸਰਬੱਤ ਦੇ ਭਲੇ ਦੀ ਗੱਲ ਕਰਦੇ ਸਨ। ਉਨ੍ਹਾਂ ਦੀ ਨਿਰਪੱਖਤਾ ਦੀ ਪ੍ਰਵਿਰਤੀ ਵੀ ਲਾਮਿਸਾਲ ਸੀ। ਮਸਤ ਹਾਥੀ ਦੀ ਤਰ੍ਹਾਂ ਲੋਕ ਭਲਾਈ ਦੇ ਕਾਰਜਾਂ ਵਿੱਚ ਰੁੱਝੇ ਰਹਿੰਦੇ ਸਨ। ਬਹੁਤ ਹੀ ਸਾਧਾਰਨ ਜੀਵਨ ਬਤੀਤ ਕਰਦੇ ਸਨ। ਸਾਈਕਲ ਦੀ ਸਵਾਰੀ ਨੂੰ ਤਰਜੀਹ ਦਿੰਦੇ ਸਨ, ਸਾਈਕਲ ਹੀ ਉਸਦੀ ਦੀ ਮੌਤ ਦਾ ਕਾਰਨ ਬਣਿਆਂ। ਨਮਰਤਾ, ਸਮਾਜਿਕ ਜਾਗਰੂਕਤਾ, ਮਾਨਵਤਾ ਦੀ ਸੇਵਾ ਤੇ ਨੇਕਨੀਤੀ ਉਸਦੇ ਗਹਿਣੇ ਸਨ। ਉਹ ਸਮਾਜਿਕ ਕਦਰਾਂ ਕੀਮਤਾਂ ਦੀ ਪਹਿਰੇਦਾਰੀ ਕਰਦੇ ਸਨ। ਅਗਾਂਹਵਧੂ ਅਤੇ ਖੱਬੇ ਪੱਖੀ ਵਿਚਾਰਧਾਰਾ ਦੇ ਮਾਲਕ ਸਨ। ਸਮਾਜਿਕ ਤਾਣਾ ਬਾਣਾ ਹੀ ਉਸਦਾ ਪਰਿਵਾਰ ਸੀ। ਲੋਕਾਂ ਦੀ ਆਵਾਜ਼ ਬਣਕੇ ਉਸਨੂੰ ਖ਼ੁਸ਼ੀ ਮਿਲਦੀ ਸੀ। ਲੋਕ ਹਿਤਾਂ ਲਈ ਸਰਕਾਰ ਦਰਬਾਰ ਨਾਲ ਵੀ ਆਢ੍ਹਾ ਲਾ ਲੈਂਦੇ ਸਨ। ਡਰ ਭੈਅ ਤੋਂ ਕੋਹਾਂ ਦੂਰ ਸਨ।

ਸਵਰਨ ਸਿੰਘ ਭੰਗੂ ਸਮਾਜ ਸੇਵੀ, ਸਿਖਿਆ ਸ਼ਾਸਤਰੀ, ਇਨਕਲਾਬੀ, ਆਦਰਸ਼ਵਾਦੀ, ਤਰਕਸ਼ੀਲਵਾਦੀ, ਚਿੰਤਕ, ਦਾਰਸ਼ਨਿਕ, ਨਿਆਸਰਿਆਂ ਦੇ ਆਸਰਾ, ਉਘੇ ਪੱਤਰਕਾਰ, ਕਾਲਮ ਨਵੀਸ ਅਤੇ ਜ਼ਮਹੂਰੀ ਹੱਕਾਂ ਦੇ ਰਾਖਵਾਲੇ ਸਨ। ਮੁੱਖ ਤੌਰ 'ਤੇ ਉਹ ਸਮਾਜਿਕ ਸਰੋਕਾਰਾਂ ਨਾਲ ਗੜੁਚ ਸਨ। ਉਹ ਸਿਰਫ ਇੱਕ ਵਿਅਕਤੀ ਹੀ ਨਹੀਂ, ਸਗੋਂ ਇੱਕ ਸੰਸਥਾ ਤੋਂ ਵੀ ਵੱਧ ਕੰਮ ਕਰਦੇ ਸਨ। ਉਹ ਹਮੇਸ਼ਾ ਸਮਾਜ ਨੂੰ ਸਿਹਤਮੰਦ ਤੇ ਉਸਾਰੂ ਰਾਹਾਂ 'ਤੇ ਤੋਰਨ ਦੀ ਕੋਸ਼ਿਸ਼ ਵਿੱਚ ਰਹਿੰਦੇ ਸਨ। ਅਸਲ ਵਿੱਚ ਉਹ ਸਮਾਜਿਕ ਕਾਰਕੁੰਨ ਸਨ, ਜਿਹੜੇ ਪੰਜਾਬੀ ਸਭਿਆਚਾਰ, ਦਿਹਾਤੀ ਰਹਿਤਲ, ਸਿਖਿਆ ਅਤੇ ਸਮਾਜਿਕ ਮੁੱਦਿਆਂ ਪ੍ਰਤੀ ਸਮਰਪਤ ਭਾਵਨਾ ਰੱਖਦੇ ਸਨ। ਸਵਰਨ ਸਿੰਘ ਭੰਗੂ ਆਪਣੇ ਲੇਖਾਂ, ਕਾਲਮਾਂ ਨਾਟਕਾਂ, ਸੈਮੀਨਾਰਾਂ ਅਤੇ ਭਾਸ਼ਣਾ ਰਾਹੀਂ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਦੇ ਰਹਿੰਦੇ ਸਨ। ਚਮਕੌਰ ਸਾਹਿਬ ਨੇੜੇ ਉਹ ਬੱਸੀ ਗੁਜਰਾਂ ਵਿਖੇ 'ਮਾਲਵਾ ਰੂਰਲ ਐਜੂਕੇਸ਼ਨ ਸੋਸਾਇਟੀ' ਅਤੇ ਇੱਕ ਵਿਦਿਅਕ ਸੰਸਥਾ 'ਡ੍ਰੀਮਲੈਂਡ ਪਬਲਿਕ ਸਕੂਲ' ਚਲਾਉਂਦੇ ਸਨ, ਜਿਸ ਵਿੱਚ ਗ਼ਰੀਬ ਲੋਕਾਂ ਨੂੰ ਨਾਮਾਤਰ ਫੀਸ 'ਤੇ ਹੀ ਮਿਆਰੀ ਪੜ੍ਹਾਈ ਕਰਵਾਈ ਜਾਂਦੀ ਸੀ। ਇਸ ਸੰਸਥਾ ਦਾ ਦਿਹਾਤੀ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਹੈ। ਮੰਨੇ ਪ੍ਰੰਮਨੇ ਸਿਖਿਆ ਸ਼ਾਸਤਰੀ ਦਿਹਾਤੀ ਖੇਤਰ ਦੀ ਇਸ ਸੰਸਥਾ ਨੂੰ ਸਵਰਨ ਸਿੰਘ ਭੰਗੂ ਮਾਡਲ ਦਾ ਨਾਮ ਦਿੰਦੇ ਸਨ। ਉਨ੍ਹਾਂ ਨੂੰ ਜਿਉਂਦੀ ਜਾਗਦੀ ਵਿਦਿਅਕ ਸੰਸਥਾ ਕਿਹਾ ਜਾਂਦਾ ਸੀ। ਉਨ੍ਹਾਂ ਦੀ ਸੰਸਥਾ ਵਿੱਚੋਂ ਸਿਖਿਆ ਪ੍ਰਾਪਤ ਕਰਕੇ ਵਿਦਿਆਰਥੀ ਉਚ ਅਹੁਦਿਆਂ 'ਤੇ ਲੱਗੇ ਹੋਏ ਹਨ ਤੇ ਕਈ ਵਿਦੇਸ਼ਾਂ ਵਿੱਚ ਬਿਹਤਰੀਨ ਜ਼ਿੰਦਗੀ ਬਸਰ ਕਰ ਰਹੇ ਹਨ। ਉਹ ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਨਿਸ਼ਚਤ ਕਰਵਾਉਂਦੇ ਤੇ ਫਿਰ ਉਸ ਦੀ ਪ੍ਰਾਪਤੀ ਲਈ ਪੜ੍ਹਾਈ ਸਮਾਂ ਬੱਧ ਕਰਨ ਤੇ ਜ਼ੋਰ ਦਿੰਦੇ ਸਨ। ਸਕੂਲ ਦੇ ਸਾਰੇ ਵਿਦਿਆਰਥੀ ਸਵਰਨ ਸਿੰਘ ਭੰਗੂ ਦੀ ਸਿਖਿਆ ਪ੍ਰਤੀ ਬਚਨਵੱਧਤਾ ਕਰਕੇ ਉਸਦੇ ਕਦਰਦਾਨ ਸਨ। ਉਹ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਆਪਣੇ ਪਰਿਵਾਰਿਕ ਮੈਂਬਰ ਹੀ ਸਮਝਦੇ ਸਨ। ਉਹ ਮੋਹਵੰਤੀ ਇਨਸਾਨ ਸਨ, ਜਿਹੜੇ ਮਾਨਵਤਾ ਨਾਲ ਮੋਹ ਕਰਦੇ ਸਨ।

ਸਵਰਨ ਸਿੰਘ ਭੰਗੂ ਦਾ ਅਚਾਨਕ 4 ਜੂਨ 2026 ਨੂੰ ਇਸ ਸੰਸਾਰ ਤੋਂ ਚਲੇ ਜਾਣ ਦਾ ਦੁੱਖ ਤੇ ਦਰਦ ਦੇਸ਼ ਵਿਦੇਸ਼ ਦੇ ਹਜ਼ਾਰਾਂ ਨਹੀਂ ਲੱਖਾਂ ਲੋਕਾਂ ਨੇ ਮਹਿਸੂਸ ਕੀਤਾ ਹੈ। ਅਸਮਾਨ ਰੂਪੀ ਧਰਤੀ 'ਤੇ ਚਮਕਦੇ ਧਰੂ ਤਾਰੇ ਦੀ ਰੌਸ਼ਨੀ ਤੋਂ ਮਾਨਵਤਾ ਵਾਂਝੀ ਹੋ ਗਈ ਹੈ। ਸਵਰਨ ਸਿੰਘ ਭੰਗੂ 68 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ ਹਨ। ਉਸਦਾ ਅਜੇ ਪਹਿਲੀ ਜੂਨ ਨੂੰ ਹੀ ਜਨਮ ਦਿਨ ਸੀ। ਸਵਰਨ ਸਿੰਘ ਭੰਗੂ ਸਾਰੀ ਉਮਰ ਜਿਸ ਮਾੜੀ ਪ੍ਰਸ਼ਾਸ਼ਨਿਕ ਪ੍ਰਣਾਲੀ ਵਿਰੁੱਧ ਲੜਦਾ ਰਿਹਾ, ਉਸਦੀ ਅਣਗਹਿਲੀ ਦੀ ਭੇਂਟ ਚੜ੍ਹ ਗਿਆ। ਸਵਰਨ ਸਿੰਘ ਭੰਗੂ ਨੇ ਆਪਣੀ ਵਸੀਅਤ ਕੀਤੀ ਹੋਈ ਸੀ ਕਿ ਉਸ ਦਾ ਸਰੀਰ ਪੀ ਜੀ ਆਈ ਨੂੰ ਦਾਨ ਕਰ ਦਿੱਤਾ ਜਾਵੇ ਤਾਂ ਜੋ ਉਸਦਾ ਸਰੀਰ ਵੀ ਮਾਨਵਤਾ ਦੇ ਲੇਖੇ ਲੱਗ ਸਕੇ। ਉਸਦੀ ਉਸਾਰੂ ਸੋਚ ਨੂੰ ਸਲਾਮ ਕਰਨੀ ਬਣਦੀ ਹੈ। ਉਸਦੇ ਲੜਕੇ ਦੇ ਆਸਟਰੇਲੀਆ ਤੋਂ ਆਉਣ ਤੋਂ ਬਾਅਦ ਪੀ ਜੀ ਆਈ ਨੂੰ ਸਰੀਰ ਦਾਨ ਕਰ ਦਿੱਤਾ ਜਾਵੇਗਾ। ਉਸਦੀ ਪਤਨੀ ਗੁਰਪ੍ਰੀਤ ਕੌਰ ਭੰਗੂ ਪਹਿਲਾਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਭਾਅ ਜੀ ਨਾਲ ਨਾਟਕਾਂ ਵਿੱਚ ਅਦਾਕਾਰੀ ਕਰਦੇ ਸਨ। ਗੁਰਪ੍ਰੀਤ ਕੌਰ ਭੰਗੂ ਅਧਿਆਪਕਾ ਸਨ, ਪ੍ਰੰਤੂ ਫਿਰ ਉਹ ਪੰਜਾਬੀ ਫਿਲਮਾਂ ਦੀ ਅਦਾਕਾਰੀ ਕਰਨ ਲੱਗ ਪਏ। ਸਵਰਨ ਸਿੰਘ ਭੰਗੂ ਨੇ ਆਪਣੀ ਪਤਨੀ ਗੁਰਪ੍ਰੀਤ ਕੌਰ ਭੰਗੂ ਨੂੰ ਫਿਲਮਾ ਵਿੱਚ ਕੰਮ ਕਰਨ ਲਈ ਪੂਰੀ ਖੁਲ੍ਹਦਿਲੀ ਵਿਖਾਈ ਅਤੇ ਹਮੇਸ਼ ਉਸਦੀ ਅਦਾਕਾਰੀ ਦੀ ਪ੍ਰੋੜ੍ਹਤਾ ਕੀਤੀ। ਅੱਜ ਕਲ੍ਹ ਕੋਈ ਪੰਜਾਬੀ ਫਿਲਮ ਨਹੀਂ ਜਿਸ ਵਿੱਚ ਗੁਰਪ੍ਰੀਤ ਕੌਰ ਭੰਗੂ ਦੀ ਅਦਾਕਾਰੀ ਨਾ ਹੋਵੇ। ਉਸਦਾ ਲੜਕਾ ਗਾਇਕ ਬਾਗੀ ਭੰਗੂ ਵੀ ਆਪਣੀ ਪਰਿਵਾਰਿਕ ਸਭਿਆਚਾਰਕ ਵਿਰਾਸਤ ਦਾ ਪਹਿਰੇਦਾਰ ਬਣ ਰਿਹਾ ਹੈ। ਉਹ ਆਸਟਰੇਲੀਆ ਵਿੱਚ ਰਹਿੰਦਾ ਹੈ। ਸਮੁੱਚਾ ਪੰਜਾਬੀ ਭਾਈਚਾਰਾ ਸਵਰਨ ਸਿੰਘ ਭੰਗੂ ਦੀ ਮੌਤ ਦੇ ਮਾਤਮ ਵਿੱਚ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਸਿਆਣਾ ਮੱਤ ਦਾ, ਮੀਂਹ ਵੱਤ ਦਾ

ਸੁਖਪਾਲ ਸਿੰਘ ਗਿੱਲ
ਸਮਾਜਿਕ ਸਿਖਿਆ ਅਤੇ ਪੰਚਾਇਤ ਅਫਸਰ
ਅਬਿਆਣਾ ਕਲਾਂ 9878111445





**ਸਿਆਣਾ ਮੱਤ ਵਿਹੂਣਾ ਹੋਵੇ ਤਾਂ ਉਸ ਦਾ ਘਰ ਬਾਹਰ ਸਤਿਕਾਰ ਨਹੀਂ ਹੁੰਦਾ। ਮਨੁੱਖੀ ਮਨ ਚਾਹੁੰਦਾ ਹੈ ਕਿ ਹਰ ਰਿਸ਼ਤਾ ਉਸ ਨਾਲ ਗੱਲ ਸਾਂਝੀ ਕਰੇ। ਆਪਣੀਆਂ ਰੋਜ਼ਮਰਾ ਗੱਲਾਂ ਕਰਨ। ਪਰ ਅਫਸੋਸ ਅਧਿਐਨ ਮੁਤਾਬਕ ਕੁਝ ਖੁਸ਼ਨਸੀਬ ਮਾਪਿਆਂ ਨੂੰ ਹੀ ਇਸ ਤਰਾਂ ਦਾ ਮਾਹੌਲ ਮਿਲਦਾ ਹੈ। ਦੂਜੇ ਪਾਸੇ ਮੱਤ ਵਾਲੇ ਸਿਆਣੇ ਵੀ ਭਾਗਾਂ ਵਾਲੀ ਔਲਾਦ ਦੇ ਪੱਲੇ ਪੈਂਦੇ ਹਨ। ਕੁਝ ਤਾਂ ਧਾਰਮਿਕ ਥਾਵਾਂ ਤੇ ਮੱਥਾ ਰਗੜਦੇ ਹਨ ਪਰ ਆਪਣੇ ਬਜ਼ੁਰਗਾਂ ਦਾ ਸਤਿਕਾਰ ਬਿਲਕੁਲ ਨਹੀਂ ਕਰਦੇ। ਘਰ ਵਿੱਚ ਪ੍ਰੇਮ, ਸਹਿਚਾਰ ਰਿਸ਼ਤੇ ਦਾ ਨਿੱਘਾ ਅਨੰਦ ਸਭ ਨਿਆਮਤਾਂ ਤੋਂ ਉੱਪਰ ਹੈ। ਬਹੁਤੇ ਬਜ਼ੁਰਗਾਂ ਦੀ ਦੇਖਭਾਲ ਕਰਨੀ ਇੱਕ ਦੁਵਿਧਾ ਅਤੇ ਕਠਨ ਵਿਸ਼ਾ ਹੈ। ਬਜ਼ੁਰਗਾਂ ਦੀ ਦੇਖਭਾਲ ਦਾ ਧਿਆਨ ਨਵੀਂ ਪੀੜੀ ਦਾ ਫਰਜ਼ ਬਣਦਾ ਹੈ।**

ਸਾਡੇ ਸਮਾਜ ਦੇ ਜੀਊਣ ਦੇ ਤਜਰਬੇ ਵਿੱਚੋਂ ਬਹੁਤ ਸਾਰੀਆਂ ਕਹਾਵਤਾਂ ਨੇ ਜਨਮ ਲਿਆ ਜਿਹਨਾਂ ਵਿੱਚੋਂ ਸਿਰਲੇਖ ਵੀ ਇੱਕ ਹੈ। ਹਰ ਚੀਜ਼ ਢੁੱਕਵੇਂ ਤਰੀਕੇ ਨਾਲ ਹੀ ਸੋਭਦੀ ਹੈ। ਸਿਆਣੇ ਭਾਵ ਬਜ਼ੁਰਗ ਘਰ ਦਾ ਜਿੰਦਰਾ ਹੁੰਦੇ ਹਨ। ਬਜ਼ੁਰਗਾਂ ਦੀ ਜੇ ਕੋਈ ਮੰਨ ਲਵੇ ਤਾਂ ਉਹ ਵਿਅਕਤੀ ਇੱਕ ਪੁਸ਼ਤ ਅੱਗੇ ਹੋ ਜਾਂਦਾ ਹੈ। ਇਸੇ ਲਈ ਸਿਆਣਾ ਸੂਝਵਾਨ ਮੱਤ ਵਾਲਾ ਹੋਵੇ ਤਾਂ ਕੁਲ ਤਰ ਜਾਂਦੀ ਹੈ। ਇਸੇ ਤਰਾਂ ਮੀਂਹ ਸਹੀ ਸਮੇਂ ਤੇ ਪਵੇ ਤਾਂ ਵਾਰੇ ਨਿਆਰੇ ਜੇ ਢੁੱਕਵੇਂ ਸਮੇਂ ਤੇ ਨਾ ਪਵੇ ਤਾਂ ਕੁਦਰਤੀ ਕਰੋਪੀ ਹੁੰਦੀ ਹੈ।ਸਮੇਂ ਅਨੁਸਾਰ ਸਮਾਜ ਵਿੱਚ ਜੀਊਣ ਲਈ ਸਮਾਜਿਕ ਅਤੇ ਸਰਕਾਰੀ ਮਾਪਦੰਡਾਂ ਦੀ ਲੋੜ ਹੁੰਦੀ ਹੈ। ਇਸੇ ਕਰਕੇ ਹੀ ਸਨਮਾਨਯੋਗ ਜ਼ਿੰਦਗੀ ਬਸਰ ਕੀਤੀ ਜਾ ਸਕਦੀ ਹੈ। ਸਮਾਜ ਵਿੱਚ ਜੀਊਣ ਦੇ ਨਾਲ -ਨਾਲ ਨੀਅਤ ਸਾਫ ਹੋਵੇ ਇਸਦੇ ਨਾਲ ਹੀ ਸਰਕਾਰੀ ਪੱਧਰ ਤੇ ਕਾਨੂੰਨ ਕਾਇਦੇ ਵੀ ਹੋਣੇ ਚਾਹੀਦੇ ਹਨ, ਜਿਨਾਂ ਨੂੰ ਪਾਰਦਰਸ਼ੀ ਅਤੇ ਸਖਤੀ ਦੀ ਲੋੜ ਹੁੰਦੀ ਹੈ। ਇਸੇ ਤਰਜ਼ ਤੇ ਅਸੀਂ ਆਪਣੇ ਬਜ਼ੁਰਗਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਕਿ ਸਾਡੇ ਬਜ਼ੁਰਗ ਕਿੰਨੀ ਮਾਨਸਿਕ ਸਰੀਰਿਕ ਅਤੇ ਸਮਾਜਿਕ ਪੀੜਾ ਹੰਡਾਅ ਰਹੇ ਹਨ। ਇਹ ਸਭ ਕੁਝ ਉਮਰ ਦੇ ਤਕਾਜੇ ਨਾਲ ਆਉਂਦਾ ਹੈ। ਸੁਭਾਅ ਦਾ ਕਾਰਨ ਉਮਰ ਵੀ ਹੁੰਦਾ ਹੈ। ਇਹੀ ਪਾੜਾ ਨਿਆਣੇ ਸਿਆਣੇ ਵਿੱਚ ਪਾੜਾ ਪਾ ਕੇ ਰੱਖਦਾ ਹੈ। ਇਹਨਾਂ ਨਾਲ ਸਾਡੇ ਬਜ਼ੁਰਗਾਂ ਦੀ ਲਚਾਰੀ ਦਿਨ ਪਰ ਦਿਨ ਵਧਦੀ ਜਾਂਦੀ ਹੈ। ਮੋਬਾਈਲ ਫੋਨ ਵੀ ਇਸ ਲਚਾਰੀ ਦਾ ਹਿੱਸਾ ਹੈ। ਬਹੁਤ ਕੋਲ ਬੈਠੇ ਵੀ ਬਹੁਤ ਦੂਰ ਰਹਿੰਦੇ ਹਨ, ਜਦੋਂ ਕਿ ਬਜ਼ੁਰਗ ਸਾਹਮਣੇ ਵਾਲੀ ਔਲਾਦ ਤੋਂ ਕੁੱਝ ਗੱਲਬਾਤ ਮੰਗਦਾ ਹੈ। ਇੱਕ ਸਮਾਂ ਸੀ ਬਜ਼ੁਰਗ ਲਾਣੇਦਾਰ ਖੂੰਡੇ ਵਾਲੇ ਹੁੰਦੇ ਸਨ। ਉਹਨਾਂ ਤੋਂ ਬਿਨਾਂ ਔਲਾਦ ਦੀ ਜੁਰਤ ਨਹੀਂ ਹੁੰਦੀ ਸੀ ਕਿ ਆਪ ਕੁਝ ਕਰ ਸਕਣ। ਇਕ ਕਹਾਵਤ ਹੈ ਕਿ ''ਨੂੰਹ-ਸੱਸ ਬੈਠੀਆਂ ਸਨ, ਇੱਕ ਮੰਗਣ ਵਾਲਾ ਸਾਧੂ ਆਇਆ ਨੂੰਹ ਨੇ ਕਿਹਾ ਜਾ ਬਾਬਾ ਮਾਫ ਕਰ, ਬਾਬਾ ਚਲਾ ਗਿਆ। ਜਦੋਂ ਥੋੜੀ ਦੂਰ ਗਿਆ ਤਾਂ ਸੱਸ ਨੇ ਆਵਾਜ਼ ਮਾਰੀ ਤਾਂ ਬਾਬਾ ਖੈਰ ਲਈ ਮੁੜਿਆ, ਜਦੋਂ ਕੋਲ ਆ ਕੇ ਬਾਬੇ ਨੇ ਬਜ਼ੁਰਗ ਸੱਸ ਤੋਂ ਖੈਰ ਮੰਗੀ ਤਾਂ ਸੱਸ ਕਹਿੰਦੀ ਜਾ ਬਾਬਾ ਮਾਫ ਕਰ, ਅੱਗੋਂ ਬਾਬਾ ਕਹਿੰਦਾ ਇਹ ਤਾਂ ਸ਼ਬਦ ਤੇਰੀ ਨੂੰਹ ਨੇ ਵੀ ਕਹਿ ਦਿੱਤਾ ਸੀ, ਸੱਸ ਨੇ ਝੱਟ ਬੋਲ ਦਿੱਤਾ ਇਸੀ ਕਰਕੇ ਤਾਂ ਤੈਨੂੰ ਬੁਲਾਇਆ ਹੈ ਕਿ ਮੈਂ ਘਰ ਦੀ ਮੁੱਖੀਆਂ ਹਾਂ ਇਹ ਸਬਕ ਤੈਨੂੰ ਮੈਂ ਦੇਣਾ ਸੀ'' ਉਹ ਵਿਚਾਰਾ ਅੱਗੇ ਚਲਾ ਗਿਆ।

ਭਾਰਤ ਵਿੱਚ 60 ਸਾਲ ਤੋਂ ਉੱਪਰ ਦੇ 15 ਕਰੋੜ ਬਜ਼ੁਰਗ ਹਨ। ਇਹ ਗਿਣਤੀ ਵੱਧਦੀ ਹੀ ਜਾਂਦੀ ਹੈ। 2036 ਤੱਕ 23 ਕਰੋੜ ਤੱਕ ਬਜ਼ੁਰਗਾਂ ਦੀ ਗਿਣਤੀ ਜਾਣ ਦੀ ਆਸ ਹੈ। ਸਾਲ 2050 ਤੱਕ ਦੀ ਕੁੱਲ ਆਬਾਦੀ ਦਾ 14 ਫੀਸਦੀ 65 ਸਾਲ ਤੋਂ ਉੱਪਰ ਦੇ ਬਜ਼ੁਰਗ ਹੋਣ ਦਾ ਅਨੁਮਾਨ ਨੁਮਾ ਟੀਚਾ ਲੱਗਦਾ ਹੈ। ਪੰਜਾਬ ਚ ਹਰ ਪੰਜਾਬੀ ਬਜ਼ੁਰਗ ਮਾਨਸਿਕ ਰੋਗ ਵੱਲ ਵਧ ਰਿਹਾ ਹੈ। ਬਿਰਧ ਆਸ਼ਰਮ ਅੱਜ ਸਮਾਜ ਉੱਤੇ ਕਲੰਕ ਹਨ। ਸਮੇਂ ਦੀ ਮਾਰ ਅਨੁਸਾਰ ਸਹੀ ਵੀ ਲੱਗਣ ਲੱਗ ਜਾਂਦੇ ਹਨ।60% ਸਾਡੇ ਬਜ਼ੁਰਗ ਕਿਸੇ ਨਾ ਕਿਸੇ ਦੁਰ-ਵਿਵਹਾਰ ਦਾ ਸਾਹਮਣਾ ਕਰਦੇ ਹਨ। ਭਾਰਤ ਦੇ 73% ਬਜ਼ੁਰਗ ਅਨਪੜ੍ਹ ਹਨ, 75% ਬਜ਼ੁਰਗ ਪਿੰਡਾਂ ਵਿੱਚ ਰਹਿੰਦੇ ਹਨ। 40% ਬਜ਼ੁਰਗ ਗਰੀਬੀ ਹੰਡਾਅ ਰਹੇ ਹਨ। 31% ਬਜ਼ੁਰਗਾਂ ਦਾ ਅਪਮਾਨ ਹੁੰਦਾ ਹੈ। ਇਹਨਾਂ ਵਿੱਚੋਂ 56 ਉਹਨਾਂ ਦੇ ਪੁੱਤਰ 23% ਉਹਨਾਂ ਦੀਆਂ ਨੂਹਾਂ ਹਨ ਜੋ ਉਹਨਾਂ ਨਾਲ ਦੁਰ-ਵਿਵਹਾਰ ਕਰਦੀਆਂ ਹਨ। ਇਸ ਅੰਕੜੇ ਤੋਂ ਇੱਕ ਰਾਹਤ ਮਿਲਦੀ ਹੈ ਕਿ ਆਪ ਦੇ ਜੰਮੇ ਪਰਾਈ ਧੀ ਤੋਂ ਅੱਗੇ ਹਨ। ਇਹ ਨੂੰਹਾਂ ਲਈ ਗਰਭ ਦੀ ਖਬਰ ਵੀ ਹੈ।30% ਬਜ਼ੁਰਗਾਂ ਨੂੰ ਉਹਨਾਂ ਦੀਆਂ ਧੀਆਂ ਸੰਭਾਲਦੀਆਂ ਹਨ। ਵਸੀਅਤ ਲਈ ਮਾਪੇ ਫਿਰ ਵੀ ਪੁੱਤਰ ਦੀ ਉਡੀਕ ਕਰਦੇ ਰਹਿੰਦੇ ਹਨ,ਪਰ ਮਾਪੇ ਫਿਰ ਵੀ ਬੇਇੰਨਸਾਫੀ ਨਹੀਂ ਕਰਦੇ। ਭਾਰਤ ਸਰਕਾਰ ਨੇ 2007 ਵਿੱਚ ਕਨੂੰਨ ਬਣਾ ਕੇ ਸੰਸਕਿਬੀ ਅਨੁਸਾਰ ਬਜ਼ੁਰਗਾਂ ਦੀ ਸਾਂਭ ਸੰਭਾਲ ਦਾ ਜਿੰਮਾ ਪੁੱਤਰਾਂ ਨੂੰ ਦਿੰਤਾ ਹੈ। ਬਦਲਦੀਆਂ ਕਦਰਾਂ ਕੀਮਤਾਂ, ਤੇਜ਼ੀ ਨਾਲ ਬਦਲਦਾ ਜੀਵਨ ਅਤੇ ਲਾਲਚੀ ਭਾਵਨਾਵਾਂ ਬਜ਼ੁਰਗਾਂ ਨਾਲ ਸਭ ਦੁਰਵਿਹਾਰ ਅਤੇ ਸੋਸ਼ਣ ਭਰਿਆ ਬਣਾ ਰਿਹਾ ਹੈ।

ਸਾਡੀ ਸੰਸਕ੍ਰਿਤੀ ਮਾਂ ਬੋਲੀ ਪੰਜਾਬੀ ਬਲਵਾਨ ਹੈ। ਇਸ ਵਿੱਚ ਵੀ ਰਿਸ਼ਤੇ ਨੂੰ ਉਤਸ਼ਾਹਜਨਕ ਕਰਕੇ ਸੇਧ ਦਿੱਤੀ ਗਈ ਹੈ। ਗਾਣਾ ਹੈ ''ਤਿੰਨ ਰੰਗ ਨਹੀਂ ਲੱਭਣੇ ਹੁਸਨ ਜਵਾਨੀ ਤੇ ਮਾਪੇ'' ਇੱਕ ਗੀਤ ਇੰਦਰਜੀਤ ਹਸਨ ਪੁਰੀ ਦਾ ਹੈ ''ਤੁਸੀਂ ਬਜ਼ੁਰਗਾਂ ਨੂੰ ਕਿਸ ਮੌਤੇ ਮਾਰੋਗੇ, ਉਸੇ ਮੌਤੇ ਆਪ ਮਰੋਗੇ ਮੈਨੂੰ ਕੀ ? ਇੱਕ ਹੋਰ ਗਿਆਨ ਵਰਧਕ ਕਹਾਵਤ ਹੈ ਕਿ ''ਇਕ ਮੁੰਡਾ ਆਪਣੇ ਬਾਪ ਨੂੰ ਨਹਿਰ ਵਿੱਚ ਸੁੱਟਣ ਲਈ ਗਿਆ ਤਾਂ ਬਾਪ ਅੱਗੋਂ ਬੋਲਿਆ, ਮੈਨੂੰ ਇੱਥੇ ਨਾ ਇੱਥੇ ਮੈਂ ਆਪਣਾ ਬਾਪ ਸੁੱਟਿਆ ਸੀ, ਮੁੰਡੇ ਦੇ ਗਿਆਨ ਦੀ ਖਿੜਕੀ ਚਲ ਗਈ ਤੇ ਵਾਪਸ ਪਿਓ ਨੂੰ ਘਰ ਲੈ ਕੇ ਆ ਗਿਆ'' ਕੁਝ ਸਾਲ ਪਹਿਲਾਂ ਹੀ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਸਰਕਾਰ ਨੂੰ ਬੁਢਾਪਾ ਪੈਨਸ਼ਨ 500 ਤੋਂ ਵਧਾ ਕੇ 2000 ਕਰਨ ਦੀ ਸਲਾਹ ਦਿੱਤੀ ਗਈ ਸੀ ਹੈ ਇਹ ਵੀ ਘੱਟ, ਬਜ਼ੁਰਗਾਂ ਨੂੰ ਸੋਸ਼ਲ ਸਕਿਓਰਿਟੀ ਲਈ 3000 ਪੈਨਸ਼ਨ ਮਿਲਣੀ ਚਾਹੀਦੀ ਹੈ। ਇਹ ਫਿਰ ਵੀ ਪਛਮੀਕਰਨ ਦੀ ਤਰਜ਼ ਤੇ ਨਿਗੂਣਾ ਹੈ। ਉਹਨਾਂ ਨੇ ਸਵਿਟਜਰਲੈਂਡ ਦੀ ਤਰਜ਼ ਤੇ ਭਾਰਤ ਨੂੰ ਬਜ਼ੁਰਗਾਂ ਦੀ ਸੇਵਾ ਕਰਨ ਦੀ ਸਲਾਹ ਦਿੱਤੀ। ਬਿਰਧਾਂ ਦੀ ਗਿਣਤੀ ਦੇ ਵੱਧਦੇ ਹੀ ਨਵੇਂ ਬਿਰਧ ਆਸ਼ਰਮ ਖੋਲਣ ਦੀ ਸਲਾਹ ਦਿੱਤੀ। ਭਾਰਤੀ ਸਭਿਅਤਾ ਮਨੁੱਖੀ ਜ਼ਿੰਦਗੀ ਨੂੰ ਚਾਰ ਆਸ਼ਰਮਾਂ ਵਿੱਚ ਵੰਡਦੀ ਹੈ। ਇਹਨਾਂ ਚੋਂ ਦੋ ਬਿਰਧ ਆਸ਼ਰਮ ਨਾਲ ਨਜਿੱਠਣ ਦਾ ਉਚਾਰਨ ਕਰਦੇ ਹਨ। ਭਾਰਤੀ ਪਿਛੋਕੜ ਇਹਨਾਂ ਦੇ ਆਲੇ ਦੁਆਲੇ ਘੁੰਮਦੇ ਜਾ ਰਿਹਾ ਹੈ। ਇੱਕ ਹੋਰ ਸੰਨਸ਼ਨੀਖੇਜ਼ ਖੁਲਾਸਾ ਹੈ ਕਿ ਅਗਲੇ 25 ਕੁ ਸਾਲਾਂ ਚ ਅਮਰੀਕਾ ਦੀ ਕੁੱਲ ਆਬਾਦੀ ਦੇ ਬਰਾਬਰ ਭਾਰਤ ਚ ਬਜ਼ੁਰਗ ਹੋਣਗੇ। ਬਸਤੀਵਾਦ ਅਤੇ ਪੱਛਮੀਕਰਨ ਦੇ ਪ੍ਰਭਾਵ ਵੀ ਸਾਡੇ ਬਜ਼ੁਰਗਾਂ ਦੀ ਨਵੀਂ ਸਿਰਦਰਦੀ ਰਿਹਾ ਹੈ। ਅਸੀਂ ਰੀਸਾਂ ਉਥੋਂ ਦੀਆਂ ਕਰਦੇ ਹਾਂ ਪਰ ਸਾਡੇ ਪੱਲੇ ਉੱਥੇ ਮੁਤਾਬਿਕ ਕੁਝ ਵੀ ਨਹੀਂ ਹੈ। ਸਭ ਤੋਂ ਵਰਣਨਯੋਗ ਇਹ ਹੈ ਕਿ ਸਾਡੀ ਸਰਕਾਰ ਉਹਨਾਂ ਦੇਸ਼ਾਂ ਨਾਲ ਮੇਲ ਨਹੀਂ ਖਾਂਦੀ ਜਿਨਾਂ ਦੀ ਅਸੀਂ ਰੀਸ ਕਰਦੇ ਹਾਂ।

ਹਰ ਮਨੁੱਖ ਦੀ ਇੱਛਾ ਹੁੰਦੀ ਹੈ, ਕਿ ਉਸ ਦਾ ਬਚਪਨ ਬੁਢਾਪਾ ਅਤੇ ਜਵਾਨੀ ਸਹੀ ਨਿਕਲੇ। ਸਮੇਂ ਦੀ ਮਾਰ ਨੂੰ ਕੁਝ ਹੋਰ ਹੀ ਮਨਜ਼ੂਰ ਹੁੰਦਾ ਹੈ। ਪੁੱਤ ਕਪੁੱਤ ਹੋ ਸਕਦਾ ਹੈ ਮਾਂ ਪਿਓ ਕੁਝ ਅਜਿਹਾ ਨਹੀਂ ਕਰ ਸਕਦੇ ਇਸਦੀ ਪ੍ਰਤੱਖ ਗਵਾਹ ਪਵਿੱਤਰ ਗੁਰਬਾਣੀ ਵਿੱਚ ਹੈ ''ਜੈਸਾ ਬਾਲਕੁ ਭਾਇ ਸੁਭਾਈ, ਲਖ ਅਪਰਾਧ ਕਮਾਵੈ, ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ'' ਬਦਲੇ ਦੌਰ ਦੇ ਨਾਲ ਹੀ ਵਿਦੇਸ਼ ਜਾਣ ਦੀ ਨਵੀਂ ਪੀੜ ਦੇ ਰੁਝਾਨ ਨੇ ਵੀ ਬਜ਼ੁਰਗਾਂ ਦੀ ਹੋਣੀ ਲਿਖੀ ਹੈ ਸਾਡੇ ਬਜ਼ੁਰਗ ਪੱਛਮੀ ਦੇਸ਼ਾਂ ਚ ਐਡਜਸਟ ਨਹੀਂ ਹੋ ਸਕਦੇ, ਆਖਰ ਇੱਥੇ ਇਕੱਲਤਾ ਦਾ ਰੋਗ ਝੱਲਦੇ ਹਨ। 2016 ਤੋਂ 2021 ਤੱਕ 9.8 ਲੱਖ ਭਾਰਤੀ ਮਨੁੱਖ ਵਿਦੇਸ਼ ਗਏ ਜਿਹਨਾਂ ਵਿੱਚੋਂ 3.7 ਲੱਖ ਵਿਦਿਆਰਥੀ ਅਤੇ 6 ਲੱਖ ਮਜ਼ਦੂਰੀ ਕਿੱਤੇ ਦੇ ਹਿੱਤ ਅਨੁਸਾਰ ਵਿਦੇਸ਼ ਗਏ। ਪੰਜਾਬ ਚ ਹੁਣ ਆਬਾਦੀ ਦਾ 10.3 ਸੀਨੀਅਰ ਸਿਟੀਜਨ ਹਨ।ਦੇਸ਼ ਦੀ ਇਹ ਪ੍ਰਤਿਸ਼ਤਤਾ 8.6 ਹੈ। ਪੰਜਾਬ ਸਰਕਾਰ ਬੁਢਾਪਾ ਪੈਨਸ਼ਨ ਤੇ ਰਹੀ ਹੈ ਜੋ ਕਿ ਘੱਟ ਹੈ। ਪੰਜਾਬ ਚ 2078886 ਬਜ਼ੁਰਗ ਲਾਭਪਾਤਰੀ ਪੈਨਸ਼ਨ ਲੈ ਰਹੇ ਹਨ। ਇਸ ਤੋਂ ਇਲਾਵਾ ਮੈਂਟੀਨੈਂਸ ਐਂਡ ਵੈਲਫੇਅਰ ਆਫ ਪੇਰੈਂਟਸ ਐਕਟ 2007 ਤਹਿਤ ਵੀ ਸਮਾਜ ਅੰਦਰ ਡਰ ਕੇ ਬੱਚਿਆਂ ਵੱਲੋਂ ਬਜ਼ੁਰਗਾਂ ਦੀ ਕੁਝ ਹੱਦ ਤੱਕ ਪਰਵਿਸ ਕੀਤੀ ਜਾਂਦੀ ਹੈ। ਭਾਰਤ ਚ 1.8 ਕਰੋੜ ਬਜ਼ੁਰਗ ਬੇਘਰੇ ਹਨ। ਭਾਰਤ ਚ 728 ਬਿਰਧ ਆਸ਼ਰਮ ਹਨ। ਇਹਨਾਂ ਦੇ ਤਿੰਨ ਫੀਸਦੀ ਬਿਰਧ ਆਸ਼ਰਮ ਪੰਜਾਬ ਚ ਹਨ ਐਨਜੀਓ ਵੀ ਇਸ ਵਿਸ਼ੇ ਤੇ ਆਪਣਾ ਯੋਗਦਾਨ ਪਾ ਰਹੀਆਂ ਹਨ।

''ਸਿਆਣੇ ਮੱਤ ਦੇ ਮੀਂਹ ਵੱਤ ਦੇ'', ਅਨੁਸਾਰ ਦੋਵੇਂ ਆਪਣੀ ਜਗਾ ਸਹੀ ਹੋਣ। ਸਿਆਣਾ ਮੱਤ ਵਿਹੂਣਾ ਹੋਵੇ ਤਾਂ ਉਸ ਦਾ ਘਰ ਬਾਹਰ ਸਤਿਕਾਰ ਨਹੀਂ ਹੁੰਦਾ। ਮਨੁੱਖੀ ਮਨ ਚਾਹੁੰਦਾ ਹੈ ਕਿ ਹਰ ਰਿਸ਼ਤਾ ਉਸ ਨਾਲ ਗੱਲ ਸਾਂਝੀ ਕਰੇ। ਆਪਣੀਆਂ ਰੋਜ਼ਮਰਾ ਗੱਲਾਂ ਕਰਨ। ਪਰ ਅਫਸੋਸ ਅਧਿਐਨ ਮੁਤਾਬਕ ਕੁਝ ਖੁਸ਼ਨਸੀਬ ਮਾਪਿਆਂ ਨੂੰ ਹੀ ਇਸ ਤਰਾਂ ਦਾ ਮਾਹੌਲ ਮਿਲਦਾ ਹੈ। ਦੂਜੇ ਪਾਸੇ ਮੱਤ ਵਾਲੇ ਸਿਆਣੇ ਵੀ ਭਾਗਾਂ ਵਾਲੀ ਔਲਾਦ ਦੇ ਪੱਲੇ ਪੈਂਦੇ ਹਨ। ਕੁਝ ਤਾਂ ਧਾਰਮਿਕ ਥਾਵਾਂ ਤੇ ਮੱਥਾ ਰਗੜਦੇ ਹਨ ਪਰ ਆਪਣੇ ਬਜ਼ੁਰਗਾਂ ਦਾ ਸਤਿਕਾਰ ਬਿਲਕੁਲ ਨਹੀਂ ਕਰਦੇ। ਘਰ ਵਿੱਚ ਪ੍ਰੇਮ, ਸਹਿਚਾਰ ਰਿਸ਼ਤੇ ਦਾ ਨਿੱਘਾ ਅਨੰਦ ਸਭ ਨਿਆਮਤਾਂ ਤੋਂ ਉੱਪਰ ਹੈ। ਬਹੁਤੇ ਬਜ਼ੁਰਗਾਂ ਦੀ ਦੇਖਭਾਲ ਕਰਨੀ ਇੱਕ ਦੁਵਿਧਾ ਅਤੇ ਕਠਨ ਵਿਸ਼ਾ ਹੈ। ਬਜ਼ੁਰਗਾਂ ਦੀ ਦੇਖਭਾਲ ਦਾ ਧਿਆਨ ਨਵੀਂ ਪੀੜੀ ਦਾ ਫਰਜ਼ ਬਣਦਾ ਹੈ। ਬਜ਼ੁਰਗਾਂ ਅਤੇ ਨਵੀਂ ਪੀੜੀ ਵਿਚਾਲੇ ਤਾਲਮੇਲ ਬਿਠਾ ਕੇ ਬਜ਼ੁਰਗਾਂ ਦੀ ਦੇਖਭਾਲ ਸਮੇਂ ਸਮਾਜਿਕ ਨੀਅਤ ਅਤੇ ਸਰਕਾਰੀ ਨੀਤੀ ਹੋਰ ਵੀ ਤਸੱਲੀ ਬਖਸ਼ ਅਤੇ ਉਤਸਾਹਜ਼ਨਕ ਵਾਲੀ ਹੋਣੀ ਚਾਹੀਦੀ ਹੈ। ਆਓ ਬਜ਼ੁਰਗਾਂ ਨੂੰ ਇਕੱਲਤਾ ਵਿੱਚੋਂ ਕੱਢਕੇ ਸਤਿਕਾਰ ਦਈਏ। ਉਧਰ ਬਜ਼ੁਰਗਾਂ ਨੂੰ ਵੀ ਮੱਤ ਸਹਿਤ ਗੱਲ ਕਰਕੇ ਵਿਚਰਨਾ ਚਾਹੀਦਾ ਹੈ।

*******

# ਅਸੀਂ ਪ੍ਰਵਾਸੀ ਨਹੀਂ - ਅਸੀਂ ਤਾਂ ਬਾਬੇ ਨਾਨਕ ਦੀ ਉਡਾਰੀ ਹਾਂ

**ਡਾ ਅਮਰਜੀਤ ਟਾਂਡਾ**
ਸੰਪਰਕ+61 412913021



ਕੁਝ ਲੋਕ ਸਾਨੂੰ ਪ੍ਰਵਾਸੀ ਆਖਦੇ ਹਨ। ਪਰ ਸੱਚ ਪੁੱਛੋ ਤਾਂ ਪੰਜਾਬੀ ਕਦੇ ਪ੍ਰਵਾਸੀ ਨਹੀਂ ਹੁੰਦਾ। ਪ੍ਰਵਾਸੀ ਉਹ ਹੁੰਦਾ ਹੈ ਜੋ ਆਪਣੀ ਮਿੱਟੀ, ਆਪਣੀ ਰੂਹ ਅਤੇ ਆਪਣੇ ਸੱਭਿਆਚਾਰ ਤੋਂ ਟੁੱਟ ਜਾਵੇ। ਪੰਜਾਬੀ ਤਾਂ ਜਿੱਥੇ ਵੀ ਜਾਂਦਾ ਹੈ, ਆਪਣੇ ਨਾਲ ਪੰਜਾਬ ਲੈ ਕੇ ਜਾਂਦਾ ਹੈ। ਉਹ ਆਪਣੇ ਪਿੰਡ ਦੀ ਖੁਸ਼ਬੂ, ਮਾਂ ਦੀਆਂ ਅਰਦਾਸਾਂ, ਲੋਰੀਆਂ, ਗੀਤ, ਖੇਡਾਂ, ਪਿੰਡ ਦੇ ਚੰਦ ਸਿਤਾਰੇ, ਖੇਤਾਂ ਦੀ ਹਰਿਆਵਲੀ ਅਤੇ ਬਾਬੇ ਨਾਨਕ ਦੀ ਬਾਣੀ ਆਪਣੇ ਦਿਲ ਵਿੱਚ ਸੰਭਾਲ ਕੇ ਪੱਕੀ ਗੰਢ ਮਾਰ ਕੇ ਤੁਰਦਾ ਹੈ ਏਅਰਪੋਰਟ ਨੂੰ।

ਪੰਜਾਬੀਆਂ ਲਈ ਧਰਤੀ ਦਾ ਕੋਈ ਵੀ ਕੋਣਾ ਪਰਾਇਆ ਨਹੀਂ। ਬਾਬੇ ਨਾਨਕ ਨੇ ਤਾਂ ਸਦੀਆਂ ਪਹਿਲਾਂ ਹੀ ਇਹ ਸੁਨੇਹਾ ਦੇ ਦਿੱਤਾ ਸੀ ਕਿ "ਨ ਕੋ ਬੈਰੀ, ਨਾ ਹੀ ਬਿਗਾਨਾ।" ਜਦੋਂ ਸਾਰੀ ਧਰਤੀ ਇੱਕ ਪਰਿਵਾਰ ਹੈ, ਫਿਰ ਕਿਹੜਾ ਦੇਸ਼ ਪਰਾਇਆ ਤੇ ਕਿਹੜਾ ਆਪਣਾ? ਕਿਹੜੀ ਮਿੱਟੀ, ਆਪਣੀ ਤੇ ਕਿਹੜੀ ਪਰਾਈ। ਕਿਹੜੇ ਗੀਤ ਚੰਨ ਸੂਰਜ ਆਪਣੇ ਤੇ ਕਿਹੜੇ ਪਰਾਏ।

ਅਸੀਂ ਪ੍ਰਵਾਸੀ ਨਹੀਂ, ਬਾਬੇ ਨਾਨਕ ਦੀ ਚਲਦੀ ਫਿਰਦੀ ਜੋਤ, ਸਰਹੱਦਾਂ ਤੋਂ ਪਾਰ ਵਸਦੀ ਇੱਕ ਰੂਹ, ਪੰਜਾਬੀ ਵੰਨ ਸੁਵੰਨੇ ਗੁਲਾਬਾਂ ਦਾ ਖਿੜਿਆ ਬਾਗ਼, ਬਾਬੇ ਨਾਨਕ ਦੇ ਦੂਤ, ਦੁਨੀਆਂ ਨੂੰ ਆਪਣਾ ਪਰਿਵਾਰ ਬਣਾਉਣ ਵਾਲੇ ਪੰਜਾਬੀ ਜਾਂ ਸੱਤ ਸਮੁੰਦਰਾਂ ਤੋਂ ਪਾਰ ਵੀ ਪੰਜਾਬ ਦੀ ਧੜਕਣ ਹਾਂ।

ਪੰਜਾਬੀ ਜਿੱਥੇ ਗਿਆ, ਉੱਥੇ ਉਸ ਨੇ ਸਿਰਫ਼ ਆਪਣਾ ਘਰ ਨਹੀਂ ਬਣਾਇਆ; ਉਸ ਨੇ ਇਨਸਾਨੀਅਤ ਦਾ ਘਰ ਬਣਾਇਆ। ਉਸ ਨੇ ਗੁਰਦੁਆਰੇ ਉਸਾਰੇ, ਜਿੱਥੇ ਧਰਮ ਨਹੀਂ, ਦਿਲਾਂ ਨੂੰ ਜੋੜਿਆ ਜਾਂਦਾ ਹੈ। ਉਸ ਨੇ ਲੰਗਰ ਚਲਾਏ, ਜਿੱਥੇ ਲੰਗਰ ਦੇ ਨਾਲ ਸਾਰਿਆਂ ਮਜ਼ਹਬਾਂ ਨੂੰ ਇੱਜ਼ਤ ਸਤਿਕਾਰ ਪਿਆਰ ਵੀ ਪਰੋਸਿਆ ਜਾਂਦਾ ਹੈ।

ਉਸ ਨੇ ਦੁਨੀਆਂ ਨੂੰ ਇਹ ਸਿਖਾਇਆ ਕਿ ਭੁੱਖੇ ਨੂੰ ਖਵਾਉਣਾ ਕਿਸੇ ਵੀ ਇਬਾਦਤ ਤੋਂ ਵੱਡਾ ਕਰਮ ਹੈ। ਜਿੱਥੇ ਪੰਜਾਬੀ ਦੇ ਕਦਮ ਪਏ, ਉੱਥੇ ਸਿਰਫ਼ ਕਾਰੋਬਾਰ ਨਹੀਂ ਵਧਿਆ; ਉੱਥੇ ਰੰਗ ਵਧੇ, ਰੌਣਕ ਵਧੀ, ਜੀਵਨ ਦੀ ਧੜਕਣ ਵਧੀ। ਢੋਲ ਦੀ ਇੱਕ ਥਾਪ ਨੇ ਉਦਾਸ ਗਲੀਆਂ ਵਿੱਚ ਤਿਉਹਾਰ ਸਜਾ ਦਿੱਤੇ। ਭੰਗੜੇ ਦੀ ਇੱਕ ਡਗੇ ਛਾਲ ਨੇ ਦੁਨੀਆਂ ਨੂੰ ਦੱਸ ਦਿੱਤਾ ਕਿ ਖੁਸ਼ੀ ਵੀ ਇੱਕ ਇਬਾਦਤ ਹੁੰਦੀ ਹੈ। ਗਿੱਧੇ ਦੀ ਇੱਕ ਬੋਲੀ ਨੇ ਸਾਬਤ ਕਰ ਦਿੱਤਾ ਕਿ ਸੱਭਿਆਚਾਰ ਸਿਰਫ਼ ਇਤਿਹਾਸ ਨਹੀਂ, ਜੀਵਨ ਦਾ ਜਸ਼ਨ ਹੁੰਦਾ ਹੈ।

ਅੱਜ ਦੁਨੀਆਂ ਦੇ ਅਨੇਕਾਂ ਸ਼ਹਿਰਾਂ ਵਿੱਚ ਜਦੋਂ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਪੇਸ਼ ਹੁੰਦੀ ਹੈ, ਤਾਂ ਉਹ ਕੇਵਲ ਭੋਜਨ ਨਹੀਂ ਹੁੰਦਾ; ਉਹ ਪੰਜਾਬ ਦੀ ਰੂਹ ਦਾ ਸੁਆਦ ਤੇ ਗੀਤ ਹੁੰਦਾ ਹੈ। ਜਦੋਂ ਲੋਕ ਪੰਜਾਬੀ ਗੀਤਾਂ 'ਤੇ ਝੂਮਦੇ ਹਨ, ਤਾਂ ਉਹ ਸਿਰਫ਼ ਮਨੋਰੰਜਨ ਨਹੀਂ ਹੁੰਦਾ; ਉਹ ਇੱਕ ਜੀਵੰਤ ਸਭਿਆਚਾਰ ਨਾਲ ਪਹਿਲੇ ਪਿਆਰ ਵਾਲੀ ਮੁਲਾਕਾਤ ਵੀ ਹੁੰਦੀ ਹੈ।

ਪਰ ਪੰਜਾਬੀ ਦੀ ਸਭ ਤੋਂ ਵੱਡੀ ਮੱਲ ਭੰਗੜਾ, ਕਾਰੋਬਾਰ ਜਾਂ ਪ੍ਰਸਿੱਧੀ ਨਹੀਂ। ਉਸ ਦੀ ਸਭ ਤੋਂ ਵੱਡੀ ਮੱਲ ਹੈ - ਦਿਲ ਜਿੱਤਣਾ। ਉਸ ਨੇ ਦੁਨੀਆਂ ਨੂੰ ਦੱਸਿਆ ਕਿ ਮਿਹਨਤ ਦਾ ਕੋਈ ਬਦਲ ਨਹੀਂ, ਸੇਵਾ ਦਾ ਕੋਈ ਮੁਕਾਬਲਾ ਨਹੀਂ ਅਤੇ ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ।

ਪੰਜਾਬੀ ਜਦੋਂ ਕਿਸੇ ਨਵੇਂ ਦੇਸ਼ ਵਿੱਚ ਪਹੁੰਚਦਾ ਹੈ ਤਾਂ ਉਹ ਸਰਹੱਦਾਂ ਨਹੀਂ ਵੇਖਦਾ, ਉਹ ਮੌਕੇ ਅਵਸਰ ਉਡਾਣਾਂ ਵੇਖਦਾ ਹੈ। ਉਹ ਰੰਗ, ਨਸਲ ਜਾਂ ਭਾਸ਼ਾ ਨਹੀਂ ਵੇਖਦਾ; ਉਹ ਇਨਸਾਨ ਵੇਖਦਾ ਹੈ। ਇਸੇ ਲਈ ਉਸ ਦੇ ਹੱਥ ਵਿੱਚ ਹਮੇਸ਼ਾ ਇੱਕ ਪਾਸੇ ਕਿਰਤ ਹੁੰਦੀ ਹੈ ਤੇ ਦੂਜੇ ਪਾਸੇ ਸੇਵਾ।

ਸੱਚ ਤਾਂ ਇਹ ਹੈ ਕਿ ਅਸੀਂ ਧਰਤੀ ਦੇ ਇੱਕ ਕੋਣੇ ਤੋਂ ਦੂਜੇ ਕੋਣੇ ਤੱਕ ਫੈਲਿਆ ਹੋਇਆ ਬਾਬੇ ਨਾਨਕ ਦਾ ਸੁਨੇਹਾ ਹਾਂ। ਅਸੀਂ ਪ੍ਰਵਾਸੀ ਨਹੀਂ, ਅਸੀਂ ਉਸ ਜੋਤ ਦੇ ਰਾਹੀ ਹਾਂ ਜੋ ਕਹਿੰਦੀ ਹੈ ਕਿ ਸਾਰਾ ਸੰਸਾਰ ਇੱਕ ਪਰਿਵਾਰ ਹੈ। ਅਸੀਂ ਉੱਥੇ ਵੱਸੇ ਨਹੀਂ; ਅਸੀਂ ਉੱਥੇ ਪਿਆਰ ਬੀਜਿਆ ਹੈ। ਅਸੀਂ ਉੱਥੇ ਸਿਰਫ਼ ਰੋਜ਼ੀ ਨਹੀਂ ਕਮਾਈ; ਅਸੀਂ ਰਿਸ਼ਤੇ ਕਮਾਏ ਹਨ। ਅਸੀਂ ਉੱਥੇ ਕੇਵਲ ਇਮਾਰਤਾਂ ਨਹੀਂ ਬਣਾਈਆਂ; ਅਸੀਂ ਦਿਲਾਂ ਦੇ ਪੁਲ ਬਣਾਏ ਹਨ।


ਪੰਜਾਬੀ ਮਿੱਟੀ ਨਾਲ ਜੁੜਿਆ, ਦੁਨੀਆਂ ਨਾਲ ਖੜਿਆ, ਲੰਗਰ ਤੋਂ ਲੈ ਕੇ ਲੀਡਰਸ਼ਿਪ ਤੱਕ ਪੰਜਾਬੀਆਂ ਦੀ ਵਿਸ਼ਵ ਯਾਤ੍ਰਾ ਹਾਂ। ਅਸੀਂ ਉਡਾਰੀਆਂ ਮਾਰਦੇ ਹਾਂ, ਉਜਾੜ ਨਹੀਂ ਹੁੰਦੇ। ਅਸੀਂ ਪੰਜਾਬੀ-ਵਗਦੇ ਦਰਿਆਵਾਂ ਵਰਗੀ ਕੌਮ ਹਾਂ ਪਟਣੇ ਵਾਲੇ ਦੀ ਸਾਜੀ ਹੋਈ ਖਾਲਸ ਫੌਜ।

ਇਸ ਲਈ ਜਦੋਂ ਕੋਈ ਸਾਨੂੰ ਪ੍ਰਵਾਸੀ ਆਖੇ, ਤਾਂ ਮੁਸਕਰਾ ਕੇ ਆਖਣਾ-"ਅਸੀਂ ਪ੍ਰਵਾਸੀ ਨਹੀਂ ਹਾਂ। ਅਸੀਂ ਬਾਬੇ ਨਾਨਕ ਦੀ ਉਹ ਉਡਾਰੀ ਹਾਂ ਜਿਸ ਨੇ ਸਾਰੀ ਧਰਤੀ ਨੂੰ ਆਪਣਾ ਘਰ ਬਣਾ ਲਿਆ ਹੈ। ਅਸੀਂ ਉਹ ਕਾਫ਼ਲਾ ਹਾਂ ਜੋ ਜਿੱਥੇ ਵੀ ਗਿਆ, ਉੱਥੇ ਲੰਗਰ, ਪਿਆਰ, ਮਿਹਨਤ, ਸੇਵਾ ਅਤੇ ਪੰਜਾਬ ਦੀ ਰੂਹ ਛੱਡ ਕੇ ਆਇਆ ਹੈ। ਅਸੀਂ ਕਿਸੇ ਦੇਸ਼ ਵਿੱਚ ਗਏ ਨਹੀਂ, ਅਸੀਂ ਦੁਨੀਆ ਨੂੰ ਆਪਣੇ ਬਾਬੇ ਨਾਨਕ ਦੇ ਪਰਿਵਾਰ ਵਿੱਚ ਸ਼ਾਮਲ ਕੀਤਾ ਹੈ।" ਅਤੇ ਸ਼ਾਇਦ ਇਹੀ ਪੰਜਾਬੀ ਹੋਣ ਦਾ ਸੱਭ ਤੋਂ ਸੋਹਣਾ ਤੇ ਵਿਲੱਖਣ ਅਰਥ ਹੈ।

*-ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*

# ਧਰਤੀ - ਮਾਤਾ ਦਾ ਕਿਰਾਇਆ...

**ਸਟੇਟ ਐਵਾਰਡੀ**
ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356





ਕੋਈ ਇਨਸਾਨ ਆਪਣੀ ਜਰੂਰਤ ਅਨੁਸਾਰ ਜਦੋਂ ਕਿਸੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ ਤਾਂ ਉਸਨੂੰ ਮਕਾਨ ਮਾਲਿਕ ਦੀਆਂ ਸ਼ਰਤਾਂ ਅਤੇ ਨਿਯਮਾਂ ਅਨੁਸਾਰ ਉਸ ਘਰ ਵਿੱਚ ਰਹਿਣ ਦਿੱਤਾ ਜਾਂਦਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਸ ਨੂੰ ਇੱਕ ਤੈਅ ਸੀਮਾ ਜਾਂ ਮਹੀਨੇ ਬਾਅਦ ਉਸ ਮਕਾਨ ਦਾ ਕਿਰਾਇਆ ਵੀ ਦੇਣਾ ਪੈਂਦਾ ਹੈ ਤੇ ਇਹ ਤਾਂ ਲਾਜ਼ਮੀ ਹੀ ਹੁੰਦਾ ਹੈ। ਇਸ ਤੋਂ ਇਲਾਵਾ ਉੱਥੇ ਸਾਫ - ਸਫਾਈ ਦਾ ਧਿਆਨ ਰੱਖਣਾ, ਰੌਲਾ - ਰੱਪਾ ਨਾ ਪਾਉਣਾ , ਬਿਲਡਿੰਗ ਨੂੰ ਕੋਈ ਨੁਕਸਾਨ ਨਾ ਪਹੁੰਚਾਉਣਾ, ਮਰਿਆਦਾ ਅਤੇ ਸ਼ਾਂਤੀ ਬਣਾਈ ਰੱਖਣਾ ਅਤੇ ਮਕਾਨ ਮਾਲਕ ਦੀ ਨਰਾਜ਼ਗੀ ਤੋਂ ਬਚਣਾ ਵੀ ਬਹੁਤ ਲਾਜ਼ਮੀ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਅਸੀਂ ਸਭ ਇਸ ਹਰੀ - ਭਰੀ ਧਰਤੀ 'ਤੇ ਕੁਝ ਸਮੇਂ ਦੇ ਲਈ ਰਹਿਣ ਲਈ ਆਏ ਹੋਏ ਹਾਂ ; ਕਿਉਂਕਿ ਇਹ ਧਰਤੀ ਜਾਂ ਇੱਥੋਂ ਦੀ ਕੋਈ ਵੀ ਵਸਤੂ ਕਿਸੇ ਵੀ ਮਨੁੱਖ ਜਾਂ ਸੰਸਾਰਿਕ ਪ੍ਰਾਣੀ ਦੀ ਆਪਣੀ ਨਹੀਂ ਹੈ। ਦੁਨਿਆਵੀ ਤੌਰ 'ਤੇ ਮਨੁੱਖ ਭਾਵੇਂ ਇਸ ਨੂੰ ਆਪਣੀ ਸਮਝਣ ਦਾ ਭਰਮ ਪਾਲ੍ਹੀ ਬੈਠਾ ਰਹੇ , ਪਰ ਇਹ ਮਨੁੱਖ ਦੀ ਨਾਸਮਝੀ ਤੇ ਵੱਡਾ ਭੁਲੇਖਾ ਹੈ। ਇਸ ਕਾਇਨਾਤ ਦਾ ਅਸਲ ਮਾਲਕ ਤਾਂ ਪਰਮਾਤਮਾ ਹੀ ਹੈ। ਇਸ ਲਈ ਸਾਨੂੰ ਵੀ ਇੱਥੇ ਰਹਿੰਦਿਆਂ ਹੋਇਆਂ ਕੁਦਰਤ ਤੇ ਕਾਇਨਾਤ ਦੇ ਨਿਯਮਾਂ ਦਾ ਸਤਿਕਾਰ ਕਰਨਾ ਬਣਦਾ ਹੈ ਤੇ ਸਾਨੂੰ ਵੀ ਇੱਥੇ ਪ੍ਰਦੂਸ਼ਣ, ਸ਼ੋਰ, ਧੂੰਆਂ, ਅਸ਼ਾਂਤੀ ਆਦਿ ਵਜੋਂ ਇਸ ਧਰਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਣਾ ਚਾਹੀਦਾ ਹੈ ਤੇ ਕੁਦਰਤਮਈ ਹੋ ਕੇ ਸਾਦਗੀ ਭਰਿਆ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਜਰੂਰ ਕਰਨੀ ਚਾਹੀਦੀ ਹੈ। ਧਰਤੀ ਸਾਡੀ ਮਾਤਾ ਹੈ ਤੇ ਸਾਡੇ ਕੋਲੋਂ ਕੋਈ ਕਿਰਾਇਆ ਤਾਂ ਭਾਵੇਂ ਕਦੇ ਨਹੀਂ ਮੰਗਦੀ, ਪਰ ਸਾਨੂੰ ਆਪਣੀ ਧਰਤੀ - ਮਾਤਾ ਨੂੰ ਪ੍ਰਦੂਸ਼ਣ - ਮੁਕਤ , ਸ਼ੋਰ - ਮੁਕਤ, ਧੂੰਆਂ ਤੇ ਧੂੜ - ਰਹਿਤ ਅਤੇ ਹਾਨੀਕਾਰਕ ਰਸਾਇਣਾਂ ਤੋਂ ਬਚਾਉਣ ਲਈ ਜੀਅ - ਜਾਨ ਨਾਲ਼ ਕੋਸ਼ਿਸ਼ ਤਾਂ ਜਰੂਰ ਆਪਣੇ ਪੱਧਰ 'ਤੇ ਕਰਨੀ ਚਾਹੀਦੀ ਹੈ ਤੇ ਵੱਧ ਤੋਂ ਵੱਧ ਪੌਦੇ ਤੇ ਪੁਰਾਤਨ ਤੇ ਸੱਭਿਆਚਾਰਕ ਪੌਦੇ ਅਤੇ ਹੋਰ ਫਲਦਾਰ ਪੌਦੇ ਲਗਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਜੰਗਲਾਂ ਵਿੱਚ ਵਿਸ਼ੇਸ਼ ਤੌਰ 'ਤੇ ਫਲਦਾਰ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਉੱਥੇ ਰਹਿਣ ਵਾਲੇ ਜੀਵਾਂ ਤੇ ਪੰਛੀਆਂ ਆਦਿ ਨੂੰ ਵੀ ਕੁਦਰਤੀ ਤੌਰ 'ਤੇ ਆਵਾਸ, ਛਾਂ ਤੇ ਕੁਦਰਤੀ ਭੋਜਨ ਮਿਲਦਾ ਰਹੇ ਅਤੇ ਮਨੁੱਖਾਂ ਨਾਲ਼ ਉਹਨਾਂ ਦਾ ਟਕਰਾਅ ਵੀ ਘਟ ਸਕੇ। ਸਾਨੂੰ ਲਗਾਏ ਪੌਦਿਆਂ ਦੀ ਸੰਭਾਲ਼ ਜਰੂਰ ਕਰਨੀ ਚਾਹੀਦੀ ਹੈ। ਸ਼ਾਇਦ ਧਰਤੀ ਮਨੁੱਖ ਪਾਸੋਂ ਇੱਥੇ ਰਹਿਣ ਦੇ ਇਵਜ਼ ਵਜੋਂ ਇਹੋ ਜਿਹੇ ਕਿਰਾਏ ਦੀ ਉਮੀਦ ਕਰਦੀ ਹੈ ਤਾਂ ਜੋ ਇਹ ਧਰਤੀ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਰਹਿਣਯੋਗ ਰਹਿ ਸਕੇ ਅਤੇ ਕੁਦਰਤੀ ਸੰਪਦਾ ਤੇ ਲੁਪਤ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਅ ਕੇ ਭੋਜਨ ਲੜੀ ਨੂੰ ਵੀ ਵਿਗੜਨ ਤੋਂ ਰੋਕਿਆ ਜਾ ਸਕੇ। ਇਸ ਦੇ ਨਾਲ਼ ਹੀ ਸਾਨੂੰ ਸ਼ਾਕਾਹਾਰੀ ਰਹਿ ਕੇ ਮਾਸਾਹਾਰ ਤੋਂ ਵੀ ਬਚਣਾ ਚਾਹੀਦਾ ਹੈ ਤੇ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਘਰੇਲੂ ਸਮਾਨ ਦੀ ਖਰੀਦਦਾਰੀ ਕਰਨ ਲਈ ਕੱਪੜੇ ਜਾਂ ਪਟਸਨ ਆਦਿ ਦੇ ਵਾਤਾਵਰਨ - ਹਿਤੈਸ਼ੀ ਥੈਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੈਦਲ ਚੱਲਣ ਅਤੇ ਸਾਈਕਲ ਦੀ ਵਰਤੋਂ ਨੂੰ ਪਹਿਲ ਦੇਣੀ ਚਾਹੀਦੀ ਹੈ। ਇਨ੍ਹਾਂ ਸਭ ਛੋਟੀਆਂ - ਛੋਟੀਆਂ ਕੋਸ਼ਿਸ਼ਾਂ ਦੇ ਵੀ ਬਹੁਤ ਚੰਗੇ , ਦੂਰਗਾਮੀ ਤੇ ਧਰਤੀ ਨੂੰ ਖੁਸ਼ਹਾਲ ਰੱਖਣ ਲਈ ਵਧੀਆ ਨਤੀਜੇ ਸਾਹਮਣੇ ਆਉਣਗੇ। ਆਓ ! ਇੱਥੇ ਰਹਿਣ ਦੇ ਇਵਜ਼ ਵਜੋਂ ਇਹੋ ਜਿਹੇ ਸਾਰਥਕਤਾ ਭਰੇ ਉਪਰਾਲੇ ਕਰਕੇ ਆਪਣੇ ਕਿਰਾਏ ਦਾ ਭੁਗਤਾਨ ਕਰੀਏ ਤੇ ਧਰਤੀ - ਮਾਤਾ ਦੇ ਸੁਹਿਰਦ , ਸੁਚੇਤ ਤੇ ਪਰਉਪਕਾਰੀ ਸਪੂਤ ਅਖਵਾਈਏ।

*(ਸਾਹਿਤ ਵਿੱਚ ਕੀਤੇ ਵਿਸ਼ੇਸ਼ ਕਾਰਜਾਂ ਲਈ ਲੇਖਕ ਦਾ ਨਾਂ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ਼ ਹੈ)*

# ਪੰਜਾਬ ਬਚਾਈਏ

**ਸਰਬਜੀਤ ਸਿੰਘ ਜਰਮਨੀ**
Tirthsingh3@yahoocom

ਜਦ ਜਦ ਵੀ ਦੇਸ਼ ਕੌਮ ਤੇ ਭੀੜ ਪਈ, ਲੜਾਈਆਂ ਲੜਨ ਨੂੰ, ਸ਼ਹੀਦੀਆਂ ਪਾਉਣ ਨੂੰ ਪੰਜਾਬੀਆਂ ਨੂੰ ਹੀ ਮੂਹਰਾ ਬਣਾਇਆ ਗਿਆ। ਜਾਂ ਅਸੀਂ ਸਿੱਧੇ ਸਿੱਧੇ ਸ਼ਬਦਾਂ ਵਿੱਚ ਇਕੱਲੀ ਸਿੱਖ ਕੌਮ ਦੀਆਂ 90% ਕੁਰਬਾਨੀਆਂ ਦਿੱਤੀਆਂ ਗਈਆਂ ਹਨ। ਗੱਲ ਕਰਦੇ ਹਾਂ ਜਦੋ ਅੰਗਰੇਜ਼ਾਂ ਨੇ 121 ਭਾਰਤੀਆਂ ਨੂੰ ਸਜ਼ਾ ਸੁਣਾਈ ਤਾਂ ਉਹਨਾਂ ਵਿੱਚ ਇੱਕਲੇ ਸਿੱਖਾਂ ਦੀ ਗਿਣਤੀ 93 ਸੀ, ਅੰਗਰੇਜ਼ਾਂ ਵੱਲੋਂ ਭਾਰਤੀਆਂ ਨੂੰ ਮਿਲੀ ਕਾਲੇ ਪਾਣੀ ਦੀ ਸਜ਼ਾ ਵਿੱਚ ਕੇਵਲ ਸਿੱਖਾਂ ਦੀ ਗਿਣਤੀ 2147 ਸੀ ਜਦ ਕਿ ਕੁੱਲ ਭਾਰਤੀਆਂ ਦੀ ਗਿਣਤੀ 2647 ਸੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਲਿਆਂ ਵਾਲੇ ਬਾਗ ਵਿੱਚ ਜੋ ਜਨਰਲ ਡਾਇਰ ਨੇ ਵਿਸਾਖੀ ਵਾਲੇ ਦਿਨ ਖੂਨੀ ਕਾਂਢ ਕੀਤਾ ਗਿਆ ਸੀ ਉਸ ਵਿੱਚ 1300 ਭਾਰਤੀ ਸ਼ਹੀਦ ਹੋਏ ਜਿਹਨਾ ਵਿੱਚ 799 ਇਕੱਲੇ ਸਿੱਖ ਸਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਵਿੱਚ ਮਾਨਸਕਿ ਹਿੰਮਤ ਤੇ ਇੱਕ ਅਲੌਕਿਕ ਤਾਕਤ ਹੈ ਜੋ ਸਾਡੇ ਗੁਰੂ ਸਹਿਬਾਨਾਂ ਨੇ ਸਾਨੂੰ ਅਨਮੋਲ ਦਾਤ ਵਜੋਂ ਦੇ ਕੇ ਨਿਵਾਜਿਆ ਹੈ। ਇਤਿਹਾਸ ਗਵਾਹ ਹੈ ਤੇ ਆਪਣੇ ਮੂੰਹੋ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬੀਆਂ ਨੇ ਜਿੱਥੇ ਵੀ ਇੱਕ ਜੁੱਟ ਹੋ ਕੇ ਧਾਵਾ ਬੋਲਿਆ ਹੈ ਹਰ ਵਾਰ ਜਿੱਤ ਪੰਜਾਬੀਆਂ ਦੇ ਹਿੱਸੇ ਆਈ ਹੈ। ਪੰਜਾਬੀਆਂ ਵਿੱਚ ਐਨੀ ਤਾਕਤ ਹੈ ਕਿ ਜੇਕਰ ਇਹ ਇੱਕ ਜੁੱਟ ਹੋ ਕੇ ਹਨੇਰੇ ਵਿੱਚ ਵੀ ਪੈਰ ਧਰਨ ਤਾਂ ਕਾਇਨਾਤ ਰੁਸ਼ਨਾ ਜਾਂਦੀ ਹੈ। ਜੇ ਪੰਜਾਬੀ ਰਲ ਕੇ ਕਿਸੇ ਗੱਲ ਨੂੰ ਮਨਵਾਉਣ ਦੀ ਜਿੰਦ ਫੜ ਲੈਣ ਤਾਂ ਉਹ ਗੱਲ ਮੰਨੀ ਵੀ ਜਾਂਦੀ ਹੈ, ਇਸ ਦੀ ਤਾਜ਼ਾ ਉਦਾਹਰਣ ਹੈ ਭਾਰਤੀ ਸਰਕਾਰ ਦੇ ਕਾਲੇ ਕਨੂੰਨਾਂ ਦੀ ਵਾਪਸੀ।

ਹਿਟਲਰ ਨੇ ਸਾਰੀ ਦੁਨੀਆ ਡਰਾ ਰੱਖੀ ਸੀ ਪਰ ਖੁਸ਼ੀ ਹੈ ਕਿ ਉਹ ਸਿੱਖਾਂ ਤੋਂ ਭੈਅ ਖਾ ਗਿਆ ਸੀ, ਸਿੱਖਾਂ ਦੀ ਹਿੰਮਤ ਨੇ ਉਸ ਦੀ ਜ਼ਮੀਰ ਨੂੰ ਹਲੂਣਾ ਦਿੱਤਾ ਸੀ, ਹਿਟਲਰ ਨੂੰ ਇਹ ਮਹਿਸੂਸ ਹੋ ਗਿਆ ਸੀ ਕਿ ਕੋਈ ਹੈ ਜੋ ਤੇਰਾ ਟਾਕਰਾ ਕਰ ਸਕਦਾ ਹੈ।

ਜਦ ਜਦ ਵੀ ਦੁਨੀਆ ਵਿੱਚ ਕਿੱਧਰੇ ਵੀ ਭੀੜ ਪਈ ਪੰਜਾਬੀਆਂ ਨੇ ਮੂਹਰੇ ਹੋ ਕੇ ਮਨ, ਤਨ ਤੇ ਧਨ ਨਾਲ ਸੇਵਾ ਕੀਤੀ। ਕਦੇ ਸਮਾਂ ਸੀ ਕਿ ਪੰਜਾਬ ਦਾ ਰਾਜ ਕਾਬਲ ਕੰਧਾਰ ਤੱਕ ਸੀ। ਮਹਾਰਾਜਾ ਰਣਜੀਤ ਸਿੰਘ ਜੀ ਵਰਗੇ ਸੂਰਮੇ ਜਦ ਘਰੋਂ ਨਿਕਲਦੇ ਸਨ ਤਾਂ ਪੰਜਾਬੀ ਸਤਿਕਾਰ ਵਿੱਚ ਸਿਰ ਝੁਕਾਉਂਦੇ ਸਨ ਤੇ ਦੁਸ਼ਮਣ ਥਰ ਥਰ ਕੰਬਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਨੇ ਕਾਬਲ ਕੰਧਾਰ ਤੱਕ ਰਾਜ ਕੀਤਾ ਜੋ ਸਮੁੱਚਾ ਪੰਜਾਬ ਕਹਾਉਂਦਾ ਸੀ। ਅੱਜ ਇਹ ਪੰਜਾਬ ਚੜ੍ਹਦਾ ਪੰਜਾਬ ਜੋ ਕਿ ਭਾਰਤ ਵਿੱਚ ਹੈ, ਲਹਿੰਦਾ ਪੰਜਾਬ ਜੋ ਕਿ 1947 ਤੋਂ ਪਾਕਿਸਤਾਨ ਵਿੱਚ ਹੈ। ਸਮਾਂ ਸੀ ਕਿ ਕਦੇ ਪੰਜਾਬ ਇੱਕ ਬਹੁਤ ਵੱਡਾ ਮਹਾਨ ਸੂਬਾ ਸੀ, ਗੁਲਾਬ ਦਾ ਬੂਟਾ ਸੀ ਜੋ ਹੁਣ ਕੇਵਲ ਇੱਕ ਪੱਤਾ ਹੀ ਰਹਿ ਗਿਆ ਹੈ।

ਪੰਜਾਬ ਤਾਂ ਹਮੇਸ਼ਾ ਤੋਂ ਹੀ ਅਮਨ ਸ਼ਾਂਤੀ ਚਾਹੁੰਦਾ ਰਿਹਾ ਹੈ ਪਰ ਆਪਣਾ ਹੱਕ ਜ਼ਰੂਰ ਮੰਗਦਾ ਹੈ। ਸਾਨੂੰ ਗੱਲ ਗੱਲ ਤੇ ਵੱਖਵਾਦੀ ਕਹਿਣ ਵਾਲਿਓ ਨੂੰ ਇੱਕ ਵਾਕਿਆ ਜ਼ਰੂਰ ਸਾਂਝਾ ਕਰਾਂਗੀ। ਇਕ ਅੰਗਰੇਜ਼ੀ ਲੇਖਕ ਨੇ ਕਿਤਾਬ ਲਿਖੀ ਹੈ A visionary ਜਿਸਦੇ 238 ਵੇ ਪੇਜ਼ ਉੱਤੇ ਉਹ ਲਿੱਖਦਾ ਹੈ ਕਿ 1962 ਦੀ ਚੀਨ ਨਾਲ ਲੱਗੀ ਲੜਾਈ ਕਰਕੇ ਸਾਡੇ ਦੇਸ਼ ਦੀ ਗਰੀਬੀ ਨੂੰ ਮੁੱਖ ਰੱਖ ਕੇ ਇਕ 'ਓਟਿਨਓਲ ਦਦਡਦਨਚਦ ਭੁਨਦ' ਕਾਇਮ ਕੀਤਾ ਗਿਆ ਸੀ ਅਤੇ ਲੋਕਾਂ ਨੂੰ ਸੋਨੇ ਜਾਂ ਪੈਸੇ ਨਾਲ ਮਦਦ ਕਰਨ ਲਈ ਅਪੀਲ ਕੀਤੀ ਗਈ ਸੀ। ਤੁਸੀਂ ਸੁਣਕੇ ਹੈਰਾਨ ਹੋਵੋਗੇ ਕਿ ਕੁਲ ਅੱਠ ਕਰੋੜ ਰੁਪਇਆ ਇਕੱਠਾ ਹੋਇਆ ਜਿਸ ਵਿੱਚ ਇਕੱਲੇ ਪੰਜਾਬ ਦਾ ਹਿੱਸਾ ਤਿੰਨ ਕਰੋੜ ਪਜੰਤਰ ਲੱਖ ਰੁਪਏ ਸੀ ਇਸ ਦੇ ਨਾਲ ਹੀ 252 ਕਿੱਲੋ ਸੋਨਾ ਇਕੱਠਾ ਹੋਇਆ ਜਿਸ ਵਿੱਚ ਇਕੱਲੇ ਪੰਜਾਬ ਤੋਂ 246 ਕਿੱਲੋ ਸੋਨਾ ਇਕੱਠਾ ਹੋਇਆ ਸੀ।

ਅੱਜ ਬਹੁਤੇ ਪੰਜਾਬੀ ਆਪਣੀ ਗਰਿਸਥੀ ਸਾਂਭਣ ਦੇ ਕਾਬਲ ਹੀ ਨਹੀ ਰਹੇ, ਅੱਜ ਬਹੁਤੇ ਪੰਜਾਬੀ ਸਰੀਰਕ ਤੌਰ ਤੇ ਚੰਗੀ ਖੁਰਾਕ ਖਾ ਕੇ ਪਚਾਉਣ ਦੇ ਕਾਬਲ ਹੀ ਨਹੀਂ ਰਹੇ, ਅੱਜ ਬਹੁਤੀਆਂ ਪੰਜਾਬਣਾ ਤੋਂ ਆਪਣੇ ਹੀ ਘਰ ਪਰਿਵਾਰ ਦੇ ਜੀਅ ਨੂੰ ਖਾਣਾ ਬਣਾ ਕੇ ਖੁਆਉਣ ਤੱਕ ਦੀ ਤੰਦਰੁਸਤੀ ਨਹੀ ਰਹੀ। ਉਹ ਹਰੀ ਸਿੰਘ ਨਲੂਆ ਜੀ ਵਰਗੇ ਸਰਦਾਰਾਂ ਨੂੰ ਜਨਮ ਕਿਵੇਂ ਦੇਣਗੀਆ ਜਿੰਨਾ ਦੀ ਕੁੱਖ ਆਮ ਬੱਚਾ ਜੰਮਣ ਤੱਕ ਦੀ ਤਾਕਤ ਗਵਾ ਚੁੱਕਾ ਹੈ। ਪੰਜਾਬ ਵਿੱਚ ਬਹੁਤੀ ਤਦਾਰ ਵਿੱਚ ਔਰਤਾਂ ਕੁੜੀਆ ਨਾ ਜੰਮਣ ਦੀ ਆੜ ਵਿੱਚ, ਜਾਂ ਮੁੰਡਾ ਜੰਮਣ ਦੀ ਆੜ ਵਿੱਚ ਦਵਾਈਆਂ ਦਾ ਸਹਾਰਾ ਲੈ ਕੇ ਹਿਜੜੇ ਜੰਮ ਰਹੀਆ ਹਨ। ਇਹ ਹਿੰਜੜੇ ਜੰਮਣ ਦਾ ਵਰਤਾਰਾ ਕੋਈ ਆਮ ਨਹੀਂ ਸਗੋਂ ਪੰਜਾਬ ਦਾ ਡੀ ਐਨ ਏ ਬਦਲਣ ਲਈ ਬਹੁਤ ਵੱਡੀ ਸਾਜ਼ਿਸ਼ ਹੇਠ ਬਹੁਤਿਆਂ ਦੀ ਮਿਲੀ ਭੁਗਤ ਨਾਲ ਚੱਲ ਰਿਹਾ ਹੈ।

ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਪੰਜਾਬ ਨਾਲ ਹੋਏ ਮਤਰੇਈ ਮਾਂ ਵਾਲੇ ਵਰਤਾਰੇ ਤੋਂ ਵੀ ਅਸੀ ਸਾਰੇ ਭਲੀ ਭਾਂਤ ਜਾਣੂ ਹਾ। ਬਹੁਤੇ ਮਸਲਿਆਂ ਤੇ ਨਜ਼ਰ ਮਾਰਨ ਦੀ ਲੋੜ ਹੀ ਨਹੀਂ ਮੈਂ ਗੱਲ ਆਪਣੇ ਜਨਮ ਸਿੱਧ ਅਧਿਕਾਰ ਦੀ ਹੀ ਕਰ ਲਵਾ, ਉਸ ਅਧਿਕਾਰ ਦੀ ਕਰ ਲਵਾ ਜੋ ਮੇਰੀ ਮਾਂ ਨੇ ਮੈਨੂੰ ਕੁੱਖ ਵਿੱਚ ਆਉਣ ਤੋਂ ਵੀ ਪਹਿਲਾਂ ਹੀ ਦੇ ਦਿੱਤਾ ਸੀ, ਉਸ ਅਧਿਕਾਰ ਦੀ ਕਰ ਲਵਾ ਜੋ ਅੱਜ ਦੁਨੀਆ ਦੇ ਹਰ ਕਿਸੇ ਦੇਸ਼ ਚ ਮਾਣ ਸਤਿਕਾਰ ਦਾ ਧਾਰਨੀ ਬਣਦਾ ਜਾ ਰਿਹਾ ਹੈ। ਉਹ ਹੈ ਮੇਰੀ ਮਾਂ ਬੋਲੀ ਪੰਜਾਬੀ ਬੋਲਣ ਦਾ ਅਧਿਕਾਰ।

ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਸ਼ੁਰੂ ਹੋਈ, ਗੁਰੂ ਅੰਗਦ ਦੇਵ ਜੀ ਨੇ ਬਿਆਲੀ ਸਾਲ ਦੀ ਮਿਹਨਤ ਸਦਕੇ ਸਾਨੂੰ ਪੈਂਤੀ ਦਿੱਤੀ। ਅੱਜ ਪੰਜਾਬ ਵਿੱਚ ਪੰਜਾਬੀ ਬੋਲਣਾ ਗੁਨਾਹ ਹੋ ਰਿਹਾ ਹੈ। ਪੰਜਾਬ ਵਿੱਚ ਬਹੁਤੇ ਸਕੂਲਾ ਵਿੱਚ ਬੱਚਿਆਂ ਨੂੰ ਦਾਖਲਾ ਇਸ ਅਧਾਰ ਤੇ ਦਿੱਤਾ ਜਾਂਦਾ ਕਿ ਜੇਕਰ ਉਹ ਘਰ ਤੇ ਸਕੂਲ ਵਿੱਚ ਬਿਲਕੁਲ ਵੀ ਪੰਜਾਬੀ ਨਹੀਂ ਬੋਲਣਗੇ। ਜੇ ਇਸ ਪਿੱਛੇ ਸਰਕਾਰ ਦਾ ਜਾਂ ਸਾਜ਼ਿਸ਼ ਕਰਤਾ ਦਾ, ਜਾਂ ਸਿਆਸਤਦਾਨਾਂ ਦਾ ਜਾਂ ਬੁੱਧੀਜੀਵੀਆਂ ਦਾ ਜੋ ਦੇਖਣ ਸੁਣਨ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਹਨ ਪਰ ਅੰਦਰੋ ਗਤੀ ਪੰਜਾਬੀ ਮਾਂ ਬੋਲੀ ਨੂੰ ਘੁਣ ਵਾਂਗ ਜੜੋਂ ਖਤਮ ਕਰਨ ਦਾ ਪ੍ਰਣ ਧਾਰਣ ਕਰੀ ਬੈਠੇ ਹਨ, ਜੇਕਰ ਇਹ ਸਾਰੇ ਕਸੂਰ ਵਾਰ ਹਨ ਤਾਂ ਉਹਨਾਂ ਜਵਾਕਾਂ ਨੂੰ ਜੰਮਣ ਤੇ ਪਾਲਣ ਵਾਲੇ ਮਾਪੇ ਉਹਨਾਂ ਤੋਂ ਕਿਧਰੇ ਵੱਧ ਕਸੂਰਵਾਰ ਹਨ ਜੋ ਬੱਚੇ ਦਾ ਭਵਿੱਖ ਬਣਾਉਣ ਲਈ ਉਸ ਦੀਆਂ ਜੜ੍ਹਾਂ ਵਿੱਚ ਦਾਤੀ ਨਹੀਂ ਸਗੋਂ ਤਿੱਖੀ ਆਰੀ ਫੇਰ ਰਹੇ ਹਨ। ਮਾਂ ਬਾਪ ਆਪਣੇ ਬੱਚੇ ਨਾਲ ਪੰਜਾਬੀ ਬੋਲਣ ਤੋਂ ਸ਼ਰਮ ਮਹਿਸੂਸ ਕਰ ਰਹੇ ਹਨ।

ਮੈਂ ਪੰਜਾਬ ਸਰਕਾਰ ਦੇ ਹਰ ਮੰਤਰੀ ਸੰਤਰੀ ਨੂੰ ਇੱਕ ਸੁਨੇਹਾ ਜ਼ਰੂਰ ਲਾਉਣਾ ਚਾਹੁੰਦੀ ਹਾਂ, ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਮੁਫ਼ਤ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬੰਦ ਕਰੋ, ਕੀ ਤੁਸੀਂ ਨਹੀਂ ਜਾਣਦੇ ਵੋਟਾਂ ਲੈਣ ਖਾਤਰ ਕਿੰਨੇ ਸਰਕਾਰੀ ਮੁਲਾਜ਼ਮ ਜਿਹਨਾ ਵਿੱਚ ਪਿੰਡ ਪੰਚਾਇਤਾਂ ਮੋਹਰੀ ਹਨ, ਝੂਠੇ ਕਾਗਜ਼ ਭਰ ਕੇ ਚੰਗੇ ਭਲੇ ਘਰਾਂ ਵਿੱਚ ਗਰੀਬਾ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਲਵਾ ਚੁੱਕੇ ਹਨ, ਮੈਂ ਸਬੂਤ ਦੇ ਅਧਾਰ ਤੇ ਆਪਣਾ ਪੱਖ ਰੱਖ ਰਹੀ ਹਾਂ, ਕਿੰਨੇ ਲੋਕ ਜੋ ਸਰਕਾਰੀ ਨੌਕਰੀ ਕਰਨ ਦੇ ਨਾਲ ਨਾਲ, ਘਰ ਵਿੱਚ ਇੱਕ ਤੋਂ ਵੱਧ ਕਮਾਉ ਮਰਦ ਹੋਣ ਦੇ ਬਾਵਜੂਦ ਵੀ ਬੁਢਾਪਾ ਪੈਨਸ਼ਨ ਲੈ ਰਹੇ ਹਨ, ਪੈਸਾ ਵੰਡਣਾ ਹੈ ਤਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆ ਨੂੰ ਵੰਡੋ, ਤਾਂ ਜੋ ਪੜ੍ਹ ਲਿਖ ਕੇ ਮਿਹਨਤ ਕਰਨ, ਅੱਜ ਥਾਂ ਥਾਂ ਤੇ ਮੁਫ਼ਤ ਦੀ ਕਣਕ ਦੇ ਕੇ ਤੁਸੀਂ ਲੋਕਾਂ ਨੂੰ ਨਕਾਰਾ ਕਰ ਦਿੱਤਾ ਹੈ, ਘਰ ਦੇ ਦੋ ਜੀਅ ਨੌਕਰੀ ਕਰਨ ਤੇ ਕਣਕ ਸਰਕਾਰ ਦੇ ਰਹੀ ਹੋਵੇ ? ਕੀ ਇਹ ਪੰਜਾਬ ਨੂੰ ਬਰਬਾਦ ਕਰਨ ਦੀ ਸਾਜ਼ਿਸ਼ ਨਹੀਂ ? ਕਿੰਨੇ ਲੋਕ ਹਨ ਜੋ ਬਿਨਾ ਦੋ ਰੋਟੀਆਂ ਖਾਧੀਆਂ ਦਿਨ ਕੱਟਦੇ ਹਨ, ਸਹੂਲਤ ਦੇਣੀ ਹੈ ਤਾਂ ਉਹਨਾਂ ਲੋੜਵੰਦਾ ਨੂੰ ਦਿਓ ਨਾ ਕੀ ਭ੍ਰਿਸ਼ਟ ਅਮੀਰ ਲੋਕਾਂ ਨੂੰ।

ਪੰਜਾਬ ਵਿੱਚ ਵੱਡੀ ਪੱਧਰ ਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਜੋ ਨਸ਼ੇ ਆਪ ਹੀ ਖੁਲਮ ਖੁੱਲੇ ਵਿਕ ਰਹੇ ਹਨ, ਹੈ ਕੋਈ ਜੋ ਉਹਨਾਂ ਨੂੰ ਰੋਕ ਸਕੇ ? ਹੈ ਕੋਈ ਜੋ ਪੰਜਾਬ ਦਾ ਸੱਚਾ ਸਪੁੱਤਰ ਬਣ ਕੇ ਪੰਜਾਬ ਦੀ ਜਵਾਨੀ ਨੂੰ ਨਸ਼ੇ ਵਿੱਚ ਮਰਨ ਤੋਂ ਬਚਾਅ ਸਕੇ ? ਸਿਆਣਿਆਂ ਨੇ ਕਿਹਾ ਜਿੱਥੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ? ਉੱਥੇ ਖੇਤ ਨੀ ਬਚਦਾ, ਪੰਜਾਬ ਵਿੱਚ ਨਸ਼ਾ ਤਸਕਰ ਹੀ ਪੰਜਾਬ ਨੂੰ ਚਲਾਉਣ ਵਾਲਾ ਨਕਾਬ ਪਹਿਨ ਕੇ ਨਸ਼ਾ ਵੇਚ ਰਹੇ ਹਨ ਤਾਂ ਪੰਜਾਬ ਨਸ਼ਾ ਮੁਕਤ ਕਿਵੇਂ ਹੋਵੇਗਾ ? ਅਧਾਰ ਕਾਰਡ ਤੇ ਬੱਸਾਂ ਵਿੱਚ ਮੁਫ਼ਤ ਸਫ਼ਰ ਬੰਦ ਹੋਣਾ ਚਾਹੀਦਾ ਹੈ, ਤਾਂ ਜੋ ਅਧਾਰ ਕਾਰਡ ਵਰਤ ਕੇ ਮੁਫ਼ਤ ਸਫ਼ਰ ਕਰਨ ਵਾਲੇ ਲੋਕ ਆਪਣੇ ਘਰਾਂ ਵਿੱਚ ਰਹਿ ਕੇ ਆਪਣੇ ਘਰਾਂ ਦੇ ਕੰਮ ਧੰਦੇ ਕਰ ਸਕਣ।

ਗੱਲ ਕਰਦੇ ਹਾਂ ਅੱਜ ਦੇ ਪੰਜਾਬ ਦੇ ਜੀਵਨ ਜਾਚ ਦੀ, ਪੰਜਾਬ ਦਾ ਪਾਣੀ ਮੁੱਕ ਰਿਹਾ ਹੈ, ਜ਼ਮੀਨ ਹੇਠਲਾ ਪਾਣੀ ਦਿਨ ਬਰ ਦਿਨ ਘੱਟਦਾ ਜਾ ਰਿਹਾ ਹੈ, ਮੁਫ਼ਤ ਦੀ ਬਿਜਲੀ ਮਿਲਣ ਕਰਕੇ ਜਿੱਥੇ ਲੋਕ ਬਿਜਲੀ ਦੀਆਂ ਧੱਜੀਆਂ ਉਡਾਉਣ ਤੇ ਲੱਗੇ ਹੋਏ ਹਨ ਉੱਥੇ ਨਾਲ ਹੀ ਪਾਣੀ ਦੀ ਟੈਂਕੀ ਭਰਨ ਲਈ ਮੋਟਰ ਚਲਾ ਕੇ ਘੰਟਿਆ ਬੱਧੀ ਭੁੱਲ ਜਾਂਦੇ ਹਨ, ਕਈ ਕਈ ਹਜ਼ਾਰ ਲੀਟਰ ਪੀਣ ਵਾਲਾ ਪਾਣੀ ਬਰਬਾਦ ਕਰ ਦਿੰਦੇ ਹਨ, ਜੇ ਬਿਜਲੀ ਦਾ ਬਿੱਲ ਦੇਣਾ ਹੋਵੇ ਤਾਂ ਘਰ ਦਾ ਇੱਕ ਜੀਅ ਪਾਣੀ ਵਾਲੀ ਟੈਂਕੀ ਦੇ ਮੂਹਰੇ ਖੜਾ ਹੁੰਦਾ ਤਾਂ ਕਿ ਭਰਨ ਤੋਂ ਪਹਿਲਾਂ ਬਿਜਲੀ ਦਾ ਬਟਨ ਬੰਦ ਕੀਤਾ ਜਾ ਸਕੇ, ਅਪੰਗ ਹੋ ਗਿਆ ਪੰਜਾਬ ਬਚਾਉਣਾ ਹੈ ਤਾਂ ਪੰਜਾਬ ਦੀ ਮਿੱਟੀ ਬਚਾਓ ਜੋ ਥਾਂ ਥਾਂ ਤੇ ਕੈਂਸਰ ਪੀੜਤ ਹੋ ਰਹੀ ਹੈ, ਬਚਾਉਣਾ ਹੈ ਤਾਂ ਪੰਜਾਬ ਦਾ ਪਾਣੀ ਬਚਾਓ, ਵਾਤਾਵਰਣ ਬਚਾਉਣ ਦੀ ਹਰ ਸੰਭਵ ਕੋਸਿਸ ਹਰ ਇੱਕ ਵੱਲੋਂ ਹੋਣੀ ਚਾਹੀਦੀ ਹੈ, ਭਾਵੇਂ ਉਹ ਆਮ ਇਨਸਾਨ ਹੋਵੇ ਭਾਵੇਂ ਪੰਜਾਬ ਸਰਕਾਰ। ਪੰਜਾਬ ਨੂੰ ਹਰ ਤਰਾਂ ਬਚਾਉਣ ਦੀ ਕੋਸ਼ਿਸ਼ ਹਰ ਪੰਜਾਬ ਵਸਦੇ ਭਾਈਚਾਰੇ ਨੂੰ ਕਰਨੀ ਚਾਹੀਦੀ ਹੈ ਤੇ ਸਰਕਾਰ ਨੂੰ ਮੁਫਤਖੋਰੀ ਬੰਦ ਕਰਕੇ ਲੋਕਾਂ ਨੂੰ ਕੰਮ ਧੰਦੇ ਕਰਨ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਹੁਸਿਆਰ ਪੁਰ ਇਲਾਕੇ ਤੋਂ ਸ੍ਰੀ ਵਿਜੇ ਬੰਬੇਲੀ ਜੀ ਜ਼ਮੀਨ ਹੇਠਾਂ ਪਾਣੀ ਦੇ ਘਟਦੇ ਪੱਧਰ ਬਾਰੇ ਲੋਕਾਂ ਨੂੰ ਦਿਨ ਰਾਤ ਸੁਚੇਤ ਕਰ ਰਹੇ ਹਨ, ਇਸ ਤਰਾਂ ਦੇ ਕਾਰਜਸ਼ੀਲ ਵਿਅਕਤੀਆਂ ਨੂੰ ਸਰਕਾਰ ਵੱਲੋਂ ਪੰਜਾਬ ਬਚਾਉਣ ਲਈ ਹਰ ਸਹੂਲਤ ਦੇਣੀ ਚਾਹੀਦੀ ਹੈ ਤੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਹੋਰ ਲੋਕ ਵੀ ਪੰਜਾਬ ਲਈ ਕੁਝ ਕਰਨ ਦਾ ਸੋਚਣ। ਜੇ ਪੰਜਾਬ ਦਾ ਪਾਣੀ ਨਹੀਂ ਬਚਾਇਆ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋ ਪੰਜਾਬ ਵਾਸੀ ਪੀਣ ਨੂੰ ਪਾਣੀ ਨਾ ਮਿਲਣ ਕਾਰਣ ਮਰਿਆਂ ਕਰਨਗੇ।

ਆਏ ਦਿਨ ਪੰਜਾਬ ਵਿੱਚੋਂ ਪਰਵਾਸੀ ਕੱਢਣ ਲਈ ਪੰਜਾਬੀ ਲੜਾਈਆਂ ਝਗੜੇ ਕਰ ਰਹੇ ਹਨ, ਪੰਜਾਬ ਚ ਰਹਿਣ ਵਾਲੇ ਹਰ ਮਰਦ ਤੇ ਔਰਤ ਨੂੰ ਮੇਰੀ ਬੇਨਤੀ ਹੈ ਕਿ ਤੁਸੀਂ ਇਹਨਾਂ ਨੂੰ ਕੱਢਣ ਲਈ ਕੁਝ ਵੀ ਨਾ ਕਰੋ ਇਹ ਆਪਣੇ ਆਪ ਪੰਜਾਬ ਛੱਡ ਕੇ ਚਲੇ ਜਾਣਗੇ ਬਸ ਤੁਸੀਂ ਆਪਣੇ ਲੋੜੀਂਦੇ ਕੰਮ ਧੰਦੇ ਕਰਨੇ ਸ਼ੁਰੂ ਕਰ ਦਿਓ। ਜਿਸ ਦਿਨ ਪੰਜਾਬ ਦੀਆਂ ਸੁਆਣੀਆਂ ਆਪਣੇ ਘਰਾਂ ਦੇ ਕੰਮ ਧੰਦੇ ਤੇ ਮਰਦ ਬਾਹਰ ਦੇ ਲੋੜੀਂਦੇ ਕੰਮ ਧੰਦੇ ਸਾਂਭ ਲੈਣਗੇ ਪੰਜਾਬ ਮੁੜ ਤੋਂ ਖੁਸ਼ਹਾਲ ਹੋ ਜਾਵੇਗਾ, ਜ਼ਰੂਰ ਹੋਵੇਗਾ। ਸਾਜ਼ਿਸ਼ ਕਰਨ ਵਾਲਾ ਬਾਹਰ ਦਾ ਕੋਈ ਹੋਵੇ ਤਾਂ ਐਨਾ ਦੁੱਖ ਨੀ ਹੁੰਦਾ ਪਰ ਹੁਣ ਪੰਜਾਬ ਨਾਲ ਹੁੰਦਾ ਵਿਤਕਰਾ ਪੰਜਾਬ ਦੇ ਦਾਣੇ ਖਾਣ ਵਾਲੇ, ਪੰਜਾਬ ਦਾ ਪਾਣੀ ਪੀਣ ਵਾਲੇ ਹੀ ਕਰ ਰਹੇ ਹਨ ਜਿਸ ਦਾ ਖ਼ਾਤਮਾ ਬਹੁਤ ਮੁਸ਼ਕਿਲ ਹੈ। ਹੋਰ ਤਾਂ ਹੋਰ ਪੰਜਾਬੀਆਂ ਦੀ ਨਸਲ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਹੋ ਰਹੀ ਹੈ।

ਪੰਜਾਬ ਵਿੱਚ ਸਿਆਸਤ ਤੇ ਧਰਮ ਦੇ ਨਾਮ ਤੇ ਐਨਾ ਕੁ ਗੰਦ ਪੈ ਚੁੱਕਾ ਕਿ ਪੰਜਾਬ ਸਿਓ ਨੂੰ ਆਪਣੇ ਆਪ ਤੋਂ ਮੁਸ਼ਕ ਆਉਣ ਲੱਗ ਪਿਆ, ਪੰਜਾਬ ਸਿਓ ਵਿਲਕ ਰਿਹਾ ਕਿ ਆਉ ਕੋਈ ਇਹਨਾਂ ਕੀੜਿਆਂ ਨੂੰ ਮੇਰੇ ਮਗਰੋਂ ਲਾ ਦਿਓ, ਮੈਂ ਜੰਗ ਲੱਗੇ ਲੋਹੇ ਦੀ ਚਿੜੀ ਬਣ ਗਿਆ, ਉਹ ਮੈਨੂੰ ਮੁੜ ਸੋਨੇ ਦੀ ਚਿੜੀ ਬਣਾ ਦਿਓ। ਇਹ ਉਹ ਪੰਜਾਬ ਹੈ ਜਿੱਥੇ ਬਾਬੇ ਨਾਨਕ ਹਲ਼ ਵਾਹ ਕੇ ਸਾਨੂੰ ਮਿਹਨਤ ਕਰਨ ਦਾ ਬੱਲ ਸਿਖਾਇਆ ਸੀ, ਅੱਜ ਅਸੀਂ ਕੰਮ ਕਰਨ ਲੱਗੇ ਸੰਗ ਕਿਓ ਮਹਿਸੂਸ ਕਰਦੇ ਹਾਂ, ਕੀ ਸਾਡਾ ਰੁਤਬਾ ਸਾਡੇ ਬਾਬੇ ਨਾਲੋ ਉੱਚਾ ਹੋ ਗਿਆ ਹੈ ? ਇਹ ਉਹ ਪੰਜਾਬ ਹੈ ਜਿੱਥੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਾਡੀ ਖਾਤਰ ਆਪਣਾ ਪਰਿਵਾਰ ਵਾਰਿਆ ਹੈ, ਸਾਡਾ ਜ਼ਮੀਰ ਸਾਨੂੰ ਉਹਨਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਭੁੱਲ ਜਾਣ ਦੀ ਇਜਾਜ਼ਤ ਕਿਵੇਂ ਦਿੰਦਾ ਹੈ ?

* * * *

# ਹੱਥ ਵੱਜਦਾ ਗਿਆ!

ਰਣਵੀਰ ਸਿੰਘ ਰਾਣਾ



ਮੈਂ ਤੇ ਪੰਮੀ ਇੱਕੋ ਫੈਕਟਰੀ ਵਿੱਚ ਕੰਮ ਕਰਦੇ ਸੀ। ਸਾਡੀਆਂ ਆਦਤਾਂ ਤੇ ਸੁਭਾਅ ਇੱਕੋ ਜਿਹੇ ਸਨ। ਇਸੇ ਕਰਕੇ ਸਾਡੀ ਦੋਸਤੀ ਹੋ ਗਈ, ਫੇਰ ਦੋਸਤੀ ਤੋਂ ਅੱਗੇ ਪਰਿਵਾਰਕ ਸਾਂਝ ਬਣ ਗਈ। ਪੰਮੀ ਦੀ ਭੈਣ ਦਾ ਰਿਸ਼ਤਾ ਕਨੇਡਾ ਹੋ ਗਿਆ, ਸਾਰਾ ਪਰਿਵਾਰ ਪੰਜਾਬਤੋਂ ਕਨੇਡਾ ਪਹੁੰਚ ਗਿਆ। ਪੰਮੀ ਵੀ ਇੰਗਲੈਂਡ ਤੋਂ ਇਸ ਕਰਕੇ ਮੂਵ ਹੋ ਗਿਆ ਚਲੋ ਸਾਰਾ ਪਰਿਵਾਰ ਇੱਕ ਥਾਂ ਹੋ ਜਾਵੇਗਾ। ਭਾਵੇਂ ਮੈਂ ਤੇ ਪੰਮੀ ਟੈਲੀਫ਼ੋਨ 'ਤੇ ਗੱਲ ਕਰ ਲੈਂਦੇ, ਨਾ ਕਦੇ ਪੰਮੀ ਮੁੜ ਕੇ ਇੰਗਲੈਂਡ ਆਇਆ, ਨਾ ਮੇਰੇ ਕੋਲੋ ਕਨੇਡਾ ਜਾ ਹੋਇਆ। ਪਤਾ ਨਾ ਲੱਗਾ ਕਦੋਂ ਪੰਦਰਾਂ ਵੀਹ ਸਾਲ ਜ਼ਿੰਦਗੀ ਸੈਂਟ ਕਰਦਿਆਂ ਲੰਘ ਗਏ। ਅੱਜ ਵਰਿਆ ਬਾਆਦ ਪੰਮੀ ਮੈਨੂੰ ਮਿਲਣ ਲਈ ਆਇਆ। ਸਭ ਕੁਝ ਪੰਮੀ ਵਿੱਚ ਪਹਿਲਾਂ ਵਾਲਾ ਸੀ, ਪਰ ਇੱਕ ਗੱਲ ਤੋਂ ਮੈਨੂੰ ਪਤਾ ਲੱਗ ਗਿਆ ਪੰਮੀ ਕਿਸੇ ਸਾਧ ਦਾ ਤਕੜਾ ਚੇਲਾ ਬਣ ਗਿਆ, ਮਗਰੋਂ ਮੈਨੂੰ ਇਹ ਵੀ ਪਤਾ ਲੱਗਾ ਪੰਮੀ ਇੰਗਲੈਂਡ ਵੀ ਇਸ ਸੰਤ ਦੇ ਦੀਵਾਨ ਸੁਣਨ ਆਇਆ ਸੀ, ਮੈਨੂੰ ਕੀ ਅਗਲੇ ਦੀ ਆਪਣੀ ਜ਼ਿੰਦਗੀ ਸੀ। ਪੰਮੀ ਨੇ ਸਵੇਰੇ ਮੈਨੂੰ ਗੁਰੂ ਘਰ ਜਾਣ ਦੀ ਤਾਕੀਦ ਕੀਤੀ। ਅਸੀਂ ਪੂਰੇ ਟਾਈਮ ਨਾਲ ਪਹੁੰਚ ਗਏ। ਪਰ ਸੰਤ ਦਾ ਅੱਗੇ ਹੋਰ ਕਿਤੇ ਦੀਵਾਨ ਹੋਣ ਕਰਕੇ ਸੰਤ ਨੇ ਸਾਡੇ ਜਾਣ ਤੋਂ ਪਹਿਲਾਂ ਦੀਵਾਨ ਸੁਰੂ ਹੋ ਚੁੱਕਾ ਸੀ। ਸੰਤ ਸਿੱਧੀਆਂ ਧਾਰਨਾ ਤੋਂ ਬਾਅਦ ਕਥਾ ਵਿੱਚ ਵੱਡੀਆਂ ਗੱਪਾਂ ਮਾਰ ਰਿਹਾ ਸੀ। ਸੰਗਤ 'ਤੋਂ ਧੱਕੇ ਨਾਲ ਵਾਹਿਗੁਰੂ ਕਹਾ ਕੇ ਆਪਣੀ ਗੱਪ ਜਤੇ ਸੱਚੀ ਹੋਣ ਦੀ ਮੋਹਰ ਲੁਆ ਰਿਹਾ ਸੀ। ਬਾਕੀ ਤਾਂ ਸੰਤ ਦੀਆਂ ਗੱਪਾਂ ਮੇਰੇ ਸਿਰ ਉੱਤੇ ਦੀ ਲੰਘ ਗਈਆਂ, ਪਰ ਇਕ ਸੰਤ ਦੀ ਗੱਪ ਮੇਰੇ ਸਿਰ ਵਿੱਚ ਫਸ ਗਈ ਜਿਹੜੀ 'ਇੰਟਰਨੈਸਲਲ ਗੱਪ' ਸੀ। ਉਹ ਗੱਪ ਸੰਤ ਨੇ ਇੱਦਾਂ ਸੁਣਾਈ। ਆਹ ਸਾਧ ਸੰਗਤ ਜੀ! ਆਹ ਜਿਹੜਾ ਤੁਹਾਡਾ ਦੇਸ਼ ਇੰਗਲੈਂਡ ਜਦੋਂ ਸੈਕੰਡ ਵਰਡ ਵਾਰ ਲੜ ਰਿਹਾ ਸੀ। ਹਿਟਲਰ ਉਦੋਂ ਚਰਚ ਵਿੱਚ ਸੰਹੁ ਖਾ ਕੇ ਤੁਰਿਆ ਸੀ, ਪਹਿਲਾਂ ਮੈਂ ਇੰਗਲੈਂਡ ਮਿੱਟੀ ਵਿੱਚ ਮਿਲਾ ਦੇਣਾ, ਫੇਰ ਮੈਂ ਸਾਰੀ ਦੁਨੀਆਂ ਤਬਾਹ ਕਰਕੇ ਸਾਹ ਲੈਣਾ? ਉਸ ਦਿਨ ਤੋਂ ਬਾਅਦ ਮੈਂ ਰੱਜ ਕੇ ਰੋਟੀ ਖਾਵਾਂਗਾ? ਜਦੋਂ ਇਹ ਅਰਦਾਸ ਸਾਡੇ "ਵੱਡੇ ਬਾਬਾ ਜੀ" ਨੇ ਸੁਣੀ, ਉਹਨਾਂ ਦਾ ਭਗਤੀ ਕਰਦਿਆਂ ਦਾ ਸਿੰਘਾਸਣ ਡੋਲ ਗਿਆ, ਉਹਨਾਂ ਵੇਖਿਆ ਕਿ ਇਹ ਥੋੜੇ ਸਮੇਂ ਵਿੱਚ ਦੁਨੀਆਂ ਤਬਾਹ ਕਰ ਦੇਵੇਗਾ? ਜਦੋਂ ਉਹਨਾਂ ਹੋਰ ਧਿਆਨ ਲਾ ਕੇ ਵੇਖਿਆ, ਉਹਨਾਂ ਵੇਖਿਆ ਇਹ ਤਾਂ ਸਾਡਾ ਚੇਲਾ ਸੀ, ਇਹ ਸਾਡੇ ਨਾਲ ਭਗਤੀ ਕਰਕੇ ਰਾਜ ਲੈ ਗਿਆ, ਹੁਣ ਇਹ ਰਾਜ ਦੇ ਨਸ਼ੇ ਵਿੱਚ ਦੁਨੀਆ ਤਬਾਹ ਕਰਕੇ ਹਟੇਗਾ। ਸਾਧ ਸੰਗਤ ਜੀ! ਫੇਰ ਕੀ ਸਾਡੇ 'ਵੱਡੇ ਬਾਬਾ ਜੀ' ਨੂੰ ਚੜ੍ਹਿਆ ਗੁੱਸਾ, ਮਾਰਿਆ ਜ਼ੋਰ ਦੀ ਹੱਥ ਧਰਤੀ ਤੇ ਉੱਥੇ ਭੜਕਾ ਕੇ ਸੁੱਟ ਦਿੱਤਾ। ਮੁੜ ਕੇ ਉੱਠ ਨਾ ਹੋਇਆ, ਪਾ ਤਾ ਸਾਡੇ 'ਵੱਡੇ ਬਾਬਾ ਜੀ' ਨੇ ਨਰਕਾਂ ਦੇ ਰਾਹ, ਸਾਰੀ ਭਗਤੀ ਖਿੱਚ ਲਈ, ਸੋ ਸਾਧ ਸੰਗਤ ਜੀ! ਆਹ ਜਿਹੜਾ ਤੁਸੀਂ ਦੀਵਾਨ ਅੱਜ ਸੁਣਿਆ ਸਾਡੇ 'ਵੱਡੇ ਬਾਬੇ ਜੀ' ਕਰਕੇ ਸੁਣ ਰਹੇ ਹੋ? ਜੇ ਸਾਡੇ 'ਵੱਡੇ ਬਾਬਾ ਜੀ' ਮੌਕਾ ਨਾ ਸਾਂਭਦੇ ਨਾ ਤੁਸੀਂ ਇੱਥੇ ਹੋਣਾ ਸੀ, ਨਾ ਤੁਹਾਡਾ ਦੇਸ਼ ਇੰਗਲੈਂਡ ਹੋਣਾ ਸੀ। ਇਥੇ ਵੀ ਇਸ ਸੰਤ ਨੇ ਸੰਗਤ ਤੋਂ ਵਾਹਿਗੁਰੂ ਕਹਿ ਕੇ ਆਪਣੀ ਗੱਪ ਤੇ ਪੂਰੀ ਸੱਚੀ ਹੋਣ ਦੀ ਮੋਹਰ ਨਹੀਂ ਲਗਾਈ, ਸਗੋਂ ਸੰਗਤਾਂ ਵਿੱਚੋਂ ਕਈਆਂ ਨੇ ਜੈਕਾਰੇ ਵੀ ਛੱਡ ਦਿੱਤੇ। ਸੰਤ ਜੀ ਹੋਰ ਅੱਗੇ ਦੱਸਣ ਲੱਗੇ, "ਵੱਡੇ ਬਾਬਾ ਜੀ" ਤਾ ਭਾਵੇਂ ਸਾਡੇ ਕੋਲ ਸਰੀਰ ਕਰਕੇ ਨਹੀਂ, ਪਰ ਉਹਨਾਂ 'ਤੋਂ ਵਰਸੋਏ ਹੋਏ ਸਾਡੇ "ਬਾਬਾ ਜੀ" ਹੁਣ ਸਾਡੇ ਕੋਲ ਨੇ, ਇਹਨਾਂ ਮਹਾਂਪੁਰਸ਼ਾਂ ਨੇ ਮੈਨੂੰ ਕੀਰਤਨ ਦੀ ਦਾਤ ਬਖਸ਼ੀ ਆ, ਮੈਨੂੰ ਤਾਂ ਸਾਧ ਸੰਗਤ ਜੀ! ਵਾਜਾ ਵੀ ਨਹੀਂ ਫੜਨਾ ਆਉਂਦਾ ਸੀ, ਇਹੋ ਜਿਹਾ ਮੇਰਾ ਸਿਰ 'ਤੇ ਹੱਥ ਰੱਖਿਆ, ਮੈਂ ਦੋ ਦਿਨਾਂ ਵਿੱਚ ਕੀਰਤਨ ਕਰਨ ਲੱਗ ਪਿਆ। ਇਹ ਮਹਾਂਪੁਰਸ਼ ਵੀ ਵੱਡੇ "ਬਾਬਾ ਜੀ" ਦਾ ਰੂਪ ਨੇ, ਬੜੀ ਕਮਾਈ ਵਾਲੇ ਮਹਾਂਪੁਰਸ਼ ਨੇ, ਇਹਨਾਂ ਦਾ ਅੱਜ ਵੀ ਹੁਕਮ ਦਰਗਾਹ ਵਿੱਚ ਸਾਧ ਸੰਗਤ ਜੀ ਚੱਲਦਾ। ਜਦੋਂ ਮੈਂ ਪੰਮੀ ਤੋਂ ਇਹਦੇ ਵਾਰੇ ਪੁੱਛਿਆ ਤਦ ਪੰਮੀ ਨੇ ਇੱਕੋ ਜਵਾਬ ਦਿੱਤਾ, ਸੰਤ ਸਭ ਕੁਝ ਕਰ ਸਕਦੇ ਨੇ? ਹੋਰ ਕਈਆਂ ਤੋਂ ਪੁੱਛਿਆ ਪਰ ਕਿਸੇ 'ਤੋ ਮੈਨੂੰ ਤਸੱਲੀ ਬਖਸ਼ ਜਵਾਬ ਨਾ ਮਿਲਿਆ। ਮੈਂ ਹਿੰਮਤ ਨਾ ਹਾਰੀ, ਲੱਭਦੇ ਲੱਭਦੇ ਨੇ ਮੈਂ ਬਹੁਤ ਹੀ ਪੜ੍ਹਿਆ ਲਿਖਿਆ ਸਮਝਦਾਰ ਬਜ਼ੁਰਗ ਲੱਭ ਲਿਆ, ਜਿਸ ਨੇ ਮੇਰੀ ਇਸ ਗੱਲ ਦੀ ਅੜਾਉਣੀ ਕੱਢ ਕੇ ਮੇਰੀ ਪੂਰੀ ਤਸੱਲੀ ਕਰਕੇ ਮੇਰੇ ਮਨ ਦਾ ਬੋਝ ਹੌਲਾ ਕਰ ਦਿੱਤਾ। ਬਜ਼ੁਰਗ ਆਖਣ ਲੱਗਾ ਇਸ ਸਾਧ ਦੀ ਗੱਪ ਦਾ ਸਬੰਧ 1978 ਦੀ ਘਟਨਾ ਨਾਲ ਜੁੜਦਾ? ਮੈਂ ਬਜ਼ੁਰਗ ਨੂੰ ਹੈਰਾਨ ਹੋ ਕੇ ਪੁੱਛਿਆ, ਉਹ ਕਿੱਦਾਂ...।

"ਲੈ ਸੁਣ ਫੇਰ?" ਜਦੋਂ ਨਿਰੰਕਾਰੀ ਕਾਂਡ 1978 ਵਿੱਚ ਵਰਤਿਆ, ਜਿਹੜੇ ਗੁਰੂ ਦੇ ਪਿਆਰ ਵਾਲੇ ਸੀ, ਉਹ ਇਹ ਬੇਅਦਬੀ ਨਾ ਸਹਾਰ ਸਕੇ, ਖਾਲੀ ਹੱਥ ਇਹ ਬੇਅਦਬੀ ਰੁਕਵਾਉਣ ਲਈ ਰੋਸ ਕਰਨ ਲਈ ਗਏ। ਉਧਰ ਸਾਧ ਦੇ ਚਾਮਲੇ ਹੋਏ ਚੇਲਿਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਹਾਲੇ ਗੁਰੂ ਦੇ ਸਿੰਘਾ ਨੇ ਪ੍ਰਾਣ ਆਪਣੇ ਨਹੀਂ ਤਿਆਗੇ ਸੀ, ਉਪਰ ਉਹਨਾਂ ਦੇ ਸਰੀਰਾਂ ਦੇ ਐਸਿਡ ਪਾਇਆ ਗਿਆ, ਨਾਲ ਮੇਹਣੇ ਵੀ ਮਾਰੇ ਗਏ, ਆਏ ਸੀ ਸਾਡੇ ਬਾਬੇ ਦਾ ਦੀਵਾਨ ਰੁਕਵਾਉਣ? ਲੋਕ ਸੋਚਦੇ ਸੀ, ਐਨੀ ਬੇਅਦਬੀ ਹੋਈ ਆ, ਇਸ ਸਾਧ ਦੇ 'ਵੱਡੇ ਬਾਬਾ ਜੀ' ਹੱਥ ਮਾਰਨਗੇ ਉਸ ਸਾਧ ਨੂੰ ਭੜਕਾ ਕੇ ਸੁੱਟ ਦੇਣਗੇ, ਪਰ ਕੁੱਝ ਨਾ ਹੋਇਆ, ਅਖੀਰ ਇਕ ਸੂਰਮਾ ਉਠਿਆ, ਸਾਧ ਨੂੰ ਉਹਦੇ ਘਰ ਹੀ ਜਾ ਢਾਹਿਆ, ਧੁਰ ਦੀ ਟਿਕਟ ਕਟਾ ਦਿੱਤੀ। ਨਾਲੇ ਇਸ ਸਾਧ ਦੇ 'ਵੱਡੇ ਬਾਬਾ ਜੀ' ਨੂੰ ਦੱਸ ਗਿਆ, "ਐਦਾਂ ਹੱਥ ਮਾਰਦੀ ?"

ਸਮਾਂ ਹੋਰ ਅੱਗੇ ਤੁਰਿਆ ਸਾਲ 1984 ਆ ਗਿਆ। ਦਰਬਾਰ ਸਾਹਿਬ ਨੂੰ ਸਾਰੇ ਪਾਸਿਓਂ ਤੋਂ ਘੇਰਾ ਪੈ ਗਿਆ, ਤੋਪ ਟੈਂਕ ਨੇ ਆਪਣੇ ਮੂੰਹ ਦਰਬਾਰ ਸਾਹਿਬ ਵੱਲ ਨੂੰ ਕਰ ਲਏ, ਹੈਲੀਕਾਪਟਰ ਅਕਾਸ਼ ਵਿੱਚ ਮੰਡਰਾਉਣ ਲੱਗੇ, ਫੌਜ ਬਰਕਤਬੰਦ ਗੱਡੀਆਂ ਵਿੱਚ ਬੈਠ ਗੰਨਾਂ ਦੇ ਮੂੰਹ ਦਰਬਾਰ ਸਾਹਿਬ ਵਲ ਨੂੰ ਕਰ ਲਏ, ਬੱਸ ਇੱਕ ਸਨੇਹੇ ਦੀ ਉਡੀਕ ਕਰਨ ਲੱਗੇ। ਸਾਰੇ ਸੋਚ ਦੇ ਸੀ ਹੁਣ ਇਸ ਸਾਧ ਦੇ 'ਵੱਡੇ ਬਾਬਾ



ਜੀ' ਹੱਥ ਮਾਰਨਗੇ ਸਾਰੀ ਫ਼ੌਜ ਭੜਕਾ ਕੇ ਸੁੱਟ ਦੇਣਗੇ, ਪਰ ਕੁੱਝ ਨਾ ਹੋਇਆ। ਆਖਿਰ ਮੁੱਠੀ ਭਰ ਸੂਰਮਿਆਂ ਨੇ ਤੀਜੀ ਦੁਨੀਆਂ ਦੀ ਵੱਡੀ ਫੌਜ ਨੂੰ ਸੱਤ ਦਿਨ ਵਕਤ ਪਾਈ ਰੱਖਿਆ ਅੱਧੀ ਫੌਜ ਮਾਰ ਕੇ ਸ਼ਹੀਦੀਆਂ ਪਾ ਗਏ। ਨਾਲੇ ਇਸ ਸਾਧ ਨੂੰ ਦੱਸ ਗਏ, "ਐਦਾਂ ਹੱਥ ਵੱਜਦੇ ਆ" ਫੇਰ ਦਰਬਾਰ ਸਾਹਿਬ ਤੇ ਕਹਿਰ ਵਰਤ ਗਿਆ। ਅੰਬਰ ਵਿੱਚ ਉੱਡਦੇ ਪੰਛੀਆਂ ਨੇ ਵੀ ਇਹ ਕਹਿਰ ਵੇਖ ਕੇ ਖੂਨ ਦੇ ਅੱਥਰੂ ਰੋਏ। ਐਨੇ ਸਾਲਾਂ ਤੋਂ ਲਗਾਤਾਰ ਚੱਲਦਾ ਕੀਰਤਨ ਬੰਦ ਹੋ ਗਿਆ। ਸਰੋਵਰ ਖੂਨ ਨਾਲ ਭਰ ਗਿਆ। ਹਰ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਦੁੱਧ ਚੁੰਘਦੇ ਬੱਚੇ ਕੰਧਾ ਨਾਲ ਮਾਰ ਮਾਰ ਮਾਰੇ ਗਏ, ਪਾਣੀ ਮੰਗਦਿਆਂ ਨੂੰ ਗੋਲੀਆਂ ਮਾਰੀਆਂ ਗਈਆਂ ਅੱਤ ਦੀ ਗਰਮੀ ਵਿੱਚ ਅੰਦਰ ਤਾੜ ਕੇ ਦਾਣਿਆਂ ਵਾਂਗ ਭੁੰਨੇ ਗਏ, ਐਨਾ ਜ਼ੁਲਮ ਹੋਇਆ ਜ਼ੁਲਮ ਵੀ ਸ਼ਰਮਸਾਰ ਹੋ ਗਿਆ। ਲੋਕ ਸੋਚਦੇ ਸੀ ਐਨਾ ਜ਼ੁਲਮ ਵੇਖ ਕੇ ਇਸ ਸਾਧ ਦੇ ਬਾਬੇ ਦਾ ਸਿੰਘਾਸਣ ਡੋਲੇਗਾ, ਪਰ ਕੁੱਝ ਨਾ ਹੋਇਆ, ਆਖਿਰ ਤਿੰਨ ਸੂਰਮੇ ਆਏ ਤਾਂ ਪਤਾ ਨੀ ਕਿਸ ਪਾਸੇ 'ਤੋਂ, ਲੈ ਕੇ ਗੁਰੂ ਸਾਹਿਬ 'ਤੋਂ ਅਸ਼ੀਰਵਾਦ ਗਏ ਦਿੱਲੀ ਵੱਲ ਨੂੰ, ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਉਸ ਜ਼ੁਲਮ ਕਰਨ ਵਾਲੀ ਮਹਾਰਾਣੀ ਦੀ ਸਿਰ ਚੜ੍ਹੀ ਭਾਜੀ ਮੋੜ ਦਿੱਤੀ, ਨਾਲੇ ਇਸ ਸਾਧ ਨੂੰ ਦੱਸ ਗਏ, "ਐਦਾਂ ਹੱਥ ਮਾਰੀਦਾ" ਫੇਰ ਨਵੰਬਰ ਚੁਰਾਸੀ ਆ ਗਿਆ, ਗੁਰੂ ਘਰਾਂ 'ਤੇ ਹਮਲੇ ਹੋਏ, ਗਲਾਂ ਵਿੱਚ ਟਾਇਰ ਪਾ ਉੱਪਰ ਮਿੱਟੀ ਦਾ ਤੇਲ ਪਾ ਜਿਉਂਦੇ ਹਜ਼ਾਰਾਂ ਮਨੁੱਖ ਸਾੜੇ ਗਏ, ਬੱਚੀਆਂ ਨਾਲ ਰੇਪ ਕੀਤੇ ਗਏ, ਧੀਆਂ ਭੈਣਾਂ ਨੰਗੀਆਂ ਕਰਕੇ ਸੜਕਾਂ ਤੇ ਬੈਠਾਈਆਂ ਗਈਆਂ। ਅੱਤ ਦਾ ਜ਼ੁਲਮ ਹੋਇਆ, ਮੁਗਲਾਂ ਤੇ ਗੋਰਿਆਂ ਵਲੋਂ ਸਾਡੇ 'ਤੇ ਕੀਤੇ ਜ਼ੁਲਮ ਇਸ ਜ਼ੁਲਮ ਮੂਹਰੇ ਬਹੁਤ ਫਿੱਕੇ ਲੱਗਣ ਲੱਗ ਪਏ। ਹੁਣ ਸਾਰੇ ਸੋਚ ਦੇ ਸੀ ਐਨਾ ਜ਼ੁਲਮ ਵੇਖ ਕੇ ਇਸ ਸਾਧ ਦੇ ਬਾਬਾ ਦਾ ਸਿੰਘਾਸਣ ਡੋਲੇਗਾ, ਪਰ ਕੁੱਝ ਨਾ ਹੋਇਆ ਫੇਰ ਕੁਝ ਸੂਰਮੇ ਉਠੇ, ਪਹਿਲਾਂ ਤਾਂ ਦਿੱਲੀ ਵਿੱਚ ਜ਼ੁਲਮ ਕਰਨ ਵਾਲੇ ਝਟਕਾਏ, ਫੇਰ ਪੂਨੇ ਜਾ ਕੇ ਆਪਣੇ ਆਪ ਨੂੰ ਖੱਬੀ ਖਾਨ ਕਹਾਉਣ ਵਾਲਾ ਜਾਂ ਢਾਹਿਆ, ਨਾਲੇ ਇਸ ਸਾਧ ਨੂੰ ਦੱਸ ਗਏ "ਐਦਾਂ ਹੱਥ ਮਾਰੀਦਾ।" ਫੇਰ ਇੱਕ ਸਮਾਂ ਉਹ ਆਇਆ ਜਦੋਂ ਸਾਡੇ ਨੌਜਵਾਨਾਂ ਦਾ ਪੂਰੇ ਦਸ ਸਾਲ 1984 ਤੋਂ ਲੈ ਕੇ 1994 ਤੱਕ ਸ਼ਿਕਾਰ ਕੀਤਾ ਗਿਆ। ਗੱਲ ਇੱਥੇ ਤੱਕ ਹੋ ਗਈ ਇੱਕ ਲਾਸ਼ ਸਿਵਿਆਂ ਵਿੱਚ ਛੱਡ ਕੇ ਆਉਂਦੇ, ਦੂਜੀ ਲਾਸ਼ ਮੁੜਦਿਆਂ ਨੂੰ ਪਿੰਡ ਵਿੱਚ ਆ ਜਾਂਦੀ। ਥਾਣਿਆਂ ਵਿੱਚ ਨੌਜਵਾਨ ਲੱਕੜੀਆਂ ਵਾਂਗ ਪਾੜ ਪਾੜ ਸੁੱਟੇ ਦਿੱਤੇ ਗਏ। ਪਿਉ ਦੇ ਮੂਹਰੇ ਧੀਆਂ ਨੰਗੀਆਂ ਕੀਤੀਆਂ ਗਈਆਂ, ਭਰਾਵਾਂ ਮੂਹਰੇ ਭੈਣਾਂ ਨੰਗੀਆਂ ਕੀਤੀਆਂ ਗਈਆਂ, ਕਹਿਣ ਸੁਣਨ 'ਤੋਂ ਬਾਹਰ ਜ਼ੁਲਮ ਕੀਤੇ ਗਏ, ਐਨਾ ਜ਼ੁਲਮ ਵੇਖ ਕੇ ਜ਼ੁਲਮ ਵੀ ਸ਼ਰਮਸਾਰ ਹੋ ਗਿਆ। ਫੇਰ ਲੋਕ ਸੋਚਦੇ ਸੀ ਦਸ ਸਾਲ ਐਨਾ ਜ਼ੁਲਮ ਹੋਇਆ ਹੁਣ ਤਾਂ "ਵੱਡੇ ਬਾਬਾ ਜੀ" ਦਾ ਸਿੰਘਾਸਣ ਡੋਲੇਗਾ, ਸਮਾਧੀ ਖੁੱਲੇਗੀ, ਪਰ ਕੁੱਝ ਨਾ ਹੋਇਆ।

ਆਖ਼ਰ ਕੁਝ ਸੂਰਮੇ ਫੇਰ ਉਠੇ, ਗੁਰੂ ਤੋਂ ਥਾਪੜਾ ਲੈ ਕੇ ਜ਼ੁਲਮ ਕਰਨ ਵਾਲਾ ਜਾ ਚੰਡੀਗੜ੍ਹ ਢਾਹਿਆ, ਚਾੜ ਤਾਂ ਗੱਡੀ, ਨਾਲੇ ਇਸ ਸਾਧ ਨੂੰ ਦੱਸ ਗਏ, "ਐਦਾ ਹੱਥ ਧਰਤੀ 'ਤੇ ਮਾਰਦੀ " ਉਸ ਤੋਂ ਬਾਅਦ ਕਿੰਨੇ ਜਗਾ ਗੁਰੂ ਗੁਰੰਥ ਸਾਹਿਬ ਦੀ ਬੇਅਦਬੀ ਹੁੰਦੀ ਆ, ਕਿਉ ਨੀ ਇਸ ਸਾਧ ਦੇ ਬਾਬੇ ਦੀ ਸਮਾਧੀ ਖੁੱਲ੍ਹਦੀ, ਕਿਉਂ ਨਹੀਂ ਧਰਤੀ 'ਤੇ ਹੱਥ ਵੱਜਦਾ? ਸੂਰਮੇ ਹੁਣ ਵੀ ਆਪਣੇ ਦਮ 'ਤੇ ਗੁਰੂ ਦਾ ਅਸ਼ੀਰਵਾਦ ਲੈ ਕੇ ਉਹਨਾਂ ਪਾਪੀਆਂ ਦਾ ਸੋਧਾਂ ਲਾਈ ਜਾ ਰਹੇ ਨੇ।

ਬਜ਼ੁਰਗ ਹੋਰ ਅੱਗੇ ਦੱਸਣ ਲੱਗਾ, ਇੱਦਾਂ ਗੱਲ ਬਾਤਾਂ ਨਾਲ ਜਾਂ ਗੱਪਾ ਮਾਰ ਮਾਰ ਕੇ ਸੰਤ ਨਹੀਂ ਬਣਿਆ ਜਾ ਸਕਦਾ, ਕੌਮ ਲਈ ਕੁਝ ਕਰਨਾ ਪੈਂਦਾ। ਨਾ ਕਿ 'ਚਿੱਟੇ ਚੋਲੇ' ਪਾ ਕੇ ਡੇਰੇ ਖੋਲ੍ਹ ਲਵੋ, ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਧੰਨ ਇਕੱਠਾ ਕਰ ਲਵੋ ਤੇ ਲੋਕਾਂ ਨੂੰ ਇਹ ਮੱਤਾਂ ਦੇਵੇ, ਧੰਨ ਤੋਂ ਦੂਰ ਰਹੋ।

ਤੁਸੀਂ ਘਰ ਵਿੱਚ ਰਹਿ ਕੇ ਆਪਣੀ ਕਿਰਤ ਕਰਦਿਆਂ, ਸੰਸਾਰ ਦੇ ਕਾਰਜ ਕਰਦਿਆਂ ਉੱਚ ਪਦਵੀ ਨੂੰ ਪ੍ਰਾਪਤ ਕਰ ਸਕਦੇ ਹੋ। ਬਜ਼ੁਰਗ ਹੋਰ ਮਿਸਾਲ ਦੇ ਕੇ ਆਖਣ ਲੱਗਾ, ਕੁਝ ਸਾਲ ਪਹਿਲਾਂ ਸਾਡੇ ਵਿੱਚ ਇੱਕ ਬੀਬੀ ਨੇ ਘਰ ਵਿੱਚ ਰਹਿ ਕੇ ਦੁਨੀਆਂ ਲਈ ਮਿਸਾਲ ਕਾਇਮ ਕਰ ਦਿੱਤੀ। ਉਹ ਸੀ ਬੀਬੀ ਸਰਿੰਦਰ ਕੌਰ ਸਤਵੰਤ ਸਿੰਘ ਦੀ ਮੰਗੇਤਰ, ਸਾਹਮਣੇ ਪਤਾ ਸੀ ਕਿ ਸੂਰਮੇ ਨੂੰ ਅੱਜ ਵੀ ਫਾਂਸੀ ਲੱਗੀ, ਕੱਲ ਵੀ ਫਾਂਸੀ ਲੱਗੀ, ਸੂਰਮੇ ਦੀ ਫੋਟੋ ਨਾਲ ਲਾਵਾਂ ਲੈ ਕੇ ਆਪਣਾ ਪ੍ਰਣ ਪੂਰਾ ਕੀਤਾ। ਆਪਣੇ ਸਵਾਸਾਂ ਦੀ ਪੂੰਜੀ ਉਸ ਸੂਰਮੇ ਦੇ ਨਾਂ ਕਰਕੇ ਸੰਸਾਰ ਤੋਂ ਚਲੀ ਗਈ, ਜਾ ਜੋਤ ਨਾਲ ਜੋਤ ਮਿਲ ਗਈ। ਇਹ ਗੱਪਾਂ ਮਾਰਨ ਵਾਲਿਆਂ ਦੀ ਨਹੀਂ ਸੂਰਮਿਆਂ ਦੀ ਕੌਮ ਆ। ਬਜ਼ੁਰਗ ਹੋਰ ਅੱਗੇ ਦੱਸਣ ਲੱਗਾ, 'ਆਹ ਜਿੰਨੇ ਵੀ ਸੂਰਮੇ ਮੈਂ ਤੈਨੂੰ ਦੱਸ ਆ' ਜਿਹਨਾਂ ਕੌਮ ਦੀ ਖ਼ਾਤਰ ਆਪਣੇ ਘਰ ਬਾਰ ਤਬਾਹ ਕਰ ਲਏ, ਆਪਣਾ "ਘਾਣ ਬੱਚਾ" ਪੀੜ ਲਿਆ ਜ਼ੁਲਮ ਦੀ ਭੱਠੀ ਵਿੱਚ ਪਰ ਮੂੰਹ ਤੋਂ ਸੀ ਨਹੀਂ ਕੀਤਾ, ਉਹਨਾਂ "ਸੂਰਮੇ ਸੰਤਾਂ" ਨਾਲੋਂ ਸਾਡੇ ਵਿੱਚ ਆਪ ਬਣੇ ਸਾਧ ਗੱਪਾਂ ਮਾਰਨ ਵਾਲੇ, ਝੂਠ ਦੀਆਂ ਕਹਾਣੀਆਂ ਸੁਣਾਉਣ ਵਾਲਿਆਂ ਦੀ ਕਦਰ ਕਈ ਗੁਣਾ ਵੱਧ ਹੋ ਗਈ ਆ, ਇਹਨਾਂ ਕਹਿ ਕੇ ਬਜ਼ੁਰਗ ਨੇ ਲੰਮਾ ਹੌਕਾ ਲਿਆ। ਬਜ਼ੁਰਗ ਦੇ ਮੂੰਹੋਂ ਐਨਾ ਸੁਣ ਕੇ ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ। "ਹੱਥ ਵੱਜਦੇ ਨਹੀਂ, ਹੱਥ ਮਾਰ ਨੇ ਪੈਂਦੇ ਨੇ।" ਹੱਥ ਵੈਰੀਆਂ ਨਾਲ ਕਰਾਰੇ ਕਰਨੇ ਪੈਂਦੇ ਨੇ ਜੰਗ ਦੇ ਮੈਦਾਨਾਂ ਵਿੱਚ, ਨਾ ਕੇ ਸਟੇਜਾਂ 'ਤੇ ਬੈਠ ਕੇ ਗੱਪਾਂ ਮਾਰ ਕੇ ਕਦੇ ਵੈਰੀ ਡਰ ਦੇ ਆ।

# ਤੁਰ ਗਿਆ ਨਿਸ਼ਾਨੇਬਾਜ਼ੀ ਦਾ ਬਾਦਸ਼ਾਹ ਰਾਜਾ ਰਣਧੀਰ ਸਿੰਘ

ਉਜਾਗਰ ਸਿੰਘ



ਓਲੰਪਿਕ ਖੇਡਾਂ ਵਿਚ ਭਾਰਤ ਦੀ ਪੰਜ ਵਾਰ ਨੁਮਾਇੰਦਗੀ ਕਰਨ ਵਾਲੇ ਨਿਸ਼ਾਨੇਬਾਜ਼ੀ ਦੇ ਬਾਦਸ਼ਾਹ ਰਾਜਾ ਰਣਧੀਰ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ 80 ਸਾਲ ਦੇ ਸਨ। ਉਨ੍ਹਾਂ ਦੇ ਤੁਰ ਜਾਣ ਨਾਲ ਖੇਡ ਇਤਿਹਾਸ ਦੇ ਸੁਨਹਿਰੇ ਯੁਗ ਦਾ ਅੰਤ ਹੋ ਗਿਆ ਹੈ। 1978 ਵਿੱਚ ਏਸ਼ੀਆਈ ਖੇਡਾਂ ਵਿੱਚ ਨਿਸ਼ਾਨੇਬਾਜ਼ੀ ਵਿੱਚ ਸੋਨ ਤਮਗਾ ਜਿੱਤਣ ਵਾਲੇ ਉਹ ਪਹਿਲੇ ਭਾਰਤੀ ਸਨ। ਫਿਰ ਉਨ੍ਹਾਂ ਲਗਾਤਾਰ 1982 ਤੱਕ ਪੰਜ ਵਾਰੀ ਤਮਗੇ ਜਿੱਤਕੇ ਦੇਸ਼ ਦਾ ਨਾਮ ਰੌਸ਼ਨ ਕੀਤਾ। ਉਹ ਭਾਰਤੀ ਖਿਡਾਰੀਆਂ ਲਈ ਪ੍ਰੇਰਨ ਸਰੋਤ ਬਣੇ ਸਨ। ਉਹ ਅੰਤਰਰਾਸ਼ਟਰੀ ਪੱਧਰ ਦੇ ਨਿਸ਼ਾਨੇਬਾਜ਼ ਅਤੇ ਖੇਡ ਪ੍ਰਬੰਧਕ ਸਨ, ਜਿਸ ਕਰਕੇ ਰਾਜਾ ਰਣਧੀਰ ਸਿੰਘ ਨੂੰ 8 ਸਤੰਬਰ 2024 ਨੂੰ ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਪ੍ਰਧਾਨ ਚੁਣਿਆਂ ਗਿਆ ਸੀ। ਉਹ ਪਹਿਲਾ ਭਾਰਤੀ ਸੀ, ਜਿਸਨੂੰ ਇਹ ਮਾਣ ਪ੍ਰਾਪਤ ਹੋਇਆ ਸੀ। ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਖੇਡ ਵਿਰਾਸਤ ਬਹੁਤ ਅਮੀਰ ਹੈ। ਰਾਜਾ ਰਣਧੀਰ ਸਿੰਘ ਦਾ ਜਨਮ ਪਟਿਆਲਾ ਵਿਖੇ ਸ਼ਾਹੀ ਖਾਨਦਾਨ ਵਿਚ ਮਹਾਰਾਜਾ ਭੁਪਿੰਦਰ ਸਿੰਘ ਦੇ ਸਪੁੱਤਰ ਰਾਜਾ ਭੱਲੰਦਰਾ ਸਿੰਘ ਦੇ ਘਰ 18 ਅਕਤੂਬਰ 1946 ਨੂੰ ਹੋਇਆ ਸੀ। ਉਸਦੇ ਪਿਤਾ ਰਾਜਾ ਭੱਲੰਦਰਾ ਸਿੰਘ ਆਈ.ਓ.ਸੀ ਦੇ 1947 ਤੋਂ 1992 ਤੱਕ ਪ੍ਰਧਾਨ ਰਹੇ ਹਨ। ਉਨ੍ਹਾਂ ਦੀਆਂ ਕੋਸ਼ਿਸਾਂ ਸਦਕਾ ਹੀ ਦਿੱਲੀ ਵਿਖੇ 1982 ਵਿਚ ਨੌਵੀਂਆਂ ਏਸ਼ੀਅਨ ਗੇਮਜ਼ ਹੋਈਆਂ ਸਨ। ਉਹ ਵੀ ਖੇਡ ਪ੍ਰੇਮੀਆਂ ਅਤੇ ਖਿਡਾਰੀਆਂ ਨੂੰ ਸਰਪਰਸਤੀ ਦਿੰਦੇ ਰਹੇ ਹਨ। ਰਾਜਾ ਰਣਧੀਰ ਸਿੰਘ ਨੇ ਮੁੱਢਲੀ ਪੜ੍ਹਾਈ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਅਤੇ ਕਰਨਲ ਬਰਾਊਨ ਸਕੂਲ ਦੇਹਰਾਦੂਨ ਤੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ ਉਚ ਪੜ੍ਹਾਈ ਬੀ.ਏ ਹਿਸਟਰੀ ਸੇਂਟ ਸਟੀਫ਼ਨ ਕਾਲਜ ਦਿੱਲੀ ਤੋਂ ਪਾਸ ਕੀਤੀ। ਤੀਰ ਅੰਦਾਜ਼ੀ ਤੇ ਨਿਸ਼ਾਨੇਬਾਜ਼ੀ ਸ਼ਾਹੀ ਪਰਿਵਾਰ ਦੀ ਸ਼ਾਹੀ ਖੇਡ ਹੈ, ਜਿਸ ਕਰਕੇ ਰਾਜਾ ਰਣਧੀਰ ਸਿੰਘ ਨੂੰ ਬਚਪਨ ਵਿਚ ਹੀ ਤੀਰ ਅੰਦਾਜ਼ੀ ਤੇ ਨਿਸ਼ਾਨੇਬਾਜ਼ੀ ਦਾ ਸ਼ੌਕ ਪੈਦਾ ਹੋ ਗਿਆ ਸੀ। ਪਟਿਆਲਾ ਦੇ ਸ਼ਾਹੀ ਘਰਾਣੇ ਦੀ ਖੇਡਾਂ ਦੇ ਖੇਤਰ ਵਿਚ ਵੱਖਰੀ ਪਛਾਣ ਹੈ। ਘੋੜ ਸਵਾਰੀ, ਕ੍ਰਿਕਟ, ਪੋਲੋ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਦੇ ਸ਼ੌਕ ਕਰਕੇ ਪੈਪਸੂ ਦੇ ਖਿਡਾਰੀ ਸੰਸਾਰ ਵਿਚ ਪਟਿਆਲਾ ਦਾ ਨਾਂ ਰੌਸ਼ਨ ਕਰਦੇ ਰਹੇ ਹਨ। ਰਾਜਾ ਰਣਧੀਰ ਸਿੰਘ ਨੇ ਪਹਿਲੀ ਵਾਰ 1964 ਵਿਚ ਇੰਡੀਅਨ ਨੈਸ਼ਨਲ ਚੈਂਪੀਅਨਸ਼ਿਪ ਵਿਚ 18 ਸਾਲ ਦੀ ਉਮਰ ਵਿਚ ਹਿੱਸਾ ਲਿਆ। 1967 ਵਿਚ ਪਹਿਲੀ ਵਾਰ ਸਕੀਟ ਸ਼ੂਟਿੰਗ ਵਿਚ ਵਿਅਕਤੀਗਤ ਜਿੱਤ ਪ੍ਰਾਪਤ ਕੀਤੀ ਸੀ। ਇਸ ਤੋਂ ਬਾਅਦ ਸਕੀਟ ਅਤੇ ਟਰੈਪ ਸ਼ੂਟਿੰਗ ਵਿਚ ਕੌਮੀ ਪੱਧਰ ਤੇ ਕਈ ਜਿੱਤਾਂ ਪ੍ਰਾਪਤ ਕੀਤੀਆਂ। ਰਾਜਾ ਰਣਧੀਰ ਸਿੰਘ ਕਮਾਲ ਦੇ ਨਿਸ਼ਾਨੇਬਾਜ ਸਨ, ਜਿਹੜੇ 6 ਵਾਰ ਓਲੰਪਿਕ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕਰਦੇ ਰਹੇ ਸਨ। ਰਾਸ਼ਟਰਮੰਡਲ ਖੇਡਾਂ ਵਿਚ ਉਨ੍ਹਾਂ ਨੇ 1978 ਵਿਚ ਸੋਨੇ ਦਾ ਤਮਗਾ ਜਿੱਤਿਆ ਸੀ। ਇਸ ਤੋਂ ਇਲਾਵਾ 5 ਵਾਰ ਏਸ਼ੀਅਨ ਖੇਡਾਂ ਵਿਚ ਵੀ ਆਪਣੀ ਸਰਦਾਰੀ ਕਾਇਮ ਕੀਤੀ। 1982 ਦੀਆਂ ਏਸ਼ੀਅਨ ਖੇਡਾਂ ਵਿਚ ਉਨ੍ਹਾਂ ਨੇ ਚਾਂਦੀ ਅਤੇ ਕਾਂਸੀ ਦਾ ਤਮਗਾ ਜਿੱਤਿਆ ਸੀ।

> ਭਾਰਤ ਸਰਕਾਰ ਨੇ ਰਾਜਾ ਰਣਧੀਰ ਸਿੰਘ ਦੀਆਂ ਸ਼ਲਾਘਾਯੋਗ ਪ੍ਰਾਪਤੀਆਂ ਕਰਕੇ 1979 ਵਿਚ ਅਰਜੁਨਾ ਅਵਾਰਡ ਦੇ ਕੇ ਸਨਮਾਨਿਆਂ ਸੀ। ਪੰਜਾਬ ਸਰਕਾਰ ਨੇ ਵੀ ਮਹਾਰਾਜਾ ਰਣਜੀਤ ਸਿੰਘ ਅਵਾਰਡ ਦੇ ਕੇ ਸਨਮਾਨਿਤ ਕੀਤਾ ਸੀ। ਆਮ ਤੌਰ ‘ਤੇ ਖਿਡਾਰੀ ਆਪਣੀ ਖੇਡ ਦੇ ਹੀ ਮਾਹਿਰ ਹੁੰਦੇ ਹਨ, ਪ੍ਰੰਤੂ ਰਾਜਾ ਰਣਧੀਰ ਸਿੰਘ ਕੁਸ਼ਲ ਖੇਡ ਪ੍ਰਬੰਧਕ ਤੌਰ ਤੇ ਵੀ ਨਾਮਣਾ ਖੱਟ ਚੁੱਕੇ ਸਨ। 1987 ਤੋਂ 2014 ਤੱਕ ਉਹ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਹੇ ਹਨ।



ਭਾਰਤ ਸਰਕਾਰ ਨੇ ਉਨ੍ਹਾਂ ਦੀਆਂ ਸ਼ਲਾਘਾਯੋਗ ਪ੍ਰਾਪਤੀਆਂ ਕਰਕੇ 1979 ਵਿਚ ਅਰਜੁਨਾ ਅਵਾਰਡ ਦੇ ਕੇ ਸਨਮਾਨਿਆਂ ਸੀ। ਪੰਜਾਬ ਸਰਕਾਰ ਨੇ ਵੀ ਮਹਾਰਾਜਾ ਰਣਜੀਤ ਸਿੰਘ ਅਵਾਰਡ ਦੇ ਕੇ ਸਨਮਾਨਿਤ ਕੀਤਾ ਸੀ। ਆਮ ਤੌਰ ‘ਤੇ ਖਿਡਾਰੀ ਆਪਣੀ ਖੇਡ ਦੇ ਹੀ ਮਾਹਿਰ ਹੁੰਦੇ ਹਨ, ਪ੍ਰੰਤੂ ਰਾਜਾ ਰਣਧੀਰ ਸਿੰਘ ਕੁਸ਼ਲ ਖੇਡ ਪ੍ਰਬੰਧਕ ਤੌਰ ਤੇ ਵੀ ਨਾਮਣਾ ਖੱਟ ਚੁੱਕੇ ਸਨ। 1987 ਤੋਂ 2014 ਤੱਕ ਉਹ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਹੇ ਹਨ। ਰਾਜਾ ਰਣਧੀਰ ਸਿੰਘ 1991 ਤੋਂ 2015 ਤੱਕ ਓਲੰਪਿਕ ਕੌਂਸਲ ਆਫ਼ ਏਸ਼ੀਆ ਦੇ ਵੀ ਜਨਰਲ ਸਕੱਤਰ ਰਹੇ ਸਨ। ਐਫ਼ਰੋ ਏਸ਼ੀਅਨ ਗੇਮਜ਼ ਕੌਂਸਲ ਦੇ ਉਹ ਪਹਿਲੇ ਫ਼ਾਊਂਡਰ ਸਕੱਤਰ ਜਨਰਲ ਸਨ, ਜਿਹੜੇ 1998 ਤੋਂ 2007 ਤੱਕ ਇਸ ਅਹੁਦੇ ਤੇ ਰਹੇ। 2003 ਵਿਚ ਹੈਦਰਾਬਾਦ ਵਿਚ ਹੋਈਆਂ ਐਫ਼ਰੋ ਏਸ਼ੀਅਨ ਗੇਮਜ਼ ਦੀ ਉਸਨੇ ਅਗਵਾਈ ਕੀਤੀ ਸੀ। 2010 ਦੀਆਂ ਕਾਮਨ ਵੈਲਥ ਏਸ਼ੀਅਨ ਗੇਮਜ਼ ਭਾਰਤ ਵਿਚ ਕਰਵਾਉਣ ਦਾ ਸਿਹਰਾ ਵੀ ਰਾਜਾ ਰਣਧੀਰ ਸਿੰਘ ਨੂੰ ਹੀ ਜਾਂਦਾ ਹੈ, ਇਨ੍ਹਾਂ ਗੇਮਜ਼ ਦੀ ਆਰਗੇਨਾਈਜੇਸ਼ਨ ਕਮੇਟੀ ਦੇ ਉਹ ਉਪ ਪ੍ਰਧਾਨ ਸਨ। ਕਾਮਨ ਵੈਲਥ ਗੇਮਜ਼ ਬਾਰੇ ਬਹੁਤ ਸਾਰੇ ਵਾਦ ਵਿਵਾਦ ਹੋਏ ਸਨ। ਇਥੋਂ ਤੱਕ ਕਿ ਭਰਿਸ਼ਟਾਚਾਰ ਦੇ ਇਲਜ਼ਾਮ ਖੇਡ ਪ੍ਰਬੰਧਕਾਂ ਅਤੇ ਸਿਆਸਤਦਾਨਾ ਤੇ ਲੱਗੇ, ਪ੍ਰੰਤੂ ਰਾਜਾ ਰਣਧੀਰ ਸਿੰਘ ਦਾ ਅਕਸ ਇਨ੍ਹਾਂ ਗੇਮਾਂ ਵਿਚ ਸਵੱਛ ਰਿਹਾ। ਉਸਨੂੰ 6ਵੀਂ ਵਾਰ ਓ.ਸੀ.ਏ ਦਾ ਸਕੱਤਰ ਜਨਰਲ ਚੁਣਿਆਂ ਗਿਆ ਸੀ। ਇਸ ਤੋਂ ਇਲਾਵਾ ਉਹ ਵਰਲਡ ਐਂਟੀ ਡੋਪਿੰਗ ਏਜੰਸੀ ਫਾਊਂਡੇਸ਼ਨ ਬੋਰਡ ਦੇ 2003 ਤੋਂ 2005 ਤੱਕ, ਓਲੰਪਿਕ ਗੇਮਜ਼ ਸਟੱਡੀ 2002 ਤੋਂ 2003, ਸਪੋਰਟ ਫਾਰ ਆਲ 2004, ਵਿਮੈਨ ਐਂਡ ਸਪੋਰਟ 2006, ਕੋਆਰਡੀਨੇਸ਼ਨ ਫਾਰ ਫਸਟ ਸਮਰ ਯੂਥ ਗੇਮਜ਼ ਸਿੰਘਾਪੁਰ 2010 ਅਤੇ ਓਲੰਪਿਕ ਟਰੂਸ ਫਾਊਂਡੇਸ਼ਨ 2007 ਦੇ ਮੈਂਬਰ ਰਹੇ ਸਨ। 2006 ਵਿਚ ਲਕਸ਼ਮੀ ਬਾਈ ਨੈਸ਼ਨਲ ਇਨਸਟੀਚਿਊਟ ਆਫ ਫਿਜੀਕਲ ਐਜੂਕੇਸ਼ਨ ਗਵਾਲੀਅਰ ਨੇ ਉਸਨੂੰ ਉਸਦੀਆਂ ਸਪੋਰਟਸ ਦੇ ਵਿਕਾਸ ਲਈ ਕੀਤੀਆਂ ਸੇਵਾਵਾਂ ਕਰਕੇ ਡੀ.ਲਿਟ.ਇਨ.ਸਪੋਰਟਸ ਸਾਇੰਸ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ। 26 ਅਗਸਤ 2011 ਵਾਲੇ ਦਿਨ ਉਸਨੇ ਖੇਡਣ ਤੋਂ ਸੇਵਾ ਮੁਕਤੀ ਲੈ ਲਈ ਸੀ, ਪ੍ਰੰਤੂ ਉਹ ਖੇਡਾਂ ਦੇ ਪ੍ਰਬੰਧ ਅਤੇ ਆਯੋਜਨ ਵਿਚ ਸਲਾਹਕਾਰ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਰਹੇ ਸਨ। ਅੰਤਰਾਸ਼ਟਰੀ ਖੇਡਾਂ ਦੇ ਖੇਤਰ ਵਿਚ ਉਹ ਇੱਕ ਕੁਸ਼ਲ ਖੇਡ ਪ੍ਰਬੰਧਕ ਦੇ ਤੌਰ ਤੇ ਵੀ ਜਾਣੇ ਜਾਂਦੇ ਸਨ। ਕੌਮਾਂਤਰੀ ਓਲੰਪਿਕ ਸੰਘ ਦੇ ਲੰਮਾ ਸਮਾਂ ਮੈਂਬਰ ਰਹੇ ਸਨ। ਉਸ ਦੀਆਂ ਸ਼ਲਾਘਾਯੋਗ ਪ੍ਰਾਪਤੀਆਂ ਕਰਕੇ ਓਲੰਪਿਕ ਸੰਘ ਵੱਲੋਂ ਓਲੰਪਿਕ ਆਰਡਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਉਸਨੂੰ ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਉਮਰ ਭਰ ਲਈ ਪ੍ਰਧਾਨ ਬਣਾਕੇ ਸਨਮਾਨ ਦਿੱਤਾ ਸੀ। ਰਾਜਾ ਰਣਧੀਰ ਸਿੰਘ ਦੇ ਖੇਡ ਪ੍ਰਬੰਧਕ ਦੇ ਤਜ਼ਰਬੇ ਦੇ ਆਧਾਰ ਤੇ ਉਨ੍ਹਾਂ ਨੂੰ ਏਸ਼ੀਆਈ ਓਲੰਪਿਕ ਪ੍ਰੀਸ਼ਦ ਨੇ 2022 ਵਿਚ ਚੀਨ ਵਿਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਦੀ ਤਾਲਮੇਲ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਸੀ।

ਇਹ ਨਿਯੁਕਤੀ ਭਾਰਤ ਦੇ ਖੇਡ ਜਗਤ ਲਈ ਮਾਣ ਵਾਲੀ ਗੱਲ ਸੀ। ਉਹ 1991 ਤੋਂ 2015 ਤੱਕ 24 ਸਾਲ ਏਸ਼ੀਆਈ ਓਲੰਪਿਕ ਪ੍ਰੀਸ਼ਦ ਦੇ ਜਨਰਲ ਸਕੱਤਰ ਦੇ ਅਹੁਦੇ ਤੇ ਰਹਿ ਚੁੱਕੇ ਹਨ। ਰਾਜਾ ਰਣਧੀਰ ਸਿੰਘ ਚੰਗੇ ਨਿਸ਼ਾਨੇਬਾਜ਼ ਹੋਣ ਕਰਕੇ ਪੰਜ ਵਾਰ ਓਲੰਪਿਕ ਖੇਡਾਂ ਵਿਚ ਹਿੱਸਾ ਲੈ ਚੁੱਕੇ ਸਨ। ਇਸ ਤੋਂ ਇਲਾਵਾ ਉਹ ਭਾਰਤੀ ਓਲੰਪਿਕ ਸੰਘ ਦੇ ਜਨਰਲ ਸਕੱਤਰ ਅਤੇ 2001 ਤੋਂ 2014 ਤੱਕ ਕੌਮਾਂਤਰੀ ਓਲੰਪਿਕ ਸੰਮਤੀ ਦੇ ਮੈਂਬਰ ਵੀ ਰਹੇ ਸਨ। ਕਰਨੀ ਸਿੰਘ ਤੋਂ ਬਾਅਦ ਮਿਕਸਡ ਟਰੈਪ ਵਿਚ ਉਨ੍ਹਾਂ ਦਾ ਨਾਮ ਆਉਂਦਾ ਹੈ।

ਰਾਜਾ ਰਣਧੀਰ ਸਿੰਘ ਭਾਵੇਂ ਸ਼ਾਹੀ ਪਰਿਵਾਰ ਦੇ ਮੈਂਬਰ ਸਨ, ਪ੍ਰੰਤੂ ਉਸਦਾ ਸੁਭਾਅ ਅਤੇ ਵਿਕਅਤਿਤਵ ਬਹੁਤ ਹੀ ਨਮਰਤਾ, ਮਿਲਾਪੜਾ, ਖ਼ੁਸ਼ਦਿਲ ਅਤੇ ਹਲੀਮੀ ਵਾਲਾ ਸੀ। ਉਨ੍ਹਾਂ ਨੇ ਸਿਆਸਤ ਵਿਚ ਬਿਲਕੁਲ ਹੀ ਦਿਲਚਸਪੀ ਨਹੀਂ ਲਈ, ਹਾਲਾਂਕਿ ਭਾਰਤ ਦੇ ਸ਼ਾਹੀ ਪਰਿਵਾਰਾਂ ਦੇ ਮੈਂਬਰ ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵਿਚ ਆਪੋ ਆਪਣਾ ਯੋਗਦਾਨ ਪਾ ਰਹੇ ਹਨ। ਰਾਜਾ ਰਣਧੀਰ ਸਿੰਘ ਦਾ ਚਚੇਰਾ ਭਰਾ ਕੈਪਟਨ ਅਮਰਿੰਦਰ ਸਿੰਘ ਪੰਜਾਬ ਦਾ ਦੋ ਵਾਰ ਮੁੱਖ ਮੰਤਰੀ ਰਿਹਾ, ਭਰਜਾਈ ਮਹਾਰਾਣੀ ਪਰਨੀਤ ਕੌਰ ਕੇਂਦਰੀ ਮੰਤਰੀ ਰਹੇ, ਪ੍ਰੰਤੂ ਰਾਜਾ ਰਣਧੀਰ ਸਿੰਘ ਨੇ ਸਿਆਸਤ ਵਿੱਚ ਦਿਲਚਸਪੀ ਨਹੀਂ ਵਿਖਾਈ। ਸਿਰਫ ਇੱਕ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਚੋਣ ਵਿੱਚ ਉਹ ਪ੍ਰਚਾਰ ਕਰਨ ਲਈ ਆਏ ਸਨ, ਪ੍ਰੰਤੂ ਕਦੀ ਭਾਸ਼ਣ ਕਿਸੇ ਚੋਣ ਜਲਸੇ ਵਿੱਚ ਨਹੀਂ ਦਿੱਤਾ। ਸਿਰਫ ਹੱਥ ਜੋੜਕੇ ਹੀ ਫਤਿਹ ਬੁਲਾ ਦਿੰਦੇ ਸਨ। ਉਹ ਸਬਰ ਸੰਤੋਖ ਵਾਲੇ ਸੁਦ੍ਰਿੜ੍ਹ, ਇਮਾਨਦਾਰ, ਮਿਹਨਤੀ ਅਤੇ ਇਰਾਦੇ ਦੇ ਮਜ਼ਬੂਤ ਵਿਅਕਤੀ ਸਨ। ਸਪੋਰਟਮੈਨ ਹੋਣ ਕਰਕੇ ਸਮਾਜ ਦੇ ਹਰ ਖੇਤਰ ਵਿਚ ਅਨੁਸ਼ਾਸਨ ਨਾਲ ਵਿਚਰਣ ਵਿਚ ਵਿਸ਼ਵਾਸ ਰੱਖਦੇ ਸਨ। ਉਹ ਸੰਗੀਤ ਪ੍ਰੇਮੀ ਵੀ ਸਨ। ਗੀਤ ਅਤੇ ਗ਼ਜ਼ਲਾਂ ਆਪ ਵੀ ਗਾਉਂਦੇ ਸਨ।

ਪਟਿਆਲਾ ਦਾ ਸ਼ਾਹੀ ਪਰਿਵਾਰ ਸੰਸਾਰ ਵਿਚ ਖੇਡ ਪ੍ਰੇਮੀ ਦੇ ਤੌਰ ਤੇ ਪ੍ਰਸਿੱਧ ਹੈ। ਉਸਦੇ ਚਾਚਾ ਮਹਾਰਾਜਾ ਯਾਦਵਿੰਦਰ ਸਿੰਘ ਵੀ ਖੇਡ ਪ੍ਰੇਮੀ ਸਨ, ਜਿਨ੍ਹਾਂ ਦਿੱਲੀ ਵਿਖੇ ਪਹਿਲੀਆਂ ਏਸ਼ੀਅਨ ਗੇਮਜ਼ 1951 ਵਿਚ ਆਯੋਜਤ ਕਰਵਾਈਆਂ ਸਨ। ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਚਚੇਰੇ ਭਰਾ ਹਾਰਸ ਪੋਲੋ ਦੇ ਖਿਡਾਰੀ ਅਤੇ ਖੇਡ ਪ੍ਰੇਮੀ ਹਨ, ਜਿਨ੍ਹਾਂ ਨੇ ਪਟਿਆਲਾ ਵਿਖੇ 2004 ਵਿਚ ਹਿੰਦ-ਪਾਕਿ ਖੇਡਾਂ ਆਯੋਜਤ ਕਰਵਾਈਆਂ ਸਨ। ਨੈਸ਼ਨਲ ਇਨਸਟੀਚਿਊਟ ਆਫ਼ ਸਪੋਰਟਸ ਦੀ ਇਮਾਰਤ ਵੀ ਸ਼ਾਹੀ ਪਰਿਵਾਰ ਨੇ ਮੁਫ਼ਤ ਵਿਚ ਕੇਂਦਰ ਸਰਕਾਰ ਨੂੰ ਇਹ ਸਪੋਰਟਸ ਸੰਸਥਾ ਸਥਾਪਤ ਕਰਨ ਲਈ ਦਾਨ ਵੱਜੋਂ ਦਿੱਤੀ ਸੀ। ਅੰਗਰੇਜ਼ਾਂ ਦੇ ਰਾਜ ਵਿਚ ਵੀ ਇਹ ਪਰਿਵਾਰ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਤ ਕਰਦਾ ਰਿਹਾ ਹੈ। ਰੁਸਤਮੇ ਹਿੰਦ ਰਹੇ ਕੇਸਰ ਸਿੰਘ ਪਹਿਲਵਾਨ ਵਰਗੇ ਅਨੇਕਾਂ ਖਿਡਾਰੀ ਇਸ ਪਰਿਵਾਰ ਦੀ ਦੇਣ ਸਨ। ਸਾਈਕਲ, ਕ੍ਰਿਕਟ, ਸ਼ੂਟਿੰਗ ਅਤੇ ਹਾਰਸ ਪੋਲੋ ਦੀਆਂ ਖੇਡਾਂ ਵਿਚ ਪਟਿਆਲਾ ਸ਼ਾਹੀ ਘਰਾਣੇ ਦੀ ਸਰਪਰਤੀ ਨੇ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਖਿਡਾਰੀ ਪੈਦਾ ਕੀਤੇ ਹਨ। ਇਸ ਪਰਿਵਾਰ ਨਾਲ ਸੰਬੰਧਤ ਰਾਜਾ ਰਣਧੀਰ ਸਿੰਘ ਖੇਡ ਸੰਸਾਰ ਦਾ ਜਾਣਿਆਂ ਪਛਾਣਿਆਂ ਅੰਤਰਾਸ਼ਟਰੀ ਪੱਧਰ ਦਾ ਨਿਸ਼ਾਨੇਬਾਜ, ਅਜਿਹਾ ਖਿਡਾਰੀ ਸੀ, ਜਿਸਨੇ ਪਟਿਆਲਾ ਦਾ ਨਾਂ ਦੁਨੀਆਂ ਦੇ ਨਕਸ਼ੇ ਤੇ ਲਿਆਂਦਾ ਸੀ। ਰਾਜਾ ਰਣਧੀਰ ਸਿੰਘ ਇਸ ਸਮੇਂ ਦਿੱਲੀ ਵਿਚ ਰਹਿੰਦੇ ਸਨ। ਉਸਦੀਆਂ ਚਾਰ ਲੜਕੀਆਂ ਹਨ। ਉਹ 27 ਮਈ 2026 ਨੂੰ ਦਿੱਲੀ ਵਿਖੇ ਆਪਣੇ ਘਰ ਵਿਖੇ ਹੀ ਲੰਬੀ ਬਿਮਾਰੀ ਤੋਂ ਬਾਅਦ ਸਵਰਗਵਾਸ ਹੋ ਗਏ ਸਨ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com